

ਅਰਬ-ਈਰਾਨ ਦੀ ਫੇਰੀ ਬਾਰੇ

# ਸੱਯਾਹਤੇ ਬਾਬਾ ਨਾਨਕ


ਹਮਸਫ਼ਰ/ਲੇਖਕ

ਤਾਜੁਦੀਨ

(ਸ਼ਾਹ ਫ਼ਕੀਰ ਔਰੰਗਾਬਾਦੀ)

ਉਲੇਖਕਾਰ : ਸ. ਪ੍ਰਿਥੀਪਾਲ ਸਿੰਘ

ਸੰਪਾਦਕ : ਹਿੰਮਤ ਸਿੰਘ

(ਅਰਬ-ਈਰਾਨ **ਦੀ ਫੇਰੀ ਬਾਰੇ**)

# ਸੱਯਾਹਤੋ ਬਾਬਾ ਨਾਨਕ

## ਲੇਖਕ ਦੀਆਂ ਹੋਰ ਪੁਸਤਕਾਂ :

| | |
|---|---|
| 1966–1969 | ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ (ਪੰ.ਯੂ.) |
| 1975 | ਗੁਰੂ ਗ੍ਰੰਥ ਸੰਕੇਤ ਕੋਸ਼ (ਪੰ.ਯੂ.) |
| 1979 | ਅਕਾਲੀ ਕੌਰ ਸਿੰਘ (ਪੰ.ਯੂ.) |
| 1980 | ਸੰਪਤੁ ਸਿਧੁ (ਕਾਵਿ) |
| 1982 | ਬਾਣੀ ਦੀ ਤਾਸੀਰ |
| 1985 | The Philosophical Conception of Sabda (Naad Pargaas) |
| 1989 | Six Philosophical Essays (Trust) |
| 1999 | Mega-Vision/Mega-Philosophy (Trust) |
| 2000 | ਭਾਗ ਜੀ (ਟ੍ਰਸਟ) |
| 2004 | ਕਸ਼ਮੀਰ ਲਈ ਕੁਰਬਾਨੀ (ਟ੍ਰਸਟ) |
| 2011 | ਡਾ. ਸ਼ੇਰ ਸਿੰਘ : ਜੀਵਨ-ਪ੍ਰਤਿਭਾ-ਰਚਨਾਵਾਂ (ਪੰ.ਯੂ.) |
| 2019 | ਅਧਿਆਤਮ ਵਿਗਿਆਨੀ : ਭਾਈ ਸ਼ੇਰ ਸਿੰਘ 'ਕਸ਼ਮੀਰ' (ਟ੍ਰਸਟ) |
| 2019 | ਡਾ. ਅਤਰ ਸਿੰਘ : ਜੀਵਨ-ਪ੍ਰਤਿਭਾ-ਰਚਨਾਵਾਂ (ਪੰ.ਯੂ.) |
| 2019 | Sacrifice For Kashmir (Trust) |

**ਛਪਾਈ ਅਧੀਨ :**

ਗੁਰਮਤਿ ਗੌਰਵ ਅਤੇ ਗਰੇਵਾਲ ਬਾਬੇ (Trust)
ਜੰਮੂ-ਕਸ਼ਮੀਰ ਵਿਖੇ ਪੰਜਾਬੀ ਦੇ ਸਭਿਆਚਾਰਕ ਪਾਸਾਰ (ਪੰ.ਯੂ.)

(ਅਰਬ-ਈਰਾਨ ਦੀ ਫੇਰੀ ਬਾਰੇ)

# ਸੱਯਾਹਤੋ ਬਾਬਾ ਨਾਨਕ

ਹਮਸਫ਼ਰ/ਲੇਖਕ

**ਤਾਜੁਦੀਨ**

(ਸ਼ਾਹ ਫ਼ਕੀਰ ਔਰੰਗਾਬਾਦੀ)

ਉਲੇਖਾਕਾਰ

**ਸ. ਪ੍ਰਿਥੀਪਾਲ ਸਿੰਘ**

ਸੰਪਾਦਕ

**ਹਿੰਮਤ ਸਿੰਘ**

**ਗ੍ਰੇਸ਼ਿਅਸ ਬੁਕਸ**

**ਅਤੇ**

**ਨਾਦ ਪ੍ਰਗਾਸੁ**

*With Regard To Arab-Iranian Travels*

***Sayyahato Baba Nanak***

Diarist/Author

***Tajudin***

***(Shah Faqir Aurangabadi)***

*Translator-bio-graphist*

**S. Prithipal Singh**

Editor

**Himat Singh**

© Hind Di Chadar Yadgaari

Akali Kaur Singh Trust

289-Vidya Nagar, Patiala.

Email : amitoj.pb@gmail.com

ahyadgaar@gmail.com

9815165069

ISBN : 978-93-87276-84-0

Year : 2019

Price : 400

*Published by*

**Gracious Books & Naad Pargaas**

Gracious Books : SCO : 23 Shalimar Plaza, Opp. Punjabi University, Patiala Ph. 91-175-5017642, 5007643

graciousbooks@yahoo.co.in www.graciousbooks.in

Naad Pargaas : 11, B-Block, Dashmesh Avenue, CIPET Road, Sri Amritsar 0183-2452888, 9915126413

Printer D. K. Fine Art Press

# ਧੰਨ ਨਾਨਕ ਤੇਰੀ ਵੱਡੀ ਕਮਾਈ...




**ਗੁਰੂ ਨਾਨਕ-ਜਪੁਜੀ (ਕਲਮੀ-ਚਿਤ੍ਰ)**

ਗੁਰਬਾਣੀ ਪ੍ਰਸਾਰ-ਪ੍ਰਚਾਰ ਦੇ ਖਰੇ ਸਿੱਕੇ ਟਕਸਾਲੀ ਬਾਬਿਆਂ ਦੀ ਸੰਸਥਾ-ਰੂਪੀ ਉਲੇਖਕਾਰੀ ਨੂੰ 'ਟਕਸਾਲਾਂ' ਦਾ ਵੀ ਨਾਮ ਦਿੱਤਾ ਗਿਆ। ਗਿਆਨੀ-ਨਿਰਮਲੇ ਨਾਮਕ ਟਕਸਾਲਾਂ, ਪ੍ਰਚਾਰ-ਡੇਰਿਆਂ ਨੇ **ਭਾਈ ਦਇਆ ਸਿੰਘ, ਭਾਈ ਧਰਮ ਸਿੰਘ** ਜਿਹੇ ਮੋਢੀਆਂ ਦੀ ਬੀਜ-ਰੂਪੀ ਦੀਖਿਆ-ਸਿਖਿਆ-ਸ੍ਰੋਤ ਤੋਂ ਸਜਰੇ ਉਸਾਰੇ-ਉਲੀਕੇ ਹਨ (ਬੀ. ਪ੍ਰਧਾਨ ਕੌਰ ਦੇ ਸਮੇਂ)। ਗੁਰੂ ਨਾਨਕ ਦੇਵ ਜੀ ਦਾ ਉਪਰੋਕਤ ਚਿਤ੍ਰ-ਰੂਪੀ 'ਜਪੁਜੀ-ਮੂਲਕ' ਉਲੇਖੀ ਚਿਤਰਣ ਆਪਣੇ ਆਪ ਵਿਚ ਇਕ ਮਿਸਾਲ ਹੈ 'ਅਨੁਭਵੀ' ਪਉੜੀਆਂ ਚੜ੍ਹ-ਹੰਢਾਉਣ ਦਾ। ਅਰਬ ਦੇਸ਼ਾਂ ਦੇ ਪੀਰ-ਮੁਰੀਦੀ ਸਿਦਕਵਾਨਾਂ ਦੇ ਹਿਰਦੇ 'ਜਪੁਜੀ' ਉਪਰ ਕੁਰਬਾਨ ਹੋ ਗਏ ਕਿਉਂਕਿ ਉਨ੍ਹਾਂ ਅਨੁਸਾਰ 'ਹਜ਼ਰਤ ਸਾਹਿਬ' ਮੁਤ ਕੇ 'ਵਾਹਦਾਨੀਅਤ' ਨੂੰ 'ਬੀਜ-ਰੂਪ' 'ਚ ਅਤੇ 'ਪ੍ਰਗਟ' ਰੂਪ 'ਚ ਸਿੱਕੇ-ਬੰਧ ਕਰਾਉਣ **ਨਾਨਕ** (ਹਿੰਦੂ ਦਾ 'ਗੁਰੂ' ਮੁਸਲਿਮ ਦਾ 'ਪੀਰ') ਮੱਕੇ-ਮਦੀਨੇ ਪਧਾਰੇ ਸਨ।

'ਜਪੁਜੀ' ਦੀ ਪੇਸ਼ ਕੀਤੀ ਗਈ ਇਸ ਉਲੇਖਕਾਰੀ (ਕਲਮਕਾਰੀ) ਰਾਹੀਂ ਪ੍ਰਤੱਖ **ਨਾਨਕ-ਚਿਤ੍ਰਣ** ਤਿਆਰ ਕਰਨਾ ਸਮਰਪਿਤ ਰੂਹਾਂ ਦਾ ਅਦਭੁਤ ਨਮੂਨਾ ਹੈ (ਜਦ ਕਿ ਹੋਰਾਂ ਨੇ ਚੋਲਾ ਸਾਹਿਬ ਉਪਰ ਵੀ 'ਜਪੁ-ਉਲੇਖ' ਚਿਤ੍ਰ ਦਿੱਤਾ ਸੀ।



ਸ. ਪ੍ਰਿਥੀਪਾਲ ਸਿੰਘ



ਸਮੱਚਾ 'ਬੇਦੀ' ਪਰਿਵਾਰ (ਯੂ. ਕੇ.)



ਪ੍ਰਿਥੀਪਾਲ ਸਿੰਘ (ਪਿਤਾ) ਨਾਲ ਮ. ਪ. ਸਿੰਘ ਬੇਦੀ
ਪਤਨੀ ਰਾਜ ਕੌਰ (ਮਾਤਾ) ਨਾਲ ਜੀਤ ਸਿੰਘ ਅਤੇ ਸਾਹਮਣੇ ਲਾਲੀ
ਨਾਗਪੁਰ 1943



ਸੱਯਦ ਪ੍ਰਿਥੀਪਾਲ ਸਿੰਘ ਗੁਰਦਵਾਰਾ ਸਾਹਿਬ
ਹੈਵਲੋਕ ਰੋਡ ਲੰਡਨ (1967) ਦੇ ਉਦਘਾਟਨ ਸਮੇਂ



ਜੱਥੇਦਾਰ ਮਾਨ ਸਿੰਘ (ਗਤਕਾ ਮਾਸਟਰ)



ਮ. ਪ. ਸਿੰਘ ਬੇਦੀ



ਪੋਤਾ

# ਵਿਸ਼ੈ-ਸੂਚੀ


ਭੂਮਿਕਾ -ਸੰਪਾਦਕ 11

ਭਾਗ ਪਹਿਲਾ

੧. ਪ੍ਰਸਤਾਵਨਾ 25

੨. ਆਪਣੀ ਬਾਤ 35

੩. 'ਸੱਯਾਹਤੋ ਬਾਬਾ ਨਾਨਕ' ਬਾਰੇ 40

੪. ਪਿਆਰੇ ਦੀ ਪਿਆਸ 108

੫. ਤਲਾਸ਼-ਇ-ਹੱਕ ਦੀ ਰਾਹ 150

ਭਾਗ ਦੂਜਾ

੬. ਕੁਰਾਨ ਸ਼ਰੀਫ਼ ਬਾਰੇ (ਸ. ਪ੍ਰਿਥੀਪਾਲ ਸਿੰਘ ਵੱਲੋਂ) 236

ਅੰਤਿਕਾ 288

ਪੁਸਤਕ-ਸੂਚੀ 296

# ਭੂਮਿਕਾ

ਸਭ ਤੋਂ ਪਹਿਲਾਂ ਇਕ ਨਿਆਰੇ (ਹਥ ਲਿਖੇ) ਪੰਨੇ ਬਾਰੇ ਸਾਂਝ ਕਰਦੇ ਹਾਂ। ਲੇਖਕ (ਸ. ਪ੍ਰਿਥੀਪਾਲ ਸਿੰਘ) ਦੀ ਲਿਖੀ ਹੋਈ ਸਮੱਗ੍ਰੀ ਦਾ ਮੂਲ-ਪੰਨਾ (Main Page) ਕ੍ਰਮ ਅਨੁਸਾਰ ਇਹ ਕੁਝ ਲਿਖ-ਬੋਲ ਰਿਹਾ ਹੈ:

(ੳ) "ਸਮਰਪਨ ਦੀ ਥਾਂ ਕਿਸੈ ਵਿਯਕਤੀ ਹਿਤ ਖਾਲੀ... ਪਤਾ ਨਹੀਂ ਗੁਰੂ ਜੀ ਸਮਰਪਨ ਰੂਪ ਭੇਟਾ ਦਾ ਮਾਨ ਕਿਸ ਨੂੰ ਥਾਪਦੇ ਹਨ..."

"ਸੰਤ ਕਿਰਪਾ ਤੇ ਹੋਇ ਪ੍ਰਗਾਸ...ਮਾਨਸ ਕੇ ਕਛ ਨਾਹੀ ਹਾਥ"

"ਪ੍ਰਿ..."

"ਜੰਮੂ ਹਾਲ<br>
ਪੁੰਛ 30/11/52 ਗੁਰ. ਘਾਟ ਸਾਹਿਬ (ਨੰਗਲ)"

***

(ਅ) (i) "ਇਹ ਸੇਵਾ ਦਾਸ ਨੂੰ ਸੰਤ ਜੀ ਮਹਾਰਾਜ ਨੇ 14-07-1967 ਨੂੰ ਵਲਾਇਤ ਵਿੱਚ ਪ੍ਰਸੰਨ ਹੋ ਕੇ ਬਖਸ਼ੀ"

(ੲ) (ii) "ਦਿਓ ਸਿਵਾ ਮੋਹਿ ਬਰ ਇਹੁ ਸੁਭ ਕਰਮਨ ਤੇ ਕਬਹੂ ਨ ਟਰੋਂ..."

"ਜਿਸ ਕੇ ਸਿਰ ਊਪਰ ਤੂੰ ਸਵਾਮੀ ਸੋ ਦੁਖ ਕੈਸਾ ਪਾਵੈ"

(iii) Gurmit Singh Johar Architect and Town Planner Govt. of U.K.

"ਗੁਰਮੀਤ ਸਿੰਘ 'ਜੋਹਰ'<br>
ਕਵੀ ਤੇ ਲਿਖਾਰੀ ਪੰਜਾਬੀ ਸਾਹਿਤ"

---

ਨੋਟ : ਸ. ਪ੍ਰਿਥੀਪਾਲ ਸਿੰਘ ਅਰਬੀ-ਫਾਰਸੀ ਦੇ ਮਾਹਿਰ ਲੇਖਕ ਸਨ। ਉਨ੍ਹਾਂ ਵੱਲੋਂ ਵਰਤੇ ਗਏ ਹਿੱਜੇ (ਵਾਕ ਗੁਰਬਾਣੀ) ਵੀ ਨਿਆਰੇ ਹਨ। ਅਸੀਂ ਇਹ ਸਭ ਕੁਝ ਤਬਦੀਲ ਕਰਨੋ ਗੁਰੇਜ਼ ਕੀਤਾ ਹੈ। 'ਮੌਲਿਕਤਾ' ਬਰਕਰਾਰ ਰੱਖਣ ਦੇ ਨੁਕਤੇ ਤੋਂ (ਅਸਾਂ ਕਿਧਰੇ-ਕਿਧਰੇ) ਗੁਰਬਾਣੀ ਦੀ ਪ੍ਰਮਾਣਿਕਤਾ ਨਿਭਾਈ ਹੈ। ਸੰਪਾਦਕ ਵਲੋਂ ਖਰੜੇ ਦੇ ਮੂਲ ਲੇਖਕ (ਸ.ਪ੍ਰਿਥੀਪਾਲ ਸਿੰਘ) ਦੇ ਹਿਰਦੇ ਦੀ ਹੂਕ

ਅਤੇ ਤਾਂਘ ਨੂੰ ਫਲੀਭੂਤ ਕਰਦਿਆਂ ਜੋ ਵਿਚਾਰ ਬਣਿਆ ਉਹ 'ਸਮਰਪਣ-ਸ਼ਖਸੀਅਤ' ਦੀ ਸੁਤੇਸਿਧ 'ਨਿਸ਼ਾਨਦੇਹੀ' ਦੇ ਨਿਰਣੇ ਵਿਚ ਨਿਹਿਤ ਹੈ।

ਇਸ ਲਈ ਸਮਰਪਣਯੋਗ ਹਸਤੀ: *'ਕੀਟ'*-ਰੂਪ (ਅਕਾਲੀ ਕੌਰ ਸਿੰਘ ਜੀ 'ਨਿਹੰਗ') ਹੀ ਹੋ ਸਕਦੇ ਹਨ ਜਿਨ੍ਹਾਂ ਦੇ 'ਕੀਟ' ਜਿਹੇ ਸ੍ਵੈ-ਸੰਕੇਤ ਨੂੰ ਸ.ਪ੍ਰਿਥੀਪਾਲ ਸਿੰਘ ਵੀ 'ਅਪਣਾਉਂਦੇ' ਹਨ।

ਦੂਜੀ ਸੱਚਾਈ ਇਹ ਹੈ ਕਿ ਅਕਾਲੀ ਕੌਰ ਸਿੰਘ ਜੀ ਨਿਹੰਗ ਟਕਸਾਲੀ ਪੰਥਕ ਖਜ਼ਾਨੇ ਦੇ 'ਖਰੇ-ਸਿੱਕੇ' ਵਜੋਂ ਨਿਵਾਜੇ ਜਾਂਦੇ ਰਹਿਣਗੇ। ਪਟਿਆਲਾ ਵਿਖੇ ਟਿਕਣ ਤੋਂ ਪਹਿਲਾਂ ਹੀ ਸ. ਪ੍ਰਿਥੀਪਾਲ ਸਿੰਘ ਅਕਾਲੀ ਜੀ ਦੀ ਕਮਾਈ ਨੂੰ ਆਪਣਾ ਆਦਰਸ਼ ਬਣਾ ਚੁੱਕੇ ਸਨ।

ਗੁਰਦੁਆਰਾ 'ਘਾਟ ਸਾਹਿਬ' (ਨੰਗਲ) ਵਿਖੇ ਸ. ਪ੍ਰਿਥੀਪਾਲ ਸਿੰਘ ਜੀ ਦੀ (ਸੇਵਾ-ਟਹਿਲ ਵਾਲੀ) ਜ਼ਿੰਮੇਵਾਰੀ ਅਕਾਲੀ ਜੀ (ਜਾਂ ਨਰੈਣ ਸਿੰਘ ਹੁਰਾਂ) ਨੇ ਹੀ ਲਵਾਈ ਸੀ, ਜਦੋਂ ਕਿ ਇਹ ਇਤਿਹਾਸਕ ਗੁਰਧਾਮ (ਜਿਥੋਂ ਸ੍ਰੀ ਦਸਮੇਸ਼ ਜੀ ਨੇ 'ਸਤਲੁਜ' ਪਾਰ ਕੀਤਾ ਸੀ) ਅਜੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਨ ਹੇਠ (ਅਤੇ ਭਾਖੜਾ ਡੈਮ ਦੀ ਮਾਰ ਹੇਠ) ਨਹੀਂ ਸੀ ਕਰ ਸਕਿਆ ਗਿਆ, ਸਗੋਂ ਪੈਪਸੂ ਗੁਰਦੁਆਰਾ ਬੋਰਡ ਅਧੀਨ ਸੀ, ਜਦੋਂ ਕਿ ਗੁਰਦਵਾਰਾ ਪ੍ਰਬੰਧ ਪ੍ਰਤਿ ਸ. ਬਲਵੰਤ ਸਿੰਘ 'ਚਨਾਰਥਲ' ਦੀ ਪ੍ਰਧਾਨਗੀ ਹੇਠਾਂ ਪੈਪਸੂ 'ਚ ਨਵੇਕਲੀ ਪ੍ਰਬੰਧਕੀ ਸੇਵਾ ਜਾਰੀ ਸੀ। ਸ. ਪ੍ਰਿਥੀਪਾਲ ਸਿੰਘ 1946 ਵਿਖੇ ਪਟਿਆਲੇ ਦੇ ਗੁ. ਬਾਬਾ ਥਾਨ ਸਿੰਘ ਨਿਕਟ ਆਣ ਟਿਕੇ ਸਨ ਪਟਿਆਲੇ ਪਹਿਲਾਂ ਤੋਂ ਹੀ ਗੁ. ਨਿਰਮਲੇ ਸੰਤ ਬਾਬਾ ਥਾਨ ਸਿੰਘ ਨਮਿਤ ਕਾਇਮ ਹੋ ਸੀ । ਪਟਿਆਲਾ ਰਿਆਸਤ ਦੇ ਕੁਝ ਗੁਰਦੁਆਰਿਆਂ ਦਾ ਪ੍ਰਬੰਧਨ ਸਰਕਾਰੀ ਤੌਰ ਉਪਰ ਚਲਦਾ ਹੁੰਦਾ ਸੀ, ਖਾਸ ਕਰਕੇ ਸ਼ਹਿਰ ਦੇ 'ਗੇਟਾਂ' ਉਪਰ ਪ੍ਰਕਾਸ਼ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਸੇਵਾ ਨਮਿਤ ਇਹ ਸਥਾਨ 'ਗੁ. ਸਨੌਰੀ ਗੇਟ' ਵਜੋਂ ਵੀ ਪ੍ਰਸਿੱਧ ਸੀ। (ਲਾਹੌਰੀ ਗੇਟ, ਸਰਹੰਦੀ ਗੇਟ, ਨਾਭਾ ਗੇਟ, ਸ਼ੇਰਾਂ ਵਾਲਾ ਗੇਟ, ਸ਼ਾਹੀ ਸਮਾਧਾਂ, ਮਾਈ ਦੀ ਸਰਾਂ, ਕਿਲਾ ਮੁਬਾਰਕ, ਸਨੌਰੀ ਗੇਟ ਆਦਿ ਥਾਵਾਂ ਉੱਪਰ)।

ਜੰਮੂ-ਕਸ਼ਮੀਰ ਤੋਂ ਉਜੜ-ਪੁਜੜ ਕੇ ਆਏ ਸ਼ਹੀਦੀ ਕਾਫਲਿਆਂ ਨੂੰ ਦਰ-ਦਰ ਦੀ ਭਟਕਣਾ ਨੇ ਸਤਾਇਆ ਹੋਇਆ ਸੀ ਅਤੇ ਦਿਲੀ-ਦਰਬਾਰ ਦੇ ਬੇ-ਦਰਦ, ਲਾ-ਤਅਲੁਕ ਅਤੇ ਬਦ-ਨੀਅਤ ਹਾਕਮਾਂ-ਅਫਸਰਾਂ ਨੇ ਜੰਮੂ-ਕਸ਼ਮੀਰ-ਪੁਣਛ ਆਦਿ ਤੋਂ ਆਏ ਰਿਫ਼ਿਊਜੀਆਂ ਦੀਆਂ 'ਫ਼ਾਇਲਾਂ' ਹੀ ਰਫਾ-ਦਫਾ ਕਰ ਦਿੱਤੀਆਂ ਸਨ, ਜਿਸ ਕਾਰਨ ਅਕਾਲੀ ਜੀ ਦੇ ਦਰਦ-ਭਰੇ ਹਿਰਦੇ ਉਪਰ ਦਿੱਲੀ ਦੇ ਅਖੌਤੀ 'ਆਪਣਿਆਂ' ਵਲੋਂ ਦੀ 'ਬੇਗਾਨਗੀ' ਦਾ ਗਹਿਰਾ 'ਜ਼ਖਮ'

ਮਹਿਸੂਸ ਹੋਣ ਲਗ ਪਿਆ ਸੀ। ਅਕਾਲੀ ਜੀ ਓਦੋਂ 'ਖਰਾਸੀਆਂ' ਮਹੱਲੇ ਪਟਿਆਲੇ ਦੇ ਮਕਾਨ ਨ: 999 ਵਿਖੇ ਆਪਣੇ ਛੋਟੇ ਭਰਾ ਭਾ.ਨਿਰੰਜਨ ਸਿੰਘ ਦੇ ਪਰਿਵਾਰ ਪਾਸ ਵੀ ਆਣ ਟਿਕਦੇ ਸਨ। ਇਨ੍ਹਾਂ ਸਤਰਾਂ ਦਾ ਲੇਖਕ (ਓਦੋਂ 9 ਸਾਲ) ਵੀ, ਉਸੇ ਘਰ ਵਿਖੇ ਰਹਿੰਦਿਆਂ, ਅਕਾਲੀ ਜੀ ਦੇ ਸ਼ਾਂਤ-ਸਬਰ-ਸੰਤੋਖੀ ਸੁਭਾਓ ਤੋਂ ਜਾਣੂ ਹੋ ਸਕਿਆ ਸੀ (ਬਾਲ-ਵਰੇਸ ਦੌਰਾਨ)।

ਜਿਵੇਂ ਕਿ ਪਿੱਛੇ ਜ਼ਿਕਰ ਹੈ, ਸ.ਪ੍ਰਿਥੀਪਾਲ ਸਿੰਘ 30/11/52 ਦੀ ਮਿਤੀ ਦਾ ਵੀ ਜ਼ਿਕਰ ਕਰਦੇ ਹਨ (ਸ਼ਾਇਦ ਅਕਾਲੀ ਜੀ ਵਲੋਂ ਮਿਲੀ ਬਾਰ-ਬਾਰ ਦੀ ਉਲੇਖਣੀ ਹਲਾ-ਸ਼ੇਰੀ ਨੂੰ ਧਿਆਨ ਵਿੱਚ ਰੱਖਦੇ ਹੋਇਆਂ)। ਅਕਾਲੀ ਜੀ 23 ਜਨਵਰੀ 1953 ਨੂੰ ਗੁਰਪੁਰੀ ਸਿਧਾਰ ਗਏ ਸਨ। ਇਹ ਉਹ ਵਰ੍ਹਾ ਸੀ ਜਦ ਕਿ ਸ਼ੇਖ ਅਬਦੁਲਾ 'ਗੁਲਮਰਗ' ਦੇ ਗੈਸਟ-ਹਾਊਸ 'ਚੋਂ ਬਾਅਦ 'ਚ ਫੜ੍ਹ ਲਿਆ ਗਿਆ ਸੀ (ਵਿਦੇਸ਼ਾਂ ਨਾਲ ਸਾਜ਼-ਬਾਜ਼ ਦੇ ਦੂਸ਼ਨ 'ਚ) ਅਤੇ ਬਖਸ਼ੀ ਗੁਲਾਮ ਮੁਹੰਮਦ ਪਾਸ ਰਿਆਸਤ ਦਾ ਸਰਵੋਚ ਅਹੁਦਾ ਸੰਭਾਲ ਦਿੱਤਾ ਗਿਆ ਸੀ।

1947 ਤੋਂ ਪਹਿਲਾਂ (ਸਿੱਖ-ਰਾਜ ਸਮੇਂ) ਰਿਆਸਤ ਜਮੂੰ-ਕਸ਼ਮੀਰ ਦਾ ਘੇਰਾ ਕਾਫੀ ਵਸੀਅ ਸੀ, ਬਾਅਦ ਵਿਚ ਕਸ਼ਮੀਰ-ਘਾਟੀ ਹਮੇਸ਼ਾ 'ਮਸਲਾ' ਹੀ ਬਣਾ ਕੇ ਰਖ ਦਿੱਤੀ ਜਾਂਦੀ ਰਹੀ, ਅੰਗ੍ਰੇਜ਼ਾਂ ਵਲੋਂ 'ਆਜ਼ਾਦੀ' ਤੋਂ ਪਹਿਲਾਂ ਵੀ ਅਤੇ ਆਜ਼ਾਦੀ ਤੋਂ ਬਾਅਦ ਵੀ। ਪਹਿਲਾਂ ਇਹ ਘਾਟੀ 'ਜਮੂੰ' ਨਾਲ ਗੰਢ-ਤੁਪ ਦਿੱਤੀ ਗਈ ਅਤੇ ਬਾਅਦ 'ਚ ਦੋ ਭਾਗਾਂ ਵਿੱਚ ਹੀ ਟਿਕ-ਟਿਕਾ ਦਿਤੀ ਗਈ (ਭਾਰਤ-ਪਖੀ ਅਤੇ ਪਾਕ-ਪਖੀ)। ਇਸ ਵੰਡ-ਵੰਡਾਈ ਵਿੱਚ ਘਾਟੀ ਦੇ ਅੰਦਰ-ਬਾਹਰਲੇ ਹਮ-ਖਿਆਲ ਜਾਂ ਹਮ-ਵਿਰੋਧੀ ਗੁਟ ਵੀ ਸ਼ਾਮਲ ਰਹੇ (ਅਤੇ ਹਨ ਵੀ)।

(ੳ) ਘਾਟੀ ਦੇ ਲੋਕਾਂ ਦੀ ਜ਼ਹਿਨੀਅਤ ਇਤਿਹਾਸ-ਭੂਗੋਲਿਕ ਨੁਕਤੇ ਤੋਂ, ਸੁਕੜਵੇਂ 'ਸ਼ੂਨਯ' (Condensed Centricism) ਜਾਂ ਸੰਕੁਚਵੇਂ 'ਸਿਫਰ' ਜਿਹੀ (Isolated-'Eggy') ਸੰਕੀਰਣਤਾ ਤੋਂ ਕਦੀ ਵੀ ਖ਼ਲਾਸੀ ਨਾ ਪ੍ਰਾਪਤ ਕਰ ਸਕੀ। ਇਸਲਾਮ ਵਿਚਲੀ ਪਰਸਪਰ ਵਿਤ੍ਰੇਕੀ ਖਿਚੋਤਾਣ ਨੇ ਕ੍ਰਮਵਾਰ ਸੁੰਨੀ-ਸ਼ੀਆ, ਕਾਅਬੇ-ਮਦੀਨੇ ਦੇ ਸਿਦਕਵਾਨਾਂ ਵਿਚਕਾਰ (ਨਿਕਟਤਾ ਦੀ ਥਾਂ) 'ਵਿਥ' ਕਾਇਮ ਕਰ ਦਿਤੀ।

(ਅ) ਭਾਰਤੀ ਧਿਰ ਵਾਲੀ ਮਾਨਸਿਕਤਾ, ਪਹਿਲਾਂ ਤੋਂ ਹੀ ਚਲੀ ਆ ਰਹੀ ਵੈਸ਼ਨਵ-ਸ਼ਿਵਾਇਤੀ ਰਲ-ਗਡ ਵਜੋਂ, 'ਬ੍ਰਹਮ' (ਗੋਲਾਈ) ਅਤੇ ਉਹਦੀ ਅੰਦਰਲੀ 'ਚੂਲ' (ਭਾਵ nucleus) ਵਿਚਕਾਰਲੇ ਰਾਜ਼ੀਨਾਮੇ (assimilation) ਅੰਦਰ (ਵੈਸ਼ਨਵ-ਵਾਦੀਆਂ ਦੇ ਘਾਟੀ 'ਚੋਂ ਹਜ਼ਾਰਾਂ ਸਾਲ ਪਹਿਲਾਂ ਹੋ ਚੁੱਕੇ ਪਲਾਇਣ ਦੇ ਬਾਵਜੂਦ) ਸ਼ਿਵ-ਹੱਠੀ ਅਤੇ ਬਾਸ਼ੀ-ਕਾਰਕੁਨੀ ਦ੍ਰਾੜ ਪੈਦਾ ਹੋਣ ਲੱਗੀ।

ਸਦੀਆਂ ਬਾਅਦ ਗੁਰੂ ਨਾਨਕ ਦੇਵ ਜੀ ਦੀ 'ਗੁਰਪਰਮੇਸ਼ੁਰੀ' ਬਣਤ ਨੂੰ ਪਾਰ-ਬ੍ਰਹਮਪਰਮੇਸ਼ੁਰੀ ਸਰਵ-ਪ੍ਰਧਾਨਤਾ ਨੇ, ਪੰਜ-ਪਾਣੀਆਂ ਸਮੇਤ ਪੰਜ+ਆਬ ਦੀ ਧਰਤੀ ਨੂੰ, ਅਤਿਅੰਤ ਸਲੀਕੇ-ਸੰਜਮ-ਸਹਿਜ-ਸਿਦਕ ਨਾਲ ਅਗਿਓਂ-ਅਗੇ ਵਧਣ-ਫੁਲਣ ਵਾਲੀ ੧ਓ (ਏਕੰਕਾਰੁ-ਓਅੰਕਾਰੁ) ਜਿਹੀ 'ਵਾਹਦਾਨੀਅਤ' ਤੋਂ ਹੋ ਕੇ (ਪੰਜ ਦਰਿਆਵਾਂ, ਪੂਰਬ-ਪਛਮ-ਉਤਰ-ਦਖਣ ਆਦਿ ਦੇ) ਸਾਰੇ ਸੰਸਾਰ ਨੂੰ ਕਲਾਵੇ ਵਿਚ ਲੈ ਕੇ, ਸਰਵ-ਸਾਂਝੀਵਾਲਤਾ ਦੀ ਆਰਾਮਦਾਇਕ 'ਗੋਦ' ਵਿੱਚ ਬਿਠਾ ਲਿਆ।

ਇਸਲਾਮ ਭਾਵੇਂ 'ਇਕ-ਰਬ' ਦਾ 'ਹੋਕਾ' ਦਿੰਦੇ ਹੋਇਆਂ 'ਵਾਹਦ-ਵਾਹਦਾਨੀਅਤ' ਦੀ ਬੋਲ-ਬਾਣੀ ਵਰਤਦਾ ਰਿਹਾ ਪਰ (ਸਨਾਤਨੀ ਭਾਰਤ ਵਾਲੇ 'ਸ਼ੂਨਯ' ਤੋਂ 'ਸਿਫਰ' ਦੇ ਵਿਗਾਸ ਤੋਂ ਉਪਰੰਤ) ਇਹ ਦੋਵੇਂ ਪੂਰਵਜ ਗੁਰੂ-ਘਰ ਦੀ 'ਅੰਕੜਾ'-ਰੂਪ 'ਇਕਾਈ' (Projective Unit) (੧) ਤੋਂ ਵਿਰਵੇ ਹੀ ਬਣੇ ਰਹੇ ਜਿਸ ਪਾਰਬ੍ਰਹਮ-ਪਰਮੇਸ਼ੁਰੀ ਵਿਆਪਕਤਾ (Micro-Macro projection/ perceivable as a Unit -੧) ਦੀ ਕਮੀ ਗੁਰੂ ਨਾਨਕ ਨੇ ਭਰਪੂਰ ਰੂਪ ਵਿਚ ਸੰਪੰਨ ਕਰ ਦਿਤੀ, ਗੁਰਬਾਣੀ ਦੇ ਸਰਵ-ਪ੍ਰਥਮ (ਪਹਿਲੇ ਹੀ) ਸਿਰਜਣਾਇਕ ਅੰਕੜੇ+ਅੱਖਰ (੧ਓ) ਜਿਹੀ ਪੇਸ਼ਕਾਰੀ ਵਜੋਂ। ਇਹੋ ਕਾਰਨ ਹੈ ਕਿ 'ਕਾਅਬੇ' ਅਤੇ 'ਮਦੀਨੇ' ਅਤੇ ਹੋਰ ਥਾਵਾਂ ਦੇ ਹੋਸ਼ਮੰਦਾਂ ਨੇ 'ਬਾਬੇ ਨਾਨਕ' ਅੰਦਰ 'ਹਜ਼ਰਤ' ਦੀ ਤੌਹੀਦ ਵਾਲੀ ਅਜ਼ਮਤ ਨੂੰ ਪੂਰਾ ਹੁੰਦਾ ਵੇਖ ਲਇਆ ਸੀ ਜਿਸ ਦਾ ਇਸ਼ਾਰਾ ਅਲਾਮਾ ਇਕਬਾਲ ਵੀ ਦਿੰਦੇ ਆਏ ਹਨ:

*...ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਯਾ ਖ਼ੁਾਬ ਸੇ।*

ਇਸੇ ਕਾਰਨ 'ਬਾਬੇ ਨਾਨਕ' ਦਾ ਉਥੇ, ਨਿਰਾਦਰ ਹੀ ਨਹੀਂ ਬਲਕਿ, ਇਹਤਰਾਮ ਵੀ ਹੋਇਆ, ਖਾਸ ਕਰ ਕੇ 'ਮਦੀਨੇ-ਵਾਲੇ' ਦੇ ਮੁਤਲਾਸ਼ੀ (ਅਤੇ ਸ਼ਹੀਦ) ਰੁਕਨਦੀਨ ਦੇ ਉਤਰਾਧਿਕਾਰੀਆਂ ਵਲੋਂ ਜੋ ਵਿਰਸਾ 'ਉਚ' ਦੇ ਪੀਰ ਕਹਾਇਆ।

'ਸੱਯਾਹਤੇ ਬਾਬਾ ਨਾਨਕ' (1504-09)* ਜਿਹੇ ਸਫਰਨਾਮੇ ਦੇ ਮੂਲ ਲੇਖਕ (ਤਾਜੁਦੀਨ) ਦੇ ਹਥ-ਲਿਖਤ ਖਰੜੇ ਨੂੰ ਪੜ੍ਹ-ਸੰਭਾਲ ਲੈਣ ਵਿੱਚ ਸਈਅਦ-ਪੁਤਰ (ਮੁਸ਼ਤਾਕ ਹੁਸੈਨ) ਦੀ ਮੁਸ਼ੱਕਤ ਰੰਗ ਲਿਆਈ, ਜਿਸ ਹਸਤੀ ਦੇ ਬਜ਼ੁਰਗਾਂ ਦਾ ਪਿਛੋਕੜ 'ਗੁਹਲੜ ਸ਼ਰੀਫ' ਦੀ ਜ਼ਿਆਰਤ ਸੀ, ਜਿਥੋਂ ਦੇ 'ਜੋਗੀ- ਫਕੀਰ',

*ਤ੍ਵਾਰੀਖਿ-ਰਸ਼ਿਦੀ ਦੇ ਅਨੁਵਾਦਕਾਂ ਅਨੁਸਾਰ ਹਿਜਰੀ (911-15) ਦਾ ਸਮਾਂ (1504-09 ਈ.) ਦਾ ਪੂਰਕ ਹੈ। ਇਵੇਂ ਹੀ 909 ਹਿ.=1502 ਈ., 912 ਹਿ.=1506ਈ., 913 ਹਿ.=1507 914 ਹਿ.=1508 ਈ.

ਬਾਬਾ ਨਾਨਕ ਦੇ ਹਮ-ਕਾਫਲਾ ਵਜੋਂ ਭਾ. ਸਾ. ਭਾ. ਸ਼ੇਰ ਸਿੰਘ 'ਕੰਜ਼ਰਵੇਟਰ' ਦੇ ਪੂਰਵਜਾਂ ਵਿਚੋਂ ਵੀ ਹੈ ਸਨ।

ਸੰਤ (ਸੱਯਦ) ਪ੍ਰਿਥੀਪਾਲ ਸਿੰਘ 'ਬੇਦੀ' ਦਾ ਪਰਿਵਾਰ 1946 ਦੇ ਨੇੜੇ ਪਟਿਆਲੇ ਗੁ. ਬਾਬਾ ਥਾਨ ਸਿੰਘ ਵਿਖੇ ਸੇਵਾ ਨਮਿਤ ਟਿਕਿਆ ਅਤੇ ਫਿਰ ਨਿਵਾਸ ਨੇੜਲੇ ਸਨੌਰੀ ਚੌਂਕ ਦੇ ਖੱਬੇ ਕਿਨਾਰੇ ਵਾਲੀ ਸੜਕ ਦੇ ਕਿਨਾਰੇ ਰਖਿਆ। ਕੁਝ ਚਿਰ ਬਾਅਦ ਘਾਟ ਸਾਹਿਬ ਨੰਗਲ ਤੋਂ ਵਲੈਤ ਜਾ ਵਸੇ। ਇਨ੍ਹਾਂ ਸਤਰਾਂ ਦੇ ਲੇਖਕ ਨੇ ਖ਼ੁਦ 1950-51 ਵਿੱਚ ਇਹ ਸਾਰੇ ਸੱਜਣ ਪਟਿਆਲੇ ਵੇਖੇ-ਪੇਖੇ ਗਏ ਸਨ। ਹਰ ਗੁਰਪੁਰਬ ਨੇੜੇ ਹਾਥੀ ਉੱਤੇ ਪਾਲਕੀ ਵਿੱਚ ਪ੍ਰਕਾਸ਼ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜਲੌ-ਪੂਰਨ ਨਗਰ ਕੀਰਤਨ ਓਦੋਂ ਤਕ ਮੈਂ ਖ਼ੁਦ ਪਟਿਆਲੇ ਵੇਖਦਾ ਰਿਹਾ ਸਾਂ ਮੋਤੀ ਬਾਗ ਪਟਿਆਲਾ ਵਿਖੇ ਮਹਾ. ਯਾਦਵਿੰਦਰ ਸਿੰਘ, (ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਮੌਕੇ ਯੁਵਰਾਜ ਅਮ੍ਰਿੰਦਰ ਸਿੰਘ) ਵਲੋਂ ਦਰਸ਼ਨ-ਪਰਸਨ ਤੋਂ ਉਪਰੰਤ ਮੋਤੀ ਬਾਗੋਂ ਨਗਰ ਕੀਰਤਨ ਪਰਤਦਾ ਹੁੰਦਾ ਸੀ ਗੁ. ਦੂਖਨਿਵਾਰਨ ਸਾਹਿਬ ਪਟਿਆਲਾ ਤੋਂ ਆਰੰਭ ਹੋ ਕੇ । ਨਗਰ-ਕੀਰਤਨ ਦੇ ਸਮੇਂ ਗਤਕੇ-ਬਾਜ਼ੀ ਅਤੇ ਕੀਰਤਨ ਦੀ ਸੇਵਾ ਨਿਭਾਉਣ ਵਾਲਿਆਂ ਦੇ ਜੋਸ਼ੀਲੇ (ਸਿਖ-ਨਿਹੰਗੀ) ਬਾਣਿਆਂ ਸਹਿਤ ਸੁਸੱਜਿਤ ਸੰਤ ਪ੍ਰਿਥੀਪਾਲ ਸਿੰਘ ਦੇ ਫਰਜ਼ੰਦ ਸ. ਭਗਤ ਸਿੰਘ 'ਨਿਹੰਗ', ਬੀ. ਰਾਜ ਕੌਰ-ਨਿਆਮਤ ਕੌਰ ਦਾ ਕੀਰਤਨੀ ਜੱਥਾ, ਮਹਿੰਦਰਪਾਲ ਸਿੰਘ ਗਤਕਾਬਾਜ਼ ਆਦਿ ਵੀ ਯੋਗਦਾਨ ਪਾਉਂਦੇ ਰਹਿੰਦੇ ਸਨ। (ਕਈ ਵਰ੍ਹੇ ਬਾਅਦ ਅਕਾਲੀ ਕੌਰ ਸਿੰਘ ਜੀ ਦੇ ਭਤੀਜੇ ਸ. ਸੁਰਜੀਤ ਸਿੰਘ ਪਟਿਆਲਾ ਦੀ ਬੇਟੀ ਨਿਹੰਗ ਗਤਕੇਬਾਜ਼ ਸ. ਭਗਤ ਸਿੰਘ/ਮੋਹਨ ਸਿੰਘ ਦੀ ਨੂੰਹ ਬਣੀ)

ਸੰਤ ਸੱਯਦ ਪ੍ਰਿਥੀਪਾਲ ਸਿੰਘ ਸਬੰਧੀ ਛਪੀ ਹੋਈ ਪਹਿਲ-ਪ੍ਰਥਮ ਦੀ ਸਮੱਗ੍ਰੀ ਦਾ ਸਰਵ-ਪ੍ਰਥਮ ਉਪਰਾਲਾ ਸ਼ਾਇਦ ਸਰਦਾਰ ਨਰੈਣ ਸਿੰਘ (ਸਨੌਰ, ਪਟਿਆਲਾ) ਵਲੋਂ ਪ੍ਰਕਾਸ਼ਿਤ ਪੁਸਤਕ ਰਾਹੀਂ ਹੀ ਪਾਠਕਾਂ ਤੀਕ ਪੁਜਾ ਸੀ (ਪੁਸਤਕ: 'ਅਕਾਲੀ ਮੋਰਚੇ ਤੇ ਜਥੇਦਾਰ ਕਰਤਾਰ ਸਿੰਘ 'ਝੱਬਰ' ਵਿੱਚ) ਜੋ 1959 ਵਿੱਚ ਛਪੀ ਸੀ। ਹੋਰ ਪੰਥ-ਹਿਤੈਸ਼ੀਆਂ ਸਬੰਧੀ ਵੇਰਵਿਆਂ ਤੋਂ ਇਲਾਵਾ, ਸ. ਨਰੈਣ ਸਿੰਘ, ਉਪਰੋਕਤ ਸ਼ਖਸੀਅਤ ਬਾਰੇ ਇਉਂ ਜ਼ਿਕਰ ਕਰਦੇ ਹਨ:

## ਸੰਤ ਸੱਯਦ ਪ੍ਰਿਥੀਪਾਲ ਸਿੰਘ ਜੀ

"ਆਪ ਸ਼ਹਿਰ ਮੀਰਪੁਰ ਰਿਆਸਤ ਜੰਮੂ ਕਸਮੀਰ ਦੇ ਇਕ ਮੁਸਲਮਾਨ ਸਯਦ ਖਾਨਦਾਨ ਵਿਚੋਂ ਪੀਰ ਮਜ਼ੱਫਰ ਹੁਸੈਣ ਸਾਹ ਦੇ ਇਕਲੌਤੇ ਪੁਤਰ ਹਨ।

ਮਾਪਿਆਂ ਨੇ ਆਪ ਦਾ ਨਾਮ ਮੁਸ਼ਤਾਕ ਹੁਸੈਣ ਸ਼ਾਹ ਰਖਿਆ ਸੀ। ਆਪ ਆਪਣੇ ਪਿਤਾ ਵਾਂਗ ਅਰਬੀ ਅਤੇ ਫਾਰਸੀ ਦੇ ਬੜੇ ਆਲਮ ਹਨ। ਜਦੋਂ ਇਨ੍ਹਾਂ ਦੇ ਪਿਤਾ ਮੁਜ਼ੱਫਰ ਹੁਸੈਣ ਸ਼ਾਹ ਮੱਕੇ ਅਤੇ ਮਦੀਨੇ ਦਾ ਹੱਜ ਕਰਨ ਅਰਬ ਦੇਸ ਗਏ ਤੇ ਇਨ੍ਹਾਂ ਨੂੰ ਭੀ ਨਾਲ ਲੈ ਗਏ ਅਤੇ ਮੱਕੇ ਤੋਂ ਹੋ ਕੇ ਮਦੀਨੇ ਗਏ। ਇਥੇ ਦੋ ਸਾਲ ਠਹਿਰ ਕੇ ਮਦੀਨੇ ਦੀ ਵਡੀ ਲਾਇਬਰੇਰੀ ਦੀ ਸਟੱਡੀ ਦਾ ਪਰੋਗਰਾਮ ਸੀ। ਇਕ ਦਿਨ ਖੋਜ ਕਰਦਿਆਂ ਮੁਸ਼ਤਾਕ ਹੁਸੈਣ ਸਾਹ ਨੂੰ "ਸਯਾਹਤੋ ਬਾਬਾ ਨਾਨਕ ਫਕੀਰ" ਨਾਮੀ ਇਕ ਖਰੜਾ-ਗ੍ਰੰਥ ਹਥੀਂ ਲਗਾ। ਇਸ ਨੂੰ ਪੜ੍ਹ ਕੇ ਇਨ੍ਹਾਂ ਦੇ ਦਿਲ ਤੇ ਗੁਰੂ ਨਾਨਕ ਸਾਹਿਬ ਦੀ ਤੌਹੀਦ ਪਰਸਤੀ ਦਾ ਬੜਾ ਅਸਰ ਹੋਇਆ। ਇਨ੍ਹਾਂ ਦਾ ਖੋਜੀ ਸੁਭਾ ਤਾਂ ਪਹਿਲਾਂ ਤੋਂ ਹੀ ਸੀ, ਬਾਬਾ ਨਾਨਕ ਸਾਹਿਬ ਦੀਆਂ ਉਨ੍ਹਾਂ ਸਾਰੀਆਂ ਥਾਵਾਂ ਮੱਕਾ, ਮਦੀਨਾ, ਬਗਦਾਦ, ਕੂਫਾ ਆਦਿ ਜਿਨ੍ਹਾਂ ਨੂੰ ਗੁਰੂ ਜੀ ਦੀ ਚਰਨ ਛੋਹ ਦਾ ਮਾਨ ਪ੍ਰਾਪਤ ਸੀ ਦੀ ਜ਼ਿਆਰਤ ਨੂੰ ਨਿਕਲ ਪਏ ਅਤੇ ਹਰ ਥਾਂ ਜਾ ਕੇ ਗੁਰੂ ਨਾਨਕ ਸਾਹਿਬ ਸੰਬੰਧੀ ਸੀਨਾਂ ਬਸੀਨਾਂ ਚਲੀਆਂ ਆ ਰਹੀਆਂ ਰਵਾਇਤਾਂ ਤੋਂ ਜਾਣੂੰ ਹੋਏ। ਸਯੀਦ ਜੀ ਦੇ ਮਨ ਤੇ ਅਜੇਹਾ ਅਸਰ ਹੋਇਆ ਕਿ ਵਾਪਸ ਆ ਕੇ ਆਪਣੇ ਪਿਤਾ ਪਾਸੋਂ ਤਤਕਾਲ ਆਪਣੇ ਦੇਸ ਜਾਣ ਦੀ ਆਗਿਆ ਮੰਗੀ। ਪਿਤਾ ਨੂੰ ਇਨ੍ਹਾਂ ਦੇ ਮਨ ਦੀ ਇਸ ਤਬਦੀਲੀ ਤੇ ਕਾਫੀ ਚਿੰਤਾ ਹੋਈ ਅਤੇ ਇਹ ਪੁਤਰ ਦੇ ਅਕੱਲੇ ਵਾਪਸ ਭੇਜਣ ਲਈ ਤਿਆਰ ਨਹੀਂ ਸਨ ਪ੍ਰੰਤੂ ਇਨ੍ਹਾਂ ਦੇ ਹਠ ਕਰਨ ਤੇ ਮੰਨ ਗਏ ਪਰ ਇਹ ਸਰਤ ਲਗਾ ਦਿਤੀ ਕਿ ਮੇਰੇ ਵਾਪਸ ਮੁੜਨ ਤਕ ਘਰ ਹੀ ਰਹਿਣਾ। ਮੀਰਪੁਰ ਪਹੁੰਚ, ਕੇ ਇਨ੍ਹਾਂ ਨੇ ਪਿਤਾ ਦੀ ਵਾਪਸੀ ਤਕ ਉਡੀਕ ਕੀਤੀ। ਉਪਰੰਤ ਪਿਤਾ ਤੋਂ ਲਾਹੌਰ ਜਾਣ ਦੀ ਆਗਿਆ ਮੰਗੀ ਜੋ ਬਾਪ ਨੇ ਬੜੇ ਭਰੇ ਹੋਏ ਦਿਲ ਨਾਲ ਦਿਤੀ। ਇਹ ਆਪਨੀ ਬੀਵੀ ਗੁਲਜਾਰ ਬੇਗਮ ਅਤੇ ਬੱਚੇ ਮੁਹੰਮਦ ਨਜੀਰ ਨੂੰ ਨਾਲ ਲੈ ਕੇ ਲਾਹੌਰ ਦਾਤਾ ਗੰਜ ਬਖਸ਼ ਦੇ ਦਰਬਾਰ ਜਾ ਰਹੇ। ਇਥੇ ਰਹਿੰਦਿਆਂ ਪਰਚਲਤ ਧਰਮ ਸੰਸਥਾਵਾਂ ਨਾਲ ਮੇਲ ਮੁਲਾਕਾਤ ਤੇ ਵਟਾਂਦਰਾ ਖਿਆਲਾਤ ਕੀਤਾ। ਆਰੀਆ ਸਮਾਜ, ਬ੍ਰਹਮੋ ਸਮਾਜ, ਸਨਾਤਨ ਹਿੰਦੂ ਧਰਮ ਅਤੇ ਈਸਾਅਤ, ਨਾਲ ਜਾਣ ਪਛਾਣ ਕੀਤੀ। ਗੁ: ਡੇਹਰਾ ਸਾਹਿਬ ਹੈਡ ਗ੍ਰੰਥੀ ਸਾਹਿਬ, ਭਾਈ ਅਫਰ ਸਿੰਘ ਜੀ ਨੂੰ ਭੀ ਮਿਲੇ ਅਤੇ ਗੁ: ਕਮੇਟੀ ਦੇ ਪ੍ਰਧਾਨ ਸ. ਅਮਰ ਸਿੰਘ ਜੀ ਐਡੀਟਰ 'ਸੇਰੇ ਪੰਜਾਬ' ਨਾਲ ਗੁਰਮਤ ਤੇ ਵੀਚਾਰ ਹੋਏ। ਅਖੀਰ ਸੰਨ 1935 ਦੇ ਜੇਠ ਸੁਦੀ ਚੌਥ ਦੇ ਮੇਲੇ ਤੇ ਆਪ ਸਮੇਤ ਆਪਨੀ ਬੀਵੀ ਤੇ ਬੱਚੇ ਦੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਆਪ ਦਾ ਨਾਉਂ ਪ੍ਰਿਥੀਪਾਲ ਸਿੰਘ ਅਤੇ ਬੀਵੀ ਦਾ ਨਾਮ ਰਾਜਿੰਦਰ ਪਾਲ ਕੌਰ, ਬੱਚੇ ਦਾ ਨਾਉਂ ਭਗਤ ਸਿੰਘ ਧਰਿਆ ਗਿਆ। ਇਥੋਂ ਇਹ ਸਾਰੇ ਪ੍ਰਵਾਰ ਗੁ: ਪੰਜੇ ਸਾਹਿਬ ਦੀ ਯਾਤਰਾ ਨੂੰ ਗਿਆ ਜਿਥੇ ਇਨ੍ਹਾਂ ਦੀ ਸਿੰਘਣੀ

ਕੁਝ ਦਿਨ ਬੀਮਾਰ ਰਹਿ ਕੇ ਇਕ ਲੜਕਾ ਅਤੇ ਇਕ ਛੋਟੀ ਬੱਚੀ ਛਡ ਕੇ ਚੜਾਈ ਕਰ ਗਈ। ਸੱਯਦ ਜੀ ਲਈ ਇਹ ਵੱਡਾ ਇਮਤਿਹਾਨ ਸੀ ਪਰ ਆਪ ਰਤਾ ਨਹੀਂ ਡੋਲੇ। ਥੋੜ੍ਹੇ ਚਿਰ੍ਹ ਪਿਛੋਂ ਸ. ਤ੍ਰਿਲੋਕ ਸਿੰਘ ਮੈਨੇਜਰ ਸ੍ਰੀ ਪੰਜਾ ਸਾਹਿਬ ਦੀ ਸਹਾਇਤਾ ਨਾਲ ਆਪ ਦੀ ਸਾਦੀ ਰਾਵਲਪਿੰਡੀ ਦੇ ਇਕ ਸਿੱਖ ਘਰਾਣੇ ਦੀ ਬੀਬੀ ਰਾਜ ਕੌਰ ਨਾਲ ਹੋ ਗਈ। ਇਹ ਸਹਿਤ ਪ੍ਰਵਾਰ ਅੰਮ੍ਰਿਤਸਰ ਆ ਗਏ ਜਿਥੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਇਨ੍ਹਾਂ ਦਾ ਹਰ ਤਰਾਂ ਸਨਮਾਨ ਕੀਤਾ।"

"ਸੱਯਦ ਜੀ ਦੀ ਇਸ ਸਾਰੀ ਵਿਥਿਆ ਤੋਂ ਮੁਸਲਮਾਨ ਅੱਗ-ਬਗੋਲਾ ਹੋਏ ਸਨ। ਇਕ ਦਿਨ ਹਾਲ ਬਾਜਾਰ ਵਿਚੋਂ ਲੰਘਦਿਆਂ ਮੁਸਲਮਾਨ ਘੇਰ ਕੇ ਮਸੀਤੇ ਲੈ ਗਏ ਅਤੇ ਰੌਲਾ ਪਾ ਦਿਤਾ ਕਿ ਸਿੱਖਾਂ ਨੇ ਮੁਸਲਮਾਨਾਂ ਦੇ ਪੀਰ ਟਬਰ ਨੂੰ ਧਕੇ ਨਾਲ ਮੁਸਲਮਾਨ ਕਰ ਲਿਆ ਹੈ। ਮਾਮਲਾ ਡੀ.ਸੀ. ਅੰਮ੍ਰਿਤਸਰ ਦੇ ਪੇਸ਼ ਹੋਇਆ ਜਿਥੇ ਪ੍ਰਿਥੀਪਾਲ ਸਿੰਘ ਅਤੇ ਰਾਜ ਕੌਰ ਨੇ ਬੜੇ ਧੜ੍ਹਲੇਦਾਰ ਬਿਆਨ ਦੇਂਦਿਆਂ ਹੋਇਆ ਆਪਨੇ ਆਪ ਨੂੰ ਸਿਖ ਦੱਸਿਆ। ਪ੍ਰੰਤੂ ਚੂੰਕਿ ਨੁਕਸੇ ਅਮਨ ਦਾ ਖਤਰਾ ਸੀ, ਡੀ.ਸੀ. ਨੇ ਆਪ ਨੂੰ ਅੰਮ੍ਰਿਤਸਰ ਤੋਂ ਜਾਣ ਦਾ ਹੁਕਮ ਦੇ ਕੇ ਇਨ੍ਹਾਂ ਦਾ ਇਥੇ ਆਉਣਾ ਤੇ ਰਹਿਣਾ ਬੰਦ ਕਰ ਦਿਤਾ।"

"ਸੱਯਦ ਜੀ ਨੇ ਹੁਣ ਬਾਕਾਇਦਾ ਗੁਰਮਤ ਦਾ ਪ੍ਰਚਾਰ ਕਰਨਾ ਅਰੰਭ ਦਿਤਾ। ਮੁਸਲਮਾਨ ਆਪ ਦੀ ਜਾਨ ਦੇ ਵੈਰੀ ਹੋ ਗਏ ਸਨ। ਕਈ ਵਾਰ ਆਪ ਮੁਸੀਬਤਾਂ ਵਿਚੋਂ ਨਿਕਲੇ ਪਰ ਪ੍ਰਚਾਰ ਨੂੰ ਨਹੀਂ ਛਡਿਆ, ਬਹਾਵਲਪੁਰ ਰਿਆਸਤ ਵਿਚ ਇਕ ਮੁਹੰਮਦ ਦੀਨ, ਨਾਮੀ ਮੁਸਲਮਾਨ ਦੇ ਪ੍ਰਵਾਰ ਨੂੰ ਸਿੰਘ ਸਜਾ ਦਿੱਤਾ। ਮੁਸਲਮਾਨ ਅਗੇ ਹੀ ਆਪ ਦੇ ਪਿਛੇ ਪਏ ਹੋਏ ਸਨ। 1938 ਵਿਚ ਬਹਾਵਲਪੁਰ ਵਿਚ ਹੀ ਆਪ ਗ੍ਰਿਫਤਾਰ ਕੀਤੇ ਗਏ। ਪਰ ਰਿਆਸਤੀ ਖਾਲਸਾ ਜੀ ਦੀ ਹਿੰਮਤ ਨਾਲ ਆਪ ਬਰੀ ਹੋ ਗਏ ਅਤੇ ਇਥੋਂ ਕਰਾਚੀ ਚਲੇ ਗਏ।"

"ਗੁ. ਸ਼ਹੀਦ ਗੰਜ ਸਿੰਘਣੀਆਂ ਲਾਹੌਰ ਦੇ ਮੋਰਚੇ ਸਮੇਂ ਹਾਈਕੋਰਟ ਲਾਹੌਰ ਵਿਚ ਡਾ. ਮੁਹੰਮਦ ਆਲੇਮ ਵਲੋਂ ਸਵਾਲ ਉਠਾਇਆ ਗਿਆ ਕਿ ਮੁਸਲਮਾਨੀ ਸਰਾ ਅਨੁਸਾਰ ਕੋਈ ਮਸਜਦ ਆਪਨੀਆਂ ਜੜਾਂ ਤੋਂ ਉਠਾਈ ਨਹੀਂ ਜਾ ਸਕਦੀ। ਅਥਵਾ ਇਹ ਗੁਰਦਵਾਰਾ, ਜਾਂ ਬਾਗ ਨਹੀਂ ਬਣ ਸਕਦੀ। ਮੁਸਲਮਾਨੀ ਸ਼ਰਹ ਤੇ ਬਹਿਸ ਕਰਣ ਦੇ ਕੋਈ ਸਿਖ ਸਮਰਥ ਨਾ ਵੇਖ ਕੇ ਬੜੀ ਸੋਚ ਫੁਰੀ, ਅਖੀਰ ਸੱਯਦ ਪ੍ਰਥੀਪਾਲ ਸਿੰਘ ਜੀ ਨੂੰ ਲਭਿਆ ਗਿਆ। ਇਨ੍ਹਾਂ ਨੇ ਇਸਲਾਮੀ ਹਦੀਸਾਂ ਵਿਚੋਂ ਚੌਦਾ ਫਤਵੇਂ ਡਾ. ਮੁਹੰਮਦ ਅਲਮ ਦੇ ਨੁਕਤੇ ਦੇ ਉਲਟ ਪੇਸ਼ ਕੀਤੇ ਅਤੇ ਸਾਬਤ ਕੀਤਾ ਕਿ ਮਸਜਦ ਘੋੜਿਆਂ ਦਾ ਅਸਤਬਲ ਭੀ ਹੋ ਸਕਦੀ ਹੈ ਜਿਸ ਤੇ ਮਿ. ਸੇਲ, ਚੀਫ ਜਸਟਿਸ ਨੇ ਫੈਸਲਾ ਮੁਸਲਮਾਨਾਂ ਦੇ ਉਲਟ ਦੇ ਦਿਤਾ। ਤੇ ਸਯੱਦ ਜੀ ਨੂੰ

ਅਕਾਲ ਤਖਤ ਸਾਹਿਬ ਤੋਂ ਸ੍ਰੀ ਸਾਹਿਬ ਸਿਰੋਪਾ ਵਜੋਂ ਦਿਤੀ ਗਈ। "

"ਸੱਯਦ ਜੀ ਅਤੇ ਬੀਬੀ ਰਾਜ ਕੌਰ ਨੇ ਸਾਰਾ ਸਮਾਂ ਹੀ ਗੁਰਮਤ ਪ੍ਰਚਾਰ ਕਰਦਿਆਂ ਬਿਤਾਇਆ ਤੇ ਹਜ਼ਾਰਾਂ ਪ੍ਰਾਨੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਜਿਨ੍ਹਾਂ ਵਿਚੋਂ ਘਟ ਤੋਂ ਘਟ ਤਿੰਨ ਸੌ ਮੁਸਲਮਾਨਾਂ ਦੀ ਭੀ ਗਿਣਤੀ ਹੈ ਅਤੇ ਹੁਣ ਪਟਿਆਲਾ ਸ਼ਹਿਰ ਵਿਚ ਇਸੇ ਸੇਵਾ ਤੇ ਡਟੇ ਹੋਏ ਹਨ। ਆਪ ਸਿੱਖ ਪੰਥ ਵਿਚ ਉਘੇ ਵਿਦਵਾਨ ਤੇ ਭਜਨੀਕ ਪੁਰਸ਼ ਹਨ।"(ਪੰਨਾ 299-302)

ਤਕਰੀਬਨ ਨਬੇ ਵਰ੍ਹੇ ਪਹਿਲਾਂ (1930) ਪ੍ਰਾਪਤ ਅਤੇ ਪੰਜ ਸੌ ਤੋਂ ਵਧ ਸਾਲ ਪਹਿਲਾਂ (1504-09) 'ਉਲੀਕੀ' ਜਾਣ ਵਾਲੀ ਸਮੱਗ੍ਰੀ ('ਸਯਾਹਤੋ ਬਾਬਾ ਨਾਨਕ ਸ਼ਾਹ ਫਕੀਰ') ਨੂੰ ਪੜ੍ਹ-ਵਿਚਾਰਨ ਨਾਲ ਗੁਰੂ ਨਾਨਕ ਦੇਵ ਜੀ ਦੀ ਰਟਨ-ਪ੍ਰਕਿਰਿਆ ਦੀ ਇਤਿਹਾਸਕ ਪ੍ਰਮਾਣਿਕਤਾ ਸਥਾਪਤ ਹੋ ਜਾਂਦੀ ਹੈ (ਧੰਨਵਾਦ ਮਹਿੰਦਰਪਾਲ ਸਿੰਘ 'ਬੇਦੀ' ਆਦਿ, ਵਲੈਤ ਅਤੇ ਭਾਰਤ ਵਸਦੇ, ਸੰਤ ਪ੍ਰਿਥੀਪਾਲ ਸਿੰਘ 'ਬੇਦੀ' ਹੁਰਾਂ ਦੇ ਸਮੁੱਚੇ ਖੈਰ-ਖ਼੍ਵਾਹਾਂ ਦਾ)।

ਉਨ੍ਹਾਂ ਦੇ ਵਾਰਸ ਐਮ.ਪੀ. ਸਿੰਘ 'ਬੇਦੀ' ਨੇ ਮਿਤਿ 16-08-2009 ਦੇ ਕਰੀਬ ਇਨ੍ਹਾਂ ਸਤਰਾਂ ਦੇ ਲੇਖਕ ਤੋਂ ਮੁਕੰਮਲ ਖਰੜੇ ਨੂੰ ਟਾਈਪ ਕਰ-ਕਰਵਾ ਕੇ, ਉਸ ਦੀ ਸਮੱਗਰੀ ਵਲੈਤ ਲਿਜਾ ਕੇ, ਛਾਪਣ ਦੀ ਸੇਵਾ ਦਾ ਮੌਕਾ ਪ੍ਰਾਪਤ ਕੀਤਾ ਸੀ। ਪਰ ਕਿਸੇ ਗਲੋਂ ਸਭ ਕੁਝ ਪਾਠਕਾਂ ਤੀਕ ਅਜੇ ਤਕ ਨਾ ਪੁਜ ਸਕਿਆ (ਅੰਗ੍ਰੇਜ਼ੀ ਸਮੱਗਰੀ ਸ਼ਾਇਦ ਪਾਠਕ ਪੜ੍ਹ ਸਕੇ ਹੋਣ ਡਾ. ਹਰਬੰਸ ਲਾਲ ਹੁਰਾਂ ਦੇ ਉਪਰਾਲੇ ਵਜੋਂ), ਹੁਣ ਇਹ ਮੌਲਿਕ ਸਮੱਗਰੀ ਗੁਰਮੁਖੀ ਅੱਖਰਾਂ ਵਿੱਚ ਛਪ ਕੇ ਪਾਠਕਾਂ ਤੀਕ ਪੁਜ ਰਹੀ ਹੈ। ਗੁਰੂ-ਪਿਤਾ ਪਰ-ਉਪਕਾਰੀ ਹਿਰਦਿਆਂ ਦੀ ਬਾਹੁੜੀ ਕਰਨਗੇ, ਜਿਸ ਤੋਂ ਦ੍ਰਿੜ੍ਹਤਾ, ਭਰੋਸਾ, ਭਰਾਤਰੀ-ਭਾਵ ਜਿਹੇ ਉਸਾਰੂ ਗੁਣ ਸਭ ਦੇ ਅੰਦਰ ਵਧਣਗੇ।

ਭਾਈ ਗੁਰਦਾਸ ਅਨੁਸਾਰ:

*ਧੰਨ ਨਾਨਕ ਤੇਰੀ ਵੱਡੀ ਕਮਾਈ...*
*ਕਲਯੁਗ ਬਾਬੇ ਤਾਰਿਆ...*
*ਗੰਗ ਬਨਾਰਸ ਹਿੰਦੂਆਂ ਮੁਸਲਮਾਨਾ ਮੱਕਾ ਕਾਅਬਾ...*

ਗੁਰੂ ਨਾਨਕ ਸਾਹਿਬ ਵਲੋਂ ਅਰਬ-ਈਰਾਨ ਦੀ ਫੇਰੀ ਦਾ 'ਮਿਠਾ ਫਲ' ਸਾਨੂੰ ਪ੍ਰਭੂ-ਪਿਆਰ ਅਤੇ ਸਰਵ-ਕਲਿਆਣ ਨੂੰ ਸਮਰਪਿਤ ਇਕੋ-ਇਕ 'ਰਬ ਸਚੇ' ਦੀ ਅਰਾਧਨਾ ਪ੍ਰਤਿ ਸਮਰਪਿਤ ਭਾਵਨਾ ਦੇ ਰੂਪ ਵਿੱਚ ਪ੍ਰਾਪਤ ਹੋਇਆ ਜਿਥੇ ਨਸਲ-ਪ੍ਰਸਤੀ, ਮਤਅੱਸਬ, ਨਫਰਤ ਆਦਿ 'ਜ਼ਹਿਰ' ਦੀ ਥਾਂ ਨਾਮ-ਅੰਮ੍ਰਿਤ-ਰਸ

ਦੀ ਕਮਾਈ ਦਾ ਮਿੱਠਾ ਫਲ ਹਾਸਿਲ ਕਰਨਾ ਹੁੰਦਾ ਹੈ (ਇਰਫਾਨੀ ਪੈਗਾਮ 'ਚ)।

ਗਿ.ਨਰੈਣ ਸਿੰਘ (ਸਨੌਰ, ਪਟਿਆਲਾ), ਜੋ ਸੰਘਰਸ਼ੀ ਲਹਿਰ ਸਮੇਂ ਗੁਰਦੁਆਰਾ ਨਨਕਾਣਾ ਸਾਹਿਬ ਆਦਿ ਦੇ ਪ੍ਰਬੰਧਨ ਨਾਲ ਜੁੜੇ ਰਹੇ ਸਨ ਨੇ ਇਕ ਤਕੜਾ ਉਪਰਾਲਾ ਕੀਤਾ ਜਿਸ ਕਾਰਨ ਕਰਤਾਰ ਸਿੰਘ 'ਝੱਬਰ' ਸਾਹਿਬ ਦੀ ਸਿੱਖ-ਕੌਮਪ੍ਰਸਤੀ ਅਤੇ ਸਿੱਖ-ਜਲੌ ਭਾਵ ਗੁਰਧਾਮਾਂ ਦੀ ਆਜ਼ਾਦੀ ਲਈ ਕੀਤੇ ਤਕੜੇ ਸੰਘਰਸ਼, ਦੀ ਮੁਕੰਮਲ 'ਡਾਇਰੀ' ਜਾਂ 'ਰੋਜ਼ਨਾਮਚੇ' ਦੇ ਪ੍ਰਕਾਸ਼ਨ (1959) ਨੇ ਪੰਥਕ ਜਜ਼ਬੇ ਦੇ ਇਤਿਹਾਸਕ ਉਥਾਨ ਦੀ ਸਪਿਰਟ ਅਤੇ ਅੰਕੜਿਆਂ ਨੂੰ ਸੰਭਾਲਿਆ ਹੋਇਆ ਹੈ। ਇਸ ਰਚਨਾ ਵਿੱਚ 27 ਕੁ ਸੰਘਰਸ਼ੀ ਯੋਧਿਆਂ ਅਤੇ ਪੰਥਕ ਹਿਤੈਸ਼ੀਆਂ ਦਾ ਸੰਖੇਪ ਜੀਵਨ-ਬਿਓਰਾ ਵੀ ਪ੍ਰਦਾਨ ਕੀਤਾ ਗਿਆ ਹੈ (ਪੰਨਾ 262 ਤੋਂ 299 ਤੱਕ)।

ਜਿਵੇਂ ਕਿ ਪਹਿਲਾਂ ਹੀ ਦਸਿਆ ਗਿਆ ਹੈ, ਇਨ੍ਹਾਂ 27 ਸੰਤ-ਸਿਪਾਹੀਆਂ ਵਿੱਚ ਹੋਰਾਂ ਤੋਂ ਇਲਾਵਾ ਸੰਤ ਸੱਯਦ ਪ੍ਰਿਥੀਪਾਲ ਸਿੰਘ ਦਾ ਵੀ ਜ਼ਿਕਰ ਹੈ। ਹੋ ਸਕਦਾ ਹੈ ਕਿ ਸ. ਨਰੈਣ ਸਿੰਘ ਤਕ ਇਹ ਵਿਸਥਾਰ ਸੰਤ ਪ੍ਰਿਥੀਪਾਲ ਸਿੰਘ ਹੁਰਾਂ ਨੇ ਖ਼ੁਦ ਪਹੁੰਚਾਇਆ ਹੋਵੇ। 'ਸੰਤ ਜੀ' ਨੂੰ ਪਟਿਆਲੇ ਅਮੂਮਨ ਵਿਚਰਦਿਆਂ, ਕਥਾ-ਵਿਚਾਰ ਕਰਦਿਆਂ, ਨਵੀਨ ਸਿੰਘ ਸਭਾ ਦੁਆਲੇ, ਅਸੀਂ ਵੇਖ-ਪੇਖ ਲੈਂਦੇ ਸਾਂ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਜੋੜਨ ਵਾਲੇ ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਰਉਪਕਾਰ ਹੈ ਕਿ ਹਰਿਮੰਦਰ ਸਾਹਿਬ ਦੇ ਨੀਂਹ-ਪੱਥਰ ਮੌਕੇ ਦੇ ਭਾਈਵਾਲ ਸਾਈਂ ਮੀਆਂ ਮੀਰ ਜਿਹੀ, ਰਬੀ ਰੰਗ ਵਾਲੀ, 'ਕੜੀ' ਦੇ ਰੂਪ ਵਿੱਚ ਅਸਾਂ-ਤੁਸਾਂ ਨੂੰ ਪ੍ਰਾਪਤ ਕਰਵਾਈ ਗਈ। ਭਾਂਵੇ ਡੇਰਾ ਸਾਹਿਬ ਲਾਹੌਰ ਦਾ ਦਰਸ਼ਨ-ਪਰਸਨ ਅਸਾਂ ਦਾ ਆਤਮਕ ਆਦੇਸ਼ ਹੈ ਪਰ ਗੁਰੂ ਘਰਾਂ ਦੇ ਦਰਸ਼ਨ ਤੋਂ ਉਪਰੰਤ ਲਾਹੌਰ ਵਿਖੇ ਸਾਈਂ ਮੀਆਂ ਮੀਰ ਦੀ ਜ਼ਿਆਰਤ ਅਤੇ ਸ਼ਹਿਰ 'ਚ ਸ਼ਰਫ-ਅੱਲ-ਨਿਸਾਂ ਦੀ 'ਕੱਬਰ' ਦਾ ਦੀਦਾਰ ਕਰਨਾ ਸਾਡੇ ਆਰ-ਪਾਰ ਦੇ ਸੂਝਵਾਨ ਅਤੇ ਜਗਿਆਸੂ ਯਾਤਰੀਆਂ ਦਾ ਅਤਿ ਪਵਿੱਤਰ ਕਾਰਜ ਬਣ ਚੁਕੇ ਹਨ। ਲਾਹੌਰ ਵਿਖੇ ਦਿਆਲ ਸਿੰਘ ਮਜੀਠਾ ਲਾਇਬ੍ਰੇਰੀ ਦੀ ਸਾਂਭ-ਸੰਭਾਲ ਵੀ ਖੋਜੀਆਂ ਦਾ ਕੇਂਦਰ ਬਣਦੀ ਰਹਿੰਦੀ ਹੈ।

ਕੁਝ ਸਮੇਂ ਤੋਂ ਬਾਬਰ-ਜਾਬਰ ਜਿਹੇ ਵਿਰੋਧਾਭਾਸੀ ਗੁੱਟਾਂ ਵੱਲੋਂ ਸਾਡੇ ਸਮੁੱਚੇ ਭਾਈਚਾਰੇ ਨੂੰ ਬੜੇ ਦੁੱਖਦਾਈ ਅਤੇ ਵਿਤਕਰੇ ਵਾਲੇ ਵਾਤਾਵਰਣ ਵਿੱਚ ਫਸਾ ਲੈਣ ਦੀ ਬਦਨੀਅਤ ਵੀ ਕ੍ਰਿਆਸ਼ੀਲ ਰਹੀ ਹੈ। ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਉੱਪਰ 'ਬਾਬਾ ਨਾਨਕ ਯੂਨੀਵਰਸਿਟੀ' ਅਤੇ 'ਕਰਤਾਰਪੁਰ ਲਾਂਘੇ'

ਦੀ 'ਜੋੜਵੀਂ' ਸੁਵਿਧਾ ਸਿਰੇ ਚੜ੍ਹ ਜਾਵੇ ਤਾਂ ਅਸੀਂ ਬਾਜ਼-ਉਡਾਰੀ ਲਾ ਕੇ ਵੀ ਵਿਸ਼ਵ-ਵਿਆਪੀ ਭਾਈਚਾਰੇ ਨੂੰ ਗੁਰੂ ਨਾਨਕ ਦੇ, ਸਰਵ-ਸਾਂਝੀਵਾਲਤਾ ਦੇ, ਮਾਰਗ ਦੇ ਆਦਰਸ਼ਕ ਪਾਂਧੀ ਬਣਾ ਦਿਆਂਗੇ। ਸੰਤ-ਸੱਯਦ ਪ੍ਰਿਥੀਪਾਲ ਸਿੰਘ ਦੀ ਅਦਿਭੁੱਤ ਕਥਨੀ-ਕਰਨੀ ਦਾ ਸਿੱਟਾ ਹੈ ਕਿ ਸਾਨੂੰ, 500 ਤੋਂ ਵੱਧ ਸਾਲ ਪਹਿਲਾਂ ਲਿਖੀ ਗਈ, ਅਰਥ-ਫੇਰੀ (ਸਯਾਹਤ-ਓ-ਬਾਬਾ ਨਾਨਕ ਸ਼ਾਹ ਫ਼ਕੀਰ: ਤਾਜੁਦੀਨ) ਦੀ, ਪ੍ਰਕਾਸ਼ਨ ਰੂਪ ਵਿਚ ਉਪਲੱਬਧੀ ਹੋਵੇਗੀ।

ਕਾਸ਼ ਕਿ ਦਿਲਾਂ ਦੀ ਸਾਂਝ ਪਹਿਲਾਂ ਤੋਂ ਹੀ ਕਾਇਮ ਰਹਿੰਦੀ! ਤਾਂ ਅਸੀਂ ਗੁਰੂਆਂ, ਪੀਰਾਂ, ਸੂਫੀਆਂ, ਭਗਤ-ਫਕੀਰਾਂ, ਸ਼ਾਇਰਾਂ ਆਦਿ ਦੇ ਸਹੀ ਵਾਰਸ ਕਹਾਉਂਦੇ। ਪਰ 'ਜਨੂੰਨ' ਅਤੇ 'ਸਿਆਸਤ' ਨੇ 'ਆਦਮਖੋਰ' ਦਾ ਕਿਰਦਾਰ ਨਿਭਾਈ ਰਖਿਆ।

ਅੰਮ੍ਰਿਤਸਰ-ਲਾਹੌਰ ਵਿਚਲੀ 'ਦੂਰੀ' ਗੁਰੂ ਨਾਨਕ ਦੇ ਪਿਆਰਿਆਂ ਨੇ ਚਿਰ੍ਹਾਂ ਤੋਂ ਖਤਮ ਕਰ ਦਿੱਤੀ ਹੈ। 'ਮੇਰਾ ਪਾਕਿਸਤਾਨੀ ਸਫਰਨਾਮਾ' (1947-50) ਦੇ ਲੇਖਕ ਅਕਾਲੀ ਚਕਰਕੌਰ ਸਿੰਘ 'ਨਿਹੰਗ' ਨੂੰ (ਓਦੋਂ ਦੀ ਵਰ੍ਹਦੀ ਅੱਗ ਵਿਚ ਪਰ-ਉਪਕਾਰ ਖਾਤਰ) ਭੇਜਣ ਵਾਲੇ ਅਕਾਲੀ ਕੌਰ ਸਿੰਘ 'ਨਿਹੰਗ' ਦਾ ਇਸਰਾਰ ਅਜ ਇੱਕੀਵੀਂ ਸਦੀ ਵਿਚ ਵਰਦਾਨ ਸਾਬਤ ਹੋ ਰਿਹਾ ਹੈ, 550ਵੇਂ ਪ੍ਰਕਾਸ਼ ਪੁਰਬ ਮੌਕੇ।

ਸਾਰਾਂਸ਼:

1. ਸੱਯਦ ਪ੍ਰਿਥੀਪਾਲ ਸਿੰਘ ਨੂੰ ਇਨ੍ਹਾਂ ਅਖਰਾਂ ਦੇ ਲੇਖਕ ਨੇ 1950-1951 ਵਿਚ ਓਦੋਂ ਪਹਿਲੀਵਾਰ ਵੇਖਿਆ ਜਦੋਂ ਉਹ ਅਤੇ ਬੇਦੀ ਹਰਪਾਲ ਸਿੰਘ ਹੁਰੀਂ (ਪਟਿਆਲੇ) ਦੇ ਖਰਾਸੀਆਂ (ਖ਼ਾਲਸਾ) ਮਹੱਲੇ ਦੇ ਉਸ ਮਕਾਨ ਵਿਚ ਆਉਂਦੇ-ਜਾਂਦੇ ਸਨ ਜਿਥੇ ਅਕਾਲੀ ਕੌਰ ਸਿੰਘ 'ਨਿਹੰਗ' ਆਪਣੇ ਭਰਾ ਸ. ਨਿਰੰਜਨ ਸਿੰਘ ਦੇ ਨਾਲ ਰਹਿੰਦੇ ਸਨ ਜਿਥੇ ਕਿ ਮੈਂ ਵੀ ਉਸ ਮਕਾਨ ਵਿਚ ਆਪਣੀ ਭੈਣ ਨਾਲ ਰਹਿਆ ਕਰਦਾ ਸੀ। ਓਥੋਂ ਹੀ, ਸੱਯਦ ਪ੍ਰਿਥੀਪਾਲ ਸਿੰਘ ਦੇ ਸਡੌਲ ਡੀਲ-ਡੌਲ ਵਾਲੇ, ਪੁੱਤਰ ਮਹਿੰਦਰ ਪਾਲ ਸਿੰਘ 'ਬੇਦੀ' ਹਰ ਨਗਰ ਕੀਰਤਨ ਦੇ ਸਮੇਂ ਪਟਿਆਲੇ ਵਿਖੇ ਗਤਕੇਬਾਜ਼ੀ ਵਿਚ ਆਪਣੇ ਬਾ-ਕਮਾਲ ਜੌਹਰ ਵਿਖਾਉਂਦੇ ਅਤੇ ਸੱਯਦ ਪ੍ਰਿਥੀਪਾਲ ਸਿੰਘ ਦੀ ਪਤਨੀ ਬੀਬੀਆਂ ਦੇ ਕੀਰਤਨੀ ਜਥੇ ਦੀ ਸ਼ੋਭਾ (ਬਾ. ਥਾਨ ਸਿੰਘ ਦੇ ਸਥਾਨ ਤੋਂ ਆ ਕੇ) ਵਾਧਾਉਂਦੇ ਹੁੰਦੇ ਸਨ। ਹੁਣ ਵੀ ਉਨ੍ਹਾਂ ਦੇ ਪਰਿਵਾਰ ਦੇ ਜੀਅ ਪਟਿਆਲੇ ਅਤੇ ਵਲੈਤ (ਲੰਡਨ) ਵਿਚ ਆਪਣਾ ਯੋਗਦਾਨ ਪਾ ਰਹੇ ਹਨ।

2. ਲਾਹੌਰ ਵਿਖੇ ਅਜੋਕੇ ਇੱਕੀਵੀਂ ਸਦੀ ਦੇ ਸ਼ਹੀਦ ਗੰਜ ਦੀ ਇਮਾਰਤ

ਨੂੰ ਇੰਗਲੈਂਡ ਦੇ ਸਾਊਥ ਹਾਲ ਆਦਿ ਥਾਵਾਂ ਨੇ ਸਾਂਭ-ਉਸਾਰਿਆ ਹੋਇਆ ਹੈ। ਜਿਸ ਸਾਊਥ ਹਾਲ (ਇੰਗਲੈਂਡ) ਦੀ ਸੰਗਤ ਨੇ ਸੱਯਦ ਪ੍ਰਿਥੀਪਾਲ ਸਿੰਘ ਦੀ ਅਣਥੱਕ ਸਿਮਰਨ ਸੇਵਾ ਨੂੰ ਕਈ ਵਰ੍ਹੇ ਖ਼ੁਦ ਵੇਖਿਆ-ਪਰਖਿਆ ਅਤੇ ਜਿਸ ਉਪਰੋਕਤ ਸੰਘਰਸ਼ ਦੀ ਉਗਾਹੀ ਉਨ੍ਹਾਂ ਨੇ, ਪਤਾ ਨਹੀਂ ਕਿੰਨੀ ਵਾਰੀ, ਇੰਗਲੈਂਡ ਦੀ ਸਾਂਝੀ ਸੰਗਤ ( ਹਿੰਦ-ਪਾਕ ਦੇ ਹਿੰਦੂ-ਮੁਸਲਿਮ-ਸਿਖ ਆਦਿ) ਨੂੰ ਪੁਰਜ਼ੋਰ ਤਰੀਕੇ ਨਾਲ ਆਪਣੇ ਵਿਵਰਣ-ਵਖਿਆਨਾ-ਕੀਰਤਨ ਵਿਚ (ਜਥੇ ਸਮੇਤ) ਪੇਸ਼ ਕੀਤੀ ਹੋਵੇਗੀ।

3. 1735-40 ਦੇ ਸ਼ਹੀਦੀ ਸਾਕਿਆਂ ਦੀਆਂ ਯਾਦਗਾਰ ਨੂੰ ਸੰਭਾਲਣ ਲਈ 1935-40 ਤੱਕ ਦੋ ਸਦੀਆਂ ਲੱਗੀਆਂ:

"According to Punjab Govt. Gazette notification No. 275 dated 22 Dec, 1927 the shrine was listed as Gurdwara Shahidganj Bhai Taru Singh. The Muslim again contested the Sikhs' claim to their 'mosque' but the Sikh Gurdwara Tribunal estalished under the Sikh Gurdwara Act 1925, in its judgement dated 20 Jan. 1930 determined that the place was the property of Gurdwara Bhai Taru Singh. The Muslims went in appeal, but the Lahore High Court in 1934 upheld the verdict of the Gurdwara Tribunal. The local Gurdwara committee Lahore, got possession of the Sahidganj in March 1935 and decided to replace the old mosque- like building with a new one... but on 29th june a Muslim mob tried to enter the premises...(D.C Lahore) S. Pratap stayed further demolition...The Muslim appeal filed in the High Court was dismissed on 26th Jan 1938... further appeal (to Privy Council) met with the same fate on 2nd May 1940. This virtually ended the dispute..."

**(Ency. of Sikhism, Vol IV Pages 96-97)**

ਸੱਯਦ ਸੰਤ ਪ੍ਰਿਥੀਪਾਲ ਸਿੰਘ ਜੀ ਸ਼ੁਰੂ ਤੋਂ ਹੀ ਅਰਬ ਵਿਖੇ ਗੁਰੂ ਨਾਨਕ ਦੇ ਮੁਤਲਾਸ਼ੀ (ਜਿਨ੍ਹਾਂ ਦੀ ਗਿਣਤੀ ਉਨ੍ਹਾਂ ਨੇ 15% ਦੱਸੀ ਹੈ) ਅਤੇ ਕੇਸ-ਧਾਰੀ 'ਸਿਬੀਆ' ਖਾਨਦਾਨ ਦੇ 'ਮਹਿਬੂਬ ਇਬਨਿ ਜਾਫਰ' ਦੇ ਵਾਰਸਾਂ ਬਾਰੇ (ਖੋਜ ਕਰਦਿਆਂ) ਮੰਨਿਆ ਹੈ ਕਿ 'ਗੁਰੂ ਨਾਨਕ ਦੇ ਪਹਿਲੇ ਅਰਬੀ ਸਿਦਕਵਾਨ ਸ਼ਹੀਦ 'ਰੁਕਮਦੀਨ' ਦੇ ਖਾਨਦਾਨ ਨੂੰ ਕਾਅਬੇ ਤੋਂ ਜਲਾਵਤਨ ਕਰ ਦਿਤਾ ਗਿਆ ਜੋ ਫਿਰ

'ਤੀਰਾਹ' ਵਿਚ ਆਣ ਵਸੇ। 'ਅਫਗਾਨੀਆਂ' ਦੇ 'ਲਵਾੜਗੀਰ' ਨੇੜੇ ਮਰਦਾਨੇ-ਸ਼ਹਿਜ਼ਾਦੇ ਦੇ ਖਾਨਦਾਨ ਵਿਚੋਂ ਨਾਨਕ-ਪੰਥੀ ਆਬਾਦ ਸਨ। 'ਬਾਬਾਕੋਟ' ਭਾਈ ਬਾਲੇ-ਮਰਦਾਨੇ ਤੋਂ ਇਲਾਵਾਲ 'ਗੁਰੂ' ਜੀ ਦੀ ਯਾਦ ਨੂੰ ਸੰਭਾਲੀ ਬੈਠਾ ਹੈ। ਅਸੀਂ ਸੱਯਦ-ਸੰਤ ਪ੍ਰਿਥੀਪਾਲ ਸਿੰਘ ਦੇ ਦੇਸ਼-ਵਿਦੇਸ਼ ਵਿਖੇ ਸਮੁੱਚੇ ਯੋਗਦਾਨ ਦੇ ਰਿਣੀ ਹਾਂ।

ਸੱਯਦ ਪ੍ਰਿਥੀਪਾਲ ਸਿੰਘ ਦੇ ਸਮੁੱਚੇ ਪਰਿਵਾਰ ਅਤੇ ਖਾਸ ਕਰਕੇ ਮਹਿੰਦਰਪਾਲ ਸਿੰਘ 'ਬੇਦੀ' ਪ੍ਰਤਿ ਸਾਡਾ ਇਹਤਰਾਮ ਕਾਇਮ ਹੈ।

ਇਹ ਮੁੜ ਦਸ ਦੇਈਏ ਕਿ ਹਥ-ਖਰੜੇ ਦੇ ਹਿੱਜੇ ਅਸੀਂ ਬਿਲਕੁਲ ਨਹੀਂ ਬਦਲੇ, ਉਨ੍ਹਾਂ ਦੀ ਮੌਲਿਕਤਾ ਦੇ ਸਤਿਕਾਰ ਵਜੋਂ।

ਮੁੱਖ ਜੀਵਨੀਕਾਰ (ਸ. ਪ੍ਰਿਥੀਪਾਲ ਸਿੰਘ) ਵਲੋਂ ਅਣਵੰਡੇ ਪੰਜਾਬ-ਕਾਬਲ-ਕਸ਼ਮੀਰ ਆਦਿ ਸ਼ਹਿਰਾਂ-ਪਿੰਡਾਂ ਵਿਚ ਵਿਚਰਦਿਆਂ ਕਈ ਦੁਖਦਾਈ ਮੌਕੇ ਵੀ ਹੰਢਾਏ ਗਏ ਸਨ, ਆਪਣਿਆਂ-ਬੇਗਾਨਿਆਂ (ਹਿੰਦੂ-ਸਿੱਖ-ਮੁਸਲਿਮ) ਵਲੋਂ। ਸੰਤ ਬਿਰਤੀ ਵਾਲੇ ਇਸ ਵਿਅਕਤੀ ਦੇ ਜਿਸਮ-ਦਿਲ-ਦਿਮਾਗ ਦੇ ਲੂੰਅ-ਲੂੰਅ ਦੀ ਚੀਸ ਅਸੀਂ ਹੁਣ ਵੀ ਹੰਢਾ ਸਕਦੇ ਹਾਂ (ਜਦ ਕਿ ਉਨ੍ਹਾਂ ਦੀ ਮੂਲ ਲਿਖਤ ਨੂੰ ਇੰਨ-ਬਿੰਨ ਪੜ੍ਹ-ਪੜ੍ਹਾ ਲਈਏ)।

ਹਰ ਕਿਸੇ ਨੂੰ, ਨਿਜੀ-ਪ੍ਰਤਿਕਰਮ ਤੋਂ ਉਪਰ ਉਠ ਕੇ, ਉਨ੍ਹਾਂ ਪ੍ਰਤਿ ਸਹਾਨੁਭੂਤੀ ਪੈਦਾ ਕਰਨੀ ਚਾਹੀਦੀ ਹੈ (ਮੁਨਾਫ਼ਰਤ ਦੀ ਥਾਂ)।

ਸ. ਪ੍ਰਿਥੀਪਾਲ ਸਿੰਘ ਵਲੋਂ (ਕੁਰਾਨ ਸ਼ਰੀਫ ਸਬੰਧੀ) ਸਮੱਗਰੀ ਦੇ ਹੱਥਲੇ ਗੁਰਮੁਖੀ ਰੂਪ (ਭਾਗ-2) ਦਾ ਅੰਗ੍ਰੇਜ਼ੀ ਅਨੁਵਾਦ ਛੇਤੀ ਹੀ ਪਾਠਕਾਂ ਸਾਮ੍ਹਣੇ ਹੋਵੇਗਾ।

ਸ੍ਰੀ ਅੰਮ੍ਰਿਤਸਰ ਤੋਂ 'ਨਾਦ-ਪ੍ਰਗਾਸ' ਦੇ ਸੰਗੀ-ਸਹਿਯੋਗੀ ਇਸ ਉਪਰਾਲੇ ਦੇ ਹਾਰਦਿਕ ਉਡੀਕਵਾਨਾਂ ਵਿਚੋਂ ਹਨ।

ਪੁਸਤਕ੨ ਦੀ ਹੱਥ-ਲਿਖਤ ਸਮੱਗ੍ਰੀ ਨੂੰ ਕੰਪਿਊਟਰ-ਸਮੱਗ੍ਰੀ ਦੇ ਰੂਪ ਵਿੱਚ ਪਹੁੰਚਾਉਣ ਦੇ ਲਈ ਜਿੰਨ੍ਹਾਂ-ਜਿੰਨ੍ਹਾਂ ਦਾ ਸਹਿਯੋਗ ਅਤੇ ਮਿਹਨਤ ਪ੍ਰਾਪਤ ਹੋਈ ਉਨ੍ਹਾਂ ਵਿੱਚ ਸ. ਹਰਸਿਮਰਜੀਤ ਸਿੰਘ, ਸ. ਜਗਮੀਤ ਸਿੰਘ (ਐਸ.ਡੀ.ਓ) ਅਤੇ ਨਿਸ਼ਾਂਤ ਸੂਦ (ਪ੍ਰਕਾਸ਼ਕ) ਵੀ ਜ਼ਿਕਰਯੋਗ ਹਨ।

ਮਿਤੀ-ਚੇਤ ਦੀ ਸੰਗਰਾਂਦ 2075-76 / 14 ਮਾਰਚ 2019

-ਹਿੰਮਤ ਸਿੰਘ,

(ਸੰਪਾਦਕ ਟ੍ਰਸਟੀ)

## ਉਪ-ਸਿਰਲੇਖਾਂ ਦਾ ਵੇਰਵਾ :


ਪ੍ਰਸਤਾਵਨਾ

ਜਗਬੀਤੀ

ਭਾਰਤ ਦੀ ਮਾਲੀ ਹਾਲਤ

ਹਿੰਦੁਸਤਾਨ ਦੇ ਮਾਲਕ 'ਮਨੂੰ' ਜੀ

ਮੁਗਲ ਗਰਦੀ

ਇਲਾਉਦੀਨ ਦਾ ਸਮਾਚਾਰ

ਬਾਬਰ ਬਾਦਸ਼ਾਹ

ਆਪਣੀ ਬਾਤ

ਸਯਾਹਤ-ੳ-ਬਾਬਾ ਨਾਨਕ

ਸਫਰਨਾਮੇ ਦੇ ਕਰਤਾ ਜੀ ਨੂੰ ਚਰਨ-ਛੂਹ

ਹੁਜਰਾ ਨਾਨਕ ਸ਼ਾਹ ਫਕੀਰ

ਮੱਕਾ ਫਿਰਿਆ

ਰੁਕਨਦੀਨ ਤੇ ਗੁਰੂ ਜੀ ਦਾ ਸੰਬਾਦ

ਸਾਬਤ ਸੂਰਤ (ਕੁਰਾਨ 'ਚੋਂ)

ਖਾਨਾ-ਏ-ਕਾਅਬੇ ਦਾ ਖੰਡਨ (ਕੁਰਾਨ 'ਚੋਂ)

ਜੱਦੇ ਪੁਜਣਾ

ਰੁਕਨਦੀਨ : ਨੂੰ ਸਾਥੀਆਂ ਸਹਿਤ ਉਪਦੇਸ਼

ਭਾਈ ਰੁਕਨਦੀਨ ਜੀ

ਰੁਕਨਦੀਨ ਤ੍ਵਾਰੀਖਿ ਅਰਬ 'ਚੋ

ਮਦੀਨਾ ਉਧਾਰ

ਕੂਫਾ ਉਧਾਰ

ਸਲੀਮਾ ਉਧਾਰ

ਪਾਸਾ ਹਾਲੀ ਉਧਾਰ

ਕਾਰੂੰ ਹਮੀਦ ਉਧਾਰ

ਸ਼ਾਹ ਸ਼ਰਫ ਉਧਾਰ

ਪੀਰ ਬਗਦਾਦ ਉਧਾਰ

ਬਹਿਲੋਲ ਉਧਾਰ

ਮੁਰੀਦ ਨੇ ਮੁਰਸ਼ਦ ਦੀ ਯਾਦ ਤਾਜ਼ਾ ਕੀਤੀ

ਪਿਆਰੇ ਦੀ ਪਿਆਸ

ਪਿਤਾ ਸੰਬਾਦ ਨੰ : 1

ਬੈਤੁਲ ਮੁਕੱਦਸ

ਸੁਫਨਾ

ਗੁਰਬਾਣੀ ਦੀ ਉਸਤਤੀ

ਪਿਤਾ ਸੰਬਾਦ ਨੰ : 2

ਫਲਸਫਾ-ਇ-ਕੁਰਾਨ

ਜੱਦੇ ਪੁਜਣਾ

ਸਾਬਤ ਸੁਰਤ ਕੁਰਾਨ 'ਚੋਂ

ਪੂਰਨ ਗੁਰੂ

ਆਪਣੇ ਘਰ ਮੀਰਪੁਰ ਪੁੱਜਣਾ

ਸ਼ੋਰਸ਼-ਇ-ਕਸ਼ਮੀਰ

ਅਰਦਾਸ ਅਤੇ ਬੀਵੀ ਸੰਬਾਦ

ਲਾਹੌਰ ਪੁਜਣਾ

ਤਲਾਸ਼ਿ-ਹਕ ਦੀ ਰਾਹ ਉੱਤੇ

ਗੁਰਦਵਾਰਾ ਡੇਹਰਾ ਸਾਹਿਬ ਪਹੁੰਚਣਾ

ਮੀਰਪੁਰ ਵਿਚ ਗੁਰ-ਸਿਖੀ ਦੇ ਦਰਸ਼ਨ

ਪੰਜੇ ਸਾਹਿਬ ਦੇ ਦਰਸ਼ਨ

ਬਹਾਵਲਪੁਰ 'ਚ ਤਕਰੀਰ

ਅਰਦਾਸੇ ਦੀ ਫਤਹਿ

ਬੀਬੀ ਮੋਹਨ ਕੌਰ ਦਾ ਪਰਉਪਕਾਰ

ਗੁਰੂ ਨਾਨਕ ਦਾ ਪੜਦਾਦਾ

ਗੁਰਦੁਆਰਾ ਸ਼ਹੀਦ ਗੰਜ ਲਾਹੌਰ

'ਅਕੋਲਾ' ਸੂਬਾ ਬਿਹਾਰ

ਨਾਨਕ ਵਾਹਿਦ ਪੈਗੰਬਰਿ ਤੌਹੀਦ ਅਸਤਿ

ਯੋਰਪ ਦੇਸਾਂ ਦੀ 'ਨਾਨਕ ਫੇਰੀ'
ਖਾਲਸਾ ਮੇਰੋ ਰੂਪ ਹੈ ਖਾਸ
ਗੁਰਸਿਖੀ ਨਜਾਤ ਦਾ ਘਰ
ਰੂਹ ਇਕੱਲਾ ਅਮਰ
ਤਰੀਕਾ-ਇ-ਸਰਤਿ-ਸ਼ਬਦ
ਮੁਕਾਮ ਦੂਜਾ
ਉਤਰਾਖੰਡ 'ਚ ਅਮਰ ਆਤਮਾ ਦੇ ਦਰਸ਼ਨ
ਸਤਿਸੰਗਤ
ਮੁਕਤੀ

੧

## ਪ੍ਰਸਤਾਵਨਾ

(ਉਲੇਖਕਾਰ ਸ.ਪ੍ਰਿਥੀਪਾਲ ਸਿੰਘ ਵਲੋਂ)

# ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

"ਹਰ ਜਗਿਆਸੂ ਨੂੰ ਪੈਗੰਬਰ ਜਾਂ ਅਵਤਾਰਾਂ ਦੇ ਮੁੱਖਮੰਤਵ ਅਰਥਾਤ, ਸੰਸਾਰ ਦੇ ਵਿਚ ਆਉਣ ਦੇ ਮੂਲ ਕਾਰਨ ਤੋਂ ਜਦੋਂ ਜਾਣੂ ਹੋਣ ਦੀ ਲੋੜ ਪੈਂਦੀ ਹੈ, ਤਾਂ ਅਵੱਸ਼ ਹੀ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਦੇ ਸਰਿਸ਼ਟੀ ਵਿਚ ਪ੍ਰਵਿਰਤ ਸਮਾਚਾਰਾਂ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ, ਵਰਨਾ ਪੈਗੰਬਰ ਜਾਂ ਅਵਤਾਰ ਦੀ ਜੀਵਨ-ਸਾਖੀ ਜਗਿਆਸੂ ਨੂੰ ਸੰਤੁਸ਼ਟ ਨਹੀਂ ਕਰ ਸਕੇਗੀ ਅਤੇ ਨਾ ਹੀ ਅਵਤਾਰੀ ਮੁਖ-ਉਦੇਸ਼ ਦੀ ਸਮਝ ਆ ਸਕੇਗੀ।

ਮਸਲਨ ਸ੍ਰੀ ਰਾਮ ਚੰਦਰ ਜੀ ਦੀ ਜੀਵਨੀ-'ਰਾਮਾਇਣ' ਪ੍ਰਸਿੱਧ ਹੈ , ਕਿੰਤੂ ਰਾਮਾਇਣ ਸ੍ਰੀ ਰਾਮ ਜੀ ਦੇ ਮੁੱਖ-ਉਦੇਸ਼ ਨੂੰ ਨਹੀਂ ਦੱਸ ਸਕੇਗੀ, ਅਵੱਸ਼ ਦਸ਼ਰਥ-ਨੰਦਨ ਦੇ ਆਉਣ ਤੋਂ ਪਹਿਲਾਂ ਦੇ ਸਮਾਚਾਰ , ਜੋ ਭਾਰਤ ਵਿਚ ਪ੍ਰਵਰਤਿਤ ਸਨ, ਅਰਥਾਤ 'ਰਾਵਨ'-ਦੈਂਤ ਵਰਗੇ ਹੰਕਾਰੀਆਂ ਦੀਆਂ ਮਲੀਨ ਹਰਕਤਾਂ ਤੋਂ ਜਾਣੂ ਹੋਣ ਨਾਲ ਸਾਧਾਰਨ ਜੀਵ ਭੀ ਰਾਮ ਜੀ ਦੇ ਮੁਖ-ਮੰਤਵ ਤੋਂ ਜਾਣੂ ਹੋ ਸਕਨਗੇ, ਤੇ 'ਰਾਮ' ਰੂਪੀ ਸ਼ਕਤੀ ਪ੍ਰਵੇਸ਼ ਕਰੇਗੀ।

ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਉਦੇਸ਼ ਤੋਂ ਜਾਣੂ ਹੋਣ ਲਈ ਕੇਵਲ 'ਗੀਤਾ' ਹੀ ਕਾਫ਼ੀ ਨਹੀਂ ਹੋਵੇਗੀ, ਬਲਕਿ ਭਗਵਾਨ ਦੇ ਆਉਣ ਤੋਂ ਪਹਿਲਾਂ ਦੇ ਭਾਰਤ ਵਿਚ ਹੋ ਰਹੇ ਜ਼ੁਲਮ, ਅਰਥਾਤ 'ਜਰਾ ਸਿੰਧ', ਅਤੇ 'ਕੰਸ' ਦੀਆਂ ਜ਼ਾਲਮ ਹਰਕਤਾਂ ਨੂੰ ਵੇਖ ਕੇ ਹੀ ਸਗੋਂ ਕ੍ਰਿਸ਼ਨ ਜੀ ਦੀ 'ਭਗਵਾਨ' ਰੂਪੀ ਸ਼ਕਤੀ-ਪ੍ਰਵੇਸ਼ ਦੀ ਹਕੀਕਤ ਹੀ ਨਹੀ ਸੰਤੁਸ਼ਟ ਕਰੇਗੀ।

ਹਜ਼ਰਤ ਮੁਹੰਮਦ ਸਾਹਿਬ ਦੇ ਮੁਖ ਉਦੇਸ਼ ਨੂੰ ਜਾਨਣ ਲਈ ਭੀ ਉਨ੍ਹਾਂ ਦੀਆਂ ਸਵਾਨਿ-ਉਮਰੀਆਂ, ਤਥਾ ਜਨਮ-ਸਾਖੀਆਂ, ਕਾਫ਼ੀ ਨਹੀਂ ਹੋਣਗੀਆਂ, ਬਲਕਿ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਦੇ ਵਰਤ ਰਹੇ ਅਰਬ-ਸਮਾਚਾਰਾਂ ਨੂੰ ਸਮਝਣਾ ਜ਼ਰੂਰੀ ਹੋਵੇਗਾ।

ਭਾਵੇਂ ਕਿ ਸਾਧਾਰਨ ਜੀਵਾਂ ਵਿਚ ਹਰ ਮਹਾ-ਪੁਰਸ਼ ਦੀ ਇਜ਼ਤ ਸਹਿਜੇ ਹੀ ਉਸ ਵਕਤ ਪ੍ਰਵੇਸ਼ ਕਰੇਗੀ, ਜਦ ਉਹ ਆਗਮਨ-ਭਵਿਖਤ ਤੋਂ ਜਾਣੂ ਹੋਵੇਗਾ। ਇਸੇ ਪੜਚੋਲ ਦੇ ਅਧੀਨ ਸਾਰੀ ਸ੍ਰਿਸਟੀ ਦੇ ਸਮਾਚਾਰ ਤਾਂ, ਗ੍ਰੰਥ ਦੇ ਵਧ ਜਾਣ ਤੋਂ ਸੰਕਚਤਾ ਕਰਦਿਆਂ, ਨਹੀਂ ਲਿਖੇ ਜਾਣਗੇ ਕੇਵਲ ਦਸ-ਬਾਰਾਂ ਸਦੀਆਂ ਦੇ ਹਾਲਾਤ ਕਲਮਬੰਦ ਕਰਕੇ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਆਉਣ ਦਾ ਮੂਲ ਕਾਰਨ, ਕਿ ਜਦੋਂ ਤੋਂ ਸਾਡਾ ਦੇਸ਼ ਪਰਾਇਆਂ ਦੇ ਵਸ-ਅਧੀਨ ਹੋ, ਗੁਲਾਮੀ ਦੇ ਕਾਰਨ ਪਿਛਾਹਾਂ ਨੂੰ ਪਰਤਦਾ ਆਇਆ ਹੈ, ਦੱਸਣ ਦਾ ਯਤਨ ਹੋਵੇਗਾ ।

**ਭਾਰਤ ਦੀ ਮਾਲੀ ਹਾਲਤ:**

ਜੀਅ ਚਾਹੁੰਦਾ ਹੈ ਕਿ ਆਪਣੇ ਪਿਆਰੇ ਭਾਰਤ ਦੀ ਮਾਲੀ ਸੋਭਾ, ਜੋ ਦੂਜੇ-ਵਾਸੀਆਂ ਨੇ ਕੀਤੀ ਹੈ, ਅਤੇ ਜਿਸ ਤਰ੍ਹਾਂ ਪੁਰਾਣੇ ਇਤਿਹਾਸ ਤੋਂ ਪਤਾ ਲੱਗਾ ਹੈ, ਜਨਤਾ ਦੇ ਸਾਹਮਣੇ ਖੋਹਲ ਕੇ ਰੱਖੀ ਜਾਵੇ , ਕਿ ਇਹ ਦੇਸ਼, ਜਿਸ ਵਿਚ ਅੱਜ ਅਸੀਂ ਭੁੱਖ ਦੇ ਜੀਵਨ ਵਿਚ ਹੌਕੇ ਲੈਂਦਿਆਂ ਅਤਿ ਦੁਖੀ ਗੁਜ਼ਰ ਕਰ ਰਹੇ ਹਾਂ, "ਦ੍ਰਿਸ਼ਟੀ ਗੋਚਰਾ" ਹੋਵੇ, ਕਿ ਇਹ ਕਿੰਨਾ ਕੁ ਹਰਾ-ਭਰਾ, ਜਵਾਹਰਾਤ ਨਾਲ ਜੜਤ ਸੀ, ਜੋ ਦੂਜੇ ਦੇਸ਼ਾਂ ਦੇ ਲੁਟੇਰਿਆਂ ਦੇ ਅਤਿਆਚਾਰਾਂ ਦਾ ਸ਼ਿਕਾਰ ਹੋ ਕੇ ਨਤਾਣਾ ਜਿਹਾ ਰੂਪ ਧਾਰੀ ਬੈਠਾ ਹੈ। ਇਸ ਦੇਸ਼ ਬਦਲੇ ਅਨੇਕ ਦੇਸ਼-ਭਗਤਾਂ ਨੇ ਅਨੇਕਾਂ ਤਸੀਹੇ ਸਹਾਰੇ ਤੇ ਸ਼ਾਨ ਬਦਲੇ ਆਪਾ ਵਾਰਿਆ ਪ੍ਰੰਤੂ ਆਪਣਾ ਧਰਮ ਨਹੀਂ ਹਾਰਿਆ।

ਪ੍ਰਚਲਤ ਕਹਾਵਤ 'ਘਰ ਕਾ ਭੇਤੀ ਲੰਕਾ ਢਾਏ' ਦੇ ਅਨੁਸਾਰ, ਜਦੋਂ ਤਕ ਭਾਰਤ ਦੀ ਜਨਤਾ ਦੀ ਆਪਸ ਵਿਚ ਪਿਆਰ-ਸੁਹਿਰਦਤਾ ਬਣੀ ਰਹੀ, ਉਦੋਂ ਤੀਕ ਤਾਂ ਦਿਨੋ-ਦਿਨ ਇਸ ਦੇਸ਼ ਦੀ ਸ਼ੋਭਾ ਦੂਜਿਆਂ ਦੇਸ਼ਾਂ ਵਿਚ ਭੀ ਬਣਦੀ ਗਈ ਤੇ ਕਿਸੇ ਗੈਰ-ਮੁਲਕ ਨੂੰ ਹੋਸਲਾ ਨਾ ਪਿਆ ਕਿ ਹਿੰਦੁਸਤਾਨ ਵੱਲ ਭੀ ਮੂੰਹ ਕਰ

ਸਕੇ। ਕੁਝ ਬਹੁਤਾ ਜ਼ਿਆਦਾ ਦੂਰ ਜਾਣ ਦੀ ਲੋੜ ਨਹੀਂ, ਕੇਵਲ ਸੁਲਤਾਨ ਮਹਿਮੂਦ ਗਜ਼ਨਵੀ ਦੇ ਹਮਲਿਆਂ ਤੋਂ ਪਹਿਲਾਂ ਦਾ ਇਕ ਵਾਕਿਆ ਹੈ ਜੋ ਹਿਸਟਰੀ ਨਾਲ ਮੇਲ ਰੱਖਦਾ ਹੈ, ਉਸਨੂੰ ਦ੍ਰਿਸ਼ਟੀਗੋਚਰ ਕਰਦਿਆਂ ਭੀ ਰੌਂਗਟੇ ਖੜੇ ਹੋ ਜਾਂਦੇ ਹਨ।

ਈਰਾਨ ਦੀ ਪ੍ਰਸਿੱਧ ਸ਼ਖਸੀਅਤ ਅਬਦੁਰੱਜ਼ਾਕ ਨਾਮੀ ਸਿੱਯਾਹ ਨੇ ਅਪਣੇ ਸਫ਼ਰਨਾਮੇ ਵਿਚ ਜੋ ਲਿਖਿਆ ਹੈ ਜਿਸ ਦਾ ਲੇਖਣੀ ਵਿਚ ਜ਼ਿਕਰ ਕਰਨਾ ਅਤਿ ਜ਼ਰੂਰੀ ਹੈ। ਇਸ ਵਿਚ ਸੋਚਣ-ਵਿਚਾਰਨ ਵਾਲੀ ਸਭ ਤੋਂ ਵੱਡੀ ਗੱਲ ਇਹ ਹੋਵੇਗੀ, ਕਿ ਸਾਡੇ ਦੇਸ਼ ਲਈ ਇਕ ਬਦੇਸ਼ੀ ਮੁਸਲਮਾਨ ਇਨਸਾਨ, ਆਪਣੀ ਇਨਸਾਫ਼-ਪਸੰਦੀ ਦਾ ਇਜ਼ਹਾਰ ਕਰਦਿਆਂ, ਸੰਕੋਚ ਹੀ ਨਹੀਂ ਕਰਦਾ ਬਲਕਿ ਆਪਣੇ ਦੇਸ਼ (ਈਰਾਨ ) ਵਿਚ ਪੁਜ ਕੇ ਹਿੰਦੁਸਤਾਨ ਦੀ ਅੱਖੀਂ ਵੇਖੀ ਸਭਿਅਤਾ ਦਾ ਪ੍ਰਚਾਰ ਭੀ ਕਰਨਾ ਆਪਣਾ ਫਖ਼ਰ ਸਮਝਦਾ ਹੈ।

ਸੱਯਾਹ (ਯਾਤ੍ਰੀ) ਮਜ਼ਕੂਰ (ਜ਼ਿਕਰ ਅਧੀਨ) ਦਾ ਕਥਨ ਹੈ ਕਿ ਜਦੋਂ ਮੈਂ ੯੭੩ ਬਿਕਰਮੀ (916 ਈ.) ਵਿਚ ਭਾਰਤ ਦੀ ਸੈਰ ਲਈ ਆਇਆ, ਤਾਂ ਭਾਰਤ ਦੀ ਆਨ-ਸ਼ਾਨ, ਪਿਆਰ ਤੇ ਇਤਫ਼ਾਕ ਵੇਖਕੇ ਮੇਰੀ ਬੁਧੀ ਚਕਰਿਤ ਰਹਿ ਗਈ, ਮੇਰੀ ਹੈਰਾਨਕੁਨ ਯਾਤਰਾ ਨੇ ਸਭ ਤੋਂ ਵੱਡੀ ਗੱਲ ਇਹ ਦੇਖੀ ਕਿ ਹਰ ਇਕ ਹਿੰਦੁਸਤਾਨੀ ਨੂੰ ਖੁਸ਼ਹਾਲ ਅਤੇ ਪਾਮਾਲ ਵੇਖਿਆ: ਹਰ ਇੱਕ ਹਿੰਦੀ ਵਸਨੀਕ ਦੇ ਮਕਾਨਾਂ-ਮੰਦਰਾਂ ਉਤੇ ਸੋਨੇ-ਚਾਂਦੀ ਦੇ ਕਲਸ ਚਮਕਦੇ ਵੇਖੇ ਅਤੇ ਯਾਕੂਤ, ਜ਼ਮੁੱਰਦ, ਹੀਰੇ-ਪੰਨਿਆਂ ਦੇ ਜੜਾਊ ਗਹਿਣੇ ਵੇਖੇ; ਗਊਆਂ, ਭੈਸਾਂ, ਲਵੇਰੀਆਂ ਸਨ ਘਰਾਂ ਦੇ ਬਰਤਨ ਭੀ ਸੋਨੇ-ਚਾਂਦੀ ਦੇ ਵੇਖਣ ਵਿਚ ਆਏ। ਦੁੱਧ ਚੋਣ ਵਾਲੇ ਭਾਂਡੇ ਅਤੇ ਲਵੇਰੀਆਂ ਦੇ ਗਲਿਆਂ ਦੇ ਸੰਗਲ ਭੀ ਚਾਂਦੀ ਦੇ ਹੀ ਸਨ।

ਬਜ਼ਾਰਾਂ ਵਿਚ ਹੀਰਾ, ਪੰਨਾਂ, ਮੋਤੀ, ਯਾਕੂਤ , ਜ਼ਮੁੱਰਦ, ਮਾਣਕ, ਚੂਨੀ, ਤਾਮੜੇ, ਲਸਨੀਏ, ਫੀਰੋਜ਼ੇ, ਪੁਖਰਾਜ ਅਤੇ ਸੋਨੇ ਦੇ ਢੇਰ ਸਰਾਫ਼ਾਂ ਦੀਆਂ ਦੁਕਾਨਾਂ ਤੇ ਲੱਗੇ ਹੋਏ ਵੇਖੇ ਗਏ। ਅੱਗੇ ਚਲ ਕੇ ਸੱਯਾਹ ਸਾਹਿਬ ਲਿਖਦੇ ਹਨ ਕਿ ਹਰ ਇਕ ਦੁਕਾਨ ਦੇ ਸਾਹਮਣੇ ਕਈ-ਕਈ ਧਵੱਜਾਂ ਤਣੀਆਂ ਵੇਖਣ ਵਿਚ ਆਈਆਂ, ਅਮੀਰਾਂ, ਰਾਜਿਆਂ, ਮਹਾਰਾਜਿਆਂ ਦੇ ਦਰਵਾਜ਼ਿਆਂ ਅੱਗੇ ਸੋਨੇ-ਚਾਦੀ ਦੀਆਂ ਚਾਨਣੀਆਂ

ਤਣੀਆਂ ਹੋਈਆਂ ਸਨ, ਘੋੜਿਆਂ, ਊਠਾਂ, ਹਾਥੀਆਂ ਦੀਆਂ ਹੌਦੀਆਂ ਜਵਾਹਿਰਾਤ ਨਾਲ ਜੜਤ ਸਨ। ਇਸੇ ਤਰ੍ਹਾਂ ਦਾ ਜ਼ਿਕਰ ਕਰਦਿਆਂ ਸੱਯਾਹ ਮੌਸੂਫ਼ ਦਸਦੇ ਹਨ ਕਿ ਜਦ ਮੈਂ ਮਹਾਰਾਜਾ ਅਧੀਰਾਜ ਕਲੀ ਕੋਟ ਦੇ ਦਰਬਾਰ ਵਿਚ ਪੁਜਾ ਤਾਂ ਇਥੋਂ ਦੀ ਮਾਇਕ ਜਗਮਗਾਹਟ ਨੂੰ ਵੇਖਕੇ ਮੇਰੀ ਅਕਲ ਗੁੰਮ ਹੋ ਗਈ, ਜਿਧਰ ਨਜ਼ਰ ਪੈਂਦੀ ਸੀ ਹੀਰੇ, ਪੰਨੇ ਆਦਿ ਜਵਾਹਰਾਤ ਜਗਮਗ ਕਰਦੇ ਸੂਰਜ ਨੂੰ ਸ਼ਰਮਾ ਰਹੇ ਸਨ, ਅਰਥਾਤ ਇੰਨੀ ਦੌਲਤ ਵੇਖਣ ਵਿਚ ਆਈ ਜੋ ਬਿਆਨ ਕਰਨੀ ਅਤਿ ਕਠਨ ਹੈ : ਬਜ਼ਾਰਾਂ ਵਿਚ ਸੋਨੇ-ਚਾਂਦੀ ਦੇ ਅੰਬਾਰਾਂ (ਢੇਰਾਂ) ਦਵਾਲੇ ਬੈਠੇ ਬਿਉਪਾਰੀ ਵਪਾਰ ਕਰਦੇ ਸਨ। ਹਰ ਇਸਤਰੀ-ਪੁਰਸ਼ ਰੇਸ਼ਮੀ ਲਿਬਾਸ ਵਿਚ ਮਲਬੂਸ (ਸਜੇ) ਸੀ, ਲੱਕ ਨਾਲ ਸੋਨੇ ਦੀਆਂ ਜ਼ੰਜੀਰਾਂ ਤੇ ਗਲ ਵਿਚ ਜੜਾਊ ਕੈਂਠੇ, ਭਵੱਟੇ ਆਦਿ ਸਭਨਾਂ ਦੇ ਪਾਏ ਹੋਏ ਵੇਖਨ ਵਿਚ ਆਏ। ਰਾਜਾ ਸਾਹਿਬ ਦੇ ਮੰਦਰ, ਮਕਾਨ ਸੋਨੇ ਦੇ ਬਣੇ ਰਤਨਾ-ਭਰਭੂਰ ਵੇਖੇ, ਦਰਵਾਜ਼ੇ ਦੀਆਂ ਚੁਗਾਠਾਂ ਮੂੰਗੇ ਦੀਆਂ ਅਤੇ ਤਖ਼ਤੇ ਚੰਦਨ ਦੇ ਸਨ। ਦਰਵਾਜ਼ਿਆਂ 'ਤੇ ਦਰਬਾਨ ਸੋਨੇ ਦੀਆਂ ਚੋਬਾਂ ਲੈ ਕੇ ਵੱਡੇ ਮੁਲ ਦੇ ਗਹਿਣੇ ਪਾਏ ਹੋਏ ਖਲੋਤੇ ਸਨ। ੧ਹਜ਼ਾਰ ਘੋੜਾ, ੧ ਸੌ ਪਾਲਕੀ, ੧ ਸੌ ਹਾਥੀ ਦਰਸ਼ਨੀ ਡਿਉਢੀ ਦੇ ਸਾਹਮਣੇ ਤਿਆਰ – ਬਰ –ਤਿਆਰ ਖੜੇ ਵੇਖੇ ਜਿਨ੍ਹਾਂ ਦੇ ਸਾਜ਼ੋ-ਸਾਮਾਨ ਸੋਨੇ ਚਾਂਦੀ, ਹੀਰਿਆਂ ਜੜਿਤ ਸਨ। ਇਕ ਹਾਥੀ ਚਿੱਟੇ ਰੰਗ ਦਾ ਹਜ਼ੂਰੀ ਵਿਚ ਅੱਠੋ ਪਹਿਰ ਖੜਾ ਰਹਿੰਦਾ ਸੀ, ਜਿਸ ਦੇ ਲਿਬਾਸ ਦੀ ਦੌਲਤ ਦਾ ਅੰਦਾਜ਼ਾ ਵਰਣਨ ਕਰਨ ਤੋਂ ਮੇਰੀ ਕਲਮ ਕਾਸਰ (ਕਮਜ਼ੋਰ) ਹੈ। ਰਾਜੇ ਦੀ ਰਾਜਗੱਦੀ ਵਿਚ ਕਈ ਮਣਾਂ ਸੋਨਾਂ ਤੇ ਜਵਾਹਰਾਤ ਜੜਤ ਸੀ ਜੋ ਸੂਰਜ-ਵਤਿ ਜਗਮਗ-ਜਗਮਗ ਕਰ ਰਹੇ ਸੀ। ਇਹੋ ਜਹੀ ਰਾਜਗੱਦੀ 'ਤੇ ਬੈਠ ਕੇ, ਰਾਜਾ-ਰਾਣੀ ਰਿਆਇਆ ਦਾ ਅਦਲ (ਇਨਸਾਫ਼) ਕਰਦੇ ਸਨ। ੧ ਲੱਖ ਸਵਾਰੀ ਦੇ ਘੋੜੇ, ਊਠ, ਹਾਥੀ, ਸੋਨੇ-ਚਾਂਦੀ ਦੇ ਜੰਜੀਰਾਂ ਵਾਲੇ ਤਬੇਲਿਆਂ ਵਿਚ ਹਮੇਸ਼ਾਂ ਖਲੋਤੇ ਰਹਿੰਦੇ ਸਨ। ਉਕਤ 'ਸਫ਼ਰਨਾਮੇ' ਦੇ ਕਰਤਾ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਮੈਨੂੰ ਹਿੰਦ ਦੇ ਹਰ ਇਲਾਕੇ ਦੀ ਸੈਰ ਕਰਨ ਦਾ ਮੌਕਾ ਮਿਲਿਆ ਪਰ ਸਭ ਨਾਲੋਂ ਵਧੇਰੀ ਮਾਇਆ ਇੱਥੇ ਹੀ ਵੇਖਣ ਵਿਚ ਆਈ। ਇਸਤਰੀ-ਮਰਦ ਇਸ ਦੇਸ਼ ਦੇ ਬਹੁਤ ਹੀ ਸੁੰਦਰ ਹਨ; ਦਗਾ, ਫਰੇਬ, ਚੋਰੀ ਅਤੇ ਬੇਈਮਾਨੀ ਦਾ ਨਾਮ-ਨਿਸ਼ਾਨ

ਭੀ ਇਸ ਦੇਸ਼ ਵਿਚ ਨਹੀਂ ਸੀ। ਯਾਰੀ ਦਾ 'ਦੋਸ਼' ਨਹੀਂ ਮੰਨਿਆ ਜਾਂਦਾ ਹੈ। ਇਸਤਰੀਆਂ ਵਿਵਾਹ ਆਪਣੀ ਮਰਜ਼ੀ ਦਾ ਕਰਦੀਆਂ ਹਨ। ਇਸ ਦੇਸ਼ ਦੀ ਇਸਤਰੀ ਇਤਰ ਅਤੇ ਫੁੱਲਾਂ ਦੀ ਖੁਸ਼ਬੋ ਨਾਲ ਬਹੁਤ ਪਿਆਰ ਕਰਦੀ ਹੈ, ਦੁਕਾਨਾ ਅਤੇ ਘਰ ਜੰਦਰਿਆਂ ਤੋਂ ਬਗੈਰ ਰੱਖੇ ਜਾਂਦੇ ਹਨ। ਸਭ ਤੋਂ ਵੱਡੀ ਚੀਜ਼ ਜੋ ਇਸ ਦੇਸ਼ ਵਿਚ ਵੇਖਣ ਵਿਚ ਆਈ ਉਹ ਇਹ ਹੈ ਕਿ ਇਸਤ੍ਰੀ-ਪੁਰਸ਼ ਸ਼ਰਾਬ ਨਹੀਂ ਪੀਂਦੇ ਅਤੇ ਮਾਸ ਨਹੀਂ ਖਾਂਦੇ ਹਨ। ਹਿੰਦੁਸਤਾਨ ਬੇਨਜ਼ੀਰ ਜੰਨਤ ਹੈ। ਸੋਨੇ ਦੀ ਚਿੜੀਆ ਹੈ ਅਤੇ ਪਿਆਰ ਦੀ ਮਾਤਾ ਹੈ।

ਸੱਯਾਹ ਸਾਹਿਬ ਨੇ ਆਪਣੇ ਦੇਸ਼ ਵਿਚ ਜਾਕੇ ਛੋਟੇ-ਛੋਟੇ ਟ੍ਰੈਕਟਾਂ ਦਵਾਰਾ ਆਪਣੇ ਦੇਸ਼-ਵਾਸੀਆਂ ਨੂੰ ਦੱਸਣ ਦਾ ਯਤਨ ਕੀਤਾ ਹੈ ਕਿ "ਈਰਾਨੀਓ! ਤੁਸੀਂ ਭੀ ਹਿੰਦੁਸਤਾਨ ਦੀ ਤਰ੍ਹਾਂ ਆਪਣੇ-ਆਪ ਵਿਚ ਪਿਆਰ ਤੇ ਸੁਹਿਦਰਤਾ ਪੈਦਾ ਕਰੋ; ਇਹ ਹਿੰਦੁਸਤਾਨ ਦੇ ਪਿਆਰ ਤੇ ਇਤਫਾਕ ਦਾ ਹੀ ਨਤੀਜਾ ਹੈ, ਕਿ ਉਹ ਮਾਇਆ ਵਿਚ ਲਪੇਟ ਜੀਵਨ ਨੂੰ ਖੁਸ਼ਹਾਲੀ ਵਿਚ ਬਤੀਤ ਕਰ ਰਹੇ ਹਨ।

**ਹਿੰਦੁਸਤਾਨ ਦੇ ਮਾਲਕ 'ਮਨੂੰ' ਜੀ:**

ਇਸ ਦੇਸ਼ ਦੇ ਸਮਾਜ, ਜਿਸਨੇ ਹਿੰਦੀ ਜਨਤਾ ਦੀਆਂ ਵੰਡੀਆਂ ਪਾਈਆਂ ਹਨ, ਨੇ ਆਪਣੇ ਹਿੰਦੂ ਸਮਾਜ ਅੰਦਰ ਜੇਕਰ ਸਭ ਤੋਂ ਵੱਡਾ ਕੋਈ ਵਿਅਕਤੀ ਪੈਦਾ ਕੀਤਾ ਹੈ ਤਾਂ ਉਹ 'ਮਨੂੰ' ਜੀ ਮਹਾਰਾਜ ਹੋਏ ਹਨ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਦੇਸ਼ ਦੀ ਬਦ-ਨਸੀਬੀ ਨਾਲ, ਜਦ ਬਾਗਡੋਰ ਇਸ ਵਿਅਕਤੀ ਦੇ ਹੱਥ ਲੱਗੀ, ਤਾਂ, ਹੋਰਨਾਂ ਰਾਜਿਆਂ ਦੀ ਚਾਲਾਕੀ ਅਨੁਸਾਰ , ਮੰਨੂ ਜੀ ਨੇ ਭੀ ਆਪਣੀ ਚਾਲ ਅਨੁਸਾਰ ਦੇਸ਼ ਵਿਚ ਫੁਟ ਦਾ ਬੀਜ ਬੀਜਣਾ ਸ਼ੁਰੂ ਕਰ ਦਿੱਤਾ; ਜਿਸਦਾ ਨਤੀਜਾ ਇਹ ਹੋਇਆ ਕਿ ਫੁਟ ਰੂਪੀ ਬਦਬੂ ਦਿਨ-ਬ-ਦਿਨ ਦੇਸ਼ ਵਿਚ ਵਧਦੀ ਹੀ ਗਈ। ਇਕ ਮਹਾਂਪੁਰਸ਼ ਦਾ ਕਥਨ ਹੈ:

ਬੀਜਦੇ ਨੇ ਲੋਕ ਇਸ ਦੇਸ਼ ਦੇ ਪਿਆਰ ਕਰ।
ਗੋਡੀਆਂ ਨੂੰ ਗੋਡ ਗੋਡ ਚੰਗੀ ਤਰ੍ਹਾਂ ਪਾਲਦੇ।
ਵੇਲਾਂ ਵਾਲੀ ਰਾਖੀ ਰੱਖ ਪਾਣੀ ਦੇਣ ਤੀਜੇ ਦਿਨ।
ਪਸ਼ੂ ਪੰਛੀ ਸਾਰਿਆਂ ਨੂੰ ਦੂਰ-ਦੂਰ ਟਾਲਦੇ।

**ਮੁਗਲ ਗਰਦੀ:**

ਹਿੰਦੁਸਤਾਨ ਦੀ ਬੇਇਤਫ਼ਾਕੀ ਤੇ ਬਦਨਸੀਬੀ ਨੇ ਓੜਕ ਨੂੰ ਕਾਬਲੀ ਰਾਖਸ਼ਸ਼ਾਂ ਦੇ ਜਰਵਾਣਿਆਂ ਨੂੰ ਖੁਲ੍ਹ ਦਿੱਤੀ ਜਿਸਦਾ ਨਤੀਜਾ, ਮਨੂੰ ਜੀ ਤੋਂ ਸਦੀਆਂ ਪਿਛੋਂ, 'ਪਾਕਿਸਤਾਨ' ਨਿਕਲਿਆ ਹੈ। ਇਸਲਾਮੀ ਤਵਾਰੀਖ 'ਤਾਜਲਮੁਆਸਰ' ਵਿਚ ਲਿਖਿਆ ਹੈ ਕਿ ਸੰਮਤ ੧੨੬੩ ਬਿਕਰਮੀ ਵਿਚ ਜਦੋਂ ਕੁਤਬਦੀਨ 'ਐਬਕ' ਨੇ ਇਹ ਚਾਹਿਆ ਕਿ ਮੈਂ ਭੀ ਹਿੰਦ ਨੂੰ ਲੁਟ ਕੇ ਉਸਦੀ ਮਾਇਆ ਨਾਲ ਐਸ਼-ਓ-ਇਸ਼ਰਤ ਕਰਾਂ ਤਾਂ 'ਐਬਕ' ਦਾ ਇਹ ਰੋਜਨਾਮਚਾ ਦਸਦਾ ਹੈ, ਐਬਕ ਨੇ, ਸਣੇ ਪਿਸ਼ਾਵਰ ਦੇ, ਆਪਣੀਆਂ ਫੌਜਾਂ ਸਮੇਤ, ਪੰਜਾਬ ਦੇ ਪੰਜ ਦਰਯਾ ਬੜੀ ਬੇਖੌਫ਼ੀ ਨਾਲ ਅਬੂਰ ਕੀਤੇ। ਰਾਜੇ ਬੰਸਪਾਲ ਤੋਂ ਮੇਰਠ ਸ਼ਹਿਰ ਛੁਡਵਾ ਕੇ, ਸੱਤ ਸੌ ਮੰਦਰ ਢੁਹਾ ਕੇ, ਉਨ੍ਹਾਂ ਦੀ ਥਾਵੇਂ ਮਸੀਤਾਂ ਬਣਵਾਈਆਂ। ਰਾਣਾ ਬੰਸਪਾਲ ਤਾਂ ਸ਼ਹੀਦ ਹੋ ਗਿਆ, ਉਸਦੇ ਕੁਟੰਭ ਦਾ ਤਿੰਨ ਹਜ਼ਾਰ 'ਕਾਫ਼ਰ' ਕਤਲ ਕਰਕੇ ਉਨ੍ਹਾ ਦੇ ਲਹੂ ਨਾਲ ਹਿੰਦੂ ਮੂਰਤੀਆਂ ਨੂੰ ਇਸ਼ਨਾਨ ਕਰਾਇਆ ਅਤੇ ਮੂਰਤੀਆਂ ਨੂੰ ਚੂਨਾ ਬਣਾ ਕੇ ਮਸੀਤਾਂ ਨੂੰ ਲਾਇਆ ਗਿਆ।"

ਐਬਕ ਆਪ ਕਹਿੰਦਾ ਹੈ ਕਿ "ਮੈਨੂੰ ਸੂਹੇ ਨੇ ਦੱਸਿਆ ਕਿ ਇਸ ਤੋਂ ਅੱਗੇ ਬਨਾਰਸ ( ਕਾਸ਼ੀ ) ਨਾਮੀ ਹਿੰਦੂਆਂ ਦਾ ਇਕ ਵੱਡਾ ਤੀਰਥ ਹੈ , ਉਥੇ ਹਿੰਦੂ ਪੈਦਾ ਹੁੰਦਾ ਹੈ , ਇਸ 'ਮੰਬਾਏ ਕੁਫ਼ਾੱਰ' ਦੀ ਸੁਧਾਈ ਖ਼ਾਤਰ ਫੌਰਨ ਆਪਣੀਆਂ ਫੌਜਾਂ ਸਹਿਤ ਇਥੇ ਪੁੱਜਾ , ਤਾਂ ਵਾਕਈ ਜੋ ਸੁਣਿਆ ਸੀ ਉਹ ਅੱਖਾਂ ਨਾਲ ਵੇਖਿਆ"।

ਬਸ ਫੇਰ ਕੀ ਸੀ ਦਿਨਾਂ ਵਿਚ ਹੀ ਇਸਲਾਮੀ ਦੌਰ ਫਿਰ ਗਿਆ ਤੇ ਮੰਦਰਾਂ ਦੀ ਥਾਂ ਮਸੀਤਾਂ ਬਣ ਗਈਆਂ, ਨਮਾਜ਼ਾਂ ਪੜ੍ਹਨੀਆਂ ਅਤੇ ਬਾਂਗਾਂ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆ। ਇਸਲਾਮੀ ਕਾਨੂੰਨ ਫ਼ੌਰਨ ਜਾਰੀ ਹੋ ਗਿਆ।

ਸ਼ਾਹ ਐਬਕ, ਆਪਣੇ ਰੋਜ਼ਨਾਮਚੇ ਵਿਚ ਬੜੇ ਫ਼ਖ਼ਰ ਨਾਲ ਲਿਖਦਾ ਹੈ, ਕਿ "ਇਤਨੇ ਕਰੜੇ ਕਾਨੂੰਨ ਦੇ ਹੁੰਦਿਆਂ ਭੀ ਇਕ 'ਪਰਸਰਾਮ' ਨਾਮ ਦਾ ਬ੍ਰਾਹਮਣ ਆਪਣੇ ਮਕਾਨ ਦੇ ਸਾਰੇ ਦਰਵਾਜ਼ੇ ਬੰਦ ਕਰ, ਜੰਦਰੇ ਲਾ, ਆਪਣੇ ਧਾਰਮਿਕ ਆਸ਼ੇ ਅਨੁਸਾਰ ਸ਼ਿਵਜੀ ਮਹਾਰਾਜ ਦੀ ਮੂਰਤੀ ਦੀ ਪੂਜਾ ਕਰ ਕੇ, ਸੰਖ

ਮੂੰਹ ਵਿਚ ਲੈ ਕੇ ਬਜਾਉਣ ਲੱਗਾ। ਬੇਚਾਰੇ ਬ੍ਰਾਹਮਣ ਨੇ ਆਪਣੇ ਵਲੋਂ ਤਾਂ ਚੰਗੀ ਤਕੜਾਈ ਕੀਤੀ ਹੋਈ ਸੀ। ਸਭ ਦਰਵਾਜ਼ੇ ਬੰਦ ਸਨ, ਅਨ੍ਹੇਰੀ ਕੋਠੜੀ ਵਿਚ ਲੁਕ ਕੇ ਪੂਜਾ ਕਰ ਰਿਹਾ ਸੀ, ਪਰ ਸ਼ਾਹਮਤ-ਏ-ਆਮਾਲ, ਰੌਸ਼ਨਦਾਨਾਂ ਦੇ ਸੁਰਾਖਾਂ ਰਾਹੀਂ ਸੰਖ ਦੀ ਅਵਾਜ਼ ਬਾਹਰ ਚਲੀ ਗਈ। ਬਾਹਰ ਸੜਕ 'ਤੇ ਕਾਜ਼ੀ ਜੀ ਮਹਾਰਾਜ ਜਾ ਰਹੇ ਸਨ ਜੋ, ਸੰਖ ਦੀ ਸੁਰ ਸੁਣਦੇ ਸਾਰ ਹੀ, ਅਗਬਗੋਲਾ ਹੋ ਗਏ। ਮਕਾਨ ਦੇ ਜੰਦਰੇ ਤੋੜ ਕੇ ਜਦ ਅੰਦਰ ਦਾਖ਼ਲ ਹੋਏ ਤਾਂ ਕੀ ਵੇਖਿਆ ਇਕ ਡਿੰਗੀ-ਟੇਢੀ ਕਮਰ ਵਾਲਾ ਬੁੱਢਾ ਬ੍ਰਾਹਮਣ, ਸਾਹਮਣੇ ਇਕ ਮੂਰਤੀ ਰੱਖੀ, ਮੂੰਹ ਵਿਚ ਸੰਖ ਲੈ ਕੇ ਵਜਾ ਰਿਹਾ ਹੈ। ਦੋਸ਼ੀ ਨੂੰ ਉਸੇ ਵਕਤ ਕਿਸੇ ਸਪੈਸ਼ਲ ਮੈਜਿਸਟਰੇਟ (ਕਾਜ਼ੀ) ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਸ਼ੱਰਈ ਫਤਵੇ ਨੇ ਫੈਸਲਾ ਦਿੱਤਾ ਕਿ ਜਿਸ ਮੂੰਹ ਰਾਹੀਂ ਸੰਖ ਵਜਾ ਕੇ ਇਸਲਾਮ ਦੀ ਤੌਹੀਨ ਕੀਤੀ ਹੈ ਉਸ ਮੂੰਹ ਵਿਚ ਗਊ ਦੀ ਤਾਜ਼ੀ ਹੱਡੀ ਦੇ ਕੇ ਬ੍ਰਾਹਮਣ ਦਾ ਜਲੂਸ ਕਾਂਸ਼ੀ ਦੀਆਂ ਗਲੀਆਂ ਬਜ਼ਾਰਾਂ ਵਿਚ ਕੱਢਿਆ ਜਾਵੇ। ਇਸੇ ਤਰ੍ਹਾਂ ਕੀਤਾ ਗਿਆ। ੧੨੬੨ ਬਿਕਰਮੀ ਵਿਚ ਇਸੇ ਬਾਦਸ਼ਾਹ ਨੇ ਕੋਇਲ ਸ਼ਹਿਰ, ਰਾਣੀ ਜਗਦਈ ਤੋਂ (ਜੋ ਬੜੀ ਬਹਾਦਰ ਸੀ, ਜੋਬਨਵੰਤ ਬਹਾਦਰ ਰਾਣੀ ਹਮੇਸ਼ਾ ਮਰਦਾਵੇਂ ਲਿਬਾਸ ਵਿਚ ਜੰਗ ਲੜਿਆ ਕਰਦੀ ਸੀ) ਫ਼ਤੇਹ ਕੀਤਾ, ਭਾਵੇਂ, ਬਹਾਦਰ ਰਾਣੀ ਲੜਾਈ ਵਿਚ ਸ਼ਹੀਦ ਹੋ ਗਈ, ਪਰ ਬਾਕੀ ਦੇ ਦੇਸ਼-ਧਰਮੀ, 'ਦੀਨ' ਨ ਕਬੂਲ ਕਰਨ ਕਰਕੇ, ਸ਼ਹੀਦੀਆਂ ਪਾ ਗਏ।ਸਭ ਮੰਦਰ ਢਾਹ ਕੇ ਮਸੀਤਾਂ ਬਣਾਈਆਂ ਗਈਆਂ। ਇਸੇ ਤਰ੍ਹਾਂ 'ਕਲੰਜਰ' ਸ਼ਹਿਰ ਵਿਖੇ ਮੁਸਲਮਾਨੀ ਗਰਦਸ਼ ਨੇ ੧੧੩ ਮੰਦਰ ਤੋੜ ਕੇ ਮਸੀਤਾਂ ਬਣਾਈਆਂ ਅਤੇ ਤੇਤੀ ਹਜ਼ਾਰ ਉਹ ਹਿੰਦੂ ਕਤਲੇਆਮ ਦੀ ਕਤਲਗਾਹ ਵਿਚ ਕਤਲ ਕੀਤੇ ਗਏ, ਜਿਨ੍ਹਾਂ ਨੇ 'ਦੀਨ' ਨਹੀਂ ਕਬੂਲਿਆ , ਪੰਜਾਹ ਹਜ਼ਾਰ ਹਿੰਦੂ, ਤੀਵੀਂ-ਮਰਦ, ਗੋਲੀਆਂ-ਗੋਲੇ-ਗੁਲਾਮ ਬਣਾ ਕੇ ਮੁਲਕ 'ਗਜ਼ਨੀ' ਵਿਚ ਬਤੌਰ ਤੋਹਫਾ ਭੇਜੇ ਗਏ।"

ਉਪਰੋਕਤ ਤ੍ਵਾਰੀਖ, ਜੋ ਸ਼ਾਹ 'ਐਬਕ' ਦਾ ਰੋਜ਼ਨਾਮਚਾ ਹੈ, ਇਸ ਤੋਂ ਵੀ ਵਧ ਕੀਤੇ ਗਏ ਜ਼ੁਲਮ ਜ਼ਾਹਰ ਕਰਦੀ ਹੈ, ਮਜ਼ਮੂਨ ਤੇ ਗ੍ਰੰਥ ਦੇ ਵਾਧੇ ਕਰਕੇ ਸੰਕੋਚ ਹੈ। ਦੂਜੀ ਤ੍ਵਾਰੀਖ ਦਾ ਹਵਾਲਾ ਸੁਣੋ:

'ਤ੍ਰਾਰੀਖ-ਇ-ਇਲਾਹੀ' ਵਿਚ ਅਮੀਰ ਖ਼ੁਸਰੋ ਲਿਖਦਾ ਹੈ: "ਸੰਮਤ ੧੩੪੬ ਬਿਕਰਮੀ ਵਿਚ ਫੀਰੋਜ਼ਸ਼ਾਹ ਨੇ ਦਖਣ ਦੇਸ਼ ਨੂੰ ਰਾਜਾ 'ਬੀਰਸੈਨ' ਤੋਂ ਜਦ ਫ਼ਤੇਹ ਕੀਤਾ ਤਾਂ ਤਿੰਨ ਵੇਰ ਮੁਸਲਮਾਨਾਂ ਤੋਂ ਐਸਾ ਲੁਟਵਾਇਆ, ਕਿ ਦੇਸ਼ ਵਿਚ ਕੁਝ ਨ ਰਹਿਣ ਦਿੱਤਾ। ਤਵਾਰੀਖ ਦਸਦੀ ਹੈ ਕਿ ਦੇਸ਼ 'ਚੋਂ ਅੰਨ, ਕੱਪੜਾ, ਨਕਦੀ ਮੁਕ ਗਈ ਪਰ ਕਾਫ਼ਰਾਂ ਨੇ ਫੇਰ ਭੀ ਦੀਨ ਨ ਕਬੂਲਿਆ. ਓੜਕ ਨੂੰ 'ਖ਼ਲੀਫ਼ਾਤੁਲਇਸਲਾਮ' ਦੇ ਹੁਕਮ ਨਾਲ ਬੜੀ ਬੇਰਹਿਮੀ ਨਾਲ ਕਤਲ ਕੀਤੇ ਗਏ। ਇਹ ਹੀ ਤ੍ਰਾਰੀਖ ਦੱਸਦੀ ਹੈ ਕਿ 'ਭਲਸਾਂ' ਸ਼ਹਿਰ, ਜੋ ਰਾਜੇ ਬੀਰ ਸੈਨ ਦੀ ਅਤਿ ਖੁਸ਼ਹਾਲ ਰਾਜਧਾਨੀ ਅਤੇ ਧੰਨ ਦਾ ਵੱਡਾ ਭੰਡਾਰ ਸੀ ਬੜੀ ਬੇ – ਰਹਿਮੀ ਨਾਲ ਲੁਟ-ਪੁਟ ਕੇ ਉਜਾੜ ਦਿੱਤਾ ਗਿਆ ਅਤੇ ਹਿੰਦੂ ਮੰਦਰਾਂ ਨੂੰ ਤੋੜ-ਫੋੜ ਕੇ ਮਸੀਤਾਂ ਬਣਾਈਆਂ ਗਈਆਂ। ਹਿੰਦੂ ਮੂਰਤੀਆਂ ਦਾ ਫ਼ਰਸ਼ ਕਿਲੇ ਦੇ ਅੱਗੇ ਬਣਵਾਇਆ ਗਿਆ। ਰੋਜ਼ਿਆਂ ਦੇ ਮਹੀਨੇ ਵਿਚ ੧ ਹਜ਼ਾਰ ਹਿੰਦੂ ਰੋਜ਼ਾਨਾ ਕਤਲ ਹੋਣਾ ਨਿਯਤ ਹੋਇਆ"।

**'ਇਲਾਉੱਦੀਨ' ਦਾ ਸਮਾਚਾਰ:**

ਮੀਰ ਅਬਦੁੱਲਾ ਲਿਖਦਾ ਹੈ ਕਿ "ਇਹ ਬਾਦਸ਼ਾਹ ਆਪਣੇ ਦੀਨ ਦੀ ਉੱਨਤੀ ਲਈ ਦੂਸਰਾ 'ਖ਼ਲੀਫ਼ਾ', (ਹਜ਼ਰਤ ਉਮਰ ਦੇ ਤੁਲ) ਹੋਇਆ ਹੈ, ਜਿਸਨੇ ਸ਼ਹਿਰ ਖੰਬਾਤ ਸਣੇ ਉਸ ਦੇਸ਼ ਨੂੰ ਦੀਨ ਮਨਾਉਣ ਲਈ ਅਸਹਿ ਕਸ਼ਟ ਦਿੱਤੇ ਜਿਨ੍ਹਾਂ ਕਰਕੇ ਕਈ ਹਜ਼ਾਰ ਕਾਫ਼ਰ, ਮਾਰੀ ਦੇ ਮਰ ਗਏ, ਪਰ, ਮੋਮਨ ਨ ਹੋਏ; ਓੜਕ ਮੁਸਲਮਾਨੀ ਫੌਜਾਂ ਪਾਸੋਂ ਲੁਟਵਾ ਕੇ ਅਤਿ ਕੰਗਾਲ ਕਰ ਦਿੱਤੇ ਗਏ ਜਿਥੋਂ ਦੇ ਲਖ ਸਿਪਾਹੀ ਨੂੰ ਸੋਨਾਂ, ਚਾਂਦੀ, ਹੀਰੇ, ਮੋਤੀ, ਰੇਸ਼ਮੀ ਕੱਪੜੇ ਇਤਨੇ ਲੱਭੇ ਕਿ ਬਾਦਸ਼ਾਹ ਦੀ ਨੌਕਰੀ ਛੱਡ ਕੇ ਇਕ-ਇਕ ਸਿਪਾਹੀ, ਕਈ-ਕਈ ਕੁੜੀਆਂ ਨਾਲ ਲੈ ਕੇ ਵਾਪਸ ਆਪਣੇ ਦੇਸ਼ ਨੂੰ ਚਲੇ ਗਏ ਅਤੇ ਬਾਦਸ਼ਾਹ ਨੂੰ ਹੋਰ ਫੌਜ ਰਖਣੀ ਪਈ।" ਇਸੀ ਤ੍ਰਾਰੀਖ ਦੇ ਕਰਤਾ ਨੇ ਮਜ਼ੀਦ (ਹੋਰ) ਲਿਖਦਿਆਂ ਦਸਿਆ ਹੈ ਕਿ "ਇਸੇ ਇਲਾਉਦੀਨ ਨੇ ਇਕ ਦਿਨ ਆਪਣੇ ਕਾਜ਼ੀ ਤੋਂ ਪੁੱਛਿਆ ਕਿ ਹਿੰਦੂ ਕਾਫ਼ਰਾਂ ਲਈ 'ਸ਼ਰਆ' ਕੀ ਹੁੰਦੀ ਹੈ, ਤਾਂ ਕਾਜ਼ੀ ਨੇ ਉਤਰ ਦਿੱਤਾ, "ਬਾਦਸ਼ਾਹ ਸਲਾਮਤ, 'ਹਿੰਦੂ' ਧਰਮੀ ਹੈ, ਇਸ ਤੋਂ ਮੁਸਲਮਾਨ ਚਾਂਦੀ ਮੰਗੇ ਤਾਂ ਸੋਨਾ ਦਿੰਦਾ ਹੈ, ਜੇ

ਮੁਸਲਮਾਨ ਦਾ ਥੁੱਕ ਡਿਗੇ ਤਾਂ ਹਿੰਦੂ ਰਾਜ਼ੀ-ਖੁਸ਼ੀ ਆਪਣਾ ਮੂੰਹ ਅੱਗੇ ਕਰ, ਥੁਕਦਾਨੀ ਬਣਾ, ਬੋਚ ਲੈਂਦਾ ਹੈ; ਖੁਦਾਵੰਦ ਕਰੀਮ ਨੇ ਕਾਫ਼ਰਾਂ ਦਾ ਟੋਲਾ ਮੋਮਨਾਂ ਦੀ ਖ਼ਿਦਮਤ ਲਈ ਪੈਦਾ ਕੀਤਾ ਹੈ। ਹਦੀਸ 'ਜ਼ਿਆਉੱਲਾ' ਵਿਚ ਰਸੂਲ-ਏ-ਖੁਦਾ ਲਿਖਦੇ ਹਨ ਕਿ ਕਾਫ਼ਰਾਂ ਨੂੰ ਮਾਰੋ-ਲੁਟੋ ਤੇ ਗੁਲਾਮ ਬਣਾਕੇ ਰੱਖੋ, ਇਨ੍ਹਾਂ ਕਾਫ਼ਰਾਂ ਦਾ ਮਾਲ ਮੁਸਲਮਾਨਾਂ ਲਈ 'ਮਾਂ ਦਾ ਦੁੱਧ' ਹੈ ਤੇ ਕਲਮਾਂ ਪੜ੍ਹਾਉਣ ਲਈ ਜਿਤਨਾ ਭੀ ਕਸ਼ਟ ਦਿੱਤਾ ਜਾਵੇ ਉਤਨਾ ਹੀ ਦੂਣਾਂ-ਚੋਗਣਾ ਬਹਿਸ਼ਤ, ਕਾਫ਼ਰਾਂ ਨੂੰ ਦੁਖ ਦੇਣ ਵਾਲੇ ਮੋਮਨਾਂ ਨੂੰ, ਦਿੱਤਾ ਜਾਵੇਗਾ"। ਇਹ ਸਭ ਕੁਝ ਸੁਣਕੇ ਅੱਗੋਂ ਬਾਦਸ਼ਾਹ ਨੇ ਪੁਛਿਆ ਕਿ "ਹਮੇਸ਼ਾਂ ਕਾਜ਼ੀ ਜੀ? 'ਸ਼ਰਆ' ਉਤੇ ਚੱਲਣਾਂ ਤਾਂ ਬਹੁਤ ਔਖਾ ਹੈ ਪਰ ਆਪਣੀਆਂ ਮੁਹੰਮਦੀ ਫ਼ੌਜਾਂ ਨੂੰ ਹੁਕਮ ਦੇ ਰੱਖਿਆ ਹੈ ਕਿ ਕਿਸੇ ਹਿੰਦੂ ਦੇ ਘਰ ਛੇ ਮਹੀਨਿਆਂ ਤੋਂ ਵੱਧ ਕੋਈ ਵਸਤੂ ਨ ਰਹਿਣ ਦਿਉ। ਘਿਉ, ਦੁੱਧ, ਚਾਵਲ, ਕਣਕ, ਖਰਬੂਜਾ, ਅੰਬ, ਅੰਨ, ਬਸਤਰ ਆਦਿਕ ਚੰਗੀ ਚੀਜ਼ ਕੋਈ ਹਿੰਦੂ ਨਾ ਖਾਵੇ ਅਤੇ ਨਾ ਹੀ ਰਹਿਣ ਦਿੱਤੀ ਜਾਵੇ ਅਤੇ ਖ਼ੂਬਸੂਰਤ ਲੜਕੀ-ਲੜਕਾ ਫ਼ੌਰਨ ਪਕੜ ਲਿਆਓ। ਇਹ ਕੁਝ ਕਰਦਿਆਂ ਮੈਂ ਖੁਦਾ ਦੀ ਦਰਗਾਹ ਤੋਂ ਬਖ਼ਸ਼ਸ਼ ਦਾ ਉਮੀਵਾਰ ਹਾਂ।"

'ਤ੍ਵਾਰੀਖ-ਇ-'ਫਰਿਸ਼ਤਾ' ਦੇ ਕਰਤਾ ਨੇ ਭੀ ਇਹ ਹੀ ਦੱਸਣ ਦਾ ਯਤਨ ਕੀਤਾ ਹੈ ਕਿ ਇਸ ਉਕਤ ਬਾਦਸ਼ਾਹ ਦੇ ਸਮੇਂ "ਹਿੰਦੂ ਕਾਫ਼ਰਾਂ ਉਪਰ ਇੰਨੀ ਸਖ਼ਤੀ ਹੁੰਦੀ ਸੀ ਕਿ ਵੱਡੇ – ਵੱਡੇ ਘਰਾਂ ਦੀਆਂ ਇਸਤਰੀਆਂ ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਮਜ਼ਦੂਰੀ ਕਰਦੀਆਂ ਸਨ ਅਤੇ ਸੈਂਕੜੇ ਹਿੰਦੂ, ਭੁੱਖ ਦੇ ਹਾਵੇ, ਨਦੀਆਂ-ਦਰਯਾਵਾਂ ਵਿਚ ਆਤਮਘਾਤ ਕਰ ਜਾਂਦੇ ਸਨ। ਇੰਨੇ ਕਸ਼ਟ ਤੇ ਸਖ਼ਤੀ ਦੇ ਹੁੰਦਿਆਂ ਭੀ ਇਹ ਲੋਕ 'ਦੀਨ' ਮਨਣ ਤੋਂ ਇਨਕਾਰੀ ਹੀ ਰਹਿੰਦੇ ਸਨ।"

ਮੀਰ ਤੈਮੂਰ, ਆਪਣੀ ਲਿਖਤੀ "ਤ੍ਵਾਰੀਖ ਵਿਚ ਲਿਖਦਾ ਹੈ ਕਿ "ਮੇਰੇ ਹੁਕਮ ਨਾਲ ਇਲਾਕੇ ਦੀਪਾਲਪੁਰ ਵਿਚ ਪੰਜ ਹਜ਼ਾਰ ਅਤੇ ਅਜੁੱਧਿਆ ਦੇ ਪ੍ਰਗਣੇ 'ਚ ੧੪ ਹਜ਼ਾਰ, ਕਾਂਸ਼ੀ ਦੇ ੩੩ ਹਜ਼ਾਰ ਬ੍ਰਾਹਮਣ ਕਤਲ ਕੀਤੇ ਗਏ, ਅਤੇ ਉਨ੍ਹਾਂ ਦੇ ਕੁੜੀਆਂ-ਮੁੰਡੇ ਮੁਸਲਮਾਨਾਂ ਪਾਸ ਗੁਲਾਮ ਤੇ ਗਿਲਮਾਨ ਬਣਾਏ ਗਏ। 'ਭਟਨੇਰ' ਸ਼ਹਿਰ ਵਿਚ ਜਜ਼ੀਆ ਲਾਉਣ ਬਦਲੇ ਬੜਾ ਭਾਰੀ ਝਗੜਾ ਹੋਇਆ

ਅਤੇ ੨੯ ਹਜ਼ਾਰ ਕਾਫ਼ਰ ਮਕਾਨਾਂ ਵਿਚ ਬੰਦ ਕਰਕੇ ਸਾੜੇ ਗਏ, ਡੇਢ ਲੱਖ ਮੁਸਲਮਾਨ ਸਿਪਾਹੀ ਕਾਫ਼ਰਾਂ ਨੂੰ ਲੁੱਟਣ ਲਈ ਛੱਡਿਆ ਹੋਇਆ ਸੀ।"

**ਬਾਬਰ ਬਾਦਸ਼ਾਹ**, ਤੌਜ਼ਕਿ-ਬਾਬਰੀ ਵਿਚ ਲਿਖਦਾ ਹੈ ਕਿ "ਮੈਂ ਆਪਣੀ ਫਤੇਹ ਵਿਚ ਖੁਸ਼ੀ ਦਾ ਜ਼ਸ਼ਨ ਮਨਾਉਣ ਵਾਸਤੇ, ਹਿੰਦੂ ਕਾਫ਼ਰਾਂ ਦੇ ਪਿੰਡਾਂ ਤੇ ਸ਼ੈਹਰਾਂ ਨੂੰ ਅਗਾਂ ਨਾਲ ਸਾੜ ਕੇ, ਖੁਸ਼ ਹੋਇਆ ਕਰਦਾ ਸਾਂ, ਅਤੇ ਜੋ ਜੀਉਂਦੇ ਫੜੇ ਆਉਂਦੇ ਸਨ, ਉਨ੍ਹਾਂ ਨੂੰ ਆਪਣੇ ਸਾਹਮਣੇ, ਤੰਬੂ ਦੇ ਪਾਸ ਕਤਲ ਕਰਾ ਕੇ, ਖੁਦਾਵੰਦ ਕਰੀਮ ਤੋਂ ਬਹਿਸ਼ਤ ਦੀ ਦੁਆ ਮੰਗਿਆ ਕਰਦਾ ਸੀ"।[1] ਬਾਬਰ ਕਹਿੰਦਾ ਹੈ, "ਇਕ ਵੇਰਾਂ ਇੰਨਾ ਕਤਲੇਆਮ ਅਤੇ ਮਹਾਂ ਜ਼ਾਲਮਾਂ ਅਤੇ ਰਾਖਸ਼ਾਂ ਤੋਂ ਭਾਰਤ ਦੇ ਦੁਖੀ ਜੀਵਾਂ ਨੂੰ ਆਜ਼ਾਦ ਕਰਾਇਆ।

---

[1] ਵਿਸਥਾਰ ਲਈ ਵੇਖੋ ਮਿਰਜ਼ਾ ਹੈਦਰ ਤੁਗਲਕ ਦੀ ਰਚਨਾ:
ਤ੍ਰਾਰੀਖਿ ਰਾਸ਼ਿਦੀ (ਅਨੁ. Ross/Elias)

# ੨
# ਆਪਣੀ ਬਾਤ

ਇਹ ਸੁਭਾਵਕ ਹੀ ਨਿਯਮ ਹੈ ਕਿ ਆਪ-ਬੀਤੀ ਜਾਂ ਆਪਨੀ ਗੱਲ, ਹਰ ਕੋਈ ਦੱਸਣ ਤੋਂ ਸੰਕੋਚ ਕਰਦਾ ਹੈ, ਪ੍ਰੰਤੂ ਦਾਸ ਦੀ ਆਪ-ਬੀਤੀ ਬਾਰੇ ਪੰਥ ਦੇ ਬੁੱਧੀਮਾਨ ਪੁਰਸ਼ਾਂ ਦੀ ਚਿਰ੍ਹਾਂ ਤੋਂ ਰਾਏ ਸੀ ਕਿ ਇਹ ਸਮਾਚਾਰ ਪ੍ਰੈਸ 'ਚੋਂ ਨਿਕਲ ਕੇ ਸਿੱਖ - ਪੰਥ ਦੇ ਸਾਹਮਣੇ ਆਵੇ। ਦਾਸ ਤਾਂ ਆਪਣੀ ਜੀਵਨ ਯਾਤਰਾ (ਜੋ ਕਿ ਅਤਿ ਤੁਛ ਹੈ) ਘਾਲਣਾਂ ਘਾਲੇ ਹੋਏ ਪੰਥ ਦੇ ਅੱਗੇ ਰੱਖਣੇ ਸੰਕੋਚ ਕਰਦਾ ਹੈ ਅਤੇ ਅਤਿ ਲੱਜਤ ਹਾਂ, ਪ੍ਰੰਤੂ ਧਨ ਹਨ ਉਹ ਗੁਰ-ਸਿੱਖ, ਗੁਰੂ ਕੇ ਲਾਲ, ਜਿਨ੍ਹਾਂ ਨੂੰ ਪਤਾ ਹੈ ਕਿ ਗੁਰਸਿਖੀ ਦਾ ਮਾਰਗ ਅਤਿ ਭੀੜਾ ਤੇ ਖਨਿਉਂ ਤਿੱਖਾ ਹੈ। ਉਹ ਇਹਦੇ ਵਿਚ ਬਿਹਤਰੀ ਜਾਣ, ਮੈਨੂੰ ਹਮੇਸ਼ਾਂ ਹੁਕਮ ਕਰਿਆ ਕਰਦੇ ਸਨ ਕਿ ਆਪ-ਬੀਤੀ (ਅਤੇ ਜੋ ਪੰਥ ਦੀਆਂ ਖੂਬੀਆ ਨੂੰ ਨੇਤਰਾਂ ਦਵਾਰਾਂ, ਵੇਖੀਆ ਤੇ ਅਜ਼ਮਾਈਆ ਹੈ), ਲਿਖਣਾ ਕਰ ਕਿਉਂ ਜੋ ਇਹਦੇ ਵਿਚ ਭੀ ਪੰਥ ਦਾ ਭਲਾ ਅਤੇ ਸਿੱਖੀ ਪ੍ਰਚਾਰ ਵਿਚ ਵਾਧਾ ਹੋਣਾ ਹੈ। ਇਸ ਸਰੀਰ ਦੇ ਅੰਦਰੋਂ ਭੀ ਹਮੇਸ਼ਾਂ ਅਵਾਜ਼ ਉਠਦੀ ਸੀ, ਪ੍ਰੇਰਨਾਂ ਹੁੰਦੀ ਸੀ ਕਿ, (ਪ੍ਰਚਾਰ ਤੋਂ ਸਿੱਖੀ ਭਲਾਈ ਹਿਤ), ਆਪਣੀ ਪ੍ਰਾਪਤੀ ਨੂੰ ਲਿਖਾਂ।

ਸਮਝਦਾ ਸਾਂ ਕਿ ਇਹ ਉਦਮ ਅਤਿ ਸ਼ਲਾਘਾਯੋਗ ਹੈ ਪਰ "ਭੂੱਖੇ ਭਗਤ ਨ ਕੀਜੈ" ਦੇ ਪ੍ਰਸੰਗ 'ਚ ਚੁਪ ਜਹੀ ਹੋ ਜਾਂਦੀ ਸੀ, ਫੁਰਨੇ ਮਿਟ ਜਾਂਦੇ ਸਨ ਕਿਉਂਕਿ ਕੁਝ ਜੀਆਂ ਦੀ ਪਾਲਣਾਂ ਦੀ ਵੱਡੀ ਜ਼ਿਮੇਵਾਰੀ, ਗੁਰੂ ਜੀ ਨੇ, ਹਿੱਸੇ ਦਿੱਤੀ ਹੋਈ ਸੀ। ਉਨ੍ਹਾਂ ਦੀ ਪਾਲਣਾ ਦਾ ਹੋਰ ਕੋਈ ਜ਼ਰੀਯਾ ਨਾ ਹੋਣ ਕਰਕੇ ਕੇਵਲ ਗੁਰੂ-ਜੱਸ ਦਾ ਹੀ ਆਸਰਾ ਸੀ ਜਿਸ ਕਰਕੇ ਸਦਾ ਚੱਕਰਵਰਤੀ ਹੀ ਰਹਿਣਾ ਪੈਂਦਾ ਸੀ। ਇਹ ਇਕ ਵੱਡੀ ਮਜਬੂਰੀ ਸੀ ਜੋ ਇਨ੍ਹਾਂ ਅੱਖਰਾਂ ਦੇ ਲਿਖਣ ਵਿਚ ਰੋੜਾ ਸੀ।

ਪੰਥਕ ਮੁਖੀਆਂ ਦੀ ਪ੍ਰੇਰਨਾਂ ਅਤੇ ਮਨ ਦੇ ਸੁੱਚੇ ਹਿਰਦੇ ਦੀ ਅਰਦਾਸ ਨੇ ਮਹੀਨੇ ਚੇਤ ੨੦੦੭ ਬਿਕਰਮੀ (1950 ਈ.) ਦੇ ਸ਼ੁਭ ਸਮੇਂ ਵਿਚ ਕਲਗੀਧਰ ਪਿਤਾ ਦੀ ਉਸ ਪਾਵਨ ਤੇ ਪਵਿੱਤਰ ਧਰਤੀ ਦੇ ਦਰਸ਼ਨ ਬਖ਼ਸ਼ੇ, ਜਿੱਥੇ ਹਜ਼ੂਰ ਨੇ

ਤੇਰ੍ਹਾਂ ਮਹੀਨੇ, ਤੇਰ੍ਹਾਂ ਦਿਨ, ਤੇਰ੍ਹਾਂ ਘੜੀਆਂ ਬੈਠ ਕੇ, (ਜਿਸਦੇ ਪ੍ਰਥਾਏ ਹਜ਼ੂਰ ਨੇ ਆਪ ਫੁਰਮਾਇਆ ਹੈ), "ਤੀਰ ਸਤੁਦ੍ਰਵ ਬੈਸ ਕੇ ਕੀਓ ਗ੍ਰੰਥ ਸੁਧਾਰ", ਯਾਨੀ ਦਰਿਆ ਸਤਲੁਜ ਦੇ ਕਿਨਾਰੇ ਬੈਠ ਕੇ 'ਵਿਦਿਆਧਰ' ਗ੍ਰੰਥ ਦਾ ਸੁਧਾਰ ਕੀਤਾ ਸੀ। ਇਹ ਗ੍ਰੰਥ ਨੌ ਮਣ ਪੱਕੇ ਦਾ ਸੀ ਜੋ ਸਰਬ ਖਟ-ਸ਼ਾਸਤਰਾਂ, ਵੇਦਾਂ ਤੇ ਸਿਮਰਤੀਆਂ ਦਾ ਨਚੋੜ ਸੀ। ਇਹ ਬਵੰਜਾ ਕਵੀਆਂ ਤੋਂ ਹਜ਼ੂਰ ਨੇ ਆਪ ਲਿਖਵਾਇਆ ਸੀ, ਜੋ ਅੰਤ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਛੋੜਨ ਸਮੇਂ ਹਜ਼ੂਰ ਨੇ ਆਪਣੇ ਹੱਥੀਂ ਸਾੜ ਦਿੱਤਾ ਸੀ। ਇੱਥੇ ਹੀ ਇਕ ਉਚੀ ਠੇਰੀ ਤੇ ਬੈਠ ਕੇ ਚੌਪਈ ਸਾਹਿਬ ਦਾ ਭੀ ਉਚਾਰਨ ਕੀਤਾ ਹੈ ਅਤੇ ਰਾਣਾ ਭੰਬੌਰ ਨੂੰ ਚਰਨ-ਛੋਹ ਬਖ਼ਸ਼ੀ ਹੈ। ਇਸ ਥਾਂ ਦਾ ਹੁਣ ਨਾਓ **ਭੰਬੌਰ ਸਾਹਿਬ** ਹੈ। ਸਤਲੁਜ ਦਰਿਆ ਦੇ ਕਿਨਾਰੇ ਬੜਾ ਭਾਰੀ ਜੰਗਲ ਸੀ ਜਿਥੇ ਹਜ਼ੂਰ ਨੇ ਕਈ ਵੇਰਾਂ, ਸ਼ਿਕਾਰ ਖੇੜਦਿਆਂ, ਕੌਤਕ ਕੀਤੇ ਅਤੇ ਰਾਜਾ ਬਲਾਸਪੁਰ ਨਾਲ ਗਲਬਾਤ ਕੀਤੀ ਸੀ। ਇੱਥੇ ਹੁਣ ਬੜੀ ਭਾਰੀ ਅਬਾਦੀ ਹੈ: 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ'। ਜਿਥੇ ਹਜ਼ੂਰ ਦੇ ਪਵਿੱਤਰ ਚਰਨ ਪਏ ਸਨ ਉਥੇ ਹੁਣ (1950) ਪ੍ਰਸਿੱਧ 'ਘਾਟ ਸਾਹਿਬ' ਗੁਰਦੁਆਰਾ ਹੈ ਤੇ ਕਲਗੀਆਂ ਵਾਲੇ ਦਾ ਨਿਸ਼ਾਨ ਝੂੱਲ ਰਿਹਾ ਹੈ। ਇਥੋਂ ਦੀ ਸੰਗਤ ਦੀ ਪ੍ਰੇਰਨਾਂ, ਅਤੇ ਸਤੁਦ੍ਰਵ ਦੀ ਇਕਾਂਤ ਕਾਰਨ ਕਲਗੀਆਂ ਵਾਲੇ ਦੀ ਅਪਾਰ ਮੇਹਰ ਦਾ ਸਦਕਾ ਇਨ੍ਹਾਂ ਅਖਰਾਂ ਨੂੰ ਲਿਖਿਆ ਹੈ।

ਨਿਮਨ ਅਖਰਾਂ ਤੋਂ 18 ਸਾਲ ਪਹਿਲਾ ਦਾਸ ਕਸ਼ਮੀਰ ਦੇ ਇਕ ਪ੍ਰਸਿੱਧ ਸਾਦਾਤ ਕਬੀਲੇ ( ਟੱਬਰ ) ਨਾਲ ਤਅੱਲਕ ਰੱਖਦਾ ਸੀ। ਇਸ ਸੁਚੱਜੇ ਤੇ ਆਲੇ-ਰਸੂਲ ਘਰਾਣੇ ਚੋਂ ਦਾਸ ਦੇ ਦਾਦਾ ਜੀ, ਪੀਰ ਬਾਕਰ ਅਲੀ ਸ਼ਾਹ, ਸਵਰਗਵਾਸੀ ਮਹਾਰਾਜਾ ਪ੍ਰਤਾਪ ਸਿੰਘ, ਵਾਲੀਏ ਕਸ਼ਮੀਰ, ਦੇ ਵੱਡੇ ਵਜ਼ੀਰ ਹੋਏ ਹਨ (ਆਪ ਜੀ ਦਾ ਅਤਿ ਵਚਿੱਤਰ ਫ਼ਕੀਰੀ ਜੀਵਨ ਹੈ ਜੋ ਕਸ਼ਮੀਰ ਦੀ ਤਵਾਰੀਖ ਵਿਚ ਪ੍ਰਸਿੱਧ ਹੈ)।

ਪਿਤਾ ਜੀ ਭੀ ਉਘੇ ਆਲੰਮ ਅਤੇ ਕਸ਼ਮੀਰ ਦੇ ਗੋਜਰ ਘਰਾਣਿਆਂ ਦੇ ਪੀਰ ਹਨ। ਆਪ ਆਨਰੇਰੀ ਮਜਿਸਟ੍ਰੇਟੀ ਦਾ ਹਕ ਰਖਦੇ , ਉਘੇ ਜਾਗੀਰਦਾਰ ਭੀ ਹਨ। ਪਿਤਾ ਜੀ ਦਾ ਪਵਿੱਤਰ ਨਾਉਂ ਪੀਰ ਮੁਜ਼ੱਫਰ ਹੁਸੈਨਸ਼ਾਹ, ਅਤੇ ਸੇਵਕ

(ਲੇਖਕ) ਦਾ ਪਹਿਲਾ ਨਾਉ 'ਮੁਸ਼ਤਾਕ ਹੁਸੈਨ ਸ਼ਾਹ' ਸੀ। 'ਦਾਰੁਲ ਅਲੂਮ' ਦਿਉਬੰਦ, ਪੰਜਾਬ ਦਾ 'ਮੌਲਵੀ' ਫਾਜ਼ਲ ਹਕੀਮ 'ਅਜਮਲਖਾਨੇ' ਦੇ ਤਬੀਯਾ ਕਾਲਜ ਦਿੱਲੀ ਤੋਂ ਹਕੀਮ-ਹਾਜ਼ਕ ਦੀ ਵਿਦਿਯਾ ਪ੍ਰਾਪਤ ਸੀ।

ਇਕ ਵੇਰਾਂ ਦਾ ਜ਼ਿਕਰ ਹੈ ਕਿ ਜਦੋਂ ਦਾਸ ਅੰਜੁਮਨਿ ਨੋਮਾਨੀਆ-ਇ-ਹਿੰਦ, ਲਾਹੌਰ, ਤੋਂ ਫਾਰੁਗੁਲਤੈਸੀਲ (ਵਿਹਲਾ) ਹੋ ਕੇ ਘਰ ਆਇਆ, ਤਾਂ ਪਿਤਾ ਬਜ਼ੁਰਗਵਾਰ 'ਹੱਜ' ਦੀ ਤਿਆਰੀ ਵਿਚ 'ਅਰਬ' ਜਾਣ ਲਈ ਕਮਰ-ਕਸਾ (ਤਿਆਰੀ) ਕਰ ਚੁੱਕੇ ਸਨ।ਮੈਨੂੰ ਭੀ ਹੁਕਮ ਕੀਤਾ ਕਿ ਨਾਲ ਜਾਣ ਲਈ ਤਿਆਰ ਹੋ ਜਾ। ਹੁਕਮ ਅਨੁਕੂਲ ਤਿਆਰੀ ਕਰਕੇ ਮਰਯਾਦਾ ਅਨੁਸਾਰ ਆਪਣੀ ਮਾਤਾ ਜੀ ਤੋਂ ਜੋ ਇਕ ਪ੍ਰਸਿੱਧ ਸਾਦਾਤ ਅੰਸ਼(ਸਈਅਦ ਵੰਸ਼ੀ) ਸਨ, ਨਿਮਰਤਾ ਸਹਿਤ 'ਅਰਬ' ਜਾਣ ਦੀ ਆਗਿਆ ਪ੍ਰਾਪਤ ਕੀਤੀ, ਅਰਥਾਤ ਤਿਆਰੀ ਹੋ ਗਈ।

੧੯੨੭ ਈਸਵੀ ਵਿਚ ਕਸ਼ਮੀਰੀ ਹਾਜੀਆਂ ਦਾ ਕਾਫ਼ਲਾ, ਪਿਤਾ ਜੀ ਦੀ ਸਰਕਰਦਗੀ (ਜਥੇਦਾਰੀ) ਵਿਚ ਰਵਾਨਾ ਹੋ, ਆਪਣੀ ਪੰਧ-ਯਾਤਰਾ ਨੂੰ ਮੁਕਾਉਂਦਾ, ਕਰਾਚੀ, ਅਦਨ, ਜੱਦੇਸ਼ਰੀਫ ਤੋਂ ਲੰਘ ਕੇ, ਹੱਜ ਦੀ ਤਾਰੀਖ ਤੋਂ ਚਾਲ੍ਹੀ ਦਿਨ ਪਹਿਲਾ, ਮੱਕੇ-ਸ਼ਰੀਫ ਵਿਚ ਜਾ ਪੁੱਜਾ। ਹਰ ਨਿਯਮਾਵਲੀ ਤੋਂ ਉਪਰੰਤ ਹੱਜ ਦੀ ਸਮਾਪਤੀ ਹੋਈ। ਉਪਰੰਤ ਪਿਤਾ ਜੀ ਨੇ ਖਵਾਹਿਸ਼ ਪ੍ਰਗਟ ਕੀਤੀ ਕਿ ਮਦੀਨੇ, ਹਜ਼ਰਤ ਮੁਹੰਮਦ ਸਾਹਿਬ ਦੀ ਕਬਰ (ਮਜ਼ਾਰ ਸ਼ਰੀਫ਼) ਤੇ ਪਹੁੰਚ ਕੇ, ਕੁੱਝ ਵਿਰਦ-ਵਜ਼ੀਫ਼ੇ ਹਨ, ਜੋ ਮੁਕੰਮਲ ਕਰਨੇ ਹਨ।

ਇਸ ਪ੍ਰੋਗਰਾਮ ਅਨੁਸਾਰ ਅਸੀਂ ਮੱਕੇ ਤੋਂ ਮਦੀਨੇ ਰਵਾਨਾ ਹੋਏ ਅਤੇ ਬਾਕੀ ਦੇ ਹਾਜੀ ਸਾਹਿਬਾਨ ਵਾਪਸ ਹਿੰਦੁਸਤਾਨ ਨੂੰ ਪ੍ਰਸੰਨਤਾ ਸਹਿਤ ਵਿਦਾ ਹੋਏ। ਮੱਕੇ ਤੋਂ ਮਦੀਨਾ ਕੇਵਲ ੪੦ ਕੋਹ ਦਾ ਪੰਧ ਹੈ। ਇਥੋਂ ਦੇ ਪੁਜਾਰੀ ਖਾਨਦਾਨ ਨੇ ਸਾਡੀ ਅਤੀ (ਬਹੁਤੀ) ਆਉ-ਭਗਤ ਕੀਤੀ।ਮਹਿਮਾਨਖਾਨੇ ਵਿਚ ਸਵੱਛ ਅਸਥਾਨ ਬਿਸਰਾਮ ਲਈ ਦਿੱਤਾ। ਕਿਉਂਕਿ ਇਥੇ ਕੁਝ ਸਮਾ ਠਹਿਰਨਾ ਸੀ, ਇਸ ਲਈ ਪਿਤਾ ਜੀ ਨੇ ਆਗਿਆ ਕੀਤੀ ਕਿ 'ਮਦੀਨਾਂ ਯੂਨੀਵਰਸਿਟੀ ਤੋਂ ਭੀ ਕੁਝ ਅਰਬੀ ਦੀ ਤਾਲੀਮ ਹਾਸਲ ਕਰ'।

ਪਿਤਾ ਜੀ ਨੇ ਇਕ ਹੁਜਰੇ ਵਿਚ ਇਕਾਂਤ ਇਖਤਿਆਰ ਕਰ ਲਈ ਅਤੇ ਆਪਣੇ ਸਿਮਰਨ-ਭਜਨ ਵਿਚ ਜੁੜ ਗਏ।

ਦਾਸ ਨੇ, ਆਗਿਆ ਅਨੁਸਾਰ, 'ਮੀਨਾ' ਯੂਨੀਵਰਸਿਟੀ 'ਚੋਂ ਮੌਲਵੀ ਫਾਜ਼ਲ ਦੀ ਸਨਦ ਹਾਸਲ ਕਰਨ ਦੇ ਯਤਨ ਅਰੰਭ ਦਿੱਤੇ। 'ਮਦੀਨਾ' ਇਸਲਾਮ ਦਾ ਗੜ੍ਹ ਹੋਣ ਕਰਕੇ ਇਥੇ ਬੜਾ ਭਾਰੀ ਕੁਤਬਖਾਨਾਂ (ਪੁਸਤਕਾਲਯ) ਸੀ ਜੋ ਇਸਲਾਮ ਦੇ ਹਰ ਪੁਸਤਕਾਲੇ ਤੋਂ ਵਧ ਮਹੱਤਤਾ ਰਖਦਾ ਹੈ। ਆਪਣੀ ਵਿਦਿਆ-ਪ੍ਰਾਪਤੀ ਸਮੇਂ ਤੋਂ ਵਿਹਲਾ ਹੋ ਕੇ, ਮੁਤਾਲਿਆ (ਪੜ੍ਹਾਈ) ਲਈ ਜਾਇਆ ਕਰਦਾ ਸਾਂ।

**ਸੱਯਾਹਤੇ ਬਾਬਾ ਨਾਨਕ:**

ਖੋਜ ਦੇ ਦੌਰਾਨ ਇਕ ਪੁਸਤਕ ਦੇ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ; ਇਹ ਪੁਸਤਕ ਹਥ ਦੀ ਲਿਖੀ ਹੋਈ ਸੀ ਤੇ ਇਸਦਾ ਪਵਿੱਤਰ ਨਾਉ ਇਹ ਹੈ: 'ਸੱਯਾਹਤੇ ਬਾਬਾ ਨਾਨਕ'।

ਇਹ ਅਰਬੀ ਦੇ ਅੱਖਰ ਹਨ ਜਿਨ੍ਹਾਂ ਦੇ ਅਰਥ "ਸਫ਼ਰਨਾਮਾਂ ਬਾਬੇ ਨਾਨਕ ਦਾ" ਬਣਦੇ ਹਨ। ਪਾਠਕ ਜੀਓ, ਜਦੋਂ ਅਰਬ ਦੇਸ਼ ਦੀ ਲਾਇਬ੍ਰੇਰੀ 'ਚ 'ਨਾਨਕ' ਨਾਂ ਪੜ੍ਹਿਆ ਤਾਂ ਜਿੰਦ ਨਮਾਣੀ ਦੀ ਬਿਰਤੀ 'ਅਚੰਭਿਤ' ਜਿਹੀ ਹੋ ਕੇ ਇਨ੍ਹਾਂ ਵੀਚਾਰਾਂ ਵਿਚ ਪੈ ਗਈ ਕਿ 'ਬਾਬਾ ਨਾਨਕ' ਤਾਂ ਹਿੰਦੁਸਤਾਨ ਦੇ ਰਹਿਣ ਵਾਲੇ ਇਕ ਪ੍ਰਸਿੱਧ ਮੱਜ਼ਬ, 'ਸਿੱਖੀ', ਦੇ ਰਾਹਨੁਮਾ ਹਨ, ਜਿਸ ਮੱਜ਼ਹਬ ਨੂੰ ਮੁਸਲਮਾਨ 'ਕਾਫ਼ਰ' ਕਹਿੰਦੇ ਹਨ। ਸਾਰੇ ਪ੍ਰੋਗਰਾਮ, ਮੁਤਾਲਿਆ-ਪੜ੍ਹਾਈ ਆਦਿ, ਨੂੰ ਤਲਾਂਜਲੀ ਦੇ ਕੇ ਮੈਂ ਇਸ ਪੁਸਤਕ ਨੂੰ ਗਹੁ ਨਾਲ, ਇਕ ਵਾਰ ਨਹੀਂ ਕਈ ਵਾਰ, ਪੜ੍ਹਿਆ; ਜਿਉਂ-ਜਿਉਂ ਪੜ੍ਹਦਾ ਸਾਂ ਹੈਰਾਨੀ ਵਧਦੀ ਜਾਂਦੀ ਸੀ, ਪ੍ਰੰਤੂ ਮਨ ਨੂੰ ਜੋ ਸਵਾਦ ਆਉਂਦਾ ਸੀ ਉਹ ਅਤਿ ਅਨੰਦਮਈ ਸੀ, ਜਿਸਦਾ ਬਿਆਨ ਹੋਣਾ ਔਖਾ ਹੈ। ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਸੀ, ਜੋ ਇਸ ਪੁਸਤਕ ਤੋਂ ਸਿੱਧ ਹੋਇਆ ਸੀ, ਕਿ ਅਰਬ ਦੇਸ਼ ਦੇ ਦੀਨੀ ਪੈਹਰੇਦਾਰਾਂ ਨੂੰ, ਜੋ ਆਪਣੇ - ਆਪ ਵਿਚ 'ਦੀਨ' ਦੇ ਆਗੂ ਸਨ, ਗੁਰੂ ਨਾਨਕ ਦੇਵ ਜੀ ਨੇ (ਉਨ੍ਹਾਂ ਨੂੰ) ਡਾਹਢੀ ਹਾਰ ਦਿੱਤੀ ਅਤੇ ਬਾਬਾ ਜੀ ਦੀ ਫਤੇਹ ਹੋਈ। 'ਦੀਨ' ਛੋੜ ਕੇ ਬੜੇ-ਬੜੇ ਅਰਬੀ

ਅੱਲਾਮਾਂ, ਕਾਜ਼ੀਆਂ, ਪੀਰਾਂ ਅਤੇ ਫ਼ਕੀਰਾਂ ਨੇ ਬਾਬਾ ਜੀ ਦਾ 'ਮੰਤਰ' ਜਪਣਾ ਸ਼ੁਰੂ ਕਰ ਲਿਆ ਸੀ। ਜਿਸ ਦੇਸ਼ ਵਿਚ ਇਸਲਾਮ ਦੀ ਉਤਪਤੀ ਹੋਈ ਹੈ, ਉਥੇ ਆ ਕੇ 'ਨਾਨਕ ਫਕੀਰ' ਦੀ ਫ਼ਤੇਹ ਹੋਣੀ ਜ਼ਾਹਰ ਕਰਦੀ ਹੈ ਕਿ ਇਸਲਾਮ ਦੀਆਂ ਰੂਹਾਨੀ ਬੁਨਿਆਦਾਂ ਕਮਜ਼ੋਰ ਹਨ।

੩

# 'ਸੱਯਾਹਤੇ ਬਾਬਾ ਨਾਨਕ' ਬਾਰੇ

**"ਸਿਯਾਹਤ-ਓ-ਬਾਬਾ ਨਾਨਕ"** ਦੇ ਅਰਥ ਪਿੱਛੇ ਦਸੇ ਜਾ ਚੁੱਕੇ ਹਨ। ਇਸ ਪਵਿੱਤਰ ਅਤੇ ਬਚਿੱਤਰ ਪੁਸਤਕ ਦੇ ਕਰਤਾ ਜੀ ਇੰਦਲਾਸ, ਇਲਾਕੇ ਦੇ ਰਹਿਣ ਵਾਲੇ 'ਆਲੰਮ-ਬਾ-ਅਮਲ' ਹਨ ਜਿਨ੍ਹਾਂ ਦਾ ਨਾਉਂ ਤਾਜੁਦੀਨ, ਖ਼ਲਫ਼ ਬਹਾਉਦੀਨ, ਮੁਫ਼ਤੀ ਤਰੀਕਾ 'ਨਕਸ਼ਬੰਦੀ' ਅਤੇ ਸਾਫ਼ੀ ਮੱਜਹਬ ਰਖਦੇ ਹਨ।

ਕਰਤਾ ਜੀ, 'ਤਾਜੁਦੀਨ', ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅਰਬ-ਯਾਤਰਾ ਵਿਚ, ਦੋ ਸਾਲ (ਬਾਬਾ ਜੀ) ਨਾਲ ਰਹੇ ਹਨ। ਸਾਹਿਬਾ ਦੇ ਚਮਤਕਾਰ, ਜੋ ਇਨ੍ਹਾਂ ਨੇ ਆਪਣੀ ਅੱਖੀਂ ਵੇਖੇ ਸਨ, ਉਨ੍ਹਾਂ ਦਾ ਵੀ ਜ਼ਿਕਰ ਕੀਤਾ ਹੈ।

ਬਗ਼ਦਾਦ ਤੋਂ ਸ੍ਰੀ ਹਜ਼ੂਰ ਜੀ ਤਾਂ, ਮਰਦਾਨੇ-ਬਾਲੇ ਸਹਿਤ, 'ਖੁਰਮੇਂ' ਸ਼ਹਿਰ ਨੂੰ ਵਿਦਾ ਹੋਏ। ਇਨਾਂ ਮਹਾਪੁਰਸ਼ਾ (ਤਾਜੁਦੀਨ) ਨੇ ਹਜ਼ੂਰ ਤੋਂ ਆਖਰੀ ਬਰਕਤਾਂ-ਰਹਿਮਤਾਂ ਪਰਾਪਤ ਕਰਕੇ, ਮਦੀਨੇ, ਹਜਰਤ ਮੁਹੰਮਦ ਸਾਹਿਬ ਦੀ 'ਕਬਰ' ਉਤੇ ਬੈਠ ਕੇ, ਲੋਕ-ਭਲਾਈ ਲਈ ਪੁਸਤਕ ਲਿਖ ਕੇ, ਮਦੀਨੇ ਦੀ ਉਕਤ ਕੋਮੀ ਲਾਇਬ੍ਰੇਰੀ ਨੂੰ ਸੌਂਪ ਦਿੱਤੀ, ਜੋ ਇਸ ਕੀਟ (ਸੰਤ ਪ੍ਰਿਥੀਪਾਲ ਸਿੰਘ) ਨੂੰ (੯੧੭ ਹਿਜਰੀ ਦੇ ਮਗਰੋਂ) ਸਾਢੇ ਚਾਰ ਸੌ ਸਾਲ ਗੁਜ਼ਰ ਜਾਣ ਤੋਂ ਬਾਅਦ (1927 ਈ. ਨੂੰ) ਪ੍ਰਾਪਤ ਹੋਈ ਹੈ।

**ਸਫ਼ਰਨਾਮੇ ਦੇ ਕਰਤਾ ਜੀ ਨੂੰ ਚਰਨ - ਛੋਹ:**

ਸਭ ਤੋਂ ਪਹਿਲਾ ਕਰਤਾ ਜੀ ਨੇ, ਆਪਣਾ ਜ਼ਿਕਰ ਕਰਦਿਆਂ, ਦੱਸਿਆ ਹੈ ਕਿ "ਮੈਨੂੰ ਹਜ਼ੂਰ (ਬਾਬਾ ਨਾਨਕ) ਦੀ ਝਲਕ ਤੇ ਚਰਨ-ਛੂਹ ਈਰਾਨ ਦੇ ਇਕ ਜੰਗਲ ਵਿਚ ਪ੍ਰਾਪਤ ਹੋਈ ਸੀ। ਦਸਦੇ ਹਨ ਕਿ ਮੈਂ ਈਰਾਨ ਦੇ ਇਕ ਪਹਾੜੀ ਜੰਗਲ 'ਚੋਂ ਲੰਘ ਰਿਹਾ ਸਾਂ ਕਿ ਅਚਨਚੇਤ ਇਕ ਰਮਣੀਕ ਸਤਹ (ਧਰਾਤਲ) ਉਤੇ ਬੈਠੇ ਤਿੰਨ ਹਿੰਦੀ ਫ਼ਕੀਰ ਦਿਸੇ; ਇਕ ਸ੍ਰੋਦ (ਰੁਬਾਬ) ਵਜਾ ਰਿਹਾ ਸੀ ਅਤੇ ਸਾਹਮਣੇ, ਦਿਭ-ਜੋਤਿ ਨੂਰ ਨਾਲ ਭਰਪੂਰ, ਜਗਮਗ-ਜਗਮਗ ਕਰਦੇ ਮੁਸਤਕ

ਵਾਲੇ, ਬਜ਼ੁਰਗ ਬੈਠੇ ਸਨ ਜਿਨ੍ਹਾਂ ਦੇ ਪਿਛਲੇ ਪਾਸੇ ਇਕ ਸੋਹਣਾ, ਲੰਬੇ ਦਾਹੜੇ ਵਾਲਾ, ਮੋਰ-ਖੰਭਾਂ ਦਾ ਚੌਰ ਕਰ ਰਿਹਾ ਸੀ। ਇਹ ਅਤਿ ਰਸੀਲੀ, ਦਿਲ-ਸੋਜ਼ ਤੇ ਵਜਦਮਈ ਰਸ ਵਿਚ ਕੁੱਝ ਗਾ ਰਹੇ ਸਨ, ਜੋ ਅਤਿ ਸਵਾਦਿਸ਼ਟ ਤੇ ਹਿਰਦਾ - ਮੋਹਿਕ ਸੀ। ਕੋਲ ਜਾ ਕੇ ਪਿਆਰ ਸਹਿਤ 'ਅਸਲਾਮੁਅਲੈਕੁੰਮ' ਬੁਲਾਈ। ਸੋਦ ਵਾਲੇ ਪ੍ਰੇਮੀ ਨੇ 'ਵਾਅਲੈਕੁਮਸਲਾਮ' ਦਾ ਉਤਰ ਦਿਤਾ। "ਜੀਅ ਤਾਂ ਕਰਦਾ ਸੀ ਕਿ ਬੈਠ ਕੇ ਇਨ੍ਹਾਂ ਦੀ ਸੁਹਬਤ (ਸਤਿਸੰਗ) ਕਰਾਂ ਪਰ ਮੈਂ ਨਮਾਜ਼ ਪੜ੍ਹਨੀ ਸੀ, ਇਸ ਲਈ ਸਲਾਮ ਦਾ ਜਵਾਬ ਲੈ ਕੇ ਅਗਾਂਹ ਲੱਗ ਤੁਰਿਆ। ਤਾਂ ਉਸ ਦਿਭ-ਜੋਤਿ ਮੂਰਤ, ਜੋ ਇਨ੍ਹਾਂ ਦੇ ਵਿਚਾਲੇ ਤਾਰਿਆਂ ਦੇ ਵਿਚ ਘਿਰੇ 'ਚੰਦਰਮੇ' ਦੀ ਤਰ੍ਹਾਂ ਸੁਭਾਇਮਾਨ ਸੀ, ਸਹਿਜੇ ਹੀ ਪਖਤੋ ਜ਼ਬਾਨ ਵਿਚ ਕਿਹਾ, 'ਕਿਨਹਾਂ', ਯਾਨੀ 'ਬੈਠ ਜਾ'। ਸੁਣਕੇ ਬੈਠ ਤਾਂ ਗਿਆ ਪਰ ਥੋਹੜੀ ਦੇਰ ਮਗਰੋਂ ਮੈਂ ਫਿਰ ਉਠ ਤੁਰਿਆ, ਤਾਂ ਹਜ਼ੂਰ (ਬਾਬਾ ਨਾਨਕ) ਨੇ ਜ਼ਰਾ ਝਿੜਕ ਜਹੀ ਦੇ ਰੂਪ 'ਚ ਫ਼ਰਮਾਇਆ, "ਵਲੇ ਤਾ ਜਹੋ , ਕਿਨਹਾਂ", ਬੈਠੋ, ਕਿਉਂ ਜਾਂਦੇ ਹੋ?, ਤਾਂ ਫ਼ਾਰਸੀ ਵਿਚ ਉਤਰ ਦਿੰਦਿਆਂ ਕਹਿਆ, "ਹਜ਼ਰਤ, ਮਰਾ ਵਕਤਿ ਨਮਾਜ਼ ਅਸਤ, ਈਂਜਾ ਚਸ਼ਮਾ-ਏ-ਆਬ ਨੇਸਤ" ਭਾਵ : 'ਮੇਰੀ ਨਮਾਜ਼ ਦਾ ਵਕਤ ਹੈ , ਪਾਣੀ ਦੇ ਚਸ਼ਮੇਂ ਦੀ ਤਲਾਸ਼ ਹੈ, ਅੱਗੇ ਜਾ ਕੇ ਪਾਣੀ ਦਾ ਚਸ਼ਮਾਂ ਲਭ ਕੇ ਨਮਾਜ਼ ਪੜ੍ਹਾਂਗਾ'। ਇਹ ਸੁਣਦੇ ਸਾਰ ਆਪ (ਗੁਰੂ ਜੀ) ਨੇ ਫੌਰਨ ਇਹ ਬਚਨ ਕੀਤਾ, "ਲਾ ਤਕਨਤੂ ਮਿਰਾਮਹਤਿਲਾ" (ਕੁਰਾਨ ਮਜੀਦ) ਭਾਵ 'ਹੇ ਖੁਦਾ ਦੇ ਬੰਦੇ। ਤੂੰ ਖ਼ੁਦਾਵੰਦ ਕਰੀਮ ਦੀ ਰਹਿਮਤ ਤੋਂ ਬੇਜ਼ਾਰ ਨਾ ਹੋ।' ਉਹ ਫਿਰ ਬੋਲੇ: "**ਈਂਜਾ ਚਸ਼ਮਾਏ ਆਬ ਬਸਿਆਰ ਅਸਤਿ**", ਯਾਨੀ 'ਇੱਥੇ ਪਾਣੀ ਬਥੇਰਾ ਮਿਲੇਗਾ, ਕੇਵਲ ਭ੍ਰੋਸਾ ਕਰ'। ਸਾਈਂ ਜੀ (ਤਾਜੁਦੀਨ) ਬੜੇ ਪਿਆਰ ਭਰੇ ਅੱਖਰਾਂ ਵਿਚ ਲਿਖਦੇ ਹਨ, ਕਿ 'ਆਯਾਤ-ਕੁਰਾਨੀ, ਪਖਤੋ, ਫ਼ਾਰਸੀ ਆਦਿ ਬਚਨਾ ਨੂੰ ਸੁਣ ਕੇ ਮਨ-ਆਤਮਾ ਉਤੇ ਡਾਢਾ ਗਹਿਰਾ ਜਿਹਾ ਅਸਰ ਹੀ ਨਹੀਂ ਹੋਇਆ, ਬਲਕਿ ਸ਼ਾਂਤੀ ਦੇ ਨਾਲ ਦੋ ਜ਼ਾਨੂੰ (ਗੋਡੇ ਭਾਰ) ਹੋ ਕੇ ਚਰਨਾਂ ਵਿਚ ਬਹਿ ਗਿਆ ਅਤੇ ਇਸ ਤਰ੍ਹਾਂ ਬੇ - ਫ਼ਿਕਰੀ ਹੋ ਗਈ ਕਿ ਮਾਨੋ (ਜਿਵੇਂ) ਨਮਾਜ਼ ਭੁੱਲ ਹੀ ਗਈ।'

ਸਾਈਂ ਲੋਕ (ਤਾਜੁਦੀਨ) ਲਿਖਦੇ ਹਨ ਕਿ 'ਮੈਨੂੰ ਕੁਝ ਸਮੇਂ ਦੇ ਬਾਅਦ ਪਤਾ ਲੱਗਾ ਕਿ ਮੈਂ ਜਿਸਦੀ ਨਮਾਜ਼ ਪੜ੍ਹਦਾ ਸਾਂ ਉਹ ਇਹ 'ਆਪ' ਹੀ ਸੀ। ਬੈਠਦਿਆਂ ਹੀ ਮੈਨੂੰ ਤਾਂ ਨਮਾਜ਼ ਪੜ੍ਹਨੀ ਭੁਲ ਗਈ, ਪ੍ਰੰਤੂ ਨਮਾਜ਼ਾਂ ਦੇ ਮਾਲਕ ਨੂੰ ਮੇਰੀ ਨਮਾਜ਼ ਦਾ ਫ਼ਿਕਰ ਹੋ ਗਿਆ। ਆਪ (ਬਾਬਾ ਜੀ) ਜੋ ਗਾ ਰਹੇ ਸਨ, ਉਸ ਵਲੋਂ ਬਿਰਤੀ ਹਟਾ ਕੇ, 'ਰੁਬਾਬ' ਵਾਲੇ ਸਾਥੀ ਨੂੰ ਮੁਖ਼ਾਤਬ ਕਰਕੇ ਫ਼ੁਰਮਾਇਆ, "ਹੇ ਮਰਦਾਨਾ ਜੀ! ਤੁਹਾਨੂੰ ਪਤਾ ਹੈ"? ਮੇਰੇ ਵਲ ਇਸ਼ਾਰਾ ਕਰਕੇ: "ਇਨ੍ਹਾਂ ਸਾਈਂ ਲੋਕਾਂ ਨੇ ਨਮਾਜ਼ ਪੜ੍ਹਨੀ ਹੈ! ਉਠੋ ਕਿਤੋਂ ਪਾਣੀ ਭਾਲ ਕੇ ਇਨ੍ਹਾਂ ਨੂੰ ਦਿਓ ਤਾਂ ਜੋ ਇਹ ਨਮਾਜ਼ ਪੜ੍ਹਨ।"

ਮਰਦਾਨੇ ਨੇ ਅਦਬ ਵਿਚ ਆ ਕੇ ਪ੍ਰਾਰਥਨਾ ਕੀਤੀ, "ਹੇ ਦਿਆਲੂ ਗੁਰੂ ਜੀਓ! ਮੈਂ ਆਪ ਖੁਦ ਬੜੀ ਦੇਰ ਤੋਂ ਪਿਆਸ ਵਿਚ ਵਿਆਕੁਲ ਹਾਂ , ਤੁਹਾਡੇ ਹੁਕਮ ਵਿਚ ਬੱਧਾ ਬੈਠਾ ਹਾਂ , ਪਰ ਨਜ਼ਰ ਤੇ ਬਿਰਤੀ ਇਨ੍ਹਾਂ ਪਹਾੜਾਂ ਵਿਚ ਪਾਣੀ ਦੀ ਤਲਾਸ਼ ਵਿਚ ਹੈ, ਪ੍ਰੰਤੂ ਕਿਧਰੇ ਪਾਣੀ ਨਹੀਂ ਦਿਸ ਰਿਹਾ ਹੈ, ਮਿਹਰ ਕਰੋ, ਪਾਣੀ ਦੀ ਬਖਸ਼ਿਸ਼ ਕਰੋ, ਮੈਨੂੰ ਭੀ ਪਿਆਸ ਨੇ ਸਤਾ ਰੱਖਿਆ ਹੈ"। ਮਰਦਾਨੇ ਦਾ ਬਚਨ ਸੁਣ ਕੇ ਸਾਹਿਬਾਂ ਨੇ ਰਬੀ ਬੁੱਲਾਂ 'ਚੋਂ ਤਬੱਸੁਮ ਜਿਹਾ ਫੁਰਮਾਇਆ ਤੇ ਆਖਿਆ, "ਹੇ, ਨਿਰੰਕਾਰ ਦਾ ਕੀਰਤਨ ਕਰਨ ਵਾਲੇ ਮਰਦਾਨਾ ਜੀ! ਘਬਰਾਓ ਨਹੀਂ, ਇਸ ਧਰਤੀ ਨੇ ਨਿਰੰਕਾਰ ਦੀ ਸੱਦ (ਬਾਣੀ) ਸੁਣੀ ਹੈ, ਅਵੱਸ਼ ਇਹ ਤੁਹਾਨੂੰ ਜਲ ਬਖਸ਼ੇਗੀ, ਔਹ ਲੈ ਮੇਰਾ 'ਆਸਾ' ਫੜੋ, ਤੇ ਉਹ ਸਾਹਮਣੇ ਵਾਲਾ ਉਚਾ ਜਿਹਾ ਪੱਥਰ, ਇਸ ਸੋਟੀ ਦੀ ਟੇਕ ਨਾਲ ਪੁਟ ਦਿਓ, ਕਰਤਾਰ ਭਲੀ ਕਰਨਗੇ" ।

ਬਸ ਫੇਰ ਕੀ ਸੀ, ਨਮਸਕਾਰ ਕਰਕੇ ਹਜ਼ੂਰ ਦੀ ਹੱਥ ਦੀ ਟੂਹਣੀ (ਸੋਟੀ-ਆਸਾ) ਲੈ ਕੇ, ਜਿਸ ਪੱਥਰ ਵਲ ਇਸ਼ਾਰਾ ਹੋਇਆ ਸੀ, ਜ਼ੋਰ ਦੀ ਟੇਕ ਦੇ ਕੇ ਪੁਟ ਦਿੱਤਾ। ਆਹਾ... ਵਾਹ ਵਾਹ : ਧਨ ਗੁਰੂ ਨਾਨਕ ਸਾਹਿਬ। ਕਿਸੇ ਸ਼ਾਇਰ ਨੇ ਸਚ ਕਿਹਾ ਹੈ:

ਨਜ਼ਰ-ਇ-ਰਹਿਮਤ ਸੇ ਜਿੱਧਰ ਨਾਨਕ ਇਸ਼ਾਰਾ ਕਰ ਦੀਯਾ।
ਖ਼ਾਕ ਕੋ ਅਕਸੀਰ ਕਰ ਪੱਥਰ ਕੋ ਗੌਹਰ ਕਰ ਦੀਯਾ।

ਯਥਾ "ਨਾਨਕ ਨਦਰੀ ਨਦਰ ਨਿਹਾਲ" ਦਾਤੇ ਦੀ ਮਿਹਰ-ਭਰੀ ਨਿਗਾਹ ਨੇ ਪੱਥਰਾਂ 'ਚ ਅੰਮ੍ਰਿਤਮਈ ਜਲ ਦਾ ਚਸ਼ਮਾਂ ਵਗਾ ਦਿੱਤਾ। ਜਲ ਪ੍ਰਗਟ ਹੋ ਗਿਆ ਅਤੇ ਜਿੱਥੇ ਅਸੀਂ ਸਾਰੇ ਬੈਠੇ ਸਾਂ ਉਧਰ ਨੂੰ ਵਗ ਤੁਰਿਆ। ਅਗਿਆਨਤਾ ਵਿਚ ਅਸੀਂ ਆਪਣੇ ਕੱਪੜੇ-ਲੀੜਿਆਂ ਦੀ ਸੰਭਾਲ ਵਿਚ ਸਾਂ ਕਿ ਭਿਜ ਨ ਜਾਣ। ਉਧਰ ਮਿਹਰਾਂ ਦੇ ਸਾਈਂ ਦਾਤਾ ਜੀ ਨੇ ਆਪਣੇ ਦੋਵੇਂ ਚਰਨ ਆਉਂਦੇ ਜਲ ਦੇ ਮੂਹਰੇ ਕਰ ਦਿੱਤੇ। ਵਾਹ ਵਾਹ... ਇਹ ਨਜਾਰਾ ਭੀ ਵੇਖਣ ਵਾਲਾ ਸੀ, ਜਿਸ ਤਰ੍ਹਾਂ ਕੋਈ ਵਿਛੜਿਆ ਮਿਲਦਾ ਹੈ, ਇਸ ਤਰ੍ਹਾਂ ਜਲ ਨੇ ਭਜ ਕੇ ਹਜ਼ੂਰ ਦੇ ਕਦਮ ਮੁਬਾਰਕ ਚੁੰਮ ਲਏ ਤੇ ਉਥੋਂ ਹੀ ਪਿਛਾਹਾਂ, ਜਿਥੇ ਪ੍ਰਗਟ ਹੋਇਆ ਸੀ, ਚਸ਼ਮਾਂ-ਰੂਪ ਹੋ ਕੇ ਖਲੋ ਗਿਆ।" ਸਾਈ ਲੋਕਾਂ (ਤਾਜੁਦੀਨ) ਨੇ ਇਸ ਅਦੁਤੀ ਸ਼ਕਤੀ ਨੂੰ ਵੱਡਾ ਮੁਹਜਜ਼ਾ ਰੂਪ ਵਿਚ ਬਿਆਨ ਕੀਤਾ ਹੈ; ਆਪ ਲਿਖਦੇ ਹਨ ਕਿ "ਇਸ ਮਹਾਂ ਅਦੁਤੀ ਕਰਾਮਾਤ ਨੇ ਮੇਰੀ ਸ਼ਰਧਾ ਕਾਇਮ ਕਰ ਦਿੱਤੀ ਤੇ 'ਅਲਅਮਾਨ-ਅਲਅਮਾਨ' ਦੀ ਬੇਨਤੀ ਕੀਤੀ। ਤਾਂ ਹੁਕਮ ਹੋਇਆ 'ਵੁਜ਼ੂ ਕਰਕੇ ਨਮਾਜ਼ ਪੜ੍ਹੋ। ਹਜ਼ੂਰ ਦਾ ਬਚਨ ਸੁਣ ਕੇ ਨਮਾਜ਼ ਚੇਤੇ ਆ ਗਈ। ਇਸ ਰੱਬੀ ਸਰੋਵਰ 'ਚੋਂ ਵੁਜ਼ੂ ਕੀਤਾ, ਨਮਾਜ਼ ਪੜ੍ਹਕੇ ਦਾਤਾ ਜੀ (ਬਾਬਾ ਜੀ) ਨੂੰ ਭੀ ਬੇਨਤੀ ਕੀਤੀ ਕਿ ਆਪ ਭੀ ਨਮਾਜ਼ ਪੜ੍ਹੋ, ਤਾਂ ਆਪ ਨੇ ਫੁਰਮਾਇਆ:

ਬਰ ਜ਼ੁਬਾਂ ਤਸਬੀਹਿ-ਦਾਰਦ ਦਰ ਦਿਲੇ ਓ ਗਾਉ ਖਰ।
ਈਂ ਚਨੀ ਤਜ਼ਬੀਹ ਦਾਰਦ ਚਿਹ ਅਸਰ।

ਹਥ ਜੋੜ ਕੇ ਬੇਨਤੀ ਕੀਤੀ, 'ਯਾ ਹਜ਼ਰਤ! ਨਮਾਜ਼ ਵਿਚ ਮੈਥੋਂ ਕੋਈ ਭੁੱਲ ਹੋ ਗਈ ਹੈ ਤਾਂ ਦੱਸਣ ਦੀ ਕਿਰਪਾ ਕਰੋ', ਤਾਂ ਆਪ ਨੇ ਫੁਰਮਾਇਆ: "ਸਾਈਂ ਜੀ, ਗਲਤੀ ਵਿਚ ਤਾਂ ਸਾਰਾ ਹੀ ਸੰਸਾਰ ਹੈ, ਗਲਤੀਆਂ ਦੇ ਕਾਰਨ ਹੀ ਗੇੜ ਵਿਚ ਤਨਾਸੁਖ (ਆਵਾਗਵਣ) ਭਰਮਨਾਂ ਭਰਮ ਰਿਹਾ ਹੈ; ਹਕੀਕਤ ਇਹ ਹੈ ਕਿ ਇਹ ਨਮਾਜ਼ ਅਸੀਂ ਮੱਕੇ ਅਰਥਾਤ ਅਰਬ ਵਿਚ ਜਾ ਕੇ ਪੜ੍ਹਾਂਗੇ"।

'ਹਜ਼ੂਰ ਦੇ ਇਨ੍ਹਾਂ ਬਚਨਾਂ ਨੂੰ ਸੁਣ ਕੇ ਹੈਰਾਨੀ ਦੀ ਹੱਦ ਨਾ ਰਹੀ ਅਤੇ ਰਿਹਾ ਭੀ ਨਾ ਗਿਆ; ਛੇਤੀ ਨਾਲ ਪੁਰਸਿਸ਼ (ਪ੍ਰਸ਼ਨ) ਕੀਤਾ, 'ਯਾ ਹਜ਼ਰਤ! ਇਹ ਦੀਗਰ (ਦਿਗਰ, ਅਸਰ, ਸ਼ਾਮ) ਦੀ ਨਮਾਜ਼ ਹੈ ਜਿਸਦਾ ਸਮਾਂ ਪੂਰਾ ਹੀ ਹੋਣ

ਵਾਲਾ ਹੈ, ਸੂਰਜ ਗਰੂਬ ਹੋਣ (ਡੁਬਣ) ਵਾਲਾ ਹੈ, ਅਤੇ ਮੱਕਾ, ਇੱਥੋਂ ਹਜਾਰਾਂ ਕੁਹ ਦੂਰ ਹੈ। ਆਪ ਨੇ ਕਿਸ ਤਰ੍ਹਾਂ ਇਹ ਫੁਰਮਾਇਆ ਹੈ ਕਿ ਅਰਬ ਵਿਚ ਜਾ ਕੇ ਪੜ੍ਹਾਂਗੇਂ? ਇਸ ਪ੍ਰਸ਼ਨ ਦੇ ਉੱਤਰ ਲਈ ਮੈਂ ਹਜ਼ੂਰ ਦੇ ਮੁਖ ਵਲ ਵੇਖ ਰਿਹਾ ਸਾਂ ਕਿ ਆਪ ਜੀ ਦਾ ਨੂਰਾਨੀ ਜਲਾਲ (ਅੱਖਾਂ ਰੁਖਸਾਰ, ਮਸਤਕ ਆਦਿ) ਇਥੋਂ ਤਕ ਰੁਮਕ ਉਠਿਆ ਜਿਸ ਤਰ੍ਹਾਂ ਲੱਖਾਂ ਬਿਜਲੀਆਂ ਦੀ ਲਿਸਕ ਹੋਵੇ, ਜਿਸ ਚਮਕ ਨੂੰ ਮੇਰੀਆਂ ਅੱਖਾਂ ਨਾ ਸਹਾਰ ਸਕੀਆਂ ਅਤੇ ਨੇਤਰ ਜੁੜ ਗਏ। ਛਿਨ-ਮਾਤਰ ਹੀ ਅਜੇ ਨੇਤਰ ਬੰਦ ਹੋਏ ਨੂੰ ਹੋਏ ਸਨ, ਕਿ ਸਰੀਰ ਨੂੰ ਕਿਸੇ ਬਾਹਰ ਦੀ ਛੋਹ ਨੇ ਛੋਹਿਆ, ਜਿਸ ਕਰਕੇ ਨੇਤਰ ਖੁਲ੍ਹ ਗਏ ਤਾਂ ਕੀ ਵੇਖਿਆ ਕਿ ਅਸੀਂ ਸਾਰੇ ਅਰਬ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ 'ਬੈਤੁਲਮੁਕੱਦਸ' ਦੀ ਮਸਜਦ 'ਅਕਸਾ' ਦੇ ਮੇਹਰਾਬ ਨਾਲ ਖੜੇ ਹਾਂ, ਦਾਤਾ ਜੀ (ਬਾਬਾ ਜੀ), ਮੇਰੇ ਸੱਜੇ ਪਾਸੇ ਖੜ੍ਹੇ ਮੈਨੂੰ ਵੇਖ ਮੁਸਕੜੀ ਜਹੀ ਕਰ ਰਹੇ ਸਨ, ਇਸ ਮੁਸਕੜੀ ਤੋਂ ਅਨੁਭਵ ਕਰ ਰਿਹਾ ਸਾਂ ਕਿ ਇਹ ਮੇਰੇ ਉਤਰ ਦਾ ਪ੍ਰਸਨ ਹੈ ਜੋ ਮੈਂ ਕਿਹਾ ਸੀ 'ਅਰਬ ਬਹੁਤ ਦੂਰ ਹੈ'।

**(ਬਾਬਾ ਜੀ) ਹੁਜਰਾ ਨਾਨਕਸ਼ਾਹ ਕਲੰਦਰ:**

ਇਹ ਮਸਜਦ ਅਕਸਾ ਉਹ ਮਸੀਤ ਹੈ ਜਿਸ ਦੇ ਲਈ ਇਸਲਾਮੀ ਦੁਨੀਆਂ ਦਾ ਵਿਸ਼ਵਾਸ ਹੈ ਕਿ 'ਈਸਾ', ਦੱਜਾਲ (ਵਿਰੋਧੀ) ਨੂੰ ਮਾਰਨ ਲਈ, ਇਥੋਂ ਹੀ ਪ੍ਰਗਟ ਹੋਣਗੇ; ਬੈਤੁਲਮੁਕੱਦਸ ਹਜ਼ਰਤ 'ਦਾਊਦ' (ਡੇਵਡ) ਪੈਗੰਬਰ ਦਾ ਸ਼ਹਿਰ ਹੈ। ਇਸ ਥਾਂ ਦੀ ਇਸਲਾਮੀ ਦੁਨੀਆਂ ਵਿਚ ਮਹੱਤਤਾ ਹੈ।

'ਅਕਸਾ' ਦੇ ਮਹਿਰਾਬ ਤੋਂ ਹਟ ਕੇ, ਸ਼ਹਿਰ ਤੋਂ ਬਾਹਰ, ਬੜੇ ਭਾਰੀ ਕਬਰਿਸਤਾਨ ਵਿਚ ਜਾ ਬਿਰਾਜੇ ਅਤੇ ਉਸੇ ਤਰ੍ਹਾ ਹੀ ਗਾਉਣ ਲਗ ਪਏ ਜਿਸ ਤਰ੍ਹਾਂ ਈਰਾਨ ਦੀ 'ਸੁਲੇਮਾਨਸ਼ਾਹ' ਪਹਾੜੀ 'ਤੇ ਗਾਵਿਆ ਸੀ। ਅਜੇ ਪਲਕ ਮਾਤਰ ਹੀ ਗੁਜ਼ਰਿਆ ਸੀ, ਸ਼ਹਿਰ 'ਚੋਂ ਜੌਕ-ਦਰ-ਜੌਕ (ਭੀੜਾ) ਇਸਤਰੀ-ਪੁਰਸ਼ ਦਰਸਨਾਂ ਨੂੰ ਆਉਣ ਲਗ ਪਏ। ਜੋ ਭੀ ਆਉਂਦਾ ਸੀ, ਅਦਬ ਵਿਚ ਸਜਦਾ ਕਰਦਾ 'ਮਰਹਬਾ'। (ਜੀਓ ਆਇਆਂ) ਕਹਿੰਦਾ ਸੀ, ਜਿਸ ਤਰ੍ਹਾਂ ਕਿ ਕਿਸੇ ਪੁਰਾਣੇ ਜਾਣੂ ਨੂੰ ਕਹੀਦਾ ਹੈ। ਆਏ ਜਨ ਨੂੰ "ਕਰਤਾਰ ਚਿਤ ਆਵੇ" ਦਾ ਬਚਨ ਫੁਰਮਾਦੇ ਸਨ।

ਸਫਰਨਾਮੇ ਦੇ ਕਰਤਾ ਜੀ ਲਿਖਦੇ ਹਨ ਕਿ "ਇਸ 'ਕਰਤਾਰ' ਅਖਰ ਦੇ ਫਲਸਫੇ ਤੋਂ ਭੀ ਮੈਂ, ਬਾਅਦ ਵਿਚ ਹੀ, ਜਾਣੂ ਹੋਇਆ, ਕਿ ਅਸਲ ਵਿਚ ਇਸਮਿ-ਆਜਮ (ਮਹਾਬੋਲ) ਇਹ ਹੀ ਹੈ।"

"ਇਸ ਕਬਰਿਸਤਾਨ ਵਿਚ ਕੇਵਲ ਤਿੰਨ ਦਿਨ ਹੀ ਠਹਿਰੇ, ਪੰਤੂ ਤਿੰਨਾਂ ਦਿਨਾਂ ਵਿਚ ਸ਼ਹਿਰੀ ਜਨਤਾ 'ਕਰਤਾਰ' ਨਾਮ ਨਾਲ ਗੂੰਜ ਉਠੀ ਸੀ। ਮੈਂ ਹੈਰਾਨ ਸਾ ਕਿ ਸ਼ਹਿਰੀਆਂ ਨੂੰ ਕਿਸ ਇਤਲਾਹ ਦਿੱਤੀ ਸੀ ਕਿ ਇਥੇ ਕੋਈ ਫਕੀਰ ਆਏ ਹੋਏ ਹਨ।"

"ਅਜ ਆਖਰੀ ਦਿਨ ਨੂੰ ਸ਼ਹਿਰ ਦੇ ਇਕ ਬੰਦੇ (ਇਬਨੇ ਵਹੀਦੁਲਾ ਦੇ ਸੂਫੀ) ਨੂੰ, ਜੋ ਅਤਿ ਸ਼੍ਰਧਾਲੂ ਹੋ ਚੁਕੇ ਸਨ, ਬਾਹੋਂ ਪਕੜ ਕੇ ਆਗਿਆ ਕੀਤੀ ਕਿ ਇਹ ਅਸਥਾਨ, ਜਿਥੇ ਇਲਾਹੀ ਧੁਨ 'ਗੂੰਜ' ਰਹੀ ਹੈ, ਸਦੀਵ ਕਾਲ ਤਕ ਕਾਇਮ ਰਹਿਣਾ ਹੈ ਅਤੇ ਤੁਸੀਂ ਇਥੋਂ ਦੀ ਖ਼ਿਦਮਤ ਕਰਨੀ ਹੈ ਤੇ ਜੋ ਵੇਖਿਆ ਹੈ, ਇਸਨੂੰ ਪ੍ਰਚਾਰਨਾ ਹੈ।"

"ਪਾਠਕ ਜਨੋ! ਇਥੇ ਹੁਣ ਬੜਾ ਭਾਰੀ ਮਸਜਦ-ਨੁਮਾ ਮੰਦਰ ਹੈ ਜਿਸਦੇ ਪੁਜਾਰੀ 'ਇਬਨੇ ਵਹੀਦ' ਦੀ ਔਲਾਦ ਹੈ। ...ਇਸ ਅਸਥਾਨ ਦਾ ਨਾਉਂ "ਹੁਜਰਾ ਨਾਨਕ ਸ਼ਾਹ ਕਲੰਤਰ" ਹੈ। ਇਸ ਸ਼ਹਿਰ ਦੇ ਦੋ ਕਬੀਲੇ 'ਸਿਬੀ' ਤੇ 'ਬੱਧੂ' ਗੁਰੂ -ਘਰ ਦੇ ਪ੍ਰੇਮੀ ਹਨ ਅਤੇ ਗੁਰੂ ਦੇ ਆਸ਼ੇ ਨਾਲ ਹੀ ਪਿਆਰ ਕਰਦੇ, ਇਸਲਾਮ ਤੋਂ ਆਕੀ ਹੋ, 'ਜਪੁ ਜੀ' ਸਾਹਿਬ ਦਾ ਪਾਠ ਕਰਦੇ ਹਨ" (ਪ੍ਰਿਥੀਪਾਲ ਸਿੰਘ)

**ਮੱਕਾ ਫਿਰਿਆ:**

'ਸੱਯਾਹਤ-ਓ-ਬਾਬਾ ਨਾਨਕ' ਦੇ ਕਰਤਾ ਜੀ ਲਿਖਦੇ ਹਨ ਕਿ:

"'ਬੈਤੁਲਮੁਕੱਦਸਾ' ਵਿਚ 'ਨਾਮ' ਦਾ ਅਟੁਟ ਪ੍ਰਵਾਹ ਤਿੰਨ ਦਿਨ ਜਾਰੀ ਰਹਿਣ ਮਗਰੋਂ ਇਲਾਕੇ ਦੀ ਪ੍ਰਚਾਰ-ਮੰਜੀ 'ਸਿਬੀ' ਖ਼ਾਨਦਾਨ ਦੇ ਪਤਵੰਤੇ 'ਇਬਨੇ ਵਹੀਦ', ਜਿਨ੍ਹਾਂ ਦਾ ਜਿਕਰ ਪਿੱਛੇ ਹੋ ਚੁੱਕਾ ਹੈ, ਨੂੰ ਸੌਂਪ ਕੇ ਕਰੁਣਾਨਿਧਾਨ (ਗੁਰੂ) ਜੀ ਨੇ 'ਮੱਕੇ' ਸ਼ਹਿਰ ਦੀ ਤਿਆਰੀ ਕੀਤੀ। ਤਿੰਨਾਂ ਦਿਨਾਂ 'ਚ ਪੈਰੀਂ ਤੁਰ ਕੇ ਸ਼ਾਮ ਦੇ ਵਕਤ ਖਾਨਾ-ਇ-ਕਾਅਬਾ ਪਹੁੰਚੇ। ਇਹ ਬਿਲਡਿੰਗ 'ਮੱਕੇ' ਸ਼ਹਿਰ ਤੋਂ ਇਕ ਪਾਸੇ ਹੋਣ ਕਰਕੇ ਸੂਰਜ-ਅਸਤ ਹੋਣ ਸਮੇਂ ਸਰਬ ਮੁਜਾਵਿਰ, ਕਾਜੀ ਆਦਿ

ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਸੁੰਨੇ ਖਾਨਾ-ਇ-ਕਾਅਬੇ ਦੀਆ ਪ੍ਰਕਰਮਾਂ ਬਾਬਾ ਜੀ ਨੇ ਬੜੇ ਗਹੁ ਨਾਲ ਕੀਤੀਆਂ ਅਤੇ, 'ਸੁੰਨੀ' ਜਮਾਤ ਦੇ ਮਸੱਲੇ ਪੁਰ ਬੜੇ ਪ੍ਰੇਮ ਨਾਲ ਬੈਠ ਕੇ, ਕੀਰਤਨ ਸ਼ੁਰੂ ਕਰ ਦਿੱਤਾ। ਕੀਰਤਨ ਕਰਦਿਆਂ ਜਦ ਰਾਤਰੀ ਦਾ ਤੀਸਰਾ ਪਹਿਰ ਲਾਗੂ ਹੋਇਆ ਤਾਂ ਮਰਦਾਨੇ ਨੂੰ ਬਚਨ ਹੋਇਆ, "ਭਾਈ, ਕੀਰਤਨ ਨਹੀਂ ਬੰਦ ਕਰਨਾ"। ਬਚਨ ਤੋਂ ਉਪ੍ਰੰਤ ਆਪ ਜੀ ਨੇ ਆਪਣੇ ਦੋਵੇਂ ਪੈਰ ਖਾਨਾ-ਇ-ਕਾਅਬੇ ਦੀ ਚਾਰ ਦੀਵਾਰੀ ਨਾਲ ਲਾ ਦਿੱਤੇ ਅਤੇ ਸਿਰ ਦੂਜੇ ਪਾਸੇ ਕਰ ਕੇ ਸੌਂ ਗਏ। ਅਸੀਂ ਸਾਰੇ ਸਾਥੀ ਹੈਰਾਨ ਸਾਂ ਕਿ ਜੇ ਬਾਬਾ ਜੀ ਨੇ ਸੌਣਾ ਸੀ ਤਾਂ ਸਾਨੂੰ ਭੀ ਸੌਣ ਦਾ ਹੁਕਮ ਕਰ ਦਿੰਦੇ"।

ਇਸ ਸੌਣ ਦਾ ਭੇਤ ਵੀ ਬਾਅਦ ਵਿਚ ਖੁਲ੍ਹਾ ਕਿ 'ਦਾਤਾ ਜੀ' (ਬਾਬਾ ਜੀ) ਨੇ ਇਸ ਕੌਤਕ ਰਾਹੀਂ (ਗਫਲਤ ਦੀ ਨੀਂਦ ਵਿਚ) ਅਰਬ ਦੇ ਸੁਤੇ ਲੋਕਾਂ ਨੂੰ ਜਗਾਉਣਾ ਸੀ, ਕਿਉਂਕਿ ਅਰਬ ਦੇ ਲੋਕ ਵਹਿਮਾਂ ਤੇ ਭਰਮਾਂ ਦੀ ਭਰਮਾਈ ਨੀਂਦ ਵਿਚ ਘੂਕ ਸੁੱਤੇ ਪਏ ਸੀ ਜਿਨ੍ਹਾਂ ਨੂੰ ਬਾਬੇ ਨੇ ਸ਼ਬਦ ਦਮਾਮੇ ਦੀ ਚੋਟ ਨਾਲ ਜਗਾ ਕੇ ਸਿੱਧੇ ਰਾਹ ਪਾਇਆ'।

'ਰਾਤ੍ਰੀ ਦੇ ਤੀਜੇ ਪਹਿਰ ਦੇ ਗੁਜ਼ਰ ਜਾਣ ਪਰ ਸ਼ਹਿਰ 'ਚੋਂ ਇਕ ਮੁਜਾਵਰ, ਜਿਸਦੇ ਹਥ ਵਿਚ ਝਾੜੂ ਸੀ, ਆਉਂਦਿਆਂ ਹੀ ਕਾਅਬੇ ਦੀਆਂ ਪ੍ਰਕਰਮਾਂ ਵਿਚ ਝਾੜੂ ਫੇਰਨ ਲਗ ਪਿਆ। ਆਪਣੀ ਧੁਨ ਵਿਚ ਉੱਚੀ - ਉੱਚੀ ਕਲਮਾਂ ਪੜ੍ਹਦਾ, ਬਹੁਕਰ ਮਾਰਦਾ ਖ਼ੁਦਾ ਦੇ ਘਰ ਦੀ ਸੇਵਾ ਕਰ ਰਿਹਾ ਸੀ ਕਿ ਅਚਨਚੇਤ ਉਸਦੀ ਨਿਗਾਹ ਇਕ ਐਸੇ ਬੰਦੇ 'ਤੇ ਜਾ ਪਈ, ਜੋ ਕਾਅਬੇ ਦੀਆਂ ਕੰਧਾਂ ਨਾਲ ਆਪਣੀਆਂ ਲੱਤਾਂ ਲਾ ਕੇ ਸੁੱਤਾ ਪਿਆ ਹੈ। ਬਸ, ਫੇਰ ਕੀ ਸੀ! ਘੋਰੜੂ ਵਜਣ ਲੱਗਾ, ਜਿਸ ਵਿਚੋਂ ਇਹ ਆਵਾਜ਼ ਸੁਣਾਈ ਦਿੱਤੀ, "ਕੁਫਾਰੁਨਾ ਹਜ਼ ਕੁਫਰੇਹੂ ਬਿਆਜ਼ਬਨ ਅਜ਼ੀਮ", ਭਾਵ ਕਿ ਇਹ ਕਾਫਰ ਲੋਕ ਬਹੁਤ ਬੜਾ ਕੁਫ਼ਰ ਕਰ ਰਹੇ ਹਨ। ਇਸੇ ਤਰ੍ਹਾਂ ਹੋਰ ਭੀ ਬਹੁਤ ਸਾਰੇ ਬੇਅਦਬੀ ਭਰੇ ਅਖਰ ਵਰਤੇ ਜੋ ਬਰਦਾਸ਼ਤ ਤੋਂ ਬਾਹਰ ਸਨ। ਕਿੰਤੂ ਹਕੀਕਤ ਵਿਚ ਵੇਖਿਆ ਜਾਵੇ ਤਾਂ ਉਹ ਹੱਕ-ਇ ਬਜਾਨਬ ਸੀ, ਮੁਸਲਮਾਨ ਦੀ ਹੈਸੀਅਤ ਵਿਚ ਉਹ ਖ਼ੁਦਾ ਦੇ ਘਰ ਦੀ ਨਿਰਾਦਰੀ ਹੁੰਦੀ ਵੇਖ ਰਿਹਾ ਸੀ।

ਜਦੋਂ ਹਦੋਂ ਵਧ ਅਗਿਆਨਤਾ ਵਧਦੀ ਦਿਸੀ ਤਾਂ ਕਰੁਣਾਨਿਧਾਨ ਗੁਰੂ ਜੀ ਉਠਕੇ ਬੈਠ ਗਏ ਅਤੇ ਬੜੇ ਪਿਆਰ ਨਾਲ ਮੁਜਾਵਿਰ ਨੂੰ ਕੋਲ ਬੁਲਾ ਕੇ ਫੁਰਮਾਇਆ, "ਸੱਜਨ ਪੁਰਸ਼ ਜੀਉ। ਆਪ ਸਾਡੇ ਉੱਤੇ ਇੰਨੇ ਕਿਉਂ ਕਰੋਪ ਹੋ? ਸਾਥੋਂ ਉਹ ਕਿਹੜਾ ਗੁਨਾਹ ਹੋ ਗਿਆ ਹੈ ਜਿਸ ਕਰਕੇ 'ਕੁਫਰ' ਦੇ ਫ਼ਤਵਿਆਂ ਦਾ ਤੌ ਦੇ ਰਹੇ ਹੋ"।

ਮੁਜਾਵਿਰ ਨੇ ਕੜਕ ਕੇ ਜਵਾਬ ਦਿੱਤਾ, "ਹਿੰਦੀਓ। ਮਾਲੂਮ ਹੁੰਦਾ ਹੈ ਕਿ ਤੁਸੀਂ 'ਕਾਫਰ' ਹੋ ਅਤੇ ਕਾਫ਼ਰਾਂ ਨੂੰ ਅਵੱਸ਼ ਮੌਤ ਦੀ ਸਜ਼ਾ ਦਿੱਤੀ ਜਾਵੇਗੀ; ਖੁਦਾ ਦੇ ਘਰ ਦੀ ਨਿਰਾਦਰੀ ਕਰਕੇ ਪੁਛਦੇ ਹੋ ਕਿ ਕੀ ਕੀਤਾ ? ਯਾਦ ਰੱਖੋ। ਜਦੋਂ ਸਹਿਰ ਦਾ ਵੱਡਾ ਕਾਜ਼ੀ ਆਵੇਗਾ, ਤੈਨੂੰ ਇਨ੍ਹਾਂ ਥੰਮ੍ਹਾਂ ਨਾਲ ਬੰਨ੍ਹ ਕੇ, ਕੋਰੜੇ ਮਾਰ-ਮਾਰ ਤੇਰੇ ਗੋਸ਼ਤ ਦੇ ਟੁਕੜੇ ਕਰੇਗਾ, ਓਦੋਂ ਤੈਨੂੰ ਸਮਝ ਆਵੇਗੀ ਕਿ ਤੂੰ ਕੀ ਕੀਤਾ ਹੈ"।

"ਗੁਰੂ ਜੀ ਨੇ ਆਪਣੀ ਵੀਚਾਰ ਦਵਾਰਾ ਬਹੁਤ ਹੀ ਸਮਝਾਉਣ ਦੀ ਕੋਸਿਸ ਕੀਤੀ ਪਰ ਸ਼ਰਈ ਤੁਅੱਸਬ ਦੀ ਮਲੀਨਤਾ ਦੀ ਭਿੱਜੀ ਆਤਮਾ ਪੁਰ ਕੋਈ ਅਸਰ ਨ ਹੋਇਆ। ਗੁਰੂ ਜੀ ਨੇ ਜਦ ਵੇਖਿਆ ਕਿ ਬੁਧੀ ਅਤਿ ਮਲੀਨ ਹੈ, ਜ਼ੁਬਾਨੋ-ਜ਼ਬਾਨੀ ਇਹਦੇ ਉੱਤੇ ਕੋਈ ਅਸਰ ਨਹੀਂ ਹੋ ਸਕੇਗਾ, ਤਾਂ ਫੇਰ ਉਸੇ ਤਰ੍ਹਾਂ, ਜਿਸ ਤਰ੍ਹਾਂ ਕਿ ਪਹਿਲਾਂ ਬਿਰਾਜੇ ਹੋਏ ਸਨ , ਪੈਰ ਕਾਅਬੇ ਦੀ ਕੰਧ ਨਾਲ ਲਾ ਕੇ ਸੌਂ ਗਏ"।

ਤਾਜੁਦੀਨ ਲਿਖਦੇ ਹਨ ਕਿ "ਹੁਣ ਤਾਂ ਇਹ ਜੱਲ-ਬਲ ਉਠਿਆ ਅਤੇ ਕਹਿਣ ਲੱਗਾ, ਪਹਿਲਾਂ ਤਾਂ ਤੁਸਾਂ ਨੇ ਸ਼ਾਇਦ ਇਹ ਫੇਅਲ (ਕੰਮ) ਭੁੱਲ-ਭੁਲੇਖੇ ਕੀਤਾ ਹੋਵੇਗਾ, ਹੁਣ ਇਹ ਹਰਕਤਿ-ਕੁਫ਼ਰ ਕੇਵਲ ਮੇਰਾ ਦਿਲ ਦੁਖਾਉਣ ਨੂੰ ਹੀ ਕਰ ਰਹੇ ਹੋ। ਯਾਦ ਰੱਖੋ, ਮਰਵਾ ਦਿਆਂਗਾ ਵੱਡੇ ਕਾਜ਼ੀ ਤੋਂ, ਯਾ ਫਿਰ ਮੁਆਫੀ ਮੰਗ ਕੇ ਤੌਬਾ ਕਬੂਲ ਕਰੋ"।

ਮਿਹਰਾਂ ਦੇ ਵਾਲੀ ਸਤਿਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਵਿਚ ਫੁਰਮਾਇਆ ਕਿ, "ਹੇ ਰਬ ਦੇ ਬੰਦੇ। ਇਹ ਫੇਅਲ ਤੁਹਾਡੇ ਦਿਲ ਨੂੰ ਦੁਖਾਉਣ ਹਿਤ ਨਹੀਂ ਬਲਕਿ ਇਸ ਵਾਸਤੇ ਕੀਤਾ ਹੈ ਕਿ ਮੈਂ ਤੇਰੇ ਤੋਂ ਗਿਆਨ (ਵਾਕਫ਼ੀ) ਚਾਹੁੰਦਾ

ਹਾਂ। ਮਿਤਰਾ! ਮੇਰੀਆਂ ਲੱਤਾਂ ਫੜ ਅਤੇ ਉਸ ਪਾਸੇ ਨੂੰ ਭਵਾ ਦੇ ਜਿਧਰ ਤੈਨੂੰ 'ਖੁਦਾ' ਨਹੀਂ ਦਿਸਦਾ ਹੈ।" ਇਹ ਸੁਣ ਕੇ ਉਹ ਬੜਾ ਖੁਸ਼ ਹੋਇਆ ਅਤੇ ਝਾੜੂ ਰਖ ਦਿੱਤਾ ਅਤੇ ਹਜ਼ੂਰ ਦੇ ਕਦਮਿ-ਮੁਬਾਰਕ ਬੜੀ ਬੇਰਹਿਮੀ ਨਾਲ ਘਸੀਟ ਕੇ ਸਿਰ ਕੰਧ ਨਾਲ ਲਾ ਦਿੱਤਾ, ਤੇ ਪੈਰ ਦੂਸਰੇ ਪਾਸੇ ਕਰ ਦਿੱਤੇ. ਤੇ ਅੱਲਾ ਦਾ ਸ਼ੁਕਰ, ਮੁਜਾਰ ਕਰੋਧਵਾਨ ਹੋ ਕੇ ਕਹਿਣ ਲਗਾ. "ਇਹ ਖੁਦਾਵੰਦ ਕਰੀਮ ਦਾ ਘਰ ਹੈ, ਇਥੇ ਅਦਬ ਦੇ ਨਾਲ ਰਹਿਣਾ ਚਾਹੀਦਾ ਹੈ"। ਮੁਜ਼ਾਵਿਰ ਇਸ ਤਰ੍ਹਾਂ ਕਰ ਕੇ ਬਹੁਤ ਖੁਸ਼ ਹੋਇਆ, ਝਾੜੂ ਫੜ ਲਿਓਸੁ ਤੇ ਜ਼ੋਰ-ਜ਼ੋਰ ਨਾਲ ਕਲਮਾ ਪੜ੍ਹਦਾ ਚਾਉ ਵਿਚ ਇੰਝ ਦਿਸਦਾ ਸੀ ਜਿਸ ਤਰ੍ਹਾਂ ਕੋਈ ਵੱਡੀ ਮੁਹਿੰਮ ਹੱਲ ਕਰ ਕੇ ਖੁਸ਼ ਹੁੰਦਾ ਹੋਵੇ।

ਬੜੇ ਸ਼ੌਕ ਵਿਚ ਝਾੜੂ ਮਾਰਦਾ-ਮਾਰਦਾ ਜਦ ਫੇਰ ਉਸੇ ਨੁਕਰੇ ਪੁਜਾ ਤਾ ਕੀ ਵੇਖਿਆ ਕਿ ਖਾਨਾ-ਇ- ਕਾਅਬੇ ਦੀ ਚਾਰ ਦੀਵਾਰੀ ਹਜ਼ੂਰ ਦੇ ਚਰਨ-ਕਵਲਾਂ ਨਾਲ ਲੱਗੀ ਚਰਨ-ਛੂਹ ਪਰਾਪਤ ਕਰ ਰਹੀ ਹੈ। ਵੇਖਦੇ ਸਾਰ ਹੈਰਾਨ ਹੋ ਸੋਚਣ ਲੱਗ ਪਿਆ, 'ਇਹ ਲੋਕ ਜਾਣ ਕੇ ਤੰਗ ਕਰਦੇ ਹਨ, ਮੇਰੇ ਮਗਰੋਂ ਜਾਣ-ਬੁਝ ਕੇ ਫੇਰ ਪੈਰ ਖਾਨਾ-ਇ- ਕਾਅਬੇ ਨਾਲ ਲਾ ਦਿੱਤੇ ਗਏ ਨੇ'।

ਪਰ ਕੀ ਜਾਣੇ ਸ਼ਰਈ ਸਪਿਰਟ ਦਾ ਅੰਨ੍ਹਾ ਕੀਤਾ 'ਜੀਵਣ' ਕਿ ਮੈਂ ਤਾ ਅੰਧਾ-ਧੁੰਦ ਵਿਚ ਝਾੜੂ ਮਾਰ ਰਿਹਾ ਸਾਂ, ਪਰ ਜਿਸ ਦੀਵਾਰ ਨੂੰ ਚਰਨ-ਕਵਲਾਂ ਦਾ ਵਿਛੋੜਾ ਹੋ ਚੁੱਕਾ ਸੀ , ਉਸਨੇ ਅਪਣੀ ਪ੍ਰਸੰਨਤਾ ਤੁਆਫ (ਪ੍ਰਕਰਮਾਂ) ਦੁਆਰਾ ਪ੍ਰਾਪਤ ਕਰ ਲਈ ਸੀ।

ਪਾਠਕ ਜੀਓ! ਅਗਿਆਨਤਾ ਭੀ ਮੱਸਿਆ ਦੀ ਰਾਤ ਵਾਗ ਹੂ-ਬਹੂ ਹੁੰਦੀ ਹੈ। ਜੀਵਣ ਨੇ ਦੌੜ ਕੇ, ਫਿਰ ਗੁਸੇ ਨਾਲ ਹਜ਼ੂਰ ਦੇ ਪੈਰਾਂ ਨੂੰ ਧੂਅ ਕੇ ਦੂਜੇ ਪਾਸੇ ਕੀਤਾ ਅਤੇ ਫੇਰ ਝਾੜੂ ਮਾਰਨ ਲੱਗ ਪਿਆ; ਇਧਰ ਪ੍ਰੀਤਮ-ਵਿਛੋੜਾ ਨ ਬਰਦਾਸ਼ਤ ਕਰਦਿਆਂ ਕਾਅਬਾ ਆ ਚਰਨੀ ਲੱਗਾ। ਹੁਣ ਤਾ ਬਹੁਤਾ ਹੀ ਦੁਖੀ ਹੋ, ਕਹਿਣ ਲੱਗਾ, "ਕਾਫ਼ਰੋ! ਹੁਣ ਤੁਹਾਨੂੰ ਲੱਤਾਂ ਤੋਂ ਪਕੜ ਕੇ ਸਾਹਮਣੇ ਦੀ ਖੱਡ ਵਿਚ ਸੁੱਟ ਕੇ ਆਵਾਂਗਾ"।

ਇਹ ਅਗਿਆਨ ਭਰੇ ਅੱਖਰ ਸੁਣ ਕੇ ਅਸੀਂ ਸਾਰੇ ਸੋਚਣ ਲੱਗ ਪਏ ਕਿ ਇਹ ਤਅੱਸਬ ਦੀ ਅੱਗ ਦਾ ਸ਼ਿਕਾਰੀ ਕਿਧਰੇ ਹੋਰ ਬੇਅਦਬੀ ਨਾ ਕਰ ਬੈਠੇ। ਜਦੋਂ ਗੁੱਸੇ ਦੀ ਅੱਗ ਵਿੱਚ ਭੜਕਦੇ ਨੇ ਹਜ਼ੂਰ ਦੇ ਚਰਨਾਂ ਨੂੰ ਫੜਿਆ ਅਤੇ ਜ਼ੋਰ ਨਾਲ ਧੂਹਣਾਂ ਸ਼ੁਰੂ ਕਰ ਦਿੱਤਾ। (ਅੰਦਰ ਦੀ ਜਲਨ ਭਾਵੇਂ ਜੀਵਣ ਵਿਚ ਲੁਕੀ ਹੋਵੇ) ਹੁਣ ਤਾਂ ਪ੍ਰਗਟ ਤੌਰ 'ਤੇ ਜਿਧਰ ਪੈਰ ਜਾਂਦੇ ਸਨ ਕਾਅਬਾ ਪਿੱਛੇ-ਪਿੱਛੇ ਫਿਰਦਾ 'ਜੀਵਣ' ਖੁਦ ਵੇਖ ਰਿਹਾ ਸੀ। ਇਹ ਰੱਬੀ ਦ੍ਰਿਸ਼ ਤੀਜੀ ਵੇਰ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਹੁਣ ਸਾਖਿਆਤ ਜੀਵਣ ਨੇ ਆਪਣੇ ਨੇਤਰਾਂ ਦਵਾਰਾ ਇਹ ਮੁਅਜਜ਼ਾ ਜਦ ਵੇਖਿਆ ਤਾਂ ਚਰਨਾਂ ਉਤੇ ਡਿਗ ਪਿਆ ਤੇ ਇਨ੍ਹਾਂ ਅੱਖਰਾਂ ਦਵਾਰਾ ਪ੍ਰਾਰਥਨਾ ਕੀਤੀ: **"ਤਹੱਰਾਨਾ ਯਾ ਰਬੀ ਅਲਕਲੂਬੂ ਜ਼ੂਲਹਲੂ"**

"ਐ ਅੱਲਾਹ ਦੇ ਬੰਦੇ! ਮੈਨੂੰ ਅੰਦਰ ਦੀ ਸ਼ਕਤੀ ਬਖਸ਼ੋ ਕਿ ਮੈਂ ਆਪ ਨੂੰ ਪਛਾਣ ਸਕਾਂ।" ਗੁਰੂ ਜੀ ਉਠ ਬੈਠੇ ਤੇ ਬੋਲੇ "ਤੈਨੂੰ ਅੱਲਾਹ ਚੇਤੇ ਆਵੇ"। ਅਤੇ ਫਿਰ ਆਪ ਸਮਾਧਿ ਲੀਨ ਹੋ ਗਏ। ਮੁਜਾਵਿਰ ਮੁੜ ਇਸ ਉਮੀਦ ਵਿਚ ਝੁਕਿਆ ਕਿ ਗੁਰੂ ਜੀ ਉਸ ਨੂੰ ਮੁਖਾਤਿਬ ਹੋਣਗੇ ਅਤੇ ਉਹ ਆਪਣੀਆਂ ਗਲਤੀਆਂ ਦੀ ਮੁਆਫੀ ਲਈ ਬੇਨਤੀ ਕਰੇਗਾ, ਇਕ ਦੋ ਵਾਰ ਉਸਨੇ ਉਪਰਾਲਾ ਕੀਤਾ ਪਰ ਗੁਰੂ ਜੀ ਸਮਾਧਿ ਲੀਨ ਹੀ ਰਹੇ। ਮਰਦਾਨੇ ਨੇ ਰਬਾਬ ਛੇੜੀ ਅਤੇ ਗਾਇਨ ਜਾਰੀ ਰੱਖਿਆ।

ਜਬ ਲਗੁ ਮੇਰੀ ਮੇਰੀ ਕਰੈ॥
ਤਬ ਲਗੁ ਕਾਜੁ ਏਕੁ ਨ ਸਰੈ॥ (ਅੰਗ. ੧੧੬੦)

ਇਕ ਮੌਕਾ ਐਸਾ ਵੀ ਆਇਆ ਕਿ ਗੁਰੂ ਜੀ ਦੀ 'ਚੁੱਪ' ਅਤੇ ਮਰਦਾਨੇ ਦੇ ਗੁਰਬਾਣੀ ਗਾਇਨ ਦੇ ਤੀਰ ਮੁਜਾਵਿਰ ਦੇ ਹਿਰਦੇ ਨੂੰ ਵਿੰਨ ਗਏ ਜਿਸ ਕਾਰਨ ਉਹ ਉਠ ਖੜੋਤਾ ਅਤੇ ਸ਼ਹਿਰ ਵੱਲ ਭੱਜਣਾ ਸ਼ੁਰੂ ਕਰ ਦਿੱਤਾ। ਅਸੀਂ ਫਿਰਮੰਦ ਹੋ ਗਏ ਕਿ ਕੀ ਬਣੇਗਾ, ਜੇਕਰ ਉਸ ਨੇ ਜਨੂੰਨੀ ਹਜੂਮ ਨੂੰ ਉਕਸਾ ਕੇ ਕਿਸੇ 'ਮੁਫੀਤ' ਨੂੰ ਲੈ ਆਂਦਾ? ਮੈਂ (ਤਾਜੁਦੀਨ) ਮੁਜਾਵਿਰ ਦਾ ਪਿਛਾ ਕਰਨਾ ਸ਼ੁਰੂ ਕਰ ਦਿੱਤਾ। ਉਹ ਜਾਮਾ ਮਸਜਿਦ ਵੱਲ ਗਿਆ ਅਤੇ ਉੱਚੇ-ਲੰਮੇ ਮੁਨਾਰਿਆਂ ਉਪਰ ਚੜ੍ਹ ਗਿਆ ਅਤੇ ਫਿਰ ਅਰਬੀ ਵਿਚ ਬੋਲਣ ਲੱਗਾ..." ...ਐ ਅਰਬ ਦੇ ਲੋਕੋ! ਤੁਸੀਂ ਸਦੀਆਂ ਤੋਂ ਇਸ ਗੱਲ ਦਾ ਜ਼ਿਕਰ ਕਰਦੇ ਆਏ ਹੋ ਕਿ ਕਾਅਬੇ ਦਾ ਸਥਾਨ ਅੱਲਾਹ ਦਾ ਘਰ

ਹੈ। ਆਓ! ਅੱਜ ਖੁਦ ਵੇਖੋ ਕਿ 'ਅੱਲਾਹ' ਖੁਦ ਆਪਣੇ ਟਿਕਣੇ ਉਪਰ ਆ ਬੈਠ ਹੈ। ਆਓ ਉਸ ਦਾ ਦੀਦਾਰ ਕਰੋ ਅਤੇ ਆਪਣੇ ਦਿਲ ਦੇ ਅਰਮਾਨ ਪੂਰੇ ਕਰੋ।'

ਇਸ ਐਲਾਨ ਨੇ ਇਕ ਤਲਿਸਮੀ ਕਾਰਨਾਮਾ ਕਰ ਦਿੱਤਾ ਅਰਬ ਲੋਕਾਂ ਉਪਰ ਜਿਹੜੇ ਮੁਅਜਜ਼ੇ ਅਤੇ ਕਰਾਮਾਤ ਨੂੰ ਸਰਾਹੁੰਦੇ ਹਨ।

ਵੇਖਦੇ ਹੀ ਵੇਖਦੇ ਸਾਰੇ ਸ਼ਹਿਰ ਦੇ ਔਰਤ-ਮਰਦ ਮਸਜਿਦ ਵਿਚ ਇਕੱਠੇ ਹੋ ਗਏ ਛੇਤੀ ਕਰਕੇ ਰੁਕਨ ਦੀਨ ਅਮੀਰ-ਏ-ਮੱਕਾ ਦੇ ਸਰਵੋਚ ਕਾਜ਼ੀ (ਮੱਕੇ ਦੇ ਹਾਕਮ ਵੱਲੋਂ ਨਿਰਧਾਰਿਤ ਇਸਲਾਮੀ 'ਜੱਜ') ਵੀ ਹਜੂਮ ਵਿਚ ਆ ਪਹੁੰਚੇ ਆਪਣੇ ਸੰਗੀ-ਰਖਿਅਕਾਂ ਸਮੇਤ।

ਸੰਖਪ ਜਿਹੀ ਪੁੱਛ-ਪੜਤਾਲ ਤੋਂ ਉਪਰੰਤ ਮੁਲਾਣਿਆਂ ਨੇ 'ਕੁਫਰ' ਦਾ ਫਤਵਾ ਜਾਰੀ ਕਰ ਦਿੱਤਾ। ਫੈਸਲਾ ਇਹ ਹੋਇਆ ਕਿ ਇਸ ਦਾ ਕੋਈ ਫਰਕ ਨਹੀਂ ਪੈਂਦਾ ਕਿ ਕਾਅਬੇ ਵਿਚਲਾ ਇਹ ਵਿਅਕਤੀ (ਬਾਬਾ ਨਾਨ) ਪਵਿਤਰਾਂ ਵਿਚੋਂ ਅਤਿ ਪਾਕ-ਆਤਮਾ ਕਿਉਂ ਨਾ ਹੋਵੇ, ਪਰ ਇਕ ਵਾਰੀ ਜੇਕਰ ਉਸ ਨੇ 'ਕਾਅਬੇ' ਤੋਂ ਪਰਿਕਰਮਾ ਕਰਵਾ ਲਈਆਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਨੇ 'ਕੁਫਰ' ਬਰਪਾ ਕਰ ਦਿਤਾ।

ਇਹ ਫਤਵਾ ਸੁਣਦੇ ਸਾਰ ਅਰਬੀਆਂ ਨੇ ਕੁਹਾੜੀਆਂ, ਛੁਰੀਆਂ ਤੇ ਡਾਂਗਾਂ ਫੜ ਲਈਆਂ ਅਤੇ 'ਮਾਰ ਦਿਓ'! 'ਕਤਲ ਕਰ ਦਿਓ'! ਦੀ ਗੂੰਜ ਛਾ ਗਈ। ਜੀਵਣ ਨੇ ਮੁਨਾਰੇ ਤੋਂ ਹੇਠਾਂ ਆ ਕੇ ਜਦੋਂ ਅਗਿਆਨ ਦੀ ਫੈਲੀ 'ਅਗਨ' ਵੇਖੀ ਤਾਂ ਘਬਰਾ ਉਠਿਆ। ਜਨਤਾ ਦੇ ਹਜੂਮ ਨੂੰ ਚੀਰਦਾ ਹੋਇਆ, ਸਭ ਤੋਂ ਅੱਗੇ ਜਾਂਦੇ ਹੋਏ ਪੁਕਾਰਿਆ ਕਿ, ਵੱਡੇ ਕਾਜ਼ੀ ਦਾ ਫੈਸਲਾ ਠੀਕ ਹੋਵੇਗਾ ਪਰ ਵੇਖਿਓ ਕਿਧਰੇ ਬੇਅਦਬੀ ਨ ਕਰ ਬੈਠਨਾਂ, ਵਾਕਈ ਖੁਦ ਜ਼ਾਤ-ਬਾ-ਬਰਾਕਤਿ ਏਜ਼ਦੀ ਸਾਖਯਾਤ ਨੂੰ ਆਪਣੇ ਘਰ ਵਿਚ ਆਏ ਬੈਠੇ ਹਨ।

ਰੁਕਨਦੀਨ ਨੇ ਜਦੋਂ ਇਹ ਪਿਆਰ ਭਰੇ ਲਹਿਜੇ ਦੇ ਅੱਖਰ ਇੱਕ ਐਰਾਬੀ ਅਤੇ ਕਾਅਬੇ ਦੇ ਪੁਜਾਰੀ ਤੋਂ ਸੁਣੇ ਤਾਂ ਆਤਮਾ ਉਤੇ ਅਸਰ ਹੋ ਗਿਆ ਕਿਉਂ ਕਿ ਜੀਵਣ ਤੇ "ਨਾਨਕ ਨਦਰੀ ਨਦਰ ਨਿਹਾਲ" ਮੇਹਰ ਭਰੇ ਅੱਖਰਾਂ ਨਾਲ "ਕਰਤਾਰ ਚਿਤ ਆਵੇ" ਦਾ ਜੋ ਬਚਨ ਸੀ ਉਸ ਰਾਹੀਂ ਮਨ ਦੀ ਅਗਿਆਨਤਾ ਨੂੰ

ਧੋ ਕੇ ਸ੍ਵਛ ਕਰ ਚੁੱਕਾ ਸੀ ਤੇ ਇਸ ਸ੍ਵਛ ਹਿਰਦੇ ਦੇ ਅੱਖਰਾਂ ਨੇ ਕਾਜ਼ੀ ਦੇ ਹਿਰਦੇ ਉਪਰ ਭੀ ਗਹਿਰਾ ਜਿਹਾ ਅਸਰ ਪਾ ਦਿੱਤਾ ਤੇ ਨਿਮਰਤਾ ਸਹਿਤ 'ਜੀਵਣ' ਤੋਂ ਪੁੱਛਣ ਲੱਗਾ, "ਕੀ ਤੂੰ ਖ਼ੁਦਾ ਦੇ ਦਰਸ਼ਨ ਇਨਸਾਨੀ ਵਜੂਦ ਵਿਚ ਕੀਤੇ ਹਨ? ਕੀ ਇਨਾਂ ਅੱਖਾਂ ਨਾਲ ਮੈਂ ਭੀ ਵੇਖ ਸਕਾਂਗਾ ਅਤੇ ਪਛਾਣ ਕਰ ਸਕਾਂਗਾ"? ਜੀਵਣ ਨੇ ਵੈਰਾਗ ਦੀ ਅਵੱਸਥਾ ਵਿਚ ਅੱਖਾਂ ਭਰ ਕੇ ਕਿਹਾ, "ਹਜ਼ਰਤ! ਮੈਂ ਆਪ ਨੂੰ ਖ਼ੁਦਾ ਦੇ ਜਲਾਲ ਅਤੇ ਵਸਫ਼ (ਸਿਫ਼ਤ) ਬਿਆਨ ਨਹੀਂ ਕਰ ਸਕਾਂਗਾ: ਦੇਖੈ ਹੀ ਪ੍ਰਵਾਨ। . . . . ਪਿਆਰ ਲੈ ਕੇ ਜਾਓ, ਅਦਬ ਨੂੰ ਧਾਰਨ ਕਰੋ ਅਤੇ ਇਹ ਜਨਤਾ, ਜੋ ਅਗਿਆਨਤਾ ਦੇ ਤੀਰ ਕਮਾਨ ਕੱਸੀ ਧਾਹੇ-ਧਾਹੀ ਜਾ ਰਹੀ ਹੈ, ਇਨ੍ਹਾਂ ਨੂੰ ਨਾਲ ਨ ਲਿਜਾਓ"।

ਇਹ ਸੁਣਦੇ ਸਾਰ ਰੁਕੁਨਦੀਨ ਨੇ ਕਿਹਾ, "ਮੈਂ ਵਕਤੇ ਹਾਕਮ ਹਾਂ , ਹੁਣੇ ਹੀ ਕਾਨੂੰਨ ਲਾਗੂ ਕਰਕੇ ਇਨ੍ਹਾਂ ਸਾਰਿਆਂ ਨੂੰ ਖਿੰਡ-ਪੁੰਡ ਜਾਣ ਦਾ ਹੁਕਮ ਦਿੰਦਾ ਹਾਂ ਤੇ, ਹੇ ਬਖ਼ਤਾਂ ਵਾਲੇ ਨੇਕ ਮਰਦ ਜੀਵਨ ਜੀ! ਕੇਵਲ ਚੰਦ ਕੁ ਸਿਆਣੇ ਪੁਰਸ਼ ਨਾਲ ਲਿਜਾ ਕੇ ਦਰਸ਼ਨ ਕਰਾਂਗਾ"। ਕਰਤਾ ਜੀ (ਤਾਜੁਦੀਨ) ਲਿਖਦੇ ਹਨ ਕਿ ਕੇਵਲ ਡੇਢ ਸੌ ਮੁਅੱਜ਼ਜ਼, ਮੱਕੇ ਦੇ ਰਈਸ, ਆਪਣੇ ਹਮਰਾਹੀ ਕਰਕੇ ਕਾਜ਼ੀ ਰੁਕਨਦੀਨ ਜੀ ਕਾਅਬੇ ਨੂੰ ਤੁਰ ਪਏ।

ਤ੍ਵਾਰੀਖਿ ਅਰਬ ਦੇ ਕਰਤਾ 'ਖ੍ਵਾਜਾ ਜ਼ੈਨੁਲ ਆਬਦੀਨ' ਲਿਖਦੇ ਹਨ ਕਿ ਜਦੋਂ ਰੁਕਨਦੀਨ ਤੁਰਨ ਲੱਗੇ ਤਾਂ ਸਾਥੀਆਂ ਨੇ ਸਲਾਹ ਦਿੱਤੀ ਕਿ 'ਐਸੇ ਫ਼ਕੀਰ ਨੂੰ ਕੋਹਲੂ ਵਿਚ ਪੀੜ੍ਹ ਦੇਣਾ ਚਾਹੀਦਾ ਹੈ'। ਸੱਈਦ ਇਬਨੇ ਵਲੀਦ ਨਾਮੀ ਕਾਜ਼ੀ ਨੇ ਸ਼ਰਾਅ ਦੀ ਵੱਡੀ ਕਿਤਾਬ ਦਾ ਹਵਾਲਾ ਪੇਸ਼ ਕਰਦਿਆਂ ਕਿਹਾ ਕਿ 'ਇਸ ਤਰ੍ਹਾਂ ਦੀ ਹਰਕਤ ਕਰਨ ਵਾਲੇ ਨੂੰ ਸੰਗਸਾਰ ਕਰਵਾ ਦੇਣਾ ਚਾਹੀਦਾ ਹੈ'। ਇਕ ਹੋਰ ਕਾਜ਼ੀ ਨੇ ਮਸ਼ਵਰਾ ਪੇਸ਼ ਕੀਤਾ ਕਿ 'ਸੰਗਸਾਰ ਕਰਕੇ ਕੁੱਤਿਆਂ ਤੋਂ ਪੜਵਾਨਾਂ ਹੀ ਉਚਿਤ ਹੋਵੇਗਾ'। ਰੁਕਨਦੀਨ ਇਨ੍ਹਾ ਸਾਰਿਆ ਦੀਆਂ ਸੁਣਦੇ ਜਾ ਰਹੇ ਸਨ।

ਕਰਤਾ 'ਸੱਜਾਹਤ-ਓ-ਬਾਬਾ ਨਾਨਕ, ਲਿਖਦੇ ਹਨ ਕਿ "ਮੈਂ ਇਸ ਸਮੇਂ ਨਾਲ ਸਾਂ ਤੇ ਇਹ ਸਾਰਾ ਸਮਾਚਾਰ ਦੇਖ ਤੇ ਸੁਣ ਰਿਹਾ ਸਾਂ; ਹਜੂਮ ਕਾਅਬੇ ਤੋਂ ਕੋਈ ਸੌ ਕੁ ਕਦਮ ਦੀ ਵਿਥ ਵਿਚ ਅਜੇ ਉਰੇ ਹੀ ਸੀ ਕਿ ਇਸ ਸਾਰੇ ਹਜੂਮ ਨੇ

ਖਲੋ ਕੇ ਇਕ ਮਸ਼ਵਰਾ ਕੀਤਾ। ਜਦੋਂ ਤੁਰਨ ਲੱਗੇ ਤਾਂ ਕੇਵਲ ਕਾਜ਼ੀ ਰੁਕਨਦੀਨ ਹੀ ਅੱਗੇ ਵੱਧਦੇ ਦਿਸੇ, ਬਾਕੀ ਸਾਰਾ ਜਥਾ ਅੱਗੇ ਨ ਵਧ ਸਕਿਆ, ਮਾਨੋ ਧਰਤੀ ਨੇ ਇਨ੍ਹਾਂ ਦੇ ਪੈਰ ਪਕੜ ਲਏ ਸਨ। ਜਨਮ ਸਾਖੀ 'ਬਾਲੇ ਵਾਲੀ' ਵਿਚ ਤਾਂ ਸਪੱਸ਼ਟ ਲਿਖਿਆ ਹੈ ਕਿ ਧਰਤੀ ਨੇ ਇਸ ਕਾਫ਼ਲੇ ਦੇ ਪੈਰ ਪਕੜ ਲਏ ਸਨ ਤਾਂ ਜੋ, ਜੋ ਬੇਅਦਬੀ ਲਈ ਅੱਗੇ ਨ ਵਧ ਸਕਨ, ਅਤੇ ਰੁਕਨਦੀਨ ਹੀ ਅਗੇ ਪੁੱਜੇ ਸਨ।"

ਕਿਉਂਕਿ ਜੀਵਣ ਦੀ ਜੀਵ ਰੂਪੀ ਵੀਚਾਰ ਨੇ ਰੁਕਨਦੀਨ ਦੀ ਆਤਮਾ ਸ੍ਵੱਛ ਤੇ ਸੁਧ ਕਰ ਦਿੱਤੀ ਹੋਈ ਸੀ, ਇਸ ਲਈ ਵੱਡੇ ਕਾਜ਼ੀ ਦੇ ਦਿਲ ਵਿਚ, ਬਹੁਤੀ ਨਹੀਂ ਪਰ ਥੋੜ੍ਹੀ ਸ਼ਰਧਾ ਜ਼ਰੂਰ ਪੈਦਾ ਹੋ ਚੁੱਕੀ ਹੋਈ ਸੀ।

....ਸੇਵਕ ਜਨ ਮਾਨੇ ਪ੍ਰਤਖ ਗੁਰੂ ਨਿਸਤਾਰੇ...

ਭਾਵ ਇਸ ਦਰਗਾਹ ਵਿਚ ਜੋ ਭੀ ਸ਼ਰਧਾ ਲੈ ਕੇ, ਸੇਵਕ ਬਣਕੇ, ਆਇਆ ਉਸਨੇ ਮਨ-ਬਾਂਛਤ ਫਲ ਪਾਏ ਤੇ ਸਫ਼ਲਤਾ ਪਰਾਪਤ ਕੀਤੀ ਹੈ।

**ਰੁਕਨਦੀਨ ਤੇ ਗੁਰੂ ਜੀ ਦਾ ਸੰਬਾਦ:**

ਰੁਕਨਦੀਨ ਜੀ ਨੇ ਆਪਣੇ ਸਾਥੀਆਂ ਤੋਂ ਵਿਛੜ ਕੇ, ਜਿੱਥੇ ਹਜ਼ੂਰ (ਬਾਬਾ ਜੀ) ਬੈਠੇ ਕੀਰਤਨ ਕਰ ਰਹੇ ਸਨ , ਕੋਲ ਜਾ ਕੇ ਪ੍ਰੇਮ ਸਹਿਤ "ਅਸੱਲਾਮੁਅਲੈਕੰਮ", ਬੁਲਾਈ, ਜਿਸਦੇ ਉਤਰ ਵਿਚ ਹਜ਼ੂਰ ਨੇ ਛੇਤੀ ਦੇ ਨਾਲ ਸਤਿ ਸ੍ਰੀ ਅਕਾਲ, ਗੁਰ ਬਰ ਅਕਾਲ ਦਾ ਨਾਅਰਾ ਬੁਲੰਦ ਕੀਤਾ ਅਤੇ ਅਕਾਸ਼ ਵਲ ਕਰ-ਕਵਲਾਂ ਨਾਲ ਇਸ਼ਾਰਾ ਭੀ ਕੀਤਾ।

ਇਹ ਅਚੰਭਾਜਨਕ 'ਸਲਾਮ-ਜਵਾਬ' ਸੁਣਕੇ ਕਾਜ਼ੀ ਦੀ 'ਹੈਰਾਨੀ' ਦੀ ਹੱਦ ਨਾ ਰਹੀ। ਫੌਰਨ ਪ੍ਰਸ਼ਨ ਕੀਤਾ, "ਫਲਾ ਅੱਲਾ ਲਾ ਮੱਜ਼ਹਬੂ।" ਭਾਵ ਦਸੋ ਤੁਹਾਡਾ ਮੱਜ਼ਬ ਕੀ ਹੈ? ਅਗੋਂ ਦਯਾ ਦੇ ਸਾਗਰ ਸਤਿਗੁਰੂ ਜੀ ਨੇ ਫ਼ੁਰਮਾਇਆ, "ਫਲਾ ਇੱਲਾ ਮਜ਼ਹਬ ਤਨਤਮਇ?", ਭਾਵ: 'ਮੈਂ ਖ਼ੁਦਾ ਦਾ ਬੰਦਾ ਹਾਂ, ਤੈਕੀਕ ਮੇਰਾ ਕੋਈ ਮਜ਼ੱਹਬ ਨਹੀਂ ਹੈ'।

ਇਸ ਉਤਰ ਨੂੰ ਸੁਣ ਕੇ, ਕਹਿਣ ਲੱਗਾ, "ਅਲਅਬਦੋਹੂ ਇਲਲ ਮੱਜ਼ਹਬ" ਭਾਵ : ਯਾ ਹਜ਼ਰਤ! ਜੇ ਤੁਸੀਂ ਬੰਦੇ ਹੋ ਤਾਂ ਜ਼ਰੂਰ ਕਿਸੇ ਮਜ਼ਹਬ ਵਿਚ ਹੋਵੇਂਗਾ ਕਿਉਂਕਿ ਦੁਨੀਆਂ ਦੇ ਮੱਜ਼ਹਬ ਬੰਦਿਆਂ ਲਈ ਹੀ ਹਨ; ਸੱਚ ਦੱਸ ਜੀ,

ਆਪ ਦਾ ਮੱਜ਼ਹਬ ਕੀ ਹੈ? ਕੌਣ ਹੋ? ਕਿਥੋਂ ਆਏ ਹੋ? ਤੁਹਾਡੇ ਇਥੇ ਆਉਣ ਦਾ ਮੁੱਖ ਮੰਤਵ ਕੀ ਹੈ ਅਤੇ ਸ਼ਰਾਅ ਮੁਹੰਮਦੀ ਤੋਂ ਉਲਟ ਗਾਣਾ-ਬਜਾਣਾ ਕਿਉਂ ਕਰ ਰਹੇ ਹੋ? ਮੈਂ ਸੁਣਿਆ ਹੈ ਕਿ ਕਾਅਬੇ ਤੋਂ ਤੁਸਾਂ ਆਪਣੀਆਂ ਪ੍ਰਕਰਮਾਂ ਭੀ ਕਰਾਈਆਂ ਹਨ? ਅਰਥਾਤ ਤੁਸੀਂ ਜੋ ਭੀ ਕੀਤਾ ਹੈ 'ਦੀਨ-ਇਸਲਾਮ' ਤੋਂ ਉਲਟ ਹੀ ਕੀਤਾ ਹੈ, ਜਿਸ ਕਰਕੇ ਮੱਕੇ ਦੀ ਇਸਲਾਮੀ ਦੁਨੀਆਂ ਵਿਚ ਹੈਰਾਨੀ ਫੈਲੀ ਹੋਈ ਹੈ। ਇੱਕ ਲੱਖ ਚਵੀ ਹਜ਼ਾਰ ਪੈਗੰਬਰਾਂ ਨੇ ਇਸ ਕਾਅਬੇ ਦੀ ਇਮਾਰਤ ਨੂੰ ਖੁਦਾ ਦਾ ਘਰ ਮੰਨਿਆ ਹੈ। ਇਮਾਮ ਸਾਹਿਬਾਨ ਅਤੇ ਨਬੀ ਕਰੀਮ ਨੇ ਗਾਣਾ ਬਜਾਣਾ ਹਰਾਮ ਦੱਸਿਆ ਹੈ, ਪਰ ਤੁਸੀਂ ਇਹ ਸਭ ਕੁਝ ਕੀਤਾ ਹੈ। ਇਸਦਾ ਕਾਰਣ?" ਕਾਜ਼ੀ ਜੀ ਦੇ ਸਾਰੇ ਬਚਨ ਬੜੇ ਧੀਰਜ ਨਾਲ ਸੁਣ ਕੇ, ਅਰਸ਼ੀ ਜ਼ੁਬਾਨ ਵਿਚ ਰਬਾਬ ਦੇ ਰਾਹੀਂ ਇਹ ਬਚਨ ਗਾ ਕੇ ਕਹੇ:

"ਰੁਕਨਦੀਨ ਅਖੀਨ ਕਮਰੁਜਮਾਨ। ਫਲਾ ਤਹਸ਼ੀ ਵਾ ਅਕਤਾਬੁਲਾਮਾਨੀ"।
ਈਨਾ ਮੁਲਕੋ ਆਸਰੀ ਫਾ ਤਹਸੀਲਿ ਅਰਸ਼ਾਤਿਲਾਸਾਨੀ।
ਨਤਾਕੂ ਫਿਦਰਨ ਓ ਅਕੀਦਨ ਕਵਾ ਫੀ ਹੁਮ ਮਰੱਤੇਬਾਤੁਮੁਆਨੀ।
ਮੁਜਾਵਰ ਮਕਾਹ ਤੇ ਯਾ ਨੂਰ ਆਨੀ।
ਬਰੂਹੀ ਸਾਦ ਤੇ ਮਲਕੂ ਫਊਦੀ ਮਵਾਜ਼ੀ ਹੁੰਮ ਅਲਾ ਹਾਮੁਜ਼ਮਾਨੀ।

ਭਾਵ ਅਰਥ: 'ਰੁਕਨਦੀਨ! ਤੂੰ ਮੁੱਕੇ ਦਾ ਵੱਡਾ ਕਾਜ਼ੀ ਤੇ ਕਾਅਬੇ ਦੇ ਜ਼ਿਮੇਵਾਰਾਂ 'ਚੋਂ ਹੈਂ। ਇਸਲਾਮੀ ਦੁਨੀਆਂ ਦਾ ਚੰਦਰਮਾਂ ਹੈਂ, ਤੇਰਾ ਫ਼ਤਵਾ ਭੀ ਸਾਰੀ ਇਸਲਾਮੀ ਦੁਨੀਆਂ ਵਿਚ ਚਲਦਾ ਹੈ, ਮੁਬਾਰਕ ਹੈ, ਪਰ ਦੁਖ ਹੈ ਕਿ ਹਕੀਕਤ ਤੋਂ ਅਤੇ ਅਕਲ ਦੀਆਂ ਅੱਖਾਂ ਤੋਂ ਕੋਰੇ ਹੋ। ਤੁਹਾਡਾ ਮਾਣ ਅਭਿਮਾਨ ਤੁਹਾਨੂੰ, ਸਮੇਤ ਆਪਣੇ ਮੁਲਕੀ ਭਰਾਵਾਂ ਦੇ, ਮਕਸੂਦ ਉਤੇ ਨਹੀਂ ਪਹੁੰਚਾਵੇਗਾ। ਕਾਜ਼ੀ ਜੀ। ਬੰਦਿਆਂ ਦੀ ਇਬਾਦਤ ਅਤੇ ਤਾਬਿਆਦਾਰੀ ਤੁਹਾਨੂੰ ਨਾਰ-ਏ-ਜਹੱਨਮ (ਨਰਕਾਂ ਦੀ ਅੱਗ) ਦਾ ਬਾਲਣ ਬਣਾਵੇਗੀ। ਖੁਦਾ ਦੇ ਬੰਦੇ ਬਣੋ ਅਤੇ ਨਰੋਲ ਤੌਹੀਦ ਦੀ ਪ੍ਰਸਤਿਸ਼ (ਪੂਜਾ) ਕਰੋ ਜੋ ਤੁਹਾਡੀ ਨਿਜਾਤ (ਮੁਕਤੀ) ਦਾ ਮੂਲ ਕਾਰਨ ਹੈ। ਸਾਡੇ ਇਥੇ ਆਉਣ ਦਾ ਭੀ ਇਹ ਹੀ ਕਾਰਣ ਹੈ ਕਿ ਤੁਹਾਡੇ ਨਾਲ ਮਿਲਕੇ ਉਸ ਵਾਹਦਾਹੂ ਲਾਸ਼ਰੀਕ ਦੀ ਨਿਰੋਲਤਾ ਨੂੰ ਜਾਣ ਸਕੀਏ। ਤੌਹੀਦ-ਤੌਹੀਦ ਦੀਆਂ ਬਾਗਾਂ ਦੇਣ ਨਾਲ ਸਫਲਤਾ ਨਹੀਂ, ਬਲਕਿ 'ਅਮਲ' ਵਿਚ ਸਫ਼ਲਤਾ ਹੈ; ਇਨਸਾਨ

ਦਾ ਪਹਿਲਾ ਫਰਜ਼ ਆਪਣੇ ਆਪ ਦੀ ਪਹਿਚਾਣ ਕਰਨੀ ਹੈ, ਆਪਣੇ ਆਪ ਦੀ ਪਹਿਚਾਣ ਤੋਂ ਉਪਰੰਤ ਕੁੱਝ ਹੋਰਨਾਂ ਲਈ ਭੀ ਸੋਚਣਾ ਹੈ; ਕਿਉਂਕਿ ਇਹ ਇਨਸਾਨ "ਅਸ਼ਰਫੁਲਮਖਲੂਕਾਤ ਹੈ" (ਖਲਕਤ-ਸ੍ਰਿਸ਼ਟੀ ਵਿਚ ਸ੍ਰੇਸ਼ਟ ਹੈ))।

ਕਰਤਾ 'ਨਾਨਕ ਸ਼ਾਹ ਫਕੀਰ' ਲਿਖਦੇ ਹਨ , ਕਿ "ਹਜ਼ੂਰ (ਬਾਬਾ ਜੀ) ਅਤੇ ਕਾਜ਼ੀ ਜੀ ਦੇ ਦਰਮਿਆਨ ਉਤਰ-ਪ੍ਰਸ਼ਨਾ ਰਾਹੀਂ ਸਾਰਾ ਦਿਨ ਲੰਘ ਗਿਆ। ਆਪ (ਕਰਤਾ) ਨੇ ਦੱਸਿਆ ਹੈ ਕਿ ਕੁਲ ਉਤਰ-ਪ੍ਰਸ਼ਨਾਂ ਦੀ ਗਿਣਤੀ ੩੬੦ ਦੀ ਹੋਈ ਸੀ। ਕਾਜ਼ੀ ਜੀ ਆਪਣੇ ਹਰ ਮਜ਼ਮੂਨ ਵਿਚ ਜ਼ਿਆਦਾਤਰ ਮਾਨਸਕ ਤਾਬਿਆਦਾਰੀ ਉੱਤੇ ਜ਼ੋਰ ਦਿੰਦੇ, ਕਹਿੰਦੇ ਸਨ, ਕਿ ਸਾਡੀ 'ਸ਼ਰਹਿ', ਸਾਡੇ ਇਮਾਮ ਅਤੇ ਨਬੀਆਂ ਦਾ ਇਹ ਹੁਕਮ ਹੈ। ਹਜ਼ੂਰ (ਗੁਰੂ ਬਾਬਾ) ਨਿਸਚੇ ਕਰਾਉਣ ਦੇ ਯਤਨ ਵਿਚ ਸਨ ਕਿ "ਮਾਨਸ ਕੀ ਟੇਕ ਬਿਰਥੀ ਸਭ ਜਾਨ", ਮਨੁੱਖੀ ਟੇਕ ਵਿਚ ਸਫ਼ਲਤਾ ਨਹੀਂ ਹੈ; ਤੁਹਾਡਾ ਦੀਨ, ਤੌਹੀਦ ਦਾ ਦਾਹਵੇਦਾਰ ਜ਼ਰੂਰ ਹੈ, ਪਰ ਹਕੀਕਤ ਇਹ ਹੈ ਕਿ 'ਦੀਨ' ਤੌਹੀਦ ਦੀ ਸ਼ਿਰਕਤ (ਦੂਰੀ) ਦਾ ਵੱਡਾ ਦੋਸ਼ੀ ਹੈ, ਜੋ ਤੁਸੀਂ ਕਰਦੇ ਤੇ ਕਹਿੰਦੇ ਹੋ, ਉਸਨੂੰ ਤੁਹਾਡਾ ਕੁਰਾਨ ਮਜੀਦ ਭੀ ਤਸਲੀਮ ਨਹੀਂ ਕਰਦਾ ਹੈ। ਬਾਕੀ ਰਿਹਾ ਸਵਾਲ ਗਾਣੇ ਬਜਾਣੇ ਦਾ, ਇਹ ਭੀ ਸ਼ਰਈ ਮੁਲਾਣਿਆਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਹਨ। ਤੁਹਾਡੇ 'ਨਬੀ ਕਰੀਮ' ਆਪ-ਖੁਦ ਇਸ ਚੀਜ਼ ਦੇ ਸ਼ੌਕੀਨ ਸਨ ਅਤੇ ਉਹ ਹਮੇਸ਼ਾ ਇਹੋ-ਜਿਹੀਆਂ ਮਹਿਫਲਾਂ ਬੜੇ ਪ੍ਰੇਮ ਨਾਲ ਵੇਖਿਆ ਕਰਦੇ ਸਨ , ਬਲਕਿ ਨਬੀ ਸਾਹਿਬ ਦੀ ਇਹ ਬੜੀ ਪ੍ਰਸਿੱਧ ਸਾਖੀ ਹੈ, ਜਿਸਦਾ ਜ਼ਿਕਰ 'ਹਦੀਸਾਂ' ਵਿਚ ਭੀ ਆਇਆ ਹੈ, ਕਿ ਇਕ ਵੇਰਾਂ ਕੁਰੈਸ਼ ਕਬੀਲੇ ਵਿਚ ਸ਼ਾਦੀ ਦੇ ਸਮੇਂ ਮੁਹੰਮਦ ਸਾਹਿਬ ਨੂੰ ਬੁਲਾਇਆ ਗਿਆ। ਜਦੋਂ ਆਪ ਮਹਿਫਲ ਵਿਚ ਪੁਜੇ ਤਾਂ ਕੁੜੀਆਂ ਪਹਿਲਾਂ ਵਿਆਹ ਦੇ ਗੀਤ, ਘੜਾ ਵਜਾ ਕੇ, ਗਾ ਰਹੀਆਂ ਸਨ, ਪਰ ਮੁਹੰਮਦ ਸਾਹਿਬ ਨੂੰ ਵੇਖ ਕੇ ਦੀਨਯਾਤ ਆਦਿ ਗਾਉਣ ਲਗੀਆਂ"।

" ਬਲਗੁੱਲਅਲਾ ਬਿਕਮਾਲੇਹੀ। ਕਸ਼ਾਫਿੱਦਜਾ ਬਿਜਮਾਲੇਹੀ ॥
ਹਸਨੁਵੱਜਾ ਬਿ ਜਮਾਲੇ ਹੀ। ਸਲੂ ਅਲੇਹੋ ਵਾ ਆਲੇ ਹੀ ॥"

"ਤਾਂ ਆਪ ਨੇ ਫ਼ੌਰਨ ਰੋਕ ਕੇ, ਕੁੜੀਆਂ ਵਲ ਮੁਖ਼ਾਤਬ ਹੋ ਕੇ, ਉਚੇਚ ਕੀਤੀ ਕਿ "ਤੁਹਾਡੇ ਪਹਿਲੇ ਗੀਤਾਂ ਨਾਲ ਮੇਰਾ ਬਹੁਤਾ ਪ੍ਰੇਮ ਹੈ, ਜੋ ਪਹਿਲਾਂ ਗਾਉਂਦੀਆਂ ਸੋ ਉਹ ਹੀ ਗਾ ਕੇ ਸਣਾਓ, ਖ਼ੁਦਾ ਤੁਹਾਨੂੰ ਇੱਜ਼ਤ ਬਖ਼ਸ਼ੇਗਾ"। (ਬਾਬਾ ਜੀ ਕਿਹਾ) ਕਾਜ਼ੀ ਜੀ, ਵਿਆਹ ਦੇ ਗੀਤ ਗਾਉਣ ਵਾਲੀਆਂ ਤੀਵੀਆਂ ਲਈ ਤਾਂ ਨਬੀ-ਪਾਕ ਇੱਜਤ ਦਿਵਾਉਣ ਦੀ 'ਸ਼ਫ਼ਾਇਤ' ਭਰਦੇ ਹਨ ਅਤੇ ਸਾਡੇ ਗਾਣੇ (ਕੀਰਤਨ) ਨੂੰ ਜਿਸ ਵਿਚ ਨਰੋਲ ਉਸ ਕਾਦਰੇ ਮੁਤਲਕ ਦੀ ਸਿਫ਼ਤੋ ਹੈ, ਹਰਾਮ ਦਸ ਰਹੇ ਹੋ? ਇਹ ਕਿਥੋਂ ਦਾ ਇਨਸਾਫ਼ ਹੈ!ਕਾਜ਼ੀ ਜੀ? ਪਹਿਲੇ ਆਪਣੇ ਘਰ ਦੀ ਵਾਕਫ਼ੀ ਹਾਸਲ ਕਰੋ"।

ਇਹ ਅਤਿ ਗੁਪਤ ਗਲ ਸੁਣ ਕੇ ਕਾਜ਼ੀ ਜੀ ਦੀ ਗਰਦਨ ਨੀਵੀਂ ਹੋ ਗਈ ਤੇ ਪ੍ਰਾਰਥਨਾ ਰੂਪ ਹੋ ਕੇ ਹਥ ਜੋੜ ਕੇ, ਬੇਨਤੀ ਕੀਤੀ: "ਯਾ ਰੱਬੀ ਇਨਲ ਤਾਹਰਾਹੂ ਫ਼ਿਲ ਕਲੂਬੋਇਲ ਰੱਬ", ਭਾਵ: 'ਯਾ ਹਜ਼ਰਤ! ਮੈਂ ਸੁਣਿਆ ਹੈ ਕਿ ਆਪ ਰਬ ਹੋ, ਮੈਨੂੰ ਤਾਕਤ ਦਿਓ ਕਿ ਮੈਂ ਆਪ ਜੀ ਨੂੰ ਚੰਗੀ ਤਰ੍ਹਾਂ ਪਹਿਚਾਣ ਸਕਾਂ।' ਇਹ ਕੁਝ ਕਹਿੰਦੇ ਰੁਕਨਦੀਨ ਦੀ ਜ਼ਬਾਨ ਰੁਕ ਗਈ। ਭਰੇ ਹੋਏ ਨੇਤਰਾਂ ਨਾਲ ਹਜ਼ੂਰ ਦੇ ਚਰਨਾਂ ਉੱਤੇ ਸਿਰ ਰੱਖ ਦਿੱਤਾ, ਤਾਂ ਛੇਤੀ ਨਾਲ ਗੁਰੂ ਜੀ ਨੇ ਕਾਜ਼ੀ ਦੇ ਸਿਰ ਨੂੰ ਆਪਣੇ ਕਰ-ਕਵਲਾਂ ਨਾਲ ਉਤਾਂਹ ਚੁੱਕ ਲਿਆ ਅਤੇ "ਸਤਿ ਕਰਤਾਰ... ਸਤਿ ਕਰਤਾਰ..., ਕਰਤਾਰ ਚਿਤ ਆਵੇ", ਦਾ ਬਚਨ ਕਰਕੇ ਬਾਬੇ ਫੁਰਮਾਇਆ, "ਕਾਜ਼ੀ ਜੀ! ਤੁਹਾਡਾ ਇਹ ਸਜਦਾ ਦਰਗਾਹ ਵਿਚ ਤਾਂ ਕਬੂਲ ਹੋ ਗਿਆ ਹੈ ਪਰ ਜੋ ਸਾਥੀ ਤੁਹਾਡੇ ਨਾਲ ਆਏ ਸਨ ਉਨ੍ਹਾਂ ਨੂੰ ਜ਼ਰਾ ਵੇਖੋ, ਕਿਉਂਕਿ ਉਨ੍ਹਾਂ ਨੇ ਤੁਹਾਨੂੰ ਰਸਤੇ ਵਿਚ ਆਉਂਦਿਆਂ ਜੋ ਮਸ਼ਵਰੇ ਦਿੱਤੇ ਸਨ, ਜਿਨ੍ਹਾਂ ਦੇ ਅਮਲ ਉਪਰ ਉਨ੍ਹਾਂ ਨੂੰ ਯਕੀਨ ਸੀ, ਹੁਣ ਉਹ ਤੁਹਾਨੂੰ ਉਸ ਤੋਂ ਉਲਟ ਵੇਖ, ਤੁਹਾਡੇ ਖਿਲਾਫ਼ ਮਸ਼ਵਰੇ ਘੜ ਰਹੇ ਹਨ; ਮੁਮਕਿਨ ਹੈ ਕਿ ਸ਼ਹਿਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਤੁਹਾਡੇ ਤੇ ਕੋਈ ਵਾਰ ਨਾ ਕਰ ਦੇਣ ਕਿਉਂ ਜੋ ਮੇਰੇ ਲਈ ਤਾਂ ਤੁਸਾਂ ਸਾਰਿਆਂ ਨੇ 'ਕੁਫ਼ਰ' ਦਾ ਫਤਵਾ ਨੀਅਤ ਕੀਤਾ ਸੀ, ਕੁਫ਼ਰ ਦੀ ਸਜ਼ਾ ਦੇਣ ਦੀ ਥਾਂ ਤੁਸਾਂ ਸਿਜਦਾ ਕਰ ਦਿੱਤਾ ਹੈ , ਮਥਾ ਤਾਂ ਪ੍ਰਵਾਨ ਹੈ ਪਰ ਇਨ੍ਹਾਂ ਲੋਕਾਂ ਤੋਂ ਆਪਣੀ ਬੱਰੀਯਤ (ਮੁਕਤੀ) ਦਾ ਯਤਨ ਕਰੋ"।

ਰੁਕਨਦੀਨ (ਅਦਬ ਸਹਿਤ): ਉਠਕੇ ਸਾਥੀ ਲੋਕਾਂ ਨੂੰ ਕਹਿਣ ਲੱਗੇ: "ਭਾਈ! ਤੁਹਾਡੇ ਦਿਲਾਂ ਵਿਚ ਜੋ ਇਹ ਵਹਿਮ ਹੈ ਕਿ ਹਿੰਦੀ ਲੋਕ ਸੁੰਨਤ-ਨਬਵੀ ਤੋਂ ਮਹਿਰੂਮ ਕਿਉਂ ਹਨ ਅਤੇ ਜਟਾ-ਜਟ (ਕੇਸਧਾਰੀ) ਕਿਉਂ ਹਨ?

ਸੁਣੋ: ਇਹ ਫੈਸਲਾ ਕੁਰਾਨਿ-ਮਜੀਦ, ਖ਼ੁਦਾਵੰਦ ਕਰੀਮ ਦੀ ਕਲਾਮਿ-ਪਾਕ, ਖ਼ੁਦ ਕਰਦੇ ਹਨ:

" ਵਾ ਆ ਤਿਮੂ ਅਲਹੱਜਾ ਵਲ ਆ ਉਮਰ ਤਾ ਫੇਨ।

ਉਹਸਿਰ ਤੁੰਮ ਫਮਾ ਅਸਤੈਸਰਾ ਮਿਨਲਹੁਦਾ ਵਲਾ ਤਹਲੇਕੂ ਰਓਸਕੰਮ"। (ਪਾਰਾ ੨, ਸੂਰਤ ਬਦਰ, ਰਕੂ ੨੪ ਆਯਤ ੧੯੫)

ਭਾਵ-ਅਰਥ: "ਕਿ ਖੁਦਾ ਦੇ ਘਰ ਵਲ ਹੱਜ ਨੂੰ ਜਾਣ ਵਾਲੇ ਮੁਸਲਮਾਨਾਂ ਦੇ ਲਈ ਕੇਸ ਰਖਣੇ ਅਤੀ ਜ਼ਰੂਰੀ ਹਨ। ਹੱਜ ਜੋ ਮੁਸਲਮਾਨੀ ਬੁਨਿਆਦ ਹੈ, ਰੂਹਾਨੀ ਜੀਵਨ ਦਾ ਆਗਾਜ਼ ਹੈ , ਜਿਸ ਤਰ੍ਹਾਂ ਈਸਾਈਆਂ ਲਈ 'ਬਿਪਤਿਸਮਾ', ਹਿੰਦੂਆਂ ਲਈ 'ਯਗੀਉ ਪਵੀਤ' , ਸਿੱਖਾਂ ਲਈ 'ਅੰਮ੍ਰਿਤ', ਇਸਤਰਾਂ ਮੁਸਲਮਾਨਾਂ ਲਈ ਰੂਹਾਨੀ ਜੀਵਨ ਦੇ ਅਰੰਭ ਹੋਣ ਦਾ ਮੁੱਖ ਸਮਾਂ 'ਹੱਜ' ਹੈ, ਜਿਸ ਸਮੇਂ ਬਾਰੇ ਹਦਾਇਤ-ਕੁਰਾਨੀ ਹੈ ਕਿ ਜਟਾ-ਜੂਟ (ਸਕੇਸ਼) ਹੋ ਕੇ ਹੱਜ ਦੀਆਂ ਸ਼ਰਤਾ ਨੂੰ ਪੂਰਾ ਕਰੋ ਅਤੇ ਵਾਲ ਮੁਨਾਉਣ ਦੀ ਸਖ਼ਤ ਮਨਾਹੀ ਹੈ।"

"ਬਰਾਏ ਨਾਮ ਮੁਸਲਮਾਨ ਭਾਵੇਂ ਕਿਸੇ ਹੀ ਹਾਲਤ ਵਿਚ ਰਹਿਣ, ਪਰ ਜੋ ਪੱਕੇ ਤੇ ਕੱਟੜ ਮੁਸਲਮਾਨ ਹਨ ਅਤੇ ਇਸਲਾਮ ਤੋਂ ਜਾਣੂ ਹਨ, ਜੋ ਮੁਸਲਮਾਨ ਆਪਣਾ-ਆਪ ਖ਼ੁਦਾ ਨੂੰ ਦੇ ਚੁਕੇ ਹਨ, ਉਨ੍ਹਾਂ ਦਾ ਫਰਜ਼ ਹੋ ਜਾਂਦਾ ਹੈ ਕਿ "ਸਾਬਤ ਸੂਰਤ ਦਸਤਾਰ ਸਿਰਾ"। ਵੇਦਕ ਕਥਨ ਅਨੁਸਾਰ, 'ਮੁਕੇਸ਼ੂੰਸਰਨੀ ਨਾਹਾ ਕੇਸ਼ਾ ਨਾ ਸ਼ੀਰਸ਼ ਰਹਿਣ'। (ਯਜੁਰਵੇਦ,੧੧੯ ਸ੍ਰੁਤੀ)

**'ਬਾਬੇ ਤਾਰੇ ਚਾਰ ਚੱਕ'**: ਜਦੋਂ ਬਾਬਾ ਜੀ ਦੇ ਮੁਖਾਰਬਿੰਦ 'ਚੋਂ ਮੱਕੇ ਦੇ ਮੁਲਾਣਿਆਂ ਨੇ ਗੁਪਤ ਭੇਤ ਦੀ ਗਲ ਸੁਣੀ ਤਾਂ ਸਾਰੇ ਦੇ ਸਾਰੇ ਅਦਬ ਵਿਚ ਆ ਗਏ। ਰੁਕਨਦੀਨ ਇਸ ਝੁਕਾਉ ਨੂੰ ਵੇਖ ਕੇ ਬਹੁਤ ਖੁਸ਼ ਹੋਏ ਤੇ ਹਜ਼ੂਰ ਦੇ ਚਰਨਾਂ ਵਿਚ ਕਹਿਣ ਲੱਗੇ, "ਯਾ ਹਜ਼ਰਤ! ਇਨ੍ਹਾਂ ਲੋਕਾਂ ਨੂੰ ਕੁਝ ਤਾਂ ਸਮਝ ਆ ਗਈ ਹੈ, ਇਸ ਲਈ ਇਕ ਭੇਤ ਵਾਲੀ ਗਲ ਹੋਰ ਹੈ, ਉਸਦੇ ਭੇਤ ਨੂੰ ਭੀ ਪਰਗਟ ਕਰਕੇ

ਭਰਮਾਂ ਤੋਂ ਰਹਿਤ ਕਰੋ। ਇਸ ਲਈ ਇਕ ਪ੍ਰਸ਼ਨ ਹੋਰ ਹੈ ਕਿ 'ਹਜ਼ਰਤ ਇਬਰਾਹੀਮ' ਪੈਗੰਬਰ ਤੋਂ ਲੈ ਕੇ ਮਹੰਮਦ ਸਾਹਿਬ ਤਕ ਜਿਤਨੇ ਭੀ ਪੈਗੰਬਰ ਆਏ ਹਨ, ਉਨ੍ਹਾਂ ਨੇ ਖਾਨਾ-ਇ-ਕਾਅਬੇ ਦੀ ਇਮਾਰਤ ਨੂੰ ਖੁਦਾ ਦਾ ਘਰ ਤਸਲੀਮ ਕੀਤਾ ਹੈ, ਆਪ ਨੇ ਇਸਦੀ ਨਿਰਾਦਰੀ ਕੀਤੀ ਹੈ, ਸਾਰੀ ਰਾਤ ਕਾਅਬੇ ਦੀ ਦੀਵਾਰ ਨਾਲ ਪੈਰ ਲਾ ਕੇ ਸੁਤੇ ਰਹੇ ਹੋ, ਇਸਦਾ ਕਾਰਨ ਕੀ ਹੈ''?

**ਖਾਨਾ-ਏ-ਕਾਅਬੇ ਦਾ ਖੰਡਨ ਕੁਰਾਨ 'ਚੋਂ:**

ਜਦ ਰੁਕਨਦੀਨ ਜੀ ਨੇ ਵੇਖਿਆ ਕਿ ਪਿਛਲੇਰੇ ਸਮਾਚਾਰਾਂ ਅਤੇ ਦੀਨਯਾਤ ਦੀਆਂ ਤਰੁਟੀਆਂ, ਮੁਲਾਇਆਂ ਦੇ ਪਾਏ ਭੁਲੇਖਿਆਂ ਨੂੰ, ਹਜ਼ੂਰ ਨੇ ਬੜੀ ਦਲੇਰੀ ਅਤੇ ਸਿਆਣਪ ਨਾਲ ਦੂਰ ਕੀਤਾ ਹੈ, ਜਨਤਾ ਉਤੇ ਭੀ ਕਾਫ਼ੀ ਅਸਰ ਪੈ ਚੁੱਕਾ ਹੈ, ਤਾਂ ਮੌਕਾ ਵੇਖ ਕੇ ਕਾਅਬੇ ਦੇ ਕੀਤੇ ਪ੍ਰਸਨ ਦੇ ਵੇਰਵੇ ਨੂੰ ਸਮਝਨ ਦਾ ਯਤਨ ਸ਼ੁਰੂ ਕੀਤਾ। ਇਸ ਵਕਤ ਸੰਧਿਆ ਦਾ ਵੇਲਾ ਸੀ । ਸ਼ਹਿਰੀ ਜਨਤਾ ਭੀ, ਤਮਾਸ਼ਬੀਨੀ ਦੀ ਅਵੱਸਥਾ ਵਿਚ, ਬਹੁਤ ਸਾਰੀ ਇਕੱਠੀ ਹੋ ਚੁੱਕੀ ਸੀ, ਅਤੇ ਸਭ ਦੀ ਤਵੱਜੋ ਇਸ ਪਾਸੇ ਲੱਗ ਚੁੱਕੀ ਸੀ ਕਿ ਕਾਅਬੇ ਸਬੰਧੀ ਕੀ ਫ਼ੁਰਮਾਉਣਗੇ ।

ਹਿਮਾਲੀਯਾ ਵਾਂਗ ਅਡੋਲ ਬੈਠੇ ਗੁਰੂ ਜੀ ਨੇ ਬੜੇ ਪਿਆਰ ਨਾਲ ਕਾਜ਼ੀ ਜੀ ਨੂੰ ਕਿਹਾ ਕਿ ਇਹ ਭੀ ਉਸੇ ਹੀ ਤਰ੍ਹਾਂ ਹੈ ਕਿ ਤੁਹਾਡਾ 'ਕੁਰਾਨ' ਇਜਾਜ਼ਤ ਨਹੀਂ ਦਿੰਦਾ ਕਿ ਕਿਸੇ ਕੋਠੇ ਯਾ ਇਮਾਰਤ ਨੂੰ 'ਖ਼ੁਦਾ ਦਾ ਘਰ' ਮੰਨਿਆ ਜਾਵੇ । ਕੁਰਾਨਮਜੀਦ ਹੀ ਤੁਹਾਡੇ ਨਿਸਚੇ ਦਾ ਖੰਡਨ ਕਰਦਾ ਹੈ:

ਨਅਨੁ ਅਕਰਬੁ ਇਲੈਹੇ ਮਿਨ ਹਬਲਿਲਵਰੀਦ।

ਭਾਵ-ਅਰਥ: ਖੁਦਾਵੰਦ ਕਰੀਮ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਸਾਫ਼ ਕਹਿ ਦਿੱਤਾ ਸੀ ਕਿ ਮੈਂ ਕੋਠਿਆਂ-ਮਕਾਨਾਂ ਵਿਚ ਨਹੀਂ ਹਾਂ ਬਲਕਿ ਮੈਂ ਹਰ ਇੱਕ ਇਨਸਾਨ ਦੀ ਸ਼ਾਹ-ਰਗ ਦੀ ਨਾੜੀ ਤੋਂ ਭੀ ਨੇੜੇ ਹਾਂ।

ਯਥਾ ਗੁਰਵਾਕ:

ਪੁਹਪ ਮਧ ਜਿਉ ਬਾਸ ਬਸਤ ਹੈ ਮੁਕਰ ਮਾਹਿ ਜੈਸੇ ਛਾਈ।<br>
ਤੈਸੇ ਹੀ ਹਰ ਬਸੈ ਨਿਰੰਤਰ ਘਟਿ ਹੀ ਖੋਜੋ ਭਾਈ। (ਅੰਗ ੬੮੪)

ਉਪਰੋਕਤ ਆਯਤਿ ਕੁਰਾਨੀ ਨੂੰ ਸੁਣਦੇ ਸਾਰ ਇਕ ਰੁਕਨਦੀਨ ਹੀ ਨਹੀ ਬਲਕਿ ਜਿਤਨੇ ਭੀ ਹਾਜ਼ਰੀਨ-ਏ-ਸਭਾ ਸਨ ਅਦਬ ਵਿਚ ਝੁਕ ਕੇ "ਮਰਹੱਬਾ (ਜੀ ਆਇਆਂ ਨੂੰ), ਲਬੈਕ , ਜਜ਼ਾਕ-ਅ-ਹਮੁੱਲਾਹੇਤਆਲਾ" ਦੇ ਅਵਾਜ਼ੇ ਚੁਫੇਰਿਓ ਆਉਣ ਲੱਗੇ ਅਤੇ ਸਾਰੇ ਮੱਕੇ ਵਿਚ ਦੁਹਾਈ ਫਿਰ ਗਈ ਕਿ ਮੱਕੇ ਦੇ ਵੱਡੇ ਕਾਜ਼ੀ ਨੇ, ਸਮੇਤ ਆਪਣੇ ਸਾਥੀ ਕਾਜ਼ੀਆਂ-ਮੁਲਾਣਿਆਂ ਦੇ, ਨਾਨਕਸ਼ਾਹ ਫਕੀਰ ਦੀ ਬੈਤ (ਮੁਰਸ਼ਦਗੀ) ਹਾਸਲ ਕਰ ਲਈ ਹੈ। ਇਹ ਸੁਣ ਕੇ ਦੀਨ ਦੇ ਲੋਕਾਂ ਵਿਚ ਬੜੀ ਚਰਚਾ ਹੋਣ ਲਗ ਪਈ।

ਮੱਕੇ ਦੇ 'ਅਮੀਰ' ਨੂੰ ਭੀ ਖ਼ਬਰ ਪੁਜੀ ਕਿ 'ਵਲੀ-ਏ-ਹਿੰਦ, ਨਾਨਕਸ਼ਾਹ ਕਲੰਦਰ, ਆਪਣੀਆਂ ਸ਼ਕਤੀਆਂ ਨਾਲ ਮੱਕੇ ਵਿਚ ਉਤਰਿਆ ਹੋਇਆ ਹੈ ਅਤੇ ਮੇਰਾ ਵੱਡਾ ਕਾਜ਼ੀ ਭੀ ਉਸਦਾ ਮੁਰੀਦ ਹੋ ਗਿਆ ਹੈ'।

**ਰੁਕਨਦੀਨ ਨੂੰ ਸਾਥੀਆਂ ਸਹਿਤ ਉਪਦੇਸ਼:**

'ਅਰਬ-ਸਫ਼ਰਨਾਮੇ' ਦੇ ਕਰਤਾ 'ਤਾਜੁਦੀਨ ਸ਼ਾਹਿਬ' ਲਿਖਦੇ ਹਨ ਕਿ "ਮੱਕੇ ਵਿਚ ਦੋ ਪਾਰਟੀਆਂ ਬਣ ਗਈਆਂ, ਇਕ ਉਹ ਜੋ ਹਜ਼ੂਰ ਗਰੀਬਨਵਾਜ਼ (ਬਾਬਾ ਜੀ) ਉੱਤੇ ਈਮਾਨ ਕਾਇਮ ਕਰ ਚੁੱਕੇ ਸਨ , ਦੂਜੇ ਅਮੀਰ-ਏ- ਮੱਕਾ ਦੇ ਹਾਮੀ, ਜੋ ਕਹਿੰਦੇ ਸਨ ਕਿ "ਇਨ੍ਹਾਂ ਬੇਦੀਨਾਂ ਨੇ 'ਕਾਫ਼ਰ' ਨੂੰ ਮੁਰਸ਼ਦ ਧਾਰਨ ਕਰ ਲਿਆ ਹੈ, ਰੁਕਨਦੀਨ ਸਮੇਤ ਇਹ ਸਾਰੇ ਕਾਫ਼ਰ ਹੋ ਗਏ ਹਨ"।

"ਅੱਜ ਦੂਜੀ ਰਾਤ ਭੀ, ਬੇਦੀ ਕੁਲ ਦੇ ਸੂਰਜ, ਸਤਿਗੁਰੂ ਜੀ ਨੇ ਕਾਅਬੇ ਵਿਚ ਹੀ ਸਾਰੀ ਰਾਤ ਕੀਰਤਨ ਕਰਦਿਆਂ ਗੁਜ਼ਾਰੀ। ਦਿਨ ਚੜ੍ਹਦਿਆਂ ਹੀ ਉਹ ਸਾਰੇ ਪ੍ਰੇਮੀ, ਜਿਨ੍ਹਾਂ ਨੂੰ ਕਲ੍ਹ ਚਰਨ-ਛੁਹ ਪ੍ਰਾਪਤ ਹੋਈ ਸੀ, ਸ੍ਰੀ ਹਜ਼ੂਰ ਦਾ ਹਜ਼ੂਰ 'ਚ ਸਜਦਾ ਕੀਤਾ ਅਤੇ ਹਜ਼ੂਰ ਦੇ ਕਰ-ਕਵਲਾਂ ਨੂੰ ਚੁੰਮਣ ਲੱਗੇ। ਜਿਸ ਤਰ੍ਹਾਂ ਫੁੱਲ ਦੇ ਦਵਾਲੇ ਭੌਰੇ ਬੈਠ ਜਾਂਦੇ ਹਨ ਇਸੇ ਤਰ੍ਹਾਂ ਕਰੁਣਾਨਿਧਾਨ ਦੀ ਹਜ਼ੂਰੀ ਵਿੱਚ ਅਰਬੀਆਂ ਦੀ 'ਸੰਗਤ' ਸੁਭਾਇਮਾਨ ਹੋ ਗਈ। ਮਰਦਾਨਾ ਜੀ ਨੇ ਚਾਓ ਵਿਚ ਕੀਰਤਨ ਅਰੰਭ ਕੀਤਾ। ਕਰੇ ਭੀ ਕਿਉਂ ਨਾ! ਖਜੂਰਾਂ ਦਾ ਢੇਰ ਸਾਹਮਣੇ ਚੜ੍ਹਾਵਾ ਦਿਸ ਗਿਆ, ਊਠਣੀਆਂ ਦੇ ਦੁੱਧ ਦਾ ਮਟਕਾ ਵੀ ਭਰ ਗਿਆ ਸੀ"।

"ਜਦ ਕੀਰਤਨ ਸਮਾਪਤ ਹੋਇਆ, ਤਾ ਕਾਜ਼ੀ 'ਰੁਕਨਦੀਨ', ਖ੍ਵਾਜਾ ਜ਼ੈਨੁਲ-ਆਬਿਦੀਨ, (ਜਿਨ੍ਹਾਂ ਨੇ 'ਤ੍ਵਾਰੀਖ ਅਰਬ' ਲਿਖੀ ਹੈ), ਹਾਜੀ ਗੁਲ ਮੁਹੰਮਦ (ਸ਼ੈਖ-ਇ-ਅਰਬ) ਆਦਿ ਸਜਣ ਮੱਕੇ ਦੇ ਚੰਗੇ ਧਨਾਢ ਪੁਰਸ਼ਾਂ ਵਿਚੋਂ ਸਨ ਅਤੇ 'ਕੁਰੈਸ਼' ਕਬੀਲੇ ਦੇ ਸਰਦਾਰ ਅਸਵਦ, 'ਬੱਦੂ' ਕਬੀਲਿਆਂ ਦੇ ਵੱਡੇ ਸਰਦਾਰ ਸਨ। ਇਨ੍ਹਾਂ ਨੇ ਉਠ ਕੇ ਵਾਰੋ-ਵਾਰੀ ਹਜ਼ੂਰ (ਬਾਬਾ ਜੀ) ਦਾ ਗੁਣਾਵਾਦ (ਸਿਫਤ-ਸਲਾਹ) ਪ੍ਰਾਰਥਨਾਂ ਭੀ ਕੀਤੀ ਕਿ "ਹੇ ਦੀਨ-ਦੁਨੀ ਦੇ ਮਾਲਕ ਸ਼ਾਹਿ ਨਾਨਕ! ਜਿਸ ਤਰ੍ਹਾਂ ਆਪ ਨੇ ਇਸ ਧਰਤੀ ਨੂੰ ਭਾਗ ਲਾਏ ਹਨ , ਸਾਡੇ ਸ਼ੰਕਿਆਂ ਦੀ ਨਵਿਰਤੀ ਕਰਕੇ ਗਿਆਨ ਦੀ ਪ੍ਰਵਿਰਤੀ ਕੀਤੀ ਹੈ ਇਸੇ ਤਰ੍ਹਾਂ ਹੁਣ ਮਿਹਰ-ਭਰਿਆ ਉਪਦੇਸ਼ ਬਖਸ਼ੋ, ਜਿਸ ਕਰ ਕੇ ਕਲਯਾਨ ਹੋਵੇ।" ਤਾਂ ਮਿਹਰਾਂ ਦੇ ਸਾਈਂ ਨੇ ਬਚਨ ਕੀਤਾ: "ਕਰਤਾਰ ਚਿਤ ਆਵੈ"।

ਇਸ ਵਕਤ ਕਾਅਬੇ ਦੀਆਂ ਪ੍ਰਕਰਮਾ ਵਿਚ 'ਕਰਤਾਰ! ਕਰਤਾਰ' ਧੁਨ ਦਾ ਇਲਾਹੀ ਨਜ਼ਾਰਾ ਸੀ ਜਿਸਦਾ ਬਿਖਾਨ ਕਰਨਾ ਕਠਿਨ ਹੈ।

ਕੁਝ ਸਮੇਂ ਦੇ ਬਾਅਦ, ਭਾਈ ਰੁਕਨਦੀਨ ਜੀ ਦੇ ਪਿਆਰ ਨੇ ਉਛਾਲਾ ਖਾਧਾ ਅਤੇ ਪ੍ਰੇਮ-ਭਰੀ ਬੇਨਤੀ ਕੀਤੀ: "ਯਾ ਹਜ਼ਰਤ! ਕੋਈ ਐਸੀ ਜੁਗਤੀ ਦੱਸੋ ਜਿਸ ਕਰ ਕੇ ਇਸ ਸੰਸਾਰ ਤੋਂ, ਨਿਰਇੱਛਤ ਜੀਵਨ ਬਤੀਤ ਕਰਦੇ, ਦਰਗਾਹ ਵਿਚ ਬਰੀਯਤ ਸਹਿਤ ਪੂਜਨ ਵਾਲੇ ਬਣੀਏ। ਹੇ ਮੇਹਰਾਂ ਦੇ ਸਾਈਂ ਦਾਤਾ ਜੀਓ! ਹੁਣ ਜੀਵਣ ਹੀ 'ਨਿਰਮੁਹ' ਕਰ ਦਿਓ। ਦਾਤਾ ਜੀ! ਹੁਣ 'ਦੂਜਾ ਨ ਵਿਖਾਲ' ਅਤੇ ਆਪਣੇ ਚਰਨਾਂ ਵਿਚ ਹੀ ਲੀਨ ਰੱਖੋ; ਦੁਨੀਆਂ ਦੇ ਮੋਹ ਤੋਂ ਰਹਿਤ ਕਰੋ"। ਸਭ ਸੰਗਤ ਨੇ ਸਮੁੱਚੇ ਤੌਰ ਉਤੇ ਆਮੀਨ, ਆਮੀਨ, (ਭਾਵ ਜ਼ਰੂਰ-ਜ਼ਰੂਰ ਦੀ ਆਵਾਜ਼ ਬੁਲੰਦ ਕਰ ਦਿੱਤੀ।

ਉਪਰੋਕਤ ਲੋਕ-ਜਨਾਂ ਦੇ ਵਿਰਾਗਮਈ ਸ਼ਬਦ ਸੁਣ ਕੇ ਦਿਲਾਂ ਦੇ ਮਾਲਕ ਅੰਤਰ-ਧਿਆਨ ਹੋ ਗਏ। ਕਿੰਨੇ ਚਿਰ੍ਹ ਦੇ ਬਾਅਦ ਜਦ ਸਮਾਧੀ ਖੁਲ੍ਹੀ ਤਾਂ ਇਹ ਸ਼ਬਦ ਗਾਇਨ ਕੀਤਾ:

**ਰਾਗੁ ਤਿਲੰਗ ਮਹਲਾ ੧ ਘਰੁ ੧**

ਯਕ ਅਰਜ਼ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

ਹੋਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ੧ ॥

ਦੁਨੀਆ ਮੁਕਾਮੇ ਫ਼ਾਨੀ ਤਹਕੀਕ ਦਿਲ ਦਾਨੀ ॥

ਮਮਸਰ ਮੂਇ ਅਜਰਾਈਲ ਗਰਿਫਤਹ ਦਿਲ ਹੇਚਿ ਨ ਦਾਨੀ ॥ ੧ ॥ ਰਹਾਉ ॥

ਜਨ ਪਿਸਰ ਪਿਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥

ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸ਼ਵਦ ਤਕਬੀਰ ॥ ੨॥

ਸ਼ਬ ਰੋਜ਼ ਗਸ਼ਤਮ ਦਰ ਹਵਾ ਕਰਦੇਮ ਬਦੀ ਖਿਆਲ॥

ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥

ਬਦਬਖਤ ਹਮ ਚੁ ਬਖ਼ੀਲ ਗਾਫ਼ਿਲ ਬੇਨਜਰ ਬੇਬਾਕ ॥

ਨਾਨਕ ਬੁਗੋਯਦ ਜਨ ਤੁਰਾ ਤੇਰੇ ਚਾਕਰਾ ਪਾ ਖਾਕ॥੪॥(ਅੰਗ ੭੨੧)

ਭਾਵ-ਅਰਥ : ਸ੍ਰੀ ਗੁਰੂ ਜੀ ਨੇ ਪਹਿਲੀਆਂ ਦੋ ਪੰਗਤੀਆਂ ਵਿਚ ਉਸ ਪਰਿਪੂਰਣ ਪਰਮਾਤਮਾ ਦੇ ਅੱਗੇ ਆਪਣੇ ਲਈ ਕੁਝ ਕਿਹਾ ਹੈ ਅਤੇ ਬਾਕੀ ਦੇ ਭਾਵ ਵਿਚ ਅਰਬ ਦੀ ਸੰਗਤ ਨੂੰ ਫੁਰਮਾਇਆ ਹੈ ਕਿ "ਐਹ, ਅਰਬ ਦੇ ਲੋਕੋ! ਜੇਕਰ ਤੁਸੀਂ ਨਿਰਇੱਛਤ ਜੀਵਨ ਚਾਹੁੰਦੇ ਹੋ ਉਸ ਲਈ ਤਾਂ ਮੌਤ ਨੂੰ ਚੇਤੇ ਕਰੋ, ਦੁਨੀਆ ਦਾਰਿ-ਫਾਨੀ ਹੈ ਦਾਰਿ-ਬਕਾ ਨਹੀਂ ਹੈ। ਦੁਨੀਆਂ ਦੀਆਂ ਹੋਰ ਮੁਸ਼ਕਲਾਂ ਟਲ ਸਕਦੀਆਂ ਹਨ ਪਰ ਮੌਤ ਨਹੀਂ ਟਲੇਗੀ। ਇਸ ਲਈ ਮੌਤ ਦੇ ਦ੍ਰਿਸ਼ ਨੂੰ ਸਦਾ ਚੇਤੇ ਰੱਖੋ। ਘਰ ਦੇ ਮੋਹ ਰੂਪੀ ਕੁਟੰਬ ਦੇ ਅਡੰਬਰ ਕਿਸ ਕੰਮ, "ਕਾਕੋ ਮਾਈ ਕਾਕੋ ਬਾਪ॥ ਨਾਮ ਧਰੀਕ ਕੂੜੇ ਸਭ ਸਾਕ॥" ਦੇ ਅਧਾਰ ਉਤੇ ਸਭ ਕੁਝ ਕੂੜ ਹੀ ਕੂੜ ਹੈ, ਮੌਤ ਦਾ ਕਾਲ-ਦੇਵਤਾ 'ਇਜ਼ਰਾਈਲ' ਸਰੀਰ ਦੇ ਰੋਮ-ਰੋਮ ਉਤੇ ਕਾਬਜ਼ ਹੈ। ਪਤਾ ਨਹੀਂ ਕਿਸ ਵਕਤ ਰੂਹ ਉਪਰ ਉਹ ਕਾਬਜ਼ ਹੋ ਜਾਵੇ।ਜਦੋਂ ਇਨਸਾਨੀ ਤਦਬੀਰਾਂ ਫੇਲ ਹੋ ਜਾਂਦੀਆਂ ਹਨ ਤਾਂ ਸ੍ਵਾਸ-ਸ੍ਵਾਸ ਨਾਲ ਸਿਮਰਨ ਕਰਦੇ ਹੋਏ ਮੌਤ ਦਾ ਧਿਆਨ ਧਰੋ"।

ਤ੍ਵਾਰੀਖ-ਇ-ਅਰਬ ਦੇ ਬਾਬ-ਉਲ-ਮੱਕਾ (ਮੱਕਾ ਅਧਿਆਇ) ਵਿਚ ਲਿਖਿਆ ਹੈ ਕਿ ਉਕਤ ਉਪਦੇਸ਼ ਤਿੰਨ ਸੌ ਮੁਰੀਦਾਂ ਨੇ ਸੁਣਿਆਂ ਅਤੇ ਆਪੋ ਆਪਣੀ ਵਿਤ ਅਨੁਸਾਰ ਧਾਰਨਾ ਬਣਾ ਕੇ ਇਕਾਂਤ ਵਿਚ ਧਿਆਨ-ਮਗਨ ਹੋ ਗਏ।

**ਭਾਈ ਰੁਕਨਦੀਨ ਜੀ:**

ਇਥੇ ਅਰਬੀ ਗੁਰਸਿੱਖਾਂ ਦੇ ਸਰਦਾਰ, ਧਰਮੀ ਪੁਰਸ਼, ਭਾਈ ਸਾਹਿਬ ਭਾਈ ਰੁਕਨਦੀਨ ਜੀ ਦਾ ਸੰਖੇਪ ਜਿਹਾ ਜੀਵਨ ਪਾਠਕਾਂ ਦੀ ਭੇਟਾ ਕਰਨਾ ਜ਼ਰੂਰੀ ਹੈ। ਇਨ੍ਹਾਂ ਦੇ ਸਾਰੇ ਸਾਥੀਆਂ ਦਾ ਜ਼ਿਕਰ ਤ੍ਰਾਰੀਖ ਅਰਬ ਵਿਚੋਂ ਲੈ ਕੇ ਕਿਸੇ ਹੋਰ ਪੁਸਤਕ ਵਿਚ ਆਵੇਗਾ ਕਿਉਂਕਿ ਇਨ੍ਹਾਂ ਦੀ ਘਾਲਨਾਂ ਦੇ ਅਲੰਕਾਰ ਨੂੰ ਵਰਣਨ ਕਰਨ ਲਈ ਇਕ ਵਖਰੀ ਪੁਸਤਕ ਦੀ ਲੋੜ ਹੈ।

ਸ੍ਰੀ ਰੁਕਨਦੀਨ ਜੀ ਕਾਅਬੇ ਦੇ ਸੰਵਾਦ ਮਗਰੋਂ ਘਰ ਨਹੀਂ ਆਏ। ਜੀਵ ਰੂਪੀ 'ਹੀਰ' ਨੂੰ ਗੁਰੂ ਰੂਪੀ 'ਰਾਂਝਾ' ਮਿਲ ਜਾਣ ਦੇ ਬਾਅਦ ਨ 'ਸਿਆਲ' ਅਤੇ ਨ 'ਖੇੜੇ'।

ਜੁੰਮੇ ਦੀ ਰਾਤ ੯੧੭ ਹਿਜਰੀ ਸ਼ਵਾਲ ਮਹੀਨੇ ਦੀ ਪਾਵਨ ਘੜੀ ਸੀ, ਜਿਸਦੇ ਵਸਾਲ ਦੀ ਮਹੱਤਤਾ ਸਿਰਫ ਸਾਕੀ (ਮੁਰਸ਼ਦ) ਜਾਣੇ ਜਾਂ ਤ੍ਰਿਪਤੀ-ਪਾਤਰ, ਦੂਜਾ ਕੌਣ ਜਾਣ ਸਕਦਾ ਹੈ? ਗੁਰੂ-ਚੇਲਾ ਕਾਅਬੇ ਦੀਆਂ ਪਰਿਕਰਮਾਂ ਵਿਚ ਸਾਰੀ ਰਾਤ ਰੈਣ-ਸਬਾਈ ਕੀਰਤਨ ਵਿਚ ਜੁੜੇ ਰਹੇ ਅਤੇ ਉਹ ਬਿਲਾਸ ਹੋਏ ਜੋ ਅਤਿ ਅਨੰਦਮਈ ਸਨ। ਸਫ਼ਰਨਾਮੇ ਦੇ ਕਰਤਾ ਜੀ (ਤਾਜੁਦੀਨ) ਲਿਖਦੇ ਹਨ ਕਿ ਮੈਨੂੰ ਭੀ ਅਜ ਹੀ ਰਜਵੇਂ ਦਰਸ਼ਨ ਅਤੇ ਮਨ ਇੱਛਤ ਵਸਤੂ ਪ੍ਰਾਪਤ ਹੋਈ ਜਿਸਦਾ ਸੁਆਦ ਦਸਣਾ ਜਿਹਵਾ-ਸ਼ਕਤੀ ਤੋਂ ਬਾਹਰ ਹੈ। ਮੇਰੇ ਵੇਖਦਿਆਂ ਹਜ਼ੂਰ (ਬਾਬਾ ਜੀ) ਨੇ ਆਪਣਾ ਸੱਜਾ ਪੈਰ ਅਗੇ ਨੂੰ ਵਧਾ ਕੇ ਪਾਣੀ ਨਾਲ ਧੋਣ ਦਾ ਹੁਕਮ ਕੀਤਾ, ਤਾਂ ਪਿਆਰ ਦੇ ਭਿੱਜੇ ਰੁਕਨਦੀਨ ਜੀ ਨੇ ਹਜ਼ੂਰ ਦਾ ਅੰਗੂਠਾ ਮੂੰਹ ਵਿਚ ਪਾ ਕੇ ਚੂਸ ਲਿਆ ਅਤੇ ਫੇਰ ਧੋਵਣ ਲੱਗੇ, ਤਾਂ ਹਜ਼ੂਰ ਨੇ ਫ਼ਰਮਾਇਆ: 'ਹੁਣ ਧੋਣ ਦੀ ਲੋੜ ਨਹੀਂ'। ਜਦ ਆਪ ਬੈਠਣ ਲੱਗੇ ਤਾਂ ਉਨ੍ਹਾਂ (ਰੁਕਨਦੀਨ) ਦੀ ਸੁਰਤੀ ਆਕਾਸ਼ ਮੰਡਲ ਵਿਚ ਜਾ ਪਹੁੰਚੀ, ਅਤੇ ਉਹ ਫਿਰ ਬੇਹੋਸ਼ ਹੋ ਗਏ। ਮੈਂ ਉਠਾਉਣ ਲੱਗਾ ਤਾਂ ਕਰੁਣਾਨਿਧਾਨ (ਬਾਬਾ ਜੀ) ਨੇ ਇਸ਼ਾਰਾ ਕਰਦਿਆਂ ਫੁਰਮਾਇਆ: ਇਸਨੂੰ ਦਰਗਾਹ ਦੀ ਸੈਰ ਕਰਨ ਦਿਓ, ਇਨ੍ਹਾਂ ਨੇ ਤਾਂ ਅਰਬ ਦੀ ਸੰਭਾਲ ਕਰਨੀ ਹੈ ਆਦਿ ਬਚਨ ਹੋ ਰਹੇ ਸਨ ਕਿ ਰੁਕਨਦੀਨ ਜੀ 'ਕਰਤਾਰ... ਕਰਤਾਰ' ਕਰਦੇ ਸਾਵਧਾਨ ਹੋਏ। ਉਠਦੇ (ਰੁਕਨਦੀਨ), ਨੂੰ ਮਹਾਰਾਜ ਜੀ ਨੇ ਜਲ ਦਾ ਛੱਟਾ

ਮਾਰਿਆ ਤਾਂ ਪੂਰੀ ਹੋਸ਼ ਵਿਚ ਆ ਗਏ; ਹਜ਼ੂਰ (ਬਾਬਾ ਜੀ) ਨੇ ਮੋਢੇ ਤੋਂ ਪਕੜ ਕੇ ਕਿਹਾ, "ਪੁਰਸ਼ ਜੀਓ! ਜੋ ਇਸ ਘੜੀ ਵਿਚ ਵੇਖਿਆ ਜੇ, ਆਪਣੇ ਦੇਸ਼-ਵਾਸੀਆਂ ਨੂੰ ਦਸਣ ਅਤੇ ਸਿਖਾਉਣ ਦੀ ਕੋਸ਼ਿਸ਼ ਕਰਨੀ। ਅਜਰ ਨੂੰ ਜਰਿਓ, ਕਰਤਰ ਸਦਾ ਅੰਗ-ਸੰਗ ਰਹਿਣਗੇ।"

ਇਸ ਅਨੋਖੀ ਜਿਹੀ ਜ਼ਿਮੇਦਾਰੀ ਦੇ ਬਚਨ ਸੁਣ ਕੇ, ਚਰਨਾ ਉਤੇ ਸਿਰ ਰਖ ਕੇ (ਰੁਕਨਦੀਨ) ਕਿਹਾ, "ਹੁਮਲ ਫੁਕਰਾ ਔਹਲੱਲਾਏ ਹੱਕ। ਲਕਦ ਹਾਜ਼ਾ ਵਬਜ਼ੀਕਾ ਅਲਫਕਰੋ ਫਖਰਾ ਹੁਮੁਲ, ਫੁਕਰਾ ਕਦ ਸਬਾਰੂ ਵਾ ਜਿਲੂ। ਫ਼ਾ ਔਵਿਜ ਹੁੰਮ ਬਿਜ਼ਾਕੱਸ ਬਾਰੇ ਅਜਰਾ ਹੁਮੁਲ ਫੁਕਰਾ ਵਾ ਔਸਾਦਾਤਾ ਹਕੁੱਨ। ਵਾ ਮਿਨ ਹੁੰਮ ਤਕਸਿਬੁਲ ਅਕਵਾਨੀ ਇਤਰਾ ਫ਼ਾ ਕੁੰਮ ਸਭਰੂ ਅਲੱਈ ਜੈਮੁਲ ਯਾਬੀ ਵਕਦ ਹਮਦੱਲਾ ਅਲ ਅਰਸੋ ਸਿੱਰਾ।"

ਭਾਵ-ਅਰਥ : "ਉਸ ਕਾਦਰਿ-ਮੁਤਲਕ ਦੀ ਦਰਗਾਹ ਦੇ ਮਕਬੂਲ ਅਤੇ ਫੁਕਰਾ ਲੋਕਾਂ ਦੇ ਸਰਦਾਰ! ਤੁਹਾਡੀ ਦਰਗਾਹਿ-ਫਕੀਰੀ ਤੋਂ ਮੈਨੂੰ ਸਬਰ ਅਤੇ ਤਹੱਮਲ ਪ੍ਰਾਪਤ ਹੋਵੇ ਅਤੇ ਤੁਹਾਡੀ ਫਕੀਰੀ ਦਾ ਖ਼ਜ਼ਾਨਾ ਮੇਰੀ ਸਦਾ ਰਾਖੀ ਕਰੇ, 'ਸਬਰ ਦਾ ਅਜਰ ਅਤੇ ਅਜਰ ਦਾ ਬਦਲਾ' ਤੁਹਾਡੇ ਕਦਮਾਂ ਦੀ ਸੁਗੰਧੀ ਮਿਲੇ ਅਤੇ ਮੇਰੇ ਆਖਰੀ ਸਵਾਸ ਤੁਹਾਡੀ ਤੇ ਤੁਹਾਡੇ ਰਬ ਦੀ ਸਿਫ਼ਤ ਵਿਚ ਪੂਰੇ ਹੋਣ।"

ਹਜ਼ੂਰ ਨੇ ਦਿਲੀ ਅਸੀਸ ਦਿਤੀ ਅਤੇ ਖੜਾਊਂ ਦੇ ਇਕ ਪੈਰ ਦੀ ਬਖ਼ਸ਼ਸ਼ ਕੀਤੀ; ਉਪਰੰਤ ਮੱਕੇ ਤੋਂ ਮਦੀਨੇ ਵਲ ਕੂਚ ਕਰ ਦਿੱਤਾ।

**ਰੁਕਨਦੀਨ ਤਾਰੀਖਿ ਅਰਬ 'ਚੋਂ:**

ਖ੍ਵਾਜਾ ਜ਼ੈਨੁਲਆਬਿਦੀਨ ਨੇ ਲਿਖਿਆ ਹੈ ਕਿ 'ਹਜ਼ੂਰ (ਬਾਬਾ ਜੀ) ਦੀ ਆਖਰੀ ਅਲਵਿਦਾ ਦੇ ਬਾਅਦ ਰੁਕਨਦੀਨ ਘਰ ਨਹੀਂ ਗਏ ਬਲਕਿ ਨਜ਼ਦੀਕ ਦੀ ਇਕ ਪਹਾੜੀ ਦੀ ਗੁਫ਼ਾ ਵਿਚ ਹਜ਼ੂਰ (ਬਾਬਾ ਜੀ) ਦੇ ਉਪਦੇਸ਼ ਦੀ ਤਾਮੀਲ ਵਿਚ ਜੁਟ ਗਏ।

ਕੁਝ ਸਮੇਂ ਦੇ ਬਾਅਦ ਅਮੀਰਿ-ਮੱਕਾ ਦੀ ਕਾਜ਼ੀ-ਮੰਡਲੀ ਦੇ ਮੁਫ਼ਤੀ ਨੇ ਰੁਕਨਦੀਨ ਦੇ 'ਕਾਫ਼ਰ' ਹੋਣ ਦੀ ਰਪਟ ਅਮੀਰਿ-ਮੱਕੇ ਨੂੰ ਪੇਸ਼ ਕੀਤੀ ਕਿ ਮੌਸੂਫ਼ ਵਲੀ-ਇ-ਹਿੰਦ (ਬਾਬਾ ਨਾਨਕ) ਦੀ ਬੈਤ ਹਾਸਲ ਕਰ ਕੇ ਦੀਨਿ ਇਸਲਾਮ ਤੋਂ

ਮੂੰਹ ਫੇਰ ਬੈਠਾ ਹੈ, ਅਤੇ ਨਾਨਕ ਦਾ ਕਲਮਾਂ ਧਾਰਨ ਕਰ ਕੇ ਸਾਰੇ ਐਹਕਾਂਮ-ਇ-ਸ਼ੱਰਈ ਤਿਆਗ ਕੇ ਕੋਹਿ-ਉਮਰਾ ('ਉਮਰਾ' ਦੀਆਂ ਕੰਧਰਾਵਾਂ) ਵਿਚ ਬੈਠਾ 'ਕੁਫ਼ਰ' ਦੇ ਕਲਮੇਂ ਪੜ੍ਹ ਰਿਹਾ ਹੈ।

ਅਮੀਰਿ-ਮੱਕਾ ਨੇ ਇਹ ਮਿਸਲ ਕਾਜ਼ੀ-ਇ-ਕਜ਼ਾ ਦੇ ਪਾਸ ਭੇਜ ਦਿੱਤੀ, ਜਿਸ ਉਪਰ ਪਹਿਲਾ (੧) ਫਤਵਾ ਇਹ ਲਾਇਆ ਗਿਆ ਕਿ ਨਾਨਕ ਫ਼ਕੀਰ 'ਕਾਫ਼ਰ' ਹੈ ਅਤੇ ਉਸਦੀ 'ਬੈਤ ਭੀ ਕੁਫ਼ਰ ਦੀ ਬੈਤ ਹੈ, (੨) ਫਤਵਾ, ਰੁਕਨਦੀਨ ਦੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ, (੩) ਫਤਵੇ ਵਿਚ ਗੁਰੂ ਨਾਨਕ ਦੇ ਆਸ਼ਕ ਤਮਾਮ ਬਰਾਦਰੀ ਖ਼ਵੇਸ਼ ਕਬੀਲੇ ਨੂੰ ਜਲਾਵਤਨੀ ਦਾ ਹੁਕਮ ਦਿੱਤਾ ਗਿਆ, ਜੋ ਹੁਣ ਤਕ ਇਲਾਕਾ 'ਤੀਰਾਹ', ਅਫਗਾਨੀ ਦੇਸ਼ ਵਿਚ ਵਸ ਰਹੇ ਹਨ, (੪) ਫਤਵੇ ਵਿਚ ੩੦ ਕੋਰੜਿਆ ਦੀ ਸਜ਼ਾ ਦਿੱਤੀ ਗਈ ਅਤੇ ਅਨ੍ਹੇਰੀ ਕੋਠੜੀ ਵਿਚ ਪਾ ਦਿੱਤੇ ਗਏ, ਇਕ ਪਾਸੇ ਕੋਰੜਿਆਂ ਦੀ ਸਜ਼ਾ ਸੀ, ਦੂਜੇ ਪਾਸ ੧੧ ਦਿਨਾਂ ਦੀ ਫ਼ਾਕਾ-ਕਸ਼ੀ ਦੀ ਅਤਿ ਦੁਖਦਾਈ ਸਜ਼ਾ ਭੀ ਜਾਰੀ ਕੀਤੀ ਗਈ, (੫) ਰੇਗਿਸਤਾਨੀ (ਰੇਤਲੇ) ਟਿੱਬਿਆਂ ਵਿਚ ਦਫ਼ਨ ਕਰਨ ਦਾ ਮਤਾ ਪਾਸ ਕੀਤਾ ਗਿਆ ਪਰ ਤਾਰੀਖਦਾਨ ਲਿਖਦੇ ਹਨ ਕਿ ਆਸ਼ਕ-ਏ-ਨਾਨਕ ਨੂੰ ਜਦ ਜੇਠ ਦੇ ਤਪਦੇ ਰੇਤਲੇ ਟਿੱਬਿਆ 'ਚੋਂ ਬਾਹਰ ਕੱਢਿਆ ਜਾਂਦਾ ਸੀ ਤਾਂ ਰੋਮ-ਰੋਮ ਤੋਂ 'ਸਤਿਕਰਤਾਰ... ਸਤਿਕਰਤਾਰ' ਦੀ ਧੁਨੀ ਸੁਣਨ ਵਿਚ ਆਉਂਦੀ ਸੀ ਅਤੇ ਆਤਮਕ ਮਸਤੀ ਵਿਚ ਮਖ਼ਮੂਰ 'ਰੁਕਨਦੀਨ' ਹਕੂਮਤ ਦੀ ਅਗਿਆਨਤਾ ਉਪਰ ਹਸਦੇ ਸਨ, (੬) ਫਤਵੇ ਵਿਚ ਆਪ ਦਾ ਮੂੰਹ ਕਾਲਾ ਕਰਕੇ, ਊਠ ਉਤੇ ਸਵਾਰ ਕਰਕੇ, ਮੱਕੇ ਦੀਆਂ ਗਲੀਆਂ ਵਿਚ ਫੇਰਿਆ ਗਿਆ। (੭) ਵਿਚ ਆਪ ਨੂੰ ਪੁੱਠਾ ਲਟਕਾ ਦਿੱਤਾ ਗਿਆ; ਅਰਥਾਤ ਹਰ ਕਸ਼ਟ ਵਿਚ ਸ਼ੈਦਾਈ-ਏ-ਨਾਨਕ ਨੂੰ ਚੜ੍ਹਦੀਆਂ ਕਲਾਂ ਵਿਚ ਹੀ ਵੇਖਿਆ ਗਿਆ।[2]

ਓੜਕ ਨੂੰ ਬਾਈਵੇਂ ਦਿਨ ਦੇ ਰਾਹੀਂ ਮੱਕੇ ਦੇ ਬਾਹਰ ਵੱਡੇ ਮੈਦਾਨ ਵਿਚ ਨਾਨਕ ਦੇ ਸ਼ੈਦਾਈ ਨੂੰ ਛਾਤੀ ਤਕ ਗੱਡ ਕੇ ਸੰਗਸਾਰ ਕਰ ਦੇਣ ਦਾ ਹੁਕਮ ਦੇ ਦਿੱਤਾ ਗਿਆ। ਮੱਕੇ ਸ਼ਹਿਰ ਅਤੇ ਇਲਾਕੇ ਦੇ ਲੋਕੀ ਪਥਰਾਂ ਦੀਆਂ ਝੋਲੀਆ ਭਰ ਕੇ

[2] ਰੁਕਨਦੀਨ ਦੇ ਅਨੁਯਾਈ 'ਤੀਰਾਹ' ਪਹਾੜੀਆ, ਅਫਗਾਨਿਸਤਾਨ 'ਚ ਵਸਦੇ ਹਨ।

ਇਸ ਇੰਤਜ਼ਾਰ ਵਿਚ ਘੇਰਾ ਪਾਈ ਖੜੇ ਸਨ ਕਿ ਹੁਣ ਹੀ ਕਿਸੇ ਵੱਡੇ ਕਾਜ਼ੀ ਦੇ ਹੁਕਮ ਨਾਲ 'ਕਾਫ਼ਰ' ਦੇ ਉਪਰ ਪੱਥਰਾਂ ਦੀ ਇਹੋ ਜਹੀ ਬੁਛਾੜ ਕਰਾਂਗੇ ਕਿ ਵਿਰਦ-ਇ-ਅਮੀਰਿ-ਮੱਕਾ ਪ੍ਰਸੰਨ ਹੋ ਜਾਵੇਗਾ। ਇਧਰ ਸ਼ੈਦਾਈ-ਏ-ਹੱਕ (ਰੁਕਨਦੀਨ) ਛਾਤੀ ਤਕ ਧਰਤੀ ਵਿਚ ਸੀ, ਪਰ ਜ਼ਬਾਨ ਵਿਰਦ-ਇ-ਨਾਨਕ ਵਿਚ ਲੀਨ ਸੀ, ਹੋਠ ਸਿਮਰਨ ਵਿਚ ਹਿਲ ਰਹੇ ਸਨ ਅਤੇ ਚਿਹਰਾ, ਜਗਮਗ-ਜਗਮਗ ਕਰਦਾ ਸੂਰਜ ਵਾਂਗ ਚਮਕ ਰਿਹਾ ਸੀ, ਉਦਾਸੀਨਤਾ ਦੀ ਥਾਂ ਖੁਸ਼ੀ ਦਾ ਹੜ ਸੀ, ਜਿਵੇਂ ਨਵੇਂ ਵਿਆਹ ਦਾ ਜੋਬਨ ਹੋਵੇ।

ਮਰਯਾਦਾ ਦੇ ਮੁਤਾਬਕ ਸ਼ਾਹਿ-ਮੱਕਾ ਨੇ ਆਪਣੇ ਵਲੋਂ ਦੋ ਏਲਚੀ ਭੇਜੇ ਕਿ ਰੁਕਨਦੀਨ ਦੇ ਆਖ਼ਰੀ ਬਿਆਨ ਕਲਮ-ਬੰਦ ਕਰੇ।

ਦੋਹਾਂ ਕਾਜ਼ੀਆਂ ਨੇ ਕੋਲ ਜਾ ਕੇ ਜ਼ੋਰ ਨਾਲ ਬੁਲਾ ਕੇ ਕਿਹਾ ਕਿ, "ਹੁਣ ਤੂੰ 'ਸ਼ਰਹ' ਦੇ ਫਤਵੇ ਦੇ ਮੁਤਾਬਕ ਮੌਤ ਦੇ ਘਾਟ ਉਤਰ ਗਿਆ ਹੈਂ; ਆਪਣਾ ਆਖ਼ਰੀ ਬਿਆਨ ਕਲਮਬੰਦ ਕਰਾਓ"। ਸੁਣਦੇ ਸਾਰ ਗੁਰੂ ਕੇ ਅਕਾਰ (ਸਰੀਰਕ ਬਿੰਬ) ਤੋਂ ਵਿਛੋੜਾ ਹੋ ਗਿਆ ਅਤੇ ਨੇਤਰ ਖੁਲ੍ਹ ਗਏ, ਸਾਹਮਣੇ ਖਲੋਤੇ ਸਜਣਾ ਦੇ ਹੱਥਾਂ ਵਿਚ ਕਾਗਜ਼, ਕਲੰਮ-ਦਵਾਤ ਵੇਖ ਕੇ ਖੁਸ਼ ਹੋਏ ਅਤੇ ਮੁਰੀਦ ਨੂੰ ਫੌਰਨ ਕਾਅਬੇ ਵਿਚ ਬੈਠੇ ਮੁਰਸ਼ਦ (ਬਾਬਾ ਜੀ) ਦੇ ਆਖ਼ਰੀ ਬਚਨ ਯਾਦ ਆ ਗਏ, ਕਿ ਮੇਰੇ ਮੁਰਸ਼ਦਿ ਦਸਤਗੀਰ ਨੇ ਅੰਤਮ ਵਿਦੈਗੀ ਸਮੇਂ ਇਉਂ ਫੁਰਮਾਇਆ ਸੀ, "ਜੋ ਵੇਖਿਆ ਈ ਜਗਤ ਨੂੰ ਦੱਸੀਂ, ਸੋ ਅਜ ਦੱਸਣ ਦਾ ਵੇਲਾ ਆ ਗਿਆ ਹੈ।

ਆਸ਼ਕ ਨੇ ਸੂਲੀ 'ਤੇ ਚੜ੍ਹ ਕੇ ਬਬਾਂਗਿ ਦਹੱਲ ਆਵਾਜ਼ ਦਿੱਤੀ: 'ਐਹ ਅਰਬ ਦੇ ਰਹਿਣ ਵਾਲੇ ਲੋਕੋ! ਮੇਰਾ ਇਹ ਆਖ਼ਰੀ ਬਿਆਨ ਤੁਹਾਡੇ ਲਈ ਹੀ ਨਹੀਂ ਬਲਕਿ ਸਾਰੇ ਸੰਸਾਰ ਲਈ ਹੈ, ਕਿਉਂਕਿ ਇਹ ਨਾਅਰਾ-ਇ-ਹੱਕ ਹੈ, ਜੋ ਇਸਦੀ ਵੀਚਾਰ ਕਰੇਗਾ ਉਹ ਬਹਿਸ਼ਤ ਭੋਗੇਗਾ।" ਫਿਰ ਬਾ-ਆਵਾਜ਼ਿ-ਬੁਲੰਦ 'ਕੂਕ' ਦੇ ਕੇ ਕਿਹਾ: "ਯਾ ਰੱਬਾਨੀ ਯਾ ਖ਼ਤੀਬਾ ਅਲ ਇਮਾਮਿ ਹਜ਼ਰਤ, ਗੁਰੂ ਨਾਨਕ ਮਾ, ਅਲਾ ਕਲਾਮੇਹੂ ਇਨਾ ਹੁੰਮ ਫ਼ੀਹੇ ਮੁਸਲੇਮੂਨ"। ਭਾਵ: 'ਮੇਰਾ ਰਬ ਮੇਰਾ ਦੀਨ-ਈਮਾਨ ਨਾਨਕ ਹੀ ਹੈ ਜੋ ਸਭ ਤੋਂ ਵੱਡੀ ਕਿਤਾਬ ਦਾ ਮਾਲਕ ਹੈ ਤੇ ਤਹਿਕੀਕ ਮੈਂ ਉਸ ਨਾਨਕ ਦਾ ਹੀ ਮਨਣ ਵਾਲਾ ਹਾਂ। ਐ ਦੁਨੀਆਂ ਦੇ ਲੋਕੋ! ਜੇ ਤੁਸੀਂ ਨਿਜਾਤ

(ਮੁਕਤੀ) ਦੇ ਚਾਹਵਾਨ ਹੋ ਤਾਂ ਨਾਨਕ ਦੀ ਸ਼ਰਨ ਵਿਚ ਆ ਜਾਣਾ'।[3] ਇਹ ਅੱਖਰ ਕਹਿੰਦਿਆਂ ਗਰਦਨ ਖੰਮ ਖਾ ਗਈ(ਟੇਢੀ ਹੋ ਗਈ) ਅਤੇ ਸੁਆਸ ਖਤਮ ਹੋ ਗਏ। ਪਥਰਾਂ ਦੀਆਂ ਭਰੀਆਂ ਝੋਲੀਆਂ ਲੋਕਾਂ ਦੇ ਆਪਣੇ ਪੈਰਾਂ ਉਪਰ ਹੀ ਡਿੱਗੀਆਂ)। ਤਮਾਮ ਹਜੂਮ ਇਸ ਦ੍ਰਿਸ਼ ਨੂੰ ਵੇਖ ਕੇ ਅਫ਼ਸੋਸਜ਼ਦਾ (ਨਿਰਾਸ਼) ਤੇ ਹਾਏ-ਹਾਏ ਕਰਦੇ ਘਰਾਂ ਨੂੰ ਚਲੇ ਗਏ। **ਤ੍ਵਾਰਖਿ-ਅਰਬ** ਦੇ ਕਰਤਾ (ਜ਼ੈਨੁਲਾਬਦੀਨ) ਨੇ ਦੱਸਿਆ ਹੈ ਕਿ ਪੰਜਾਹ ਫ਼ੀਸਦੀ ਇਸ ਇਕੱਠ ਵਿਚੋਂ ਨਾਨਕ ਦੇ ਮਦਾਅ-ਖ਼ਵਾਨ (ਮੁਤਲਾਸ਼ੀ) ਬਣ ਗਏ, ਭਾਵ ਸਿਮਰਨ ਕਰਨ ਵਾਲੇ, ਸਿਫ਼ਤ ਕਰਨ ਲਗ ਪਏ ਅਤੇ 'ਕਰਤਾਰ' ਨਾਮ ਵਿਚ ਲੀਨ ਹੋਏ।

ਇਥੇ ਪਿਆਰੇ ਪਾਠਕ ਨੂੰ ਦਸ ਦੇਣਾ ਜ਼ਰੂਰੀ ਹੈ ਕਿ ਬੈਤੁਲਮੁਕੱਦਸ ਅਤੇ ਮੁੱਕੇ ਵਿਚ ਉਪਰੋਕਤ ਮਹਾਂਪੁਰਸ਼ਾਂ ਦੀ ਅੰਸ਼ ਇਸ ਵਕਤ ਇਨ੍ਹਾਂ ਸ਼ਹਿਰਾਂ ਵਿਚ ਮੌਜੂਦ ਹੈ। ਇਥੇ ਸਭ ਤੋਂ ਵੱਡਾ ਤੇ ਸ਼ੇਰ-ਦਿਲ ਕਬੀਲਾ 'ਬਧੂਆਂ' ਦਾ ਹੈ, ਜੋ ਸਭ ਗੁਰੂ ਨਾਨਕ ਦੇਵ ਜੀ ਦੇ 'ਸਿੱਖ' ਹਨ।

ਮੱਕੇ ਵਿਚ ਲਹਿੰਦੀ ਗੁਠੇ ਤਿੰਨ ਸਾਹਵੇਂ ਹੁਜਰੇ ਹਨ –

੧. ਹਜ਼ਰਤ ਸੁਲਤਾਨ ਬਾਹੂ ਸਾਹਿਬ ਦਾ ਹੈ

੨. ਸ਼ੈਖ ਫਰੀਦ ਸਾਹਿਬ ਦਾ,

੩. ਨਾਨਕ ਸ਼ਾਹ ਫ਼ਕੀਰ ਕਰਕੇ ਸਦਾਉਂਦਾ ਹੈ।

ਇਥੇ ਹਜ਼ੂਰ (ਬਾਬਾ ਜੀ) ਦੀ ਇਕ ਖੜਾਊਂ ਦੇ ਦਰਸ਼ਨ ਹੁੰਦੇ ਹਨ। ਦੂਸਰਾ ਅਸਥਾਨ, ਬੜਾ ਖ਼ੂਬਸੂਰਤ ਗੁੰਬਦ-ਨੁਮਾ ਮੰਦਰ, ਸ਼ਹਿਰ ਵਿਚਾਲੇ ਸੁਭਾਇਮਾਨ ਹੈ। ਇਥੇ 'ਆਸਾ' - ਨਾਨਕਸ਼ਾਹੀ ਦੇ ਦਰਸ਼ਨ ਕਰਾਏ ਜਾਂਦੇ ਹਨ। ਅੱਖਰ ਕਰਤਾ (ਮੁਸ਼ਤਾਕ ਹੁਸੈਨ) ਨੂੰ ਇਨ੍ਹਾਂ ਦੋਹਾਂ ਅਸਥਾਨਾਂ ਦੇ ਦਰਸ਼ਨ ਅਰਬ-ਯਾਤਰਾ ਸਮੇਂ ਹੋਏ ਸਨ (1927-30)।

---

[3] ਇਨਾਂ ਅਖਰਾਂ ਤੋਂ ਸਾਬਤ ਹੈ ਕਿ ਭਾਈ ਰੁਕਨਦੀਨ ਗੁਰੂ ਦੇ ਰਾਹ ਦੇ ਪਹਲੇ ਸ਼ਹੀਦ ਹਨ ਜੋ ਬਾਬਰ-ਜਬਰ ਵੱਲੋਂ ਕੁਰਬਾਨ ਕੀਤੇ ਤਾਰੂ-ਪੋਪਟ (1526) ਤੋਂ ਪੇਹ੍ਲਾ ਪਰਵਾਨ ਹੋਇਆ ਸ਼ਹੀਦ ਹੈ।

ਇਕ ਗੱਲ, ਜੋ ਅਸੀਂ ਪਿਛੋਂ ਦੱਸਣੀ ਭੁਲ ਆਏ ਹਾਂ ਅਤੇ ਜੋ ਦਸਣੀ ਅਤਿ ਜ਼ਰੂਰੀ ਹੈ ਕਿ, ਸਾਥੀਆਂ ਸਮੇਤ ਜਦੋਂ ਰੁਕਨਦੀਨ ਜੀ ਕਾਅਬੇ ਵਿਚ ਆਏ ਸਨ, ਓਦੋਂ ਇਕ ਰੇਸ਼ਮੀ ਚੋਗਾ ਜਿਸ ਦੇ ਉਤੇ ਅਰਬੀ ਜ਼ੁਬਾਨ ਵਿਚ ਹਜ਼ੂਰ ਦੀ ਤਾਰੀਫ਼ ਅਤੇ ਬਹੁਤ ਸਾਰੀਆਂ ਕੁਰਾਨ ਦੀਆ ਆਇਤਾਂ, ਜੋ ਤੌਹੀਦ ਨਾਲ ਸਬੰਧਤ ਸਨ, ਲਿਖੀਆਂ ਹੋਈਆਂ ਸਨ, ਨਾਲ ਹੀ ਪੰਜ ਸੇਰ ਖਜ਼ੂਰਾਂ ਭੇਟ ਕੀਤੀਆਂ ਗਈਆਂ ਸਨ। ਯਾਦ ਰਹੇ ਕਿ ਇਕ ਚੋਲਾ 'ਕਾਰੂੰ ਹਮੀਦ' ਨੇ ਭੀ ਭੇਟਾ ਕੀਤਾ ਸੀ, ਉਹਦੇ ਉਤੇ ਭੀ ਅਰਬੀ ਹੀ ਲਿਖੀ ਹੋਈ ਸੀ; ਕਿਉਂਕਿ 'ਕਾਰੂੰ', ਮਿਸਰ ਦੇਸ਼ ਦਾ ਬਾਦਸ਼ਾਹ ਸੀ ਜੋ ਇਲਾਕਾ ਅਰਬ ਨਾਲ ਮਿਲਦਾ ਹੈ। ਡੇਹਰਾ ਬਾਬਾ ਨਾਨਕ ਵਿੱਚ ਜੋ 'ਚੋਲਾ ਸਾਹਿਬ' ਹਨ ਇਹ ਪਤਾ ਨਹੀਂ ਉਹ ਕਿਹੜੇ ਹਨ ਕਿੰਤੂ ਅਰਬ ਵਾਲੇ ਚੋਲੇ ਦੀ ਨਿਸਾਨੀ 'ਤਾਜੁਦੀਨ ਸਾਹਿਬ' ਨੇ 'ਸੂਰਤਿ-'ਫ਼ਾਤਿਆ', ਅਤੇ ਅੰਤ ਵਿਚ 'ਇਸਮਿ ਆਜ਼ਮ':

''ਲਾਇਲਾਹਾਇਲਾ ਅਸਮਿਤਾ ਸੁਬਹਾਨਕਾ ਇੰਨੀ ਕੁੰਨ ਤੇ ਮਿਨਜਾਲੇਮੀਨ'' ਲਿਖਿਆ ਦਸਦੇ ਹਨ। 'ਸੂਰਤਿ-ਫ਼ਾਤਿਆ' ਇਸ ਤਰ੍ਹਾਂ ਹੈ: ''ਅਲਹਮਦੋ ਲਿੱਲਾਹੇ ਰਬੁੱਲ ਆਲਮੀਨ, ਅਰੱਹਮਾ ਨਿਰਹੀਮੇ, ਮਾਲੇ ਕੋਯੌ ਮਿੰਦੀਨ ਲਿਲਾ, ਇੱਯਾ ਕਨਾਹੁਬੁਦੋ ਵਾ ਲਿਯਾ ਕਾ ਨਸਤਾਈਨ, ਇਹ ਹਦੋ ਨਸਿੱਰਾ ਤੱਲਮੁਸਤਕੀਮ, ਵ ਸਿਰਾ ਤੇਜੀਨਾ, ਅਨਅਮਤਾ ਅਲੈ ਹਿੰਮ ਗੈਰਿਲ ਮਗਦੂ ਬੇ ਅਲੈਹਿੰਮ ਵ ਲਦੱਵਾ ਲੀਨ, ਆਮੀਨ।''

ਇਹ ਸੂਰਤ ਕੁਰਾਨ ਦੇ ਮੁਢ ਵਿਚ ਆਉਂਦੀ ਹੈ ਅਤੇ ਨਮਾਜ ਵਿਚ 'ਨਿਤਨੇਮ' ਦੀ ਤਰ੍ਹਾਂ ਪੜ੍ਹੀ ਜਾਂਦੀ ਹੈ।

**ਮਦੀਨਾ ਉਧਾਰ:**

ਪੀਰ ਤਾਜੁਦੀਨ ਸਾਹਿਬ ਪੁਸਤਕ 'ਸੱਯਾਹਤੇ ਬਾਬਾ ਨਾਨਕ ਫਕੀਰ', ਵਿਚ ਲਿਖਦੇ ਹਨ ਕਿ ਮੁੱਕੇ ਤੋਂ ਅਲਵਿਦਾ ਦੇ ਸਮੇਂ ਕਰੁਣਾਨਿਧਾਨ ਸਤਿਗੁਰੂ ਜੀ ਦੇ ਵਿਛੋੜੇ ਵਿਚ ਪ੍ਰੇਮੀਆਂ ਨੇ ਅਤਿ ਰੁਦਨ ਕੀਤਾ, ਤਾਂ ਬਾਬਾ ਜੀ ਨੇ ਆਪਣੇ ਹਥ ਦੀ ਟੋਹਣੀ (ਆਸਾ) ਯਾਦਗਾਰ ਵਜੋਂ ਬਖ਼ਸ਼ਿਆ ਅਤੇ ਬਚਨ ਕੀਤਾ: "ਹਾਜ਼ਾ ਆਸਾ ਮਿਨ ਫਜ਼ਲੇ ਰਬੀ ਇੰਨਾਂ ਦੀਦਾਰੁਮ ਫ਼ੀਰੇ ਹੱਕਾ ਰੁ ਵਸੀਰਾ ਤੂਲ ਮੁਸਤਕੀਮ"। ਇਕ ਸ਼ਾਇਰ ਨੇ ਇਉਂ ਅਰਥ ਕੀਤੇ ਹਨ: "ਹਥਦਾ ਆਸਾ ਬਖਸ਼ ਕੇ ਹੁਕਮ ਕੀਉ ਗੁਰ ਆਪ। ਜੋਤੀ ਦਰਸ਼ਨ ਪਾਏਗਾ ਮਿਟੇ ਦੂਖ ਸੰਤਾਪ।

ਲੁਗਵੀ ਅਰਥ: 'ਇਹ ਆਸਾ ਈਸ਼ਵਰੀ ਮਿਹਰ ਜਾਨਣਾ, ਤਾਕੀਦ। ਇਸਦੇ ਵਿਚ ਪਰਮਾਤਮਾ ਦੇ ਦਰਸ਼ਨ ਅਤੇ ਸਿੱਧੀ ਦਾ ਰਾਹ ਹੈ'।

ਇਸ 'ਆਸੇ' ਦਾ ਜ਼ਿਕਰ ਪਿਛੇ ਭੀ ਹੋ ਚੁੱਕਾ ਹੈ, ਅਰਬੀ ਜਨਤਾ ਇਸ 'ਆਸੇ' ਦੇ ਦਰਸ਼ਨ ਆਪਣੀ ਨਿਜਾਤ (ਮੁਕਤੀ) ਸਮਝਦੇ ਹਨ।

ਮੱਕੇ ਤੋਂ ਨਜ਼ਦੀਕ ਹੀ 'ਅਮਰਾ' ਨਾਉਂ ਦਾ ਸ਼ਹਿਰ ਹੈ, ਇਥੇ ਇਮਾਮ ਜਾਹਫ਼ਰ, ਜੋ ਇਸਲਾਮੀ ਦੁਨੀਆ ਦੇ ਪੇਸ਼ਵਾ ਮੰਨੇ ਜਾਂਦੇ ਹਨ, ਉਨ੍ਹਾ ਦੇ ਪੁੱਤਰ 'ਇਮਾਮ ਗੁਲਾਮ ਕਾਦਰ' ਨੂੰ ਗਿਆਨ ਦਿੱਤਾ ਅਤੇ ਬਹੁਤ ਸਾਰੀ ਚਰਚਾ ਦੇ ਬਾਅਦ ਅਰਬ ਦੇਸ਼ ਵਿਚ ਤੌਹੀਦ ਦਾ ਪ੍ਰਚਾਰ ਕਰਨ ਦੀ ਤਾਕੀਦ ਕੀਤੀ। ਇਮਾਮ ਨੇ ਆਪਣੀ ਮਸੀਤ, ਜੋ ਇਨ੍ਹਾਂ ਦੇ ਜੱਦੀ ਬਜ਼ੁਰਗਾਂ ਦੀ ਸੀ, ਜਿਸ ਮਸਜਦ ਵਿਚ ਅਮਰੇ ਦੇ ਲੋਕ ਨਮਾਜ਼ ਪੜ੍ਹਿਆ ਕਰਦੇ ਸਨ, ਗੁਰੂ ਜੀ ਦੀ ਯਾਦ ਵਿਚ ਵਕਫ਼ ਕਰ ਦਿੱਤੀ, ਜਿਥੇ ਨਰੋਲ ਗੁਰੂ ਜੀ ਦੀ ਹੀ ਭਗਤੀ ਹੋਣ ਲੱਗੀ। ਸ਼ਹਿਰੀ ਮੋਮਨਾਂ ਨੂੰ ਨਮਾਜ਼ਾਂ ਪੜ੍ਹਨ ਲਈ ਹੋਰ ਮਸੀਤ ਬਨਵਾਉਣੀ ਪਈ। ਇਸ ਅਸਥਾਨ ਦਾ ਨਾਓ ਮਸਜਦਿ ਵਲੀ-ਇ-ਹਿੰਦ ਹੈ। ਇਮਾਮ ਜਾਫ਼ਰੀ ਸਾਹਿਬ, ਇਮਾਮ ਸਾਫ਼ੀ ਸਾਹਿਬ, ਇਮਾਮ ਕਮਾਲਦੀਨ ਤੇ ਜਮਾਲਦੀਨ ਸਾਹਿਬ ਭੀ ਇਹ ਸ਼ਕਤੀ ਵੇਖ ਕੇ ਹੈਰਾਨ ਹੋ ਗਏ। ਇਨ੍ਹਾਂ 'ਚੋਂ ਇਮਾਮ ਜਾਅਫ਼ਰ ਨੇ ਹਜ਼ੂਰੀ ਵਿਚ ਆ ਕੇ ਪ੍ਰੇਮ ਨਾਲ ਬਾਣੀ ਸੁਣੀ, ਬਾਬਾ ਜੀ ਨੇ ਅਰਬੀ 'ਚ ਉਚਾਰਿਆ:

"ਨਹਮ ਹਫਤ ਚਾਹਰ ਦਾਹਾ ਸਲਾਮਾ ਵਾ ਰੁਬਥਾ ਨਿਜੇਤ ਅਲੇ ਰੁਬੱਯਾ ਵਾਲਾ ਇੱਲਾਹ ਵਾਹਦਾਤੁਮ ਕਾਨੂ ਲੇ ਇਲਾਹਾ ਲਾ ਨਬਯੂ ਜਯਾ ਵਾਲਾ ਵਾਹਿਬਥਾਨ ਨਾਜਲਾ"

ਭਾਵ ਨੈਖੰਡ, ਸਪਤਦੀਪ, ਚੌਧਾਂ ਤਬਕ ਤਿੰਨ ਗੁਣਾਂ ਦਾ ਪ੍ਰਤਾਪ ਹੈ। ਹਿੰਦੂ ਵਿਚਾਰ ਕਿ ਚਾਰ ਵੇਦਾਂ ਨੇ ਚਾਰ ਵਰਣਾਂ ਵਿਚ ਮਾਨਵ ਮਾਤ੍ਰ ਨੂੰ ਵੰਡਿਆ ਹੈ। ਅੱਲਾ ਵਾਲਿਆਂ ਅਨੁਸਾਰ 'ਅੱਲਾਹ' ਇਕ ਹੈ ਜਿਸਦੀ ਕੋਈ ਬਰਾਬਰੀ ਨਹੀਂ ਹੋ ਸਕਦੀ ਹੈ। ਅੱਲਾਹ ਨੇ ਆਪਣੇ ਨਬੀ ਤੱਕ ਹੀ ਇਲਹਾਮ ਸੀਮਤ ਨਹੀ ਕੀਤਾ ਅਤੇ ਨਾ ਉਹ ਕਿਸੇ ਦਾ ਆਭਾਰੀ ਹੈ। ਉਪਰੰਤ ਅਰਜ਼ ਗੁਜਾਰੀ ਕਿ, "ਹੇ ਆਖਰ-ਉ-ਜ਼ਮਾਂ ਨਬੀ! ਇਨ੍ਹਾਂ ਨੇ ਗਲਤੀ ਅਤੇ ਗੁਸਤਾਖੀ ਕੀਤੀ ਹੈ, ਨਜ਼ਰਿ-ਅਨਾਇਤ ਬੰਦ-

ਖਲਾਸ ਫ਼ਰਮਾਈ ਜਾਵੇ", ਤਾਂ ਇਨ੍ਹਾਂ ਦੀ ਤਕਸੀਰ ਮਾਫ਼ ਹੋਈ। ਸਮੇਤ ਬਾਦਸ਼ਾਹ ਦੇ ਸਾਰੇ ਚਰਨੀ ਲੱਗੇ ਤੇ ਬਖ਼ਸਿਸ਼ ਪ੍ਰਾਪਤ ਹੋਈ। ਮਦੀਨਾ ਇਸਲਾਮ ਦਾ ਪ੍ਰਸਿੱਧ ਸਥਾਨ ਹੈ, ਹਜ਼ਰਤ ਨੇ ਆਖਰੀ ਦਿਨ ਇਥੇ ਬਿਤਾਏ ਅਤੇ ਇਥੇ ਹੀ ਆਖਰੀ ਸਵਾਸ ਲਏ। ਮਦੀਨੇ ਵਿਚ ਹਜ਼ੂਰ ਨੂੰ 'ਆਖ਼ਰੀ ਨਬੀ' ਤਸਲੀਮ ਕੀਤਾ ਗਿਆ ਅਤੇ ਪੈਗੰਬਰਾਂ ਵਾਂਗ ਆਪ ਦੀ ਪੂਜਾ ਹੋਣ ਲਗ ਪਈ। ਹਜ਼ੂਰ ਨੇ ਇਥੇ ਸਤਾਈ ਦਿਨ ਇਨਸਾਨੀ ਸਿਧਾਂਤ ਦਾ ਪ੍ਰਚਾਰ ਕੀਤਾ ਅਤੇ ਤੁਰਨ ਸਮੇਂ ਸਮੂਹ ਇਮਾਮਾਂ ਤੇ ਪੀਰਾਂ ਨੇ ਨਿਸ਼ਾਨੀ ਮੰਗੀ ਤਾਂ ਹਜ਼ੂਰ ਨੇ ਦੂਜੀ ਖੜਾਉਂ ਦਾ ਪੈਰ ਹਵਾਲੇ ਕੀਤਾ ਜਿਸ ਦੇ ਹੁਣ ਤਕ ਦਰਸ਼ਕਾਂ ਨੂੰ ਦਰਸ਼ਨ ਹੁੰਦੇ ਹਨ।

'ਕੂਫ਼ਾ' ਉਧਾਰ:

'ਕੂਫ਼ਾ' ਸ਼ਹਿਰ ਨਹਿਰ ਫ਼ੁਰਾਤ ਦੇ ਲਾਗੇ ਬਹੁਤ ਖ਼ੂਬਸੂਰਤ ਅਤੇ ਪੁਰਾਣਾ ਸ਼ਹਿਰ ਹੈ। ਇਹ ਸ਼ਹਿਰ ਹਜ਼ਰਤ ਮੁਹੰਮਦ ਸਾਹਿਬ ਦੇ ਵਡੱਕਿਆਂ 'ਚੋਂ ਇਮਾਮ 'ਮਾਵੀਆ' ਦਾ ਜੱਦੀ ਅਸਥਾਨ ਹੈ। ਇਥੇ ਹੀ 'ਯਜ਼ਦ' ਨੇ ਹਜ਼ਰਤ ਅਲੀ ਦੇ ਪੁੱਤ 'ਹੁਸੈਨ' ਨੂੰ, ਸੁਣੇ ਉਨ੍ਹਾਂ ਦੇ ਕੁਟੰਬ ਦੇ, ਸ਼ਹੀਦ ਕੀਤਾ ਸੀ, ਜਿਸ ਅਸਥਾਨ ਦਾ ਨਾਉਂ 'ਕਰਬਲਾ' ਕਰਕੇ ਪ੍ਰਸਿੱਧ ਹੈ, ਅਤੇ ਸ਼ਹਿਰ ਤੋਂ ਬਾਹਰ ਦਖਣੀ ਗੁਠ ਵੱਲ ਹੈ। ਇਹਦੇ ਲਾਗੇ ਹੀ ਕਬਰਿਸਤਾਨ ਵਿਚ 'ਨਾਨਕ ਵਲੀ ਹਿੰਦ' ਦੇ ਨਾਉਂ ਦਾ ਇਕ ਸੁਹਣਾ ਜਿਹਾ ਮੰਦਰ ਹੈ ਜਿੱਥੇ ਤਿੰਨ ਮਹੀਨੇ ਕੁਝ ਦਿਨ ਰਹਿ ਕੇ ਬਾਬਾ ਜੀ ਨੇ ਜੀਵ-ਉਧਾਰ ਕੀਤਾ ਸੀ। ਇਸ ਸ਼ਹਿਰ ਵਿਚ 'ਇਮਾਮ ਮਾਵੀਆ' ਦੀ ਔਲਾਦ ਬਹੁਗਿਣਤੀ ਵਿਚ ਵਸਦੀ ਹੈ ਅਤੇ ਗੁਰੂ ਚਰਨਾਂ ਨਾਲ ਭੀ ਬਹੁਤਾ ਪਿਆਰ ਰੱਖਣ ਵਾਲੀ, ਸੰਖਿਆਂ 'ਚ ਹੀ ਵਧੇਰੇ ਹੈ। 'ਨਾਨਕ ਵਲੀ ਹਿੰਦ' ਨਾਮ ਦੇ ਅਸਥਾਨ ਦੇ ਪੁਜਾਰੀ ਹੋਣ ਦਾ ਮਾਣ ਭੀ ਇਸੇ ਹੀ ਅੰਸ ਨੂੰ ਹੈ। 'ਸਫ਼ਰਨਾਮੇ' ਦੇ ਕਰਤਾ ਜੀ ਲਿਖਦੇ ਹਨ, ਕਿ ਮਿਹਰਾਂ ਦੇ ਮਾਲਕ (ਬਾਬਾ ਜੀ) ਕਬਰਾਂ ਵਿਚ ਬੈਠੇ ਕੀਰਤਨ ਦੀ ਧੁੰਨ ਵਿਚ ਮਸਤ ਸਨ। ਅਨੇਕਾਂ ਮਾਈ-ਭਾਈ ਆਉਂਦੇ-ਜਾਂਦੇ, ਦਰਸ਼ਨ ਪਾਦੇ ਨਰੰਕਾਰੀ ਹੁਲਾਸ ਲੈ ਰਹੇ ਸਨ। ਕਈ ਪ੍ਰੇਮੀ ਬਿਲਾਸ ਦਵਾਰਾ ਆਪਣੀ ਆਤਮਾਂ ਸ਼ਾਂਤ ਕਰਦੇ ਸਨ।

**ਸਲੀਮਾ ਉਧਰ:**

ਇਕ ਮਾਈ, ਜੋ ਰੋਜ਼ ਦੀ ਸਤਿਸੰਗਣ ਸੀ, ਚੁਪੀਤੇ ਜਿਹੇ ਇਕ ਕੋਨੇ ਵਿਚ ਬੈਠ ਕੇ, ਆਤਮਕ ਅਨੰਦ ਵਿਚ ਜੁੜ ਕੇ ਚਲੀ ਜਾਇਆ ਕਰਦੀ ਸੀ । ਇਸਦਾ ਨਾਉ 'ਸਲੀਮਾਂ' ਸੀ। ਆਤਮਕ ਅਨੰਦ ਵਧ ਜਾਣ ਕਰਕੇ ਕਦੀ-ਕਦੀ ਭੋਜਨ ਭੀ ਲਿਆਉਂਦੀ ਅਤੇ ਪ੍ਰੇਮ ਨਾਲ ਛਕਾਉਂਦੀ ਸੀ । ਬਹੁਤ ਨੇਕ ਤੇ ਭਜਨੀਕ ਤੀਵੀਂ ਸੀ। ਇੰਉ ਇਲਾਹੀ ਜਲਾਲ ਨੂੰ ਜਰਨਾਂ, ਜੇ ਕੋਈ ਦਸ਼ਾ ਆ ਵਾਪਰੇ ਤਾਂ ਸ਼ੀਲਤਾ ਨਾਲ ਸਹਿਨ ਦੀ ਕੋਸ਼ਿਸ਼ ਕਰਨੀ, ਗੁਰੂ ਦਾ ਮਾਰਗ ਅਤੇ ਗੁਰੂ ਦਾ ਸਹਾਰਾ ਨਿਸ਼ਚੇ ਹੀ ਉਮਾਹ-ਭਰਪੂਰ ਹੈ ਪਰ ਇਸ ਮਾਰਗ ਉਪਰ ਤੁਰਨਾ ਸੌਖਾ ਨਹੀਂ। ਗੁਰੂ-ਪਿਤਾ ਲਗਾਤਾਰ ਉਨ੍ਹਾਂ ਨੂੰ ਆਜ਼ਮਾਉਂਦੇ ਰਹਿੰਦੇ ਹਨ ਜਿਹੜੇ ਉਨ੍ਹਾਂ ਦੇ ਮਾਰਗ ਦੇ ਪਾਂਧੀ ਬਣ ਜਾਂਦੇ ਹਨ। ਇਕ ਦਿਨ ਸਲੀਮਾ (ਬਾਬਾ) ਨਾਨਕ ਜੀ ਦੀ ਸੰਗਤ ਕਰਦੇ ਹੋਇਆਂ ਗੁਰੂ ਜੀ ਦੇ ਨੇੜੇ ਬਹਿ ਗਈ ਜਿਥੇ ਉਸਨੂੰ ਐਸਾ ਸ਼ਾਂਤ-ਚਿਤ ਵਾਤਾਵਰਣ ਪ੍ਰਾਪਤ ਹੋਇਆ ਕਿ ਸੂਤੈ ਹੀ ਸਮਾਧਿ ਵਿਲੀਨ ਹੋ ਗਈ। ਸੂਰਜ ਡੁੱਬ ਰਿਹਾ ਸੀ ਅਤੇ ਮੈਨੂੰ (ਤਾਜੁਦੀਨ) ਨੂੰ ਆਖਿਆ "ਇਸ ਬੱਚੀ ਨੂੰ ਕਹੋ ਕਿ ਅਪਣੇ ਘਰ ਜਾਵੇ" ਮੈਂ (ਤਾਜੁਦੀਨ) ਹੈਰਾਨ ਸਾਂ, ਕਿਉਂਕਿ ਅੱਜ ਤੱਕ ਬਾਬਾ ਜੀ ਨੇ ਗੂੜੀ ਧਿਆਨ ਮਗਨਤਾ ਵਿਚ ਟਿਕੇ ਕਿਸੇ ਵਿਅਕਤੀ ਪ੍ਰਤੀ ਦਖਲਅੰਦਾਜ਼ੀ ਲਈ ਕਦੀ ਵੀ ਨਹੀ ਸੀ ਆਖਿਆ ਮੈਂ ਹੌਲੀ-ਹੌਲੀ ਉਸਨੂੰ ਬੁਲਾਇਆ ਅਤੇ ਸਲੀਮਾ ਸਾਵਧਾਨ ਹੋ ਗਈ, ਥੋੜਾ ਹੈਰਾਨੀ ਪੂਰਵਕ ਅੱਖਾਂ ਖੋਲੀਆਂ ਅਤੇ ਗੁਰੂ ਜੀ ਵਲ ਝਾਕੀ, ਅਤੇ ਗੁਰੂ ਜੀ ਨੇ ਉਸ ਨੂੰ ਆਦੇਸ਼ ਦਿੱਤਾ "ਬੱਚੀ! ਘਰ ਜਾਓ, ਅਤੇ ਛੇਤੀ ਕਰਕੇ"। ਜਾਣ ਤੋਂ ਪਹਿਲਾਂ ਉਸ ਬਾਬਾ ਜੀ ਦੇ ਚਰਨ ਛੂਹੇ। ਗੁਰੂ ਜੀ ਵੱਲੋਂ ਛਿੰਨ ਭਰ ਦੀ ਮਿਹਰ-ਏ-ਨਜ਼ਰ ਨੇ ਉਸਦੇ ਅੰਦਰ ਮਹਿਰਾਮਤ ਦਾ ਭਰਪੂਰ ਸਾਗਰ ਉਮਾਹਿਤ ਹੋ ਗਿਆ ਅਤੇ 'ਜੋਤਿ' ਅੰਦਰ ਪ੍ਰਕਾਸ਼-ਹੀ-ਪ੍ਰਕਾਸ਼ ਉਪਜ ਪਿਆ। ਉਸਨੇ ਆਪਣੇ ਘਰ ਵਲ ਕਦਮ ਚੁੱਕੇ ਸਨ ਕਿ ਉਸ ਗੁਰੂ ਜੀ ਦੀਆਂ ਪਰਕਰਮਾ ਕੀਤੀਆਂ ਅਤੇ ਬੋਲੀ "ਮੈਨੂੰ ਯਕੀਨ ਹੈ ਕਿ ਮੇਰਾ ਪਤੀ ਪਰਤ ਆਇਆ ਹੋਵੇਗਾ, ਮੈਂ ਕਲ੍ਹ ਉਸ ਨੂੰ ਵੀ ਨਾਲ ਲਿਆਵਾਂਗੀ" ਬਾਬਾ ਜੀ ਨੇ ਫੁਰਮਾਇਆ "ਬੱਚੀ ਯਾਦ ਰੱਖੀਂ ਕਿ, ਹਮੇਸ਼ ਅਡੋਲ ਰਹੀਂ। ਅੱਲਾਹ ਵੱਲੋਂ ਹੁਣ ਪ੍ਰਾਪਤ ਹੋਈਆਂ ਖੁਸ਼ੀਆਂ ਨੂੰ ਸਹੀ ਤਰ੍ਹਾਂ

ਹੰਢਾਈ। ਕਿਹੋ ਜਿਹੇ ਵੀ ਹਾਲਾਤ ਆਵਣ ਤੂੰ ਅਡੋਲ ਰਹੀਂ" ਸਲੀਮਾ ਝੁਕੀ ਅਤੇ ਤੁਰ ਗਈ। ਇਹ ਸੁਸ਼ੀਲ ਜਦ ਘਰ ਪੁਜੀ ਤਾਂ ਸਚਮੁਚ ਖਾਵੰਦ (ਪਤੀ) ਦੇ ਆਲੇ-ਦੁਆਲੇ ਲੋਕੀ, ਘੇਰਾ ਪਾਈ, ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ। ਮਾਲਕ (ਪਤੀ) ਨੇ ਭੀ ਆਪਣੀ ਤੀਵੀਂ ਨੂੰ ਕੈਰੀ ਅੱਖ ਨਾਲ ਘੂਰ ਕੇ ਵੇਖਿਆ।

'ਸਲੀਮਾਂ' ਨੇ ਅਦਬ ਵਿਚ ਆ ਕੇ 'ਜੀਓ ਆਇਆਂ' ਆਖਿਆ ਪਰ ਪਤਾ ਲਗ ਗਿਆ ਕਿ ਸ਼ਰੀਕਾਂ ਅਤੇ 'ਦੋਖੀਆਂ' ਨੇ ਮੇਰੇ ਖਿਲਾਫ ਮੇਰੇ ਪਤੀ ਨੂੰ ਬਹੁਤ ਕੁਝ ਸਿਖਾ ਦਿੱਤਾ ਹੈ। ਧੀਰਜ ਤੇ ਸਹਿਨਸ਼ੀਲਤਾ ਦੇ ਦੌਰਾਨ ਪ੍ਰੇਮ ਸਹਿਤ ਭੋਜਨ ਤਿਆਰ ਕਰਕੇ ਛਕਣ ਲਈ ਕਿਹਾ, ਅਤੇ ਸਫ਼ਰ ਦੇ ਹਾਲਾਤ ਤੋਂ ਜਾਣੂ ਹੋਣ ਲਈ ਭੀ ਬਿਨੇ ਕੀਤੀ, ਤਾਂ ਅੱਗੋਂ ਸਿਖਾਇਆ ਹੋਇਆ ਸਰੀਰ ਕੜਕ ਕੇ ਬੋਲਿਆ, "ਮੈਨੂੰ ਪਤਾ ਲੱਗਾ ਹੈ ਕਿ ਤੂੰ ਮੇਰੀ ਸ਼ਰਮ ਗ਼ੈਰਤ ਮੇਰੇ ਪਿੱਛੋਂ ਮਿੱਟੀ ਵਿਚ ਮਿਲਾ ਦਿੱਤੀ ਹੈ"? ਉਹ ਫਿਰ ਬੋਲੀ

ਸਲੀਮਾ: "ਹੈਂ! ਪਤੀ ਦੇਵ! ਤੁਹਾਡੀ ਇੱਜ਼ਤ ਮੈਂ ਮਿੱਟੀ ਵਿਚ ਮਿਲਾ ਦਿੱਤੀ ਹੈ"?

"ਨਹੀਂ , ਨਹੀਂ! ਬਲਕਿ ਮੇਰੀ ਘਾਲਨਾਂ ਅਤੇ ਸਿਦਕ ਦਾ ਨਤੀਜਾ ਹੈ ਕਿ ਆਪ ਸਹੀ-ਸਲਾਮਤ ਘਰ ਪੁਜ ਗਏ ਹੋ, ਨਹੀਂ ਤਾਂ ਤੁਸੀਂ ਮਿਸਰ ਦੀ ਅਦਾਲਤ 'ਚੋਂ ਕਤਲ ਦੇ ਬਦਲੇ 'ਕਤਲ' ਹੋ ਜਾਂਦੇ"।

ਖ਼ਾਵੰਦ ਹੈਰਾਨ ਹੋ ਕੇ: "ਸਲੀਮਾਂ! ਮਿਸਰ ਦੀ ਗੱਲ ਦਾ ਤੈਨੂੰ ਕਿਸ ਤਰ੍ਹਾਂ ਪਤਾ ਲੱਗਾ ਹੈ? ਮੈਂ ਆਪਣੇ ਵਲੋਂ ਤਾਂ ਘਰ ਕੋਈ ਖ਼ਬਰ ਨਹੀਂ ਭੇਜੀ ਸੀ ਕਿ ਖ਼ਾਹ-ਮਖ਼ਾਹ ਦਾ ਫਿਕਰ ਪੈ ਜਾਏਗਾ"।

ਸਲੀਮਾ: "ਮੈਨੂੰ ਪਤਾ ਹੈ ਕਿ ਤੁਸੀਂ ਮਿਸਰ ਤੋਂ ਘਰ ਪਰਤੇ ਸੀ ਅਤੇ ਧਰਤੀ 'ਚੋਂ ਸੋਨੇ ਦੀਆਂ 500 ਮੋਹਰਾਂ ਕੱਢ ਲੈ ਗਏ ਅਤੇ 'ਮਾਜਿਦ' ਨੂੰ ਦਿੱਤੀਆਂ ਸਨ।"

ਖਾਵੰਦ: "ਉਦੋਂ ਭੀ ਮੈਂ ਆਪਣੀ ਕੈਦ, ਜ਼ਮਾਨਤ ਜਾਂ ਕੋਈ ਹੋਰ ਜ਼ਿਕਰ ਤੁਹਾਡੇ ਨਾਲ ਨਹੀਂ ਕੀਤਾ, ਚੁਪ-ਚਪੀਤੇ ਹੀ ਮੁੜ ਗਿਆ ਸਾਂ! ਸਲੀਮਾ! ਸਚ ਦਸ, ਮੇਰੀ ਮਿਸਰ ਵਾਲੀ ਕਹਾਣੀ ਦਾ ਤੈਨੂੰ ਕਿਵੇਂ ਪਤਾ ਲੱਗਾ, ਬੜੀ ਗੁਪਤ ਗਲ ਹੈ, ਅੱਲਾ! ਸਲੀਮਾਂ, ਛੇਤੀ ਦੱਸੋ"।

ਸਲੀਮਾਂ: "ਪਤੀ ਦੇਵ, ਪਹਿਲਾਂ ਆਪ ਖਾਣਾ ਖਾਉ ਫੇਰ ਸਭ ਕੁਝ ਦਸਾਂਗੀ"।

ਖਾਵੰਦ: "ਪਿਆਰੀ ਸਲੀਮਾਂ, ਤੇਰੀ ਇਸ ਵਾਕਫ਼ੀ-ਭਰੀ ਗਲ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ, ਲਿਆਓ ਮੈਂ ਖਾਣਾ ਖਾਂਦਾ ਹਾਂ, ਪਰ ਤੁਸੀਂ ਕੋਲ ਬੈਠ ਕੇ ਸਮਝਾਉ ਤਾਂ ਸਹੀ, ਕੌਣ ਹੈ ਜੋ ਤੁਹਾਨੂੰ ਦਸ ਗਿਆ ਹੈ?"

ਸਲੀਮਾਂ: "ਮਾਲਕ! ਪਹਿਲਾਂ ਆਪ ਦੱਸੋ ਆਪ ਜੀ ਨੂੰ ਮਿਸਰ ਦੀ ਕਚਹਿਰੀ ਵਿਚ ਪੇਸ਼ ਹੋਣ ਦੀ ਲੋੜ ਕਿਉਂ ਪਈ, ਇਹ ਢੋਅ ਕਿਵੇ ਢੁਕਾ"?

ਖਾਵੰਦ: "ਪਿਆਰੀ, ਕੀ ਪੁਛਦੀਏਂ, ਖ਼ੁਦਾਵੰਦ ਵਲੋਂ ਅਚਨਚੇਤ ਹੀ ਮੁਸੀਬਤ ਆ ਪਈ ਸੀ, ਜੇ ਉਸ ਦਰਬਾਰ 'ਚੋਂ ਮੇਰੀ ਜ਼ਮਾਨਤ ਇਕ ਨੇਕ ਬੰਦਾ ਨ ਦਿੰਦਾ ਤਾਂ ਨਾ ਹੀ 'ਮਜੀਦ' ਭਤੀਜੇ ਦੀ ਅਮਾਨਤ ਅਦਾ ਹੁੰਦੀ ਅਤੇ ਨ ਹੀ ਇਹ ਮਾਲ-ਲਸ਼ਕਰ ਲੈ ਕੇ ਅਜ ਤੇਰੇ ਕੋਲ ਪੁੱਜਦਾ।"

ਸਲੀਮਾਂ (ਹਸਕੇ): "ਜੀ ਉਹ ਜ਼ਮਾਨਤੀ ਕੌਣ ਸੀ ਤੇ ਕਿਵੇਂ ਗੁਜ਼ਰੀ"?

ਖਾਵੰਦ: "ਸੁਣ ਸਲੀਮਾਂ, ਸੈਹਰੀ (ਅੰਮ੍ਰਿਤ-ਵੇਲਾ) ਸੀ, ਮਿਸਰ ਸ਼ਹਿਰ ਤੋਂ ਬਾਹਰ ਸਵੇਰ ਦੀ ਨਮਾਜ਼ ਪੜ੍ਹ, ਦੁਆ-ਇ-ਖੈਰ ਮੰਗ ਕੇ ਜਦੋਂ ਕਾਫ਼ਲੇ ਨੇ ਕੂਚ ਕੀਤਾ ਤਾਂ ਮਿਸਰ ਸ਼ਹਿਰ ਦੀ, ਬਾਹਰ ਦੀ, ਬਾਹੀ ਤੋਂ, ਲੰਘਦੇ ਅਸੀਂ ਇਕ ਬਾਗ਼ ਕੋਲੋਂ ਲੰਘੇ ਤਾਂ ਬਾਗੜਏ (ਊਠ ਦਾ ਨਾਉਂ) ਨੇ ਇਕ ਸਿਊਆਂ (ਸੇਬਾਂ) ਦੇ ਬੂਟੇ ਨੂੰ ਮੂੰਹ ਪਾ ਲਿਆ ਅਤੇ ਟਾਹਣੀਆਂ ਤੋੜਕੇ ਖਾ ਗਿਆ। ਬਾਗ਼ ਦਾ ਮਾਲਕ, ਜੋ ਬਿਰਧ ਜਿਹਾ ਸੀ, ਦੌੜ ਕੇ ਬਾਗ 'ਚੋਂ ਨਿਕਲਿਆ; ਗੁਸੇ ਵਿਚ ਲਾਲ-ਪੀਲਾ ਹੋ ਕੇ ਜ਼ੋਰ ਨਾਲ ਪੱਥਰ ਮਾਰਿਆ ਜੋ ਊਠ ਦੀ ਪੁੜ-ਪੁੜੀ ਵਿਚ ਵੱਜਾ ਅਤੇ ਨਾਲ ਹੀ ਪਿਆਰੇ ਬਾਗੜੀਏ (ਊਠ) ਦੇ ਪ੍ਰਾਣ ਹਰਨ ਹੋ ਗਏ। ਸਲੀਮਾਂ! ਤੈਨੂੰ ਪਤਾ ਹੈ! ਇਹ ਊਠ, ਜੋ ਘਟ ਤੋਂ ਘਟ ਪੰਜਾਹ ਊਠਾਂ ਦਾ ਬਾਪ ਤੇ ਬੜਾ ਪੁਰਾਣਾ ਊਠ ਸੀ, ਉਸਦੀ ਮੌਤ ਮੈਥੋਂ ਜਰੀ ਨਾ ਗਈ। ਉਹੋ ਹੀ ਪੱਥਰ ਚੁਕ ਕੇ ਮਿਸਰੀ ਬੁਢੇ ਦੇ ਸਿਰ ਵਿਚ ਮਾਰਿਆ। ਬਸ, ਫਿਰ ਕੀ ਸੀ, ਮੇਰਾ ਨਿਸ਼ਾਨਾਂ ਕਜ਼ਾ ਨਹੀਂ ਗਿਆ, ਲਗਦਿਆਂ ਹੀ ਊਠ ਦੀ ਤਰ੍ਹਾਂ ਉਸਦੀ ਭੀ ਜਾਨ ਹਵਾ ਹੋ ਗਈ। ਉਸਦੇ ਮਰਨ ਦੀ ਦੇਰ ਸੀ ਮੈਂ ਆਪਣੇ ਕਾਫ਼ਲੇ ਨੂੰ ਬੜੀ ਤੇਜ਼ੀ ਨਾਲ ਭਜਾਇਆ, ਪਰ ਥਹੁੜੀ ਹੀ ਵਿੱਥ ਤੇ ਬੁੱਢੇ

ਦੇ ਪੋਤ੍ਰਿਆਂ ਨੇ ਆ ਘੇਰਿਆ; ਫੜ ਕੇ ਅਮੀਰ-ਇ-ਮਿਸਰ ਦੀ ਕਚਹਿਰੀ ਵਿਚ ਜਾ ਪੇਸ਼ ਕੀਤਾ ਅਤੇ 'ਖ਼ੂਨ ਦਾ ਬਦਲਾ ਖ਼ੂਨ' ਲੈਣ ਦਾ ਦਾਅਵਾ ਕਰ ਦਿੱਤਾ। ਸਲੀਮਾ ਇਸ ਸਮੇਂ ਕੋਈ ਪੀਰ-ਫਕੀਰ, ਵਲੀ-ਔਲੀਯਾ, ਪੈਗੰਬਰ ਐਸਾ ਨਹੀਂ ਹੋਵੇਗਾ, ਜਿਸ ਨੂੰ ਮੈਂ ਨਹੀਂ ਚੇਤੇ ਕੀਤਾ"!

"ਬਾਦਸ਼ਾਹ ਨੇ ਮੁਦੱਈਆਂ ਤੋਂ ਕਹਾਣੀ ਸੁਣ ਕੇ, ਲਾਲ-ਪੀਲਾ ਹੋ ਕੇ, ਮੇਰੇ ਵਲ ਵੇਖ ਹੁਕਮ ਦਿੱਤਾ ਕਿ 'ਤੂੰ ਮਜ਼ਮੂਨ ਸੁਨ ਲਿਆ ਹੈ'? ਸਿਰ ਖੰਮ-ਤਾਜ਼ੀਮ ਵਿਚ (ਸਿਰ ਨੀਵਾਂ ਕਰਕੇ) ਆ ਕੇ ਬਿਨੇ ਕੀਤੀ: "ਹਾਂ ਬਾਦਸ਼ਾਹ ਸਲਾਮਤ, ਸੁਣ ਲਿਆ ਹੈ, ਮਗਰ ਇਨ੍ਹਾਂ ਦੇ ਦਾਦੇ ਨੇ ਮੇਰਾ ਖ਼ੂਬਸੂਰਤ ਊਠ ਪੱਥਰ ਮਾਰ ਕੇ ਮਾਰ ਦਿੱਤਾ ਸੀ, ਮੈਂ ਆਪਣੇ ਪਿਆਰੇ ਊਠ ਦੀ ਮੌਤ ਨੂੰ ਨ ਬਰਦਾਸ਼ਤ ਕਰਦਿਆਂ ਉਹ ਹੀ ਪੱਥਰ ਚੁਕ ਕੇ ਬਾਬੇ ਨੂੰ ਮਾਰਿਆ। ਬਾਦਸ਼ਾਹ ਸਲਾਮਤ! ਇਕ ਪਾਸ ਊਠ ਤੜਫ਼-ਤੜਫ ਕੇ ਮਰ ਗਿਆ ਸੀ, ਦੂਜੇ ਪਾਸੇ ਬੁਢਾ ਭੀ ਮਰ ਗਿਆ, 'ਯਾ ਅਮੀਰ! ਮੇਰਾ ਊਠ ਬਹੁਤ ਕੀਮਤੀ ਸੀ"।

ਬਾਦਸ਼ਾਹ ਨੇ ਕਿਹਾ, "ਤੈਨੂੰ ਸ਼ਰਈ ਐਹਕਾਮ ਦਾ ਪਤਾ ਨਹੀਂ? ਜੇ ਤੇਰਾ ਊਠ ਮਾਰ ਦਿੱਤਾ ਗਿਆ ਸੀ ਤਾਂ ਤੂੰ ਅਦਾਲਤ ਵਿਚ ਆ ਕੇ ਊਠ ਦੀ ਕੀਮਤ ਦਾ ਦਾਅਵਾ ਕਰਦੋਂ, ਜੋ ਇਨਸਾਫ਼ ਨਾਲ ਦਿਵਾਈ ਜਾ ਸਕਦੀ ਸੀ। ਹੁਣ ਤਾਂ ਕਤਲ ਦੇ ਬਦਲੇ ਕਤਲ ਹੀ ਹੋਣਾ ਪਵੇਗਾ। ਕੋਈ ਉਜ਼ਰ ਹੈ ਤਾਂ ਕਰ ਸਕਦਾ ਹੈ"।

"ਸਲੀਮਾ! ਉਸ ਨਾਗਹਾਨੀ (ਅਣ-ਆਈ) ਬਿਪਤਾ ਸਮੇਂ ਮੈਨੂੰ ਹੋਰ ਤਾਂ ਕੁਛ ਨ ਸੁਝਿਆ ਕੇਵਲ ਇਹ ਅਰਜ਼ ਕੀਤੀ, 'ਹੇ ਬਾਦਸ਼ਾਹ ਸਲਾਮਤ! ਮੈਨੂੰ ਇਸਲਾਮੀ ਕਾਨੂੰਨ ਦੇ ਅੱਗੇ ਕੋਈ ਉਜ਼ਰ ਨਹੀਂ ਹੈ, ਐਹਕਾਮ (ਹੁਕਮ) ਸ਼ਰਈ ਨੂੰ ਮੇਰੀ ਸਲਾਮ ਹੈ, ਪਰ ਜੇ ਤਿੰਨ ਦਿਨਾਂ ਦੀ ਮੁਹਲਤ ਬਖਸ਼ੀ ਜਾਵੇ ਤਾਂ ਮੇਰੇ ਜ਼ਿੰਮੇ ਯਤੀਮ ਬੱਚਿਆਂ ਦੀ ਅਮਾਨਤ ਹੈ, ਜਿਸ ਦਾ ਮੇਰੇ ਬਿਨਾਂ ਹੋਰ ਕਿਸੇ ਨੂੰ ਪਤਾ ਨਹੀਂ ਹੈ, ਉਨ੍ਹਾਂ ਦੇ ਹਵਾਲੇ ਕਰਕੇ ਠੀਕ ਤੀਜੇ ਦਿਨ ਨੂੰ ਹਾਜ਼ਰ ਹੋ ਜਾਵਾਂਗਾ, ਮੈਨੂੰ ਦੀਨ ਦੇ ਹੁਕਮ ਸਾਹਮਣੇ ਕੋਈ ਉਜ਼ਰ ਨਹੀਂ ਹੈ।" ਇਹ ਸੁਣ ਕੇ ਬਾਦਸ਼ਾਹ ਨੇ ਕਿਹਾ ਕਿ ਤਿੰਨਾ ਦਿਨਾਂ ਦੀ ਜ਼ਮਾਨਤ ਦੇ ਕੇ ਬੇ-ਸ਼ੱਕ ਜਾ ਸਕਦੇ ਹੋ।

ਇਸ ਵਕਤ ਦਰਬਾਰ ਖਚਾ-ਖਚ ਭਰਿਆ ਹੋਇਆ ਸੀ। ਬਾਦਸ਼ਾਹ ਦਾ ਹੁਕਮ ਸੁਣ ਕੇ ਸਾਰੇ ਮੇਰੇ ਵੱਲ ਵੇਖਣ ਲੱਗੇ ਕਿ ਬਾਦਸ਼ਾਹ ਨੇ ਫੇਰ ਆਖਿਆ "ਕਿਉਂ ਭਾਈ, ਇਸ ਸਭਾ ਵਿਚ ਤੇਰਾ ਕੋਈ ਵਾਕਫ਼ ਹੈ, ਜੋ ਤੇਰੀ ਜ਼ਮਾਨਤ ਦੇ ਸਕੇ?" ਤਾਂ ਮੈਂ ਬੜੀ ਗਹੁ ਦੇ ਨਾਲ ਸਾਰੀ ਸਭਾ ਵਲ ਦੇਖਿਆ। ਇਸ ਪਰਦੇਸ ਅਤੇ ਬਿਪਤ-ਘਟਾ ਵਿਚ ਮੇਰਾ ਕੌਣ ਵਾਕਫ਼ ਹੋ ਸਕਦਾ ਸੀ? ਹੈਰਾਨੀ ਨਾਲ ਇਧਰ-ਉਧਰ ਵੇਖਦਿਆਂ ਇਕ ਨੁਕਰੇ ਸਫੈਦ ਕੱਪੜਿਆਂ ਵਾਲਾ, ਸੋਹਣੇ ਚਮਕਦੇ ਚੇਹਰੇ ਵਾਲਾ ਇਕ ਪੁਰਸ਼ ਬੈਠਾ ਵੇਖਿਆ ਜੋ ਮੇਰੇ ਵਲ ਬੜੀ ਗਹੁ ਨਾਲ ਵੇਖ ਰਿਹਾ ਸੀ, ਮਾਨੋ ਮੈਨੂੰ ਕਹਿ ਰਿਹਾ ਸੀ ਕਿ ਮੈਨੂੰ ਆਪਣੀ ਚੋਣ ਵਿਚ ਚੁਣ ਲੈ। ਬਸ ਸਲੀਮਾਂ, ਖੁਦਾ ਦੀ ਤਵੱਕਲ ਕਰਕੇ, ਉਸਦੇ ਵਲ ਦੋਵੇਂ ਬਾਹਵਾਂ ਕਰ, ਬਾਦਸ਼ਾਹ ਨੂੰ ਕਹਿ ਦਿੱਤਾ, 'ਇਹ ਨੇਕ ਮਰਦ ਮੇਰੀ ਜ਼ਮਾਨਤ ਦੇਵੇਗਾ'।"

"ਬਾਦਸ਼ਾਹ ਨੇ ਉਹਦੇ ਵਲ ਮੁਖ਼ਾਤਬ ਹੋ ਕੇ ਪੁਛਨਾਂ ਕੀਤਾ: 'ਕਿਆ ਤੁਮ ਇਸ ਕਾਤਲ ਕੀ ਜ਼ਮਾਨਤ ਦੋਗੇ?' ਹੇ ਬੀਵੀ! ਉਸ ਨੇਕ ਪੁਰਸ਼ ਨੇ ਇਨਕਾਰ ਨਹੀਂ ਕੀਤਾ ਬਲਕਿ ਉਠਕੇ ਉਸਨੇ ਤਾਈਦ ਕਰ ਦਿੱਤੀ ਕਿ 'ਮੈਂ ਇਸਦਾ ਜ਼ੁੰਮੇਵਾਰ ਹਾਂ। ਆਪਣੇ ਵਾਅਦੇ ਮੁਤਾਬਕ ਠੀਕ ਤੀਜੇ ਦਿਨ ਨਾ ਹਾਜ਼ਰ ਹੋਇਆ ਤਾਂ ਇਸਦੀ ਥਾਂ ਮੈਨੂੰ ਕਤਲ ਕਰਕੇ ਮੁਦੱਈਆਂ ਨੂੰ ਕਤਲ ਦਾ ਬਦਲਾ ਦਿੱਤਾ ਜਾਵੇ।"

"ਇਸ ਵਾਕਿਆ ਤੋਂ ਬਾਅਦ ਮੈਂ ਆਪਣੀ ਤੇਜ਼ ਊਠਣੀ ਉਤੇ ਸਵਾਰ ਹੋ, ਘਰ ਪੁਜ ਕੇ, ਯਤੀਮਾਂ ਦੀ ਅਮਾਨਤ ਹਵਾਲੇ ਕਰ ਗਿਆ ਸਾਂ। ਸਲੀਮਾ! ਇਹ ਵਾਕਿਆ ਜੇ ਉਦੋਂ ਮੈਂ ਤੈਨੂੰ ਦਸ ਦਿੰਦਾ ਤਾਂ ਸ਼ਾਇਦ ਤੂੰ ਮੈਨੂੰ ਵਾਪਸ ਨ ਜਾਣ ਦਿੰਦੀ। ਜਦ ਤਕ ਮੈ ਇਹ ਕੁਝ ਕਰਕੇ ਮੁੜ, ਵਾਇਦੇ ਅਨੁਸਾਰ, ਮਿਸਰ ਨਹੀਂ ਪੁਜਾ, ਉਸ ਨੇਕ ਮਰਦ ਦੀ ਪਾਕ ਸੂਰਤ ਮੇਰੀ ਅੱਖ ਤੋਂ ਉਹਲੇ ਨਹੀਂ ਹੋਈ। ਉਸਦੀ ਪਾਕ ਮੂਰਤ ਦੀ ਕਸ਼ਿਸ਼ ਨੇ ਹੀ ਮੈਨੂੰ ਵੇਲੇ ਸਿਰ ਕਚਹਿਰੀ ਜਾ ਪੁਚਾਇਆ ਸੀ ਅਤੇ ਮੈਂ ਭੀ ਪ੍ਰਣ ਕਰ ਲਿਆ ਸੀ ਕਿ ਐਸੇ ਨੇਕ ਆਦਮੀ ਦੀ ਜਾਨ-ਜੋਖਮ ਵਿਚ ਕਦੀ ਨਹੀਂ ਪੈਣ ਦਿਆਂਗਾ। ਖ਼ੁਦਾ ਦੀ ਮਿਹਰਬਾਨੀ ਨੇ ਮੈਨੂੰ ਠੀਕ ਉਸ ਵਕਤ ਪਹੁੰਚਾ ਦਿੱਤਾ ਸੀ ਜਦੋਂ ਕਚਹਿਰੀ ਖਚਾ-ਖਚ ਭਰੀ ਹੋਈ ਸੀ। ਮੁਦੱਈਆਂ ਨੇ ਬਾਦਸ਼ਾਹ ਨੂੰ ਆਖ ਦਿੱਤਾ ਸੀ ਕਿ ਉਹ ਸ਼ਖਸ ਕਤਈ ਵਾਪਸ ਨਹੀਂ ਪੁਜੇਗਾ,

ਵਕਤ ਗੁਜ਼ਰ ਚੁੱਕਾ ਹੈ ਬਲਕਿ ਹਿਸਾਬ ਅਨੁਸਾਰ ਤਿੰਨਾ ਦਿਨਾ ਤੋਂ ਇਹ 'ਘੜੀ' ਉਪਰ ਵਲ ਜਾ ਰਹੀ ਹੈ, ਸਾਨੂੰ ਵਿਅਕਤੀ ਦੇ ਖ਼ੂਨ ਦਾ ਬਦਲਾ 'ਜ਼ਾਮਨ' ਤੋਂ ਦਿਵਾਇਆ ਜਾਵੇ"।

"ਇਧਰ ਉਹ ਨੇਕ ਮਰਦ ਬਾਦਸ਼ਾਹ ਦੇ ਸਾਹਮਣੇ ਆਪਣੀ ਛਾਤੀ ਠਕੋਰ ਕੇ ਕਹਿ ਰਿਹਾ ਸੀ ਕਿ 'ਮੈਂ ਹਾਜ਼ਰ ਹਾਂ, ਇਨ੍ਹਾਂ ਨੂੰ ਜ਼ਰੂਰ ਬਦਲਾ ਦਿਵਾਇਆ ਜਾਵੇ'। ਇਹ ਇਕ ਅਸਚਰਜ ਦ੍ਰਿਸ਼ ਸੀ ਕਚਹਿਰੀ ਦੇ ਤਮਾਸ਼ਾਈ ਲੋਕ ਨੇਕ-ਮਰਦ ਦੀ ਨੇਕੀ ਅਤੇ ਦਲੇਰੀ ਨੂੰ ਵੇਖ-ਵੇਖ ਉਂਗਲਾਂ ਦੰਦਾਂ ਵਿਚ ਲਈ ਖੜੇ ਸਨ ਕਿ ਅਚਨਚੇਤ ਮੈਂ ਆਪਣੀ ਊਠਣੀ ਤੋਂ ਉਤਰ ਕੇ ਭਰੇ-ਦਰਬਾਰ ਵਿਚ 'ਅੱਸਲਾਮੁਅਲੇਕੁੰਮ' ਜਾ ਬੁਲਾਈ; ਵੇਲੇ ਸਿਰ ਪੁਜ ਜਾਣ ਕਰਕੇ ਬਾਦਸ਼ਾਹ ਨੇ ਮੈਨੂੰ 'ਆਫਰੀਨ' ਬੁਲਾਈ ਅਤੇ ਹਾਜ਼ਰੀਨ ਭੀ 'ਸ਼ਾਬਾਸ਼ ਸ਼ਾਬਾਸ਼' ਕਹਿ ਉਠੇ"।

"ਸਲੀਮਾਂ! ਖੁਦਾ ਜਾਣੇ ਬਾਦਸ਼ਾਹ ਦੇ ਦਿਲ ਉਤੇ ਕੀ ਅਸਰ ਹੋਇਆ, ਕੁਝ ਸੋਚ-ਵੀਚਾਰ ਅਤੇ ਚੁਪ ਤੋਂ ਉਪਰੰਤ, ਬਜਾਏ ਕਤਲ ਦੇ, ਮੈਨੂੰ ਹੁਕਮ ਸੁਣਾਇਆ ਗਿਆ ਕਿ 'ਤੇਰੀ ਨੇਕ-ਨਿਯਤੀ, ਅਤੇ ਤੇਰੇ ਜ਼ਾਮਨ ਦੀ ਨੇਕੀ, ਇਸਲਾਮ ਦੀ ਦਰਗਾਹ 'ਚੋਂ ਤੈਨੂੰ ਬਰੀ ਕਰਦੀ ਹੈ'"।

ਸਲੀਮਾਂ (ਖੁਸ਼ੀ ਵਿਚ): "ਮਾਲਕ ਜੀ, ਜਿਸ ਨੇਕ-ਸੂਰਤ ਨੇ ਤੁਹਾਡੀ ਜ਼ਮਾਨਤ ਦਿੱਤੀ ਸੀ ਉਸ ਸ਼ਕਲ ਤੋਂ ਤਾਂ ਤੁਸੀਂ ਜਾਣੂ ਹੀ ਹੋਵੋਗੇ?"

ਖਾਵੰਦ (ਹੋਕਾ ਲੈ ਕੇ): "ਹਾਂ, ਜ਼ਰੂਰ ਜਾਣੂ ਹਾਂ, ਪਰ ਉਸਦਾ ਮਿਲਨਾ ਬਹੁਤ ਮੁਸ਼ਕਿਲ ਹੈ, ਮਿਸਰ ਦੀ ਅਦਾਲਤ ਤੋਂ ਬਰੀ ਹੋ ਕੇ ਬਾਅਦ ਵਿਚ ਬਹੁਤ ਢੂੰਡਿਆ, ਉਸਦਾ ਕਿਧਰੇ ਪਤਾ ਨਹੀਂ ਲਗਾ, ਬਥੇਰਾ ਲੋਕਾਂ ਤੋਂ ਵੀ ਪੁੱਛਿਆ, ਸਭ ਨੇ ਇਹ ਹੀ ਕਿਹਾ: 'ਉਹ ਬੰਦਾ ਦੋ ਵੇਰਾਂ ਹੀ ਅਸਾਂ ਭੀ ਵੇਖਿਆ ਹੈ, ਯਾ ਤੇਰੀ ਜ਼ਮਾਨਤ ਦੇਣ ਵੇਲੇ ਤੇ ਯਾ ਅਜ ਜ਼ਮਾਨਤ-ਤਲਬੀ ਸਮੇਂ ਹਾਜ਼ਰ ਸੀ'; ਇਸ ਤੋਂ ਵਧ ਉਸਦੀ ਕਿਸੇ ਨੇ ਪਛਾਨ ਨਹੀਂ ਦਿੱਤੀ। ਬੀਵੀ! ਮੈਂ ਤਾਂ ਇਹ ਹੀ ਜਾਣਿਆਂ ਹੈ ਕਿ ਨਬੀ-ਪਾਕ ਨੇ ਆਪ ਮੇਰੀ ਮਦਦ ਕੀਤੀ ਹੈ"।

ਸਲੀਮਾਂ ਚੁੱਪ ਮਗਨ ਹੋ ਕੇ ਅੰਦਰੋ-ਅੰਦਰ ਖੁਸ਼, ਆਪਣੇ ਆਪ ਨੂੰ ਕਹਿ ਰਹੀ ਸੀ, (ਅੰਦਰੇ-ਅੰਦਰੀ) ਬੋਲੀ ਕਿ ਸਾਰਾ ਕਿੱਸਾ ਵੇਰਵੇ ਸਹਿਤ ਅਜ ਸੁਣਿਆ

ਹੈ, ਮੈਨੂੰ ਤਾਂ ਹਜ਼ੂਰ ਨੇ ਪਹਿਲਾਂ ਤੋਂ ਹੀ ਕਹਿ ਰੱਖਿਆ ਹੈ, ਇਕ ਦਿਨ ਸਾਫ਼ ਕਹਿ ਦਿੱਤਾ ਸੀ, "ਪੁੱਤਰੀ। ਤੇਰੇ ਮਾਲਕ ਨੂੰ ਸੂਲੀ ਦਾ ਹੁਕਮ ਸੀ, ਪਰ ਮਿਸਰ ਦੇ ਦਰਬਾਰ 'ਚੋਂ ਬਚਾ ਲਿਆ ਹੈ, "

ਇਸੇ ਧੁਨ ਵਿਚ 'ਸਤਿਕਰਤਾਰ, ਸਤਿਕਰਤਾਰ' ਰੂਪ ਵਿਚ ਸਲੀਮਾਂ ਦੇ ਮੂੰਹ 'ਚੋਂ ਆਵਾਜ਼ ਆਈ ਅਤੇ ਨੇਤਰ ਮਸਤ ਹੋ ਗਏ, ਪੀਂਘ-ਹੁਲਾਰੇ ਵਿਚ ਚਲੀ ਗਈ"।

ਖਾਵੰਦ, (ਤੈ ਵਿਚ ਆ ਕੇ): "ਸਲੀਮਾਂ, ਇਹ ਕੀ? ਤੇਰੀਆਂ ਅੱਖਾਂ, ਤੇਰਾ ਸਰੀਰ ਇਸ ਤਰ੍ਹਾਂ ਕਿਉਂ? ਤੇ ਇਹ ਕੀ ਪੜ੍ਹ ਰਹੀ ਏਂ?"

ਸਲੀਮਾ (ਮੁਸਕਰਾ ਕੇ): "ਮਾਲਕ ਜੀਓ, ਠੀਕ ਸੂਰਤ ਦੀ ਪਛਾਣ ਕਰ ਲਉਗੇ ਨਾ?"

ਖਾਵੰਦ (ਅਸਚਰਜ ਹੋ ਕੇ): "ਸੂਰਤ? ਉਹ ਸੂਰਤ, ਜਿਸ ਮੈਨੂੰ ਮੌਤ ਤੋਂ ਬਚਾਇਆ ਹੈ? ਮੇਰੇ ਹਰ ਵਕਤ ਸਾਹਮਣੇ ਹੈ, ਕਦੀ ਨਹੀ ਭੁੱਲ ਸਕਾਂਗਾ।"

ਸਲੀਮਾਂ: "ਤੁਸਾਂ ਭੋਜਨ ਤਾਂ ਛਕ ਹੀ ਲਿਆ ਹੈ, ਹੁਣ ਊਠਾਂ ਨੂੰ ਸੰਭਾਲ ਲਵੋ, ਨੌਕਰਾਂ ਦੀ ਦੇਖ-ਭਾਲ ਕਰੋ। ਮੈਂ ਆਉਂਦੀ ਹਾਂ।"

ਮਾਲਕ: "ਕਿੱਥੇ ਚੱਲੀਏਂ?"

ਸਲੀਮਾ: "ਅੱਲਾ-ਲੋਕਾਂ ਦੇ ਦੀਦਾਰਿਆਂ ਨੂੰ ਦੇਰ ਹੋ ਗਈ ਹੈ ਜੀ, ਮੈਂ ਹੁਣੇ ਆਈ।"

ਖਾਵੰਦ: (ਲਾਲ-ਪੀਲਾ ਹੋ ਕੇ): "ਖ਼ਬਰਦਾਰ, ਤੂੰ ਹੁਣ ਨਹੀਂ ਜਾ ਸਕੇਂਗੀ, ਮੈ ਤੇਰੀਆਂ ਬਥੇਰੀਆਂ ਸੁਣ ਚੁੱਕਾ ਹਾਂ । ਸਚ ਦਸ ਉਹ ਫਕੀਰ ਕੌਣ ਹਨ? ਮੈਨੂੰ ਦੱਸਣ ਵਾਲਿਆ ਨੇ ਦੱਸਿਆ ਹੈ ਕਿ ਉਹ 'ਹਿੰਦੀ' ਹਨ।"

ਸਲੀਮਾਂ: "ਜੀ ਹਾਂ, ਉਹ 'ਹਿੰਦੀ' ਹਨ, ਮਾਲਕ ਜੀਓ। ਮੈਂ ਚਾਹੁੰਦੀ ਹਾਂ ਕਿ ਤੁਸੀਂ ਭੀ ਚਲੋ ਅਤੇ ਸਾਈਂ-ਵਾਲਿਆਂ ਦੇ ਦੀਦਾਰ ਕਰੋ"।

ਖਾਵੰਦ (ਅਤਿ ਕੜਕ ਕੇ): "ਮੈਂ ਕਾਫਰਾਂ ਦੇ ਦੀਦਾਰ ਕਰਾਂ? ਹਰਗਿਜ਼ ਨਹੀਂ, ਮੇਰਾ ਭਰੋਸਾ ਖ਼ੁਦਾ ਅਤੇ ਉਸਦੇ ਨਬੀ-ਪਾਕ ਤੋਂ ਬਿਨਾਂ ਹੋਰ ਕਿਸੇ ਉਤੇ ਨਹੀਂ

ਬੈਠ ਸਕਦਾ ਹੈ; ਜਿਸ ਨਬੀ-ਕਰੀਮ ਨੇ ਅੱਗੇ ਜਾ ਕੇ ਸ਼ਫ਼ਾਇਤ ਭਰਨੀ ਹੈ ਮੇਰਾ ਪੂਰਾ ਭਰੋਸਾ ਹੈ ਕਿ ਮਿਸਰ ਵਿਚ ਭੀ ਉਸੇ ਨੇ ਹੀ ਮੇਰੀ ਬਾਹੁੜੀ ਕੀਤੀ ਹੈ"।

ਸਲੀਮਾ(ਘਬਰਾ ਕੇ): "ਉਹ... ਹੋ! ਤੁਹਾਡੀ ਜੇਬ ਵਿਚ ਕੋਈ ਜ਼ਹਿਰੀਲੀ ਚੀਜ਼ ਫਿਰ ਰਹੀ ਹੈ, ਦੇਖਣਾ, ਖ਼ਬਰਦਾਰ! ਹਥ ਨ ਪਾਣਾ"।

ਮਾਲਕ: "ਅਲੀਯਾ ਦੀ ਬਚੀ! ਤੈਨੂੰ 'ਗੈਬੋਂ' ਖ਼ਬਰ ਆਈ ਹੈ ਕਿ ਮੇਰੀ ਜੇਬ ਵਿਚ ਕੀ ਹੈ? "

ਇਹ ਕਹਿ ਕੇ ਹਥ ਜੇਬ ਵਿਚ ਮਾਰਨ ਲੱਗਾ ਤਾਂ ਸਚਮੁਚ ਬਿੱਛੂ ਨੇ ਉਂਗਲ ਤੇ ਡੰਗ ਮਾਰ ਦਿੱਤਾ, ਬਸ, ਨਾਲ ਹੀ ਚੀਕਾਂ ਨਿਕਲ ਗਈਆਂ।

ਸਲੀਮਾ (ਫੌਰਨ ਦੌੜ ਕੇ), ਮਾਲਕ ਦੀ ਜ਼ਹਿਰੀਲੀ ਉਂਗਲ ਫੜਕੇ, ਮੂੰਹ ਵਿਚ ਪਾ, ਜ਼ੋਰ ਨਾਲ ਚੂਸ, ਜ਼ਹਿਰ ਪੀ ਗਈ।

ਖਾਵੰਦ (ਹੈਰਾਨ ਜਿਹਾ): "ਸਲੀਮਾਂ! ਤੂੰ ਤਾਂ ਮੰਤਰ ਜਾਣਦੀ ਏਂ, ਹੁਣ ਤਾਂ ਮੇਰੀ ਸਾਰੀ ਪੀੜਾ ਦੂਰ ਹੋ ਗਈ ਹੈ"।

ਸਲੀਮਾਂ: "ਪਤੀ ਜੀਉ! ਮੈਂ ਕੋਈ ਜੰਤਰ-ਮੰਤਰ ਨਹੀਂ ਜਾਣਦੀ ਹਾਂ, ਇਹ ਸਾਰੀ ਮਿਹਰ ਉਨ੍ਹਾਂ ਅੱਲਾ-ਲੋਕਾਂ ਦੀ ਹੈ ਜਿਨ੍ਹਾਂ ਤੋਂ ਤੁਸੀਂ ਹੋੜ ਰਹੇ ਹੋ।"

ਖਾਵੰਦ: "ਅੱਛਾ? ਉਹ ਇੰਨੀ ਕਰਨੀ ਵਾਲੇ ਹਨ ਕਿ ਉਨ੍ਹਾਂ ਦੇ ਮੇਲ-ਮਿਲਾਪ ਨੇ ਤੈਨੂੰ ਇੰਨੀ ਕਰਾਮਾਤੀ ਸ਼ਕਤੀ ਦੇ ਦਿੱਤੀ ਹੈ? "

ਸਲੀਮਾ: "ਨਹੀਂ, ਇਹ ਕਰਾਮਤ (ਕਰਾਮਾਤ) ਨਹੀਂ, ਮਿਹਰ ਹੈ। ਮੈਂ ਕੇਵਲ ਉਨ੍ਹਾਂ ਦਾ ਧਿਆਨ ਧਰ ਕੇ ਤੁਹਾਡੀ ਉਂਗਲ ਚੂਸਨ ਦਾ ਯਤਨ ਕੀਤਾ ਹੈ, ਜੋ ਹੈ ਸੋ ਮਿਹਰ ਹੀ ਮਿਹਰ ਹੈ।"

ਖਾਵੰਦ: "ਸਲੀਮਾ ਜੀ! ਐਸੇ ਵੱਲੀ ਅੱਲਾ-ਲੋਕਾਂ ਕੋਲ ਮੈਨੂੰ ਭੀ ਲੈ ਚਲ, ਵਾਹ ਵਾਹ! ਉਹ ਦ੍ਰਿਸ਼ਟੀ ਦੇ ਇੰਨੇ ਉਚੇ ਹਨ ਕਿ ਤੂੰ ਧਿਆਨ ਧਰਿਆ ਹੈ ਤੇ ਉਨ੍ਹਾ ਬਾਹੁੜੀ ਕੀਤੀ ਹੈ? ਸਲੀਮਾ, ਚਲੋ ਪਹਿਲਾਂ ਸਾਈ-ਲੋਕਾਂ ਨੂੰ ਮਿਲ ਲਈਏ, ਊਠਾ ਅਤੇ ਨੌਕਰਾਂ ਦੀ ਫੇਰ ਹੀ ਸੰਭਾਲ ਕਰਾਂਗੇ।"

ਦੋ-ਪਹਿਰ ਢਲ ਚੁਕੀ ਸੀ, ਸੂਰਜ-ਭਗਵਾਨ ਆਪਣੀਆ ਆਖਰੀ ਕਿਰਨਾ ਸੰਸਾਰੀ ਜੀਵਾਂ ਨੂੰ ਦੇ ਰਹੇ ਸਨ, ਸੰਸਾਰੀ ਜੀਵ ਵਾਹੋ-ਦਾਹੀ ਘਰਾ ਨੂੰ

ਪਰਤਣ ਦੇ ਫਿਕਰਾਂ ਵਿਚ ਸਨ, ਕਿ ਇਹ ਰੱਬੀ ਜੋਤੀ, ਆਪਣੇ ਘਰੋ ਗੁੰਦੀਂ ਗੋਂਦ ਅਨੁਸਾਰ ਨਿਕਲ ਤੁਰੇ। ਸਲੀਮਾਂ, ਧਨ-ਭਾਗ ਜਾਣ, ਆਪਣੇ ਪਤੀ-ਦੇਵ ਨੂੰ ਨਾਲ ਲੈ ਕੇ, 'ਕਰਤਾਰ-ਕਰਤਾਰ' ਕਰਦੀ, 'ਕਰਤਾਰ' ਵਿਚ ਲੀਨ ਹੋਈ, ਬੁਕਲ ਵਿਚ ਕਿਸੇ ਗੁੱਝੀ ਸਧਰ ਨੂੰ ਲੈ ਕੇ, ਵਾਹੋ-ਦਾਹੀ, ਤੁਰੀ ਜਾ ਰਹੀ ਹੈ; ਇਸ ਲਈ ਖੁਸ਼ ਹੈ ਕਿ ਅਜ ਮੇਰੇ ਪਤੀ ਨੂੰ ਪ੍ਰਭੂ-ਮਿਲਾਪ ਹੋਣਾ ਹੈ।

ਜਦ ਸ਼ਹਿਰੋਂ ਬਾਹਰ ਕਬਰਿਸਤਾਨ ਦੇ ਖਜੂਰੀ ਜੰਗਲ 'ਚੋਂ ਲੰਘਦਿਆਂ ਪ੍ਰਭੂ-ਦਰਸ਼ਨਾਂ ਵਿਚ ਪੰਜਾਹ ਕੁ ਕਦਮਾਂ ਦੀ ਵਿਥ ਰਹਿੰਦੀ ਸੀ, ਕਿ "ਸਲੀਮਾਂ... ਸਲੀਮਾ" ਕਹਿ ਕੇ ਉਸਦੇ ਮਾਲਕ (ਪਤੀ) ਨੇ ਆਪਣੀ ਬੀਵੀ ਨੂੰ ਆਵਾਜ਼ ਮਾਰੀ। ਸਲੀਮਾਂ ਮੁੜ ਪਿਛਹਾਂ ਕੀ ਵੇਖਦੀ ਹੈ ਕਿ ਮਾਲਕ (ਪਤੀ) ਹੈਰਾਨ ਹੋ, ਬਾਹਵਾਂ ਖੜੀਆਂ ਕਰਕੇ ਕਹਿ ਰਿਹਾ ਹੈ "ਇਹ ਉਹ ਹੀ ਹੈ, ਉਹ ਹੀ ਹੈ, ਸਚਮੁਚ ਉਹ ਹੀ ਹੈ ਜਿਸਨੇ ਮੇਰੀ, ਮਿਸਰ ਦੇ ਸ਼ਾਹ ਅੱਗੇ, ਜ਼ਾਮਨੀ ਦਿੱਤੀ ਸੀ।" ਇਹ ਕਹਿੰਦਾ, ਵਾਵੇਲਾ ਪਾਉਂਦਾ, ਦੌੜ ਕੇ ਹਜ਼ੂਰ ਦੇ ਚਰਨਾ 'ਤੇ ਸਿਰ ਰੱਖ, ਜ਼ੋਰ-ਜ਼ੋਰ ਨਾਲ ਰੋਵਣ ਲਗ ਪਿਆ।

ਸਲੀਮਾਂ ਭੀ, ਸਿਰ ਚਰਨਾਂ ਉਤੇ ਰਖ ਕੇ, ਚਰਨ-ਛੋਹ ਲੈ ਕੇ ਬੈਠ ਗਈ। ਕਰੁਣਾਨਿਧਾਨ ਮਿਹਰਾਂ ਦੇ ਸਾਈਂ ਸਤਿਗੁਰੂ ਜੀ ਨੇ, 'ਪ੍ਰੇਮੀ' ਨੂੰ ਪਿਆਰ ਕੀਤਾ ਅਤੇ 'ਕਰਤਾਰ' ਦੀ ਯਾਦਗੀਰੀ ਕਰਾਉਂਦਿਆਂ, ਗੁਲਾਮ 'ਯਹਯਾ', ਸਲੀਮਾ ਦੇ ਮਾਲਕ, ਨੂੰ ਰੱਬ ਦੇ ਰਾਹ ਦੀਆਂ ਕੁਝ ਰਮਜ਼ਾਂ ਤੋਂ ਜਾਣੂ ਕਰਾਇਆ।

'ਸਫ਼ਰਨਾਮਾ' ਜੀ ਦੇ ਕਰਤਾ ਜੀ ਲਿਖਦੇ ਹਨ ਕਿ ਇਸ ਰਬੀ ਜੋਤੀ ਨੇ, ਫ਼ਖਰ-ਇ-ਮੌਜੂਦਾਤ ਦੀ ਚਰਨ-ਛੋਹ ਪ੍ਰਾਪਤ ਕਰਦਿਆਂ ਬੇਅੰਤ ਸੇਵਾ ਕੀਤੀ, ਗੁਲਾਮ 'ਯਾਹਯਾ', ਆਪਣੇ ਘਰੋਗੀ ਕਾਰੋਬਾਰ ਤੋਂ ਵਿਹਲਾ ਹੋ ਕੇ, ਹਮੇਸ਼ਾਂ ਸਤਿਸੰਗ ਵਿਚ ਆ ਜੁੜਦਾ ਸੀ। ਇਸ ਅਮੀਰ 'ਪ੍ਰੇਮੀ' ਨੂੰ ਵੇਖ ਕੇ 'ਕੂਫੇ' ਦੀ ਜਨਤਾ ਦਾ ਬਹੁਤ ਸਾਰਾ ਰੁਝਾਨ ਬਾਬੇ ਦੇ ਚਰਨਾਂ ਨਾਲ ਵਧ ਗਿਆ। ਸ਼ਰਈ ਲੋਕਾਂ ਦੀ ਜੁੰਡਲੀ ਭੀ ਜ਼ੋਰਾਂ ਵਿਚ ਸੀ, ਜੋ ਹਮੇਸ਼ਾ ਸ਼ਰਈ ਕੂਕਾਂ 'ਕੂਕਦੇ', ਰਹਿਮਤ ਤੋਂ ਸਖਣੇ, ਪਰ੍ਹੇ-ਹੀ-ਪਰ੍ਹੇ ਜਾ ਰਹੇ ਸਨ।

ਇਕ ਦਿਨ ਉਕਤ ਜਨ, ਵਿਆਕਲ ਰੂਪ, ਵਿਚ ਸ਼ਹਿਰ ਆਏ ਅਤੇ ਬਾਬਾ ਜੀ ਦੇ ਚਰਨਾ ਵਿਚ ਬੇਨਤੀ ਕੀਤੀ, "ਯਾ ਹਜ਼ਰਤ! ਇਜਾਜ਼ਤ ਬਖਸ਼ੋ ਅਸੀ ਇਥੋਂ ਦੇ ਵੱਡੇ ਕਾਜ਼ੀ ਦੇ ਖ਼ਿਲਾਫ ਜਿਹਾਦ ਕਰਨਾ ਚਾਹੁੰਦੇ ਹਾਂ ਅਤੇ ਇਸ 'ਅਕਲ ਦੇ ਅੰਨ੍ਹੇ' ਨੂੰ, ਇਕ ਦਿਨ ਵਿਚ, ਸਮੇਤ ਇਹਦੇ ਸਾਥੀਆਂ ਦੇ, 'ਕਾਫ਼ੂਰ' ਦਿਆਂਗੇ, ਯਾ ਵਲੀ ਅਲਾ, ਤੇਰੀ ਆਗਿਆ ਦੀ ਦੇਰ ਹੈ"

ਤਾਂ ਹਜ਼ੂਰ ਨੇ ਧੀਰਜ ਦੇ ਕੇ ਪੁਛਣਾ ਕੀਤਾ, "ਪੁਰਸ਼ੋ! ਸਮਾਚਾਰ ਕੀ ਹੈ? "ਤਾਂ ਦੱਸਿਆ ਕਿ "ਸ਼ਹਿਰ ਦੇ ਵੱਡੇ ਕਾਜ਼ੀ ਨੇ ਆਪ ਜੀ ਅਤੇ ਹਜ਼ੂਰ ਦੇ ਪੈਰੋਕਾਰਾਂ ਨੂੰ ਕੁਫ਼ਰ ਦਾ ਫ਼ਤਵਾ ਦੇ ਦਿੱਤਾ ਹੈ"। ਸੁਣਕੇ, ਧੀਰਜ ਅਤੇ ਦਇਆ ਦੇ ਸੋਮੇ, ਗੁਰੂ ਜੀ ਨੇ 'ਯਾਹਯਾ ਜੀ' ਨੂੰ ਧੀਰਜ ਦਿੰਦਿਆਂ ਫੁਰਮਾਇਆ, "ਘਬਰਾਉਣ ਦੀ ਲੋੜ ਨਹੀਂ, ਬਲਕਿ ਜਿਸ ਵਕਤ ਦੀ ਉਡੀਕ ਵਿਚ ਵਕਤ ਲੰਘ ਰਿਹਾ ਸੀ, ਉਹ ਵੇਲਾ ਆ ਗਿਆ ਹੈ, 'ਕਰਤਾਰ' ਚੇਤੇ ਕਰੋ।"

**ਪਾਸ਼ਾ-ਹਾਲੀ ਉਧਾਰ:**

'ਕੂਫੇ' ਸ਼ਹਿਰ ਦੇ ਸਭ ਤੋਂ ਵੱਡੇ ਕਾਜ਼ੀ-ਏ-ਕਜ਼ਾ (ਪ੍ਰਾਇਮ ਮਨਿਸਟਰ) ਦਾ ਨਾਉਂ 'ਪਾਸ਼ਾ ਹਾਲੀ' ਦੱਸਿਆ ਹੈ। ਜਾਮਿਆ ਮਸਜਦ ਵਿਚ, ਜੁੰਮੇਂ ਦੀ ਨਮਾਜ਼ ਸਮੇਂ, ਥੋਹੜੇ ਜਿਹੇ ਨਮਾਜ਼ੀ ਵੇਖ ਕੇ, ਹੈਰਾਨੀ ਨਾਲ ਪੁਛਿਓਸੁ ਕਿ "ਹਾਜ਼ਰੀ ਘੱਟ ਹੋਣ ਦਾ ਕਾਰਨ ਕੀ ਹੈ?" ਤਾਂ ਸਾਰੇ ਮੁਕਤਦੀ (ਨਮਾਜ਼ੀ) ਬੋਲ ਉਠੇ: "ਯਾ ਹਜਰਤ! ਆਪ ਨੂੰ ਪਤਾ ਨਹੀਂ? ਸ਼ਹਿਰੋਂ ਬਾਹਰਲੇ ਰੇਗਿਸਤਾਨ (ਕਬਰਿਸਤਾਨ) ਵਿਚ ਹਿੰਦੀ ਫਕੀਰਾਂ ਦਾ ਟੋਲਾ ਉਤਰਿਆ ਹੋਇਆ ਹੈ। ਸ਼ਹਿਰੀ ਮਰਦੋਜ਼ਨ ਉਨ੍ਹਾਂ ਕੋਲ ਬਹੁ-ਗਿਣਤੀ ਵਿਚ ਜਾਂਦੇ ਹਨ; ਹੈਰਾਨੀ ਦੀ ਗੱਲ ਇਹ ਹੈ ਕਿ ਜੋ ਇਕ ਵੇਰਾ ਉਨ੍ਹਾਂ ਕੋਲ ਚਲਾ ਜਾਂਦਾ ਹੈ ਉਹ 'ਦੀਨ' 'ਤੋਂ ਮੁਖ ਮੋੜ ਬਹਿੰਦਾ ਹੈ; ਨਮਾਜ਼-ਰੋਜ਼ਾ ਤਾਂ ਕਿਰੇ (ਕਿਧਰੇ) ਗਿਆ, ਨਬੀਕਰੀਮ ਦਾ ਕਲਮਾ ਪੜ੍ਹਨੇ ਭੀ ਮੁਨਕਰ ਹੋ ਜਾਂਦੇ ਹਨ। ਉਨ੍ਹਾਂ ਦੀ ਹੀ ਇਬਾਦਤ ਅਤੇ ਵਿਰਦ ਵਿਚ ਮਸਤ ਹੋ ਜਾਂਦੇ ਹਨ; ਪੁੱਛੋ ਤਾਂ ਅੱਗੋਂ ਬੋਲਦੇ ਭੀ ਨਹੀਂ, ਪਤਾ ਨਹੀਂ ਕੀ ਜਾਦੂ ਹੈ"।

ਬਸ ਫਿਰ ਕੀ ਸੀ! ਕਾਜ਼ੀ ਨੇ ਆਪਣੇ ਖ਼ੁਤਬੇ ਦੇ ਦੌਰਾਨ 'ਕੁਫ਼ਰ' ਦਾ ਫ਼ਤਵਾ ਦੇ ਦਿੱਤਾ ਅਤੇ ਐਲਾਨ ਕਰਾ ਦਿੱਤਾ ਕਿ ਜੋ ਕੋਈ ਉਸਦੇ ਪਾਸ ਜਾਵੇਗਾ

ਉਸਨੂੰ ਭੀ 'ਕਾਫ਼ਰ' ਗਰਦਾਨਿਆਂ ਜਾਵੇਗਾ ਅਤੇ ਉਸਨੂੰ ਇਸਲਾਮ ਤੋਂ ਖਾਰਜ ਸਮਝਿਆ ਜਾਵੇਗਾ।

ਇਹ ਬਚਨ, ਧੀਰਜ ਅਤੇ ਦਇਆ ਦੇ ਮਾਲਕ (ਬਾਬਾ ਜੀ) ਨੇ, ਸੁਣੇ ਅਤੇ ਮੁਸਕੜੀ ਜਿਹੀ ਕੀਤੀ ਜਿਸ ਮੁਸਕਰਾਹਟ ਤੋਂ ਕਈ ਲੁਕਵੀਆਂ ਖੁਸ਼ੀਆਂ ਭਾਸਦੀਆਂ ਸਨ। ਕਰਬਲਾ ਦੇ ਕੋਲ, ਇਮਾਮ ਬਾੜੇ ਦੇ ਨਜ਼ਦੀਕ ਰੋਜ਼ਾਨਾਂ ਅੰਮ੍ਰਿਤ-ਵੇਲੇ ਇਕ ਸਤਿਸੰਗ ਜਿਹਾ ਲਗਦਾ ਸੀ, ਪੂਹ-ਫੁਟਾਲੇ ਤੋਂ ਪਹਿਲਾਂ-ਪਹਿਲਾਂ ਹੀ ਅਮਰ-ਚੋਗ ਚੁਗਣ ਵਾਲੀਆਂ ਰੂਹਾਂ ਅਸਚਰਜ ਹੁਲਾਸ-ਬਿਲਾਸ ਕਰਦੀਆਂ ਆਪਣੇ ਠਿਕਾਣਿਆਂ ਉਤੇ ਜਾ ਪੁਜਦੀਆਂ ਸਨ। ਅਮਰਦਾਤਾ, ਅਡੋਲ, ਕਿਸੇ ਮਸਤੀ ਵਿਚ ਬੈਠ, ਕੀਰਤਨ ਦੀ ਧੁਨ ਵਿਚ ਮਸਤ ਹਨ, ਜੋ ਕਈ ਦ੍ਵੈਸ਼, ਭਾਵ ਈਰਖਾ, ਦੀ ਅਗਨ ਵਿਚ ਸੜਦਾ-ਬਲਦਾ ਆਉਂਦਾ ਭੀ ਹੈ, ਤਾਂ ਦਰਸ਼ਨ ਕਰ ਕੇ ਠਰ ਜਾਂਦਾ ਹੈ, ਕਿਸੇ ਨੂੰ ਹਜ਼ੂਰ ਦੇ ਸਾਹਮਣੇ ਆਵਣ ਦਾ ਹੀਯਾ ਨਹੀ ਪੈ ਰਿਹਾ ਹੁੰਦਾ। ਅਜ ਰਾਤਰੀ ਦੇ ਤੀਜੇ ਪਹਿਰ ਜਦ ਅਮਰ-ਰੂਹਾਂ ਦਾ ਇਕੱਠ ਹੋਇਆ ਤਾਂ 'ਯਾਕੂਬ ਇਬਨੇ ਸਾਹਲਬ', ਨਾਮ ਦੇ ਪ੍ਰੇਮੀ ਨੇ ਉਠਕੇ ਸਭ ਨੂੰ ਮੁਖ਼ਾਤਬ ਕਰਕੇ ਕਿਹਾ,:

"ਇਨਲਹਾਜੇ ਜ਼ਰੀਨਾ ਫ਼ਾਪਾਸ਼ਾਹਾਲੀ ਹਲਾਕਾਤੁਨ ਫ਼ੀ ਮਰਜ਼ਿ, ਖ਼ਲੀਜ਼ਵ ਸਲਾਸ਼ਹੂ ਬਿੰਜੇਨੀਨਾਂ ਮਰਗਾ, ਹਜਾ ਮਹੁਜਜ਼ਾਤੁਨ, ਹਾਜ਼ਨਬੀ ਫ਼ਾਲਾ ਇੱਲਾ ਨਾਨਕੁਨ ਹਈਨਤ ਮੁਰਾਤਦਤੁਨ ।"

ਭਾਵ : "ਹਾਜ਼ਰੀਨ ਬਜ਼ੁਰਗੋ! ਪਾਸ਼ਾ, ਪੇਟ ਦੀ ਬੀਮਾਰੀ ਵਿਚ ਸਖ਼ਤ ਹਾਲਾਤ ਹੋ ਗਿਆ ਹੈ, ਅਜ ਤਿੰਨਾਂ ਦਿਨਾਂ ਦਾ, ਮੌਤ ਦੇ ਬਿਸਤਰੇ ਉਤੇ ਤੜਪ ਰਿਹਾ ਹੈ, ਇਹ ਸ਼ਕਤੀ ਸਾਡੇ ਇਸ 'ਨਬੀ ਨਾਨਕ' ਅਲੈਰਹਿਮਤ ਦੀ ਹੈ ਕਿਉਂ ਕਿ ਉਸ ਮੁਰਤੱਦ ਨੇ ਇਨ੍ਹਾਂ ਦੀ ਤੌਹੀਨ ਕੀਤੀ ਸੀ"। ਇਹ ਸੁਣ ਕੇ ਤਮਾਮ ਹਾਜ਼ਰੀਨ ਗੁਰ-ਸੰਗਤ ਵਲੋਂ ਇਹ ਆਵਾਜ਼ ਆਈ: **"ਲਾਹਨਤੁੱਲਾ, ਲਾਹਨਤੁਲਾਹੇ, ਅਲਲਖਨਾਸ"**, ਯਾਨੀ 'ਖੁਦਾ-ਪਾਕ ਦੀ ਲਾਹਨਤ ਹੋਵੇ ਉਸ ਸ਼ੈਤਾਨ ਦੇ ਉਪਰ।'

ਹਜ਼ੂਰ (ਬਾਬਾ ਜੀ) ਨੇ ਸੁਣਿਆ ਕਿ ਕਾਜ਼ੀ ਸਖ਼ਤ ਬੀਮਾਰ ਹੈ, ਉਦੋਂ ਭੀ, ਅਤੇ ਹੁਣ ਭੀ ਮੁਸਕੜੀ ਹੀ ਕੀਤੀ ਅਤੇ ਮਰਦਾਨੇ ਵਲ ਵੇਖ ਕੇ ਫ਼ੁਰਮਾਇਆ, "ਮਰਦਾਨਾ ਜੀ, ਕੀ ਸੁਣਿਆ ਜੇ?" "ਹਾਂ ਦੀਨਾਨਾਥ !, ਸੁਣ ਲਿਆ ਹੈ ਕਿ ਉਹ

ਪੀਰਾਂ-ਮਾਰਿਆ ਕਾਜ਼ੀ, ਜੋ ਸਾਨੂੰ 'ਕੁਫ਼ਰ' ਦੇ ਫਤਵੇ ਦਿੰਦਾ ਸੀ, ਆਪ ਫਸਿਆ ਪਿਆ ਹੈ, ਮਰਨ ਦਿਓਸੁ।" ਤਾਂ ਰਬੀ ਜਲਾਲ ਦੇ ਮਾਲਕ ਧੀਰਜ ਨਾਲ ਬੋਲੇ: "ਮਰਦਾਨਾ ਜੀ! ਉਠ ਚਲੀਏ।"

ਮਰਦਾਨਾ: "ਕਿੱਧਰ ਚਲੀਏ? ਸੰਗਤਾਂ ਬੈਠੀਆਂ ਹਨ! ਜ਼ਰਾ ਇੰਨ੍ਹਾਂ ਵਲ ਪ੍ਰੇਮ ਨਾਲ ਵੇਖੋ ਤਾਂ ਸਹੀ! ਉਹ, ਇਕ ਮਾਈ ਦੁੱਧ ਦਾ ਭਾਂਡਾ ਲਈ ਆਉਂਦੀ ਹੈ।"

ਸਤਿਗੁਰੂ (ਹਸਕੇ): "ਮਰਦਾਨਿਆਂ! ਤੂੰ ਸੁਣਿਆ ਨਹੀਂ? ਸ਼ਹਿਰ ਦੇ ਵੱਡੇ ਕਾਜ਼ੀ ਸਾਹਿਬ ਬੀਮਾਰ ਹਨ, ਤੁਸਾਂ ਬੀਮਾਰ-ਪੁਰਸੀ ਲਈ ਜਾਣਾ ਹੈ।"

ਮਰਦਾਨਾ (ਖਿਝ ਕੇ): "ਵਾਹ, ਅੱਲਾ ਲੋਕੋ! ਤੁਹਾਡਾ ਇਨਸਾਫ਼ ਭੀ ਜਗਤ ਨਾਲੋਂ ਨਿਆਰਾ ਹੀ ਹੈ, ਜੋ ਕਲ੍ਹ ਸਾਨੂੰ ਫ਼ਤਵੇ ਦਿੰਦੇ ਸਨ, ਅਜ ਉਸਦੀ ਬੀਮਾਰ-ਪੁਰਸੀ? ਇਹ ਕਿਧਰ ਦਾ ਇਨਸਾਫ਼ ਹੈ? ਵਾਹ ਜੀ ਵਾਹ!ਤੁਸੀਂ ਜਾਓ, ਮੈਂ ਤਾਂ ਨਹੀਂ ਜਾਂਦਾ।"

ਸਤਿਗੁਰੂ ਜੀ: "ਖ਼ਲੀਕਾ ਇਨਸਾਨੀਯਨ ਜਰਾਦੀਨੇ ਲਾ ਜਰਾਦੀਨਾ ਹੁ, ਮਬਾ ਸਮਹਾ ਸੱਗੁਰੁਲ ਅਫ਼ਹਵਾਨ"। ਭਾਵ, "ਇਨਸਾਨੀ ਫ਼ਰਜ਼ ਦਸਦਾ ਹੈ ਕਿ ਦੁਖ ਦੇਣ ਵਾਲੇ ਨੂੰ ਦੁਖਾਉਣਾ ਨਹੀਂ ਬਲਕਿ ਉਸਨੂੰ ਰਾਜ਼ੀ ਕਰੇ।"

ਭਾਵ: ਫ਼ਰੀਦਾ ਜੋ ਤੈ ਮਾਰਨ ਮੁਕੀਆਂ ਤਿਨਾਂ ਨ ਮਾਰੀਂ ਘੁੰਮ ॥
ਆਪਨੜੇ ਘਰ ਜਾਇ ਕੈ ਪੈਰ ਤਿਨਾਂ ਦੇ ਚੁੰਮ॥

ਇਹ ਕਹਿ ਕੇ ਆਪ ਉਠ ਕੇ ਤੁਰ ਪਏ। ਮਰਦਾਨਾਂ ਤੇ ਮੈਂ (ਤਾਜੁਦੀਨ) ਭੀ ਪਿਛੇ-ਪਿਛੇ ਤੁਰ ਪਏ, ਕਾਜ਼ੀ ਦੀ ਡਿਉਢੀ ਦੇ ਸਾਹਮਣੇ ਪੁਜ ਕੇ ਹਜ਼ੂਰ ਤੋਂ ਨਾਮ ਪੁੱਛਿਆ: "ਫਲਾ ਇਸਮਾਹ?" ਭਾਵ ਤੁਹਾਡਾ ਕੀ ਨਾਂ ਹੈ? "ਮਾਇਸਮੁਨ ਨਾਨਕ", ਹਜ਼ੂਰ ਨੇ ਆਪਣਾ ਨਾਂ ਦਸ ਦਿੱਤਾ। ਲੜਕੀ ਨੇ ਅੰਦਰ ਜਾ ਕੇ ਆਪਣੇ ਬਾਪ ਨੂੰ ਕਿਹਾ, "ਪਿਤਾ ਜੀ, ਬਾਹਰ ਦਰਵਾਜ਼ੇ ਉਤੇ ਕੋਈ 'ਨਾਨਕ ਫਕੀਰ' ਖੜਾ ਹੈ ਅਤੇ ਆਪ ਨੂੰ ਮਿਲਨਾ ਚਾਹੁੰਦਾ ਹੈ"। ਲੜਕੀ ਦੇ ਮੂੰਹੋਂ 'ਨਾਨਕ' ਦਾ ਨਾਉਂ ਸੁਣਦੇ ਸਾਰ ਅਗ ਲਗ ਗਈ ਕਿ ਜਿਸ 'ਨਾਨਕ' ਨੂੰ 'ਸ਼ਰਾਹ' ਵਲੋਂ 'ਕੁਫ਼ਰ' ਦਾ ਫਤਵਾ ਹੋ ਚੁੱਕਾ ਹੈ ਉਸ ਕਾਫ਼ਰ ਨੂੰ ਮੈਂ ਹਰਗਿਜ਼ ਨਹੀਂ ਮਿਲਾਂਗਾ। "ਉਸ ਨੂੰ ਕਹਿ ਦਿਓ ਕਿ ਮੇਰੇ ਮਕਾਨ ਤੋਂ ਦੂਰ ਹੋ ਜਾਵੇ।" ਓਹ ਖਿਝਿਆ ਹੋਇਆ ਬੋਲਿਆ।

ਕੰਨਿਆਂ ਦਰਵਾਜ਼ੇ ਉਤੇ ਆ ਕੇ ਉਤਰ ਦੇਣ ਲੱਗੀ ਤਾਂ ਹਜ਼ੂਰ ਦੇ ਦਰਸ਼ਨ ਕਰਕੇ ਤ੍ਰਬਕ ਉਠੀ। ਜਲਵਾ-ਨੁਮਾ 'ਨੂਰ' ਦੇ ਨਾਲ ਖਿੜੇ-ਮੁਖੜੇ ਦੇ ਦਰਸ਼ਨ ਕਰਦਿਆਂ, ੧੧ ਸਾਲ ਦੀ ਕੌਸ਼ਲ-ਆਤਮਾ ਵਿਚ ਕੁਝ ਰਬੀ ਜੋਤ ਦਾ ਕਰੰਟ ਜਿਹਾ ਵਜਾ। ਪਰ ਉਸਨੇ ਪਿਓ ਦਾ ਜਵਾਬ ਜ਼ਰੂਰੀ ਦੇਣਾ ਸੀ। ਅਦਬ ਵਿਚ ਆ ਕੇ ਕਹਿਣ ਲੱਗੀ, "ਯਾ ਸਾਈਂ ਫਕੀਰ! ਮੇਰੇ ਬਾਬੇ ਨੇ ਆਪ ਜੀ ਲਈ ਜੋ ਅੱਖਰ ਇਸਤੇਮਾਲ ਕੀਤੇ ਹਨ ਮੈਂ ਇਸਤੇਮਾਲ ਨਹੀਂ ਕਰ ਸਕਦੀ, ਬਿਹਤਰ ਹੈ ਆਪ ਚਲੇ ਜਾਉ।"

ਇਹ ਸੁਣਕੇ ਦਇਆ ਦੇ ਸਾਗਰ (ਗੁਰੂ) ਨੇ ਬੱਚੀ ਨੂੰ ਦਿਲਾਸਾ ਦਿੱਤਾ ਅਤੇ ਫੁਰਮਾਇਆ: "ਬੇਟੀ! ਅਸੀਂ ਤੇਰੇ ਬਾਪ ਦੀ ਬੀਮਾਰ-ਪੁਰਸੀ ਲਈ ਆਏ ਹਾਂ, ਆਪਣੇ ਪਿਤਾ ਜੀ ਨੂੰ ਕਹੋ ਅੰਦਰ ਆਉਣ ਦੀ ਆਗਿਆ ਦੇਣ।" ਕਾਕੀ ਨੇ ਸੰਗਵੇਂ ਅੱਖਰਾਂ ਨਾਲ ਪਿਓ ਨੂੰ ਬੇਨਤੀ ਕੀਤੀ ਪਰ ਜਿਸ ਨੂੰ ਮਰਦਿਆਂ ਵੀ ਸ਼ਰਅ ਦਾ ਜਿੰਨ ਚੰਬੜਿਆ ਹੋਇਆ! ਉਸ ਨੇ ਫਿਰ ਵੀ ਇਨਕਾਰ ਕਰ ਦਿੱਤਾ। ਕਾਕੀ ਨੇ ਫਿਰ ਅਦਬ ਨਾਲ (ਬਾਬਾ ਜੀ ਨੂੰ) ਬੇਨਤੀ ਵਿਚ ਦੱਸਿਆ: "ਯਾ ਹਜ਼ਰਤ! ਬਿਹਤਰ ਹੈ ਆਪ ਚਲੇ ਹੀ ਜਾਓ।" ਤਾਂ ਹਜ਼ੂਰ ਨੇ ਬੱਚੀ ਨੂੰ ਪਿਆਰ ਸਹਿਤ ਕਿਹਾ, "ਬੇਟਾ! ਹੁਣ ਦਾ ਪੈਗਾਮ ਆਪਣੇ ਪਿਤਾ ਨੂੰ ਦੇ ਕਿ 'ਨਾਨਕ' ਆਪਣੇ 'ਕੁਫ਼ਰ' ਦੀ ਮਾਫ਼ੀ ਮੰਗਣ ਆਇਆ ਹੈ।"

ਬਸ ਫਿਰ ਕੀ ਸੀ? ਕਾਜ਼ੀ ਨੇ ਜਦ ਇਹ ਅੱਖਰ ਸੁਣੇ, ਤਾਂ ਫੌਰਨ ਖਿਆਲ ਆਇਆ ਕਿ ਸ਼ਾਇਦ ਨਾਨਕ ਮੁਸਲਮਾਨ ਹੋਣ ਨੂੰ ਆਇਆ ਹੈ। ਉਸ ਕਾਕੀ ਨੂੰ ਆਪਣੀ ਦਸਤਾਰ ਦੇ ਕੇ ਕਿਹਾ, "ਜਾਓ 'ਨਾਨਕ' ਦੇ ਰਾਹ ਉਤੇ ਵਿਛਾ ਦੇਓ, ਨਾਨਕ ਮੇਰੀ ਇਸ ਪਗ ਦੇ ਉਤੇ ਆਪਣੇ ਕਦਮ ਰਖ ਕੇ ਮੇਰੇ ਕੋਲ ਆਵੇ"। ਕਾਕੀ ਨੇ ਪਗ ਵਿਛਾ ਦਿੱਤੀ ਅਤੇ ਪਿਓ ਦੇ ਕਹਿਣ ਅਨੁਸਾਰ ਅਰਜ਼ ਕੀਤੀ: "ਯਾ ਸਾਈਂ ਅੱਲਾ! ਇਸ ਫਰਸ਼ ਦੇ ਉਤੇ ਆਪਣੇ ਪੈਰ ਧਰਦੇ ਹੋਏ ਤਸ਼ਰੀਫ਼ ਲਿਆਓ, ਮੇਰੇ ਬਾਪ ਨੇ ਆਪ ਨੂੰ ਯਾਦ ਫੁਰਮਾਇਆ ਹੈ।"

ਆਹਾ ਕਿਆ ਦ੍ਰਿਸ਼ ਹੈ! ਹਜ਼ੂਰ (ਬਾਬਾ ਜੀ) 'ਪਗੜੀ' ਦੇ ਨਾਲ-ਨਾਲ ਤੁਰੇ ਜਾ ਰਹੇ ਹਨ ਅਤੇ ਉਸ ਪਗੜੀ ਨੂੰ ਆਪਣੇ ਹੱਥੀਂ ਲਪੇਟਦੇ ਇਕੱਠਾ ਕਰੀ ਜਾ

ਰਹੇ ਹਨ; ਜਿਸ ਕਮਰੇ ਵਿਚ ਕਾਜ਼ੀ ਤੜਫ਼ ਰਿਹਾ ਸੀ, ਦਾਖਲ ਹੋਏ, ਤਾਂ ਦਰਸ਼ਨ ਕਰਦਿਆਂ ਹੀ ਕਾਜ਼ੀ ਦੀ ਆਤਮਾ ਠਰ ਗਈ। ਸਰੀਰਕ ਤੌਰ 'ਤੇ ਕਾਜ਼ੀ ਯਤਨ ਕਰ ਰਿਹਾ ਹੈ ਕਿ ਉਠਕੇ ਕਦਮ-ਬੋਸੀ (ਚਰਨ ਚੁੰਮਣ) ਹਾਸਲ ਕਰਾਂ, ਪਰ ਰੋਗ ਨੇ ਬੱਲ-ਹੀਨ ਕਰ ਦਿੱਤਾ ਹੋਇਆ ਸੀ। ਜਾਣੀ-ਜਾਣ ਨੇ ਜੀਵ-ਆਤਮਾ ਦੀ ਬਿਹਬਲਤਾ ਵੇਖ ਕੇ ਛੇਤੀ ਨਾਲ ਉਸ ਦੇ ਬਗਲਾਂ ਵਿਚ (ਮੋਢਿਆਂ ਹੇਠ) ਹਥ ਪਾ ਕੇ ਗਲ ਨਾਲ ਲਾ ਲਿਆ। "ਵਾਹ-ਵਾਹ ਅਜਬ ਰੰਗ ਹੈ! ਦੁਸ਼ਮਣ ਨੂੰ ਭੀ ਛਾਤੀ ਨਾਲ"! ਮਰਦਾਨਾ ਵੇਖ-ਵੇਖ ਕੇ ਇਉਂ ਕਹਿ ਰਿਹਾ ਸੀ।

ਕਾਜ਼ੀ ਦੇ ਸਰੀਰ ਨੇ ਜਦ ਪਾਵਨ 'ਛੁਹ' ਨੂੰ ਪ੍ਰਾਪਤ ਕੀਤਾ ਤਾਂ ਅਗਿਆਨਤਾ ਦੇ ਜੰਦਰੇ ਤਾੜ-ਤਾੜ ਕਰਕੇ ਟੁੱਟ ਗਏ ਅਤੇ ਮਨ ਸੁੱਛ ਹੋ ਕੇ, ਕੀ ਵੇਖਦਾ ਹੈ? ਕਿ ਫਰਿਸ਼ਤੇ ਦੋਜ਼ਖਾਂ ਨੂੰ ਧੂਹੀ ਜਾ ਰਹੇ ਹਨ। ਅਜੇ ਦੋਜ਼ਖਾਂ ਦੇ ਬਲਦੇ 'ਭਾਂਬੜਾਂ' ਵਿਚ ਸਿਟਣ ਹੀ ਲੱਗੇ ਸਨ ਕਿ ਪਿੱਛੋਂ ਆਵਾਜ਼ ਆਈ: "ਇਹ ਬਖਸ਼ ਦਿੱਤਾ ਗਿਆ ਹੈ, ਖ਼ਬਰਦਾਰ! ਦੋਜ਼ਖਾਂ ਵਿਚ ਨ ਸਿਟਣਾ, ਹੁਣ ਇਹ ਜੰਨਤ ਵਿਚ ਜਾਵੇਗਾ।" ਨਰਕਾਂ ਦੇ ਦੂਤਾਂ ਨੇ ਪੁਛਿਆ: "ਅਰੇ ਭਾਈ! ਇਕ ਘੜੀ ਵਿਚ ਬਖਸ਼ਸ਼ ਕਿਸ ਤਰ੍ਹਾਂ ਹੋ ਗਈ ਹੈ?" ਤਾਂ ਦਸਣ ਵਾਲਿਆਂ ਨੇ ਦੱਸਿਆ ਕਿ, "ਖ਼ੁਦਾਵੰਦ ਕਰੀਮ, ਆਲਮਗੀਰ ਜਾਮਾਂ ਪਹਿਨ ਕੇ, 'ਨਾਨਕ' ਨਾਮ ਨਾਲ ਦੁਨੀਆਂ ਵਿਚ ਰਟਨ ਕਰ ਰਹੇ ਹਨ, ਇਸ ਜੀਓ-ਆਤਮਾ ਨੂੰ ਉਨ੍ਹਾਂ ਦੇ ਦੀਦਾਰ ਨਸੀਬ ਹੋ ਗਏ ਹਨ।"

ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰਿਆ ਰੇ॥

ਜਦੋਂ ਹਜ਼ੂਰ ਨੇ ਕਾਜ਼ੀ ਦਾ ਸਰੀਰ ਪਲੰਘ ਉਤੇ ਰੱਖਿਆ ਤਾਂ ਸਵਾਸਾਂ ਦੀ ਸਮਾਪਤੀ ਹੋ ਚੁੱਕੀ ਸੀ। 'ਧੰਨ ਕਰਤਾਰ! ਧੰਨ ਕਰਤਾਰ!'

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥

'ਸਫ਼ਰਨਾਮੇ' ਦੇ ਕਰਤਾ ਮੀਆਂ ਤਾਜੁਦੀਨ ਸਾਹਿਬ ਲਿਖਦੇ ਹਨ, "ਬੂਫੇ ਸ਼ਹਿਰ ਦੇ ਇਸ ਵੱਡੇ ਕਾਜ਼ੀ ਦੇ ਉਧਾਰ ਨੇ ਸ਼ਹਿਰ ਵਿਚ ਚਰਚਾ ਪੈਦਾ ਕਰ ਦਿੱਤੀ ਕਿ 'ਹਿੰਦੀ ਪੀਰ' ਬਹੁਤ ਬੜਾ ਔਲੀਆ-ਅਲਾ ਹੈ ਜਿਸ ਦੇ ਜਮਾਲਪਾਕ (ਜਲਵੇ) ਦੇ ਦਰਸ਼ਨ ਕਰਦਿਆਂ ਹੀ ਤਿੰਨ ਦਿਨ ਤੋਂ ਤੜਫ਼ਦੇ 'ਪਾਸ਼ਾਹਾਲੀ' ਦੀ

ਨਿਜਾਤ ਹੋ ਗਈ ਹੈ। ਪਾਸਾਹਾਲੀ ਦਾ ਕੁਟੰਬ ਅਤੇ ਹੋਰ ਸਹਿਰੀ ਬਿਲਾ-ਇਮਤਿਯਾਜ (ਬਿਨਾ ਕਿਸੇ ਭੇਦ-ਭਾਵ) ਹੁੰਮ-ਹੁਮਾ ਕੇ ਚਰਨੀ ਆ ਲੱਗੇ। ਤਿੰਨ ਮਹੀਨੇ ਅਤੇ ਕੁਝ ਦਿਨ ਸਵਰਗਮਈ 'ਸਤਿਸੰਗ' ਦਾ ਠਾਠ ਬੱਝਾ ਰਿਹਾ, ਰਬੀ 'ਬਾਣੀ' ਦੀ ਧੁੰਨ ਵਿਚ ਜੀਵ-ਉਧਾਰ ਦਾ ਹੜ ਵਗ ਉਠਿਆ, ਹਜ਼ੂਰ ਨੇ ਭੀ ਅਰਬੀ ਜ਼ਬਾਨ ਵਿਚ ਬਾਣੀ ਦਾ ਭਾਵ ਦਸ-ਦਸ ਕੇ ਸੰਗਤਾਂ ਨੂੰ ਅਤੀ ਕ੍ਰਿਤਾਰਥ ਕੀਤਾ। ਅਜ ਆਖਰੀ ਦਿਨ ਹੈ ਸੀ, ਸਲੀਮਾਂ ਅਤੇ ਉਸਦੇ ਮਾਲਕ ਗੁਲਾਮ ਯਾਹਯਾ, ਨੇ ਹਥ ਜੋੜ ਕੇ ਬੇਨਤੀ ਕੀਤੀ ਕਿ 'ਯਾ ਮਾਲਕਿਯੋਮਿਦੀਨ', ਕੁਝ ਸਮਾਂ ਹੋਰ ਕ੍ਰਿਤਾਰਥ ਕਰੋ। ਤੁਹਾਡਾ ਵਿਛੋੜਾ ਸਤਿਸੰਗੀ ਜੀਵ ਬਰਦਾਸ਼ਤ ਨਹੀਂ ਕਰ ਸਕਣਗੇ। ਇਹ ਕੁਦਰਤੀ ਦਰਸ਼ਨ ਕਿਥੇ ਅਤੇ ਕਿਸ ਤਰ੍ਹਾਂ ਹੋਣਗੇ?''

ਪਾਤਰ ਦੀ ਬੇਨਤੀ ਸੁਣ ਕੇ, ਇਕਾਂਤ ਵਿਚ ਕੁਝ ਦੱਸਿਆ ਅਤੇ ਜਪੁਜੀ ਸਾਹਿਬ ਦੀ ਪੋਥੀ ਦੀ ਬਖਸਿਸ ਕਰਕੇ ਫੁਰਮਾਇਆ: ''ਇਹ ਮੇਰੇ ਦਰਸ਼ਨ ਹਨ, ਜਿੱਥੇ ਇਸ ਇਲਾਹੀ ਬਾਣੀ ਦਾ ਅਤੁਟ ਪ੍ਰਵਾਹ ਚਲਿਆ ਹੈ, ਇਹ ਅਸਥਾਨ ਤੁਹਾਡੀ ਪਾਲਨਾ ਕਰੇਗਾ ।ਇਸ ਥਾਂ ਦੀ ਸੇਵਾ ਕਰਦਿਆਂ ਤੁਹਾਡੀ ਨਿਜਾਤ ਹੋਵੇਗੀ''। ਮਿਹਰਾਂ ਦੇ ਪਾਤਰ ਪ੍ਰੇਮੀ-ਜੋੜੀ ਨੇ ਬੜੀ ਭਾਰੀ ਯਾਦਗਾਰ ਕਾਇਮ ਕੀਤੀ ਜਿਸਦਾ ਨਾਓ **'ਵਲੀ-ਹਿੰਦ'** ਹੈ।

ਇਥੇ 'ਜਪੁਜੀ ਸਾਹਿਬ' ਦੀ ਪੋਥੀ ਦੇ ਦਰਸ਼ਨ ਹੁੰਦੇ ਹਨ , ਇਸ ਸਹਿਰ ਵਿਚ ਪੰਦਰਾਂ ਫੀਸਦੀ **ਵਲੀ-ਹਿੰਦ** ਦੀ ਪ੍ਰਸਤਿਸ਼ ਕਰਨ ਵਾਲੇ 'ਜਟਾ-ਜੂਟ' (ਕੇਸਧਾਰੀ) ਲੋਕ ਵਸਦੇ ਹਨ ਜਿਨ੍ਹਾਂ ਵਿਚ ਬਹੁਤੀ ਇਮਾਮ-ਮਾਵੀਆ, ਮੁਹੰਮਦ ਸਾਹਿਬ ਦੇ 'ਬਾਬੇ' ਦੀ ਔਲਾਦ ਹੈ।

**ਕਾਰੂੰ-ਹਮੀਦ ਉਧਾਰ:**

'ਕੂਫੇ' ਦੀ ਆਖਰੀ ਅਲਵਿਦਾ ਨੇ ਤੜਪ ਜਿਹੀ ਪੈਦਾ ਕਰ ਦਿੱਤੀ ਸੀ, ਵਿਛੜੀਆਂ ਅਮਰ ਰੂਹਾਂ ਨੂੰ ਕਿਸੇ ਪ੍ਰਕਾਰ ਭੀ ਧੀਰਜ ਨਹੀਂ ਆਉਂਦਾ ਸੀ। ਇਕ ਉਚੀ ਠੇਹੀ (ਬਨੇਰੀ) ਤੋਂ ਵਿਜੋਗਣ ਰੂਹਾਂ ਪਿਆਰ-ਭਰੇ 'ਅੰਮ੍ਰਿਤ' ਦੇ ਹੜ ਨੂੰ ਨੈਨ-ਕਟੋਰਿਆਂ ਵਿਚ ਲਈ, ਤਲਮਲਾ (ਬੇ-ਤਾਬ ਹੋ) ਰਹੀਆਂ ਸਨ। ਅੰਮ੍ਰਿਤ ਵੇਲੇ, ਪਹੁ-ਫੁਟਾਲੇ ਦੀ ਮੌਜ ਵਿਚ, ਦੀਨਾ ਦੇ ਨਾਥ (ਬਾਬਾ ਜੀ) ਤੁਰੇ ਜਾ ਰਹੇ

ਸਨ; ਦਜਲੇ ਦਰਿਆ ਦੇ ਰਮਣੀਕ ਕਿਨਾਰੇ ਨੂੰ ਚਰਨ-ਕਵਲਾਂ ਦੀ ਛੋਹ, 'ਵਾਹ-ਵਾਹ' ਭਾਗਾਂ ਵਾਲੀਏ, ਤੂੰ ਅਤਿ ਭਾਗਵਾਨ ਏਂ, ਤੂੰ ਖ਼ਾਕ ਤੋਂ ਜ਼ੱਰਾ-ਇ-ਨੂਰ ਬਣ ਅਰਸ਼ਾਂ ਵਿਚ ਚਮਕੇਂਗੀ। ਫਰਸ਼ਾਂ ਦੀ ਰਾਣੀਏ! ਕੁਰਸ਼ਾਂ 'ਤੇ ਪੁਜੇਂਗੀ ਮੇਰੇ ਦਾਤੇ ਦੀ ਛੋਹ ਲੈ ਕੇ, ਵਾਹ-ਵਾਹ ਦਾਤਾ! ਤੂੰ ਧੰਨ ਹੈਂ, ਦਾਤਾ ਤੂੰ ਧੰਨ ਹੈਂ, ਦਾਤਾ ਤੂੰ ਧੰਨ ਹੈਂ"। ਇਹ ਕਹਿੰਦਿਆਂ ਪਿਛਲੀ ਠੇਰੀ ਉਤੇ ਸਮਾਧੀ ਵਿਚ **ਸਲੀਮਾਂ** ਜੁੜ ਗਈ ਹੈ।

ਇਧਰ ਧੁਰੰਤਰ-ਨਾਥ, ਦਿਲਾਂ ਦੇ ਮਾਲਕ (ਬਾਬਾ ਜੀ) ਨੇ ਦਜਲੇ ਦੀ ਖਾੜੀ ਤੋਂ ਪਾਰ ਹੋ '**ਕੈਕੈ**' ਨਾਮ ਦੇ ਸ਼ਹਿਰ ਜੋ ਕਾਰੂੰ ਹਮੀਦ, ਮਿਸਰ ਦੇ ਸ਼ਾਹ, ਦੀ ਰਾਜਧਾਨੀ ਸੀ, ਰਾਜ-ਘਰਾਣੇ ਦੇ ਵੱਡੇ ਕਿਲੇ ਅੱਗੇ ਆਸਣ ਲਾ ਕੇ ਮਿਸਰੀ ਭਾਸ਼ਾ ਵਿਚ ਹੀ ਉਚਾਰਣ ਕੀਤਾ ਅਤੇ ਮਰਦਾਨੇ ਦੀ ਸੁਰ-ਤਾਲ ਵਿਚ ਗਾਵਣਾ ਸ਼ੁਰੂ ਕੀਤਾ। ਗੁਰਬਾਣੀ ਰੂਪ ਸ਼ਮਾਅ ਦੇ ਬਲਣ ਦੀ ਦੇਰ ਸੀ ਕਿ ਜੀਵ-ਰੂਪੀ ਪਤੰਗੇ ਡਾਰਾਂ ਬਣ-ਬਣ ਕੇ ਇਕੱਠੇ ਹੋਣ ਲੱਗੇ।

ਪੀਰ '**ਜਲਾਲ**', ਜੋ ਕਾਰੂੰਹਮੀਦ ਦਾ ਮੁਰਸ਼ਦ ਸੀ, ਸਾਹਿਬਿ-ਕਰਾਮਤ ਅਤੇ 'ਆਲਮ-ਬਾ-ਅਮਲ' ਸੀ। ਗਰੀਬਨਵਾਜ਼ (ਬਾਬਾ ਜੀ) ਦੀ ਮਹਿਮਾ ਸੁਣ ਕੇ ਖੁਦ ਦਰਸ਼ਨਾਂ ਲਈ ਹਾਜ਼ਰ ਹੋਇਆ। ਸ਼ਬਦ ਸੁਣ ਕੇ ਪ੍ਰਸੰਨਤਾ ਹੋਈ ਅਤੇ ਦਰਸ਼ਨਾਂ ਦੀ ਤ੍ਰਿਪਤੀ ਹਾਸਲ ਕਰਕੇ ਦੋ-ਜ਼ਾਨੂੰ (ਗੋਡਿਆਂ ਭਾਰ) ਮਥਾ ਟੇਕ ਕੇ ਸ਼ਰਧਾ-ਪੂਰਵਕ ਬੇਨਤੀ ਕੀਤੀ ਓਸੁ: "ਯਾ ਹਜ਼ਰਤ! ਇਥੋਂ ਦਾ ਖਲੀਫਾ, ਮੇਰਾ ਮੁਰੀਦ, ਬਹੁਤ ਜ਼ਾਲਿਮ, ਰਿਆਇਆ ਨੂੰ ਦੁਖ ਦੇਣ ਵਾਲਾ ਹੈ ਅਤੇ ਅਤੀ ਕੰਜੂਸ; ਕਿਸੇ ਪੀਰ-ਫਕੀਰ ਨੂੰ ਨਹੀਂ ਮਨਦਾ ਹੈ, ਮੈਂ ਭੀ ਇਸ ਤੋਂ ਦੁਖੀ ਹਾਂ, ਮਿਹਰ ਕਰੋ, ਇਸ ਨੂੰ ਸਿੱਧੇ ਰਾਹ ਪਾਓ।"

ਹਜ਼ੂਰ ਨੇ ਫੁਰਮਾਇਆ: "ਪੀਰ ਜੀ! ਤੁਹਾਡੇ ਮੁਰੀਦ ਦੀ ਖਿਚ ਹੀ ਇਥੇ ਲਿਆਈ ਹੈ, 'ਕਰਤਾਰ' ਭਲੀ ਕਰਨਗੇ।" ਪੀਰ ਨੇ ਚਰਨ-ਛੋਹ ਪ੍ਰਾਪਤ ਕਰਦਿਆਂ ਕਿਹਾ: "ਯਾ ਵਲੀਅੱਲਾ! ਇਸ ਕਾਫਰ ਨੇ ਪੰਜਤਾਲੀ ਕਰੋੜ ਦੇ ਅਲਾਹਿਦਾ- ਅਲਾਹਿਦ (ਵਖੋ-ਵਖਰੇ) ਚਾਲ੍ਹੀ ਖ਼ਜ਼ਾਨੇ ਜੋੜ ਰੱਖੇ ਹਨ ਜੋ ਗਰੀਬ ਰਿਆਇਆ ਦਾ ਖੂਨ ਹਨ; ਅਜੇ ਭੀ ਇਸਦੀ ਤ੍ਰਿਪਤੀ ਨਹੀਂ, ਮੁਰਦਿਆਂ ਦੇ ਕਫਨ ਤਕ ਵੇਚ ਕੇ ਆਪਣੇ ਖ਼ਜ਼ਾਨੇ ਭਰਦਾ ਹੈ।"

"ਨਿਰੰਕਾਰ... ਨਿਰੰਕਾਰ!" ਕਰਦਿਆਂ ਹਜ਼ੂਰ ਕੀਰਤਨ ਵਿਚ ਲੀਨ ਹੋ ਗਏ।

ਸ਼ਹਿਰੀ ਜਨਤਾ ਨੇ ਜਦ ਬਾਦਸ਼ਾਹ ਦੇ ਮੁਰਸ਼ਦ ਪੀਰ-ਜਲਾਲ ਨੂੰ ਹੀ ਵਲੀ-ਇ-ਹਿੰਦ ਦੀ ਸ਼ਰਨ ਵਿਚ ਵੇਖਿਆ, ਤਾਂ ਸਭ ਲੋਕਾਈ ਟੁਟ ਕੇ 'ਬਾਬਾ ਜੀ' ਦੀ ਚਰਨੀ ਆ ਲੱਗੀ, ਅਤੇ ਲਗਾ ਬਾਣੀ ਦਾ ਪ੍ਰਵਾਹ ਚਲਣ। ਅਨੇਕ ਭੌਰਿਆਂ ਨੇ ਆਤਮਕ ਰਸ ਮਾਣਿਆਂ, ਬੇਅੰਤ ਰੂਹਾਂ ਤ੍ਰਿਪਤ ਹੋਈਆਂ, ਮਾਨੋ ਅਮਰ ਪਿਆਲੇ ਪੀ, ਜਨਤਾ ਨਿਹਾਲ ਹੋ ਰਹੀ ਸੀ। ਪੀਰ ਜਲਾਲ ਤਾਂ ਸਮਝਦੇ ਹਨ ਕਿ ਸਾਖਯਾਤ 'ਖ਼ੁਦਾਵੰਦ ਕਰੀਮ' ਆਪ ਨਿਵਾਜਨ ਨੂੰ ਆਏ ਹਨ, ਅਸਚਰਜ ਲੀਲ੍ਹਾ ਵਰਤ ਰਹੀ ਹੈ।

ਇਕ ਦਿਨ ਕਾਰੂੰਹਮੀਦ ਦੇ ਦਰਬਾਰ ਵਿਚ ਬੈਠੇ ਪੀਰ ਜਲਾਲ ਨੇ ਮੌਕਾ ਵੇਖ ਕੇ ਸ਼ਾਹ ਨੂੰ ਕਿਹਾ: "ਬਾਦਸਾਹ! ਤੇਰੇ ਸ਼ਹਿਰ ਵਿਚ, 'ਹਿੰਦ ਦਾ ਪੀਰ-ਨਾਨਕ ਸ਼ਾਹ ਸੂਰਾ', ਜੋ ਮੱਕਾ-ਮਦੀਨਾਂ, ਕੂਫ਼ੇ ਆਦਿ ਸ਼ਹਿਰਾਂ ਨੂੰ ਜਿਤ ਕੇ ਆਇਆ ਹੈ, ਬੜਾ ਵਲੀ ਫ਼ਕੀਰ ਹੈ। ਸੁਣਿਆਂ ਹੈ ਇਸ 'ਵਲੀਅੱਲਾ' ਦਾ ਤੁਆਫ਼ (ਪ੍ਰਕਰਮਾਂ) 'ਕਾਅਬੇ' ਨੇ ਭੀ ਕੀਤਾ ਹੈ?" ਪੀਰ ਤੋਂ ਸਿਫਤਾਂ ਸੁਣ ਖੁਸ਼ ਹੋਇਆ ਅਤੇ ਕਹਿਣ ਲੱਗਾ: "ਯਾ ਪੀਰ! ਐਸੇ ਵਲੀਅੱਲਾ ਦੇ ਦੀਦਾਰ ਆਪਣੇ ਸੇਵਕ ਨੂੰ ਭੀ ਕਰਾਓ।" ਬਸ, ਫਿਰ ਕੀ ਸੀ! ਪੀਰ ਜੀ ਤਾਂ ਅੱਗੇ ਹੀ ਚਾਹੁੰਦੇ ਸਨ। ਪੀਰ , ਮੁਰੀਦ ਨੂੰ ਨਾਲ ਲੈ ਕੇ, ਗੁਰੂ-ਨਿਰੰਕਾਰ ਦੀ ਦਰਗਾਹ ਵਿਚ ਪੁਜੇ; ਲਹੁਡਾ ਵੇਲਾ ਸੀ, ਸ਼ਹਿਰੀ ਜਨਤਾ ਦੀ ਭੀੜ ਵੇਖਕੇ ਬਾਦਸ਼ਾਹ ਅਸਚਰਜ ਰਹਿ ਗਿਆ, ਬੜੇ ਪ੍ਰੇਮ ਸਹਿਤ ਕੋਲ ਆ ਕੇ ਮੱਥਾ ਟੇਕ ਕੇ, ਬੈਠ ਗਿਆ।

ਕਾਰੂੰਹਮੀਦ: "ਹਜ਼ਰਤ ! ਬੜੀ ਮਿਹਰ ਹੋਈ ਹੈ ਆਪ ਦੇ ਦੀਦਾਰ ਹੋਏ ਹਨ; ਮੇਰੇ ਵਰਗੇ ਨਮਾਣੇ ਉਤੇ ਭੀ ਮਿਹਰ ਦੀ ਨਿਗਾਹ ਕਰੋ ਤਾਂ ਜੋ ਨਿਜਾਤ ਪ੍ਰਾਪਤ ਹੋਵੇ।"

ਗੁਰੂ ਜੀ ਨੇ ਆਪਣੀ 'ਗੋਦੜੀ' 'ਚੋਂ ਇਕ ਨਿੱਕੀ ਜਿਹੀ ਸੂਈ ਕੱਢ ਕੇ ਬਾਦਸ਼ਾਹ ਨੂੰ ਦਿੱਤੀ ਅਤੇ ਫੁਰਮਾਇਆ: "ਸੰਭਾਲ ਕੇ ਰੱਖਣਾ।"

ਕਾਰੂੰ: "ਹਜ਼ਰਤ! ਇਹ ਕੀ ਹੈ?

ਗੁਰੂ ਜੀ: "ਅਮਾਨਤ ਹੈ, ਸੰਭਾਲ ਕੇ ਰਖਣਾ।"

ਕਾਰੂੰ : "ਇਹ ਨਿੱਕੀ ਜਿਹੀ ਚੀਜ਼ ਮੈਂ ਕਿੱਥੇ ਰੱਖਾਂਗਾ?"

ਗੁਰੂ ਜੀ: "ਹਮੀਦਾ! ਘਬਰਾਂਦੇ ਕਿਉਂ ਹੋ? ਤੁਹਾਡੇ ਕੋਲ ਚਾਲ੍ਹੀ ਗੰਜ (ਖਜਾਨੇ) ਹਨ, ਕਿਸੇ ਇਕ ਵਿਚ ਰਖ ਦਿਓ!"

ਕਾਰੂੰ : "ਇਨ੍ਹਾਂ ਵਿਚ, ਯਾ ਹਜ਼ਰਤ, ਇਮਾਨਤਖਾਤਾ ਤਾਂ ਕੋਈ ਨਹੀਂ ਅਤੇ ਇਸ ਨਿੱਕੀ ਜਿੰਨੀ ਵਸਤੂ ਲਈ ਉਚੇਚਾ ਉੱਧਮ ਕਰਨਾ ਹੈ?"

ਗੁਰੂ ਜੀ: "ਹਰ ਵਸਤ ਅਮਾਨਤ ਹੈ, ਹਥ-ਪੈਰ, ਹਡਮਾਸ, ਰੋਮ, ਹਰ ਸ਼ੈਅ ਕਿਸੇ ਦੀ ਹੈ, ਤੁਹਾਡੀ ਨਹੀਂ, ਲੇਖਾ ਦੇਣਾ ਪਵੇਗਾ।"

ਕਾਰੂੰ- "ਹਥ-ਪੈਰ ਕਿਸਦੀ ਅਮਾਨਤ ਹਨ? "

ਗੁਰੂ ਜੀ- "ਜਿਸਨੇ ਤੁਹਾਨੂੰ ਸੰਸਾਰ ਵਿਚ ਮਾਨਸ-ਜਨਮ ਦਿੱਤਾ ਹੈ।"

ਕਾਰੂੰ - "ਇਹ ਜਨਮ ਤਾਂ ਖੁਦਾ ਨੇ ਦਿੱਤਾ ਹੈ।"

ਗੁਰੂ ਜੀ: "ਇਹ ਸਰੀਰ ਭੀ ਖੁਦਾ ਦਾ ਹੀ ਹੈ ਅਤੇ ਸਰੀਰ ਦੇ ਹਰ ਹਿਸੇ ਤੋਂ ਲੇਖਾ ਮੰਗਿਆ ਜਾਣਾ ਹੈ।"

ਕਾਰੂੰ- "ਹੱਥਾਂ ਦਾ ਲੇਖਾ ਕੀ ਹੈ?"

ਗੁਰੂ ਜੀ: "ਸ਼ੁਭ ਕਰਮ।"

ਕਰੂੰ : "ਪੈਰਾਂ ਦਾ?"

ਗੁਰੂ ਜੀ: "ਨੇਕੀ ਦੇ ਕਦਮ।"

ਕਾਰੂੰ: "ਰੋਮਾਂ ਦਾ ਵੀ ਲੇਖਾ ਹੋਣਾ ਹੈ?"

ਗੁਰੂ ਜੀ: "ਸਭ ਤੋਂ ਵੱਡੀ ਇਮਾਨਤ ਰੋਮ ਹਨ, ਸ਼ਾਹਾ! ਇਮਾਨਤ ਹਰ ਸੂਰਤ ਵਿਚ ਦੇਣੀ ਪੈਂਦੀ ਹੈ।"

ਕਾਰੂੰ : "ਹਜ਼ਰਤ, ਫਿਰ ਆਪ ਨੂੰ ਆਪਣੀ ਇਮਾਨਤ ਕਦ ਚਾਹੀਦੀ ਹੋਵੇਗੀ?"

ਗੁਰੂ ਜੀ: "ਘਬਰਾਓ ਨਹੀਂ, ਮਿਆਦ ਲੰਮੀ ਹੈ।"

ਕਾਰੂੰ : "ਕਿੰਨੀ ਕੁ? ਜੇ ਦਸ ਦਿਓ ਤਾਂ 'ਮੋਦੀ' (ਲਿਖਣ ਹਾਰੇ) ਨੂੰ ਕਹਿ ਕੇ ਉਪਰ ਲਿਖਵਾ ਦਿਆਂ।"

ਗੁਰੂ ਜੀ: "ਅਗਲੇ ਜਹਾਨ ਚਲ ਕੇ ਲਵਾਂਗੇ, ਹਮੀਦ! ਘਬਰਾਓ ਨਹੀਂ।"

ਕਾਰੂੰ (ਤ੍ਰਬਕ): "ਹੈਂ! ਇਹ ਕੀ ਆਖਿਆ ਜੇ? ਯਾ ਵਲੀ-ਅੱਲਾ! ਕੋਈ ਚੀਜ਼ ਕਿਸੇ ਦੇ ਨਾਲ ਭੀ ਕਦੀ ਗਈ ਹੈ, ਇਹ ਤਾਂ ਬੇ- ਬੁਨਿਆਦ ਜਿਹੀ ਗਲ ਆਖੀਜੇ।"

ਗੁਰੂ ਜੀ: "ਹਾਂ, ਹੈ ਤਾਂ ਠੀਕ, 'ਦੁਇ ਕਰ ਝਾੜ' ਜਵਾਰੀਆਂ ਵਾਂਗ ਚਲਣਾ ਪੈਂਦਾ ਹੈ।"

ਕਾਰੂੰ : "ਫਿਰ ਇਹ ਸੂਈ ਕਿਦਾਂ ਜਾਵੇਗੀ?"

ਗੁਰੂ ਜੀ: "ਮੈਂ ਇਹ ਨਹੀਂ ਕਿਹਾ ਕਿ ਸੂਈ ਤੁਹਾਡੇ ਨਾਲ ਜਾਵੇਗੀ ਬਲਕਿ, ਕਿਹਾ ਹੈ ਕਿ, 'ਅਗਲੇ ਜਹਾਨ ਦੇ ਦੇਣੀ।"

ਕਾਰੂੰ: "ਯਾ ਵਲੀਅੱਲਾ! ਇਹ ਗਲ ਔਖੀ ਹੈ।"

ਗੁਰੂ ਜੀ: "ਹਮੀਦ! ਇਕ ਸੂਈ ਨੇ ਤੈਨੂੰ ਹੈਰਾਨ ਕਰ ਦਿੱਤਾ ਹੈ, ਇਹ ਚਾਲ੍ਹੀ ਗੰਜ (ਖਜ਼ਾਨੇ) ਜੋ ਜਮ੍ਹਾ ਕੀਤੇ ਹਨ, ਇਹ ਸਭ ਅਗੇ ਜਾ ਕੇ ਦੇਣੇ ਪੈਣਗੇ, ਕੌਡੀ-ਕੌਡੀ ਦਾ ਹਿਸਾਬ ਹੋਵੇਗਾ।"

ਕਾਰੂੰ: "ਅੱਛਾ ਜੀ! ਦੇਣੇ ਪੈਣਗੇ? ਆਹ ... . . . ਅੱਛਾ ਜੀ! "

ਗੁਰੂ ਜੀ: "ਬਗੈਰ ਸ਼ਕੋ-ਸੂਭਾ ਦੇਣੇ ਪੈਣਗੇ।"

ਕਾਰੂੰ 'ਢਾਹਾਂ' ਮਾਰ ਚਰਨੀ ਡਿਗ ਪਿਆ । ਭਰੀ ਸਭਾ ਵਿਚ ਕਹਿਣ ਲੱਗਾ: "ਯਾ ਹਜ਼ਰਤ! ਮੇਰੀ ਖ਼ਲਾਸੀ ਦੀ ਕੋਈ ਯੋਗ-ਜੁਗਤੀ ਦੱਸੋ।" ਜਦ ਜੋਦੜੀ-ਰੂਪ ਵਿਚ ਪਸਚਾਤਾਪ ਕੀਤਾ ਤਾਂ ਮਿਹਰਾਂ ਦੇ ਸਾਈਂ ਸਤਿਗੁਰੂ ਜੀ ਨੇ, ਬੜੀ ਲੰਮੀ-ਚੌੜੀ, ਕਾਰੂੰ ਨੂੰ, 'ਨਸੀਯਤ' ਕੀਤੀ, ਜੋ ਤੀਰ 'ਨਿਸ਼ਾਨੇ' ਬੈਠਾ। ਕਾਰੂੰ ਨੂੰ ਗਿਆਨ ਹੋ ਗਿਆ ਕਿ ਮੈਂ ਜ਼ੁਲਮ ਕੀਤਾ ਹੈ ਅਤਿ ਜ਼ੁਲਮ ਕੀਤਾ ਹੈ। ਬਾਰ-ਬਾਰ ਪਸਚਾਤਾਪ ਕਰਨ ਲੱਗਾ। ਹਜ਼ੂਰ ਨੇ ਧੀਰਜ ਦੇ ਕੇ ਫੁਰਮਾਇਆ, "ਹਮੀਦ! ਘਬਰਾਓ ਨਹੀਂ। ਦੁਨੀਆਂ ਵਿਚ ਜੀਵ ਆਪਣੇ ਵੇਲੇ-ਵਕਤ ਦੀ ਪਹਿਚਾਣ ਲਈ ਹੀ ਆਇਆ ਹੈ, ਵਕਤ ਦੀ ਪਹਿਚਾਣ ਕਰੇ।"

ਕਾਰੂੰ ਹਮੀਦ ਦੇ ਹਥ ਜੁੜੇ ਹੋਏ ਹਨ, ਅੱਖਾਂ 'ਚ ਛਮਾ-ਛਮ ਨੀਰ ਵੱਗ ਰਿਹਾ ਹੈ ਅਤੇ ਕਹਿ ਰਿਹਾ ਹੈ: "ਹਜ਼ੂਰ! ਹੁਣ ਮੈਂ ਕੀ ਕਰਾਂ? ਮੇਰੇ ਗੁਨਾਹ ਬਖਸ਼ੋ,

ਮੇਰੀ ਖ਼ਲਾਸੀ ਦੀ ਯੁਗਤੀ ਵਰਤੋ, ਮੇਰੀ ਬਰੀਯਤ (ਮੁਕਤੀ) ਦਾ ਮੈਨੂੰ ਨਿਸ਼ਚਾ ਬਖਸ਼ੋ।"

ਦਇਆ ਦੇ ਸਾਗਰ ਨੇ ਫੁਰਮਾਇਆ: "ਬਾਦਸ਼ਾਹ! ਤੇਰੇ ਦੇਸ਼ਾਂਤਰੀ ਲੋਕ ਭੁੱਖ ਦੇ ਹਾਵੇ ਮਰ ਰਹੇ ਹਨ, ਅਤਿ ਕੰਗਾਲ ਅਤੇ ਦੁਖੀ ਹਨ। ਆਪਣੀ ਰਿਆਇਆ ਦੇ ਭੁਖਿਆਂ ਨੂੰ ਸਾਰੇ ਖ਼ਜ਼ਾਨੇ ਵੰਡ ਦੇ, ਇਹਦੇ ਵਿਚ ਹੀ ਤੇਰੀ ਬਰੀਯਤ (ਮੁਕਤੀ) ਅਤੇ ਭਲਾ ਹੈ।" ਕਾਰੂੰ ਨੂੰ ਗਿਆਨ ਹੋ ਚੁੱਕਾ ਸੀ; ਬਚਨ ਮੰਨ ਕੇ ਸਾਰੇ ਗੰਜ (ਖ਼ਜਾਨੇ) ਗਰੀਬਾਂ ਵਿਚ ਵੰਡ ਦਿੱਤੇ ਅਤੇ ਲੋਕੀ ਖੁਸ਼ਹਾਲ ਹੋ ਕੇ 'ਨਿਰੰਕਾਰ' ਦੀ ਭਗਤੀ ਵਿਚ ਜੁੜੇ ਅਤੇ ਕਾਰੂੰ ਹਮੀਦ ਭੀ ਸਚ ਦੀ ਪ੍ਰਾਪਤੀ ਕਰਕੇ ਨਿਹਾਲ ਹੋਇਆ।

ਪੀਰ ਜਲਾਲ ਨੇ ਗੁਰੂ ਜੀ ਦਾ ਬਹੁਤ ਹੀ ਧੰਨਵਾਦ ਕੀਤਾ। ਗੁਰੂ ਜੀ ਨੇ ਇਸ ਅਸਥਾਨ ਦੀ ਸੇਵਾ ਅਤੇ ਨੇਕੀ ਦੇ ਪ੍ਰਚਾਰ ਲਈ ਪੀਰ ਨੂੰ ਆਗਿਆ ਦਿੱਤੀ। **ਕੈ-ਕੈ** ਸ਼ਹਿਰ ਤੋਂ ਬਾਹਰ, ਦੱਖਣੀ ਬਾਹੀ ਵਲ ਨਹਿਰ 'ਫ਼ਰਾਤ' ਦੇ ਕੰਢੇ ਉਤੇ **'ਨਾਨਕਵਲੀਹਿੰਦ'** ਦਾ ਚਬੂਤਰਾ ਨਾਮੀ ਪ੍ਰਸਿੱਧ ਅਸਥਾਨ ਹੈ। ਕਾਰੂੰ ਵਾਲੀ ਸੂਈ' ਪੀਰ-ਜਲਾਲ ਦੇ ਪਾਸ ਅਜੇ ਤਕ ਮੌਜੂਦ ਹੈਸੀ, ਜਿਸਦੇ 'ਵਲੀ ਹਿੰਦ' ਚਬੂਤਰੇ ਵਿਚੋਂ ਦਰਸ਼ਕਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ।"

**ਸ਼ਾਹਸ਼ਰਫ਼ ਉਧਾਰ:**

ਗਿਆਨੀ ਸੂਰਜ ਸਿੰਘ ਜੀ ਆਪਣੀ ਲਿਖਤ 'ਤ੍ਰਾਰੀਖ ਗੁਰੂ-ਖਾਲਸਾ' ਵਿਚ ਲਿਖਦੇ ਹਨ, ਕਿ ਗੁਰੂ ਜੀ 'ਡੇਹਰਾ ਇਸਮਾਈਲ ਖ਼ਾਨ' ਤੋਂ ਪਠਾਣ-ਵਲੀ ਇਲਾਕੇ ਦੀ ਸੈਰ ਕਰਦੇ **ਮਿਠਣਕੋਟ**, ਜਿਥੇ ਪੰਜ ਦਰਯਾ ਇਕੱਠੇ ਹੁੰਦੇ ਹਨ (ਇਹ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਦੀ ਆਖ਼ਰੀ ਸਰਹੱਦ ਸੀ) ਜਾ ਬਿਰਾਜੇ। **ਮਿਠਣਕੋਟ** ਵਿਖੇ ਹੀ ਇਥੇ ਹੀ ਗੁਰੂ ਜੀ ਨੇ ਇਕ ਨਿਰਦਈ ਅਤੇ ਧਰਮਹੀਨ ਬ੍ਰਾਹਮਣ ਦਾ, ਇਸ ਮਹਾਂ-ਵਾਕ ਅਨੁਸਾਰ, ਉਧਾਰ ਕੀਤਾ ਸੀ, :

"ਗਊ ਬ੍ਰਹਮਨ ਕਉ ਕਰ ਲਾਵਹੁ ਗੋਬਰ ਤਰਨ ਨ ਜਾਈ।"

ਇਥੇ ਬੜਾ ਭਾਰੀ ਅਸਥਾਨ ਹੈ ਜਿਸਦੀ ਬਹੁਤ ਮਾਨਤਾ ਹੁੰਦੀ ਹੈ। ਇਥੋਂ ਦਰਿਆ ਦੇ ਕਿਨਾਰੇ-ਕਿਨਾਰੇ, ਅਨੇਕ ਜੀਵਾਂ ਨੂੰ ਤਾਰਦੇ, 'ਰੋਹੜੀ' ਤੋਂ ਪਾਰ, ਜਿਥੋਂ

ਸੱਤ ਦਰਯਾ ਲੰਘਦੇ ਹਨ ਸਿੰਧ ਵਿਖੇ, ਸੱਖਰ ਸ਼ਹਿਰ ਦੇ ਕੋਲ, ਇਕ ਜਜ਼ੀਰੇ ਵਿਚ ਜਾ ਬਿਰਾਜਮਾਨ ਹੋਏ, ਜਿਸ ਅਸਥਾਨ ਦਾ ਨਾਉਂ ਮਸ਼ਹੂਰ ਸਾਧ-ਬੇਲਾਂ, ਉਦਾਸੀਆਂ ਦਾ ਡੇਰਾ, ਹੈ। ਇਹ ਅਸਥਾਨ ਬਾਬਾ ਵਣਖੰਡੀ ਦਾਸ ਨੇ ਉਜਾਗਰ ਕੀਤਾ ਸੀ। ਹੁਣ ਇਸ ਅਸਥਾਨ ਦੀ ਪੂਜਾ ਸਾਰਾ ਸਿੰਧ ਕਰਦਾ ਹੈ। ਇਥੋਂ ਹਜ਼ੂਰ ਕਰਾਚੀ ਬੰਦਰਗਾਹ ਦੇ ਲਾਗੇ ਜਾ ਬੈਠੇ ਜਿਸ ਅਸਥਾਨ ਦਾ ਨਾਮ ਅਕਾਲ ਬੁੰਗਾ ਹੈ, ਇਹ ਅਸਥਾਨ ਗੁਰ-ਸਿੱਖਾਂ ਦੇ ਕਬਜ਼ੇ ਵਿਚ ਬੜੀ ਘਾਲਣਾ ਅਤੇ ਕੁਰਬਾਨੀਆਂ ਨਾਲ ਆਇਆ ਸੀ। ਅਕਤੂਬਰ ੧੯੩੮ ਵਿਚ ਇਸ ਗੁਰ - ਅਸਥਾਨ ਦੀ ਅਜ਼ਾਦੀ ਲਈ ਜੋ 'ਪੰਥ' ਵਲੋਂ ਮੋਰਚਾ ਲੱਗਾ ਸੀ , ਦੋ ਹਜ਼ਾਰ ਦਾ ਜਥਾ ਲੈ ਕੇ ਇਸ ਮੋਰਚੇ ਵਿਚ ਜਾਣ ਲਈ ਅਖਰ-ਕਰਤਾ (ਸੱਯਦ ਪ੍ਰਿਥੀਪਾਲ ਸਿੰਘ) ਨੂੰ ਭੀ ਸਮਾ ਪ੍ਰਾਪਤ ਹੋਇਆ ਸੀ।

ਅਨੇਕ ਜੀਵਾਂ ਦਾ ਉਧਾਰ ਕਰਕੇ ਸਮੁੰਦਰੋਂ ਪਾਰ 'ਅਦਨ' ਦੇ ਵੱਡੇ ਕਿਲੇ ਦੇ ਹੇਠਾ, ਜਿੱਥੇ ਹੁਣ ਬੜਾ ਭਾਰੀ (ਗੁਰੂ ਜੀ ਦਾ) ਪੂਜਨੀਕ ਅਸਥਾਨ ਹੈ, ਇਥੋਂ ਹਜ਼ੂਰ 'ਜੱਦੇ ਸ਼ਰੀਫ਼', 'ਮਾਈ ਹੱਵਾ' ਦੀ ਕਬਰ ਤੋਂ ਥੋੜੀ ਦੂਰ ਜਿਹੇ,[4] ਆ ਬਿਰਾਜੇ। ਇਥੇ ਭੀ ਬੜਾ ਸੋਹਣਾ ਗੁਰੂ-ਮੰਦਿਰ ਹੈ, ਜਿਸਦਾ ਨਾਮ ਨਾਨਕਸ਼ਾਹ-ਕਲੰਦਰ ਹੈ।

ਗਿਆਨੀ ਸੂਰਜ ਸਿੰਘ ਜੀ ਨੇ ਆਪਣੀ ਵਾਕਫ਼ੀ ਜ਼ਾਹਰ ਕੀਤੀ ਹੈ ਕਿ 'ਅਰਬ-ਦੇਸ਼' ਵਿਚ ਦਾਖਲ ਹੁੰਦਿਆਂ ਹੀ ਗੁਰੂ ਜੀ ਨੇ ਭੇਸ-ਵਟਾ ਲਿਆ ਸੀ। ਪਰ 'ਸੱਯਾਹਤੇ ਬਾਬਾ ਨਾਨਕ ਫ਼ਕੀਰ' ਦੇ ਕਰਤਾ ਜੀ ਨੇ ਇਹ ਗਲ ਕਿਧਰੇ ਨਹੀਂ ਦੱਸੀ ਕਿ ਹਜ਼ੂਰ ਨੇ ਕਿਧਰੇ ਆਪਣੇ ਲਿਬਾਸ ਦਾ ਵਟਾਂਦਰਾ ਕੀਤਾ ਹੋਵੇ। ਇਹ ਗੱਲ ਅਤਿ ਨਖੇਧਦੀ ਹੈ ਜੋ ਮੰਨਣਯੋਗ ਨਹੀਂ; ਕਿਸੇ ਹੋਰ 'ਅਰਬ ਦੀ ਤ੍ਵਾਰੀਖ' ਨੇ ਵੀ ਲਿਬਾਸ ਦਾ ਵਟਾਂਦਰਾ ਨਹੀਂ ਦੱਸਿਆ।

---

[4] ਮੁਸਲਮਾਨ ਭੈਯਾਨ ਡਾ ਮੰਨਣਾ ਹੈ ਕੀ ਆਕਾਸ਼ ਵਿਚਲੇ ਵਿਸਫੋਟ ਤੋਂ ਬਾਅਦ ਬਾਬਾ ਆਦਮ 'ਸ੍ਰੀਲੰਕਾ' ਵਿਖੇ ਉਤਰਿਆ ਅਤੇ ਬੀਬੀ 'ਹੱਵਾ' ਜੱਦੇ : ਜੱਦਹ ਭਾਵ 'ਦਾਦੀ', ਮਾਨਵ-ਮਾਤਰ ਦੀ।

'ਸਫ਼ਰਨਾਮੇ' ਦੇ ਕਰਤਾ ਜੀ ਲਿਖਦੇ ਹਨ ਕਿ 'ਜੌਂਦੇ', ਤੋਂ ਜਦ ਬਾਈ ਕੁ ਕੋਹ ਲੰਘੇ। ਸਾਂ ਤਾਂ ਇਕ ਹਾਜੀਆਂ ਦਾ ਟੋਲਾ ਮਿਲਿਆ। ਹਜ਼ੂਰ ਛੇਤੀ-ਛੇਤੀ, ਸਾਰੇ ਕਾਫਲੇ ਤੋਂ ਲੰਘਦੇ, ਸਭ ਤੋਂ ਮੂਹਰੇ ਹੋ, ਸ਼ਾਹ ਸ਼ਰਫ਼ ਦਾ ਊਠ ਜਾ ਰਿਹਾ ਸੀ, ਉਹਦੇ ਅੱਗੇ-ਅੱਗੇ ਤੁਰਨ ਲਗ ਪਏ। ਸ਼ਾਹ ਸ਼ਰਫ਼ ਪਾਨੀਪਤ ਦੇ ਫਕੀਰਾਂ 'ਚੋਂ ਸੀ ਅਤੇ ਕਾਮਲ-ਔਲਯਾਅੱਲਾ ਸੀ। ਇਹ ਹਿੰਦੀ ਹਾਜੀਆਂ ਦਾ ਕਾਫ਼ਲਾ ਆਪ (ਸ਼ਾਹ ਸ਼ਰਫ਼) ਦੀ ਜਥੇਦਾਰੀ ਵਿਚ ਮੱਕੇ ਜਾ ਰਿਹਾ ਸੀ। ਆਪਣੇ ਉਠਵਾਹਨ ਤੋਂ ਉਹ ਪੁੱਛਦਾ ਹੈ: "ਇਹ ਪੈਦਲ ਜਾਣ ਵਾਲੇ ਫ਼ਕੀਰ ਕੌਣ ਹਨ? ਅਤੇ ਕਿੱਧਰ ਜਾ ਰਹੇ ਹਨ?"

ਊਠ ਵਾਲੇ ਨੇ ਕਿਹਾ, "ਹੇ ਫਕੀਰ! ਅਤੇ ਪੀਰਾਂ ਦੇ ਪੀਰ (ਬਾਬਾ ਜੀ) ਕਾਫਲੇ ਦੇ ਸਰਦਾਰ ਨੇ ਤੁਹਾਡਾ ਨਾਂ ਅਤੇ 'ਕਿੱਥੇ ਜਾ ਰਹੇ ਹੋ' ਪੁਛਨਾਂ ਕੀਤਾ ਹੈ।"

"ਹਿੰਦੂ ਕਹਾ ਤਾਂ ਮਾਰੀਅਨ ਮੁਸਲਮਾਨ ਭੀ ਨਾਹ।
ਪੰਜਤਤ ਕਾ ਪੁਤਲਾ ਨਾਨਕ ਮੇਰਾ ਨਾਉ।"

ਗੁਰੂ ਜੀ ਤੋਂ ਇਹ ਉਤਰ ਸੁਣ ਕੇ ਊਠ ਵਾਲੇ ਨੇ ਆਪਣੇ ਪੀਰ ਨੂੰ ਕਿਹਾ, "ਹਜ਼ਰਤ, ਹਿੰਦੂ ਜਾਪਦੇ ਹਨ, ਨਾਂ ਆਪਣਾ 'ਨਾਨਕ' ਦਸਦੇ ਹਨ।"

ਸ਼ਾਹ ਸ਼ਰਫ਼ ਨੇ ਊਠ ਤੋਂ ਹੇਠਾਂ ਉਤਰ ਕੇ ਗੁਰੂ ਜੀ ਤੋਂ ਪੁਛਿਆ: "ਆਪ ਕਿੱਥੇ ਜਾ ਰਹੇ ਹੋ?" ਆਪ ਨੇ ਫੁਰਮਾਇਆ: "ਜਿਧਰ ਦੁਨੀਆਂ ਜਾ ਰਹੀ ਹੈ, ਅਸੀਂ ਭੀ ਉਧਰ ਹੀ ਜਾ ਰਹੇ ਹਾਂ।" ਪੀਰ ਨੇ ਅਨੁਭਵ ਕੀਤਾ ਕਿ 'ਨਾਨਕ' ਕੋਈ ਤਕੜਾ ਫਕੀਰ ਹੈ।

ਪ੍ਰਸ਼ਨ ਕੀਤਾ: "ਫਕੀਰੀ ਚੀਸਤ? ਆਖ਼ਰ ਫ਼ਕੀਰੀ ਚੀਸਤ? ਮੁਸਲਾ ਚੀਸਤ?" ਕੁਲ ੬੨ ਉਤਰ-ਪ੍ਰਸ਼ਨ ਹੋਏ। ਜਦ ਸਾਰੇ ਕਾਫ਼ਲੇ ਦੇ ਪੀਰਾਂ-ਫਕੀਰਾਂ ਅਤੇ ਹਾਜੀਆਂ ਦੀ ਤਸੱਲੀ ਹੋ ਗਈ ਤਾਂ 'ਸ਼ਾਹ ਸ਼ਰਫ' ਨੇ ਅਦਬ ਵਿਚ ਆ ਕੇ ਕਿਹਾ: "ਹੇ ਨਾਨਕ ਫਕੀਰ! ਆਪ ਕਾਮਲ ਵਲੀ-ਅੱਲਾ, ਰਬ ਦੇ ਘਰ ਦੀ ਖਬਰ ਰੱਖਣ ਵਾਲੇ ਹੋ, ਪਰ ਇਸਲਾਮ ਦੇ ਲੋਕਾਂ ਵਿਚ ਇਹ ਬੜਾ ਘਾਟਾ ਹੈ ਕਿ ਉਹ ਤੁਹਾਨੂੰ 'ਹਿੰਦੂ' ਜਾਣ ਕੇ ਕਾਅਬੇ ਵਿਚ ਨਹੀਂ ਦਾਖਲ ਹੋਣ ਦੇਣਗੇ।" ਲਾ-ਅਕਲੀ ਤੇ ਅਗਿਆਨਤਾ ਨੂੰ ਸੁਣ ਕੇ ਆਪ (ਬਾਬਾ ਜੀ) ਕਾਫਲੇ ਤੋਂ ਨਿਖੜ ਗਏ। ਜਦ

ਪੰਜ ਮਹੀਨਿਆਂ ਦੇ ਬਾਅਦ ਸੂਫੀਆਂ ਦਾ ਕਾਫਲਾ ਕਾਅਬੇ ਪੁਜਾ ਤਾਂ ਇਹ ਚਰਚਾ ਸੁਣ ਕੇ ਸ਼ਾਹ-ਸ਼ਰਫ, ਸਾਥੀਆਂ ਸਮੇਤ, ਹੈਰਾਨ ਹੋ ਗਏ ਕਿ ਨਾਨਕਸ਼ਾਹ ਫਕੀਰ ਨੂੰ ਤਾਂ ਪੰਜ ਮਹੀਨੇ ਇਥੇ ਆਏ ਨੂੰ ਹੋ ਗਏ ਸਨ ਅਤੇ ਖਾਨਾ-ਇ-ਕਾਅਬੇ ਨੇ ਤਵਾਫ (ਪਰਿਕਰਮਾ) ਭੀ ਨਾਨਕ ਦਾ ਕੀਤਾ ਹੈ। ਸ਼ਹਿਰ ਦੇ ਵੱਡੇ ਕਾਜੀ ਰੁਕਨਦੀਨ ਆਦਿ ਸਭ ਨਾਨਕ ਦੇ ਮੁਰੀਦ ਬਣ ਚੁੱਕੇ ਹਨ। ਸ਼ਾਹ ਸ਼ਰਫ ਜੀ ਅਗੇ ਹੀ ਕਾਇਲ ਸਨ; ਉਕਤ ਸ਼ਕਤੀਆਂ ਨੂੰ ਸੁਣ ਕੇ ਚਰਨੀਂ ਲਗੇ ਅਤੇ ਬੈਤ (ਮੁਰੀਦੀ) ਹਾਸਲ ਕੀਤੀ।

ਪਾਠਕ ਜੀਉ ! ਇਹ ਸ਼ਾਹ ਸ਼ਰਫ ਜੀ ਮਿਸਰ ਸ਼ਹਿਰ ਵਿਚ ਅਜੇ ਤਕ ਮੌਜੂਦ ਹਨ। ਗਿਆਨੀ ਗਿਆਨ ਸਿੰਘ ਜੀ 'ਆਰਿਫ' ਜਿਨ੍ਹਾਂ ਦੀ ਆਰਬਲਾ ਇਸ ਵਕਤ ੮੫ ਸਾਲ ਦੀ ਹੈ, ਆਪ ਨੇ ਤਕਰੀਬਨ ਦੁਨੀਆਂ ਦਾ ਰਟਨ ਕੀਤਾ ਹੈ, ਆਪਣਾ ਸਫ਼ਰੀ ਜੀਵਨ ਦਸਦਿਆਂ, ਆਪ ਨੇ ਦੱਸਿਆ ਕਿ ਜਦ ਮੈਂ ਮਿਸਰ ਗਿਆ ਤਾਂ ਗੁਰ-ਸਿੱਖਾਂ ਤੋਂ ਪਤਾ ਲੱਗਾ ਕਿ ਸ਼ਾਹ ਸ਼ਰਫ ਜੀ ਇਥੇ ਹਨ ਤਾਂ, ਦਰਸਨਾ ਦੀ ਤੀਬਰ ਇੱਛਾ ਧਾਰਕੇ, ਮਿਲਨ ਨੂੰ ਗਿਆ। ਨੂਰਾਨੀ ਦਰਸ਼ਨ ਕਰਕੇ ਅਤਿ ਪ੍ਰਸੰਤਾ ਹੋਈ; ਆਪ ਦਾ ਸਰੀਰ, ਅਤਿ ਬਿਰਧ ਹੋਣ ਕਰਕੇ, ਮਾਸ-ਹੱਡੀਆਂ ਛੋਡ ਚੁੱਕਾ ਸੀ, ਭਰਵੱਟਿਆਂ ਦਾ ਮਾਸ ਗੱਲ੍ਹਾਂ ਉਤੇ ਪੈਂਦਾ ਸੀ, ਧਾਗੇ ਨਾਲ ਭਰਵੱਟਿਆਂ ਦਾ ਮਾਸ ਉਤਾਂਹ ਸਿਰ ਨਾਲ, ਬੰਨ ਕੇ ਰੱਖਦੇ ਸਨ।

ਮੈਨੂੰ ਵੇਖਕੇ ਅਤਿ ਪ੍ਰਸੰਨ ਹੋਏ, ਵੀਚਾਰ ਦੇ ਦੌਰਾਨ ਬੇਨਤੀ ਕੀਤੀ, "ਜੇ ਆਪ ਉਹ ਹੀ ਸ਼ਾਹ-ਸ਼ਰਫ ਹੋ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕੀਤੀ ਹੈ ਤਾਂ, ਮੇਰੀ ਤਸੱਲੀ ਲਈ ਕੋਈ ਠੋਸ ਸਬੂਤ ਦਿਓ", ਤਾਂ ਆਪ ਨੇ ਅੰਦਰੋਂ ਇਕ ਮੋਟੀ ਜਹੀ ਪੋਥੀ, ਜਿਸਦੇ ਪੱਤਰੇ ਅਤਿ ਬਿਰਧ ਸਨ, ਲਿਆ ਕੇ ਵਿਖਾਈ ਅਤੇ ਨਾਨਕ ਜੀ ਦੀ ਚਰਚਾ ਸਾਰੀ ਪੜ੍ਹਕੇ ਸੁਣਾਈ ਜਿਸ ਵਿਚ 'ਫਕੀਰੀ ਚੀਸਤ' ਆਦਿ ਦੇ ਉਤਰ-ਪ੍ਰਸ਼ਨ ਮੌਜੂਦ ਸਨ, ਅਰਬੀ ਪੜ੍ਹਕੇ ਸੁਨਾਏ ਅਤੇ ਸਮਝਾਏ, ਜਿਨ੍ਹਾਂ ਕਰਕੇ ਮੇਰੀ ਪੂਰੀ-ਪੂਰੀ ਤਸੱਲੀ ਹੋ ਗਈ ਅਤੇ ਪ੍ਰਸਨ ਕੀਤਾ ਕਿ "ਆਪ ਨੇ ਨਾਨਕ ਨੂੰ ਕਿਸ ਅਵੱਸਥਾ ਵਿਚ ਵੇਖਿਆ ਸੀ?" ਤਾਂ ਦੋਇ ਬਾਹਵਾ ਆਕਾਸ਼ ਵਲ

ਖੜੀਆਂ ਕਰਕੇ ਕਿਹਾ, "ਉਹ ਆਪ ਅੱਲਾਪਾਕ ਦੀ ਜਾਤ ਸੀ, ਸਾਡੀ ਪਛਾਣ ਵਿਚ ਨਹੀਂ ਆਇਆ ਤੇ ਹੁਣ ਪਛਤਾਵੇ ਵਿਚ ਹਾਂ।"

ਗਿਆਨੀ ਜੀ ਨੇ ਦੱਸਿਆ ਕਿ ਹਰ ਜੁੰਮੇ ਨੂੰ ਮਿਸਰ ਦਾ 'ਸ਼ਾਹਾ' ਇਨ੍ਹਾਂ ਦੇ ਦਰਸ਼ਨਾ ਲਈ ਆਇਆ ਕਰਦਾ ਸੀ। ਇਕ ਦਿਨ ਪੀਰ ਜੀ ਨੂੰ ਅਰਜ਼ ਕੀਤੀ ਕਿ: "ਤਾਰੀਖਾਂ ਦਸਦੀਆਂ ਹਨ ਕਿ ਗੁਰੂ ਜੀ ਦੀ ਵਾਪਸੀ ਕਾਬਲ ਦੇ ਰਸਤੇ ਪੰਜਾਬ ਨੂੰ ਹੋਈ ਹੈ, ਇਸ ਰਾਹ ਦੇ ਗੁਰ-ਅਸਥਾਨ ਵੇਖਣ ਦੀ ਚਾਹ ਹੈ, ਪ੍ਰੰਤੂ ਨਿਰਧਨ ਹਾਂ ਦੇਸ਼ ਮੁਸਲਮਾਨੀ ਹੈ, ਤੁਸੀਂ ਜੇ ਮਦਦ ਕਰੋ ਤਾਂ ਦੀਦਾਰ ਹੋ ਸਕਦੇ ਹਨ।" ਆਪਣੇ ਥੋਹੜੀ ਚੁਪ ਮਗਰੋਂ ਸ਼ਨੀਚਰਵਾਰ ਨੂੰ ਮਿਲਨ ਲਈ ਕਿਹਾ; ਜੁੰਮੇ ਨੂੰ ਮਿਸਰ ਦੇ ਸ਼ਾਹ ਨਾਲ ਗੱਲਬਾਤ ਕਰਕੇ ਮੇਰਾ ਸਾਰਾ ਪ੍ਰਬੰਧ ਕਰ ਦਿੱਤਾ। ਸ਼ਨੀਚਰਵਾਰ ਨੂੰ ਦੋ ਊਠ, ਇਕ ਸਵਾਰੀ ਲਈ, ਇਕ ਊਠ-ਵਾਨ ਅਤੇ ਰਸਦ-ਪਾਣੀ ਲਈ ਤਿਆਰ ਸਨ। ਮੈਨੂੰ ਕਹਿਣ ਲੱਗੇ: "ਇਹ ਉਠ-ਵਾਨ ਤੁਹਾਨੂੰ ਕਾਬਲ ਛੋੜ ਕੇ ਆਵੇਗਾ, ਇਹ ਸਰਕਾਰੀ ਨੌਕਰ ਹੈ, ਰਸਤੇ ਦੀ ਦੇਖ - ਭਾਲ ਖੁਰਾਕ ਆਦਿ ਦਾ ਸਭ ਬੰਦੋਬਸਤ ਕਰੇਗਾ।"

ਇਹ ਇਕ ਅਚੰਭਾ ਹੈ, ਜੋ ਜ਼ਰੂਰੀ ਦਸਣਾ ਸੀ ਉਹ ਇਹ ਕਿ ੧੯੧੫ ਈਸਵੀ ਤਕ ਇਹ ਮਹਾਂ-ਪੁਰਸ਼ ਮਿਸਰ ਵਿਚ ਜੀਉਂਦੇ ਸਨ।

**ਪੀਰ ਬਗ਼ਦਾਦ ਉਧਾਰ:**

'ਸਫ਼ਰਨਾਮੇ' ਦੇ ਕਰਤਾ ਜੀ ਲਿਖਦੇ ਹਨ ਕਿ 'ਕਾਰੂੰ' ਨੇ ਗੁਰ-ਭਗਤੀ ਪ੍ਰਾਪਤ ਕਰਕੇ ਆਪਣੀ ਰਾਜ-ਗੱਦੀ ਪੁੱਤ ਨੂੰ ਸੌਂਪ ਦਿੱਤੀ ਅਤੇ ਆਪ ਤਿਆਗਰੂਪ ਹੋ ਕੇ ਭਗਤੀ ਵਿਚ ਲੀਨ ਹੋ ਗਿਆ।

ਇਥੋਂ ਚਲ ਕੇ ਹਜ਼ੂਰ (ਬਾਬਾ ਜੀ) ਮਸ਼ੱਦ-ਸ਼ਰੀਫ਼, ਹਜਰਤ ਅਲੀ ਦੀ ਜਿੱਥੇ ਕਬਰ ਹੈ, ਆ ਬ੍ਰਾਜਮਾਨ ਹੋਏ। ਅਨੇਕ ਪ੍ਰਕਾਰ ਦੇ ਕੌਤਕਾਂ ਦੇ ਰਾਹੀਂ ਅਨੇਕ ਜੀਵਾਂ ਦਾ ਉਧਾਰ ਕੀਤਾ। ਇਥੋਂ ਚਲ ਕੇ ਰਸਤੇ ਵਿਚ ਅਨੇਕਾਂ ਕੌਤਕ ਅਤੇ ਅਨੇਕਾਂ ਉਪਕਾਰ ਕਰਦੇ 'ਬਗ਼ਦਾਦ', ਹਜ਼ਰਤ 'ਪੀਰਾਨੇ ਪੀਰ' ਸ਼ੈਖ ਅਬਦੁਲ ਕਾਦਰ 'ਜੀਲਾਨੀ', ਜੋ ਸਾਰੀ ਇਸਲਾਮੀ ਦੁਨੀਆਂ ਦੇ ਦਸਤਗੀਰ ਦਾ ਸ਼ਹਿਰ ਹੈ, ਆ ਬਰਾਜਮਾਨ ਹੋਏ।

ਇਸ ਵਕਤ ਇਥੋਂ ਦਾ ਰਾਜਾ 'ਖ਼ਲੀਫ਼ਾ ਬਕਰ' ਸੀ, ਪੀਰਾਨੇ-ਪੀਰ ਦੀ ਗੱਦੀ ਉਪਰ ਪੀਰ ਅਬਦ ਰਹਿਮਾਨ , ਪੰਜਵੇਂ ਥਾਂ ਉਤੇ ਬਰਾਜਮਾਨ ਸਨ। ਹਜ਼ੂਰ ਨੇ ਚੜ੍ਹਦੇ ਪਾਸੇ ਰੇਗਿਸਤਾਨ ਵਿਚ ਸੰਘਣੀਆਂ ਖਜ਼ੂਰਾਂ ਦੇ ਜੰਗਲ ਵਿਚ 'ਰੱਬੀ ਬਾਣੀ' ਦੀ ਧੁਨ ਬੁਲੰਦ ਕੀਤੀ। ਅੰਮ੍ਰਿਤ ਵੇਲੇ ਦੇ ਕੀਰਤਨ ਵਿਚ ਮਰਦਾਨਾ ਜੀ, ਕਿਸੇ ਅਤਿ ਉਚੇ ਪਿਆਰ ਦੇ ਹੁਲਾਰ ਵਿਚ, "ਪਾਤਾਲਾਂ ਪਾਤਾਲ ਲਖ ਅਗਾਸਾਂ ਆਗਾਸ। ਓੜਕ ਓੜਕ ਭਾਲ ਥੱਕੇ ਵੇਦ ਕਹਿਣ ਇਕ ਵਾਤ" ਜਦ ਗਾਂਵਿਆ ਤਾਂ ਥੋਹੜੀ ਹੀ ਵਿਥ ਤੋਂ ਪੀਰ ਜੀ ਦਾ ਚੇਲਾ ਤੌਬਾ - ਤੌਬਾ ਅਤੇ ਲਾਹੌਲ ਪੜ੍ਹਦਾ, ਬੜੇ ਜੋਸ਼ ਵਿਚ ਆਇਆ। ਕੁਝ ਕਹਿਣਾ ਚਾਹੁੰਦਾ ਸੀ ਪਰ ਹਜ਼ੂਰ ਦੇ ਤੇਜ-ਜਲਾਲ ਦੇ ਸਾਹਮਣੇ ਚੁਪ ਧਾਰ ਸ਼ਹਿਰ ਨੂੰ ਚਲਾ ਗਿਆ; ਆਪਣੇ ਪੀਰ ਨੂੰ ਆ ਕੇ ਫਰਯਾਦੀ ਹੋਇਆ ਕਿ "ਯਾ ਦਸਤਗੀਰ! ਜ਼ੁਲਮ ਹੋ ਗਿਆ ਹੈ! ਚੜ੍ਹਦੀ ਗੁਠ ਵਾਲੇ ਕਬਰਿਸਤਾਨ ਵਿਚ ਕੁਝ ਹਿੰਦੀ ਫ਼ਕੀਰ ਬੈਠੇ ਹਨ, ਉਹ ਹਿੰਦੀ ਬੋਲੀ ਵਿਚ ਗਾ-ਗਾ ਕੇ ਕਹਿ ਰਹੇ ਹਨ ਕਿ ਵੇਦਾਂ ਦਾ ਫੈਸਲਾ ਹੈ ਕਿ ਜਮੀਨੇ-ਆਸਮਾਨ ਬੇਸ਼ੁਮਾਰ ਹਨ, ਤਬਕਾਂ ਦਾ ਹਿਸਾਬ - ਕਿਤਾਬ ਹੀ ਕੋਈ ਨਹੀਂ; ਦੂਜੀ ਗੱਲ, ਜੋ ਸ਼ਰਾਅ ਮੁਹੰਮਦੀ ਤੋਂ ਉਲਟ ਹੈ, ਗਾਣੇ ਗਾ ਰਹੇ ਹਨ, ਅਤੇ ਸਰੋਦ ਵਜਾ ਰਹੇ ਹਨ । ਸਾਡੇ ਨਬੀ-ਪਾਕ ਨੇ ਚੌਦਾਂ ਤਬਕ ਦੱਸੇ ਹਨ; ਯਾ ਹਜ਼ਰਤ! ਮੈਨੂੰ ਤਾਂ ਕੋਈ 'ਕਾਫ਼ਰ' ਜਾਪਦੇ ਹਨ।" ਪੀਰ ਅਬਦੁਰਹਿਮਾਨ ਸੁਣਦੇ ਸਾਰ ਲਾਲ - ਪੀਲਾ ਹੋ ਗਿਆ ਅਤੇ ਹੁਕਮ ਦਿੱਤਾ, "ਮੇਰਾ ਘੋੜਾ ਛੇਤੀ ਮੰਗਾਉ।"

ਇਸਲਾਮੀ ਦੁਨੀਆਂ ਦੇ ਦਸਤਗੀਰ ਨੇ ਆਪਣੇ ਮੁਰੀਦਾਂ ਨੂੰ ਇਹ ਕਹਿ ਕੇ ਕਿ "ਜਾਂਦਿਆਂ ਕਾਫਰਾਂ ਨੂੰ ਗਰਕ ਕਰ ਦਿਆਂਗਾ", ਘੋੜਾ ਤੇਜ਼ ਰਫ਼ਤਾਰ ਨਾਲ ਦੁੜਾ ਦਿੱਤਾ।

ਇਸ ਪੀਰ ਨੇ ਆਪਣੀ ਹੱਥੀਂ 'ਗੁਨੀਆਤੁਸਾਲੇਹੀਨ', ਇਕ ਕਿਤਾਬ, ਲਿਖੀ ਹੈ ਜੋ ਮੁਤਲਾਸ਼ੀ-ਏ-ਹੱਕ ਲੋਕਾਂ ਨੂੰ ਬੇ-ਪ੍ਰਵਾਹ ਕਰਨ ਵਾਲੀ ਹੈ । ਇਸ ਵਿਚ ਗੁਰੂ ਜੀ ਨਾਲ ਹੋਇਆ ਆਪਣਾ ਸੰਬਾਦ ਆਪਣੀ ਕਲਮ ਨਾਲ, ਬੜੀ ਫਰਾਖ ਦਿਲੀ ਨਾਲ, ਲਿਖਦਿਆਂ, ਦੱਸਿਆ ਹੈ ਕਿ "ਜਦੋਂ ਮੈਂ ਬੜੀ ਤੇਜ਼ੀ ਅਤੇ ਕਾਹਲੀ ਨਾਲ ਘੋੜੇ ਨੂੰ ਦੋੜਾਈ ਜਾ ਰਿਹਾ ਸਾਂ, ਤਾਂ ਅਚਨਚੇਤ ਮੇਰਾ ਘੋੜਾ ਖਲੋ ਗਿਆ।

ਚਲਾਉਣ ਦੀ ਬੜੀ ਕੋਸ਼ਿਸ਼ ਕੀਤੀ , ਪੈਰਾਂ ਦੀਆਂ ਠੋਹਕਰਾਂ ਅਤੇ ਚਾਬਕ ਮਾਰੇ ਪਰ ਘੋੜਾ ਨ ਟੁਰਿਆ। ਜਦੋਂ ਸਿਰ ਉਤਾਹਾਂ ਕਰਕੇ ਵੇਖਿਆ ਤਾਂ ਸਿਰਫ ਸੌ ਗਜ਼ ਦੇ ਫਾਸਲੇ ਉਤੇ ਉਹ ਫਕੀਰ ਬੈਠੇ ਹਨ। ਉਨ੍ਹਾਂ ਦੇ ਵਿਚਾਲੇ ਜੋ ਬਜ਼ੁਰਗ ਬੈਠੇ ਸਨ ਉਨ੍ਹਾਂ ਦੇ ਚਿਹਰੇ ਦਾ ਨੂਰ ਇਉਂ ਜਾਪਿਆ ਜਿਵੇਂ ਲੱਖਾਂ ਸੂਰਜਾਂ ਦੀ ਚਮਕ ਹੈ; ਇਸ ਨੂਰਾਨੀ ਜਲਵੇ ਨੇ ਮੇਰੀਆਂ ਅੱਖਾਂ ਬੰਦ ਕਰ ਦਿੱਤੀਆਂ ਅਤੇ ਨਜ਼ਾਲਤੇ ਵਹੀ 'ਅਕਾਸ਼ਬਾਣੀ' ਦਵਾਰਾ ਦਰਗਾਹ-ਏ-ਈਜ਼ਦੀ (ਰੱਬੀ) ਤੋਂ ਮੈਨੂੰ ਧ੍ਰਿਗਾਂ (ਫਿਟਕਾਰਾਂ) ਪਈਆਂ ਅਤੇ ਕਿਹਾ ਗਿਆ: "ਤੇਰੇ ਨਾਲੋਂ ਤਾਂ ਇਹ ਹੈਵਾਨ ਚੰਗਾ ਹੈ ਜਿਸ ਨੇ ਤੇਰੇ ਚਾਲਕਾਂ ਦੀ ਮਾਰ ਖਾ ਕੇ ਭੀ ਨ ਆਪ ਅਤੇ ਨ ਤੈਨੂੰ ਬੇਅਦਬੀ ਦੇ ਦਾਇਰੇ ਵਿਚ ਜਾਣ ਦਿੱਤਾ ਹੈ; ਜਿਸ ਨੂੰ 'ਕਾਫਰ' ਜਾਣ ਕੇ ਬੇਅਦਬੀ ਕਰਨ ਅਤੇ ਮਾਰਨ ਦੀ ਨਿਯਤ ਲੈ ਕੇ ਆਇਆ ਹੈਂ, ਸੱਚ! ਇਹ ਉਹ ਹੀ ਹੈ ਜਿਸ ਦੀਆਂ ਪ੍ਰਕਰਮਾਂ ਖਾਨਾ-ਇ-ਕਾਅਬੇ ਨੇ ਕੀਤੀਆਂ ਹਨ। ਸ਼ਾਹ ਸ਼ਰਫ਼ ਵਰਗੀਆਂ ਸ਼ਖਸੀਅਤਾਂ ਅਤੇ ਕਾਜ਼ੀ ਰੁਕਨਦੀਨ ਸਾਰੀ ਦੁਨੀਆਂ ਦੇ ਫ਼ਤਵਾਐਲ ਨੇ ਚਰਨ-ਛੂਹ ਤੋਂ ਨਿਜਾਤ ਹਾਸਲ ਕੀਤੀ ਹੈ; ਸਮੁੱਚੇ ਅਰਬ ਨੂੰ 'ਜਾਮੇ-ਵਾਹਦਤ' ਪਿਲਾ ਕੇ ਹੁਣ ਤੇਰੇ ਸਾਹਮਣੇ ਬੈਠਾ ਹੈ। ਸੁਰਤ ਕਰ!"

ਪੀਰ ਲਿਖਦੇ ਹਨ ਕਿ "ਮੈਨੂੰ ਸੁਰਤ ਆ ਗਈ , ਅਤੇ ਘੋੜਾ ਛਡ ਦਿੱਤਾ, ਬਲਕਿ ਪੈਰਾਂ ਦਾ ਜੋੜਾ ਭੀ ਛੱਡ ਦਿੱਤਾ, ਪਾਇ ਬਿਰਹਨਾ (ਨੰਗੇ ਪੈਰ) ਹੋ ਕੇ, ਰਹਿੰਦੇ ਕਦਮਾਂ ਦਾ ਸਫਰ ਤੈਅ ਕਰਕੇ, ਸਿਰ ਉਹਦੇ ਕਦਮਾਂ ਉਤੇ ਰੱਖਿਆ। ਓਦੋਂ ਮੇਰੀ ਜ਼ਬਾਨ ਤੋਂ ਬੇ-ਇਖ਼ਤਿਆਰ ਇਹ ਅੱਖਰ ਨਿਕਲ ਰਹੇ ਸਨ":

"ਐ ਮੀਰੇ ਦਸਤਗੀਰ ਤੌ ਦਸਤਿ ਮਰਾ ਬਗੀਰ ।
ਦਸਤੰਮ ਚਨਾਂ ਬਗੀਰ ਕਿ ਗੋਯੰਦ ਦਸਤਗੀਰ ।

ਭਾਵ: "ਹੇ ਪੀਰਾਨਿ ਪੀਰ ਨਾਨਕ! ਮੇਰਾ ਹਥ ਤੁਸੀਂ ਪਕੜੋ। ਹੇ ਦਸਤਗੀਰ (ਹਥ ਵਧਾ ਕੇ ਸਹਾਰਾ ਦੇਣ ਵਾਲੇ)! ਇਹੋ ਜੇਹਾ ਮਜ਼ਬੂਤ ਹਥ ਪਕੜੋ ਕਿ ਜਦੋਂ ਮੇਰੇ ਮੁਰੀਦ ਸੁਣਨ ਤਾਂ ਪ੍ਰਸੰਨ ਹੋਣ ਕਿ ਸਾਡੇ ਮੁਰਸ਼ਦ ਨੇ ਕਾਮਲ ਮਰਦ-ਇ-ਅੱਲਾ ਨੂੰ ਆਪਣੀ ਬਾਂਹ ਪਕੜਾਈ ਹੈ।"

ਫੇਰ : "ਸ਼ਹਾ ਜੇ ਮੁਸਕ ਤੋਏ ਆਲੰਮ ਮੁਅਤਰ ਅਸਤਿ ।
ਤਕਸੀਰ-ਏ-ਨਫਸ ਮਾਰਾ ਬੂਏ ਨਮੇ ਰਿਸਦ।

ਭਾਵ: "ਹੇ ਸਹਿਨਸ਼ਾਹਾਂ ਦੇ ਸਹਿਨਸ਼ਾਹ ਨਾਨਕ! ਤੁਹਾਡੀ ਤੌਹੀਦ-ਰੂਪੀ 'ਕਸਤੂਰੀ' ਦੇ ਨਾਫੇ ਨੇ ਤਮਾਮ 'ਅਰਬ' ਨਿਹਾਲ ਕਰ ਦਿਤੇ ਹਨ। ਮੇਰੇ 'ਨਫ਼ਸ', ਨੇ ਯਾਨੀ ਸਰੀਰ ਨੇ ਕੀ ਗੁਨਾਹ ਕੀਤਾ ਹੈ ਜੋ ਮੈਨੂੰ ਵਾਂਝਾ ਰੱਖਿਆ ਜਾ ਰਿਹਾ ਹੈ? ਮਿਹਰ ਕਰੋ, ਮੇਰੇ ਸਿਰ ਉਤੇ ਭੀ ਮਿਹਰ ਭਰਿਆ ਹੱਥ ਰੱਖ।"

ਇਹ ਬੇਨਤੀਆਂ ਸੁਣ ਕੇ, ਮਿਹਰਾਂ ਦੇ ਸਾਈਂ ਨੇ, ਆਪਣੇ ਕਰ-ਕਵਲਾਂ ਨਾਲ ਮੇਰਾ ਸਿਰ ਚਰਨਾਂ ਤੋਂ ਉਤਹਾਂ ਚੁਕ ਕੇ ਜ਼ਬਾਨ-ਇ-ਮੁਬਾਰਕ ਤੋਂ ਫੁਰਮਾਇਆ, 'ਫ਼ਕੀਰ ਸਾਈਂ! ਤੁਹਾਡਾ ਸਜਦਾ ਦਰਗਾਹ ਵਿਚ ਕਬੂਲ ਹੋ ਗਿਆ ਹੈ, ਪ੍ਰੰਤੂ ਜਿਸ ਮੁਰੀਦ-ਜਨਤਾ ਨੂੰ ਤੁਸੀਂ ਇਹ ਕਹਿ ਕੇ ਆਈ ਸੋ ਕਿ 'ਕਾਫ਼ਰ' ਨੂੰ ਸਾੜ-ਫੂਕ ਦਿਆਂਗੇ ਉਸੇ 'ਕਾਫ਼ਰ' ਨੂੰ ਤੁਹਾਡਾ ਸਜਦਾ ਕਰਦਿਆਂ ਵੇਖ ਕੇ ਸਾਰੇ ਹੈਰਾਨ ਹਨ ਅਤੇ ਦਿਲਾਂ 'ਚੋਂ ਤੁਹਾਡਾ 'ਪੀਰੀ' ਵਾਲਾ ਸਤਿਕਾਰ ਦੂਰ ਕਰ ਤੁਹਾਨੂੰ ਭੀ ਮੇਰੇ ਵਾਗੂੰ 'ਕਾਫ਼ਰ' ਹੀ ਜਾਣਦੇ ਹਨ ਅਤੇ ਹੁਣ ਤੁਹਾਡੇ ਸਾੜਨ-ਫੂਕਣ ਦੀਆਂ ਇਹ ਲੋਕ ਤਿਆਰੀਆਂ ਕਰ ਰਹੇ ਹਨ। ਸ਼ਾਇਦ ਸ਼ਹਿਰ ਵਿਚ ਵੜਨ ਤੋਂ ਪਹਿਲਾ ਤੁਹਾਡੇ ਉਤੇ ਕੋਈ ਵਾਰ ਕਰ ਦੇਣ, ਇਸ ਲਈ ਆਪਣੀ ਬਰੀਯਤ (ਬਚਾਓ) ਦਾ ਯਤਨ ਕਰੋ।"

"ਇਹ ਸੁਣ ਕੇ ਜਦੋਂ ਮੈਂ ਪਿਛਾਂਹ ਵੇਖਿਆ ਤਾਂ ਕੋਈ ਹਜ਼ਾਰ ਕੁ ਬੰਦਾ, ਭੈ-ਭੀਤ ਹੋ ਕੇ ਮੂੰਹ ਵਿਚ ਉਂਗਲਾਂ ਪਾਈ ਖਲੋਤਾ ਹੈ, ਮੇਰੇ ਵਲ ਵੇਖ-ਵੇਖ ਕੇ ਘੂਰੀਆਂ ਵਟ ਰਹੇ ਸਨ ਪਰ ਇਸ ਡਰਾਵੇ ਨੇ ਮੈਨੂੰ ਡਰਾਇਆ ਨਹੀਂ । ਕਿਉਂਕਿ ਮੈਂ ਇਹ ਜਾਣ ਚੁੱਕਾ ਸੀ ਕਿ ਮੈਂ ਉਸ ਦਾਇਰੇ ਵਿਚ ਆ ਚੁੱਕਾ ਹਾਂ ਜਿਥੇ ਕਿਸੇ ਨੂੰ ਕੋਈ ਨਾਜਾਇਜ਼ ਡਰ ਨਹੀਂ ਡਰਾ ਸਕਦਾ ਬਲਕਿ ਸਭ ਹਾਜ਼ਰੀਨ ਨੂੰ ਮੁਖ਼ਾਤਬ ਹੋ ਕੇ ਇਹ ਖੁਤਬਾ ਕਹਿਆ:

"ਹਾਜਾ ਫਕੀਰੁਲਾਜ਼ੀ ਬਾਹਤਿ ਮੁਨਾਕਬਾ । ਨਾਹੀ ਮਿਅਰੂ ਆਹਨਾ ਸੈਕਲ ਰਉਬਤਾ।"

ਭਾਵ: 'ਹਾਜ਼ਰੀਨ! ਇਸ ਫ਼ਕੀਰ ਨੂੰ ਮੇਰੇ ਵੱਲੋਂ ਮੱਥਾ ਟੇਕਣ ਕਰਕੇ ਤੁਸੀਂ ਹੈਰਾਨ ਅਤੇ ਗੁਸੇ ਨਾ ਹੋਵੋ । ਮੈਂ ਪਛਾਣ ਕੇ ਮੱਥਾ ਟੇਕਿਆ ਹੈ।'

"ਬਲਾਗੋ ਸਲਾਮੀ ਅਲੇ ਯਾ ਸੀਮੇਸਥਨ । ਅੰਤਾ ਖੁਦਾ ਯਾ ਸਫਾਕੀ ਵ ਬਾਤਿਨ।"

ਭਾਵ: 'ਤੁਸੀਂ ਭੀ ਸਜਦਾ ਕਰੋ ਅਤੇ ਸਲਾਮ ਭੇਜੋ (ਉਪਰ ਵੱਲ ਦੱਸਦੇ ਹੋਏ)। ਇਹ ਨਬੀ ਹੈ, ਪੀਰ ਨਹੀਂ ਬਲਕਿ ਮੇਰੀਆਂ ਅੱਖਾਂ ਨਾਲ ਵੇਖੋ ਤਾਂ ਖ਼ੁਦ 'ਖ਼ੁਦਾ' ਦੋ-ਜਹਾਨਾਂ ਦਾ ਮਾਲਕ ਹੈ।'

"ਲਿੱਲਾ ਕੌਮੇਂ ਅਜ਼ਾ ਜਾਓਲ ਅਜ਼ੇਮਿਨੀ। ਫੀ ਸੁਬਹਨ ਲੈ ਲਿਨ ਸਜੂਦਨ ਨਮ੍ਹ ਕਿਬਤਲਾ।"

ਭਾਵ: 'ਤੈਹਕੀਕ ਜਿਥੋਂ ਕਿ ਸੰਸਾਰ ਬਣਿਆ ਹੈ ਅਤੇ ਜਿਥੇ ਮੁਕਦਾ ਹੈ, ਉਹ ਸਾਰੇ ਦਿਨਰਾਤ ਇਸਨੂੰ ਸਜਦਾ ਕਰਦੇ ਹਨ, ਇਸ ਲਈ ਤੁਸੀ ਸਾਰੇ ਸਜਦਾ ਕਰੋ ਅਤੇ ਅਦਬ ਵਿਚ ਆਉ।'

"ਇੱਲਾ ਯਾ ਐਹਲੇ ਹਾਜ਼ਲ ਹੱਯਾ ਫ਼ੀ ਰਨਵਿਨ। ਕਾਨਾਕੁੰਮ ਜਸਮਾਨਾਂ ਫ਼ੀ ਹਸਾਸਾ ਤੂਨਾ"

ਭਾਵ : 'ਇਹ ਖ਼ੁਦ 'ਖ਼ੁਦਾ' ਹੈ ਅਤੇ ਹਮੇਸ਼ਾਂ ਜੀਉਂਦਾ ਰਹਿਣ ਵਾਲਾ ਹੈ, ਸ਼ਕ ਕਰਨਾ ਗੁਨਾਹ-ਇ-ਕਬੀਰ ਹੈ।'

"ਹੁਲ ਗਰੀਕੋ ਫ਼ੀ ਕਿਬਲਾਤੁਨ ਜਦੀ। ਹੱਯਾਤੁਨ ਹਾਜ਼ਾਰ ਬੀ ਮੁਤਲੇਕਾਯਾ ਅਖੀ।"

ਭਾਵ: 'ਮੇਰਾ ਪਿਓ-ਦਾਦਾ ਤੁਹਾਡਾ ਮੁਰਸ਼ਦ ਚਲਾ ਆਇਆ ਹੈ। ਉਹ ਸਾਰੇ ਮਰ ਗਏ, ਮੈਂ ਭੀ ਮਰ ਜਾਣਾ ਹਾਂ, ਪਰ ਇਹ ਮੁਰਸ਼ਦ ਜਨਮ-ਮਰਨ ਤੋਂ ਰਹਿਤ ਹੈ।'

ਇਸ ਭਾਸ਼ਨ ਨੂੰ ਸੁਣ ਕੇ ਸਭ ਹਾਜ਼ਰੀਨ ਨੇ ਸਜਦਾ ਕੀਤਾ ਅਤੇ 'ਲਬੈਕ' ਬੁਲਾਈ, (ਸ਼ੁਕਰਾਨਾ) ਪੜ੍ਹਿਆ ਕਿ ਇਨ੍ਹਾਂ ਨੂੰ ਭੀ ਸਿੰਞਾਣ ਹੋ ਗਈ ਹੈ।

ਫੇਰ: "ਵਕਦ ਤੀਰਾ ਵਅਬਾਹੂੰਵਾ ਸਿੰਗਹੁ। ਕਲੀਮਾ ਤੇ ਸਰੂਰਨ ਵਖ਼ਲਾਸਾ ਹੂ।"

ਭਾਵ: 'ਫਰਜ਼ ਦੀ ਪਛਾਣ ਕਰਨ ਵਾਲਿਆਂ ਨੂੰ ਨੇਕੀ ਹੋਵੇ, ਇਸ ਤੋਂ ਪਹਿਲਾ ਨਬੀ ਦਾ ਕਲਮਾਂ ਪੜ੍ਹਦੇ ਸੋ ਹੁਣ 'ਨਾਨਕ ਨਬੀ' ਦਾ ਕਲਮਾਂ ਪੜ੍ਹੋਗੇ ਜੋ ਤੁਹਾਡੀ ਮੁਕਤੀ ਅਤੇ ਮਸਤੀ ਦਾ ਕਾਰਨ ਬਣੇਗਾ।'

"ਐਹਲੇ ਬਗਦਾਦੂੱਲਾ ਹਜ਼ਾਨਬੀ ਕਲੇਮਾ ਤੋਂ ਫਸਜਦੂ ਫ਼ੀ ਕਾਨਾ ਬਲਾਦੇ ਹੀ।"

ਭਾਵ: 'ਐਹਲ-ਇ-ਬਗਦਾਦ। ਨਾਨਕ-ਨਬੀ ਦੇ ਕਲਮੇ ਦੀ ਹਕੀਕਤ ਕੀ ਹੈ? ਸੁਣੋ ਅਤੇ ਅਮਲ ਕਰੋ।'

"ਨਿਯਾਂਦੀ ਅੱਲਾ-ਅੱਲਾ ਰਬੁੱਲਾ ਅਰਸ਼ੇ ਮੁਅੱਲਾ ਮਸਹਫੇ। ਤਾ ਖ਼ੁਤਾਬੁਲ ਅਰਸ਼ੇ ਆਹਲਾ ਹਾਜ਼ਾਇਸ਼ਮੁ ਹੂ। ਕਬਲੇ ਮੂਸਾ ਵਾ ਈਸਾ ਦਊਦਨਵਰਸੂਲੇਹਿਲਕਰੀਮਾ। ਤੌਰੇਤ ਇੰਜੀਲ ਹੰਮ। ਹਜ਼ ਕਲਮਾ ਤੇ ਫਿਦਿਯਾਨਾ ਤਰਕਿਮਾਤੁਨ। ਅਲ ਅਰਜ਼ੇ ਵੱਨਾ ਸੁਨ ਸ਼ਮਸੁਲਕਰੀਮ।"

ਭਾਵ: "ਖ਼ੁਦਾਵੰਦ ਕਰੀਮ ਦਾ ਜੋ ਅਸਲੀ ਨਾਂ ਹੈ ਉਹ 'ਵਾਹਿਗੁਰੂ' ਹੈ, ਜੋ ਲੋਹ-ਮਾਫ਼ੂਜ ਦੀ ਤਖ਼ਤੀ-ਪਰ ਲਿਖਿਆ ਹੈ। ਇਸੇ 'ਨਾਮ' ਦਾ ਮੂਸਾ ਪੈਗੰਬਰ ਨੇ ਉਲਥਾ ਕੀਤਾ ਅਤੇ ਤੌਰੇਤ ਨਾਮੀ ਆਸਮਾਨੀ ਕਿਤਾਬ ਤਿਆਰ ਕਰਕੇ ਆਪਣੀ ਕੌਮ ਨੂੰ ਦਿੱਤੀ, ਫੇਰ ਈਸਾ ਦਾਊਦ, ਮੁਹੰਮਦ ਸਾਹਿਬ ਨੇ ਇਸੇ ਤਰ੍ਹਾਂ ਕੀਤਾ, ਹਕੀਕਤ ਇਹ ਹੈ ਕਿ ਚਾਰੇ ਕਿਤਾਬਾਂ 'ਵਾਹਿਗੁਰੂ' ਨਾਮ ਦਾ ਉਲਥਾਂ ਹਨ, ਇਹ ਹੈ 'ਨਾਨਕ' ਮੁਰਸ਼ਦ ਦਾ ਕਲਮਾਂ।"

ਪੀਰ ਅਬਚ ਰਹਿਮਾਨ, ਲਿਖਦੇ ਹਨ ਕਿ ਮੇਰੀ ਇਸ ਤਕਰੀਰ ਦਾ ਇਹ ਅਸਰ ਹੋਇਆ ਕਿ ਇਕ ਹਜ਼ਾਰ ਤੋਂ ਉਪਰ ਦਾ ਇਕੱਠ ਇਕਦੰਮ ਸਜਦੇ ਵਿਚ ਪੈ ਗਿਆ ਅਤੇ ਮਿਹਰਾਂ ਦੇ ਦਾਤੇ ਨੇ ਰਹਿਮਤ ਫੁਰਮਾਈ।

ਅਚਨਚੇਤ ਇਕ ਮਨ ਚਲੇ ਨੇ ਪ੍ਰਸ਼ਨ ਕੀਤਾ ਕਿ "ਤੁਸੀਂ ਗਾਣਾਂ ਅਤੇ ਸ੍ਰੋਦ ਕਿਉਂ ਇਸਤੇਮਾਲ ਕਰਦੇ ਹੋ?" ਹਜ਼ੂਰ ਨੇ ਫੁਰਮਾਇਆ: "ਮੁਸਲਮਾਨੋ ! ਜੇ ਗਾਣਾ ਬਜਾਣਾਂ ਹਰਾਮ ਹੁੰਦਾ ਯਾ ਮੁਨਾਹ ਹੁੰਦਾ, ਤਾਂ ਤੁਹਾਡੇ ਨਬੀ ਮੁਹੰਮਦ ਸਾਹਿਬ ਨਾਬਾਲਗ 'ਆਇਸ਼ਾ' ਨੂੰ ਆਪਣਿਆਂ ਮੋਢਿਆਂ ਉਤੇ ਬਿਠਾ ਕੇ ਬਲੋਚਾਂ ਦਾ ਗਾਣਾ ਰੋਜ਼ ਸੁਣਨ ਨਾ ਜਾਂਦੇ," ਇਸ ਅਤਿ ਗੁਪਤ ਮੁਹੰਮਦੀ ਭੇਤ ਨੂੰ ਸੁਣ ਕੇ ਸਭ ਨੇ ਲਾਹੌਲ ਪੜ੍ਹੀ ਅਤੇ ਕੰਨਾ ਨੂੰ ਹਥ ਧਰ ਕੇ 'ਸਤਿਕਰਤਾਰ' ਦੀ ਭਗਤੀ ਵਿਚ ਲੀਨ ਹੋਏ। ਹੁਣ ਖੁਲ੍ਹ-ਡੁਲ੍ਹ ਦੇ ਨਾਲ ਹਜੂਰੀ ਵਿਚ ਸਤਿਸੰਗ ਸ਼ੁਰੂ ਹੋ ਗਏ ਅਤੇ ਪੀਰ ਸਾਹਿਬ ਆਪ ਨਿਤਾ-ਪ੍ਰਤੀ ਸਤਿਸੰਗ ਵਿਚ ਜੁੜਦੇ।

**ਬਹਿਲੋਲ ਉਧਾਰ:**

ਦਸਤਗੀਰ ਜੀ ਦੇ ਮਿਲਾਪ ਨੂੰ ਵੱਖ ਬਗ਼ਦਾਦ ਦੇ ਲੋਕ ਚਰਨੀ ਲੱਗੇ, ਸਮੁੱਚੇ ਸ਼ਹਿਰ ਵਿਚ 'ਕਰਤਾਰ-ਕਰਤਾਰ' ਦੀ ਧੁਨ ਬੁਲੰਦ ਹੋਈ, ਜਨਤਾ ਨੇ ਆਖ਼ਰੀ ਨਬੀ ਜਾਣ ਸ਼ਰਣ ਪ੍ਰਾਪਤ ਕੀਤੀ।

ਪੋਹ-ਫੁਟਾਲੇ ਨੂੰ ਪੂਰਨਮਾਸ਼ੀ ਦੇ ਚੰਦਰਮੇਂ ਦੀਆਂ ਕਿਰਨਾਂ 'ਦਜਲੇ' ਵਿਚ ਇਕ ਬਹਾਰ ਅਤੇ ਛਹਿਬਰ ਜਹੀ ਲਾਈ, ਆਪਣੀ ਮੌਜ ਵਿਖਾਲ ਰਹੀਆਂ ਸਨ। ਗੋਰਿਸਤਾਨ (ਕਬਰਿਸਤਾਨ) ਤੋਂ ਪਰ੍ਹੇ ਪਹਾੜੀ ਦੇ ਹੇਠਾਂ ਦਜਲਾ (ਦਰਿਆ) ਆਪਣੀ ਮੌਜ ਵਿਚ ਕਰਤਾ ਦੇ ਹੁਕਮ ਵਿਚ ਆਪਣੇ ਪੰਧ ਨੂੰ ਮੁਕਾਉਣ ਦੀ ਕਾਹਲੀ

ਵਿਚ ਹੈ, ਕਿਨਾਰੇ ਉਤੇ ਬੈਠੇ ਸਾਧੂ ਦੀ ਸੁਰਤਿ ਦਜਲੇ ਦੀ ਮੌਜ ਅਤੇ ਚੰਦਰਮਾਂ ਦੀਆਂ ਕਿਰਨਾ ਦੀ ਲੀਲ੍ਹਾ ਵਿਚ ਲੀਨ ਹੈ। ਮਜਜ਼ੂਬ (ਸਮਾਧਿਲੀਨ) ਕਦੀ ਹਸਦੇ ਹਨ ਕਦੀ ਤਾੜੀ ਮਾਰ ਕਿਰਨ-ਪਿਆਰੀ ਨੂੰ ਮੁਖ਼ਾਤਬ ਕਰਨ ਦਾ ਯਤਨ ਕਰਦੇ ਹਨ। ਔਹ ਵੇਖੋ, ਕਿਰਨ-ਛੋਹ ਪੈ ਗਈ, ਆਪ ਅਬੜ-ਵਾਹੇ ਉਠ-ਨਠੇ ਹਨ ਅਤੇ ਇਹ ਕਹਿੰਦੇ ਜਾ ਰਹੇ ਹਨ, "ਆਓ! ਪਿਆਰਿਓ! ਪਿਆਰੇ ਦੇ ਦਰਸ਼ਨ ਨਹੀਂ ਖ਼ੁਦਾ ਦੇ ਦਰਸ਼ਨ, ਪਰਵਰਦਗਾਰ ਦੇ ਦਰਸ਼ਨ, ਆਓ ਬਗ਼ਦਾਦ ਦੇ ਲੋਕੋ! ਉਸ ਕਾਦਰੇ-ਮੁਲਕ ਦੇ ਦਰਸ਼ਨ ਕਰੋ।" ਅੱਗੇ-ਅੱਗੇ ਸਾਧੂ ਪਿੱਛੇ-ਪਿੱਛੇ ਸੇਵਕ-ਮਰੀਦ ਭੀ ਨਸੇ ਤੁਰੇ ਜਾ ਰਹੇ ਹਨ। ਉਸੇ ਕਬਰਿਸਤਾਨ ਵਿਚ, ਜਿਥੇ ਹੁਣੇ ਹੀ ਸਤਿਸੰਗ ਹੋ-ਹਟਿਆ ਹੈ, "ਅਲਅਮਾਨ ਅਲਅਮਾਨ", ਕਹਿੰਦੇ ਪੀਰ ਬਹਿਲੋਲ ਚਰਨੀ ਡਿਗ ਪਏ। "ਹੈਂ! ਇਹ ਖ਼ੁਦਾ ਦੇ ਦਰਸ਼ਨ? ਹਾਂ, ਸਚਮੁਚ ਖ਼ੁਦਾ ਦੇ ਦੀਦਾਰ"; ਸੇਵਕ -ਮੁਰੀਦ ਆਪਸ ਵਿਚ ਗੱਲਾਂ ਕਰਦੇ ਘੇਰਾ ਪਾਈ ਖਲ੍ਹੋਤੇ ਹਨ। ਮੁਰਸ਼ਦ (ਬਹਿਲੋਲ) ਨੂੰ ਸਜਦੇ ਵਿਚ ਵੇਖ, ਜਯੋਤੀ-ਸਰੂਪ ਕਿਰਣ, (ਗੁਰੂ ਜੀ ਦੇ ਮਸਤਕ ਦੀ ਝਲਕ), ਜਿਸ ਤੋਂ ਲੱਖਾਂ ਯੂਸਫ਼ ਭੀ ਸ਼ਰਮਾ ਰਹੇ ਸਨ, ਦਰਸ਼ਨ ਕਰਕੇ, ਬੁਤ ਵਾਗੋਂ, ਖਾਮੋਸ਼ੀ ਧਾਰ, ਸਾਰੇ ਅਦਬ ਵਿਚ ਆ ਗਏ।

ਬਹਿਲੋਲ: "ਯਾ ਮਜੀਬੁੱਦਾਹਵਾਤ! ਆਪ ਤਾਂ ਦਿਲਾਂ ਦੇ ਮਾਲਕ ਹੋ! ਚਿਰ੍ਹਾਂ ਤੋਂ ਸਿਕਦੀ ਇਸ ਧਰਤੀ ਨੂੰ ਭੀ ਕਿਰਤਾਰਥ ਕਰੋ।" ਗੁਰੂ ਜੀ ਮਹਾਰਾਜ: "ਸਾਈਂ ਜੀ! ਆਉਣਾ ਹੀ ਸੀ, ਸਾਨੂੰ ਬਹੁਤੀ ਖਿਚ ਤੁਹਾਡੇ ਭਰਾ ਦੀ ਸੀ।"

ਬਹਿਲੋਲ: "ਗਰੀਬਨਵਾਜ਼! ਬੜੀ ਮਿਹਰ ਅਤੇ ਬਖਸਿਸ਼ ਹੋਈ ਹੈ, ਮੈਂ ਜਦੋਂ ਦਾ ਸੁਣਿਆਂ ਹੈ, ਅਬਦੁਰਹਿਮਾਨ ਆਪ ਦਾ ਬਣ ਗਿਆ ਹੈ, ਅਤਿ ਖ਼ੁਸ਼ੀ ਹੋ ਰਹੀ ਹੈ, ਮਰਹਬਾ! ਜਜ਼ਾਕ ਹੁਮੱਲਾ!"

ਗੁਰੂ ਜੀ: "ਜਜ਼ਾ ਦੀ ਕੀ ਲੋੜ ਹੈ, ਫਰਜ਼ ਹੈ, ਜੋ ਪੂਰਾ ਕਰਨਾ ਹੈ।"

ਬਹਿਲੋਲ: '(ਜ਼ੋਰ ਨਾਲ), ਅੱਲਾ-ਹੋ-ਅਕਬਰ! 'ਮਜਜ਼ੂਬ' ਦੇ ਨਾਅਰੇ ਨਾਲ ਸਕਤਾ (ਜੋਸ਼) ਜਿਹਾ ਪੈਦਾ ਕਰ ਦਿੱਤਾ। ਥੋੜ੍ਹੀ ਦੇਰ ਦੇ ਬਾਅਦ, ਦੋਵੇਂ ਕਰ (ਹਥ) ਜੋੜ, ਬੇਨਤੀ ਕੀਤੀ, "ਯਾ ਹਜ਼ਰਤ! ਇਸ ਧਰਤੀ ਦੇ ਅਤਿ ਉਚੇ ਭਾਗ

ਹਨ, ਜਿਥੇ ਆਪ ਨੇ ਕਦਮ-ਰੰਜਾ (ਮੁਬਾਰਕ) ਫੁਰਮਾਇਆ ਹੈ; ਇਹ ਧਰਤੀ ਸੁੱਛ ਹੋ ਗਈ, ਮਾਨੋ ਦੁੱਧ ਨਾਲ ਧੁਲ ਗਈ! ਪਰ ਆਸਵੰਦ ਦੀ ਆਸ ਪੂਰੀ ਕਰੋ।"

ਗੁਰੂ ਜੀ: "ਸਾਈਂ ਜੀ! ਆਸਾਂ ਦੇ ਹੀ ਬਹਾਨੇ ਹਨ, ਸੰਸਾਰ ਸਧਰਾਂ ਦਾ ਹੈ, 'ਫੁਰਨਿਆਂ' ਨਾਲ ਭਰਪੂਰ ਹੈ, ਬਸ ਇਸਦੀ ਨਿਜਾਤ ਫੁਰਨਿਆਂ ਦੇ ਮੁਕਣ ਵਿਚ ਹੀ ਹੈ।"

ਬਹਿਲੋਲ: "ਇਕ ਸਧਰ, ਜੋ ਆਸ਼ਾਵਾਂ ਤੋਂ ਰਹਿਤ! "

ਗੁਰੂ ਜੀ: "ਦਸੋ ਸਾਈ ਜੀ! ਕੀ ਸਧਰ ਹੈ?"

ਬਹਿਲੋਲ: "ਮੇਰੀ ਜਾਇ-ਰਿਹਾਇਸ਼ ਉਤੇ ਕਦੰਮਰੰਜਾ ਫੁਰਮਾਉ।"

ਗੁਰੂ ਜੀ (ਹਸਕੇ): "ਸਾਈ ਜੀ! ਮੜ੍ਹੀਆਂ ਤੇ ਕਬਰਾਂ ਵਿਚ ਰਹਿਣ ਵਾਲੇ ਬਣਾਂ ਦੇ ਪੰਛੀਆ ਨੂੰ ਫਸਾਉਣਾ ਚਾਹੁੰਦੇ ਹੋ?"

ਫ਼ਕੀਰ: "ਨਹੀਂ, ਨਹੀਂ ਦਾਤਾ! ਮੈਂ ਮਹਿਲ-ਮਾੜੀਆਂ ਦਾ ਵਾਸਕ (ਵਾਸੀ) ਨਹੀਂ ਬਲਕਿ ਔਹ... ਵੇਖੋ ਸਾਹਮਣੇ 'ਦਜਲੇ' ਦੇ ਕਿਨਾਰੇ ਇਕ ਕਾਨਿਆਂ ਦੀ ਝੌਂਪੜੀ ਦਾ ਵਸਨੀਕ ਹਾਂ, ਮਿਹਰ ਕਰੋ, ਇਸ ਝੌਂਪੜੀ ਨੂੰ ਪਵਿੱਤਰ ਕਰੋ।"

ਗੁਰੂ ਜੀ ਨੇ ਜਦੋਂ ਫਕੀਰ ਨੂੰ ਅਤਿ ਪਿਆਰ ਅਤੇ ਪ੍ਰੇਮ ਵਿਚ ਵੇਖਿਆ ਤਾਂ 'ਸਤਿਬਚਨ' ਕਹਿ ਦਿੱਤਾ।

'ਸਤਿਬਚਨ' ਦਾ ਅੱਖਰ ਸੁਣ ਕੇ ਫ਼ਕੀਰ ਜਾਮੇਂ ਵਿਚ ਫੁੱਲੇ ਨਹੀਂ ਸਮਾਂਦੇ, ਹੁਣ ਅੱਗੇ ਸਾਈਂ-ਲੋਕਾਂ ਦੇ ਸ਼ਾਹ ਅਤੇ ਪਿਛੇ-ਪਿਛੇ ਫਕੀਰ ਦੀ ਦੁਨੀਆਂ। ਬਹਿਲੋਲ ਆਪਣੀ ਝੌਂਪੜੀ ਦੇ ਸਾਹਮਣੇ ਆ ਕੇ ਆਪਣੀ ਚਾਦਰ ਭੋਇੰ ਉਤੇ ਵਿਛਾ ਕੇ ਕਰੁਣਾਨਿਧਾਨ ਨੂੰ ਬਿਰਾਜਨ ਲਈ ਬੇਨਤੀ ਕੀਤੀ।

ਅਤਿ ਪਿਆਰ ਅਤੇ ਮਾਅਰਫ਼ਤ ਦੀ ਵੀਚਾਰ ਦੇ ਦੌਰਾਨ ਬਹਿਲੋਲ ਖਲੋ ਗਏ ਅਤੇ ਹਥ ਜੋੜ ਕੇ ਬੇਨਤੀ ਕੀਤੀ, "ਯਾ ਹਜ਼ਰਤ! ਰਸੂਲੇ-ਕਰੀਮ ਦਾ ਕੀ ਹਾਲ ਹੈ?" ਹਜ਼ੂਰ (ਬਾਬਾ ਜੀ) ਨੇ ਫੁਰਮਾਇਆ, "ਸਾਈਂ, ਆਪ ਹੀ ਵੇਖੋ", ਤਾਂ ਤਮਾਮ ਸ਼ਹਿਰ ਦੇ ਉਲਮਾਵਾਂ, ਪੀਰਾਂ-ਫਕੀਰਾਂ ਦੀ ਸਭਾ ਹੈਰਾਨ ਹੋ ਗਈ।

ਬਹਿਲੋਲ ਮਰਾਕਬੇ (ਸਮਾਧੀ) ਵਿਚ ਚਲੇ ਗਏ, ਆਹਾ . . . ਕੀ ਵੇਖਿਆ! ਆਵਾ-ਗਉਣ ਦਾ ਗੇੜ ਚਲਿਆ ਹੋਇਆ ਹੈ ਅਤੇ ਹੁਣ ਗੁਰੂ ਜੀ ਦੀ

ਸ਼ਰਨ ਹੈ। ਇਹ 'ਅਚੰਭਾ' ਵੇਖ ਕੇ ਸਾਈਂ ਜੀ ਪੈਰੀਂ ਡਿਗ ਪਏ ਤੇ ਦੁਹਾਈ ਦਿੱਤੀ, ਯਥਾ, "ਮਰਹਬਾ ਅਫ਼ੂਬਾ ਨਾਨਕਿਨ ਸ਼ਾਹ ਵਲੀ! ਵਜਾ ਫ਼ੂਨੀ ਮੁਨੀਰਾ ਤੁਲ ਇਸ਼ਾਰਾਕਾ। ਕਦ ਹੁਦਾਨਾ ਜ਼ਿਯਾਰਤ ਕੁਰਬੋ ਮਿਨਹਾ। ਇਨਾ ਤੁਆਮੁਲ ਫ਼ਿਰਕਾ ਮਿਰੱਲ ਮਜਾਕਾ।"

ਭਾਵ: "ਦੁਨੀਆਂ ਦੇ ਲੋਕੋ! ਮੁਬਾਰਕ ਹਨ ਤੁਹਾਨੂੰ ਇਹ ਦਰਸ਼ਨ, ਜਿਨ੍ਹਾਂ ਨੇ ਮੈਨੂੰ 'ਗੈਬ' (ਅਰਸ਼) ਤੋਂ ਜਾਣੂ ਕੀਤਾ ਹੈ, ਨਬੀ ਦੀ ਜ਼ਿਯਾਰਤ ਹੋਈ ਪਰ ਮੈਂ ਦਸ ਨਹੀਂ ਸਕਦਾ। ਬਿਹਤਰ ਹੈ ਕਿ 'ਜਦੇ' ਵਿਚ ਆ ਕੇ 'ਸੁਬਹਾਨਾ ਰਬੀਯਅਲਾ' ਦੀਆਂ ਤਸਬੀਆਂ ਪੜੀਏ", ਇਹ ਕਹਿ ਕੇ ਫ਼ਕੀਰ ਡੰਡੌਤ ਰੂਪ ਹੋ ਗਏ।

ਪਿਆਰ-ਬਲਾਸ ਦੇ ਦੌਰਾਨ, ਪੀਰ ਜੀ ਦਾ 'ਪ੍ਰੇਮ-ਹੜ' ਵਗ-ਤੁਰਿਆ ਅਤੇ ਬੇਨਤੀ ਕੀਤੀ: "ਹੇ ਜਲਵਾਇ ਕੁਹਤੂਰ! ਬੜੀ ਮਿਹਰ ਕੀਤੀ ਜੇ, 'ਖਾਕ ਨੂਰ ਕਰਦੰਦ'; ਹੁਣ ਆਖਰੀ ਮੁਰਾਦ! ਮੇਰੀ ਦਾਅਵਤ (ਭੋਜਨ ਦੀ ਅਰਜ਼ੋਈ) ਕਬੂਲ ਫੁਰਮਾਉ।" ਹਜ਼ੂਰ ਨੇ ਮੁਸਕੜੀ ਫ਼ਰਮਾ ਕੇ ਖਾਮੋਸ਼ੀ ਧਾਰਨ ਕੀਤੀ ਰੱਖੀ, ਪਰ ਫ਼ਕੀਰ ਨੇ ਖਾਮੋਸ਼ੀ 'ਨੀਮੇ ਰਜ਼ਾ ਅਸਤਿ' ਜਾਣ, ਆਪਣੇ ਹਜ਼ੂਰੀ ਖਲੀਫੇ 'ਉਮਰੱਜ਼ਾ' ਨੂੰ ਸਦ (ਆਵਾਜ਼) ਮਾਰੀ ਅਤੇ ਕਿਹਾ, "ਉਮਰ ਜੀ! ਛੇਤੀ ਸ਼ਹਿਰ ਵਿਚ ਜਾਓ ਅਤੇ ਸਮੱਗਰੀ ਲਿਆ ਕੇ ਖਾਣਾ ਤਿਆਰ ਕਰੋ, ਇਲਾਹੀ ਰਹਿਮਤਾ ਹਾਸਲ ਕਰੋ।"

ਉਮਰ(ਹਜ਼ੂਰੀ ਖ਼ਲੀਫਾ) ਜੋ ਬਹਿਲੋਲ ਦਾ ਵਲੀ-ਅਹਿਦ ਸੀ, ਬੜੇ ਪਿਆਰ ਅਤੇ ਉਤਸ਼ਾਹ ਨਾਲ ਸ਼ਹਿਰ ਨੂੰ ਉਠ ਤੁਰਿਹਾ। ਅਜੇ ਭਰੀ ਸਭਾ 'ਚੋਂ ਨਿਕਲ ਹੀ ਰਿਹਾ ਸੀ ਕਿ ਹਜ਼ੂਰ ਨੇ ਆਵਾਜ਼ ਦਿੱਤੀ ਅਤੇ ਪਾਸ ਬਹਾਕੇ ਫ਼ਰਮਾਇਆ: "ਉਮਰ, ਸ਼ਹਿਰ ਤੋਂ ਸੌਦਾ ਇਨਸਾਨ-ਦੁਕਾਨਦਾਰਾਂ ਤੋਂ ਲੈਣਾ"। ਸਾਧਾਰਣ ਜਿਹੇ ਅੱਖਰ ਜਾਣ 'ਉਮਰ' ਬਹੁਤ ਅੱਛਾ ਕਹਿ ਕੇ ਉਠ ਤੁਰਿਆ, ਪਰ ਦਿਲਾਂ ਦੇ ਮਾਲਕ ਨੇ ਸੋਚਿਆ ਕਿ ਮੇਰੀ ਗੱਲ ਦੀ 'ਉਮਰਜ਼ਾ' ਨੂੰ ਸਮਝ ਨਹੀਂ ਆਈ; ਫੇਰ ਵਾਪਸ ਬੁਲਾ ਕੇ ਪਾਸ ਬਿਠਾਇਆ: "ਫਕੀਰ! ਸੌਦਾ ਇਨਸਾਨਾਂ ਤੋਂ ਖ਼ਰੀਦਣਾ, ਇਨਸਾਨ ਤੋਂ ਹਾਂ! ਮੁਕੰਮਲ ਇਨਸਾਨ ਤੋਂ!" ਉਮਰਜ਼ਾ ਨੇ ਹਥ ਜੋੜ ਕੇ

ਬੇਨਤੀ ਕੀਤੀ: "ਯਾ ਵਲੀ ਅੱਲਾ! ਇਹ ਸ਼ਹਿਰ ਹਜ਼ਰਤ ਪੀਰਾਨ-ਏ-ਪੀਰ, ਪੀਰ ਦਸਤਗੀਰ ਦਾ ਹੈ। ਇਸ ਸ਼ਹਿਰ ਦੀਆਂ ਗਲੀਆਂ ਦੇ ਕੁੱਤਿਆਂ ਨੂੰ ਭੀ ਮਾਣ ਹੈ ਕਿ ਅਸੀਂ ਬਖਸ਼ੇ ਜਾਵਾਂਗੇ। ਇਥੇ ਹਰ ਬਸ਼ਰ ਨਿਜਾਤ ਦਾ ਜੀਵਨ ਜੀਓ ਰਿਹਾ ਹੈ। ਆਪ (ਬਾਬਾ ਜੀ) ਨੇ ਫੁਰਮਾਇਆ: "ਸਾਈਂ ਜੀ! ਇਹ ਗੁਮਾਨ ਝੂਠ ਹੈ, ਬੇ-ਬੁਨਿਆਦ ਹੈ, ਇਨਸਾਨ ਦੀ ਆਪਣੀ ਕਰਨੀ ਮੰਜ਼ਲ-ਇ-ਮਕਸੂਦ ਉਤੇ ਪਹੁੰਚਾਂਦੀ ਹੈ, 'ਮਾਨਸ ਕੀ ਟੇਕ ਬਿਰਥੀ ਸਭ ਜਾਨ ਹੈ। ਮਨੁੱਖ ਦੀ ਟੇਕ ਨਾਰ-ਇ-ਜਹੰਨਮ ਦਾ ਬਾਲਣ ਹੈ, ਆਪਣੀ ਕਰਣੀ ਅਤੇ ਈਸ਼ਵਰ ਭਗਤਿ ਵਿਚ ਮਕਸੂਦ ਹੈ। ਪਰ ਮਾਇਆ ਦੇ ਜਿੰਨ ਪੇਸ਼ ਨਹੀਂ ਜਾਣ ਦਿੰਦੇ।" ਉਮਰਜ਼ਾ ਨੂੰ ਉਤਰ-ਪ੍ਰਸ਼ਨ ਦੇ ਗੇੜ ਵਿਚ ਪਿਆ ਵੇਖ, ਮਿਹਰਾਂ ਦੇ ਸਾਈਂ, ਬਿਲਾਸ ਦੇ ਦੌਰਾਨ, ਕੇਸਾਂ ਵਿਚ ਕੰਘਾ ਕਰਨ ਲਗ ਪਏ। ਕੰਘੇ ਵਿਚੋਂ ਦੋ ਵਾਲ ਨਿਕਲੇ ਜਿਨ੍ਹਾਂ ਰੋਮਾਂ ਦੇ, ਹਜ਼ੂਰ ਨੇ, ਦੋ ਕੁੰਡਲ ਜਿਹੇ ਬਣਾਏ ਅਤੇ ਰਜ਼ਾ (ਉਮਰੱਜ਼ਾ) ਤੋਂ ਪੁਛਿਆ, "ਇਹ ਕੀ ਹੈ?"। ਉੱਤਰ: "ਹਜ਼ਰਤ! ਮੂਏ!"; ਨਹੀ, ਐਨਕ ਹੈ! ਹਜ਼ੂਰ ਨੇ ਕਿਹਾ: "ਉਮਰ! ਐਨਕ ਨੂੰ ਨਾਲ ਲੈ ਜਾਓ, ਜਿਸ ਦੁਕਾਨ ਤੋਂ ਸੌਦਾ ਖਰੀਦਣ ਲਗੋਗੇ, ਇਹ ਐਨਕ ਅੱਖਾਂ ਉਤੇ ਰਖ, ਚੰਗੀ ਤਰ੍ਹਾਂ ਵੇਖ ਲੈਣਾ, ਜੇ 'ਇਨਸਾਨ' ਦਿਸੇ ਤਾਂ ਸੌਦਾ ਖਰੀਦਣਾ, ਅਤੇ ਇਹ ਲਵੋ ਇਕ ਟਕਾ ਸੌਦਾ, ਇਸ ਟਕੇ ਦਾ ਹੀ ਖਰੀਦਣਾ।"

ਤਮਾਮ ਹਾਜਰੀਨਿ ਸਭਾਂ 'ਚੋਂ "ਸੁਬਹਾਨ ਅੱਲਾ, ਸੁਬਹਾਨ ਅੱਲਾ" ਦੀ ਆਵਾਜ਼ ਆਈ। ਉਮਰ ਨੇ ਟਕਾ ਭੀ ਸਾਂਭ ਲਿਆ ਅਤੇ ਐਨਕ ਭੀ, ਇਕ ਰੇਸ਼ਮੀ ਰੁਮਾਲ ਵਿਚ ਬੰਨ੍ਹ, ਤੁਰ ਪਏ। ਇਸਲਾਮੀ ਲੋਕ ਕਰਾਮਾਤ ਦੇ ਬਹੁਤੇ ਕਾਇਲ ਹੁੰਦੇ ਹਨ। ਹਾਜ਼ਰੀਨ ਸਭਾ ਨੂੰ ਪਤਾ ਸੀ ਇਹ (ਗੁਰੂ ਜੀ) ਉਹ ਹੀ ਹੈ ਜਿਸਦਾ ਤਵਾਫ਼ (ਮਾਣ) ਮੱਕੇ ਨੇ ਕੀਤਾ ਹੈ, ਪੀਰ ਦਸਤਗੀਰ ਨੂੰ ਚਰਨੀ ਲਾਇਆ ਹੈ ; ਇਸਦੀ ਇਸ 'ਮੂਏਐਨ' ਵਿਚ ਭੀ ਭੇਤ ਹੋਵੇਗਾ। ਮੁਸ਼ਤਾਕ (ਚਾਹਵਾਨ) ਨਾਲ ਤੁਰ ਪਏ ਉਮਰ ਰਜ਼ਾ, ਜਦ ਸਹਿਰ ਵਿਚ ਦਾਖ਼ਲ ਹੋਏ ਤਾਂ ਇਕ ਦੁਕਾਨਦਾਰ ਦੇ ਸਾਹਮਣੇ ਜਾ ਕੇ ਬੜੇ ਅਦਬ ਨਾਲ ਐਨਕ ਅੱਖਾਂ ਉਤੇ ਰੱਖੀ ਤਾਂ ਵੇਖਿਆ ਕਿ ਦੁਕਾਨ ਤੇ ਹਿਰਨ ਬੈਠਾ ਕੇਲ ਕਰ ਰਿਹਾ ਹੈ। ਤ੍ਰਭੱਕ ਕੇ ਐਨਕ ਲਾਹੀ ਤਾਂ ਬੜਾ ਮੋਮਨ, ਪਾਕ-ਬਾਜ਼, ਗਲ ਵਿਚ ਤਸਬੀ, ਮੱਥੇ ਉਤੇ ਨਮਾਜ਼ੀ ਹੋਣ ਦਾ ਮਹਿਰਾਬ ਅਤੇ

ਬੜੀ ਸੁਹਣੀ ਦਾਹੜੀ ਹੈ, ਪਰ ਜਦ ਐਨਕ ਨਾਲ ਵੇਖਦਾ ਹੈ ਤਾਂ 'ਹਿਰਨ' ਦੀ ਜੂਨ ਉਡੀਕਵਾਨ ਨਜ਼ਰ ਆਉਂਦੀ ਦਿਖਦੀ ਹੈ। ਘਬਰਾ ਕੇ ਅਗਲੀ ਦੁਕਾਨ ਉਤੇ ਜਾਂਦਾ ਹੈ ਤਾਂ 'ਮੁਰਗਾ' ਦਿਸਿਆ। ਹੈਰਾਨੀ ਵਿਚ ਦੁਕਾਨਾਂ ਦੇ ਆਲੇ - ਦੁਆਲੇ ਨਸਿਆ-ਭਜਿਆ ਫਿਰ ਰਿਹਾ ਸੀ। ਕੋਈ ਇਨਸਾਨੀ ਸੂਰਤ ਨਹੀਂ ਦਿਸਦੀ, ਸਾਥੀ ਭੀ ਘਬਰਾ ਕੇ ਸਾਥ ਛਡ ਗਏ; ਦਿਨ ਗੁਜ਼ਰ ਗਿਆ ਸੀ।

ਮਾਯੂਸ ਵਿਚਾਰ ਕਰਦਾ: 'ਠੀਕ ਹੈ! ਤੁਰਦਿਆਂ ਕਿਹਾ ਸੀ 'ਮਾਨਸਟੇਕ ਬਿਰਥੀ' ਹੁੰਦੀ ਹੈ। ਜਿਨ੍ਹਾਂ ਲੋਕਾਂ ਨੂੰ 'ਗੋਲਆਜ਼ਮ' ਦੀ ਨਗਰੀ ਦਾ ਮਾਣ ਸੀ ਉਹ ਜੂਨੀਆਂ ਵਿਚ ਭੌਂਦੇ ਦਿਸ ਰਹੇ ਹਨ, ਕੀ ਬਣੇਗਾ? ਮੇਰਾ ਕੀ ਬਣੇਗਾ? ਵਾਪਸ ਮੁੜਿਆ ਤੁਰਦਾ ਆ ਰਿਹਾ ਸੀ ਕਿ ਗੁਠ ਉਤੇ ਮਾੜੀ ਜਿਹੀ ਦੁਕਾਨ ਵੇਖੀ ਜਿਸ ਉਤੇ ਇਕ ਮੂਰਤੀ 'ਜਟਾਜੂਟ' ਬੈਠੀ ਹੈ, ਨੇਤਰਾਂ ਵਿਚ ਮਸਤੀ, ਮਸਤਕ 'ਤੇ ਖਿੜਾਓ ਹੈ। ਮਾਯੂਸ ਆਤਮਾ ਦਾ ਜੀਅ ਕਰ ਆਇਆ ਕਿ 'ਐਨਕ' ਅੱਖਾਂ ਉਤੇ ਰੱਖਾਂ, ਪਰ ਮਨ ਵਿਚ ਮਾਯੂਸੀ ਸੀ।

ਨਿਰਾਸ਼ ਹਿਰਦੇ ਨੂੰ ਆਸ ਦਿਸੀ, ਕਦੀ ਐਨਕ ਲਾਹੁੰਦਾ ਹੈ ਕਦੀ ਲਾਉਂਦਾ ਹੈ, ਕਦੀ ਗਹੁ ਨਾਲ ਵੇਖਦਾ ਹੈ, "ਇਨਸਾਨ ਜੀ! ਇਨਸਾਨ, ਮੁਕੰਮਲ ਇਨਸਾਨ ਹੈ।" ਸ਼ਾਂਤੀ ਨਾਲ ਕੋਲ ਜਾ ਕੇ, ਟਗਾ ਕੱਢਕੇ ਦਿੱਤਾ ਅਤੇ ਰਸਦ ਦੇਣ ਲਈ ਕਿਹਾ। ਜੌਹਰੀ ਨੇ ਪਛਾਣ ਕੇ ਟਕੇ ਨੂੰ ਮਸਤਕ ਨਾਲ ਲਾਇਆ, ਕਈ ਵੇਰ ਚੁੰਮਿਆ ਤੇ ਅੰਦਰ ਜਾ ਕੇ ਕਿਧਰੇ ਰਖ ਆਇਆ। ਇਕ ਗੰਢ ਚਾਵਲਾਂ ਦੀ ਅਤੇ ਇਕ ਮਿਠੇ ਆਦਿ ਦੀ ਬੰਨ੍ਹ ਦਿੱਤੀ। ਹੈਰਾਨ-ਕੁੰਨ ਅਵਸਥਾ ਵਿਚ ਜਦ ਚੁਕਣ ਲਗਾ ਤਾਂ ਹੋਸ਼ ਆ ਗਈ। "ਹਜ਼ਰਤ! ਆਪ ਨੇ ਭੁਲੇਖੇ ਵਿਚ ਸੌਦਾ ਬਹੁਤਾ ਦੇ ਦਿੱਤਾ ਹੈ।, ਮੈਂ ਆਪ ਨੂੰ ਇਕ ਟਕਾ ਦਿੱਤਾ ਸੀ।" ਦੁਕਾਨਦਾਰ ਨੇ ਉਤਰ ਵਿਚ ਕਿਹਾ, "ਬਹਿਲੋਲ ਦੇ ਪਿਆਰਿਓ! ਇਹ ਸੌਦਾ ਟਕੇ ਦਾ ਨਹੀਂ 'ਕੇਵਲ ਪਛਾਣ' ਹੈ।" ਉਮਰ ਨੇ ਬੇਨਤੀ ਕੀਤੀ! "ਪਛਾਣ ਕਾਹਦੀ?" ਤਾਂ ਮਹਾਂ ਪੁਰਸ਼ਾਂ ਨੇ ਕਿਹਾ, "ਭਾਈ, ਇਸ ਟਕੇ ਦਾ ਮੁਲ ਭਾਰੀ ਹੈ, ਦਿੱਤਾ ਨਹੀਂ ਜਾ ਸਕਦਾ, ਹੁਣ ਤੁਸੀਂ ਬਹੁਤੇ ਸਵਾਲਾਂ-ਜਵਾਬਾਂ ਵਿਚ ਨਾ ਪਵੋ, ਅੱਗੇ ਬੜੀ ਦੇਰ ਲਾ ਦਿੱਤੀ ਜੇ, ਛੇਤੀ ਸੌਦਾ ਆਦਿ ਲੈ ਕੇ ਪੁਜੋ ਜਿੰਨ੍ਹਾਂ ਦਾ ਤੁਸਾਂ ਭੋਜਨ ਬਨਾਉਣਾ ਹੈ, ਉਡੀਕ ਕਰ ਰਹੇ ਹਨ।"

ਉਮਰ ਅਗੰਮੀ ਗੱਲਾਂ ਸੁਣਕੇ ਚਰਨੀ ਲਗਾ ਅਤੇ ਅਰਜ਼ ਕੀਤੀ, "ਯਾ ਮੌਲਾ! ਆਪ ਤਾਂ ਮਰਦ-ਇ-ਕਾਮਲ ਦਿਸਦੇ ਹੋ!, ਕਿਰਪਾ ਕਰਕੇ ਦੱਸੋ ਮੈਂ ਅਸਲੀਯਤ ਨੂੰ ਲੈ ਕੇ ਧੁਰ ਪੁਜਾਂਗਾ ਜਾਂ ਮੈਨੂੰ ਭੀ ਆਵਾਗਉਣ ਹੀ ਉਡੀਕ ਰਿਹਾ ਹੈ? ਮੈਨੂੰ ਤਾਂ ਆਪਣੇ ਵਜ਼ੀਫੇ ਅਤੇ ਮੁਰਸ਼ਦ ਉਤੇ ਬਹੁਤ ਹੀ ਵਿਸ਼ਵਾਸ਼ ਹੈ।"

ਇਹ ਸੁਣ ਅਗੰਮੀ ਜੋਤ ਨੇ ਉਤਰ ਕੋਈ ਨਾ ਦਿੱਤਾ ਅਤੇ ਆਪਣੇ ਹਥ ਦੀ ਹਥੇਲੀ 'ਉਮਰ' ਦੇ ਮੂਹਰੇ ਰੱਖੀ ਜਿਸ 'ਚੋਂ ਉਮਰ ਨੇ ਆਪਣੇ ਆਪ ਨੂੰ 'ਕੂਕਰ' ਵੇਖਿਆ; ਕੰਬ ਗਿਆ 'ਤੇ ਪੈਰਾਂ ਤੇ ਸਿਰ ਰੱਖ ਕੇ ਪਰਾਰਥਨਾ ਕੀਤੀ: "ਹੇ ਸਾਈਂ-ਅੱਲਾ! ਮੇਰੇ ਹਾਲ 'ਤੇ ਕਰਮ ਫੁਰਮਾਓ, ਮੈਨੂੰ ਇਨਸਾਨੀ ਮੌਤ ਮਰਨ ਦੀ ਬਖਸ਼ਸ਼ ਕਰੋ ਅਤੇ ਮਗਫਿਰਤ ਬਖਸ਼ੋ।

"ਹੈਵਾਨ ਤੋਂ ਇਨਸਾਨ ਬਨਾਣਾਂ ਉਸੇ ਇਲਾਹੀ ਜੋਤ ਦਾ ਕੰਮ ਹੈ ਜਿਸਨੇ ਤੈਨੂੰ ਇਹ ਕੌਤਕ ਵਿਖਾਇਆ ਹੈ। ਭਾਈ! ਮੇਰੇ ਵਿਚ ਕੋਈ ਤਾਕਤ ਨਹੀਂ।" ਜਦੋਂ 'ਉਮਰ' ਨੇ ਵੇਖਿਆ ਕਿ ਉਹ ਚੀਜ਼ ਇਥੇ ਨਹੀਂ ਤਾਂ ਇਉਂ ਅਰਬੀ ਦੇ ਗੀਤ ਗਾਂਦਾ ਦੌੜ ਪਿਆ।

"ਇਨਾ ਨਾਨਕ ਗੋਸਸਜਮਾਂ ਜਾਇਕਾ ਜਾਇਕਾਯਸੀ। ਮਿੱਨਲ ਯੰਮਾ ਅਜਾਬੁਨ ਫਿਲ ਹਸ਼ਰ-ਏ ਵਾਕਾ।"

ਭਾਵ: 'ਨਾਨਕ, ਪੀਰਾਂ ਦਾ ਪੀਰ, ਗੌਂਸਾਂ ਦਾ ਗੌਂਸ ਏ। ਨਾਨਕ ਸ਼ਾਹ ਵਲੀ ਦੇ ਮੁਨਕਰ ਨੂੰ ਦੋਜ਼ਖ ਦੀ ਸਜ਼ਾ ਏ।'

ਯਥਾ: "ਨਾਨਕ ਖ਼ੁਦਾਯਾ, ਨਾਨਕ ਹੁਦਾਯਾ।"

ਭਾਵ: 'ਨਾਨਕ ਖ਼ਦਾ ਹੈ! ਨਾਨਕ ਹਦੈਦ ਦਾ ਸਿੱਧਾ ਰਾਹ ਹੈ।'

**ਮੁਰੀਦ ਨੇ ਮੁਰਸ਼ਦ ਦੀ ਯਾਦ ਤਾਜ਼ਾ ਕੀਤੀ:**

ਬਹਿਲੋਲ ਨੇ ਜਦ ਆਪਣਾ ਸਿਦਕ ਹਜ਼ੂਰ ਦੇ ਚਰਨਾਂ ਵਿਚ ਕਾਇਮ ਕਰ ਲਿਆ ਤਾਂ ਇਕ ਯਾਦਗਾਰ ਕਾਇਮ ਕੀਤੀ ਜੋ ਇਕ ਥੜ੍ਹੇ ਦੀ ਸ਼ਕਲ ਵਿਚ ਸੀ ਜਿਸਦੇ ਸਾਹਮਣੇ ਇਕ ਪੱਥਰ ਦੀ ਸਿਲਾ, ਇਨ੍ਹਾਂ ਅੱਖਰਾਂ ਦੀ, ਉਕਰ ਕੇ ਲਾਈ:

ਗੁਰੂ ਮੁਰਾਦ ਏਜ਼ਦੀ ਹਜ਼ਰਤ ਰੱਬੁਲ ਮਜੀਦ,
ਬਾਬਾ ਨਾਨਕ ਫ਼ਕੀਰਉਲਾ ਤਾਕੇ ਇਮਾਰਤ ਜਦੀਦ।
ਯਦੀਦ ਇਮਦਾਦ ਈਦਵਬ ਗੁਲਦੀ ਕੇ ਤਾਰੀਖ਼ ਨੈਹ।

ਯਾਬਦੀ ਸਵਾਬ ਅਜਰਾਯਦਾ ਇਨੀ ਮਰੀਦ ਸਈਦ।

ਸੰ : ੯੧੭ ਹਿਜਰੀ ੫ ਸ਼ਵਾਲ।

ਇਹ ਅੱਖਰ ਤੁਰਕੀ ਅਤੇ ਅਰਬੀ ਦੇ ਮਿਲਵੇਂ ਹਨ।

ਭਾਵ: 'ਗੁਰੂ' ਪਦ ਦੇ ਅਰਥ ਸਰਫ਼ਨਾਮੇ ਦੇ ਲਿਹਾਜ਼ ਨਾਲ,' 'ਰੱਬੁਲ ਆਲਮੀਨ,' ਯਾਨੀ ਸੰਸਾਰ ਦੀ ਪਾਲਣਾ ਕਰਨ ਵਾਲਾ, ਮੁਰਾਦ 'ਏਜ਼ਦੀ', ਆਸਾ ਪੂਰੀਆਂ ਕਰਨ ਵਾਲਾ। 'ਰੱਬੁਲਮਜੀਦ', ਅਰਬੀ ਵਿਚ ਖੁਦਾ ਦਾ ਨਾਉ ਹੈ।

ਖੁਲਾਸਾ ਭਾਵ: ਬਹਿਲੋਲ ਕਹਿੰਦੇ ਹਨ, 'ਹੇ ਮੁਰਾਦਾਂ ਪੂਰੀਆਂ ਕਰਨ ਵਾਲੇ ਖੁਦਾ! ਤੂੰ ਸਾਖਯਾਤ ਰਬ ਹੈਂ। ਕੀ ਹੋਇਆ, ਨਾਨਕ ਨਾਮ ਨਾਲ ਫ਼ਕੀਰੀ ਧਾਰ ਕੇ ਆਇਆ ਹੈਂ! ਮੈਂ ਪਛਾਣ ਲਿਆ ਹੈ।'

"ਇਸ ਯਾਦਗਾਰੀ ਇਮਾਰਤ ਨੂੰ ਕਾਇਮ ਕਰਦਾ ਹਾਂ ਜੋ ਆਉਣ ਵਾਲੀਆਂ ਪੁਸ਼ਤਾਂ ਤਕ ਕਾਇਮ ਰਹੇ, ਇਸਦੀ ਕਾਇਮੀ ਵਿਚ ਜ਼ਰੂਰੀ ਹੈ ਕਿ ਮੈਂ ਆਪ ਦੀ ਸਹਾਇਤਾ ਮੰਗਾਂ ਕਿ ਇਸ ਤੁਹਾਡੇ ਨੇਕ ਬਖ਼ਤ ਮੁਰੀਦ ਨੂੰ ਹਮੇਸ਼ਾ ਰਹਿਣ ਵਾਲਾ ਸਵਾਬ ਮਿਲਦਾ ਰਹੇ।"

ਅੱਖਰ , ਜੋ ਸਿਲ ਉਤੇ ਬਹਿਲੋਲ ਨੇ ਉਕਰੇ ਹਨ , ਇਹ ਅਰਬੀ ਅਤੇ ਤੁਰਕਿਸਤਾਨੀ ਬੋਲੀ ਵਿਚ ਹਨ। ਬੜੀ ਮਿਹਨਤ ਤੇ ਸਰਫ਼ਨਾਮੇ ਦੇ ਲਿਹਾਜ਼ ਨਾਲ ਅਰਥ ਕੀਤੇ ਗਏ ਹਨ। ਤਾਰੀਖ ਅਤੇ ਸੰਨ ਭੀ ਅੱਖਰਾਂ ਵਿਚ ਹੀ ਹੈ, ਜੋ ਹਰਫ ਅਬਜਦ ਅਲਫ-ਬੇ-ਜੀਮ-ਚਾਲ ਦੇ ਹਿਸਾਬ ਨਾਲ ੫ ਸਵਾਲ ੯੧੭ ਹਿਜਰੀ ਬਣਦਾ ਹੈ।(1508-09)

ਸੰਨ ੧੯੧੪ ਈਸਵੀ ਦੀ ਲੜਾਈ ਵਿਚ ਸਿੱਖ ਫੌਜਾਂ ਨੇ ਇਕ ਛੋਟਾ ਜਿਹਾ ਕੋਠਾ 'ਥੜੇ ਸਾਹਿਬ' ਦੇ ਉਤੇ ਹੀ ਕਾਇਮ ਕੀਤਾ ਸੀ। ਲੜਾਈ ਦੇ ਬਾਅਦ ਜਦੋਂ ਬਗ਼ਦਾਦ ਅਜ਼ਾਦ ਹੋਇਆ ਤਾਂ ਸਿੰਧ ਦੇ ਬਹੁਤ ਸਾਰੇ ਸਹਿਜਧਾਰੀ ਅਤੇ ਹੋਰ ਸੌਦਾਗਰ ਸਿੱਖ ਬਹੁਗਿਣਤੀ ਵਿਚ ਇਥੇ ਪੁਜ ਗਏ, ਜਿਨ੍ਹਾਂ ਨੇ ਬਾਬੇ ਦੀ ਪਾਵਨ ਧਰਤੀ ਨੂੰ ਆਪਣੇ ਨੇਤਰਾਂ ਦੁਆਰਾ ਚੁੰਮਿਆ ਤੇ ਆਪਣੀ ਨੇਕ ਕਮਾਈ 'ਚੋਂ ਦਸਵੰਧ ਸਫਲ ਕਰਕੇ ਬੜਾ ਭਾਰੀ ਮੰਦਰ (ਗੁਰ-ਅਸਥਾਨ) ਬਣਾਇਆ। ਇਸ ਵਕਤ ਗੁਰੂ ਬਾਬੇ ਦਾ ਨਿਸ਼ਾਨ ਸਾਹਿਬ, ਸਾਰੇ ਬਗ਼ਦਾਦ ਤੋਂ ਉੱਚਾ, ਝੂਲ ਰਿਹਾ ਹੈ ਜੋ ਬਗ਼ਦਾਦ ਦੀ ਹਰ ਨੁੱਕਰ ਤੋਂ ਦਿਸਦਾ ਹੈ। ਸਿੱਲ, ਜੋ ਥੜ੍ਹੇ ਦੇ ਅਗੇ ਲੱਗੀ ਹੋਈ

ਸੀ, ਹੁਣ ਹਰਮੰਦਰ ਸਾਹਿਬ (ਬਗਦਾਦ ਦੇ ਗੁਰ-ਅਸਥਾਨ) ਦੀ ਦਰਸ਼ਨੀ ਡਿਉੜੀ ਦੇ ਸਾਹਮਣੇ ਚਸਪਾਨ (ਚਿਪਕਾਈ ਹੋਈ) ਹੈ।

ਇਲਾਹੀ ਸੰਗਤਾਂ ਨੇ ਸਭ ਤੋਂ ਵੱਡਾ ਪਰਉਪਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹਰਮੰਦਰ ਸਾਹਿਬ ਵਿਚ ਕਰਕੇ, ਗ੍ਰੰਥੀ ਜੀ ਦੀ ਸਥਾਪਨਾ ਕੀਤੀ ਹੈ। ਇਸ ਅਸਥਾਨ ਦੇ ਪੁਰਾਣੇ ਪੁਜਾਰੀ, ਤੇ ਅਸਲ ਮਾਲਕ ਉਮਰਜ਼ਾ, ਬਹਿਲੋਲ ਜੀ ਦੇ ਖਾਸ ਚੇਲੇ, ਦੀ ਔਲਾਦ ਹੈ , ਜਿਨ੍ਹਾਂ ਪਾਸ ਇਕ ਪੋਥੀ ਭੀ ਹੈ ਜਿਸ ਵਿਚ ਜਪੁਜੀ ਸਾਹਿਬ ਅਤੇ ਕੁਝ ਹੋਰ ਸ਼ਬਦ ਭੀ ਹਨ, ਮੱਕੇ ਅਤੇ ਬਗ਼ਦਾਦ ਦੀ ਗੋਸ਼ਟ ਦਾ ਭੀ ਜ਼ਿਕਰ ਹੈ।

ਇਕ ਪਾਸੇ ਪੀਰ ਬਹਿਲੋਲ ਦਾ ਮਜ਼ਾਰ ਅਤੇ ਦੂਜੇ ਪਾਸੇ ਗੁਰਦੁਆਰਾ ਨਾਨਕ ਸ਼ਾਹ ਹੈ। ਇਨਾਂ ਦੋਹਾਂ ਦੇ ਵਿਚਾਲੇ ਇਕ ਕਬਰ ਹੈ ਜਿਸ ਉਪਰ 'ਮੁਹੰਮਦ ਪਾਸ਼ਾ ਅਰਨਾ ਅਊਤ', ਲਿਖਿਆ ਹੈ, ਬਹਿਲੋਲ ਦੇ ਮਜ਼ਾਰ ਦੀ ਸੇਵਾ ਵੀ ਸਿੱਖ ਸੰਗਤਾਂ ਨੇ ਬੜੇ ਪਿਆਰ ਨਾਲ ਕੀਤੀ ਹੈ। ਇਹ ਦੋਵੇਂ ਅਸਥਾਨ ਉਮਰਜ਼ਾ ਜੀ, ਜਿਨ੍ਹਾਂ ਦਾ ਪਿੱਛੇ ਜ਼ਿਕਰ ਆਇਆ ਹੈ, ਦੀ ਅੰਸ ਤੇ ਔਲਾਦ ਦੀ ਸੌਂਪਣ ਵਿਚ ਹਨ।

ਪੱਛਮੀ ਗੁਠ ਵੱਲ ਇਕ ਖੂਹੀ ਹੈ ਜੋ 'ਵਲੀ ਹਿੰਦ' ਦਾ ਚਸ਼ਮਾ ਕਰਕੇ ਪ੍ਰਸਿੱਧ ਹੈ। ਇਸ ਚਸ਼ਮੇ ਦਾ ਪਾਣੀ ਆਬਿ ਜ਼ਮ-ਜ਼ਮ ਦੀ ਤਰ੍ਹਾਂ ਮੁਸਲਮਾਨੀ ਦੁਨੀਆਂ ਵਿਚ ਬੜੀ ਦੂਰ-ਦੂਰ ਤਕ ਜਾਂਦਾ ਹੈ।

੪

# ਪਿਆਰੇ ਦੀ ਪਿਆਸ

ਕਰਤਾ, 'ਸਯਾਹਤ-ਓ-ਬਾਬਾ ਨਾਨਕ ਫ਼ਕੀਰ' ਲਿਖਦੇ ਹਨ ਕਿ ਬਹਿਲੋਲ ਦੇ ਸਚੇ ਸਿਦਕ ਨੇ ਅਸਚਰਜ ਲੀਲ੍ਹਾ ਵਰਤਾ ਦਿੱਤੀ, ਬੇਅੰਤ ਸਿਦਕੀਆਂ ਦਾ ਸੰਧਿਆ ਵੇਲੇ ਇਕਠ ਹੋਣਾ ਸ਼ੁਰੂ ਹੋ ਗਿਆ; ਪੀਰ ਅਬੁੱਦਰਹਿਮਾਨ ਭੀ ਆਪਣੇ ਸਾਥੀਆਂ ਸਹਿਤ ਸਤਿਸੰਗ ਵਿਚ ਆ ਕੇ ਜਗਮਗ-ਜੋਤ ਦੇ ਦਰਸ਼ਨਾਂ ਤੋਂ ਆਪਾ ਸਫ਼ਲ ਕਰਦੇ। ਇਕ ਦਿਨ ਅਮਰ ਰੂਹਾਂ ਦੇ ਬੇਅੰਤ ਇਕੱਠ ਸਮੇ ਰਬੀ ਬਾਣੀ ਦੇ ਚਲ ਰਹੇ ਉਮਾਹੀ ਦੌਰ ਵਿਚ ਮਰਦਾਨਾ ਜੀ ਬੋਲ ਉਠੇ, ਰਬਾਬ ਰਖ ਦਿੱਤੀ, ਅਤੇ ਖਲੋ ਕੇ ਕਹਿਣ ਲੱਗੇ, "ਆਪ ਨੇ ਬੜੀ ਮਿਹਰ ਕੀਤੀ ਹੈ। ਗੌਸ-ਇ-ਆਜ਼ਮ ਦੀ ਧਰਤੀ ਦੇ ਦਰਸ਼ਨ ਬਖਸ਼ੇ ਹਨ, ਪਰ ਇਥੋਂ ਦਾ ਪਾਣੀ ਬਹੁਤ ਕੌੜਾ ਹੈ, ਮੈਂ ਤਾਂ ਪਿਆਸਾ ਹੀ ਮਰ ਗਿਆ ਹਾਂ, ਕਿਰਪਾ ਕਰੋ ਕਿਸੇ ਐਸੀ ਥਾਂ ਉਤੇ ਪੁਜੋ ਜਿਥੋਂ ਦਾ ਪਾਣੀ ਮਿਠਾ ਹੋਵੇ।"

ਬਹਿਲੋਲ: "ਨਹੀ! ਭਾਈ ਅਲੀਮਰਦਾਨ! ਹਜ਼ੂਰ ਨੇ ਅਜੇ ਚਿਰ੍ਹ-ਕਾਲ ਇਥੇ ਰਹਿਣਾ ਹੈ।" ਤਾਂ ਹਜ਼ੂਰ ਨੇ ਤਬੱਸਮ ਫਰਮਾ ਕੇ ਕਿਹਾ: "ਠੀਕ ਹੈ, ਰਹਿਣਾ ਯਾ ਜਾਣਾ ਤਾਂ ਹੁਕਮ ਵਿਚ ਹੈ ਪ੍ਰੰਤੂ ਪਿਆਰੇ ਪ੍ਰਤਿ ਪਿਆਸ, ਜ਼ਰੂਰ ਸੰਤੁਸ਼ਟ ਕਰਨੀ ਹੈ।" ਇਹ ਕਹਿ ਕੇ ਮਰਦਾਨੇ ਨੂੰ ਕੋਲ ਬੁਲਾ ਕੇ ਆਪਣੇ ਹੱਥ ਦਾ 'ਆਸਾ' ਦੇ ਕੇ ਫੁਰਮਾਇਆ, "ਮਰਦਾਨਾ ਜੀ! ਇਸ ਧਰਤੀ ਨੇ ਇਲਾਹੀ ਕੀਰਤਨ ਸੁਣਿਆ ਹੈ, ਇਥੇ ਨਰੰਕਾਰ ਦੀ ਸੰਗਤ ਨੇ ਧੁਰ ਦੀ ਵੀਚਾਰ ਕੀਤੀ ਹੈ, ਇਹ ਧਰਤੀ ਤੁਹਾਨੂੰ ਮਿਠਾ ਜਲ ਦੇਵੇਗੀ, ਐਹ ਲਵੋ, ਇਸ ਸੋਟੀ ਨੂੰ ਧਰਤੀ ਵਿਚ ਮਾਰੋ ਨਿਰੰਕਾਰ ਭਲੀ ਕਰਨਗੇ।" ਮਰਦਾਨਾ ਜੀ ਸਿਦਕੀ ਸਨ, ਉਠ ਕੇ ਸੋਟੀ ਧਰਤੀ ਵਿਚ ਗਡ ਦਿੱਤੀ। ਸੁੰਬ ਵਾਲੀ ਸੋਟੀ, ਗਿਠ ਭਰ ਧਰਤੀ 'ਚ ਖੁਭੀ, ਜਦ ਬਾਹਰ ਕੱਢੀ ਤਾਂ ਨਾਲ ਹੀ ਪਾਣੀ ਦਾ ਸੋਮਾ ਭੀ ਧਰਤੀ ਤੋਂ ਬਾਹਰ ਆ ਗਿਆ ਸਾਰੇ ਹਾਜ਼ਰੀਨ, "ਅਲਹਮਦੁਲਿੱਲਾ!...ਅਲਹਮਦਲਿੱਲਾ" ਉਚਾਰਨ ਲੱਗੇ। ਮਰਦਾਨੇ ਨੇ ਰਜ ਕੇ ਪਾਣੀ ਪੀਤਾ ਅਤੇ ਸਾਰੀ ਸੰਗਤ ਭੀ ਤ੍ਰਿਪਤ ਹੋਈ। (ਇਹ ਉਹ ਖੂਹੀ ਹੈ

ਜਿਸਦਾ ਪਿਛੇ ਜ਼ਿਕਰ ਕਰ ਆਏ ਹਾਂ)। ਪਾਠਕ ਜੀਓ ! ਇਤਿਆਦਿਕ ਜੀਵਨ-ਕਿਰਨ ਪਤ੍ਰੀ ਅਤੇ ਮਨ ਦੀਆਂ ਮਜਬੂਰੀਆਂ ਨੇ ਮਜਬੂਰ ਕਰ ਦਿੱਤਾ ਕਿ ਇਹ ਪੁਸਤਕ ਪਿਤਾ ਜੀ ਨੂੰ ਪੇਸ਼ ਕਰਾਂ ਅਤੇ ਉਨ੍ਹਾਂ ਤੋਂ ਇਸਦੇ ਬਾਰੇ ਕੁਝ ਪੁੱਛਾਂ।

**ਪਿਤਾ ਸੰਬਾਦ ਨੰ.੧:**

ਅੰਮ੍ਰਿਤ ਵੇਲੇ ਦੀ ਅਰਬ-ਧਰਤੀ ਦੇ ਰੇਗਿਸਤਾਨੀ ਜ਼ਰਿਆਂ ਨਾਲ ਟਕਰਾਈ ਹੋਈ ਪੌਣ ਮਦੀਨੇ ਦੀਆਂ ਗਲੀਆਂ ਨੂੰ ਤ੍ਰਿਪਤ ਕਰ ਰਹੀ ਸੀ। ਅਰਬੀ ਊਠਾਂ, ਬਕਰੀਆਂ ਵੀ ਸੰਭਾਲ ਵਿਚ ਸਨ, ਤੇ ਰਾਹੀ ਕਬੀਲੇ ਚਾਲੇ ਪਾਉਣ ਦੀਆਂ ਤਿਆਰੀਆਂ ਵਿਚ ਕਮਰ-ਕੱਸੇ ਲਾ ਰਹੇ ਸਨ, ਸੰਸਾਰੀ ਘੜਿਆਲ ਚਾਰ ਵਜਾ ਚੁਕਾ ਸੀ। ਇਸ ਨੇਕ ਤੇ ਈਸ਼ਵਰ ਪ੍ਰਾਪਤੀ ਸਮੇਂ ਮੁਲਾਂ ਮੁਨਾਰੇ ਚੜ੍ਹ ਕੇ ਬਾਂਗ ਰਾਹੀਂ ਕਹਿ ਰਿਹਾ ਸੀ, "ਆਓ ਤਰਫ਼ ਖਲਾਸੀ ਦੀ (ਹਈਯਾ ਅਲਲਫ਼ਲਾਹ)"

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ।' ਸਚੇ ਨਾਮ ਦੀ ਵਡਿਆਈ ਕਰਨ ਵਿਚ ਜਗਿਆਸੂ ਜੁੜੇ ਹੋਏ ਸਨ। ਓਦੋਂ ਦਾਸ ਮਦੀਨੇ ਹਾਜੀਆਂ ਦੀ ਰਿਹਾਇਸ਼ਗਾਹ ਦੇ ਇਕ ਕਮਰੇ 'ਚੋਂ ਨਿਕਲ ਕੇ ਆਪਣੇ ਵਾਲਿਦ ਸਾਹਿਬ ਦੇ ਕਮਰੇ ਦੀ ਦਸਤਕ ਕਰ ਰਿਹਾ ਸਾਂ। ਦਰਵਾਜ਼ਾ ਖੁਲ੍ਹ ਜਾਣ, ਪੁਰ, ਉਹ ਕਿਤਾਬ, ਜਿਸਦਾ ਪਿਛੇ ਜ਼ਿਕਰ, ਸਾਖੀਆਂ ਅਤੇ ਪ੍ਰਾਪਤ ਹੋਈਆਂ ਬਖਸ਼ਸ਼ਾਂ ਸਹਿਤ ਕਰ ਆਏ ਹਾਂ, ਬਗਲ 'ਚੋਂ ਕਢ ਕੇ ਪਿਤਾ ਜੀ ਨੂੰ ਪੇਸ਼ ਕੀਤੀ; ਨਾਲ ਹੀ ਨਿਮਰਤਾ ਸਹਿਤ ਬੇਨਤੀ ਭੀ ਕੀਤੀ: "ਕਿਬਲਾ, ਚਾਰ ਦਿਨਾਂ ਤੋਂ ਇਸ ਕਿਤਾਬ 'ਸਿਯਾਹਤੇ ਬਾਬਾ ਨਾਨਕ ਫਕੀਰ', ਨੂੰ ਪੜ੍ਹ-ਪੜ੍ਹ ਕੇ ਹੈਰਾਨ ਹੋ ਗਿਆ ਹਾਂ; ਕਿਤਾਬ ਹੈ ਕਿ ਮੁਅਜਜ਼ਾ ਹੈ। ਕਿਬਲਾ, ਆਪ ਜ਼ਰੂਰ ਪੜ੍ਹੋ, ਤੇ ਮੈਨੂੰ ਕੁਝ ਦੱਸੋ।" ਪਿਤਾ ਜੀ ਨੇ ਮੇਰੇ ਹਥ 'ਚੋਂ ਕਿਤਾਬ ਲੈ ਲਈ ਅਤੇ ਟਾਇਟਲ-ਪੇਜ ਦੇ ਅੱਖਰ ਵੇਖ ਕੇ ਕਹਿਣ ਲੱਗੇ, "ਨਾਨਕ ਫਕੀਰ ਦੀਆਂ ਕਹਾਣੀਆਂ, ਜੋ ਸ਼ੈਖ ਚਿਲੀ ਦੇ ਨਿਆਈਂ ਹਨ, ਹੋਣੀਆਂ ਹਨ। ਹੈਰਾਨਗੀ ਦੀ ਕੀ ਲੋੜ ਹੈ?"

"ਜੀ ਹਾਂ! ਕੇਵਲ ਕਹਾਣੀਆਂ ਹੀ ਨਹੀਂ , ਬਲਕਿ ਆਪ ਪੜ੍ਹੋ ਤੇ ਸੋਚ-ਵੀਚਾਰ ਤੋਂ ਉਪਰੰਤ ਦੱਸਣ ਦੀ ਕ੍ਰਿਪਾ ਕਰੋ, ਕਿ ਵਾਕਈ ਇਸਲਾਮ ਦੀਆਂ ਬੁਨਿਆਦਾਂ ਇੰਨੀਆਂ ਕਮਜ਼ੋਰ ਤੇ 'ਤੌਹੀਦ' ਦੀ ਗੱਲ ਥੋਥੀ ਜਹੀ ਹੀ ਹੈ?"

ਮੇਰੇ ਮੂੰਹ ਵਲ ਵੇਖ-ਵੇਖ, ਉਕਤ ਅੱਖਰਾਂ ਦੀ ਹੈਰਾਨੀ ਵਿਚ, ਹੈਰਾਨ ਹੀ ਸਨ ਕਿ ਮੈਂ 'ਅਸਲਾਮੁਲੈਕਮ', ਕਹਿ ਕੇ ਆਪਣੇ ਕਮਰੇ ਵਿਚ ਆ ਗਿਆ ਕਿ ਪਿਤਾ ਜੀ ਆਪ ਬੁਲਾ ਕੇ ਕਿਤਾਬ ਬਾਰੇ ਕੁਝ ਕਹਿਣਗੇ। ਇਸ ਸਧਰ ਤੇ ਮਾਯੂਸ ਹੋ ਕੇ ਤੀਜੇ ਦਿਨ, ਆਪ ਹੀ ਜਾ ਕੇ, ਕਿਤਾਬ ਲਈ ਬੇਨਤੀ ਕੀਤੀ, ਤਾਂ ਪਿਤਾ ਜੀ ਨੇ ਕਿਤਾਬ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਇਨਕਾਰੀ ਨਹੀਂ ਸੀ ਮੇਰੇ ਲਈ ਬੇ-ਕਰਾਰੀ ਦਾ ਹੜ੍ਹ ਸੀ, ਇਕ ਵੇਰਾਂ ਤਾਂ ਇਉਂ ਅਨੁਭਵ ਹੋਇਆ ਕਿ ਮੇਰੀ ਦੀਨ-ਦੁਨੀਆਂ ਹੀ ਗਵਾਚ ਗਈ ਹੋਵੇ। ਵਿਰਾਗਮਈ ਅਵੱਸਥਾ ਵਿਚ ਮਦੀਨੇ ਦੀਆਂ ਗਲੀਆਂ ਵਿਚ 'ਨਾਨਕ' ਨਾ ਦੀਆਂ ਕਨੋਸਆ ਲੈ ਰਿਹਾ ਸਾਂ ਕਿ ਇਕ ਕਾਫ਼ਲਾ ਬੈਤੁਲਮੁਕੱਦਸ ਨੂੰ ਜਾਂਦਾ ਦਿਸਿਆ।

**ਬੈਤੁਲਮੁਕੱਦਸ:**

ਸਫ਼ਰਨਾਮੇ 'ਚੋਂ ਸਿੱਧ ਹੋਇਆ ਸੀ ਕਿ ਸਭ ਤੋਂ ਪਹਿਲਾ ਹਜ਼ੂਰ ਨੇ ਬੈਤੁਲਮੁਕੱਦਸ ਵਿਚ ਚਰਨ ਪਾਏ ਸਨ ਜਿਸ ਦਾ ਜ਼ਿਕਰ ਪਿਛੇ ਹੋ ਚੁੱਕਾ ਹੈ। ਵਾਲਿਦ ਸਾਹਿਬ ਦੇ ਕਿਤਾਬ ਨ ਦੇਣ 'ਤੇ, ਅਤਿ ਉਦਾਸੀਨ ਸਮੇਂ, ਮਨ ਦੀ ਇੱਛਾ ਬੈਤੁਲਮੁਕੱਦਸ ਵਿਚ ਜਾ ਕੇ, ਜਿਥੇ ਹਜ਼ੂਰ ਨੇ ਚਰਨ ਪਾਏ ਹਨ , ਉਸ ਅਸਥਾਨ ਦੇ ਦਰਸ਼ਨ ਅਤੇ ਉਥੋਂ ਦੀ ਸ਼ਰਧਾਲੂ ਜਨਤਾ ਦੀ ਵੀਚਾਰ ਸਰਵਨ ਕਰਾਂ।

'ਸਫਰਨਾਮੇਂ' ਦੇ ਕਰਤਾ ਜੀ ਨੇ ਦੱਸਿਆ ਹੈ ਕਿ ਇਥੋਂ ਦੇ ਪਵਿੱਤਰ ਅਸਥਾਨ ਦਾ ਨਾਉਂ 'ਨਾਨਕਸ਼ਾਹ ਕਲੰਦਰ' ਹੈ। ਪਿਤਾ ਜੀ ਨੂੰ ਬਿਨਾਂ ਇਤਲਾਹ ਦਿੱਤਿਆਂ, ਕਾਫਲੇ ਦੇ ਨਾਲ ਰਵਾਨਾ ਹੋ ਗਿਆ। ਚਾਰ-ਪੰਜ ਦਿਨਾਂ ਵਿਚ ਰੇਗਿਸਤਾਨੀ ਸਫ਼ਰ ਤੈਅ ਕਰਕੇ ਬੈਤੁਲਮੁਕੱਦਸ ਦੀ ਪਾਵਨ ਧਰਤੀ ਦੀ ਛੋਹ ਪਰਾਪਤ ਹੋਈ ; ਮਨ ਵਿਚ ਤੀਬਰ ਇੱਛਾ ਸੀ ਕਿ ਜਿਸ ਧਰਤੀ ਨੂੰ ਚਰਨ-ਛੋਹ ਪ੍ਰਾਪਤ ਹੋਈ ਹੈ; ਛੇਤੀ ਤੋਂ ਛੇਤੀ ਦਰਸ਼ਨ ਹੋਣ। ਰਸਤੇ ਵਿਚ ਜਿਸ ਊਠ ਦੇ ਕਚਾਵੇ (ਸੰਚਾਲਕ) ਵਿਚ ਇਥੇ ਪੁਜਾ ਸਾਂ ਊਠਬਾਨ ਨਾਲ ਰਸਤੇ ਵਿਚ ਗਲਬਾਤ ਹੋਈ, ਤਾਂ ਪਤਾ ਲਗਾ ਕਿ ਇਹ ਪ੍ਰੇਮੀ 'ਸਿਬੀ' ਖਾਨਦਾਨ 'ਚੋਂ ਅਤੇ 'ਗੁਰੂ ਕਰਤਾਰ' ਦੇ ਨਾਮ-ਲੇਵਾ ਸ਼ੈਦਾਈਆ 'ਚੋਂ ਸੀ; ਇਸ ਪ੍ਰੇਮੀ ਨੇ ਇਕ ਗੁਟਕਾ, ਜੋ ਅਰਬੀ ਵਿਚ ਸੁਨਿਹਰੀ ਅੱਖਰਾਂ ਦੀ ਲਿਖਤ ਸੀ, ਦੇ ਦਰਸ਼ਨ ਕਰਾਏ ਜੋ ਸ੍ਰੀ ਜਪੁਜੀ ਸਾਹਿਬ

ਦਾ ਉਲਥਾ ਸੀ। ਇਸ ਪ੍ਰੇਮੀ ਦੀ ਹੀ ਸਹਾਇਤਾ ਨਾਲ ਸ਼ਹਿਰ ਤੋਂ ਬਾਹਰ ਕਬਰਿਸਤਾਨ ਵਿਚ 'ਨਾਨਕਸ਼ਾਹ ਕਲੰਦਰ' ਅਸਥਾਨ ਉਤੇ ਭੀ ਪੁਜੇ। ਇਹ ਇਮਾਰਤ ਗੁੰਬਦ ਨਮਾ, ਬੜੀ ਖ਼ੂਬਸੂਰਤ, ਪੁਰਾਣੀ ਸ਼ਕਲ ਦੀ, ਸੀ। ਅੰਦਰ ਹਾਲ ਦੇ ਵਿਚਾਲੇ ਇਕ ਥੜ੍ਹਾ ਸੀ ਅਤੇ ਉਪਰ ਇਕ ਸਫੈਦ ਚਾਦਰ ਵਿਛੀ ਹੋਈ ਸੀ। ਦਵਾਲੇ, ਪਰਕਰਮਾਂ ਵਿਚ, ਚਾਰ ਕੁ ਪ੍ਰੇਮੀ ਅਰਬੀ ਜ਼ਬਾਨ ਵਿਚ ਬੜੇ ਮਿੱਠੇ-ਮਿੱਠੇ ਗੀਤ, ਗੁਰੂ ਮਹਾਰਾਜ ਦੇ, ਗਾ ਰਹੇ ਸੀ ਜੋ ਇਸ ਪ੍ਰਕਾਰ ਸਨ:

> ਕੁੰਮਯਾ ਨਾਨਕ ਜ਼ਏ ਹਸਨੁਲ ਸਨਾਹਾ। ਹੈ ਸੋ ਫ਼ੀਹਾ ਰਬੁਲ ਅਲਾਕਾ ਬਤਾਹਾ।
> ਫਤਾਨਤ ਬਿਜਮਾਲਾਹੂ ਅਲਬਦਨੇਹੱਤਾ। ਸ਼ਾ ਰਕਤਨਾ ਵਨਾਜ਼ਾ ਅਤਿ ਫ਼ੀ ਹੋਵਾ।
> ਕੁੰਮ ਯਾ ਤਵਾਫ਼ਨ ਬੈਤੁੱਲਾ ਤੋਅਲ ਰਬੀ। ਵਾ ਕੈਬੇ ਮੀ ਈ ਨਾਲੇ ਲਕਾ ਹਾ।
> ਸ਼ਮਸਾਹਾ ਫਿਲ ਕਲੂਬੇ ਅਲ ਬਿਸ਼ੋਹੇ ਹਾ। ਜੱਲਾਹੂ ਯਾਰਬੋਮਾ ਸਵਾਕਾ ਅਲ ਆਹਾ।

ਇਨ੍ਹਾਂ ਪ੍ਰੇਮ-ਭਰੇ ਗੀਤਾਂ ਨੇ ਅਤੇ 'ਸਿਬੀ' ਕਬੀਲੇ ਦੇ ਪੰਧਾਊ ਊਠਬਾਨ ਸਾਥੀ ਨੇ ਮੇਰੀ ਰਾਹ ਵਿਚ ਬਹੁਤ ਹੀ ਮਦਦ ਕੀਤੀ।

ਜਦੋਂ ਇਹ ਗੀਤ ਗਾਉਣ ਵਾਲੇ ਪ੍ਰੇਮੀ, ਮਿਲਵਾਂ ਜਿਹਾ ਕੀਰਤਨ ਕਰਕੇ, ਵਿਹਲੇ ਹੋਏ ਤਾਂ ਇਕ ਨੂੰ ਮੁਖ਼ਾਤਬ ਕਰ ਕੇ ਪੁੱਛਿਆ: "ਫਲਾ ਹਜ਼ਾ ਮਜ਼ਾਬਹੂ?" ਭਾਵ ਕਿ ਆਪ ਲੋਕਾਂ ਦਾ ਮੱਜ਼ਹਬ ਕੀ ਹੈ? ਉਤਰ: "ਅਲਾ ਇਨਾਹੂ ਨਾਨਕਿਨ ਸ਼ਾਹ ਹਿੰਦਲ ਪੀਰ", ਭਾਵ ਕਿ ਸਾਡਾ ਮੱਜ਼ਹਬ ਹਿੰਦ ਦੇ ਪੀਰ ਨਾਨਕਸ਼ਾਹ ਪੀਰ ਦਾ ਹੈ। ਪ੍ਰਸ਼ਨ: "ਮੰਨਬੀਯੋਕਾ?", ਭਾਵ: "ਤੁਹਾਡਾ ਨਬੀ ਕੌਣ ਹੈ?", ਉਤਰ: "ਨਾਨਕ ਨਬੀਯਨ ਵ ਅੱਨਾ ਆਮਨਾ ਬੇਹ", ਭਾਵ: ਨਾਨਕ ਹੀ ਨਬੀ ਹੈ ਜਿਸ 'ਤੇ ਸਾਡਾ ਈਮਾਨ ਕਾਇਮ ਹੈ। ਪ੍ਰਸ਼ਨ: "ਕੂਲਾ ਮੰਨਬੀਯਨ ਸਲਾਸਾਤਾ ਆਯਾਤੇ ਹੀ?", ਭਾਵ: ਪੈਗੰਬਰ ਯਾ 'ਨਬੀ' ਦੀਆਂ ਤਿੰਨ ਨਿਸ਼ਾਨੀਆਂ ਹੁੰਦੀਆਂ ਹਨ। "ਨਾਨਕ ਨਬੀਯੂਨਾਂ ਹਜ਼ਾ ਸਲਾਸਾ ਆਯਾਤਾਹੂ, (੧) ਕਿਤਾਬੁਨ (੨) ਕਰਾਮਾਤੁਨ (੩) ਉਮਾਤੁਨ", ਭਾਵ ਕਿ ਤੁਹਾਡੇ ਨਾਨਕ ਨਬੀ ਵਿਚ ਇਹ ਤਿੰਨ ਨਿਸ਼ਾਨੀਆਂ ਹਨ (੧) ਕਿਤਾਬ (੨) ਸ਼ਕਤੀ, (੩) ਸਿਖ? ਜਿਸ ਪ੍ਰੇਮੀ ਤੋਂ ਪੁਛ ਹੋ ਰਹੀ ਸੀ ਉਹ ਤਾਂ ਚੁੱਪ ਹੋ ਗਿਆ, ਨਾਲ ਦੇ ਬਿਰਧ ਬਾਬੇ ਨੇ ਛਾਤੀ ਠਕੋਰ ਕੇ ਕਿਹਾ, (੧) "ਅਮਾਉਮਤੀ", ਅਸੀਂ ਸਾਰੇ ਉਸਦੀ ਉਮਤ ਹਾਂ, ਆਪਣੀ ਬਗ਼ਲ 'ਚੋਂ ਛੋਟਾ ਜਿਹਾ

ਗੁਟਕਾ ਵਿਖਾਲ ਕੇ, "ਹਾਜ਼ਾ ਕਲਾਮੁਲ" ਭਾਵ ਕਲਾਮੁਲ ਪਾਕ ਹੈ" ਮੱਕੇ ਵਲ ਦੋਵੇਂ ਹਥ ਕਰਕੇ, "ਹਾਜ਼ਾ ਬੈਤੁਲਾ ਸ਼ਾਹਦੂਨ ਲੇ ਯੌਮਿਲ ਹਸ਼ਰ", ਭਾਵ 'ਇਹ ਖ਼ੁਦਾ ਦਾ ਘਰ ਭੀ ਕਿਆਮਤ ਵਾਲੇ ਦਿਨ ਗਵਾਹੀ ਭਰੇਗਾ ਕਿ ਮੈਂ ਨਾਨਕ ਦੀਆਂ ਪ੍ਰਕਰਮਾਂ (ਤੁਆਫ਼) ਕੀਤੀਆਂ ਸੀ'।

ਇਨ੍ਹਾਂ ਦੇ ਮਾਕੂਲ (ਢੁਕਵੇਂ) ਜਵਾਬਾਂ-ਸਵਾਲਾਂ ਨੇ ਮੈਨੂੰ (ਮੁਸ਼ਤਾਕ ਹੁਸੈਨੂੰ) ਸੰਤੁਸ਼ਟ ਕਰ ਦਿੱਤਾ ਅਤੇ ਮੇਰੀ ਸ਼ਰਧਾ ਹੋਰ ਭੀ ਨਾਨਕ ਦੇ ਰਾਹ ਵਲ ਵਧੇਰੇ ਕਰ ਦਿੱਤੀ। ਹੁਣ ਮੈਂ ਉਤਾਵਲਾ ਸਾਂ ਕਿ ਛੇਤੀ ਮਦੀਨੇ ਪੁੱਜਾਂ ਅਤੇ ਪਿਤਾ ਜੀ ਦੀ ਜ਼ੁਬਾਨ ਤੋਂ ਭੀ ਕੁਝ ਸੁਣਾ। ਜਦੋਂ ਮਦੀਨੇ ਪੁਜਾ ਤਾਂ, ਮੇਰੀ ਹਾਲਤ ਵਿਆਕਲ ਤੇ ਕਮਜ਼ੋਰ ਜਹੀ ਵੇਖ ਕੇ, ਕਿਤਾਬ ਤਾਂ ਵਾਪਸ ਦੇ ਦਿੱਤੀ ਪਰ ਰਾਏ ਦੇਣ ਤੋਂ ਇਨਕਾਰੀ ਹੋ ਗਏ, ਬਲਕਿ ਮੈਨੂੰ ਤਾੜਨਾ ਕੀਤੀ ਕਿ "ਇਥੇ ਕਹਾਣੀਆਂ ਪੜ੍ਹਨ ਲਈ ਤੂੰ ਨਹੀਂ ਆਇਆ, ਆਪਣੇ ਮਕਸਦ ਵਿਚ ਕਾਮਯਾਬੀ ਹਾਸਲ ਕਰ।"

ਸੁਫ਼ਨਾ:

ਅਜ ਦੀ ਪਿਤਾ-ਤਾੜਨਾ ਨੇ ਤੌਖਲੇ ਵਿਚ ਪਾ ਦਿੱਤਾ ਸੀ। ਉਦਾਸ ਰਾਤਰੀ ਦਾ ਪਹਿਲਾ ਹਿੱਸਾ 'ਸਿਯਾਹਤੇ ਬਾਬਾ ਨਾਨਕ ਫ਼ਕੀਰ' ਦੇ ਮੁਤਾਲਿਆ (ਅਧਿਐਨ) ਵਿਚ ਹੀ ਗੁਜ਼ਰਿਆ; ਉਪਰੰਤ ਖੁਲ੍ਹੇ ਕੇ 'ਨਾਨਕ ਜੀ' ਨੂੰ ਮੁਖ਼ਾਤਬ ਕਰਕੇ ਦੁਆ ਮੰਗੀ ਕਿ "ਹੇ ਵਲੀਅੱਲਾ। ਜੋ ਖ਼ੂਬੀਆਂ ਮੈਂ ਪੜ੍ਹੀਆਂ-ਸੁਣੀਆਂ ਹਨ, ਜੇ ਵਾਕਈ ਠੀਕ ਅਤੇ ਸਹੀ ਹਨ ਤਾਂ, ਮਿਹਰ ਕਰ, ਮੈਨੂੰ ਜਲ ਵਾਂਗ (ਪ੍ਰਗਟ ਹੋ ਕੇ) ਸੋਝੀ ਬਖ਼ਸ਼ੋ ਤਾਂ ਜੋ ਭੰਬਲ-ਭੂਸਿਆਂ ਤੋਂ ਰਹਿਤ ਹੋ ਕੇ ਇਕ ਰਾਹ ਅਖ਼ਤਿਆਰ ਕਰਾਂ।" ਅਰਦਾਸ ਮੁਕ ਗਈ ਸੀ ਪਰ ਮਨ-ਇੱਛਾ ਤੀਬਰ ਹੋ ਗਈ, ਰਾਤਰੀ ਦੇ ਦੂਜੇ ਹਿੱਸੇ ਦੀ ਸਮਾਪਤੀ ਹੋਣ ਵਾਲੀ ਸੀ। ਨੀਂਦ ਦੇ ਪ੍ਰਭਾਵ ਨੇ ਫ਼ਰਸ਼ 'ਤੇ ਹੀ ਸੁਆ ਦਿੱਤਾ।

ਦੀਦਾਰ-ਇ-ਹੱਕ ਦੇ ਮੁਤਲਾਸ਼ੀ ਦੀ ਇੱਛਾ ਨੂੰ ਖ਼ਬਰੇ ਜਾਣੀ-ਜਾਣ ਨੇ ਜਾਣ ਲਿਆ ਸੀ। ਸਖੋਪਤ (ਅਰਧ ਚੇਤਨ) ਅਵਸਥਾ ਵਿਚ ਇਕ ਦ੍ਰਿਸ਼ ਨਜ਼ਰੀ ਆਇਆ, ਜੋ ਬਐਨ (ਇੰਨ ਬਿੰਨ) ਹੀ ਕਿਆਮਤ ਦਾ ਨਜ਼ਾਰਾ ਸੀ। ਇਸਲਾਮੀ ਗ੍ਰੰਥਾਂ ਨੇ ਜਿਸ ਤਰ੍ਹਾਂ ਕਿਆਮਤ ਦਾ ਬਿਆਨ ਕੀਤਾ ਹੈ, ਹੂ-ਬ-ਹੂ ਉਸੇ ਤਰ੍ਹਾਂ

ਤਮਾਮ ਸ੍ਰਿਸ਼ਟੀ ਦੇ ਜੀਵ ਇਕ ਖੁਲ੍ਹੇ ਮੈਦਾਨ ਵਿਚ ਨਗਨ ਖਲੋਤੇ ਹਨ ਅਤੇ ਆਪਣਿਆਂ ਹੱਥਾਂ ਵਿਚ ਆਪਣੇ ਨਾਮਾਏ ਐਹਮਾਲ (ਅਮਲਾਂ ਦੇ ਲੇਖ) ਵੇਖ-ਵੇਖ ਰਕ੍ਰਿਤ ਹੋ ਰਹੇ ਹਨ। ਸੂਰਜ ਸਵਾ ਨੇਜੇ ਤੇ ਆ ਕੇ ਧਰਤੀ ਨੂੰ ਤਾਂਬੇ ਵਤਿ (ਵਾਂਗ) ਤਪਾਈ ਬੈਠਾ ਹੈ, ਤਮਾਮ ਜੀਵ-ਜਨਤਾ, ਤ੍ਰਾਹ-ਤ੍ਰਾਹ ਕਰ ਰਹੀ ਹੈ, ਅਤਿ ਘਬਰਾਹਟ ਅਤੇ ਤੜਫ਼ਾਦ ਹੈ।

ਇਸਲਾਮ ਨੇ ਦੱਸਿਆ ਹੈ ਕਿ ਇਸ ਅਤਿ ਕਰੜੇ ਸਮੇਂ ਖ਼ੁਦਾਵੰਦ ਕਰੀਮ ਦਰਸ਼ਨ ਦੇ ਕੇ ਆਪਣੀ ਮਖ਼ਲੂਕ (ਖਲਕਤ, ਜਨਤਾ) ਦੇ ਕਸ਼ਟਾਂ ਨੂੰ ਆਪ ਹਰਨਗੇ (ਨਿਵਾਰਨਗੇ) ਅਤੇ ਇਕ ਤਖ਼ਤ ਉਤੇ ਬ੍ਰਾਜਮਾਨ ਹੋ ਕੇ 'ਜੰਨਤ' ਅਤੇ 'ਦੋਜ਼ਖ਼' ਦਾ ਫੈਸਲਾ ਕਰਨਗੇ।

"ਉਹ! ਤਖਤ ਭੀ ਸਾਹਮਣੇ ਦਿਸ ਰਿਹਾ ਸੀ, ਯਾਕੂਤ-ਜਮੁਰਦ (ਕੀਮਤੀ ਹੀਰਿਆਂ) ਦੀ ਸਜਾਵਟ, ਮੋਤੀਆਂ-ਜੜਤ ਜਗਮਗ-ਜਗਮਗ ਕਰਦੇ ਹੋਏ ਤਾਊਸ ਨਮਾ (ਤਖ਼ਤ-ਇ-ਤਾਊਸ) ਉਪਰ ਇਕ ਸੁਨਹਿਰੀ ਪਾਲਕੀ (ਚਾਰ ਪਰਦਿਆਂ ਵਾਲੀ) ਦਾ ਅਸਥਾਪਨ ਹੈ। ਸਭ ਹਾਜਰੀਨ, ਹਸ਼ਰ-ਅਧੀਨ ਜਨਤਾ, ਦਾ ਵਿਸ਼ਵਾਸ ਹੈ ਕਿ ਹੁਣੇ ਹੀ ਪਾਲਕੀ ਚੋਂ ਖ਼ੁਦਾਵੰਦ ਕਰੀਮ ਦੇ ਦੀਦਾਰ ਹੋਣਗੇ ਅਤੇ ਅਸੀਂ ਸਾਰੇ ਬਖ਼ਸ਼ੇ ਜਾਵਾਂਗੇ।"

ਇਸ ਸਿੱਕ ਵਿਚ ਤ੍ਰਾਹ-ਤ੍ਰਾਹ ਕਰਦੀ ਦੁਨੀਆਂ 'ਚੋਂ ਇਕ ਆਵਾਜ਼ ਆਈ: "ਉਹ, 'ਹਜ਼ਰਤ ਈਸਾ' ਪੈਗੰਬਰ ਆ ਰਹੇ ਹਨ।" ਸਭ ਦੀਆਂ ਅੱਖਾਂ ਉਤਾਂਹ ਨੂੰ ਉਠੀਆਂ ਅਤੇ ਆਸ ਜਿਹੀ ਬਝੀ ਕਿ ਸ਼ਾਇਦ ਈਸ਼ਾ-ਸਫ਼ਾਇਤ ਭਰ ਕੇ, ਸਾਡੇ ਕਸਟ ਦੀ ਨਵਿਰਤੀ ਵਿਚ ਸਹਾਇਕ ਹੋਣਗੇ।

ਅੱਗੇ-ਅੱਗੇ 'ਈਸਾ' 'ਤੇ ਪਿੱਛੇ ਉਨ੍ਹਾਂ ਦੀ 'ਉਮੱਤ' ਜ਼ੋਰ-ਜ਼ੋਰ ਨਾਲ ਈਸਾ ਦਾ 'ਕਲਮਾਂ' ਪੜ੍ਹਦੇ ਆ ਰਹੇ ਸਨ; ਜਦੋਂ ਪਾਲਕੀ ਦੇ ਸਾਹਮਣੇ ਆਏ ਤਾਂ ਜਨਤਾ 'ਜਨਤਾ' ਵਿਚ ਮਿਲ ਗਈ, ਅਤੇ 'ਈਸਾ ਜੀ' ਪਾਲਕੀ ਨੂੰ ਮੱਥਾ ਟੇਕ ਕੇ ਸੱਜੇ ਪਾਸੇ ਖਲ੍ਹੋ ਗਏ। ਇਹ ਵੇਖ ਜਨਤਾ ਮਾਯੂਸੀ ਵਿਚ ਹੀ ਸੀ ਕਿ ਇਕ ਆਵਾਜ਼ ਜਿਹੀ ਫੇਰ ਆਈ: 'ਉਹ ਵੇਖੋ 'ਮੂਸਾ' ਪੈਗ਼ੰਬਰ ਆ ਰਹੇ ਹਨ, ਪਰ 'ਮੂਸਾ' ਭੀ, 'ਈਸਾ' ਦੀ ਤਰ੍ਹਾਂ, ਮੱਥਾ ਟੇਕ, ਖਲੋ ਗਏ ਅਤੇ ਉਮਤ 'ਮੂਸਾ' ਦੀ ਮਖਲੂਕ ਵਿਚ

ਰਲ-ਮਿਲ ਗਈ। ਇਸੇ ਤਰ੍ਹਾਂ ਤੀਜੇ ਪੈਗੰਬਰ 'ਦਾਊਦ' ਦਾ ਭੀ ਇਹ ਹੀ ਹਸ਼ਰ ਹੋਇਆ। ਹੁਣ ਆਖ਼ਰੀ ਆਵਾਜ਼ ਸੀ ਜੋ 'ਹਜ਼ਰਤ ਮੁਹੰਮਦ' ਸਾਹਿਬ ਦੇ ਆਉਣ ਦੀ ਸੀ। ਦੁਨੀਆਂ ਬਹੁਤ ਖੁਸ਼ ਹੋਈ ਕਿ ਰਸੂਲ-ਕਰੀਮ ਨੇ ਦੁਨੀਆਂ ਵਿਚ ਦਾਅਵਾ ਕੀਤਾ ਸੀ ਕਿ ਮੈਂ ਕਿਆਮਤ ਵਾਲੇ ਦਿਨ ਸ਼ਫਾਇਤ (ਬਾਹੁੜੀ) ਕਰਾਂਗਾ; ਮੁਹੰਮਦ ਸਾਹਿਬ ਦੇ ਵਾਹਿਦੇ ਨੂੰ ਯਾਦ ਕਰ, ਲਬੈਕ ਦੇ ਨਾਹਰੇ ਲਗੇ। ਪਰ ਇਹ ਸਭ ਕੁਝ ਮਾਯੂਸੀ ਨੂੰ ਤਬਦੀਲ ਨਾ ਕਰ ਸਕਿਆਂ। ਲੋਕਾਂ ਨੇ ਵੇਖਿਆ ਕਿ 'ਮੁਹੰਮਦ' ਭੀ ਤਿੰਨਾਂ ਪੈਗੰਬਰਾਂ ਦੇ ਨਾਲ, ਚੌਥੀ ਥਾਂ 'ਤੇ ਖਲੋ ਗਏ ਹਨ। ਚਾਰੇ ਪੈਗੰਬਰ ਅਤਿ ਉਦਾਸ ਅਤੇ 'ਜਨਤਾ ਦੇ ਕਸ਼ਟ ਵਿਚ' 'ਉਦਾਂ ਹੀ' ਉਹ ਭੀ 'ਕਸ਼ਟੇ' ਜਾ ਰਹੇ ਹਨ। ਜਨਤਾ ਦੀ ਘਬਰਾਹਟ, ਪੈਗੰਬਰਾਂ ਨੂੰ ਖਾਮੋਸ਼ ਵੇਖ, ਹੋਰ ਜ਼ਿਆਦਾ ਵਧ ਗਈ।

ਤਾਂ ਇਸ ਕਿਆਮਤੀ ਇਕੱਠ 'ਚੋਂ ਇਕ ਜ਼ੋਰ ਦੀ ਅਤੇ ਸਮੁੱਚੀ ਜਹੀ ਆਵਾਜ਼ ਉਠੀ:

. "ਮਰਹਬਾ! ਸੁਬਹਾਨਅੱਲਾ ਵਬੇ ਹਮ ਦੋਹੀ, 'ਬਾਬਾ ਨਾਨਕ' ਕਦੀਰੁਲਗ਼ਫ਼ੂਰ ਆ ਰਹੇ ਹਨ"।

ਸਭ ਨੇ 'ਸੁਬਹਾਨ! ਸੁਬਹਾਨ!' ਕਹਿਣਾ ਸ਼ੁਰੂ ਕੀਤਾ। ਮੈਨੂੰ ਚੂੰਕਿ ਕੁਦਰਤੀ ਤੌਰ 'ਤੇ 'ਨਾਨਕ' ਨਾਂ ਨਾਲ ਦਿਲਚਸਪੀ ਹੋ ਚੁੱਕੀ ਸੀ, ਮੁਖਾਤਬ ਹੋ ਕੇ ਵੇਖਿਆ ਕਿ 'ਨੂਰੀ ਜਲਵੇ' ਦੇ ਮਾਲਕ ਅੱਗੇ ਆ ਰਹੇ ਹਨ, ਬੜੀ ਗਹੁ ਦੇ ਨਾਲ ਇਧਰ-ਉਧਰ ਜਨਤਾ ਨੂੰ ਵੇਖਦੇ, ਨਿਧੜਕ ਰਫ਼ਤਾਰ ਵਿਚ, ਜਾ ਰਹੇ ਸਨ; ਜਿਧਰ ਨਜ਼ਰ ਪੈਂਦੀ ਸੀ ਤਪਤ (ਜ਼ਲਨ) ਠਰਦੀ ਜਾ ਰਹੀ ਸੀ। ਆਪ ਜੀ ਦੇ ਪਿੱਛੇ ਜਟਾ-ਜੂਟ ਸੰਗਤਾਂ, ਕੇਸਰੀ ਨਿਸ਼ਾਨ ਲਈ, ਇਕ ਗੂੰਜ ਵਿਚ 'ਵਾਹਿਗੁਰੂ , ਵਾਹਿਗੁਰੂ, ਵਾਹਿਗੁਰੂ , ਵਾਹਿਗੁਰੂ', ਇਕ ਆਵਾਜ਼ ਉਚੀ ਇਕ ਧੀਮੀ ਨਾਲ, ਜਾਪ ਕਰਦੀਆਂ ਆ ਰਹੀਆਂ ਸਨ। ਹਜ਼ੂਰ ਦੇ ਨੂਰਾਨੀ ਚੇਹਰੇ ਮੁਬਾਰਕ ਦੀ ਝਲਕ ਬਿਜਲੀ ਸਮਾਨ ਲੱਖਾਂ ਸੂਰਜਾਂ ਨੂੰ ਸ਼ਰਮਾ ਰਹੀ ਸੀ। ਹਜ਼ੂਰ ਦੇ ਸੀਸ-ਮੁਬਾਰਕ ਉਤੇ ਸਫ਼ੈਦ ਜਿਹੀ ਗੋਲ ਦਸਤਾਰ ਸੀ, ਗੋਡਿਆਂ ਤਕ ਕਲੀਦਾਰ ਚੋਗਾ-ਮੁਬਾਰਕ ਅਤੇ ਹਥ ਵਿਚ ਸੋਹਣੀ ਸੁੰਦਰ 'ਮਾਲਾ' ਸੀ। ਕਰ- ਕਵਲ ਗੋਡਿਆਂ ਤੋਂ ਹੇਠਾਂ ਤਕ

ਪੈਂਦੇ ਸਨ, ਸੋਹਣੇ ਨੇਤਰ ਲੈਲਾਤੁਲਕਦਰ ਸਨ, ਰੁਖਸਾਰਾਂ ਦੀ ਖਿਚ ਬਦੋਬਦੀ ਆਕਰਸ਼ਣ ਦਾ ਰੂਪ ਜਾਪਦੀ ਸੀ।

ਪਾਠਕ ਜੀਓ! ਪੰਥ ਵਿਚ ਬਹੁਤ ਹੀ ਕੋਸ਼ਿਸ਼ ਕੀਤੀ ਗਈ ਕਿ ਉਸ ਦਿਭ-ਮੂਰਤਿ ਦੇ ਦਰਸ਼ਨ ਫਿਰ ਕਿਸੇ ਫੋਟੋ ਰਾਹੀਂ ਹੋਣ ਪ੍ਰੰਤੂ ਮੁਰਾਦ ਪੂਰੀ ਨਾ ਹੋ ਸਕੀ।

ਹਜ਼ੂਰ(ਬਾਬਾ ਜੀ) ਦੇ ਆਉਣ ਦੀ ਝਲਕ ਤੋਂ ਕੁਲੋਹੁੰਮ ਮਖ਼ਲੂਕ-ਇ-ਖ਼ੁਦਾ ਆਪਣੇ ਉਪਰ ਨਾਜ਼ਲ ਅਜ਼ਾਬ (ਕਹਿਰ) ਨੂੰ ਕੇਵਲ 'ਦਰਸ਼ਨ' ਕਰਕੇ ਹੀ ਭੁਲ ਗਈ ਅਤੇ ਸਭ ਨੇ 'ਵਾਹਿਗੁਰੂ'-ਨਾਮ ਨੂੰ ਹੀ ਇਸਮ-ਇ-ਆਜ਼ਮ ਜਾਣਿਆ ਅਤੇ ਜਾਪ ਕਰਨ ਵਿਚ ਜੁਟ ਗਏ। ਜਦੋਂ ਹਜ਼ੂਰ ਪਾਲਕੀ ਦੇ ਕੋਲ ਪੁਜੇ ਤਾ ਚੋਹਾਂ ਪੈਗੰਬਰਾਂ ਨੇ ਅਦਬ ਸਹਿਤ ਸਲਾਮ ਕੀਤੀ। ਆਪ ਛੇਤੀ ਦੇ ਨਾਲ ਪਾਲਕੀ ਦੇ ਅੰਦਰ ਦਾਖ਼ਲ ਹੋ ਗਏ, ਜਿੱਥੇ ਸਭ ਨੂੰ ਇਹ ਉਮੀਦ ਸੀ ਕਿ ਇਸ ਪਾਲਕੀ 'ਚੋਂ ਪਾਕ ਪਰਵਰਦਗਾਰ ਦੇ ਦਰਸ਼ਨ ਹੋਣਗੇ ਉਥੇ ਪਾਲਕੀ ਦੇ ਚਾਰੇ ਪਰਦੇ ਉਠਣ ਪਰ ਸ੍ਰੀ ਹਜ਼ੂਰ ਜੀ ਦੇ ਅਦਿਭੁਤ ਜਲਾਲ ਦੇ ਦੀਦਾਰ ਹੋਏ; ਸੂਰਜ ਵਤਿ ਕਿਰਨਾ ਦੀ ਝਾਲ ਨ ਝਲਦਿਆਂ ਸਭ ਲੋਕਾਈ ਨੇ ਮੱਥਾ ਟੇਕ ਦਿੱਤਾ, ਮੈਂ ਭੀ ਸਜਦੇ ਵਿਚ ਹੀ ਸਾਂ, ਕਿ ਇਕਦੰਮ ਨੀਂਦ ਉਖੜ ਗਈ।

ਬਸ ਫੇਰ ਕੀ ਸੀ! ਇਸ ਅਲੌਕਿਕ ਦ੍ਰਿਸ਼ ਨੇ ਤੜਪ ਨੂੰ ਵਧਾ ਦਿੱਤਾ ਅਤੇ ਨਿਸ਼ਚੇ ਨੂੰ ਹਿਮਾਲੀਆ ਵਾਂਗ ਸਥਿਰ ਕਰ ਦਿੱਤਾ।

ਘੜੀ ਨੇ ਚਾਰ ਵਜਾਏ ਹੋਏ ਸਨ , ਉਠਦਿਆਂ ਹੀ ਪਿਤਾ ਜੀ ਦੇ ਕਮਰੇ ਦੀ ਰਾਹ ਪਕੜੀ। ਨਮਾਜ਼ੇ ਤੁਹਜਦ ਤੋਂ ਫਾਰਗ ਹੋ ਕੇ ਆਪ ਕੋਈ ਵਿਰਦ ਕਰ ਰਹੇ ਸਨ ਕਿ ਦਾਸ ਨੇ ਮੁਅਦਬਾਨਾਂ (ਅਦਬ ਨਾਲ), ਸੁਫ਼ਨ-ਦ੍ਰਿਸ਼ ਪੇਸ਼ ਕਰਕੇ ਤਾਬੀਰ ਯਾਨੀ ਸੁਫ਼ਨੇ ਦਾ ਉਤਰ ਮੰਗਿਆ, ਤਾਂ ਪਿਤਾ ਜੀ ਹਸ ਕੇ ਮੇਰਾ ਨਾਮ ਲੈ ਕੇ ਕਹਿਣ ਲਗੇ: "ਤੂੰ ਕੇਹੜੇ ਵਹਿਮ ਵਿਚ ਪੈ ਗਿਆ ਏਂ, ਇਥੇ ਇਸ ਵਾਸਤੇ ਤੈਨੂੰ ਨਹੀਂ ਸੀ ਲਿਆਂਦਾ ਕਿ ਭਰਮਾਂ-ਵਹਿਮਾਂ ਵਿਚ ਪੈ ਕੇ ਵਕਤ ਨੂੰ ਬਰਬਾਦ ਕਰੇਂ; ਹੋਸ਼ ਕਰ, ਉਮਰੇ (ਹੱਜ ਉਮਰਾ) ਦੇ ਦਿਨ ਨੇੜੇ ਆ ਰਹੇ ਹਨ, ਵਾਪਸ ਭੀ ਜਾਣਾ

ਹੈ, ਬਹਿਤਰ ਸੀ ਕਿ ਮਦੀਨਾ ਯੂਨੀਵਰਸਿਟੀ ਦੀ ਸੰਦ (ਸਨਦ) ਹਾਸਲ ਕਰ ਲੈਂਦੋਂ।"

"ਕਿਬਲਾਜਾਨ! ਮੈਂ ਤਾਂ ਕੇਵਲ ਸੁਫ਼ਨੇ ਦੀ ਤਾਬੀਰ, ਅਤੇ 'ਸਿਯਾਹਤੇ ਬਾਬਾ ਨਾਨਕ ਫ਼ਕੀਰ' ਦੀ ਹਕੀਕਤ ਤੋਂ ਜਾਣੂ ਹੋਣਾ ਚਾਹੁੰਦਾ ਹਾਂ; ਉਕਤ ਪੁਸਤਕ ਤੋਂ ਮੈਨੂੰ ਤਾਂ ਇਹ ਸਾਬਤ ਹੋਇਆ ਹੈ ਕਿ ਇਸਲਾਮ ਦੀਆਂ ਬੁਨਯਾਦਾਂ ਤੌਹੀਦ ਤੋਂ ਖ਼ਾਲੀ ਅਤੇ ਅਤਿ ਕਮਜ਼ੋਰ ਹਨ।" ਵਾਲਿਦ ਸਾਹਿਬ ਨੇ ਮੇਰੀ ਗਲ ਸੁਣ ਕੇ ਬੜੀ ਦਲੇਰੀ ਨਾਲ ਉਤਰ ਦਿੱਤਾ, "ਬੇਟਾ! ਹਕੀਕਤ ਵਿਚ 'ਨਾਨਕ' ਇਸਲਾਮੀ ਦੁਨੀਆਂ ਦਾ ਬਹੁਤ ਬੜਾ ਮੁਸਲਮਾਨ ਫ਼ਕੀਰੀ ਸੀ। 'ਨਾਨਕ ਵਲੀ' ਨੇ ਇਸਲਾਮ ਲਈ ਬੜੀਆਂ ਘਾਲਨਾਂ ਘਾਲੀਆਂ ਹਨ, 'ਨਾਨਕ' ਦੀਨਯਾਤ (ਮੱਜ਼ਹਬ) ਦਾ ਇਕ ਚਮਕਦਾ ਸਿਤਾਰਾ ਸੀ, ਪਰ ਅਫ਼ਸੋਸ 'ਨਾਨਕ' ਨੇ ਇਕ ਬੜੀ ਭਾਰੀ ਗ਼ਲਤੀ ਹੀ ਨਹੀਂ ਬਲਕਿ ਗੁਨਾਹ ਕੀਤਾ ਹੈ ਜੋ ਨਾ-ਕਾਬਿਲ-ਇ-ਬਖਸ਼ਸ਼ ਹੈ। ਖ਼ੁਦਾ 'ਨਾਨਕ' ਦਾ ਇਹ ਗੁਨਾਹ ਕਦੀ ਭੀ ਨਹੀਂ ਮੁਆਫ਼ ਕਰਨਗੇ। ਖੈਰ, ਬੰਦਾ ਸੀ, ਬੰਦੇ ਤੋਂ ਹਰ ਗੁਨਾਹ ਅਵੱਸ਼ ਹੋ ਸਕਦਾ ਹੈ। ਬੜੇ-ਬੜੇ ਨਬੀ ਭਲਾ ਕਰਦੇ ਆਏ ਹਨ।"

**ਗੁਰਬਾਣੀ ਦੀ ਉਸਤਤੀ:**

ਅੰਮ੍ਰਿਤਵੇਲੇ ਦੀ ਸੋਹਣੀ ਇਕਾਂਤ ਸਮੇਂ ਮਦੀਨੇ ਦੀ ਕਿਸੇ ਬਿਲਡਿੰਗ ਵਿਚ, ਮੁਹੰਮਦ ਸਾਹਿਬ ਦੇ ਨਾਲ-ਨਾਲ (ਸਮਰੂਪ), ਨਾਨਕ ਨਰੰਕਾਰੀ ਦੀ ਸਿਫ਼ਤੋਸਨਾਹ ਅਤੇ ਬਹਿਸ ਹੁੰਦਿਆਂ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਦੇ ਅੱਖਰਾਂ ਤੋਂ ਸਾਬਤ ਹੋਇਆ ਹੈ ਕਿ 'ਨਾਨਕ' ਮੁਸਲਮਾਨ ਸੀ 'ਤੇ ਉਸਨੇ ਇਸਲਾਮ ਲਈ ਬਹੁਤ ਕੁਝ ਕੀਤਾ ਹੈ। ਕਿਬਲਾ, ਸਮਝ ਨਹੀਂ ਆਈ ਕਿ ਇੰਨੀ ਇਸਲਾਮੀ ਘਾਲਨਾ ਦੇ ਹੁੰਦਿਆਂ ਫੇਰ ਨਾਨਕ ਨੇ ਕੋਈ ਗੁਨਾਹ ਕਰ ਦਿੱਤਾ ਹੋਵੇ ਜੋ ਕਾਬਲੇ ਬਖਸ਼ਸ਼ ਹੀ ਨਹੀਂ ਹੈ।"

"ਹਾਂ, ਨਾਨਕ ਦਾ ਇਕ ਗੁਨਾਹ ਕਿ ਕਲਾਮ-ਪਾਕ ਦੇ ਮੁਕਾਬਲੇ ਵਿਚ ਆਪਣੀ ਕਲਾਮ ਬਣਾਈ ਹੈ; ਜਿਸ ਨੇ ਕਲਾਮ-ਅੱਲਾ ਦੀ ਬੇਅਦਬੀ ਹੀ ਨਹੀਂ ਬਲਕਿ ਸਖ਼ਤ ਤੌਹੀਨ ਕੀਤੀ ਹੈ। ਨਾਨਕ ਦੀ ਜਾਦੂ ਭਰੀ ਕਲਾਮ ਨੇ ਕੁਰਾਨ-ਮਜੀਦ ਦੀ ਸ਼ਾਨ ਵਿਚ ਬਹੁਤ ਹੀ ਫ਼ਰਕ ਪਾ ਦਿੱਤਾ ਹੈ"। ਪਿਤਾ ਜੀ ਨੇ ਬੜੇ ਸੋਜ

ਅਤੇ ਜੋਸ਼ ਵਿਚ ਇਉਂ ਕਿਹਾ। ਦਾਸ ਨੇ ਉਤਰ ਵਿਚ ਕਿਹਾ: "ਕਿਬਲਾ! ਨਾਨਕ ਦੀ ਇਨਸਾਨੀ ਕਲਾਮ, ਖ਼ੁਦਾਈ ਕਲਾਮ ਦੀ ਹੱਤਕ ਕਿਸ ਤਰ੍ਹਾਂ ਕਰ ਸਕਦੀ ਹੈ? ਨਾ ਮੁਮਕਿਨ ਜਹੀ ਗਲ ਹੈ।" ਆਪ ਨੇ ਕਿਹਾ, "ਮੁਸਤਾਕ! ਮੈਨੂੰ ਖ਼ੁਦ ਦੋ-ਚਾਰ ਵੇਰਾਂ ਅਜ਼ਮਾਉਨ ਦਾ ਮੌਕਿਆ ਮਿਲਿਆ ਹੈ, ਵਾਕਈ ਨਾਨਕ ਦੀ ਕਲਾਮ ਜਾਦੂ ਦਾ ਅਸਰ ਰੱਖਦੀ ਹੈ। ਮੈਂ ਇਕ ਵੇਰਾਂ ਪਹਾੜੀ ਇਲਾਕੇ ਵਿਚ 'ਖ਼ੂਹੀਰਟੇ' (ਖਹਿਰੂਟੇ) ਦੇ ਲਾਗੇ 'ਖਾਨਪੁਰ' ਵਿਖੇ ਮੁਹੰਮਦ ਯੂਸਫ਼ ਜ਼ੈਲਦਾਰ ਦੇ ਘਰ ਠਹਿਰਿਆ ਹੋਇਆ ਸਾਂ ਤਾਂ ਇਕ ਦਿਨ 'ਖ਼ੂਹੀਰੱਟੇ' ਤੋਂ ਦੋ ਸਿੱਖ ਅਤੇ ਇਕ ਬਿਰਧ ਹਿੰਦੂ ਮੇਰੇ ਕੋਲ ਆਏ .... ਇਹ ਇਲਾਕਾ ਤੈਸੀਲ ਰਾਜੌਰੀ ਜ਼ਿਲਾ, ਮੀਰਪੁਰ (ਜੰਮੂ) ਵਿਚ ਹੈ।"

"ਉਕਤ ਪ੍ਰੇਮੀ ਲੋਕ ਪਹਾੜੀ ਬੋਲੀ ਵਿਚ ਕਹਿਣ ਲੱਗੇ, 'ਯਾ ਪੀਰ! ਆਪ ਸਮਰਥ ਹੋਈ ਗਛਣੇ ਹੋ। ਤੁਹਾਡੈ ਕੋਲ ਆਈਗੇ ਹਾਂ, ਯੋਹ ਬਸਿਠ ਸਿਖ ਦੇ 'ਤੇ ਇਸਦੀ ਸ਼ਾਦੀ 'ਤੁਣਕੂਹੀ' ਗਰਾਏ ਵਿਚ ਔਹ ਨਕੀ ਤੈ ਦਿਸਣਾ ਵੀਏ। ਉਥੈ ਨੇ ਉਜਾਗਰ ਸਿੰਘੈ ਨੀ ਕੁੜੀ ਨਾਲ ਹੋਈ ਗਛੀ ਸੀ। ਯਾ ਪੀਰ! ਤਰੈ ਸਾਲ ਹੋਈ ਸੈਨ। ਉਜਾਗਰੇ ਦੁਸ਼ਟੈ ਇਸ ਗਰੀਬੇ ਕੀ ਖਾਕੂ ਨਾਲ ਮਿਲਾਈ ਸੋੜਿਆ ਐ, ਨਾ ਕੁੜੀ ਕੀ ਭੇਜਨਾਂ ਐ, ਤੇ ਨਾਂ ਇਨ੍ਹਾਂ ਗਰੀਬਾਂ ਕੀ ਸੁਖੈ ਨਾਂ ਸਾਹ ਘਿਨੀ ਦੇਣਾ ਐ, ਪੀਰ! ਉਸ ਦੁਸ਼ਟੈ ਨਾ ਮਕੂ ਬਨੀ ਸ਼ੋੜੋ? ਜੇਹਾ ਮੱਕੂ ਬਨੇ ਜੀਣੇ ਜੋਗਾ ਨ ਛੋੜੀ ਗਛੇ, ਇਹ ਤਾਂ ਕੁਰੈ ਰਹੀ ਗਿਆ, ਸਾਰਾ ਲਾਕਾ ਹੀ ਤਲੀ ਤੋਪ ਆਣੀ ਸ਼ੋੜਿਆ ਹੋਇਆ ਸੁ।" ਮੇਰੇ ਪੈਰ ਪਕੜ ਕੇ ਕਹਿਣ ਲੱਗੇ। "ਇਸ ਦੁਸ਼ਟੇ ਕੀ ਕੋਈ ਕਲਾਮ ਦਈ ਘਿਨੇ ਜੋ ਮਰੀ ਹੀ ਗਛੇ।"

ਆਪ ਨੇ ਕਿਹਾ ਕਿ, "ਉਨ੍ਹਾਂ ਦੀ ਦਰਦ ਭਰੀ ਵਿਥਿਆ ਉਨ੍ਹਾਂ ਦੀ ਅਪਨੀ ਪਹਾੜੀ ਬੋਲੀ ਵਿਚ ਸੁਣ ਕੇ ਕੁਝ ਰਹਿਮ ਭੀ ਆਇਆ ਅਤੇ ਨਾਲ ਇਹ ਖ਼ਿਆਲ ਭੀ ਉਤਪੰਨ ਹੋਇਆ ਕਿ ਕਾਫ਼ਰ ਕਾਬੂ ਆਇਆ ਹੈ, 'ਮਾਰੋ ਬੇਦੀਨ ਨੂੰ ਅਤੇ ਸਵਾਬੇ ਜਨਤ ਹਾਸਲ ਕਰੋ। ਮੁਦਈ ਭੀ ਉਸਦੇ 'ਮਾਰ ਦੇਣ' ਲਈ ਹੀ ਜ਼ੋਰ ਦੇ ਰਹੇ ਹਨ, ਇਸ ਲਈ ਪੱਕਾ ਇਰਾਦਾ ਬਣਾ ਲਿਆ ਕਿ ਦੀਨ ਇਸਲਾਮੀ ਇਜਾਜ਼ਤ ਦਿੰਦਾ ਹੈ ਕਿ 'ਕਾਫ਼ਰ' ਨੂੰ ਮਾਰ ਕੇ, ਯਾ ਮੁਸਲਮਾਨ ਬਨਾਣ ਨਾਲ, ਜੰਨਤ ਮਿਲਦੀ ਹੈ। ਖ਼ੁਦਾ ਨੇ ਅਜ ਆਪ ਹੀ ਮੌਕਾ ਦਿੱਤਾ ਹੈ, ਬੇਦੀਨ ਨੂੰ ਮਾਰਨ ਦਾ।'

ਇਸ ਸੋਚ-ਵਿਚਾਰ ਤੋਂ ਉਪਰੰਤ ਉਨ੍ਹਾਂ ਨੂੰ ਕਿਹਾ, 'ਕੋਈ ਮਿੱਠੀ ਚੀਜ਼ ਲੈ ਆਉ।' ਉਨ੍ਹਾਂ ਨੇ ਮੈਨੂੰ ਛੁਹਾਰੇ ਲਿਆ ਕੇ ਦਿੱਤੇ, ਜੋ ਮੰਦਰ (ਮੰਤਰ) ਕੇ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਉਜਾਗਰ ਸਿੰਘ ਨੂੰ ਜਾ ਕੇ ਖਿਲਾ ਦਿਓ ਬਸ ਖਾਣ ਦੀ ਦੇਰ ਹੋਵੇਗੀ ਕਿ ਉਸਦਾ ਦਿਮਾਗ-ਬੁਧੀ ਭ੍ਰਿਸ਼ਟ ਹੋ ਜਾਵੇਗੀ, ਸਿਰ ਪੱਥਰਾਂ-ਦੀਵਾਰਾਂ ਨਾਲ ਮਾਰ-ਮਾਰ ਕੇ ਮਰ ਜਾਵੇਗਾ।"

"ਪਰ ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਉਹ ਫੇਰ ਮੇਰੇ ਪਾਸ ਆ ਕੇ ਹਾਲ ਪਾਹਰਿਆ ਕਰਨ ਲਗ ਪਏ, 'ਯਾ ਪੀਰ!, ਤੁਹਾਡੀ ਕਲਾਮ ਪੁਠੀ ਪਈ ਗਛੀਐ, ਜਿਸ ਵੇਲੇ ਨੀ ਉਹ ਤੁਹਾਡੀ ਚੀਜ਼ ਖਲਾਈ ਹੈ, ਉਦੋਂ ਦਾ ਹੀ ਸਗੋਂ ਬਹੁਤਾ ਵੈਰੀ ਬਣੀ ਗਿਆ ਏ, ਸਾਰੀ ਰਾਤੀਂ ਬੱਟੇ-ਗੀਟੇ ਮਾਰਦਾ ਤੇ ਗਾਲ੍ਹਾਂ ਕੱਢਦਾ ਰਿਹਾ ਹੈ। ਯਾ ਪੀਰ, ਯਹ ਕਹਿ ਹੋਈ ਗਿਆ ਦੋਸ਼।' ਉਚੀ-ਉਚੀ ਹਾਲ-ਪੁਕਾਰ ਕਰਨ ਲਗ ਪਏ, ਤਾਂ ਮੈਂ ਸੋਚਿਆ ਕਿ ਸ਼ਾਇਦ ਝੂਠ ਬੋਲ ਕੇ ਮੈਨੂੰ ਬਦਨਾਮ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ 'ਚੋਂ ਜੋ ਬਿਰਧ ਹਿੰਦੂ ਸੀ ਅਤੇ ਉਹ ਖੂਹੀਰਟੇ ਦੇ ਚੰਗੇ ਸ਼ਾਹੂਕਾਰਾਂ 'ਚੋਂ ਸੀ ਅਤੇ ਵਾਕਫ ਸੀ, ਉਨ੍ਹਾਂ ਨੇ ਹੱਥ ਜੋੜ ਕੇ ਕਿਹਾ, 'ਪੀਰੋ, ਇਹ ਬਿਲਕੁਲ।

੧੧ ਸਾਲ ਦਾ ਸੀ, ਮੋਹਮੂਲ (ਬੇਹੋਸ਼ ਕਰਕੇ ਰੂਹਾਂ ਨਾਲ ਗੱਲਾਂ ਕਰਨ ਦਾ ਸਾਧਨ) ਬਣਾਇਆ ਤੇ ਪੁੱਛਿਆ, 'ਮੋਹਮੂਲ ਦਸ ਇਹ ਕੌਣ ਹਨ? ਅਤੇ ਕੀ ਕਹਿੰਦੇ ਹਨ?' ਮੋਹਮੂਲ ਨੇ ਉਤਰ ਵਿਚ ਕਿਹਾ, 'ਹਜ਼ਰਤ ਇਹ ਠੀਕ ਕਹਿੰਦੇ ਹਨ, ਅਤੇ ਇਨ੍ਹਾਂ ਦੇ ਫਲਾਂ-ਫਲਾਂ ਨਾਉਂ ਹਨ।' 'ਮੋਹਮੂਲ ਦਸੋ ਇਨ੍ਹਾਂ ਨੇ ਮੇਰੀ ਦਿੱਤੀ ਕਲਾਮ ਉਜਾਗਰ ਸਿੰਘ ਨੂੰ ਖਵਾ ਦਿੱਤੀ ਹੈ ਯਾ ਗ਼ਲਤ ਕਹਿੰਦੇ ਹਨ? ਉਤਰ ਵਿਚ 'ਮੋਹਮੂਲ' ਨੇ ਦੱਸਿਆ ਕਿ ਇਨ੍ਹਾਂ ਨੇ ਆਪ ਜੀ ਦੇ ਦਿੱਤੇ ਛੁਹਾਰੇ ਉਜਾਗਰ ਸਿੰਘ ਬਸਿਠ ਨੂੰ ਖਿਲਾ ਦਿੱਤੇ ਹਨ। ਪ੍ਰਸ਼ਨ: 'ਮੋਹਮੂਲ ਇਹ ਕਲਾਮ ਮੇਰੀ ਪ੍ਰਿਖਸ਼ਾ ਕੀਤੀ ਹੋਈ ਸੀ, ਅਸਰ ਕਿਉਂ ਨਹੀਂ ਹੋਇਆ।' ਉਤਰ ਵਿਚ ਮੋਹਮੂਲ ਨੇ ਕਿਹਾ, 'ਹਜ਼ਰਤ', ਅਸਰ ਇਸ ਲਈ ਨਹੀਂ ਹੋਇਆ ਕਿ ਉਜਾਗਰ ਸਿੰਘ ਬਾਬੇ ਨਾਨਕ ਫਕੀਰ ਦਾ ਸਿੱਖ ਹੈ, ਜੋ ਬਾਬੇ ਦੀ ਕਲਾਮ ਹਰ ਵਕਤ ਅਗਨ ਰੂਪ ਹੋ ਉਜਾਗਰ ਸਿੰਘ ਦਾ ਪਹਿਰਾ ਦੇ ਰਹੀ ਹੈ। ਤੁਹਾਡੀ ਕਲਾਮ ਉਹਦੇ ਤਕ

ਪੌਚੀ (ਪਹੁੰਚੀ) ਹੀ ਨਹੀਂ ਬਲਕਿ ਕਲਾਮ ਰੂਪੀ ਅਗਨ ਵਿਚ ਭਸਮ ਹੋ ਗਈ ਹੈ। ਹੋਰ ਭੀ ਕੋਈ ਗ਼ੈਰ ਕਲਾਮ ਉਸਦੇ ਉਪਰ ਅਸਰ ਨਹੀਂ ਕਰ ਸਕੇਗੀ।' ਹੈਰਾਨ-ਕੁਨ ਹੋ ਕੇ ਮੈਹਮੂਲ ਤੋਂ ਪੁੱਛਿਆ, 'ਉਹ ਕਿਹੜੀ ਕਲਾਮ ਹੈ ਜੋ ਕੁਰਾਨ ਨਾਲੋਂ ਭੀ ਜਾਬਰ (ਸ਼ਕਤੀਸ਼ਾਲੀ) ਹੈ?' ਤਾਂ ਮੈਹਮੂਲ ਨੇ ਦੱਸਿਆ, 'ਉਜਾਗਰ ਸਿੰਘ ਸੁਭਾ (ਸਵੇਰੇ) ਜਪੁਜੀ ਅਤੇ ਰਾਤ ਨੂੰ ਕੀਰਤਨ ਸੋਹਿਲਾ ਪੜ੍ਹਦਾ ਹੈ।' ਪ੍ਰਸ਼ਨ ਕੀਤਾ 'ਮੈਹਮੂਲ, ਕੋਈ ਹੋਰ ਹੀਲਾ ਕਰਾਂ?', ਤਾਂ ਉਤਰ ਮਿਲਿਆ, 'ਤੁਹਾਡੇ ਸਭ ਹੀਲੇ ਨਿਸਫਲ ਜਾਣਗੇ।'

ਪਿਤਾ ਜੀ ਨੇ ਕਿਹਾ, 'ਮੈਂ ਭੀ ਇਸ ਤੋਂ ਪਹਿਲਾਂ ਸੁਣਿਆ ਹੀ ਕਰਦਾ ਸੀ, ਪਰ ਅਪਨੀ ਅਜ਼ਮਾਇਸ਼ ਨੇ ਤਸੱਲੀ ਕਰ ਦਿੱਤੀ ਕਿ ਵਾਕਈ ਨਾਨਕ ਦੀ ਕਲਾਮ ਜਾਦੂ ਹੈ ਅਤੇ ਕੁਰਾਨ ਤੋਂ ਜਬਰ ਹੈ।'

**ਪਿਤਾ ਸੰਬਾਦ ਨੰ : ੨**

ਗੁਰਮੁਖ ਪਾਠਕ ਇਸ ਸਾਖੀ ਤੋਂ ਜ਼ਰੂਰ ਮੁਤਹੱਯਰ (ਹੈਰਾਨ) ਹੋਣਗੇ। ਚੀਜ਼ ਭੀ ਹੈਰਾਨਕੁਨ ਹੈ ਕਿਉਂਕਿ ਪਿਤਾ ਜੀ ਨੇ ਆਪਣੇ ਵਲੋਂ ਕੋਸ਼ਿਸ਼ ਕੀਤੀ ਹੈ ਕਿ ਇਸਲਾਮ ਤੋਂ ਮੁਨਤਸ਼ਿਰ (ਬਿਖਰੇ) ਖਿਆਲ ਸੂਤ (ਕਾਬੂਚ) ਹੋ ਜਾਣ, ਅਤੇ 'ਨਾਨਕ' ਨਾਮ ਤੋਂ ਨਫਰਤ ਹੋ ਜਾਏ, ਪਰ ਧੰਨ ਗੁਰੂ ਨਾਨਕ ਨਰੰਕਾਰੀ! ਪਿਤਾ ਜੀ ਦੀ ਕਲਾਮ ਇਥੇ ਭੀ ਪੁਠੀ ਪੈ ਗਈ। ਬਲਕਿ, ਪਿਤਾ ਜੀ ਦੀ ਆਪਣੀ ਜ਼ੁਬਾਨੀ ਬਾਣੀ ਦੀ ਮਹੱਤਤਾ ਨਿਰੰਕਾਰ ਨੇ ਪ੍ਰਗਟ ਕੀਤੀ ਜਿਸਦੇ ਨਾਲ ਮੇਰਾ ਵਿਸ਼ਵਾਸ ਗੁਰਚਰਨਾਂ ਨਾਲ ਚੌਗੁਣਾ ਵਧ ਗਿਆ ਅਤੇ ਅਦੁਤੀ ਸ਼ਕਤੀ ਰੱਖਣ ਵਾਲੀ ਬਾਣੀ ਦੀ ਪ੍ਰਾਪਤੀ ਵਲ ਵਧੇਰੇ ਚਾਓ ਪੈਦਾ ਹੋ ਗਿਆ ਅਤੇ ਦਿਨ-ਰਾਤ ਦੀ ਹੁਣ ਇਹ ਤੜਪ ਹੈ ਕਿ ਕਦ ਰਾਹਿ-ਰਾਸਤ ਅਤੇ ਹਕੀਕਤ ਦੀ ਪ੍ਰਾਪਤੀ ਹੋਵੇ। ਇਸ ਦੌਰਾਨ ਵਿਚ 'ਕੈਕੇ' ਅਤੇ 'ਕਰਬਲਾ' ਜਾ ਕੇ ਭੀ ਗੁਰੂ ਸਾਹਿਬ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਅਤੇ ਗੁਰੂ ਨਾਨਕ ਨਾਮ-ਲੇਵਾ ਭਗਤਾਂ ਦੇ ਨਾਲ ਵੀਚਾਰਾਂ ਕੀਤੀਆਂ ਪ੍ਰੰਤੂ ਅਰਬ ਦੇ ਸ਼ੈਦਾਈਏ 'ਨਾਨਕ' ਤੋਂ ਵਧ ਕੁਝ ਹੋਰ ਨ ਸਮਝ ਸਕੇ, ਭਾਵ: 'ਨਾਨਕ ਵਲੀ ਯੁੰਨ ਹੱਕਾ ਰੱਬੁੱਲਾ ਯਜ਼ਾਲ।'

ਭਾਵ: ਨਾਨਕ ਵਲੀ ਤੈਹਕੀਕ (ਅਸਲ ਵਿਚ) 'ਆਪ' ਖੁਦਾ ਸੀ ਉਸਦੀ ਹਕੀਕਤ ਨੂੰ ਅਸੀਂ ਲੋਕ ਨਹੀ ਜਾਣ ਸਕੇ। 'ਅਰਬ' ਧਰਤੀ ਵਿਚ ਮਜਨੂੰ ਦੀ ਤਰ੍ਹਾਂ ਵਿਆਕਲ ਅਨੇਕ ਭਟਕਣੀਆ ਖਾ, ਫੇਰ ਪਿਤਾ ਜੀ ਨਾਲ ਆ ਟੱਕਰ ਲਈ ਤੇ ਉਤਰ-ਪ੍ਰਸ਼ਨ ਆਰੰਭ ਹੋਏ।

ਬੇਨਤੀ ਵਿਚ ਕਿਹਾ: "ਕਿਬਲਾ ਜੀਓ। ਉਜਾਗਰ ਸਿੰਘ ਵਾਲੀ ਦਾਸਤਾਨ 'ਚੋਂ ਸਾਫ ਪ੍ਰਤੀਤ ਹੋ ਗਿਆ ਹੈ ਕਿ ਕੁਰਾਨਮਜੀਦ ਬਰਾਏ ਨਾਮ (ਸਿਰਫ ਨਾਮ ਕਰਕੇ) ਹੀ ਖੁਦਾ ਦੇ ਨਾਂ ਨਾਲ ਮਨਸੂਬ (ਸਬੰਧਤ) ਹੈ, ਹਕੀਕਤ ਵਿਚ ਕਲਾਮੁੱਲਾ ਉਹ ਹੀ ਹੋ ਸਕਦੀ ਹੈ ਜੋ ਸਾਥ ਦੇਵੇ। ਜੋ ਨਾਨਕ ਦੀ ਕਲਾਮ ਪਾਕ ਨੇ ਆਪਣੇ ਪੜ੍ਹਨ ਵਾਲੇ ਦਾ ਸਾਥ ਦਿੱਤਾ ਹੈ ਤਾਂ ਸਪੱਸ਼ਟ ਹੈ ਕਿ ਦਰਗਾਹੇ ਏਜ਼ਦੀ ਵਿਚ ਭੀ ਸਾਥ ਦੇਵੇਗੀ। ਵੇਖੋ ਇਸਲਾਮੀ ਕੁਰਾਨ ਲਈ 'ਬਜ਼ੀਦ' ਨੇ ਕੀ ਕਿਹਾ ਹੈ, ਯਥਾ: "ਲਾਲ ਅਬਤ ਬਨੂ ਹਾਸ਼ਮਾਂ ਬਿਲਮੁਲ ਕੇ ਫ਼ਲਾ। ਲਾ ਨਬੀਯੁੰਨ ਜਾਆ ਵ ਲਾ ਵਹੀਯੁੰਨ ਨਜ਼ਲਾ॥" ਭਾਵ: ਬਨੀ ਹਾਸ਼ਮੀਆਂ ਨੇ ਮੁਲਕ ਵਿਚ ਇਕ ਢਕੌਸਲਾ ਜੇਹਾ ਰਚਿਆ ਸੀ। ਨਾ ਕੋਈ ਨਬੀ ਸੀ ਤੇ ਨ ਕਿਸੇ ਤੇ ਵਹੀ ਨਾਜਲ ਹੋਈ ਹੈ। ਸ਼ਬੀਆਤੁਲਐਨ।(ਸਫਾ ੩੫)"

ਹੋਰ ਸੁਣੋ ਜਦੋਂ ਨਬੀਅਲੇ ਇਸਲਾਤ ਵਸਲੀਮ ਨੇ 'ਖ਼ਾਤੇਮੰਨਬੀਯਾਤ' ਦਾ ਐਲਾਨ ਕੀਤਾ, ਜਿਸ ਤਰ੍ਹਾਂ ਕਿ ਕੁਰਾਨ ਵਿਚ ਆਇਆ ਹੈ, 'ਮਕਾਨਾ ਮੁਹੰਮਦਨ ਅਬਾਅਹਾਦੁਂ, ਮਿਰਿਜਾਲੇ ਕੁੰਮ ਵਲਾਕਿੰਰਸੂਲ ਵਾ ਖ਼ਾਤੇਮੰਨਬੀਯੀਨ'. ਉਦੋਂ ਆਪ ਜੀ ਦੀ ਬੀਵੀ 'ਆਇਸ਼ਾ' ਸਦੀਕਾ ਨੇ ਫੌਰਨ ਮੁਖਾਲਫਤ ਕਰਦਿਆਂ ਅਰਬੀ ਜਨਤਾ ਨੂੰ ਕਿਹਾ ਸੀ:

"ਕੂਲ ਇਨਾ ਹੁਖਾਤੇਮਨਬੀਯੀਨ ਵਲਾ ਕੂਲੂ ਇੰਨਾ ਹੂ ਲਾ ਨਬੀਯੁਨ ਬਾਹਦਾਹੂ। ਭਾਵ: ਐ ਲੋਕੋ! ਤੁਸੀਂ ਇਹ ਤਾਂ ਮੰਨ ਲਓ ਕਿ ਮੁਹੰਮਦ ਆਖ਼ਰੀ ਨਬੀ ਹਨ। ਲੇਕਿਨ ਇਹ ਨ ਆਖੋ ਕਿ ਇਨ੍ਹਾ ਤੋਂ ਬਾਅਦ ਹੋਰ ਕੋਈ ਨਬੀ ਨਹੀ ਆਵੇਗਾ।"

ਮੇਰੇ ਉਕਤ ਖਿਆਲ ਸੁਣ ਕੇ ਪਿਤਾ ਜੀ ਜੋਸ਼ ਵਿਚ ਆ ਕੇ ਕਹਿਣ ਲੱਗੇ. "ਤੇਰੇ ਖਿਆਲ ਇਸ ਵੈਹਮ ਨੇ ਕਾਫਰ ਕਰ ਦਿੱਤੇ ਹਨ, ਇਹ ਠੀਕ ਹੈ ਬਹੁਤਾ

ਇਲਮ ਭੀ ਵਹਿਮਾਂ ਦਾ ਮੰਬਾ (ਸੋਮਾ, ਸ੍ਰੋਤ, ਜਖੀਰਾ) ਹੋ ਜਾਇਆ ਕਰਦਾ ਹੈ। ਕੁਰਾਨ ਪਾਕ ਤੇ ਸ਼ਕ ਲਿਆਉਣਾ ਗੁਨਾਹ ਹੀ ਨਹੀਂ ਬਲਕਿ ਕੁਫ਼ਰ ਹੈ। ਬਾਜ਼ ਰਹੋ, ਈਓ (ਇਹੋ) ਜਹੇ ਗੁਮਾਨ ਦੂਰ ਕਰ ਕੇ ਜਾਓ, ਜ਼ਿਆਰਤ ਕਰੋ, ਭਾਵ ਮਹੰਮਦ ਸਾਹਿਬ ਦੇ ਮਜ਼ਾਰ ਸ਼ਰੀਫ਼ ਦੇ ਦਰਸ਼ਨ ਕਰੋ।" ਮੈਂ ਫੇਰ ਨਿਮਰਤਾ ਤੇ ਅਧੀਨਗੀ ਸਿਹਤ ਬਿਨੇ ਕੀਤੀ, "ਯਾ ਕਿਬਲਾ ਕਮ-ਅਜ ਕੰਮ ਮੇਰੀ ਤਸੱਲੀ ਕਰੋ ਕਿ ਕੁਰਾਨ ਕਿਸ ਤਰ੍ਹਾਂ ਕਲਾਮਿ ਇਲਾਹੀ ਹੋ ਸਕਦੀ ਹੈ? ਤੇ ਯਾ ਨਾਨਕ ਦੀ ਤਾਲੀਮ ਨੂੰ ਮੰਨਣਾ ਪਵੇਗਾ। ਕਿੰਨੇ ਅਫ਼ਸੋਸ ਦੀ ਗਲ ਹੈ ਕਿ ਜਿਸ ਧਰਤੀ ਤੇ ਇਸਲਾਮ ਪੈਦਾ ਹੋਇਆ ਹੈ ਉਥੇ ਹੀ ਅਨ੍ਹੇਰ ਵਰਤ ਗਿਆ। 'ਚੋ ਕੁਫ਼ਰ ਅਜ਼ ਕਾਅਬਾ ਬਰ ਖੇਜਦ ਕੁਜਾ ਮਾਨੰਦ ਮੁਸਲਮਾਨੀ', ਦੇ ਮਿਜਦਾਕ ਰੁਕਨਦੀਨ ਵਰਗੀ ਮੁਅਜ਼ਜ਼ ਤੇ ਬਰਗਜੀਦਾ ਹਸਤੀ, ਸ਼ਾਹ-ਸਰਫ਼ ਵਰਗੇ ਔਲੀਯਾ-ਅੱਲਾ, ਇਮਾਮ ਜਾਹਫ਼ਰ ਵਰਗੀ ਜ਼ਿੰਦਗੀ ਅਤੇ ਸਭ ਤੋਂ ਵੱਡੀ ਸ਼ਖਸੀਅਤ, ਪੀਰਾਨਿ ਪੀਰ ਬਗਦਾਦ ਸਰ ਬਸਜੂਦ (ਸਜਦਾ ਕਰਦੇ ਹੋਏ) ਹੋ ਕੇ ਤੁਹਾਰਾਨਾ 'ਯਾ ਰੱਬੀ ਅਲਕਲੂਬੂ ਜ਼ੁਲਹਲੂ', ਕਹਿ ਕੇ ਕੁਰਾਨ ਨੂੰ ਸਦਾ ਲਈ ਤੁਲਾਂਜਲੀ ਦੇ ਕੇ ਨਾਨਕ ਦੀ ਭਗਤੀ ਕਰ ਸਕਦੇ ਹਨ, ਤਾਂ ਤੇ ਸਿਧ ਹੈ ਕਿ ਕੁਰਾਨ ਦੀ ਤਾਲੀਮ 'ਮਸਖ਼ਰਾਪਨ' ਸੀ ਜੋ ਇਨ੍ਹਾਂ ਪ੍ਰਸਿੱਧ ਵਿਅਕਤੀਆਂ ਨੂੰ ਕਾਇਮ ਨਹੀਂ ਰੱਖ ਸਕੀ। ਆਓ ਤਾਲੀਮ ਕੁਰਾਨੀ ਤੇ ਥੋਹੜੀ ਜਹੀ ਵੀਚਾਰ ਕਰੀਏ। ਤਾਲੀਮ ਕੁਰਾਨੀ ਦਸਦੀ ਹੈ ਕਿ ਰਬ ਨੇ ਪਹਾੜ ਇਸ ਲਈ ਬਨਾਏ ਹਨ, ਕਿ ਜ਼ਮੀਨ ਕਿਧਰੇ ਬੰਦਿਆਂ ਦੇ ਭਾਰ ਨਾਲ ਹਿਲ ਨ ਜਾਵੇ, ਪਰ ਖ਼ੁਦਾ ਦੀ ਇਸ ਹਿੰਮਤ ਪਰ ਅਤਿ ਅਫ਼ਸੋਸ। ਇਹ ਭੀ ਕਾਰਗਰ ਨ ਹੋ ਸਕੀ, ਕਿਉਂਕਿ ਸੈਂਕੜੇ ਭੁਚਾਲ ਤੇ ਜ਼ਲਜਲੇ ਆਉਂਦੇ ਹਨ ਅਤੇ ਧਰਤੀ ਮਤਵਾਤਰ ਘੁੰਮ-ਹਿਲ ਭੀ ਰਹੀ ਹੈ। ਇਹ ਲਾਯਾਹਦਈ ਨਹੀਂ ਤਾਂ ਹੋਰ ਕੀ ਹੈ। ਹੋਰ ਵੇਖੋ, ਖ਼ੁਦਾਵੰਦ ਕਹਿੰਦੇ ਹਨ, ਕਿ ਮੈਂ ਜਮੀਨ ਤੇ ਆਸਮਾਨ ਨੂੰ ਥੰਮ੍ਹ ਕੇ ਰੱਖਿਆ ਹੋਇਆ ਹੈ, ਤਾਂ ਜੋ ਉਹ ਇਧਰ-ਉਧਰ ਨਾ ਹੋ ਜਾਵੇ। ਦੁਖ ਹੈ ਕਿ ਆਸਮਾਨੀ ਤੇ ਕੁਰਾਨੀ ਖ਼ੁਦਾ ਆਪਣੇ ਕਾਦਰੀ ਦਾਹਵੇ ਨੂੰ ਭੀ ਭੁਲ ਗਿਆ ਤੇ ਇਕ-ਦਮ ਕਮਜ਼ੋਰੀ ਵਿਖਾ ਦਿੱਤੀ। ਠੀਕ ਹੈ, ਸ਼ਾਇਦ ਇਹ ਇਸੇ ਵਾਸਤੇ ਕਿਹਾ ਹੋਵੇਗਾ: 'ਲਾ ਤਾਹ ਖੁਜ ਸਿਨਾ ਤੇ ਵਲਾ ਨੌਮ' ਭਾਵ ਕਿ ਖ਼ੁਦਾ ਸੌਂਦਾ

ਨਹੀਂ, ਨ ਹੀ ਉਸਨੂੰ ਊਂਘ ਆਉਂਦੀ ਹੈ, ਇਸੇ ਲਈ ਕਿ ਜੇ ਮੈਂ ਸੌਂ ਗਿਆ ਤਾਂ ਜ਼ਮੀਨ ਯਾ ਆਸਮਾਨ ਕਿਧਰੇ ਨੱਸ ਨ ਜਾਣ। ਹੇ ਕਿ ਬਲਾਏ ਅਜ਼ੀਮ! ਕੁਰਾਨ ਦੀ ਲਾਇਲਮੀ ਤੋਂ ਜਾਣੂ ਕਰਾਓ।"

ਪਿਤਾਵਾਚ: "ਵੇਖ ਨੇਕਬਖ਼ਤਾ! ਇਸ ਤਰ੍ਹਾਂ ਖ਼ੁਦਾ-ਪਾਕ ਦੀ ਕਲਾਮ ਨੂੰ ਨਿੰਦਣਾ ਨਹੀਂ, ਇਥੇ ਅਸੀਂ ਬਰਕਤਾਂ ਪ੍ਰਾਪਤ ਕਰਨ ਲਈ ਆਏ ਹਾਂ, ਨੁਕਤਾਚੀਨੀ ਕਰਨ ਨੂੰ ਨਹੀਂ ਆਏ। ਖ਼ੁਦਾ ਦੇ ਭੇਤ ਖ਼ੁਦਾ ਹੀ ਜਾਣ ਸਕਦਾ ਹੈ , ਬੰਦਾ ਨਾਚੀਜ਼ ਹੈ।"

ਦਾਸ: "ਪਿਤਾ ਜੀ! ਫਿਰ ਅਨ੍ਹੇਰ ਹੀ ਅਨ੍ਹੇਰ ਹੋਇਆ ਨਾ? ਜੋ ਗਲ ਪੁੱਛੀ ਹੈ ਉਸਦਾ ਤਾਂ ਆਪ ਨੇ ਮਾਕੂਲ (ਸਹੀ) ਉਤਰ ਨਹੀਂ ਦਿੱਤਾ, ਅਤੇ ਇਹ ਜ਼ਰੂਰ ਫੁਰਮਾ ਦਿੱਤਾ ਹੈ ਕਿ ਖ਼ੁਦਾਈ ਭੇਤ ਖ਼ੁਦਾ ਹੀ ਜਾਣਦਾ ਹੈ। ਚੰਗਾ ਖ਼ੁਦਾ ਹੈ, ਜਿਸਨੇ ਇਨਸਾਨਾਂ ਦੀ ਹਦੈਤ ਲਈ ਆਪਣੀ ਕਲਾਮ-ਪਾਕ ਤਾਂ ਨਾਜ਼ਲ (ਲਾਗੂ) ਕਰ ਦਿੱਤੀ, ਪਰ ਗੁੰਝਲਦਾਰ ਭੇਤ ਲੁਕਾ ਹੀ ਲਏ, ਇਹ ਅਤਿ ਅਸਚਰਜਤਾ ਹੈ, ਵੇਖੋ ਤਾਂ ਹਰੂਫ ਮਕਤਿਆਤ ਜੋ ਸੂਰਤਾਂ ਯਾ ਸਪਾਰਿਆਂ ਦੇ ਮੁਢ (ਮੁੱਢ) ਵਿਚ ਆਉਂਦੇ ਹਨ, ਮਸਲਨ ਅਲਫ਼, ਲਾਮ, ਮੀਮ, ਯਾ ਅਲਫ਼, ਲਾਮ, ਖਵਾ, ਸਾ, ਇਨ੍ਹਾਂ ਅੱਖਰਾਂ ਦੇ ਅਰਥ ਕੋਈ ਦੀਨਵੀ ਉਲਮਾ ਅਥਵਾ ਆਲਮ ਨਹੀਂ ਦਸ ਸਕਦਾ ਬਲਕਿ ਇਹ ਕਹਿ ਕੇ ਜਾਨ ਛੁੜਾਉਣ ਦੀ ਕਰਦੇ ਹਨ ਕਿ 'ਇਨ੍ਹਾਂ ਅੱਖਰਾਂ ਦੇ ਤੱਤ ਖ਼ੁਦਾ ਯਾ ਖ਼ੁਦਾ ਦੇ ਨਬੀ ਕਰੀਮ ਹੀ ਜਾਣ ਸਕਦੇ ਹਨ'! ਅਤਿ ਬੇਇਨਸਾਫ਼ੀ ਹੈ। ਖ਼ੁਦਾ ਅਤੇ ਖ਼ੁਦਾ ਦੇ ਨਬੀ ਨੇ ਧ੍ਰੋਹ ਕੀਤਾ ਹੈ ਆਪਣੀ ਮਖ਼ਲੂਕ ਅਤੇ ਉਮਤਿ ਦੇ ਨਾਲ। ਦੁਖ ਹੈ ਆਪਣਿਆਂ ਤੋਂ ਭੇਤ ਰੱਖਣਾ ਮਹਾਂ ਧੋਖਾ ਹੀ ਨਹੀਂ ਬਲਕਿ ਵਿਸ਼ਵਾਸ਼ਘਾਤ ਹੈ। ਹੋਰ ਸੁਣੋ ਸੂਰਤ ਬਕਰ ਵਿਚ ਖ਼ੁਦਾ ਨੇ ਕਿਹਾ ਹੈ ਕਿ 'ਮੈਂ ਬਹੁਤ ਸਾਰੇ ਆਦਮੀਆਂ ਦੇ ਦਿਲਾਂ 'ਤੇ ਮੁਹਰ ਲਾ ਦਿੱਤੀ ਹੋਈ ਹੈ ਅਤੇ ਕੰਨਾਂ ਵਿਚ ਪਰਦੇ, ਇਹ ਇਸ ਲਈ ਹੈ ਕਿ ਮੇਰੀ ਗਲਬਾਤ ਨ ਸਮਝ ਸਕਣ'। ਇਸੇ ਥਾਂ 'ਤੇ ਫਿਰ ਖ਼ੁਦਾ ਕਹਿੰਦਾ ਹੈ ਕਿ 'ਮੈਂਨੇ ਨਬੀ ਦੁਨੀਆਂ ਵਿਚ ਹਦਾਇਤਿ-ਇਨਸਾਨਾਂ ਦੇ ਵਾਸਤੇ ਅਤੇ ਮੇਰਿਆਂ ਭੇਤਾਂ ਨੂੰ ਖੋਹਲਣ-ਸਮਝਾਉਣ ਲਈ ਭੇਜੇ ਹਨ'। ਇਹ ਗਲ ਅਤਿ ਕਾਬਲੇ-ਗੌਰ ਹੈ ਕਿ ਜੇ ਮੋਹਰਾਂ ਹੀ ਲਾਉਣੀਆਂ ਤੇ ਕੰਨਾਂ 'ਚ ਪਰਦੇ ਹੀ

ਪਾਉਣੇ ਸਨ ਤਾਂ ਦੋਜ਼ਖ-ਬਹਿਸ਼ਤ ਬਨਾਉਣ ਦੀ, ਅਤੇ 'ਨਬੀ' ਭੇਜਣ ਦੀ, ਕੀ ਲੋੜ ਸੀ? ਪਿਤਾ ਜੀ! "ਵੀ ਫਲਸਫਾਈ ਬਾਫਿੰਦਗਾਨ ਅਸਤਿ ਚੇ ਮਨ ਨ ਦਾਨੰਮ।"

**ਫ਼ਲਸਫ਼ਏ ਕੁਰਾਨ:**

ਪਿਤਾ ਵਾਚ: "ਖ਼ੁਦਾਵੰਦ ਕਰੀਮ ਨੇ ਆਪਣੇ ਨਬੀਆ ਦਾ ਜ਼ਹੂਰ ਇਸੇ ਲਈ ਕੀਤਾ ਹੈ ਕਿ ਉਹ ਰਾਹਿ-ਹੁਦਾਯਾ ਦਸ ਸਕਣ ਅਤੇ ਭੇਤ ਵਾਲੀਆ ਗੱਲਾਂ ਦਸ ਸਕਣ। ਨਬੀਅਲੇਇਸਲਾਤ ਵਸਲਾਮ ਨੇ ਹੀ ਦੁਨੀਆਂ ਦੇ ਗੁਮਰਾਹਾਂ ਨੂੰ ਸਿੱਧੇ ਰਾਹੇ ਪਾਇਆ ਹੈ। ਨਬੀ ਕਰੀਮ ਨੇ ਹੀ ਕੁਰਾਨ ਇਲਹਾਮੀ ਤੇ ਆਸਮਾਨੀ ਦੱਸਿਆ ਹੈ, ਇਸ ਲਈ ਮੋਮਨਾਂ ਦਾ ਫਰਜ਼ ਹੈ ਕਿ ਅਮਲ ਕਰਨ।"

ਦਾਸ: "ਪਿਤਾ ਜੀ, ਆਪ ਮੇਰੇ ਤਾਂ ਸਵਾਲਾਂ ਦਾ ਜਵਾਬ ਦਿੰਦੇ ਹੀ ਨਹੀਂ, 'ਕੁਰਾਨ ਇਲਹਾਮੀ ਹੈ', ਇੰਨਾ ਕਹਿਣਾ ਮੇਰੀ ਤਸੱਲੀ ਨਹੀਂ ਕਰ ਸਕਦਾ। ਆਪ ਨੇ ਫ਼ੁਰਮਾਇਆ ਹੈ ਨਬੀ ਕਰੀਮ ਦੇ ਹੁਕਮ ਦੀ ਤਾਮੀਲ ਕਰੋ, ਮੈਨੂੰ ਤਾਂ ਨਬੀ-ਕਰੀਮ ਦੀ ਤਾਮੀਲ ਭੀ ਨਾਰਿ-ਜਹੰਨਮ ਦਾ ਈਂਧਨ ਹੀ ਦਿਸ ਰਹੀ ਹੈ। ਇਸੇ ਅਰਬ ਦੀ ਧਰਤੀ ਵਿਚ ਰਹਿਣ ਵਾਲੇ ਮੁਸਲਮਾਨਾਂ ਤੋਂ ਜਾਂ ਹਰ ਇਨਸਾਫ਼ ਪਸੰਦ ਬਜ਼ੁਰਗਾਂ ਤੋਂ ਕਾਫ਼ੀ ਰੌਸ਼ਨੀ ਹਾਸਲ ਹੋਈ ਹੈ ਕਿ ਕੁਰਾਨ ਇਲਹਾਮੀ ਨਹੀਂ ਬਲਕਿ ਮੁਹੰਮਦ ਸਾਹਿਬ ਦੀ ਚਾਰਯਾਰੀ ਦੇ ਢਕੌਂਸਲੇ ਸਨ। ਲੈ ਸੁਣੋ, ਇਲਹਾਮ ਦੇ ਫ਼ਲਸਫ਼ੇ ਨੂੰ ਆਪ ਜੀ ਦੇ ਸਾਹਮਣੇ ਰੱਖਦਾ ਹਾਂ। (੧) ਆਪਣੀ ਕਿਸਮਿ ਜ਼ਾਤੀਯਾ ਵਿਚ ਇਲਹਾਮ ਮੁਕੰਮਲ ਹੋਵੇ ਤੇ ਦੂਜਿਆਂ ਦੀ ਮੌਤਾਜੀ (ਮੁਹਤਾਜੀ) ਤੋਂ ਪਾਕ ਹੋਵੇ, (੨) ਬਨਾਵਟ ਖ਼ੁਦਾ ਦੀ ਸ਼ਾਨ ਦੇ ਮੁਤਾਬਕ ਹੋਵੇ, (੩) ਖ਼ੁਦਾ ਦਾ ਸਚਾ ਇਲਹਾਮ ਉਸਦੇ ਆਪਣੇ ਕਾਨੂੰਨ ਦੇ ਨਾਲ ਮਿਲਦਾ ਹੋਵੇ, (੪) ਇਲਹਾਮ ਵਿਚ ਕਿਸੇ ਦਾ ਪੱਖ ਨਹੀਂ ਹੋਣਾ ਚਾਹੀਦਾ, (੫) ਜਿੰਨੀਆਂ ਗੱਲਾਂ ਹੋਣ ਮੁਕੱਦਸ (ਸ੍ਰੇਸ਼ਟ) ਹੋਣ, (੬) ਕਿਸੇ ਇਨਸਾਨ ਦੀਆਂ ਕਹਾਣੀਆਂ ਨਾਲ ਇਲਹਾਮ ਦਾ ਤੁਅਲਕ (ਸਬੰਧ) ਨਹੀਂ ਹੋਣਾ ਚਾਹੀਦਾ, (੭) ਇਲਹਾਮ (ਰੱਬੀ ਕਲਾਮ) ਦਾ ਸ਼ੁਰੂ ਵਿਚ ਹੋਣਾ ਲਾਜ਼ਮੀ ਹੈ। (੮) ਇਲਹਾਮ ਉਸਨੂੰ ਕਿਹਾ ਜਾ ਸਕਦਾ ਹੈ ਜੋ ਹਰ ਇਨਸਾਨ ਦੇ ਦਿਲ ਵਿਚ ਕੁਦਰਤੀ ਤੌਰ ਤੇ ਕਸ਼ਿਸ਼ ਪੈਦਾ ਕਰੇ, (੯) ਹਰ ਇਨਸਾਨ ਨੂੰ

ਯਕੀਨ ਹੋਣਾ ਲਾਜ਼ਮੀ ਹੈ. (੧੦) ਕਿਸੇ ਹੋਰ ਕਿਤਾਬ ਦੀ ਨਕਲ ਨਾ ਹੋਵੇ. (੧੧) ਕਿਸੇ ਦੂਜੇ ਇਨਸਾਨ ਤੋਂ ਹਾਸਲ ਕੀਤਾ 'ਇਲਹਾਮ' ਨਹੀਂ ਕਿਹਾ ਜਾ ਸਕਦਾ। ਇਸ ਫ਼ਲਸਫ਼ੇ ਦੇ ਹੁੰਦਿਆਂ ਕੁਰਾਨ ਇਲਹਾਮੀ ਮਹੱਲ ਤੋਂ ਗਿਰਿਆ ਨਜ਼ਰਦਾ (ਦਿਸਦਾ) ਹੈ। ਮੌਜੂਦਾ ਕੁਰਾਨ ਤਾਂ 'ਵਰਕਾ ਬਿਨ ਨੌਫ਼ਲ', ਅਤੇ ਸੁਲੇਮਾਨ ਦੀ ਇਮਦਾਦੀ ਰਚਿਤ ਤੋਂ ਉਪਰੰਤ, ਪਾਰਸੀਆਂ, ਯਹੂਦੀਆਂ, ਨਸਰਾਨੀਆਂ ਦੀਆਂ ਮੁਤਬਰਕ ਕਿਤਾਬਾਂ ਦੀ ਨਕਲ ਹੈ (ਕਸ਼ਫ਼ੁੱਲਕੁਰਾਨ)। ਹੋਰ ਵੀ ਕਈ ਵਜਾ ਕਰਕੇ ਕੁਰਾਨ 'ਨਾ ਐਹਲ' ਸਾਬਤ ਹੁੰਦਾ ਹੈ, ਚੂੰਕਿ ਦੁਨੀਆਂ ਦੀ ਆਗਾਜ਼ ਨੂੰ ਬਜ਼ੁਰਗਾਂ ਨੇ ਕਰੋੜਹਾ ਬਰਸ ਤੋਂ ਮੰਨਿਆ ਹੈ।

ਜੇ ਇਹ ਕੁਰਾਨ ਹੀ ਸਲਾਮਤੀ ਦੀ ਨਿਸ਼ਾਨੀ ਸੀ ਤਾਂ ਪਹਿਲੇ ਲੋਕਾਂ ਉਤੇ, ਅਤੇ ਹੁਣ ਬਾਅਦ ਦੀ ਦੁਨੀਆਂ ਉਤੇ, ਇਸ ਫੈਜ਼ ਦਾ ਮੰਬਾ (ਸਾਗਰ) ਕਿਉਂ ਨਾ ਜਾਰੀ ਕੀਤਾ ਗਿਆ? ਇਹ ਖ਼ੁਦਾ ਦੀ ਬੇਇਨਸਾਫ਼ੀ ਅਤੇ ਲਾਇਲਮੀ ਤਸੱਵਰ ਨਹੀਂ ਤਾਂ ਹੋਰ ਕੀ ਹੈ?

ਈਸਾਈਆਂ ਨੇ ਆਪਣਾ ਉਲੂ ਸਿੱਧਾ ਕਰਨ ਲਈ ਹਾਬੀਲ, ਕਾਬੀਲ ਦਾ ਕਿੱਸਾ ਹਾਰੂਤ, ਮਾਰੂਤ ਤੋਂ ਛੁਟ ਇਬਰਾਹੀਮ ਦੇ ਕਿੱਸਿਆਂ ਨੂੰ ਆਪਣੀਆਂ ਕਿਤਾਬਾਂ ਵਿਚ ਦਰਜ ਕੀਤਾ। ਖ਼ੁਦਾ ਨੇ ਭੀ ਆਪਣੀ ਖੁਦਾਈ ਸ਼ਕਤੀ ਨੂੰ ਲਾਂਭੇ ਕਰਕੇ ਨਕਲ ਹੀ ਕਰਨੀ ਸਿਖੀ ਸੀ? ਦੁਖ ਹੈ ਕਿ ਖ਼ੁਦਾ ਦੀ ਖ਼ੁਦਾਈ ਠਗਬਾਜ਼ੀਆਂ ਤੋਂ ਭੀ ਪਰ੍ਹੇ ਦੀ ਜਾਪਦੀ ਹੈ। ਕੁਰਾਨ ਵਿਚ ਬਹੁਤ ਸਾਰੇ ਵਾਕਿਆਤ ਕਾਨੂੰਨਿ ਕੁਦਰਤ ਤੋਂ ਭੀ ਖਿਲਾਫ਼ ਹਨ, ਮਸਲਨ ਹਜ਼ਰਤ 'ਸ਼ੀਸ਼' ਦਾ ਰੂਹਾਂ ਦੇ ਨਾਲ ਵਿਆਹ। ਹਾਰੂਤ-ਮਾਰੂਤ ਫਰਿਸ਼ਤਿਆਂ ਦਾ ਧਰਤੀ ਤੇ ਆਉਣਾ। 'ਜ਼ੋਹੁਰਾ' ਦੀ ਇਸ਼ਕੀਆ ਕਹਾਣੀ। ਯੂਸਫ਼ ਦੀ ਬੀਵੀ ਮਰਯੰਮ 'ਚੋਂ ਈਸਾ ਦਾ ਬਿਨ-ਬਾਪ ਦੇ ਪੈਦਾ ਹੋਣ ਦੀ ਕਹਾਣੀ। 'ਹੁਦ-ਹੁਦ' ਪੰਛੀ ਦਾ ਸੁਲੇਮਾਨ ਪੈਗੰਬਰ ਦਾ ਤਖ਼ਤ ਉਡਾਣਾ। ਸੂਰਤ 'ਤੁਹਾ' ਵਿਚ 'ਮੂਸਾ' ਦੇ ਕਾਰਨਾਮੇ ਦਸਣੇ ਜਿਨਾਂ ਦੀ ਬੁਨਿਆਦ ਹੀ ਕੋਈ ਨਹੀਂ। ਮੁਹੰਮਦ ਸਾਹਿਬ ਦੇ ਮੈਹਰਾਜ ਆਦਿ ਦਾ ਜ਼ਿਕਰ ਅਤੇ ਹੋਰ ਬੇ-ਬੁਨਿਆਦ ਦੀਆਂ ਬੇਅੰਤ ਕਹਾਣੀਆਂ ਹਨ ਜੋ ਕੁਦਰਤ ਦੇ ਖਿਲਾਫ ਹਨ। (ਤ੍ਰਾਰੀਖ ਤਿਬਰੀ, ਜਿ. ੧)।

ਇਸ ਤ੍ਵਾਰੀਖ ਵਿਚ ਹੋਰ ਮਜੀਦ (ਵਾਧੂ) ਦਰਜ ਹੈ ਕਿ ਹਰੜ, ਬਹੇੜੇ, ਆਮਲੇ ਆਦਮ ਦੇ ਹੰਝੂਆਂ ਤੋਂ ਪੈਦਾ ਹੋਏ ਸਨ, ਕਿਉਂਕਿ ਜਦ ਇਸ ਨੂੰ ਬਹਿਸਤੋਂ ਕੱਢਿਆ ਗਿਆ ਤਾਂ ਜ਼ਾਰ-ਜ਼ਾਰ ਰੋਂਦਾ ਸੀ ਕਿ ਮੈਂ ਕੀ ਖਾਵਾਂਗਾ? ਤਾਂ ਇਹ ਦਰੱਖ਼ਤ ਰਬ ਨੇ ਇਸੇ ਦੇ ਅਥਰੂਆਂ ਤੋਂ ਹੀ ਪੈਦਾ ਕੀਤੇ ਸਨ; ਚੰਬੀਲੇ, ਗੇਂਦਾ, ਗੁਲਾਬ ਆਦਿ ਫੁੱਲਾਂ ਦੇ ਬੂਟੇ ਭੀ ਆਦਮ ਦੇ ਹੰਝੂਆਂ ਤੋਂ ਹੀ ਪੈਦਾ ਹੋਏ ਦੱਸੇ ਹਨ (ਤਿਬਰੀ, ਸਫ਼ਾ ੨੨, ਜਿ. ੧)।

ਕੁਰਾਨੀ ਵਹਿਮ ਪ੍ਰਸਤੀਆਂ ਨੂੰ ਵੇਖਣਾ ਹੋਵੇ ਤਾਂ ਹੇਠ ਲਿਖੇ ਗ੍ਰੰਥਾਂ ਨੂੰ ਪੜ੍ਹੋ: ਰੌਜ਼ਾ ਤੁਸੱਫ਼ਾ, ਸਹੀ ਮੁਸਲੰਮ, ਸਹੀ ਬਖ਼ਾਰੀ, ਨਸਾਈ, ਇਬਨਿ ਦਾਊਦ, ਇਬਨਿ ਮਾਜਾ, ਤਫ਼ਸੀਰ ਹੁਸੈਨੀ। ਹੋਰ ਸ਼ੀਸ਼ਾ ਨਿਆਈਂ 'ਤਕਜ਼ੀਬੇ ਬੁਰਹਾਨੇ ਐਹਮਦੀਯਾ' ਹਿੱਸਾ ੧. ਕੁਰਾਨ ਅਤੇ ਕੁਰਾਨੀ ਮੁਸਲਮਾਨਾਂ ਦੀ ਇਲਮੀ ਖਬਤੀਆ (ਜਨੂੰਨ) ਲਿਖਤਾਂ ਜੇਕਰ ਹੋਰ ਜ਼ਿਆਦਾ ਦ੍ਰਿਸ਼ਟੀ-ਗੋਚਰ ਕਰਨੀਆਂ ਹਨ ਤਾਂ 'ਖ਼ਬਤੇ ਐਹਮਦੀਯਾ' ਪੜ੍ਹੋ।

"ਪਿਤਾ ਜੀ! ਕੀ ਇਹ ਅਸੂਲਿ ਏਜ਼ਦੀ ਹਨ ਕਿ ਸੂਰਜ ਚਿਕੜ ਵਿਚ ਗੋਤਾ ਲਾਉਂਦਾ ਹੈ, ਫਿਰ ਖੁਦਾ ਦੇ ਤਖ਼ਤ ਦੇ ਮੂਹਰੇ ਸਜਦਾ ਕਰਕੇ ਪੁੱਛਦਾ ਹੈ 'ਹੁਣ ਕਿਧਰ ਚੜ੍ਹਾਂ'? ਤਾਂ ਫਿਰ ਫ਼ਰਿਸ਼ਤਿਆਂ ਨੂੰ ਹੁਕਮ ਹੁੰਦਾ ਹੈ ਕਿ 'ਇਸ ਉਤੇ ਨੂਰ ਦੀ ਚਾਦਰ ਪਾ ਦਿਓ।' ਜਦੋਂ ਚਾਦਰ ਲਹਿੰਦੀ ਹੈ ਤਾਂ ਆਪਣੇ ਆਪ ਨੂੰ ਧਰਤੀ ਦੀ ਚੜ੍ਹਦੀ ਨੁਕਰੇ ਵੇਖਦਾ ਹੈ। ਇਸਹਾਬਿ ਸਾਕਬ ਦੀ ਕਹਾਣੀ ਕਿ 'ਸ਼ੈਤਾਨ ਖ਼ੁਦਾ ਦੀਆਂ ਗੱਲਾਂ ਸੁਣਨ ਲਈ ਆਸਮਾਨਾਂ ਨਾਲ ਲੁਕ ਜਾਂਦਾ ਸੀ, ਤਾਰਿਆਂ ਨੂੰ ਚੁਕ-ਚੁਕ ਕੇ ਖ਼ੁਦਾ ਖੁਦ ਮਾਰਦਾ ਸੀ। ਇਤਿਆਦਿਕ ਲਾਇਲਮੀ ਦੇ ਸਮਾਚਾਰ ਬੇਅੰਤ ਹਨ (ਰੌਸ਼ਨੀ ਲਈ ਪੜ੍ਹੋ ਕਸਫਲ ਕੁਰਾਨੀ)।"

ਪਿਤਾਵਾਚ - "ਤੂੰ ਕਾਫਰ! ਬੁਤਪ੍ਰਸਤਾਂ ਦੇ ਟੋਲੇ ਤਥਾ ਗਰੋਹ ਦੇ ਇਕ ਆਗੂ ਦੀਆਂ ਦੇ ਗੱਲਾਂ ਪੜ੍ਹ ਕੇ ਇਸਲਾਮ ਦੀ ਤੌਹੀਨ ਅਤੇ ਕੁਰਾਨ ਦੀ ਮੁਖ਼ਾਲਫ਼ਤ ਵਿਚ ਖੜਾ ਹੋ ਗਿਆ ਏਂ। ਕੌਣ ਹੈ ਨਾਨਕ? ਇਕ ਖਤਰੀ-ਕਰਾੜ ਦਾ ਹਿੰਦੂ ਪੁੱਤਰ, ਜਿਸਨੂੰ ਜਾਦੂ-ਟੂਣਿਆਂ ਦੇ ਬਲ ਨਾਲ ਇਕ ਕੁਫਾਰਾਂ ਦਾ ਟੋਲਾ, ਸਿੱਖਾਂ ਦੀ ਜਮਾਤ, ਪੈਦਾ ਕਰ, ਰੋਟੀਆਂ ਦਾ ਢੰਗ ਬਣਾਇਆ ਸੀ।"

"ਇਸਲਾਮ ਆਲੰਮਗੀਰ ਅਤੇ ਆਦਿ-ਖੁਦਾ ਦਾ ਆਪਣਾ ਪਿਆਰਾ ਮੱਜ਼ਹਬ ਹੈ। ਛਡ ਉਸ ਬੁਤਪ੍ਰਸਤ ਦਾ ਖਿਆਲ, ਦੋ ਵਜਣ ਵਾਲੇ ਹਨ, ਆਪ ਭੀ ਅਤੇ ਮੈਨੂੰ ਭੀ ਨਮਾਜ਼ ਪੜ੍ਹਨ ਦੇ। ਸਵੇਰ ਦਾ ਮਗਜ਼ ਖਾਲੀ ਕਰ ਦਿਤਾ ਈ, ਨ ਰੋਟੀ ਨ ਪਾਣੀ। ਇਸਲਾਮ ਦੀ ਹੀ ਨਿੰਦਿਆ। ਲਾਹੌਲ ਵਲਾਕੂਵਤਾ! ਤੇਰੇ ਉਪਰ ਤਾਂ ਸ਼ੈਤਾਨ ਦੀ ਸਵਾਰੀ ਨਜ਼ਰ ਆਉਂਦੀ ਹੈ: ਉਠ ਜਾ ਕੇ ਨਮਾਜ਼ ਪੜ੍ਹ", ਪਿਤਾ ਜੀ ਨੇ ਗੁੱਸੇ ਵਿਚ ਆ ਕੇ ਉਠਾ ਦਿੱਤਾ, ਪਰ ਨਮਾਜ਼ ਦੇ ਟਾਇਮ ਤੋਂ ਉਪਰੰਤ ਫਿਰ ਇਹ ਕਹਿ ਕੇ ਟਾਇਮ ਲੈ ਲਿਆ ਕਿ 'ਬੁਤ ਪ੍ਰਸਤੀ ਬਾਰੇ ਮੈਂ ਕੁਝ ਸਮਝਣਾ ਚਾਹੁੰਦਾ ਹਾਂ।'

ਜ਼ੋਹਰ (ਭਾਵ! ਪੇਸ਼ੀ) ਦੀ ਨਮਾਜ਼ ਤੋਂ ਉਪਰੰਤ ਫਿਰ ਪਿਤਾ ਜੀ ਦੇ ਕਮਰੇ ਵਿਚ ਜਾ ਸਲਾਮ ਖੜਕਾਈ, ਦੋ ਜ਼ਾਨੂੰ (ਗੋਡਿਆਂ ਭਾਰ)ਹੋ ਕੇ ਬੈਠ ਹੀ ਗਿਆ ਸੀ ਕਿ ਪਿਤਾ ਜੀ ਨੇ ਇਕ ਚਿੱਠੀ ਵਿਖਾਂਦਿਆਂ ਕਿਹਾ ਕਿ, "ਹਾਜੀ ਫ਼ਜਲ ਕਰੀਮਾਂ ਸਾਹਿਬ ਦੀ ਚਿੱਠੀ ਜੱਦੇ ਸ਼ਰੀਫ਼ ਤੋਂ ਆਈ ਹੈ। ਪੰਜ ਸੌ ਦਾ ਕਾਫ਼ਲਾ ਲੈ ਕੇ 'ਉਮਰੋਂ' ਦੇ ਦਿਨਾਂ ਤੋਂ ਪਹਿਲਾਂ, ਮੱਕੇ ਉਨ੍ਹਾਂ ਪੁਜ ਜਾਣਾ ਹੈ, ਤਿਆਰੀ ਕਰੋ ਅਸੀਂ ਭੀ ਵੇਲੇ ਸਿਰ ਪੁਜ ਜਾਈਏ, ਇਸ ਧਰਤੀ ਵਿਚ ਰਹਿੰਦਿਆਂ ਕਿਧਰੇ ਮਹਿਰੂਮ ਹੀ ਨ ਰਹਿ ਜਾਈਏ ਵਾਸਲਿ-ਹਕ ਹੋਣਾ ਹੀ ਸਲਾਮਤੀ ਦਾ ਨਿਸ਼ਾਨ ਹੈ।"

"ਪਿਤਾ ਜੀ! ਮੇਰੀ ਤਾਂ ਤਿਆਰੀ ਹੋ ਚੁੱਕੀ ਹੈ, ਇਹ ਆਖ਼ਰੀ ਹੀ ਦੋ ਚਾਰ ਬਚਨ ਕਰਨੇ ਹਨ।"

ਪਿਤਾ ਜੀ: "ਹੈਂ! ਮੇਰੀ ਤਿਆਰੀ-ਤੇਰੀ ਤਿਆਰੀ ਕੋਈ ਵੱਖਰੀ ਹੋਣੀ ਹੈ? ਜਾਓ, ਨੌਕਰਾਂ ਤੋਂ ਤਿਆਰੀ ਕਰਾਓ, ਅਗਲਾ ਜੁਮਾਂ ਖਾਨੇ-ਕਾਅਬੇ ਹੀ ਜਾ ਕੇ ਪੜ੍ਹਨਾਂ ਹੈ, ਤਿਆਰੀ ਕਰਨ।"

ਦਾਸ: "ਪਿਤਾ ਜੀ! ਨੌਕਰਾਂ ਦੀ ਕੀ ਲੋੜ ਹੈ? ਇਕ ਭੂਰੀ ਮੋਹਢੇ ਤੇ ਰੱਖਾਂਗੇ, ਨਾਨਕ ਫਕੀਰ ਵਾਂਗੂ ਟੁਰਦੇ ਭਲੇ।"

ਪਿਤਾ ਵਾਚ: "ਨਾਨਕ ਇਕ ਗਦਾਗਾਰ ਮਲੰਗ ਸੀ ਤੇ ਬੁਤਪ੍ਰਸਤ। ਕੀ ਬੁਤਪ੍ਰਸਤੀ ਦੀ ਭੀ ਕੋਈ ਜ਼ਿੰਦਗੀ ਹੈ?"

ਦਾਸ: "ਗੁਸਤਾਖ਼ੀ ਮੁਆਫ਼ ਪਿਤਾ ਜੀ! ਕੁਰਾਨ ਦੀ ਤਰ੍ਹਾਂ ਆਪ ਜੀ ਦੇ ਭੀ ਦੋ ਹੀ ਪਹਿਲੂ ਹਨ, ਘੜੀ ਹੋਈ ਗੁਫ਼ਤਗੂ (ਬੋਲ-ਬਾਣੀ) ਵਿਚ ਤਾਂ ਆਪ ਨੇ ਨਾਨਕ ਨੂੰ ਇਸਲਾਮ ਦਾ ਮਬੱਲਗ (ਪਿਛ-ਲੱਗ) ਅਤੇ ਫ਼ਕੀਰ ਦਸਿਆ ਸੀ, ਕਿੰਤੂ ਹੁਣ ਫ਼ੁਰਮਾਉਂਦੇ ਹੋ ਉਹ ਬੁਤ-ਪ੍ਰਸਤ ਸੀ, ਸਚ ਪੁੱਛੋ ਤਾਂ ਜਿਸ ਤਰ੍ਹਾਂ 'ਕੁਰਾਨ' ਤੋਂ ਈਮਾਨ ਫਿਸਲ ਰਿਹਾ ਹੈ, ਇਸੇ ਤਰ੍ਹਾਂ ਆਪ ਜੀ ਦੇ ਬਚਨਾਂ ਤੋਂ ਭੀ ਭਰੋਸਾ ਟੁਟਦਾ ਜਾ ਰਿਹਾ ਹੈ; ਮੁਅਜਜ਼ਾ ਜੋ ਜ਼ਹੂਰ ਵਿਚ ਆ ਰਿਹਾ ਹੈ, ਉਹ ਇਹ ਹੈ ਕਿ ਤੁਹਾਡੇ ਹੀ ਬਚਨਾਂ ਤੋਂ ਮੇਰਾ ਸਿਦਕ 'ਨਾਨਕ' ਵਲ ਝੁਕਦਾ ਜਾ ਰਿਹਾ ਹੈ। ਬੁਤਪ੍ਰਸਤ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਾਲੇ ਨੂੰ ਕਹਿੰਦੇ ਹਨ, ਤਾਂ ਤੇ ਸਾਡੇ ਨਬੀ-ਪਾਕ ਭੀ ਬੁਤ-ਪ੍ਰਸਤ ਹੀ ਹੋਏ ਕਿਉਂਕਿ ਕੁਰਾਨ ਤੇ ਹਦੀਸ ਵਿਚ ਜ਼ਿਕਰ ਆਇਆ ਹੈ ਕਿ ਮੱਕੇ ਵਿਚ, ਮੁਹੰਮਦ ਸਾਹਿਬ ਤੋਂ ਪਹਿਲਾਂ, ੩੬੦ ਬੁਤਾਂ ਦਾ ਪ੍ਰਕਾਸ਼ ਤੇ ਉਨ੍ਹਾਂ ਦੀ ਪੂਜਾ ਹੁੰਦੀ ਸੀ ਅਤੇ ਅਰਬ ਕਬੀਲੇ ਵੱਖੋ-ਵੱਖ ਬੁੱਤਾਂ ਦੀ ਪੂਜਾ ਕਰਦੇ ਸਨ। ਮੁਹੰਮਦ ਸਾਹਿਬ ਨੇ ਬਜ਼ੋਰਿ ਸ਼ਮਸ਼ੇਰ ਜਦ ਅਰਬ ਦੇ ਲੋਕਾਂ ਨੂੰ ਮੁਸਲਮਾਨੀ ਮਤਿ ਦਿੱਤੀ, ਤਾਂ ਇਹ ਸਾਰੇ ਬੁੱਤ ਪੁਟ ਦਿੱਤੇ ਗਏ, ਕੇਵਲ ਇਕ ਕਾਲੇ ਰੰਗ ਦਾ ਪੱਥਰ ਜਿਸਨੂੰ 'ਹਜ਼ਰਿ ਅਸਵਦ', ਵੀ ਕਹਿੰਦੇ ਹਨ, ਮੁਹੰਮਦ ਸਾਹਿਬ ਨੇ ਆਪਣੇ ਸਜਦੇ ਲਈ ਰਹਿਣ ਦਿੱਤਾ ਸੀ। ਇਹ 'ਹਜ਼ਰਿ ਅਸਵਦ' ਜੋ ਆਂਡੇ ਦੀ ਸ਼ਕਲ ਵਿਚ ਲੰਮਾ ਤੇ ਚੌੜਾ ਹੈ ਇਹ ਦੀ ਅਸਲ ਕਹਾਣੀ 'ਹਦੀਸ' ਵਿਚ ਇਉਂ ਆਈ ਹੈ, ਕਿ ਈਰਾਨ ਦੇ ਲੋਕਾਂ ਪਾਸ ਸੱਤ ਦੇਵਤੇ ਹੁੰਦੇ ਸਨ ਜਿਨ੍ਹਾਂ ਵਿਚ ਇਕ ਇਹ ਸੀ ਜਿਸ ਦਾ ਨਾਉਂ 'ਕੀਵਾਨਿ ਆਜ਼ਰ' ਦਸਿਆ ਹੈ: 'ਕੀਵਾਨਿ ਆਹਜ਼ਰ' ਦਾ ਜ਼ਿਕਰ 'ਦੁਬਿਸਤਾਨੁਲਮਜ਼ਾਹਿਬ' ਨਾਮੀ ਕਿਤਾਬ ਦੇ ਸਫ਼ਾ ੨੦ 'ਤੇ ਇਸ ਤਰ੍ਹਾਂ ਆਇਆ ਹੈ: "ਬਰਾਂਬਰ ਹਫ਼ਤ ਪੀਕਰ ਆਜ਼ਰ ਹਫ਼ਤ ਆਤਸ਼ਕਦਾਹ ਬਜ਼ੁਰਗ ਬੂਦ ਕਿ ਏਸ਼ਾਂ ਰਾ 'ਕੀਵਾਨੇ ਆਜ਼ਰ', ਵਾ 'ਹਰਮਜ਼ ਆਜ਼ਰ', ਵਾ 'ਬੇਹਰਾਮ ਆਜ਼ਰ', ਵਾ 'ਹੌਜ ਆਜ਼ਰ', ਵਾ 'ਨਾਹੀਦ ਆਜ਼ਰ', 'ਤੀਰ ਆਜ਼ਰ', ਵਾ 'ਮਾਹ ਆਜ਼ਰ', ਮੈ ਨਮੀਦੰਦ ਵਾ ਹਰ ਆਜ਼ਰਕਦਾ ਮਨਸੂਬ ਬੇਹ ਯਕੇ ਅਜ ਕਵਾਕਬ ਸਤੈ ਬੂਦ ਦੂਰ ਆਂਚਾ ਆਂਚੇ ਬਾਸ਼ਤਾ ਮੈ ਅਫ਼ਰੋਖ਼ਤੰਦ, ਗੋਇਮ ਦਰ ਹੰਗਾਮ ਵਾ ਨਾਨ ਤਰਾਜ਼ੀ ਵੀਰੀਨ ਖੁਸ਼ਰਵਾਨ, ਈ ਕੁਹਨਾਂ ਵਾ ਪ੍ਰਾਮਾਂ ਕੁਨ ਸ਼ਰੀ ਚੂੰ ਕਾਅਬਾ 'ਬੇਤੁਲ

ਮੁਕੱਦਸ', ਵਾ ਮੁਦੱਫਨ ਹਜਰਤ ਰਸਾਲਤ ਪਨਾਹ ਮੁਹੰਮਦੀ ਦਰ ਮਦੀਨਾ ਵਾ ਮੁਰੱਕਦ ਅਮੀਰੁਲ ਮੋਮਨੀਨ ਅਲੀ ਦਰ ਨਜਫ਼ ਵਾ 'ਮਸ਼ਹਦ', ਇਮਾਮ ਹੁਸੈਨ ਦਰ ਕਰਬਲਾ ਵਾ ਮਸਾਹ ਇਮਾਮ ਮੂਸਾ ਦਰ ਬਗਦਾਦ ਦਰ ਰੌਜ਼ਾ ਰਜਵੀਜਾ ਵਰਸਨਾ ਅਬਾਦ, ਵਾ ਤੂਸੈ ਰੋਜ਼ਾ ਅਲੀ ਦਰ ਬਲਖ 'ਹਿਕਲਿਸਤਾਨ' ਵ ਆਜਰ ਕਦਾਹ ਬੂਦੇਹ ਅੰਦ'', ਭਾਵ: ਸੱਤ ਹਵਨ-ਕੁੰਡਾ ਦੇ ਮੁਤਾਬਕ ਸੱਤ ਦੇਵਾਲੇ ਸਨ, ਇਨ੍ਹਾਂ ਦੇ ਨਾਉ ਸਨੀਚਰ ਦੇਵਤਾ, ਮੰਗਲ ਦੇਵਤਾ, ਵੀਰ ਦੇਵਤਾ, ਸ਼ੁਕਰ ਦੇਵਤਾ, ਬੁਧ ਦੇਵਤਾ, ਸੋਮ ਜਾਂ ਚੰਦ੍ਰਮਾ ਦੇਵਤਾ ਸੀ ਅਤੇ ਦੇਵਾਲਾ ਹਰ ਸਿਤਾਰੇ ਦੇ ਨਾਲ ਲਾਇਆ ਹੋਇਆ ਸੀ, ਜਿਥੇ ਜਿਥੇ ਮੁਨਾਸਭ ਸਮਝਿਆ ਜਾਦਾ ਸੀ ਜਲਾਇਆ (ਪ੍ਰਜਵਲਿਤ ਕੀਤਾ) ਜਾਦਾ ਸੀ। ਲਿਖਿਆ ਹੈ ਕਿ ਪੁਰਾਣੇ ਬਾਦਸ਼ਾਹਾ ਦੇ ਜਮਾਨਿਆ ਵਿਚ ਹੇਠ ਲਿਖੇ ਅਸਥਾਨ ਮੰਦਰ ਸਨ ਮਸਲਨ, ਕਾਅਬਾ, ਬੈਤੁਲਮਕੱਦਸ, ਮੁਹੰਮਦ ਦੀ ਕਬਰ ਮਦੀਨਾ, ਹਜਰਤ ਅਲੀ ਦਾ ਮਕਬਰਾ ਨਜਫ਼, ਇਮਾਮ ਹੁਸੈਨ ਦੀ ਕਰਬਲਾ, ਬਗਦਾਦ ਵਿਚ ਬਾਗੇ ਬਹਿਸਤੀ ਮੂਸਾ ਦੀ ਕਬਰ ਨੂੰ ਕਹਿੰਦੇ ਹਨ, ਬਲਖ ਵਿਚ ਅਲੀ ਦਾ ਬੜਾ ਭਾਰੀ ਬਾਗ ਇਹ ਸਭ ਦੇਵਤਿਆਂ ਦੇ ਮੰਦਰ ਸਨ; ਮੱਕਾ ਮੇਹਅਬਾਦ ਨੇ ਬਣਾਇਆ ਸੀ, ਜੋ ਹੁਣ ਕਾਅਬੇ ਦੇ ਨਾਉਂ ਨਾਲ ਮਸਹੂਰ ਹੈ; ਇਥੇ ਇਕ ਮੂਰਤੀ ਚੰਨ ਦੀ ਸੀ, ਪਿਤਾ ਜੀ ਆਪ ਕਿਸ ਗੁਮਾਨ ਵਿਚ ਹੋ? ਅਰਬ ਦੀ ਧਰਤੀ ਵਿਚ ਪੰਦਰਾਂ ਫ਼ੀਸਦੀ ਨਾਨਕ ਫਕੀਰ ਨੂੰ ਮੰਨਣ ਵਾਲੇ ਲੋਕੀ ਹਨ।''

ਪਿਤਾ ਵਾਚ: ''ਲਾਹੌਲ: ਅਰਬ ਵਿਚ ਨਾਨਕ ਦੇ ਪੈਰੋਕਾਰ? ਹਰਗਿਜ ਨਹੀਂ ਹੋ ਸਕਦਾ।''

ਦਾਸ: ''ਕਿਬਲਾ, ਜੇ ਹੁਕਮ ਹੋਵੇ ਤਾਂ ਕਿਸੇ ਇਕ ਨੂੰ ਆਪ ਦੇ ਨਾਲ ਮਲਾਕੀ (ਮੁਲਾਕਾਤ) ਕਰਾਵਾਂ?''

ਪਿਤਾ ਜੀ: ''ਜਰੂਰ! ਬੜੀ ਖੁਸ਼ੀ ਹੋਵੇਗੀ।''

ਆਪਣੇ ਹੁਜਰੇ ਵਿਚ ਆ ਕੇ ਨੌਕਰ ਤੋਂ ਪਿਆਲੀ ਚਾਹ ਪੀਤੀ ਅਤੇ ਸਹਿਰ ਵਿਚ ਉਨ੍ਹਾਂ ਸੱਜਨਾਂ ਦੇ ਘਰੀਂ ਪੁਜਾ, ਜਿਨ੍ਹਾ ਦੇ ਪਾਸ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਇਕ ਖੜਾਉਂ ਦਾ ਪੈਰ, ਅਤੇ ਜਪੁਜੀ ਸਾਹਿਬ ਦੀ ਪੋਥੀ ਹੈ।

ਇਨ੍ਹਾਂ ਦਾ ਨਾਉਂ ਮਹਿਬੂਬ ਇਬਨੇ ਜਾਹਫ਼ਰ ਸੀ ਕਿਉਂਕਿ ਹਜਰਤ ਇਮਾਮ ਜਾਫਰ ਜਿਨ੍ਹਾ ਦਾ ਜਿਕਰ ਪਿੱਛੇ ਆ ਚੁੱਕਾ ਹੈ, ਦੀ ਔਲਾਦ ਵਿਚੋਂ ਸਨ। ਇਸ ਦੀ ਨਿਮਾਜ ਤੂੰ ਬਾਅਦ ਇਨ੍ਹਾਂ ਦੀ ਮੁਲਾਕਾਤ ਪਿਤਾ ਜੀ ਦੇ ਨਾਲ ਕਰਾਈ, ਦੋਹਾਂ ਧਿਰਾ ਦੇ ਆਪਸ ਵਿਚ ਬਹੁਤ ਗੂਹੜੇ ਅਤੇ ਬੜੀ ਦੇਰ ਤਕ ਬਚਨ ਬਿਲਾਸ ਹੋਏ। ਮਹਿਬੂਬ, ਨੇ ਦੱਸਿਆ ਕਿ "ਖ਼ਲਾਫ਼ਤ ਦੇ ਪ੍ਰਭਾਵ ਕਰਕੇ ਅਸੀਂ ਤਬਲੀਗਿ ਨਾਨਕੀ ਨਹੀ ਕਰ ਸਕਦੇ ਵਰਨਾ ਕੁਲ ਦੇਸ 'ਨਾਨਕ ਸਾਹੀਯਾ' ਹੋ ਜਾਏ।" ਇਕ ਪੋਥੀ ਜੋ ਉਨ੍ਹਾ ਦੇ ਕੋਲ ਸੀ ਉਸ ਵਿਚ ਲਿਖਿਆ ਸੀ ਕਿ "ਜਦੋਂ ਇਨ੍ਹਾ ਦੇ ਬਜੁਰਗਾਂ ਨੇ ਗੁਰੂ ਜੀ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ ਸਨ , ਉਦੋਂ ਕੇਵਲ ਇਹ ਇਕ ਹੀ ਘਰ ਸੀ, ਪਰ ਹੁਣ ਮਦੀਨੇ ਵਿਚ ਇਕ ਸੌ ਚੌਦਾ ਘਰ ਨਾਨਕ ਸਾਹੀ ਹਨ, ਜੋ ਜਟਾ-ਜੂਟ ਹਨ ਤੇ ਕੇਵਲ 'ਨਾਨਕ' ਦੀ ਹੀ ਪੂਜਾ ਕਰਦੇ ਹੋਏ ਇਕ ਖੁਦਾ ਦੇ ਕਾਇਲ ਹਨ।"

ਥੋੜ੍ਹੀ ਦੇਰ ਦੇ ਬਾਅਦ ਮਹਿਬੂਬ ਤਾਂ ਵਿਦਾ ਹੋ ਗਏ, ਪਰ ਪਿਤਾ ਜੀ ਕਹਿਣ ਲੱਗੇ। "ਵਾਹ, ਕਿਆ ਦਯੂਸ (ਦੈਂਤ) ਸ਼ਕਲ ਹੈ। ਨ ਲਬਾਂ ਹਨ, ਭਾਵ ਕਿ ਲਬਾਂ ਦੇ ਵਾਲ ਕਟੇ ਹੋਏ ਨਹੀਂ, ਨ ਸ਼ਕਲਿ ਇਨਸਾਨੀ ਹੈ, ਕਿਆ ਯਹ ਭੀ ਕੋਈ ਜਿੰਦਗੀ ਹੈ?, ਜੂਈਂ (ਜੂੰਆਂ) ਔਰ ਧੱਖ (ਜੂੰ ਦਾ ਬੱਚਾ) ਦਾ ਵਬਾਲ (ਭੰਡਾਰ) ਬਣਾ ਰੱਖਾ ਹੈ, ਅਰੇ ਜਾਨੇ ਦੋ 'ਮੁਸ਼ਤਾਕ'। ਯਹ ਤੁਮਨੇ ਕੋਨ ਸੀ ਖੇਲ ਬਨਾ ਲੀ ਹੈ? ਅਰੇ ਬੰਦੇ ਕੋ ਹੀ 'ਸਜਦਾ ਗਾਹ' ਬਨਾ ਲੇਨਾ ਯਾ ਉਸ ਪਰ ਈਮਾਨ ਰਖਨਾ ਯਹ ਕਹਾਂ ਕੀ ਦਾਨਾਈ ਹੈ? 'ਲਾਹੌਲ ਵਲਾ ਕੁਵੱਤ', ਅਰੇ ਯੇ ਸਭ ਸੈਤਾਨੀ ਹਰਕਤੇਂ ਹੈਂ।"

**ਸਾਬਤ ਸੂਰਤ ਕੁਰਾਨ 'ਚੋਂ:**

ਕਿਬਲਾ ਬਜੁਰਗਵਾਰ ਜੀ ਨੇ ਉਕਤ ਕਥਨੀ ਵਿਚ ਦੋ ਗੱਲਾ ਕਹੀਆ ਹਨ, ਜਿਨ੍ਹਾ ਦਾ ਦਾਸ ਨੇ ਉਤਰ ਦੇਣਾ ਹੈ, ਪਹਿਲੇ ਬਿਆਨ ਵਿਚ ਆਪ ਜੀ ਨੇ ਸਾਬਤ-ਸੂਰਤ ਨੂੰ 'ਜੂਆਂ ਦਾ ਘਰ' ਦੱਸਿਆ ਹੈ, ਦੂਸਰੇ ਵਿਚ ਬੰਦੇ ਨੂੰ ਮੱਥਾ ਟੇਕਣਾ 'ਕੁਫਰ' ਦੱਸਿਆ ਹੈ। ਇਨ੍ਹਾਂ ਗੱਲਾ ਦਾ ਉਤਰ ਕੁਰਾਨ ਦੀ ਤਾਲੀਮ ਦਵਾਰਾ ਹੀ ਦੇਣਾ ਯੋਗ ਹੈ। ਪਾਠਕ ਜਨ ਪਿਛੇ ਪੜ੍ਹ ਆਏ ਹੋਣਗੇ, ਕਿ ਮੱਕੇ ਵਿਚ ਹਜੂਰ ਨੇ ਕਾਜ਼ੀ ਰੁਕਨਦੀਨ ਨੂੰ 'ਤੋਹੀਦ' ਦਾ ਉਪਦੇਸ ਦਿੰਦਿਆਂ ਅਤੇ ਉਸਦੇ

ਸ਼ੰਕਿਆਂ ਨੂੰ ਨਵਿਰਤ ਕਰਦਿਆਂ ਸੂਰਤਿ-ਹਜ, ਯਾਨੀ ਕੁਰਾਨ 'ਚੋਂ ਸਿੱਖ-ਮਤਿ ਭਾਵ 'ਸਾਬਤ ਸੂਰਤ' ਦੱਸੀ ਸੀ; ਇਥੇ ਭੀ ਉਹ ਹੀ ਜ਼ਿਕਰ ਆਵੇਗਾ ਪ੍ਰੰਤੂ ਪ੍ਰਸ਼ਨਾ ਦਵਾਰਾ ਖੁਲਾਸਾ ਹੋਵੇਗਾ।

ਪਿਤਾ ਜੀ ਨੂੰ ਬੇਨਤੀ ਕੀਤੀ ਗਈ ਕਿ 'ਖੁਦਾਵੰਦ ਕਰੀਮ ਨੇ ਸ਼ੁਰੂ ਤੋਂ ਹੀ ਇਨਸਾਨ ਨੂੰ ਵਾਲਾਂ ਵਾਲੇ ਸਰੀਰ ਨਾਲ ਪੈਦਾ ਕੀਤਾ ਹੈ, ਇਸ ਲਈ ਇਨਸਾਨ ਨੂੰ ਲਾਜ਼ਮੀ ਹੈ ਕਿ ਜਿਸ ਤਰ੍ਹਾਂ ਖੁਦਾ-ਵੰਦ ਕਰੀਮ ਨੇ ਭੇਜਿਆ ਹੈ ਉਸ ਹਾਲ ਵਿਚ ਹੀ ਰਹਿਣਾ ਉਚਿਤ ਹੈ। ਖ਼ੁਦਾ ਸਮੀਊਨਅਲੀਮ (ਅੰਤਰਜਾਮੀ) ਹੈ ਜੇਕਰ ਉਸਨੂੰ ਆਪਣੇ ਬੰਦਿਆਂ ਦੀ ਕੀਤੀ (ਕਰਨੀ) ਪਸਿੰਦ ਹੁੰਦੀ ਤਾਂ ਜ਼ੇਰੇ ਬਗਲ (ਕੱਛ 'ਚ), ਜ਼ੇਰੇਨਾਫ਼ ਅਤੇ ਲਬਾਂ ਦੇ ਵਾਲ ਪੈਦਾ ਹੀ ਨ ਕਰਦਾ ਅਤੇ ਹਰ ਇਨਸਾਨ ਨੂੰ 'ਖ਼ਤਨਾਂ ਸ਼ੁਦਾ' (ਸੁੰਨਤ ਕੀਤਾ) ਹੀ ਸੰਸਾਰ ਵਿਚ ਭੇਜਦਾ। ਖੁਦਾ ਨੇ, ਜਦੋਂ ਹੁਕਮ ਅਦੂਲੀ ਤੇ ਮਨ ਮਤਿ ਹੱਦੋਂ ਵਧ ਪ੍ਰਧਾਨ ਹੁੰਦੀ ਵੇਖੀ ਤਾਂ, ਆਪਣੇ ਘਰ ਮਕਾਨੁਲਬੈਤ, ਯਾਨੀ ਕਾਅਬੇ ਵਿਚ ਜਦੋਂ ਹਜ ਕਰਨ ਲਈ ਮਖ਼ਲੂਕ ਨੂੰ ਆਪਣੇ ਕਲਾਮ-ਪਾਕ ਦੇ ਰਾਹੀ "ਵਾ ਅਜ਼ਿੰਨ ਫਿਨਾਸੇ ਬਿਲ ਹੱਜੇ ਭਾਵ ਅਵਾਜ਼ ਦਿਓ, ਹੱਜ ਦੇ ਕਰਨ ਵਾਸਤੇ। ਹਜ ਕਰਨ ਲਈ ਇਸ ਲਈ ਬੁਲਾਇਆ ਕਿ, "ਫ਼ਮਨ ਹਜ਼ੁੱਲ ਬੈਤਾ ਆ ਵੇਹ ਤੱਮਾਰਾ ਫ਼ਲਾ ਜੁਨਾਹਾ ਅਲੈਹੇ", ਭਾਵ 'ਜੋ ਕੋਈ ਹੱਜ ਯਾ ਉਮਰਾ ਕਰੇਗਾ ਉਸਦੇ ਗੁਨਾਹ ਬਖਸ਼ੇ ਜਾਣਗੇ। ਜੋ ਹੱਜ ਅਤੇ ਉਮਰੇ ਦੀ ਰੀਤੀ ਨੂੰ ਕਰ ਲਏਗਾ, ਉਹ ਬਖਸ਼ਸ਼ ਦਾ ਅਧਿਕਾਰੀ ਹੈ, ਫਿਰ ਜੋ ਵੀ ਮੁਸਲਮਾਨ ਸ਼ੈਦਾਈ ਹੋ ਕੇ ਹਜ ਲਈ ਤਿਆਰੀ ਕਰ ਕੇ ਹਜ਼ਾਰਾਂ ਦਿਰਹਮ, ਖਰਚ ਕਰ ਕੇ ਜਦੋਂ ਹੱਜਲਬੈਤ ਦੇ ਦਾਇਰੇ ਵਿਚ ਪੁਜਦਾ ਹੈ, ਤਾਂ ਖੁਦਾ ਵੰਦ ਕਰੀਮ ਉਸਨੂੰ ਉਸ ਦਾਇਰੇ ਵਿਚ ਦਾਖਲ ਹੋਣ ਤੋਂ ਪਹਿਲਾਂ ਹਦਾਇਤ ਵਜੋਂ ਹੁਕਮ ਦਿੰਦੇ ਹਨ', ਯਥਾ, "ਅਤਿਮੂਅਲਹੱਜਾ ਵਲਉਮਰਾਤਾ ਲਿੱਲਾ ਫ਼ਾਇਨ ਆਹ ਸਿਰ ਤੁੰਮ ਫੱਮਸਾਤੈਸਰਾ, ਮਿਨਲਹੁਦਾ ਵਲਾ ਤਾਹਲੇਕੂ ਰਊਸਾ ਕੁੰਮ" (ਸੂਰਤ ਬਕਰ, ਪਾਰਾ ੨), ਭਾਵ: "ਪੂਰਾ ਕਰੋ ਹਜ ਅਤੇ ਉਮਰੇ ਨੂੰ, ਵਾਸਤੇ ਅੱਲਾ ਦੇ, ਪਾਸ ਜੇ ਕਰ ਆਓ ਵਿਚ ਘੇਰੇ ਦੇ ਤੁਸੀਂ, ਤਾਂ ਵਿਤ ਅਨੁਸਾਰ ਦਿਉ ਕੁਰਬਾਨੀ, ਅਤੇ ਨਹੀਂ (ਨਾ) ਮੁੰਡਵਾਓ ਸਿਰਾਂ ਆਪਣਿਆਂ ਨੂੰ"।

"ਇਸ ਤੋਂ ਸਪੱਸ਼ਟ ਹੈ ਕਿ ਹਜ ਵਾਲੇ ਪ੍ਰੇਮੀ 'ਮੁਸਲਮਾਨ' ਲਈ ਜਟਾ-ਜੂਟ ਯਾਨੀ ਸਾਬਤ ਸੂਰਤ, ਹੋ ਜਾਣਾ ਉਸਦਾ ਪਹਿਲਾ ਫਰਜ਼ ਹੋਵੇਗਾ। 'ਇਸਰਾਰੁਲ ਸ਼ਰੀਯਤ' ਦੇ ਪੰਜਵੇਂ ਬਾਬ (ਅਧਿਆਇ) ਵਿਚ ਜਿਕਰ ਆਇਆ ਹੈ ਕਿ ਇਨਸਾਨ ਨੇ ਆਪਣੀ ਖ਼ੂਬਸੂਰਤੀ ਦਾ ਵੱਡਾ ਮੁਦਾ 'ਹਜਾਮਤ' ਯਾਨੀ ਬਾਲ ਕਟਵਾਣੇ ਹੀ ਬਣਾ ਲਿਆ ਹੈ, ਪਰ ਉਸ ਨੂੰ ਭੀ ਹੱਜ ਦੇ ਦਿਨਾਂ ਵਿਚ ਸਪੱਸ਼ਟ ਤੌਰ 'ਤੇ ਮਨਾਹ ਕਰ ਦਿੱਤਾ ਗਿਆ ਹੈ ਜੋ ਉਹ ਅਤਿ ਮੁਸ਼ਕਲ ਸਮਝਦਾ ਹੈ, ਪ੍ਰੰਤੂ ਕੁਰਾਨਿ-ਪਾਕ ਵਿਚ ਇਹ ਹੁਕਮ ਹੈ ਕਿ ਕੁਰਬਾਨੀ ਕਰਨ ਵਾਲੇ ਦੇ ਸਿਰ 'ਤੇ ਉਸਤਰਾ ਨ ਫਿਰਿਆ ਹੋਵੇ ਅਤੇ ਉਤਨੇ ਦਿਨ ਜਦ ਤਕ ਸਰੀਰ ਦੀ ਸਲਾਮਤੀ ਨਹੀਂ ਰੱਖੇਗਾ, ਉਸਦਾ ਹਜਿ-ਉਮਰਾ-ਕੁਰਬਾਨੀ ਕਬੂਲ ਨਹੀਂ ਪਵੇਗੀ, 'ਇਹ ਫੈਸਲਾ ਕੁਰਾਨ ਮਜੀਦ ਦਾ ਹੈ।'

ਪਿਤਾ ਵਾਚ: "ਬਸ ਜੀ!, ਤਾਂ ਤੇ ਸਾਬਤ ਹੋ ਗਿਆ ਕਿ ਉਤਨੇ ਹੀ ਦਿਨ ਹਜਾਮਤ ਨਹੀਂ ਕਰਾਉਣੀ ਜਿਤਨੇ ਕਿ ਹੱਜ ਦੇ ਦਿਨ ਹਨ, ਹਮੇਸ਼ਾਂ ਲਈ ਤਾਂ ਨਬੀ ਅਲੈਇਸਲਾਮ ਵਸੱਲਾਮ ਦੀ ਸੁੰਨਤ ਭਾਵ ਹੁਕਮ ਦੀ ਤਾਬਿਆਦਾਰੀ ਹੀ ਕਰਨੀ ਹੈ ਨਾਂ?"

ਦਾਸ: "ਹਜ਼ਰਤ ਮੁਹੰਮਦ ਅਲੈਇਸਲਾਮ ਵਸੱਲਾਮ ਭੀ ਤਾਂ ਜਟਾ-ਜੂਟ (ਗੇਸੂਆਂ ਵਾਲੇ) ਹੀ ਰਹੇ ਹਨ? ਇਸ ਤੋਂ ਪਹਿਲਾਂ ਆਉਣ ਵਾਲੇ ਪੈਗੰਬਰ ਈਸਾ, ਮੂਸਾ, ਦਾਊਦ ਇਬਰਾਹੀਮ , ਸਾਰੇ ਹੀ ਜੁਲਫ਼ਾਂ ਯਾਨੀ ਕੇਸ ਰਖਦੇ ਸਨ ਅਤੇ ਕੋਈ 'ਸੁੰਨਤ' ਨਹੀਂ ਸੀ; ਮੈਂ ਤਾਂ ਇਹ ਸਮਝਦਾ ਹਾਂ ਕਿ ਹਰ ਉਹ ਮੁਸਲਮਾਨ, ਜੋ ਦੀਨਯਾਤ ਦੀਆਂ ਬਰਕਤਾਂ ਹਾਸਲ ਕਰਕੇ ਦਰਗਾਇ ਏਜ਼ਦੀ ਵਿਚ ਪੁਜਣ ਦੀ ਖ਼੍ਹਾਹਿਸ਼ ਰਖਦਾ ਹੈ ਅਤੇ ਆਪਣੀ ਆਯੂ ਰਬੁੱਲਆਲਾਮੀਨ ਦੀ ਨਜ਼ਰ ਕਰਨਾ ਚਾਹੁੰਦਾ ਹੈ, ਉਹਦੇ ਲਈ ਤਾਂ ਜ਼ਰੂਰੀ ਹੀ ਨਹੀਂ ਬਲਕਿ ਫ਼ਰਜ਼ੁਲਐਨ ਹੈ ਕਿ ਆਪਣੇ ਸਰੀਰ ਦੇ ਵਾਲਾਂ ਦੀ ਰਾਖੀ ਕਰੇ ਅਤੇ ਦਿੱਤੀ 'ਦਾਤ' ਦੀ ਸਲਾਮਤੀ ਨਾਲ ਦਰਗਾਹ ਵਿਚ ਪੁਜੇ, ਤੂੰ ਇਹ ਸ਼ਰਤਾਂ, ਜੋ ਮੌਜੂਦਾ ਮੁਸਲਮਾਨ ਕਰਦੇ ਹੋਏ ਆਪਣੇ ਆਪ ਨੂੰ ਪੱਕਾ 'ਮੋਮਨ' ਗਿਣਦੇ ਹਨ, ਇਹ ਵੱਡੀ ਸ਼ਿਰਾਕਤ ਅਤੇ ਖ਼ੁਦਾਈ ਮੁਕਾਬਲਾ ਹੈ। ਵੇਖੋ ਪਿਤਾ ਜੀ! ਅਜ ਹਜਾਮ (ਨਾਈ) ਦੇ ਰਾਹੀ ਬੜੀ ਮਿਹਨਤ

ਨਾਲ ਹਜਾਮਤ ਬਨਵਾਈ ਤੇ ਹਜਾਮ ਨੂੰ ਤਾਕੀਦ ਭੀ ਕੀਤੀ ਕਿ ਈਹੇ ਜਹੀ ਹਜਾਮਤ ਕਰ ਕਿ ਅਠ ਦਿਨਾਂ ਤਕ ਲੋੜ ਨਾ ਪਵੇ ਪਰ ਕਾਨੂੰਨਿ ਕੁਦਰਤ, ਦੂਜੇ ਦਿਨ ਹੀ ਆਪਣੀ ਅੰਗੂਰੀ ਦਾ ਇਜ਼ਹਾਰ (ਪ੍ਰਗਟਾਓ) ਕਰਨਾ ਸ਼ੁਰੂ ਕਰ ਦਿੰਦੀ ਹੈ, ਜੇ ਦੋ ਮਹੀਨਿਆਂ ਤਕ ਨਾਈ ਹੀ ਨ ਮਿਲੇ ਤਾ ਹਰ ਕੋਈ 'ਸਾਧੂ ਸਿੰਘ' ਕਰਕੇ ਬੁਲਾਉਣ ਲਗ ਪਵੇਗਾ, ਪਿਤਾ ਜੀ ਕੁਦਰਤ ਦਾ ਮੁਕਾਬਲਾ ਕੁਫ਼ਰਿ ਅਜ਼ੀਮ ਹੈ।"

ਪਿਤਾ ਵਾਚ: "ਬੇਟਾ, ਤੇਰੀ ਇਲਮੀ ਲਿਆਕਤ ਨੇ ਤਾਂ ਮੈਨੂੰ ਭੀ ਕਾਇਲ ਕਰ ਦਿੱਤਾ ਹੈ , ਹਕੀਕਤ ਵਿਚ ਇਹ ਸਭ ਕੁਝ ਮੈਂ ਭੀ ਭਲੀ ਪ੍ਰਕਾਰ ਜਾਣਦਾ ਹਾਂ, ਪੰਤੂ ਕੀਤਾ ਕੀ ਜਾਵੇ, ਤੁਸੀਂ ਅਗਰ ਸਦਾਇ ਹੱਕ ਬੁਲੰਦ ਕਰੋਗੇ ਤਾ ਦੀਨੀ ਮਕੌੜੇ ਤੁਹਾਡਾ ਗੋਸ਼ਤ ਤਕ ਨੋਚ ਲੈਣਗੇ, ਠੀਕ ਹੈ ਜੋ ਪ੍ਰਪਾਟੀ ਪਈ ਹੋਈ ਹੈ ਇਸਦੇ ਹੀ ਮਗਰ ਚਲੋ।"

ਦਾਸ: "ਜਜ਼ਾਕੱਲਾ! ਪਿਤਾ ਜੀ, ਆਪ ਨੇ ਸੱਚਾਈ ਦੀ ਤਾਈਦ ਕੀਤੀ ਹੈ, ਪਰ ਜੇ ਸਚਾਈ ਨੂੰ ਪ੍ਰਾਪਤ ਕਰਕੇ ਸਿੱਧੇ ਰਾਹ ਉਤੇ ਚਲਣ ਵਾਲਿਆਂ ਦੇ ਗੋਸ਼ਤ ਨੋਚੇ ਜਾਣੇ ਹਨ ਤਾਂ ਬੇਸ਼ਕ ਨੋਚੇ ਜਾਣ ਜਿਉਂ ਮੱਕੇ ਵਿਚ ਕਾਜ਼ੀ ਰੁਕਨਦੀਨ ਅਤੇ ਉਨ੍ਹਾਂ ਦੇ ਸਾਥੀਆਂ ਨੇ ਭੀ ਜਦੋਂ ਸਦਾਇ-ਹੱਕ ਬੁਲੰਦ ਕੀਤੀ ਸੀ ਤਾਂ ਸ਼ਰਈ ਲੋਕਾਂ ਨੇ ਉਨ੍ਹਾਂ ਨਾਲ ਭੀ ਇਸੇ ਤਰ੍ਹਾਂ ਹੀ ਕੀਤਾ ਸੀ। ਮੈਂ ਖ਼ੁਦ ਚਾਹੁੰਦਾ ਹਾਂ ਕਿ ਇਨਸਾਨੀ ਮਤਿ ਨਾਲੋਂ ਖ਼ੁਦਾਈ ਮਤਿ ਧਾਰਨ ਕਰਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ, ਲਕੀਰ ਦੀ ਫਕੀਰੀ ਤਾਂ ਅਵੱਸ਼ ਦੋਜਖਾਂ ਦਾ ਬਾਲਣ ਹੀ ਬਣੇਗੀ।"

ਪਿਤਾ ਜੀ, ਜੋ ਇਕ ਚੋਟੀ ਦੇ ਆਲਮ ਅਤੇ ਆਤਮਕ ਜੀਵਨ ਵਾਲੇ ਸਨ, ਮੇਰੇ ਦਿੱਲੀ ਖ਼ਿਆਲ ਸੁਣ ਕੇ ਕਿੰਨਾ ਚਿਰ ਖਾਮੋਸ਼ੀ ਨਾਲ ਮੇਰੇ ਵਲ ਵੇਖਦੇ ਰਹੇ, ਤਾਂ ਦਾਸ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ "ਯਾ ਕਿਬਲਾ! ਮੈਨੂੰ ਇਜਾਜ਼ਤ ਹੋਵੇ ਤਾਂ ਕੱਲ ਮੱਕੇ ਰਵਾਨਾ ਹੋ ਜਾਵਾਂ?" ਆਪ ਨੇ ਫੁਰਮਾਇਆ, "ਮੁਸ਼ਤਾਕ! ਮੈਂ ਸਮਝ ਗਿਆ ਹਾ ਤੇਰੀ ਸਾਰੀ ਕਹਾਣੀ ਨੂੰ, ਪਰ ਇੰਨੀ ਕਾਹਲੀ ਕੀ ਹੈ,. ਪੰਜਾਂ ਸੱਤਾਂ ਦਿਨਾ ਤਕ ਇਕੱਠੇ ਹੀ ਚਲਾਂਗੇ, ਇੰਨੇ ਚਿਰ੍ਹ ਨੂੰ ਪੰਜਾਬ ਦੇ ਹਾਜੀਆਂ ਦਾ ਕਾਫ਼ਲਾ ਭੀ ਪੁੱਜ ਜਾਵੇਗਾ?" ਪਰ ਬਹੁਤ ਜ਼ੋਰ ਦੇਣਾ ਪੂਰ ਆਪ ਨੇ ਭੀ ਤਿਆਰੀ ਕਰ ਹੀ ਲਈ। ਮੱਕੇ ਪੁਜਦਿਆਂ ਹੀ ਸਭ ਤੋਂ ਪਹਿਲਾਂ ਦਾਸ ਨੇ ਗੁਰ-

ਅਸਥਾਨਾਂ ਦੀ ਹਾਜ਼ਰੀ ਭਰੀ, ਇਥੇ ਭੀ ਖ਼ਵਾਜਾ ਜ਼ੈਨੁਲਆਬਦੀਨ ਸਾਹਿਬ ਦੀ ਅੰਸ 'ਚੋਂ ਪ੍ਰਸਿੱਧ 'ਮੁਫ਼ਤੀ ਮਹਿਬੂਬ ਰਹਿਮਾਨ' ਜੀ ਅਤੇ 'ਬਦੂ' ਖ਼ਾਨਦਾਨ 'ਚੋਂ 'ਅਹਿਮਦ ਸਾਦਿਕ' ਜੀ, ਜੋ ਨਾਨਕ-ਨਾਮ-ਲੇਵਾ ਸਨ, ਪਿਤਾ ਜੀ ਨਾਲ ਮਿਲਾਏ, ਜਿਨ੍ਹਾਂ ਨੂੰ ਮਿਲ ਕੇ ਪਿਤਾ ਜੀ ਬਹੁਤ ਪ੍ਰਸੰਨ ਹੋਏ, ਬਲਕਿ ਇਨ੍ਹਾਂ ਦੇ ਸਾਹਮਣੇ ਪਿਤਾ ਜੀ ਨੇ 'ਗੁਰੂ ਕਰਤਾਰ' ਦੀ ਬਹੁਤ ਹੀ ਸੋਭਾ ਕੀਤੀ ਅਤੇ ਇਹ ਅੱਖਰ ਕਹੇ ਕਿ "ਨਾਨਕ ਦੀ ਕਾਇਲੀਯਤ (ਖਿਚ) ਹਰ ਮੋਮਨ ਲਈ ਫਰਜ਼ ਹੈ।"

'ਆਹ ਹਾ! ਅਜੇ ਮੱਕੇ ਦੀ ਰਾਤ 'ਕਿਆਮਤ' ਜਾਪ ਰਹੀ ਸੀ, ਸਾਰੀ ਰਾਤ ਸੋਚਾਂ ਦੇ ਗੋਤਿਆਂ ਵਿਚ ਲੰਘੀ। ਹਜ ਨੂੰ ਅਜੇ ਡੇਢ ਮਹੀਨਾਂ ਬਾਕੀ ਸੀ, ਇਸ ਤੋਂ ਬਾਅਦ ਭੀ ਪਿਤਾ ਜੀ ਪਤਾ ਨਹੀਂ ਦੇਸ਼ ਨੂੰ ਕਦ ਤਕ ਰਵਾਨਾ ਹੋਣਗੇ?' ਇਨ੍ਹਾਂ ਹੀ ਖਿਆਲਾਂ ਵਿਚ ਡੁਬਕੀਆਂ ਲਾਂਦਿਆਂ ਆਪਣਾ ਸਾਰਾ ਸਾਮਾਨ ਬੰਨ੍ਹ ਹੀ ਲਿਆ ਅਤੇ ਪੰਜਾਬ ਆਉਣ ਦੀ ਮੁਕੰਮਲ ਤਿਆਰੀ ਕਰਕੇ ਪਿਤਾ ਜੀ ਤੋਂ ਵਿਦੈਗੀ ਲੈਣ ਲਈ ਹਾਜ਼ਰ ਹੋਇਆ। ਆਪ ਨੇ ਬਹੁਤ ਹੀ ਜ਼ੋਰ ਲਾਇਆ ਕਿ 'ਹੱਜ' ਮੂੰਹ ਦੇ ਅੱਗੇ (ਨੇੜੇ) ਆਇਆ ਹੋਇਆ ਹੈ, ਨ ਜਾ, ਬਦਨਸੀਬੀ ਹੈ, ਆਦਿ। ਬਹੁਤ ਉਪਦੇਸ਼ ਦਿੱਤਾ, ਪਰ ਹਠ ਦੇ ਅਗੇ ਅਤੇ ਮੇਰੇ ਖ਼ਿਆਲਾ ਦੀ ਮਜ਼ਬੂਤੀ ਸਾਹਮਣੇ ਆਪ ਜੀ ਆਗਿਆ ਦੇਣ ਲਈ ਤਿਆਰ ਤਾਂ ਹੋ ਗਏ, ਪਰ ਅੱਖਾਂ ਵਿਚ ਹੰਝੂਆ ਦਾ ਹੜ ਲੈ ਕੇ ਫ਼ੁਰਮਾਉਣ ਲੱਗੇ: "ਬੇਟਾ, ਤੁਹਾਡੀ ਰਜ਼ਾ ਹੈ, ਵੇਖਿਓ ਸਿਧੇ ਘਰ ਪੁਜਣਾ, ਰਸਤੇ ਵਿਚ ਕਿਧਰੇ ਬਹੁਤਾ ਕਿਯਾਮ (ਟਿਕਾਓ) ਕਰਨ ਦੀ ਕੋਸ਼ਿਸ਼ ਨ ਕਰਨੀ, ਮੈਂ ਭੀ ਹੱਜ ਤੋਂ ਬਾਅਦ ਬਹੁਤ ਛੇਤੀ ਰਵਾਨਾ ਹੋ ਆਵਾਂਗਾ, ਮੇਰੇ ਪੁਜਣ ਉਤੇ ਮੈਂ ਤੈਨੂੰ ਘਰ ਵੇਖਾ, ਜੱਦੇ, ਅਦਨ, ਕਰਾਚੀ ਆਦਿ ਅਸਥਾਨਾਂ ਤੇ ਨ ਠਹਿਰਣਾ।"

**ਜੱਦੇ ਪੁਜਣਾ:**

ਮੱਕੇ ਸ਼ਰੀਫ਼ ਤੋਂ ਅਲਵਿਦਾ ਕਰਨ ਲਈ ਪਿਤਾ ਜੀ ਇਕ ਮੀਲ ਸ਼ਹਿਰ ਤੋਂ ਬਾਹਰ ਤਕ ਆਏ, ਮੇਰੇ ਤਬਦੀਲ ਖ਼ਿਆਲ ਉਨ੍ਹਾਂ ਦੇ ਦਿਲ ਵਿਚ ਚੰਗੀ ਤਰ੍ਹਾਂ ਘਰ ਕਰ ਚੁੱਕੇ ਸਨ, ਬਾਰ-ਬਾਰ ਇਹ ਤਾਕੀਦ ਕਰਦੇ ਕਹਿੰਦੇ ਸਨ: 'ਵੇਖੀਂ। ਰਸਤੇ ਵਿਚ ਜ਼ਿਆਦਾ ਦੇਰ ਨਹੀਂ ਠਹਿਰਣਾ, ਘਰ ਪੁਜ ਕੇ ਮੈਨੂੰ ਛੇਤੀ ਹੀ ਚਿੱਠੀ ਲਿਖੀਂ।' ਵਿਰਾਗ 'ਚ ਅੱਖਾਂ ਤੋਂ ਜਲ ਵਹਾ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਨਿਸ਼ਚਾ ਹੋ

ਚੁਕਾ ਸੀ ਕਿ ਇਸਦਾ ਹੁਣ ਮੁਸਲਮਾਨ ਰਹਿਣਾ ਮੁਸ਼ਕਲ ਹੀ ਜਾਪਦਾ ਹੈ। ਆਖਰੀ ਅਲਵਿਦਾ ਤੋਂ ਉਪਰੰਤ ਦਾਸ 'ਜੱਦੇ' ਪੁਜਾ, ਤਾਂ ਇਥੇ ਭੀ ਹਜ਼ੂਰ ਦੇ ਪਵਿੱਤਰ ਅਸਥਾਨ ਜੋ 'ਮਾਈ ਹੱਵਾ ਸਾਹਿਬ' ਦੀ ਕਬਰ ਦੇ ਲਾਗੇ ਹੈ, ਦੇ ਦਰਸਨ ਕੀਤੇ। ਇਥੋਂ ਦੇ ਪੁਜਾਰੀ ਖ਼ੁਦਾ ਰਸੀਦਾ ਤੇ ਗੁਰੂ ਜੀ ਦੇ ਅਤਿ ਪਿਆਰੇ ਸਨ; ਇਨ੍ਹਾ ਦੱਸਿਆ ਕਿ ਮੈਂ ਹਰ ਪੂਰਨਮਾਸ਼ੀ ਨੂੰ ਕਰਾਚੀ 'ਸਚਖੰਡ, ਗੁਰਦੁਆਰਾ ਸਾਹਿਬ' ਵਿਖੇ, ਜੋ ਸਿੰਧੀ ਸੰਗਤ ਦਾ ਹੈ, ਹਮੇਸ਼ਾਂ ਜਾਦਾ ਹਾਂ ਅਤੇ ਉਥੋਂ ਦੇ ਨਾਨਕ ਸ਼ੈਦਾਈਆ ਦੇ ਦੀਦਾਰ, ਮਜਲਸ ਦਾ ਅਨੰਦ ਪ੍ਰਾਪਤ ਕਰਦਾ ਹਾਂ। ਇਨ੍ਹਾ ਦੀ ਮਜਲਸ (ਸਤਿਸੰਗ) ਤੋਂ ਮੇਰੀ ਜਿੰਦਗੀ ਨੇ ਹੋਰ ਭੀ ਸ਼ਰਧਾ ਪ੍ਰਾਪਤ ਕੀਤੀ ਹੈ, ਆਪ ਨੇ ਅਪਨਾ ਸਿਦਕ ਬਿਆਨ ਕਰਦਿਆਂ ਕਿਹਾ: "ਨਾਨਕ ਨਾਮ ਨਾਲ ਆਪ 'ਖੁਦਾਵੰਦ ਕਰੀਮ' ਇਸ ਦੁਨੀਆ ਵਿਚ ਆਏ ਸਨ। ਪਰ ਆਖਰਤ ਦੇ (ਕਲਜੁਗੀ) ਲੋਕਾਂ ਨੇ ਉਨ੍ਹਾਂ ਦੀ ਪਹਿਚਾਨ ਨਹੀਂ ਕੀਤੀ। ਮਗਰ ਯਾਦ ਰੱਖੋ ਜੋ ਨਾਨਕ ਦਾ ਨਾ ਭੀ ਸੁਣ ਲਏਗਾ, ਉਹ ਬਖਸ਼ਿਆ ਜਾਵੇਗਾ।"

ਇਨ੍ਹਾ ਮਹਾਪੁਰਸ਼ਾ ਦਾ ਨਾਉ ਵਲੀਦ ਇਬਨੇ ਸਾਹਲਬ ਸੀ, ਆਪ ਬਹੁਤ ਉਚ ਜੀਵਨ ਵਾਲੇ ਸਨ, ਹਰ ਵਕਤ ਜਪੁਜੀ ਸਾਹਿਬ ਦਾ ਪਾਠ ਕਰਦੇ ਹੀ ਰਹਿੰਦੇ ਸਨ, ਇਨ੍ਹਾ ਦੇ ਕੋਲ ਕਈ ਪੋਥੀਆਂ ਅਰਬੀ ਅਤੇ ਗੁਰਮੁਖੀ ਦੀਆ ਵੇਖਣ ਵਿਚ ਆਈਆ ਸਨ। ਹੁਣ ਇਨ੍ਹਾਂ ਦੀ ਸੰਗਤ ਨੇ ਮੈਨੂੰ ਆਪਣੇ ਇਰਾਦੇ ਵਿਚ ਪੱਕਾ ਤੇ ਮਜ਼ਬੂਤ ਕਰ ਦਿੱਤਾ ਸੀ ਮਾਨੋ ਚੜਦੀਆਂ ਕਲਾਂ ਸਨ।

ਯਕ ਜਮਾਨਾ ਸੁਹਬਤੇ ਬਾਔਲਿਯਾ। ਬੇਹਤਰ ਅਜ ਸਦ ਸਾਲ ਤਾਇਤ ਬੇ ਰਿਯਾ।  
ਗਰ ਤੋ ਸੰਗੇ ਖਾਰ ਓ ਮਰਮਰ ਬਵੀ। ਚੂੰ ਬਾ ਸਾਹਿਬ ਦਿਲਰਸੀ ਗੋਹਰ ਸਵੀ।  
ਹਮ ਨਸੀਨੀ ਸਾਮਨੇ ਬਾ-ਔਲੀਆ  
ਬਿਹਤਰ ਅਜ ਸਦ ਸਾਲਹ ਤਾਇਬ ਬੇ-ਰਯਾ।

ਭਾਵ: ਨੇਕ ਲੋਕਾਂ ਦੀ ਇਕ ਘੜੀ ਸੰਗਤ ਕੀਤੀ ਸੌ ਸਾਲ ਸਚੀ ਭਗਤੀ ਨਾਲੋਂ ਵਧ ਦਰਜਾ ਰੱਖਦੀ ਹੈ। ਹੇ ਇਨਸਾਨ। ਜੇ ਤੂੰ ਕੰਡੇ ਰੱਖਣ ਵਾਲੇ ਪੱਥਰ ਦੀ ਤਰ੍ਹਾਂ ਜਾ ਸੰਗਮਰਮਰ ਦੀ ਤਰ੍ਹਾਂ ਸਖ਼ਤ ਅਤੇ ਮੂਰਖ ਹੈਂ ਤਾ ਅੱਲਾ-ਲੋਕਾਂ ਦੀ ਮਜਲਬ ਕਰ ਜੋ ਤੈਨੂੰ ਹੀਰਾ ਬਣਾ ਦੇਣਗੀ।

ਯਥਾ : ਏਕ ਘੜੀ ਆਧੀ ਘੜੀ ਆਧੀ ਹੂੰ ਫੁਨ ਆਧ।

ਭਗਤਨ ਸੇਤੀ ਗੋਸਟੇ ਜੋ ਕੀਨੀ ਸੋ ਲਾਤ। (ਅੰਗ 1388)

ਤਥਾ: ਏਕ ਘੜੀ ਆਧੀ ਘੜੀ ਆਧੀ ਕੀਤੀ ਆਧ।ਤੁਲਸੀ ਸੰਗਤ ਸਾਧ ਕੀ ਕੋਟ ਘਟੇ ਅਪਰਾਧ। (ਤੁਲਸੀ ਦਾਸ)

**ਪੂਰਨ ਗੁਰੂ:**

ਪੂਰਨ ਮੁਰਸਦ ਦੀ ਪ੍ਰਾਪਤੀ ਬਿਨਾ ਨਿਜਾਤ ਦਾ ਮਿਲਨਾ ਕਠਨ ਹੈ, ਸਚਮੁਚ ਕਠਨ ਹੈ ਤਾਂ ਤੇ ਜੀਵ ਦਾ ਫਰਜ ਹੈ ਕਿ ਆਪਣੇ ਫਰਜ਼ ਦੀ ਪਛਾਣ ਕਰਦਾ ਹੋਇਆ ਆਪਣੀ ਨਿਜਾਤ (ਮੁਕਤੀ) ਦੀ ਤਲਾਸ ਵਿਚ ਯੋਗ ਗੁਰੂ ਦੀ ਤਲਾਸ਼ ਕਰੇ।

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਾਈ ਵੇਰਾ ਅਠ ਸਠ ਤੀਰਥਾ ਦੀ ਯਾਤਰਾ ਕੀਤੀ ਸੀ। ਪੰਤੂ ਆਖਰੀ ਯਾਤਰਾ ਕਰਕੇ ਮੁੜਦੀ ਵੇਰਾ ਅੰਬਾਲੇ ਦੇ ਇਲਾਕੇ ਜਗਾਧਰੀ ਕੋਲੋਂ ਲੰਘਦਿਆ ਆਪ ਦੇ ਸਾਥੀ, ਬੈਰਾਗੀ ਸਾਧੂ, ਨੇ ਕਿਹਾ ਕਿ 'ਸੂਰਜ ਸਿਖਰ ਤੇ ਆਉਣ ਕਰਕੇ ਗਰਮੀ ਦੀ ਅਤਿ ਹੋ ਚੁੱਕੀ ਹੈ, ਇਹ ਸਾਹਮਣੇ ਘਣੀ ਛਾਉਂ ਵਾਲਾ ਬੋਹੜ ਦਾ ਬਿਰਛ ਹੈ, ਇਥੇ ਕੁਝ ਸਮਾ ਆਰਾਮ ਕਰ ਲਈਏ' ਤਾ ਆਪ ਬਿਰਾਜ ਗਏ, ਸਾਧੂ ਭੀ ਸੌਂ ਗਿਆ ਤਾ ਥੋੜ੍ਹੀ ਦੇਰ ਦੇ ਬਾਅਦ ਇਕ ਬ੍ਰਾਹਮਣ, ਜੋ ਇਲਮੇ 'ਜਫ਼ਰ' (ਕਾਮਿਯਾਬੀ) ਤੋਂ ਜਾਣੂ ਸੀ, ਆਇਆ ਅਤੇ ਅਮਰਦਾਸ ਜੀ ਨੂੰ, ਗੋਡੇ ਉਤੇ ਦੂਜੀ ਲਤਿ ਰਖ ਕੇ ਸੁਤਾ ਵੇਖ, ਜਦੋਂ ਪੈਰ ਵਿਚ ਪਦੰਮ ਰੇਖਾ ਵੇਖੀ ਤਾ ਝਟ ਨਮਸਕਾਰ ਕੀਤੀ। ਅਮਰਦਾਸ ਜੀ ਨੇ ਸਾਵਧਾਨ ਹੋ ਅਸੀਸ ਦਿੱਤੀ ਅਤੇ ਅਠਸਠ ਤੀਰਥਾ ਦਾ ਲਿਆਂਦਾ ਪ੍ਰਸਾਦ ਪੰਡਤ ਨੂੰ ਦੇਣ ਲਗੇ, ਤਾ ਬ੍ਰਾਹਮਣ ਮਰਯਾਦਾ ਅਨੁਸਾਰ, ਪੰਡਤ ਨੇ ਪੁਛਿਆ, 'ਮਹਾਰਾਜ ਤੁਹਾਡਾ ਗੁਰੂਦੇਵ ਕੌਣ ਹੈ?' ਤਾਂ ਆਪ ਜੀ ਨੇ ਕਿਹਾ, "ਅਜੇ ਗੁਰੂ ਤਾ ਕੋਈ ਨਹੀ ਧਾਰਨ ਕੀਤਾ।" ਇਹ ਅੱਖਰ ਸੁਣਦਿਆਂ ਪੰਡਤ ਨੇ ਠਠੰਬਰ ਕੇ ਕਿਹਾ, "ਅੱਛਾ, ਮਹਾਰਾਜ ਜੀ। ਜਦ ਆਪ ਗੁਰੂ ਧਾਰਨ ਕਰੋਗੇ ਓਦੋਂ ਪ੍ਰਸਾਦ, ਤਥਾ 'ਦਛਣਾ' ਭੀ ਲਵਾਗੇ।" ਇਹ ਬਚਨ ਸੁਣਕੇ ਨਾਲ ਦਾ ਸਾਥੀ, ਜੋ ਬੈਰਾਗੀ ਸਾਧੂ ਸੀ, ਭੜਕ ਕੇ ਉਠਿਆ ਅਤੇ ਕਹਿਣ ਲੱਗਾ, "ਓਏ ਨਿਗੁਰੇ ਅਮਰਦਾਸ। ਤੇਰਾ ਗੁਰੂ ਕੋਈ ਨਹੀ? ਬੜਾ ਜੁਲਮ ਕੀਤਾ ਈ, ਮੈਂ ਤੇਰੇ ਹੱਥਾਂ ਦਾ ਜਲ-ਪਾਨ ਛਕਦਾ ਰਿਹਾ ਹਾ। ਉਏ

ਨਿਗੁਰਿਆ। ਤੈਂ ਤਾਂ ਮੇਰਾ ਤੀਰਥ, ਬਰਤ, ਦਾਨ ਸਭ ਕੁਝ ਨਸ਼ਟ ਕਰ ਦਿੱਤਾ ਹੈ"। ਇਹ ਦੁਰਘਟਨਾ ਵੇਖਕੇ ਅਮਰਦਾਸ ਜੀ ਸਚੇ ਗੁਰੂ ਦੀ ਪ੍ਰਾਪਤੀ ਦੀ ਤਲਾਸ਼ ਵਿਚ ਸਤਿਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਪੁਜੇ ਸਨ। ਗੁਰੂ ਘਰ ਦੀਆ ਸੇਵਾ-ਪੂਰਨ ਘਾਲਾਂ ਘਾਲ ਕੇ ਆਪ ਜਗਤ ਗੁਰੂ ਹੋਏ।

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹੇ ਬਣ ਆਵੈ॥

ਠੀਕ ਹੈ ਸੰਸਾਰੀ ਵਿਅਕਤੀ (ਚਾਹੇ ਉਹ ਦੁਨੀਆਂ ਦੀ ਵਿਦਿਆ ਪੜ੍ਹ ਕੇ ਮਹਾਂ ਪੰਡਤ ਭੀ ਹੋ ਜਾਵੇ, ਪੰਤੂ) ਪੂਰੇ ਗੁਰੂ ਦੀ ਦੀਖਿਆ ਅਤੇ ਅਮਲ ਤੋਂ ਬਿਨਾ ਮਹਾਂ-ਮੂਰਖ ਹੈ।

ਤਥਾ: 'ਨ ਹੋ ਜਿਸ ਮੇਂ ਅਮਲ ਔਰ ਹੋ ਕਿਤਾਬੋਂ ਮੇ ਲਦਾ। ਜ਼ਫ਼ਰ ਉਸ ਆਦਮੀ ਕੋ ਹਮ ਤਸੱਵਰ ਬੈਲ ਕਰਤੇ ਹੈਂ।'

ਯਥਾ: ਜੇ ਸੌ ਚੰਦਾ ਉਗਵੇ ਸੂਰਜ ਚੜੇ ਹਜ਼ਾਰ।

ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।

ਭਾਵ: ਹਜ਼ਾਰਾਂ ਲੱਖਾਂ ਸੂਰਜਾਂ-ਚੰਦਰਮਿਆਂ ਦੇ ਹੁੰਦਿਆਂ, ਨਿਗੁਰੇ ਲਈ ਅਨੇਰਾ ਹੀ ਅਨ੍ਹੇਰਾ ਹੈ। ਮੁਕੰਮਲ ਗੁਰੂ ਜਾਂ ਮੁਰਸ਼ਦ ਤੋਂ ਬਿਨਾਂ ਹਕੀਕਤ ਦੀ ਪ੍ਰਾਪਤੀ ਔਖੀ ਹੈ। ਕਾਮਲ ਗੁਰੂ ਸਿਧੀ ਡੰਡੀ ਭਾਵ ਰਾਹੇ ਪਾ ਦਿੰਦਾ ਹੈ। ਉਸ ਕਾਮਲ ਦੀ ਰਹਿਨਮਾਈ ਵਿਚ ਜੀਵ ਨੇ ਆਪਣੀ ਮਿਹਨਤ ਨਾਲ ਮਨਜ਼ਲੇ ਮਕਸੂਦ ਉਤੇ ਪੁਜਣਾ ਹੁੰਦਾ ਹੈ। 'ਅੱਲਾਮਾਂ' ਇਕਬਾਲ ਨੇ ਕਿਹਾ ਸੀ:

ਅਮਲ ਸੇ ਜ਼ਿੰਦਗੀ ਬਨਤੀ ਹੈ ਜੰਨਤ ਭੀ ਜਹੱਨਮ ਭੀ

ਯੇਹ ਖ਼ਾਕੀ ਅਪਨੀ ਫਿਤਰਤ ਮੇਂ ਨ ਨੂਰੀ ਹੈ ਨ ਨਾਰੀ ਹੈ।

ਜੱਦੇ ਸ਼ਰੀਫ਼ ਵਾਲੇ ਮਹਾਤਮਾ ਦੇ ਦੀਦਾਰ ਅਤੇ ਮੰਜ਼ਲ-ਇ-ਮਕਸੂਦ ਦੀ ਪਕਿਆਈ ਦੇ ਉਪਦੇਸ਼ ਲੈ ਕੇ ਜਦੋਂ 'ਅਦਨ' ਵਲ ਤਿਆਰੀ ਹੋਈ ਤਾਂ ਕਾਫ਼ਲਾ ਤਾਰੀਕ-ਅਨ੍ਹੇਰੀ ਰਾਤ 'ਚੋਂ ਰੇਗਿਸਤਾਨੀ ਠੇਰੀਆਂ (ਉਚਾਈਆਂ) ਲੰਘਣਾ ਅਬੂਰ ਕਰ (ਲੰਘ) ਰਿਹਾ ਸੀ, ਕਿ ਇਕ ਗੈਬੀ ਆਵਾਜ਼ ਸੱਜੀ ਗੁਠ ਤੋਂ ਸੁਣਾਈ ਦਿੱਤੀ, ਜੋ ਅਤਿ ਰਸੀਲੀ ਤੇ ਸਜਦਾਰ ਸੀ।

ਯਥਾ: ਐ ਦਿਲ! ਖੁਦਾ ਸੇ ਦਿਲ ਲਗਾ। ਸੁਨ ਕਾਨ ਸੇ ਹਮਦੇ (ਸਿਫਤ) ਖੁਦਾ। ਔਰ ਮੂੰਹ ਸੇ ਉਸ ਕਾ ਗੀਤ ਗਾ।

ਰਹਿ ਸੁਹਬਤਿ ਮੇਂ। ਔਰ ਜਿਕਰੇ ਪਰਵਰਦਗਾਰ ਮੇਂ। ਨਾ-ਪਾਕ ਸੇ ਹੋ ਪਾਕ ਜਾ। ਇਕ ਅਜਦਹ ਕੀ ਤਰਾ ਸੇ। ਯੇ ਮੌਤ ਮੂੰਹ ਖੁਹਲੇ ਹੋਏ। ਬਸ ਫਿਰ ਰਹੀ ਹੈ ਮੁਜਫਿਕਾ। ਅੰਮਰੋਜ। ਫਰਦਾ ਮੇਂ ਤਜੇ। ਹੇ ਲੈਨੇ ਵਾਲੀਆਨ ਕੋ। ਹਾਂ, ਦਿਲ ਮੇਂ ਆਪਣੇ ਜਾਨ ਜਾ। ਇਸ ਗੈਬ ਕੀ ਅਵਾਜ਼ ਕੋ ਸੁਨ ਕਾਨ ਧਰ। ਬੰਦੇ ਖੁਦਾ ਕੋ ਯਾਦ ਕਰ। ਹੈ ਵਕਤ ਗੁਜਰਾ ਜਾ ਰਹਾ।

ਇਸ ਗੈਬੀ ਸਦਾ (ਆਵਾਜ਼) ਨੂੰ ਸੁਣ ਕੇ ਵਿਰਾਗ ਦਾ ਸੋਮਾ ਵਗ ਤੁਰਿਆ, ਅਤੇ ਇਖ਼ਤਿਆਰੀ ਮੂੰਹ ਚੋਂ ਬਬਾਗੇ ਦਹਲ (ਉੱਚੀ ਕਰਕੇ) ਇਹ ਅਖਰ ਨਿਕਲੇ:

ਦਰ ਦੇ ਦਿਲ ਕਿਸ ਸੇ ਕਹੂੰ, ਮੈਂ ਮੁਬਤਲਾਏ ਇਸਕ ਕਾ।
ਸਭ ਕੀ ਖਿਦਮਤ ਮੇ ਹੈ ਦਿਲ, ਦਰ ਮਿਸਲਿ ਸਗ (ਕੁੱਤਾ) ਹੈ ਫਿਰ ਰਹਾ।
ਯਾਦਿ-ਹੱਕ ਸੇ ਬੇਖ਼ਬਰ, ਜਾਇਆ ਹੈ ਇਨਸਾਨੀ ਵਜੂਦ।
ਆਰਜੂ ਰਾਹਤ ਕੀ ਤਰਹੈ, ਲੇਕਿਨ ਮਯੱਸਰ ਰੰਜੋ ਹੂਦ।

ਉਤਰ ਵਿਚ ਫੇਰ ਆਵਾਜ਼ ਆਈ ਜਿਸਨੇ ਡਗਮਗਾਦੀ ਬੇੜੀ ਨੂੰ ਬੰਨੇ ਲਾ ਦਿੱਤਾ:

ਢੂੰਡਨੇ ਸਹਿਰਾ ਮੇ ਕਿਸ ਲੀਏ ਜਾਓ ਕਹੀ।
ਵੋਹ ਮੁਹੀਤੇ ਕੁਲ ਮਕੱਦਸ ਜਬਕਿ ਤੁਮਸੇ ਹੈ ਕਰੀ।
ਦਿਲ ਮੇ ਹੈ ਵੋਹ ਜੈਸੇ ਗੁਲਮੇ ਬੂ ਹੋ ਯਾ ਸੀਸੇ ਮੇ ਆਬ।
ਦਿਲ ਹੀ ਮੇਂ ਢੂੰਡ ਐ ਬ੍ਰਾਦਰ, ਹੈ ਯਹੀ ਉਸਕੀ ਜਨਾਬ।
ਜਾਨ ਲੇ ਹੈ ਜਾਹਿਰੋ ਬਾਤਨ ਉਸੀ ਕੀ ਏਕ ਜਾਤ।
ਮੁਰਸਦੇ ਬਰੱਹੱਕ ਨੇ ਹੈ ਯਹ ਅਕਲ ਕੀ ਬਤਲਾਈ ਬਾਤ।
ਹੁਕਮ ਯੇਹ ਨਾਨਕ ਕਾ ਹੈ, ਜੋ ਮਿਟ ਸਕਤਾ ਨਹੀ।
ਜੰਗੇ ਸੁਬਹਾ ਗਰ ਨੇ ਹਾਸਲ, ਮਾਰ੍ਹਫਤ ਹੋ ਨਫ਼ਸ ਕੀ।

ਬਸ ਫਿਰ ਕੀ ਸੀ। ਸਾਰੇ ਸ਼ਕ-ਸੁਭੇ ਨਵਿਰਤ ਹੋ ਗਏ। ਜੱਦੋ ਵਾਲੇ ਮਹਾ-ਪੁਰਸ਼ਾਂ ਦੇ ਬਚਨਾਂ ਤੋਂ ਕਰਾਚੀ ਦੇ ਵਸਨੀਕ 'ਸਚਖੰਡ ਗੁਰਦੁਆਰੇ' ਦੇ ਪ੍ਰੇਮੀਆਂ ਦੀ ਜੋ ਤੀਬਰ ਇੱਛਾ, ਦਰਸਨ ਕਰਨ ਦੀ, ਸੀ ਉਹ ਭੀ ਨਵਿਰਤ ਹੋ

ਗਈ, ਅਤੇ ਹੁਣ ਕੇਵਲ ਉਹ ਤਾਕੀਦ ਜੋ ਪਿਤਾ-ਬੁਜ਼ਰਗਵਾਰ ਨੇ ਟੁਰਦੀ ਵੇਰਾ 'ਸਿਧਾ ਘਰ ਪੁਜਣ' ਲਈ ਕੀਤਾ ਸੀ, ਬਸ, ਪਿਦਰੀ ਹੁਕਮ ਦੀ ਤਾਮੀਲ ਵਿਚ ਇਕ ਵੇਰਾਂ ਘਰ ਪੁਜਣਾ ਹੀ ਆਪਣਾ ਫਰਜ਼ ਅਤੇ ਈਮਾਨ ਜਾਣਿਆ।

**ਆਪਣੇ ਘਰ 'ਮੀਰਪੁਰ' ਪੁਜਣਾ:**

੧ ਮਈ ੧੯੩੦ ਨੂੰ ਆਪਣੇ ਸਫ਼ਰ ਨੂੰ ਤੈਅ ਕਰਕੇ, ਜਦ ਘਰ ਪੁਜਾ, ਤਾ 'ਮੂਸਾ ਨਠਾ ਗੋਰ ਤੋਂ ਅੱਗੇ ਗੋਰ ਖੜੀ'। ਕਸ਼ਮੀਰੀ ਮੁਸਲਮਾਨਾ ਨੇ ਚੌਧਾ ਮੁਤਾਲਬੇ (ਨੁਕਤੇ) ਕਸ਼ਮੀਰ ਸਰਕਾਰ ਨੂੰ ਪੇਸ ਕਰਕੇ ਬੜਾ ਭਾਰੀ ਅੰਦੋਲਨ ਮਚਾਇਆ ਹੋਇਆ ਸੀ ਕਿ 'ਕਸ਼ਮੀਰ ਵਿਚ ੮੫ ਫੀਸਦੀ ਮੁਸਲਮਾਨਾ ਦੀ ਆਬਾਦੀ ਹੈ, ਸਾਡੇ ਹਕੂਕ ਮਹਿਫੂਜ਼ ਕੀਤੇ ਜਾਣ'। ਮੁਤਾਲਬੇ ਚੂੰ ਕਿ ਜ਼ਰੂਰਯਾਤ ਤੋਂ ਜ਼ਾਇਦ (ਲੋੜ ਤੋਂ ਜ਼ਿਆਦਾ) ਸਨ, ਕਸ਼ਮੀਰ ਸਰਕਾਰ ਨੇ ਇਨਕਾਰ ਜੇਹਾ ਕੀਤਾ, ਤਾਂ ਸ਼ਰਈ ਲੋਕਾਂ ਨੇ ਐਜੀਟੇਸ਼ਨ ਖੜਾ ਕਰਨ ਲਈ ਇਕ ਵਜਹਿ ਬਣਾਈ ਕਿ 'ਜੰਮੂ ਵਿਚ ਕੁਰਾਨ ਪੜ੍ਹਦੇ ਮੁਸਲਮਾਨ ਨੂੰ ਇੱਕ ਹਿੰਦੂ ਨੇ ਲੱਤ ਮਾਰੀ ਹੈ।' ਇਸ ਦੀ ਤਹਿ ਵਿਚ ਅੰਗੁਸ਼ਤ (ਉਂਗਲੀ) ਭਾਵੇਂ ਅੰਗ੍ਰੇਜ਼ ਦੀ ਸਰੀਹਨ (ਸ਼ਹਿ) ਸੀ, ਪਰ ਮੁਸਲਮਾਨੀ ਜੋਸ਼ ਨੇ ਕਸ਼ਮੀਰ ਵਿਚ ਹੰਗਾਮਾ-ਨੁਮਾ ਸ਼ੋਰਸ਼ ਬਰਪਾ (ਪੈਦਾ) ਕਰ ਦਿੱਤਾ। ਇਹ ਜੋਸ਼ ਜੋਬਨ ਵਿਚ ਆਇਆ ਹੀ ਸੀ ਕਿ ਅਰਬ 'ਚੋਂ ਪਿਤਾ ਜੀ ਸਤੰਬਰ ੧੯੩੦ ਨੂੰ ਘਰ ਪੁਜ ਗਏ। ਆਪ ਦੇ ਆਉਣ ਪੁਰ ਜੰਮੂ-ਕਸ਼ਮੀਰ ਦੇ ਮੁਸਲਮਾਨਾ ਦੀ ਬੜੀ ਭਾਰੀ ਇਕੱਤਰਤਾ ਹੋਈ ਜਿਸ ਵਿਚ 'ਮਜਲਸਿ ਐਹਗਰੁਲ ਇਸਲਾਮ' ਦੀ ਕਾਇਮੀ ਅਤੇ ਇਸੇ ਜਮਾਤ ਦੀ ਸਰਪ੍ਰਸਤੀ ਵਿਚ 'ਜਿਹਾਦ' ਦਾ ਫ਼ਤਵਾ ਪਾਸ ਕਰ ਦਿੱਤਾ ਗਿਆ। ਬਸ ਫੇਰ ਕੀ ਸੀ, ਮੁਲਾਣਿਆ ਨੇ ਹੰਗਾਮਾ-ਇ-ਅਜ਼ੀਮ ਬਰਪਾ (ਜਾਰੀ) ਕਰ ਦਿੱਤਾ। ਫਿਰਕਾ-ਪ੍ਰਸਤੀ ਦੇ ਉਗਾਲੇ (ਉੱਗਣ) ਦੀ ਦੇਰ ਸੀ ਕਿ ਜਾਹਿਲੀਯਤ (ਪਾਗਲਪਣ) ਨੇ ਉਛਾਲਾ ਖਾਧਾ; ਗਾਜ਼ੀਆਂ, ਲੁਟੇਰਿਆਂ ਨੇ ਆਪਣੇ ਹੱਥਾ ਵਿਚ ਛਵੀਆਂ-ਤਲਵਾਰਾਂ ਅਤੇ ਬਗਲਾਂ ਵਿਚ (ਕੱਛਾ ਹੇਠ) ਛੁਰੀਆਂ ਦਬਾ ਕੇ ਮਾਸੂਮ ਹਿੰਦੂ ਦੇ ਕਤਲੋ-ਗਾਰਤ ਲਈ ਚੜ੍ਹ ਪਏ (ਹਮਲੇ ਹੋਏ)। ਇਥੋਂ ਤਕ ਕਤਲੇਆਮ ਹੋਇਆ ਕਿ ਜ਼ੁਲਮ ਦੀ ਹਦ ਵੇਖ ਕੋਹਿ-ਪੀਰਪੰਜਾਲ ਭੀ ਕੰਬ ਉਠਿਆ। ਅਰਸ਼ਾਂ ਤੇ ਭੀ ਹਾਹਾਕਾਰ ਜਾ ਪੁਜੀ ਤੇ ਦੈਂਤਾਂ ਅਤੇ ਦੂਤਾ ਨੇ ਲਹੂ

ਦੇ ਖ਼ਪਰ ਭਰ-ਭਰ ਪੀਤੇ ਅਤੇ ਤ੍ਰਿਪਤ ਹੋਏ। ਮਾਸੂਮ ਅਬਲਾਵਾਂ-ਦੇਵੀਆਂ ਦੇ ਥਣ (ਛਾਤੀਆਂ) ਕੱਟੇ ਜਾ ਰਹੇ ਸਨ। ਸਤਰ (ਸੱਥਰ) ਢਾਏ ਜਾ ਰਹੇ ਸਨ; ਅੰਨ-ਧਨ ਦੀ ਲੁੱਟ-ਘਸੁਟ ਅਤੇ ਹਦੋਂ ਵਧ ਜ਼ੁਲਮ ਅਤਿ ਵਾਧੇ ਵਿਚ ਸੀ।

**ਸ਼ੋਰਸ਼-ਇ-ਕਸ਼ਮੀਰ:**

'ਮਜਲਸਿ ਐਹਰਾਰੁਲ ਇਸਲਾਮ' ਦੇ ਪ੍ਰਧਾਨ-ਮੰਤਰੀ ਕਸ਼ਮੀਰ ਇਲਾਕੇ ਵਲੋਂ, ਸੈਖ਼ ਅਬਦੁੱਲਾ ਸ਼ੇਰਿ-ਕਸ਼ਮੀਰ, ਅਤੇ ਜੰਮੂ-ਪੁੰਛ (ਪੁਣਛ) ਵਲੋਂ ਕਰਤਾ ਨਿਮਨ-ਅਖਰ (ਮੁਸ਼ਤਾਕ ਹੁਸੈਨ) ਦੇ ਵਾਲਿਦ ਸਾਹਿਬ (ਸੱਯਦ) ਨਿਯਤ ਹੋਏ ਸਨ, ਜਿਨ੍ਹਾਂ ਦੀ ਸਰਪ੍ਰਸਤੀ ਵਿਚ ਇਹ ਨੇਕ ਕੰਮ ਅਰੰਭ ਕੀਤਾ ਗਿਆ ਸੀ।

ਮੀਰਪੁਰ ਤੋਂ ਨੇੜੇ 'ਪਣਯਾਲ' ਨਾਮੀ ਪਿੰਡ ਦੇ ਜ਼ੈਲਦਾਰ ਚੌਧਰੀ ਫਜਲਇਲਾਹੀ, ਜੋ ਬਚਪੰਨ ਤੋਂ ਹੀ ਮਿਤਰਤਾ ਰੱਖਦੇ ਸਨ, ਦਾਸ ਦੇ ਖ਼ਿਆਲਾਂ ਦੇ ਹਮਰਾਹੀ ਬਣੇ ਅਤੇ ਦੋਹਾਂ ਨੇ ਇਸਲਾਮ ਦੇ ਖਿਲਾਫ ਜਿਹਾਦ ਅਰੰਭ ਦਿੱਤਾ। ਇਹ ਗੁਰਮੁਖ ਆਪਣੀ ਜ਼ੈਲ ਵਿਚ ਬਾਗੀ ਜ਼ਿਮੀਦਾਰਾਂ ਤੋਂ ਮਾਲੀਆ ਉਗਰਾਹੁਣ ਗਏ ਤਾਂ ਤਿੰਨਾਂ-ਚੋਹਾਂ ਪਿੰਡਾਂ ਨੇ ਮਿਲਕੇ ਹਮਲਾ ਕਰ ਦਿੱਤਾ। ਆਪਣੇ ਬਚਾਓ ਲਈ ਇਨ੍ਹਾਂ ਪਿਸਤੌਲ ਦੇ ਫਾਇਰ ਕੀਤੇ, ਬਾਗੀ ਲੋਕ ਮਰਨ ਅਤੇ ਫੱਟੜ ਹੋਣ ਦੇ ਬਾਅਦ ਤਿੱਤਰ-ਬਿੱਤਰ ਹੋ ਗਏ। ਸਰਕਾਰ ਨੇ ਦਿਖਾਵੇ-ਮਾਤਰ ਗ੍ਰਿਫ਼ਤਾਰ ਕਰਕੇ ਜੰਮੂ ਭੇਜ ਦਿੱਤੇ। ਮੇਰੇ ਤੋਂ ਜਿਨ੍ਹਾਂ ਮੁਲਾਣਿਆਂ ਨੂੰ ਆਪਣੇ ਹਲਵੇ-ਮਾਂਡੇ (ਮੌਜ-ਮਾਇਆ) ਦਾ ਖ਼ਤਰਾ ਜਾਪਦਾ ਸੀ, ਉਨ੍ਹਾਂ ਨੇ ਪਿਤਾ ਜੀ ਪਾਸ ਸ਼ਕਾਇਤ ਕੀਤੀ ਕਿ "ਜਿਨ੍ਹਾਂ ਇਲਾਕਿਆਂ ਵਿਚ ਅਸੀਂ ਤੂਫ਼ਾਨ ਬਰਪਾ ਕਰਦੇ (ਮਚਾ ਦਿੰਦੇ) ਹਾਂ ਉਨ੍ਹਾਂ ਨੂੰ ਹੀ ਸਾਡੇ ਖਿਲਾਫ ਭੜਕਾ ਕੇ ਲੜਾਈ ਲਈ ਤਿਆਰ ਕਰ ਦਿੰਦਾ ਹੈ। ਖਾਸ ਕਰਕੇ ਸਿੱਖਾਂ ਨਾਲ ਇਸਦੀ ਬਹੁਤੀ ਰਫਾਕਤ (ਹਮਦਰਦੀ) ਹੈ।"

ਪਿਤਾ ਜੀ ਮੇਰੇ ਖ਼ਿਆਲਾਂ ਤੋਂ ਅਰਬ-ਧਰਤੀ ਦੇ ਸਮੇਂ ਹੀ ਜਾਣੂ ਤਾਂ ਹੋ ਚੁਕੇ ਹੋਏ ਸਨ, ਪਰ ਦੀਨ ਦੇ ਮੁਲਾਣਿਆਂ ਦੇ ਕੀਰਨੇ ਸੁਣ ਕੇ ਆਪ ਨੇ ਹੇਠਲੀ ਚਿੱਠੀ ਮੈਨੂੰ ਲਿਖ ਘੱਲੀ:

ਯੂਹਿਬੁਨਾਹੰਮ, ਮੁਸਤਾਕ, ਸਲਮੱਲਾ ਹੋ ਤਆਲਾ।

ਬਰਖ਼ੁਰਦਾਰ, ਆਜ ਮੁਝੇ ਮੌਲਵੀ ਮੁਹੰਮਦ ਅਬਦੁੱਲਾ ਲੱਦਤਵੀ, ਅਤੇ ਮੌਲਵੀ ਸਿਆਖਵੀ ਮਿਲਨੇ ਆਏ ਤੇ ਉਨਹੋ ਨੇ ਆਪ ਕੀ ਬਹੁਤ ਹੀ ਸਕਾਯਾਤ ਪੇਸ਼ ਕੀ ਹੈ। ਬੇਟਾ ਮੈਂ ਤੁਮਹਾਰੇ ਖਿਆਲ ਅੱਛੀ ਤਰ੍ਹਾਂ ਸੇ ਜਾਨਤਾ ਹੂੰ ਲੇਕਿਨ ਦੁਨੀਆ ਹਰ ਮੁਮਕਿਨ ਤੌਰ ਪਰ ਰਖਨੀ ਹੀ ਪੜ੍ਹਤੀ ਹੈ; ਅਗਰ ਆਪ ਤਹਿਰੀਕ-ਇ-ਹਾਜ਼ਾ ਕੀ ਇਮਦਾਦ ਨਹੀਂ ਕਰਨਾ ਚਾਹਤੇ ਹੈਂ ਤੋ ਮੁਖਾਲਫਤ ਨਾ ਕਰੋ, ਖਾਮੋਸ਼ ਆਪਣੇ ਮਕਾਨ ਪਰ ਬੈਠੀਏਗਾ, ਬਾਹਰ ਜਾਨੇ ਕੀ ਯਾ ਕਿਸੀ ਕੋ ਕੁਛ ਕਹਿਨੇ ਕੀ ਕੋਈ ਜ਼ਰੂਰਤ ਨਹੀਂ ਹੈ। ਮੀਆ ਬਦੀਉੱਜਮਾਨ ਸਾਹਿਬ ਆ ਰਹੇ ਹੈਂ, ਜੋ ਕਹੇਂ ਅਮਲ ਕਰਨਾ ਹੋਗਾ।

'ਖ਼ਾਮੋਸ਼ੀ ਬਿਹਤਰ ਅਸਤ ਅਜ਼ ਰੰਜੇਹੂਦ।' ਇਲਲਬਲਾਗ।

(੨ ਦਸੰਬਰ ੧੯੩੦) (ਗੀਲਾਨੀ, ਜਮੂੰ ਤਵੀ)

ਮੌਲਵੀ ਬਦੀਓਜੱਮਾਨ ਨੇ ਚਿੱਠੀ ਦੇ ਨਾਲ-ਨਾਲ ਜ਼ੁਬਾਨੀ ਭੀ ਬਹੁਤ ਕੁਝ ਕਿਹਾ ਪ੍ਰੰਤੂ ਇਨ੍ਹਾ ਦੇ ਰਾਹੀ ਹੀ ਹੇਠ ਲਿਖਿਆ ਉਤਰ ਭੇਜਿਆ:

"ਮੁਹਿਬੀ ਕਿਬਲਾ ਏ ਅਜ਼ੀਮ, ਸਰਫੁੱਲਾਤੇ ਤਆਲਾ ਮਿੰਨਸੱਲਾਮ।

ਤਹੀਯਾਤੇ ਕਾਮਲਾ ਵਾ ਫਾਦਲਾ ਕੇ ਬਾਅਦ ਖੁਲਾਸਾ ਮਾਫ਼ੀ ਜ਼ਮੀਰ ਅੰਦਾ, ਤਹਰੀਕ ਬਰ ਵਰਕ ਦਸਤੇਜ ਪਾਕ ਆਂ ਜੁਨਾਬ ਹਾਸਲ ਹੋਈ ਹਕੀਰੁਲ ਪਿਦਰ, ਪਿਦਰੀ ਹਦਾਇਤ ਕਾ ਮਸਕੂਰੇ (ਸੁਕਰਗੁਜ਼ਾਰ) ਮਮਨੂਨ ਹੈ, ਲੇਕਿਨ ਅਫਸੋਸ ਹੈ ਇਸਲਾਮ ਕੀ ਇਸ ਹਾਲਤਿ-ਨਾਜ਼ੁਕ ਪਰ। ਕਿਬਲਾ ਸਾਇਦ ਆਂ ਜ਼ਾਤਿ-ਮੁਕੱਦਸ ਕੋ ਯਾਦ ਹੋਗਾ, ਕਿ ਬੰਦਾ ਨੇ ਮਦੀਨੇ ਕੇ ਦਿਨੋਂ ਮੇਂ ਆਪ ਕੋ ਅਰਜ਼ ਕੀਯਾ ਥਾ, ਕਿ ਤਾਲੀਮ ਕੁਰਾਨੀ ਪਰ ਅਮਲ ਨ ਹੋਨਾ ਹੀ ਸਾਬਤ ਕਰਤਾ ਹੈ ਕਿ ਕੁਰਾਨੀ ਇਲਹਾਮ ਨਾ-ਮੁਕੰਮਲ ਹੈ। ਇਲਹਾਮਿ-ਰੱਬਾਨੀ ਤਾਸੀਰ ਰਖਤਾ ਹੈ। ਕੁਰਾਨ ਇਸ ਅਮਰ ਸੇ ਮੁਬੱਰਾ ਹੈ। ਕੁਰਾਨਿ-ਕਰੀਮ ਕੀ ਤਾਲੀਮ ਇਰਸਾਦ ਫਰਮਾਤੀ ਹੈ ਕਿ (1) ਵਕਤਿ ਹਾਕਮ ਕੀ ਤਾਬਿਆਦਾਰੀ ਮੇਰੀ ਤਾਬਿਆਦਾਰੀ ਹੈ। (੨) ਜਿਹਾਦ ਕਾ ਫਤਵਾ ਖ਼ਲੀਫਾਤੁਲ ਇਸਲਾਮ, ਯਾਨੀ ਮੁਸਲਮਾਨ ਬਾਦਸਾਹ ਹੀ ਦੇ ਸਕਤਾ ਹੈ। (3) ਝੂਠ ਬੋਲਨੇ ਵਾਲੇ ਪਰ ਖ਼ੁਦਾ ਕੀ ਲਾਅਨਤ ਹੈ, ਲਾਅਨਤੁਲਾ ਹੇ ਅਲਲ ਕੌਮਿਲ ਕਾਜ਼ਬੀਨ।"

"ਯੇਹ ਹੈ ਤਾਲੀਮਿ-ਕੁਰਾਨੀ ਜਿਸ ਕੋ ਇਸ ਵਕਤ ਕਾ ਇਸਲਾਮ ਤਲਾਜਲੀ ਦੀਏ ਬੈਠਾ ਹੈ, ਜ਼ੁਲਮ ਕੇ ਲੀਏ ਕੁਰਾਨ ਮੇਂ ਖੁਦਾਵੰਦ ਕਰੀਮ ਕੀ ਜਾਨਿਬ ਸੇ ਲਾਅਨਤ ਲਿਖੀ ਹੈ"। ਜੈਸਾ ਕਿ 'ਲਾਅਨਾਤੁੱਲਾ ਹੇ ਅਲਲ ਕੌਮਿਜ਼ਾਲਮੀਨ।' ਫਿਰ ਦੇਖੋ 'ਲਾਇਕਰਾਹਾ ਫਿੱਦੀਨੇ ਕੱਤਬਯਤੇ ਮਿਨਰੁਸੱਦ।' (ਐ ਦੀਨ ਵਾਲੋ ਦੀਨ ਤੁਮਹੇ ਜਬਰ ਨਹੀਂ ਸਿਖਾਤਾ, ਅਗਰ ਜਬਰ ਕਰੋਗੇ ਤੋ ਜਾਲਮੋਂ ਕੀ ਕਤਾਰ ਮੇਂ ਸੁਮਾਰ ਕੀਏ ਜਾਓਗੇ ਜਿਨ ਕੇ ਲੀਏ ਲਾਅਨਤ ਹੈ)।

ਕਿਬਲਾ। ਆਪ ਖ਼ੁਦ ਇਨਸਾਫ਼ਪਸੰਦੀ ਸੇ ਦੇਖੀਏਗਾ, ਕਿਆ ਇਸਲਾਮ ਮੇਂ ਦੀਨ (ਕੁਰਾਨ) ਕੀ ਤਾਮੀਲ ਹੈ? ਬਸ ਕੁਛ ਭੀ ਹੈ? ਫਿਰ ਭੀ ਮੌਜੂਦਾ ਕੁਰਾਨ ਕੀ ਤਾਮੀਲ ਮੇ ਮਜ਼ਲੂਮੋਂ ਕੀ ਰਾਖੀ, ਔਰ ਸਿਤਮ ਕਾ ਮੁਕਾਬਲਾ ਕਰੂੰਗਾ।

ਹਾਂ ਆਪ ਕੀ ਤਾਮੀਲ ਭੀ ਮੇਰੇ ਲੀਏ ਵਾਜਬੁਲਮਲਜ਼ੂਮ ਹੈ, ਬਹਿਰ ਹਾਲ ਆਪ ਫਕੀਰ ਹੈ ਔਰ ਯੇਹ ਜ਼ੁਲਮ ਹੈ।"

ਇਹੀ ਚਿੱਠੀ ਮੌਲਵੀ ਮੁਜ਼ਕੂਰ (ਜਿਕਰ ਅਧੀਨ) ਜੋ ਸਾਡੇ ਨਿਕਟ-ਵਰਤੀ ਸਨ, ਦੇ ਰਾਹੀਂ ਘਲੀ ਗਈ।ਇਧਰ ਸੋਰਸ ਦਾ ਹਤ ਤੁਅਸਬ ਰੂਪ ਵਿਚ ਇਥੋਂ ਤਕ ਵਧ ਚੁੱਕਾ ਸੀ ਕਿ ਨਿਕਟੀ ਭੀ ਦੂਰੀ ਇਖ਼ਤਿਆਰ ਕਰ ਚੁੱਕੇ ਸਨ। ਇਸ ਸ਼ਖਸ ਨੇ ਚਿੱਠੀ ਬਜਾਏ ਪਿਤਾ ਜੀ ਦੇ, ਮੌਲਵੀ ਮੁਹੰਮਦ ਅਬਦੁੱਲਾ ਸਿਆਖਾ ਵਾਲੇ ਨੂੰ ਜਾ ਦਿੱਤੀ ਜੋ 'ਮਜਲਸਿ-ਐਹਰਾਰ', ਦੇ ਜਨਰਲ ਸੈਕਟਰੀ ਸਨ।

ਚਿੱਠੀ ਕੀ ਸੀ। ਮੌਲਵੀ ਮਜ਼ਕੂਰ ਨੂੰ ਸਿਕਾਰ ਹਥ ਆਇਆ: ਜੁੰਮੇ ਵਾਲੇ ਦਿਨ ਪੰਜਾਹ ਹਜ਼ਾਰ ਮੁਸਲਮਾਨਾ ਦੇ ਇਕੱਠ ਵਿਚ ਚਿੱਠੀ ਉਨ੍ਹਾ ਲੋਕਾ ਨੂੰ ਵਿਖਾਈ ਜੋ ਸਰਈ ਜੋਸ ਤੇ ਤੁਅੱਸਬ ਵਿਚ ਅੰਨ੍ਹੇ ਹੋ ਚੁਕੇ ਹੋਏ ਸਨ। ਅੱਖਾ ਵਿਚ ਕਤਲੋਗਾਰਤ ਦੀ ਖੁਮਾਰੀ ਸੀ ਅਤੇ ਮਨਾ ਵਿਚ ਇਹ ਧਾਰਨ ਕਰ, ਨਮਾਜ ਦਾ ਬਹਾਨਾ ਲਾ, ਇਕੱਠੇ ਹੋਏ ਸਨ, ਕਿ ਸ਼ਹਿਰੀ ਹਿੰਦੂਆ ਨੂੰ ਲੁਟਣਾ ਹੈ। ਮਾਲਿ-ਗ਼ਨੀਮਤ ਯਾਨੀ ਲੋਟੀ ਦਾ ਮਾਲ, ਹਾਸਲ ਕਰਨਾ ਹੈ, ਬਹੂ-ਬੇਟੀਆ ਦੀਆ ਇਜਤਾ ਲਾਹੁਣੀਆ ਹਨ, ਨਾਮ-ਨਿਹਾਦ (ਨਾਮ ਧਰੀਕ) ਦੀਨੀ ਦੀਨਦਾਰਾਂ ਦੇ ਸਾਹਮਣੇ ਮੌਲਵੀ ਨੇ ਚਿੱਠੀ ਦੀ ਅਸਲੀਅਤ ਤਾਂ ਨ ਜਾਹਰ ਕੀਤੀ, ਕਰਦਾ ਵੀ ਕਿਸ ਤਰ੍ਹਾ? ਆਪਣੀਆਂ ਰੋਟੀਆ ਵਿਚ ਭੰਗ ਪੈਂਦੀ ਸੀ। ਆਪਣੀਆ ਕਰਤੂਤਾ 'ਤੇ ਚਾਦਰ ਪਾਉਣ ਲਈ, ਖੁਤਬੇ ਦੇ ਦੌਰਾਨ, ਇਹ ਬਨਾਵਟ ਘੜੀ ਕਿ ਇਸ ਚਿੱਠੀ ਦੇ ਰਾਹੀ ਸਾਹਿਬਜਾਦਾ ਸਾਹਿਬ, ਜਿਹਾਦ ਤੋਂ ਇਨਕਾਰੀ ਹਨ। ਬੜੀ ਲਿਆਕਤ ਅਤੇ ਅਦਬ ਨਾਲ ਜਿਹਾਦ ਦਾ ਮੁਨਕਰ ਭੀ ਗਰਦਾਨ ਦਿੱਤਾ (ਕਹਿ ਦਿੱਤਾ) ਅਤੇ ਕੁਝ ਤਾਰੀਫ਼ ਕਰ ਦਿੱਤੀ। ਤੇਲੀ ਤੇ ਤੇਲੀ ਦੇ ਬਲਦ, ਫਤਵੇ ਵਾਗੂ ਮੌਲਵੀ ਦੀ ਕਮਾਲੀਯਤ ਕਮਾਲ ਕਰ ਗਈ। ਹਾਜ਼ਰੀਨਿ ਮਜਮੇਂ ਦਾ ਆਲਮਿ-ਨਫ਼ਰਤ ਅਗ ਵਾਗੂ ਬਲ ਉਠਿਆ, ਕਿਉਂ ਕਿ ਜਾਹਿਲ ਪਹਾੜੀ ਲੋਕਾ ਨੂੰ ਇਹ ਦੱਸਿਆ ਹੋਇਆ

ਸੀ ਕਿ ਜੋ ਜਿਹਾਦ ਤੋਂ ਮੂੰਹ ਮੋੜੇਗਾ ਉਹ ਕਾਫ਼ਰ ਹੋ ਜਾਏਗਾ ਅਤੇ ਮੁਸਲਮਾਨੀ ਤੋਂ ਦੁਰਕਾਰਿਆ ਜਾਏਗਾ।

ਇਸ ਮੁਸਲਿਮ ਜਾਹਿਲੀਯਤ (ਪਾਗਲਪੰਨ) ਦਾ ਜ਼ਹੂਰ ਅਜ ਕੋਈ ਨਵਾਂ ਨਹੀਂ ਸੀ ਬਲਕਿ ਉਸੇ ਹੀ ਲਾਯਾਹਕਲੀ ਦਾ ਸਬੂਤ ਸੀ ਜਿਸ ਕਰਕੇ ਹਕੀਕਤ ਦੇ ਮਾਲਕ, ਸਾਈਂ ਬੁੱਲੇਸ਼ਾਹ ਨੇ, ਜਦੋਂ ਹਕ ਦਾ ਨਾਅਰਾ ਲਾਇਆ, ਵੇਖਿਆ:

ਭਠ ਨਮਾਜ਼ਾਂ ਚਿਕੜ ਰੋਜ਼ੇ ਕਲਮੇ ਦੇ ਮੂੰਹ ਸ਼ਾਹੀ।
ਬੁੱਲੇ ਸ਼ਾਹ ਸ਼ਹੁ ਅੰਦਰ ਪਾਇਆ ਭੁਲੀ ਫਿਰੇ ਲੋਕਾਈ।

ਤਾਂ ਸ਼ਰਈ ਲੋਕਾਂ ਨੇ ਕਿਹਾ ਸੀ 'ਇਹ ਕਾਫ਼ਰ ਹੈ', ਪਰ ਅਫਸੋਸ ਜਾਹੇਲੀਯਤ ਸਮਝ ਨਾ ਸਕੀ। ਸ਼ਾਹ ਜੀ ਨੇ ਤਾਂ, "ਨਖ਼ਨੇ ਅਕਰਬੋ ਅਲੈਹੇ ਮਿਨ ਹਬਲਿਲ ਵਰੀਦ" ਇਸ ਆਯਾਤਿ-ਕੁਰਾਨੀ ਦੇ ਭਾਵ ਨੂੰ ਹੀ ਗਾਇਨ ਕੀਤਾ ਸੀ, ਜਿਸਦਾ ਭਾਵ, 'ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸਤਿ।

ਚਿਸ਼ਮੇਂ ਗਰ ਬੀਨਾ ਬਵਦ ਦਰ ਹਰ ਤਰਫ਼ ਦੀਦਾਰ ਹਸਤ।'

ਇਸਦਾ ਭਾਵ: 'ਤੈਸੇ ਹੀ ਹਰ ਬਸੇ ਨਰੰਤਰ ਘਟ ਹੀ ਖੋਜੋ ਭਾਈ'। ਔਹ ਵੇਖੋ! ਜਦ ਪੀਰ ਭੀਖਮ ਸ਼ਾਹ ਨੇ 'ਕਸ਼ਫੇਕਲੂਬ' ਅਵੱਸਥਾ ਵਿਚ ਕਾਅਬੇ ਨੂੰ ਪਿਠ ਕਰ 'ਪਟਨੇ' ਵਿਚ ਆਈ ਖੁਦਾ ਦੀ ਜ਼ਤ ਨੂੰ ਸਜਦਾ ਕੀਤਾ, ਤਾਂ ਤਮਾਮ ਮੁਰੀਦ, ਜੋ ਨੇੜੇ ਤੋਂ ਨੇੜੇ ਸਨ, ਉਹ ਭੀ ਆਲਮਿ ਤੁਅਸਬ (ਮਤਅਸਬ) ਵਿਚ ਆ ਕੇ ਕਹਿਣ ਲਗ ਪਏ ਸਨ ਕਿ 'ਪੀਰ ਕਾਫ਼ਰ ਹੋ ਗਿਆ ਹੈ।'

ਇਸੇ ਤਰ੍ਹਾਂ ਇਨ੍ਹਾਂ ਮੁਸਲਮਾਨਾਂ ਦੀ ਭੀ ਇਸ ਵਕਤ ਇਹ ਹੀ ਦਸ਼ਾ ਸੀ ਕਿ ਹਕੀਕਤ ਨੂੰ ਛੁਪਾ ਦਿੱਤਾ ਗਿਆ , ਕੁਰਾਨ ਨੂੰ ਤਲਾਂਜਲੀ ਦੇ ਦਿੱਤੀ ਗਈ, ਕੇਵਲ ਹਰਾਮ ਦੀ ਪ੍ਰਾਪਤੀ ਲਈ ਨਾਅਰਾ-ਇ-ਹਕ ਦਬਾ ਦਿੱਤਾ ਗਿਆ।

ਇਸ ਦਸ਼ਾ ਨੇ ਇਸਲਾਮੀ ਦੁਨੀਆਂ ਵਿਚ ਹਾਲਤਿ-ਨਾਜ਼ੁਕ ਪੈਦਾ ਕਰ ਦਿੱਤੀ ਸੀ ਜਿਸ ਨੂੰ ਵੇਖ ਪਿਤਾ ਬਜ਼ੁਰਗਵਾਰ ਅਤੇ ਖਾਸ ਕਰ ਮਾਤਾ ਜੀ ਅਤਿ ਵਿਆਕੁਲ ਹੋ ਗਏ ਸਨ। ਇਸ ਆਲਮਿ ਹੈਰਾਨੀ ਵਿਚ ਵਾਲਿਦ ਸਾਹਿਬ ਨੇ ਇਕ ਚਿਠੀ ਦੇ ਰਾਹੀਂ ਲਿਖਿਆ ਕਿ "ਤੇਰੀ ਜ਼ਿੰਦਗੀ ਖ਼ਤਰੇ ਵਿਚ ਜਾਪਦੀ ਹੈ, ਇਸ ਲਈ ਬਿਹਤਰ ਹੈ ਤੂੰ ਲਾਹੌਰ ਦਾਤਾ ਗੰਜਬਖਸ਼ ਸਾਹਿਬ ਚਲਾ ਜਾ ਅਤੇ ਜਿੰਨਾਂ ਚਿਰ੍ਹ ਇਹ ਸ਼ੋਰਸ਼ ਹੈ ਉਥੇ ਹੀ ਰਹੋ।"

ਇਹ ਚਿਠੀ ੧੦ ਫਰਵਰੀ ੧੯੩੧ ਦੀ ਸ਼ਾਮ ਨੂੰ ਮੀਰਪੁਰ ਆਪਣੇ ਘਰ ਮਿਲੀ ਜਿਸਨੂੰ ਪੜ੍ਹਕੇ, ਅਤਿ ਗੰਭੀਰ ਸੋਚਾਂ ਵਿਚ ਪੈ ਕੇ, ਇਸ ਮਰਹਲੇ 'ਤੇ ਪੁੱਜਾ ਕਿ 'ਉਸ ਦਾਇਰੇ ਵਿਚ ਜੀਵਨ ਨੂੰ ਪ੍ਰਵੇਸ਼ ਕਰ ਦੇਣਾ ਚਾਹੀਦਾ ਹੈ ਜਿਸ ਵਿਚ ਖ਼ੁਦਾਈ ਪ੍ਰਸਤਸ਼ ਸਹੀ ਮਾਅਨਿਆਂ ਵਿਚ ਹੁੰਦੀ ਦਿਸੇ, ਅਤੇ ਦਾਇਰੇ ਵਿਚ ਰਹਿਣ ਵਾਲੇ ਲੋਕ ਰਬ ਦਾ ਖੌਫ਼ ਰੱਖਣ ਵਾਲੇ ਹੋਣ।' ਅਫਸੋਸ! ਬ-ਸਦਹਾਂ ਅਫ਼ਸੋਸ ਹੈ ਕਿ ਜਿਸ ਕੁਰਾਨ ਨੂੰ ਖ਼ੁਦਾ ਦੀ ਕਲਾਮ ਸਮਝਿਆ ਜਾਂਦਾ ਹੈ, ਉਸਦੀ ਤਾਮੀਲ (ਅਮਲ) ਕਿਉਂ ਨਹੀਂ। ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਕਲਾਮੁੱਲਾ ਨਹੀਂ ਬਲਕਿ ਇਨਸਾਨੀ ਕਲਾਮ ਹੈ, ਇਨਸਾਨ ਭੀ ਐਸਾ ਹੈ ਜਿਸਦੀ ਰਸਨਾਂ ਵਿਚ ਤਾਸੀਰ ਨਹੀਂ ਜਾਪਦੀ।

ਮਨ-ਵਰੋਲੇ ਤੋਂ ਉਪਰੰਤ ਹੇਠ ਲਿਖੀ ਚਿੱਠੀ ਵਾਲਿਦ ਸਾਹਿਬ ਨੂੰ ਲਿਖੀ ਗਈ, ਜੋ ਆਖ਼ਰੀ ਸੀ:

"ਇਲਮ ਚੰਦਾ ਕੇ ਬੇਸ਼ਤਰ ਖ਼ਵਾਨੀ।
ਚੂੰ ਅਮਲ ਦਰ ਤੇ ਨੇਸਤ ਨਾਦਾਨੀ।
ਬਜ਼ੁਰਗਵਾਰ ਮਨ ਸਲਾਮਤ, ਅਸਲਾਮੁ ਅਲੈਕੁਲਾਵਰੈਹਮਤੁਲਾ?"

"ਅਰਜ਼ ਦਾਸ਼ਤ ਕਿ ਬੰਦਾਇ ਹਕੀਰ ਆਪ ਕੇ ਹੁਕਮ ਮੁਤਾਬਕ ਇਸ ਇਲਾਕਾ ਸੇ ਅਲਵਿਦਾ ਹੋ ਰਹਾ ਹੈ, ਇਲਾਕਾ ਮੇਂ ਜਾਹਿਲੀਯਤ, ਸਿਤਮੋ ਜ਼ੁਲਮ ਹਦ ਸੇ ਬੜ੍ਹਾ ਹੂਆ ਹੈ, ਇਨਸਾਫ਼ੋ ਅਮਲ ਕਾ ਨਾਮੋ-ਨਿਸ਼ਾਂ ਹੀ ਨਹੀਂ, ਆਲਮੋਂ ਨਫ਼ਰਤ ਖ਼ੁਦਾ ਕੋ ਭੀ ਘੂਰੀ ਦੇ ਰਹਾ ਹੈ, ਮੈਂ ਫਰਜ਼ੰਦ, ਆਪ ਕੋ ਕਿਆ ਕਹੂੰ ਔਰ ਕਿਆ ਕੇਹ ਸਕਤਾ ਹੂੰ! ਲੇਕਿਨ ਕਿਬਲਾ, ਆਪ ਮੁਰਸ਼ਦੇ ਅਵਾਮ ਹੈਂ, ਔਰ ਵਕਤ ਕੇ ਹਾਕਮ ਵਾ ਐਹਰਾਰ ਕੀ ਸਦਾਰਤ (ਪ੍ਰਧਾਨਗੀ) ਕੀ ਹੈਸੀਯਤ ਸੇ ਅੱਵਾਮ ਪਰ ਕਾਫ਼ੀ ਸੇ ਜ਼ਿਆਦਾ ਰਹਿਮ, ਇਨਸਾਫ ਕਰ ਸਕਤੇ ਹੋ, ਖ਼ਵਾਜਾ ਹਾਫ਼ਜ਼ ਸਾਹਿਬ ਫ਼ੁਰਮਾਤੇ ਹੈਂ:

'ਸਾਹ ਰਾਹ ਬੈਹ ਬਵਦ ਅਜ ਤਾਇਤੇ ਸਦ ਸਾਲਾਏ ਜ਼ੁਹਦ।
ਕਦਰ ਯਕ ਸਾਇਤੇ ਉਮਰੇ ਕਿ ਦਰੋ ਦਾਦ ਕੁਨਦ'।

ਇਨਸਾਫ ਕੀ ਘੜੀ ਸੌ ਸਾਲ ਕੀ ਇਬਾਦਤ ਸੇ ਬਿਹਤਰ ਹੈ।

ਕਿਬਲਾ, ਖ਼ੂਬ ਸ਼ੁਦ ਬਾਫ਼ਿੰਦਗੀ, ਦੇਖਲੀਏ ਆਪਕਕ ਆਲੰਮ ਸਾਹਿਬਾਨ ਭੀ ਜੋ ਇਨਸਾਫ਼ ਸੇ ਬਹਿਰਾ ਵਾ ਮਬਰਾ ਹੈ, ਅਮਲ ਸੇ ਖਾਲੀ ਹੈ; ਭਲਾ ਐਸੇ ਬੇ-ਅਮਲ ਆਲਮੋਂ ਕਾ ਕਿਆ ਹਸ਼ਰ ਹੋਗਾ।

ਨਾਹ ਮੁਹੱਕਕ ਬਵਦ ਨ ਦਾਨਸ਼ਮੰਦ। ਚਾਰ ਪਾਏ ਬਰੋ ਕਿਤਾਬਿ ਚੰਦ।
ਆਂ ਤਹੀ ਮਗਜ਼ ਰਾ ਚੇ ਇਲਮੋ ਖਬਰ। ਕਿ ਬਰੋ ਹੇਜ਼ੰਮ ਅਸਤ ਯਾ ਦਫਤਰ।
(ਸ਼ੈਖ ਸਾਅਦੀ)

ਸਿਆਣਿਆਂ ਨੇ ਕਿਹਾ ਹੈ: ਆਲੰਮ ਬੇ-ਅਮਲ ਬਮਿਸਲੇ ਮੁਰਗ ਬੇ ਪਰ।
ਆਲੰਮ ਬੇ-ਅਮਲ ਬੇ-ਅਮਲ ਬਮਿਸਲੇ ਦਰਖਤ ਬੇ ਬਰ।
ਨਾ ਹੋ ਜਿਸਮੇਂ ਅਮਲ ਅਰ ਹੋ ਕਿਤਾਬੋਂ ਸੇ ਲਾਦਾ।
ਜ਼ਫਰ ਉਸ ਆਦਮੀ ਕੋ ਹੰਮ ਤਸਵਰ ਬੈਲ ਕਰਤੇ ਹੈਂ।
ਤਾਜਦਾਰੇ ਜ਼ਫਰ (ਬਹਾਦਰ ਸ਼ਾਹ ਜ਼ਫਰ)

ਇਸ ਲੀਏ ਯੇ ਨਾਚੀਘ ਇਸ ਨਨਮੀਕਾ ਕੇ ਜ਼ਰੀਯਾ ਸੇ ਹਮੇਸ਼ਾ ਕੀ ਅਲਵਿਦਾ ਚਾਹਤਾ ਹੈ, ਤਾਕੇ (ਤਾਕਿ) ਐਸਾ ਨ ਹੋ ਕਿ ਐਸੇ ਦਾਇਰੇ ਮੈਂ ਗੌਹਰੇ ਜੀਸਤ ਹੀ ਕਹੀਂ ਬਰਬਾਦ ਨ ਹੋ ਜਾਏ:

ਬਖਵਾਹਿਮ ਬੈ ਕੁੰਜੇ ਇਬਾਦਤ ਨਿਸ਼ਸਤ।
ਕਿ ਦਰ ਯਾਬੰਮ ਈਂ ਪੰਜ ਰੋਜ਼ੇ ਕਿ ਹਸਤ।
ਤਰੀਕੱਤੇ ਬਜੁਜ਼ ਖ਼ਿਦਮਤੇ ਖ਼ਲਕ ਨੇਸਤਿ।
ਬੇ ਤਸਬੀਹੋ ਸੱਜਾਦਾ ਉਦਲਕ ਨੇਸਤਿ।
ਕਦੰਮ ਬਾਯਦ ਅੰਦਰ ਤ੍ਰੀਕਤ ਨਾਦੰਮ।
ਕਿ ਅਸਲਾ ਨ ਦਾਰਦ ਦਮੇ ਬੇ ਕਦੰਮ।

ਬਜ਼ੁਰਗਵਾਰ ਜੀਓ! ਚੂੰ ਕੇ ਯੇ ਆਖ਼ਰੀ ਅਲਖ਼ਤੂਤੇ ਨਿਸਫਲ ਮੁਲਾਕਾਤ ਹੈ, ਇਸ ਲੀਏ ਮੁਝੇ ਹਕ ਹਾਸਲ ਹੈ ਕਿ ਹਰ ਬਾਤਨ ਕੋ ਆਪ ਕੇ ਹਾਂ ਕਹਿ ਦੂੰ, ਮੱਜ਼ਹਬੀ ਜੰਗੋ-ਜਦਲ ਜਿਸਮੇਂ ਆਪ ਭੀ ਸ਼ਾਮਲ ਹੋ ਗਏ ਹੈਂ: ਦੇਖੀਏਗਾ ਮੌਲਾਨਾ ਰੂਮੀ ਕਿਆ ਅੱਛਾ ਫੁਰਮਾਤੇ ਹੈ:

ਜੰਗੋ ਹਿਮਾਲਾਂ ਬਰਾਏ ਬਾਰੇ ਮੀਂ। ਈ ਚੁਨੀਂ ਅਸਤਿ ਇਜ਼ਤੇਹਾਦੇਕਾਰੇ ਦੀਂ।

ਆਪਨੇ ਇਰਸ਼ਾਦ ਫੁਰਮਾਇਆ ਹੈ, 'ਚਲਾ ਜਾ! ਜਾ ਰਹਾ ਹੂੰ, ਯੇ ਕੈਹਤਾ ਹੂਆ:

ਖੁਦਾ ਕੇ ਬੰਦੇ ਤੋ ਹੈ ਹਜ਼ਾਰੋਂ, ਬਨੋ ਮੈਂ ਫਿਰਤੇ ਹੈਂ ਮਾਰੇ ਮਾਰੇ।
ਮੈਂ ਉਸਕਾ ਬੰਦਾ ਬਨੂੰਗਾ ਜਿਸਕੋ ਖੁਦਾ ਕੇ ਬੰਦੋਂ ਸੇ ਪਿਆਰ ਹੋਗਾ।
ਵਸੱਲਾਮੁਅਲੈ ਨਾ ਇੱਲਲਬਲਾਗ (ਮੁਸ਼ਤਾਕ, ਮੀਰਪੁਰੀ)

**ਅਰਦਾਸ ਅਤੇ ਬੀਵੀ-ਸੰਵਾਦ:**

ਇਹ ਚਿਠੀ ਡਾਕ ਦੇ ਰਾਹੀਂ ਰਵਾਨਾ ਕਰ ਪਿਆਰੀ ਮਾਤਾ ਜੀ ਨੂੰ ਨਮਸਕਾਰ ਕਰਨ ਤੋਂ ਬਾਅਦ, ਪਿਤਾ ਜੀ ਦਾ ਹੁਕਮ ਵਿਖਾਇਆ ਗਿਆ। ਉਪਰੰਤ ਆਪਣੀ ਬੀਵੀ ਨਾਲ ਸਲਾਹ-ਮਸ਼ਵਰਾ ਕੀਤਾ। ਆਪਣਾ ਮਕਸਦ ਅਤੇ ਪਿਤਾ ਜੀ ਦੇ ਇਰਾਦੇ ਮੁਤਾਬਕ ਲਾਹੌਰ ਦੀ ਤਿਆਰੀ ਭੀ ਦੱਸੀ, ਕਿ ਮੈਂ ਰਾਹਿ-ਹਕੀਕਤ ਅਤੇ ਦੀਦਾਰਿ-ਹੱਕ ਦੀ ਤਲਾਸ਼ ਲਈ ਜਾ ਰਿਹਾ ਹਾਂ, 'ਤੇਰੇ ਨਾਲ ਮੇਰਾ ਵਾਹਿਦਾ ਹੈ ਕਿ ਜੇ ਉਸ ਕਾਦਰਿ-ਮੁਤਲਕ ਨੇ ਇਸ ਰਾਹ ਵਿਚ ਮਦਦ ਕੀਤੀ ਅਤੇ ਕਾਮਯਾਬੀ ਹੋਈ ਤਾਂ ਇਕ ਦਫ਼ਾ ਤੇਰੇ ਕੋਲ ਜ਼ਰੂਰ ਪੁਜਾਂਗਾ। ਇਹ ਕਹਿ ਕੇ ਦਰਗਾਹਿ-ਏਜ਼ਦੀ ਵਿਚ ਦੁਆ ਕੀਤੀ ਕਿ 'ਹੇ ਪਾਕ-ਪਰਵਰਦਗਾਰ! ਮੈਂ ਤੇਰੀ ਤਲਾਸ਼ ਵਿਚ ਤੇਰਾ ਬਣਕੇ ਤੇਰੀ ਹਕੀਕਤ ਦੀ ਪ੍ਰਾਪਤੀ ਲਈ ਤੁਰਿਆ ਹਾਂ, ਮੈਨੂੰ ਤੇਰੀ ਹਰ ਰਜ਼ਾ ਮਨਜ਼ੂਰ ਹੋਵੇਗੀ ਪ੍ਰੰਤੂ ਹਰ ਰਾਹ ਵਿਚ ਅੰਗ-ਸੰਗ ਹੋ ਕੇ ਮੰਜ਼ਲਿ-ਮਕਸੂਦ 'ਤੇ ਪੁਚਾਉਣ ਦੀ ਕ੍ਰਿਪਾ ਕਰਨੀ।'

ਮਨ ਬਾ ਤੋ ਨਿਗੋਯੰਮ ਕਿ ਚਸਪਾਂ ਦਾਰ ਮਰਾ।
ਜ਼ਾਂ ਆਸਾਂ ਕਿ ਦਿਲਤ ਖ਼ਵਾਸਤਿ ਚੁਨਾ ਦਾਰ ਮਰਾ।

ਭਾਵ: ਐਹ ਖੁਦਾ! ਮੈਂ ਨਹੀਂ ਕਹਿੰਦਾ ਕਿ ਤੂੰ ਮੈਨੂੰ ਇਸ ਤਰ੍ਹਾਂ ਰਖ , ਯਾ ਉਸ ਤਰ੍ਹਾਂ ਰਖ, ਜਿਸ ਹਾਸਲਤ ਵਿਚ ਤੇਰਾ ਜੀ ਚਾਹੇ ਰਖ, ਮੈਂ ਹਰ ਹਾਲਤ ਵਿਚ ਤੇਰੀ ਰਜ਼ਾ ਵਿਚ ਰਾਜ਼ੀ ਹਾਂ। ਤਥਾ: ਮੈਂ ਤੁਜਸੇ ਨਹੀਂ ਕਹਿਤਾ ਹੂੰ ਯੂੰ ਰਖ ਯਾ ਵੂੰ ਰਖ। ਜੋ ਤੇਰੀ ਖੁਸ਼ੀ ਹੈ ਯਾਰ, ਹੂੰ ਰਾਜ਼ੀ ਕਰ ਰਜ਼ਾ। ਰਾਜ਼ੀ ਹੈਂ ਹਮ ਇਸੀ ਪਰ ਜਿਸ ਪਰ ਤੇਰੀ ਰਜ਼ਾ ਹੈ। ਯਾਂ ਯੂੰ ਭੀ ਵਾਹ ਵਾਹ ਹੈ, ਯਾਂ ਯੂੰ ਭੀ ਵਾਹ ਵਾਹ ਹੈ। ਇਹ ਅਰਦਾਸ (ਦੁਆਏ ਖੈਰ) ਬੀਵੀ ਨੇ ਸੁਣੀ ਤਾਂ ਵਿਆਕੁਲ ਹੋ ਕਹਿਣ ਲੱਗੀ: "ਜੀ,

ਇਉਂ ਜਾਪਦਾ ਹੈ, ਆਪ ਹਮੇਸ਼ਾ ਲਈ ਆਪਣਾ ਦੇਸ਼, ਘਰ-ਬਾਰ ਤੋਂ ਛੁਟ, ਮਾਂ-ਬਾਪ ਤਾਂ ਕਿਧਰੇ ਰਹੇ, ਇਸ ਸੇਵਕਾ ਨੂੰ ਭੀ ਛੱਡ ਰਹੇ ਹੋ; ਮੇਰੀ ਦੁਆ ਹੈ ਕਿ ਤੁਸੀਂ ਹਰ ਮਕਸਦ ਵਿਚ ਕਾਮਯਾਬੀ ਹਾਸਲ ਕਰੋ, ਕਿੰਤੂ ਮੈਨੂੰ ਭੀ ਨਾਲ ਲੈ ਚਲੋ, ਮੇਰਾ ਪਿਛੇ ਜੀ ਨਹੀ ਲੱਗੇਗਾ, ਤੁਹਾਡੇ ਬਿਨਾ ਮੇਰਾ ਇਥੇ ਕੌਣ ਹੈ? ਦੇਸ਼ ਦੀ ਹਾਲਤ ਭੀ ਨਾਜ਼ੁਕ ਹੈ, ਚੰਗਾ ਇਹ ਹੀ ਹੈ ਕਿ ਮੈਨੂੰ ਆਪਣੇ ਕਦਮਾਂ ਵਿਚ ਹੀ ਰੱਖੋ।" ਇਨ੍ਹਾ ਅੱਖਰਾਂ ਨਾਲ ਦੀਨੀ ਤਾਲੀਮ ਤੇ ਕੁਰਾਨ ਤੋਂ ਜਾਣੂ 'ਗੁਲਜ਼ਾਰ ਬੇਗਮ', ਅੱਖਾਂ ਵਿਚ ਜਲ ਦਾ ਹੜ ਲੈ, ਅਤਿ ਵਿਰਾਗਮਈ ਅਵੱਸਥਾ ਵਿਚ ਆ ਗਈ। ਇਸ ਵਕਤ ਦੀ ਹਾਲਤ ਦੋਹਾਂ ਧਿਰਾਂ 'ਤੇ ਇਕੋ ਜਿਹਾ ਅਸਰ ਰਖ ਰਹੀ ਸੀ। ਬੀਵੀ ਦੇ ਕੀਰਨੇ ਨਾਲ ਸਾਥਣ ਤੋਰਨ ਦੀ ਤਾਕੀਦ ਜਾਪਦੀ ਸੀ।

ਅੰਤ ਨੂੰ ਚਿਤ ਕਠੋਰ ਕਰ, ਧੀਰਜ ਦਿੱਤਾ, "ਗੁਲਜ਼ਾਰਾ! ਜਿਸ ਕਾਇਨਾਤ ਦੇ ਮਾਲਕ ਦੀ ਰਾਹਿ ਖੁਦਾ ਮੈਂ ਢੂਡਣ ਲਈ ਜਾ ਰਿਹਾ ਹਾਂ, ਕਸੰਮ ਹੈ ਉਸ ਪਰਵਰਦਗਾਰ ਦੀ, ਮੈਂ ਅਵੱਸ਼ ਸੀਘਰ ਵਾਪਸ ਆਵਾਗਾ, ਫਿਲਹਾਲ ਇਕ ਮੁਤਲਾਸ਼ੀ ਦੀ ਹਾਲਤ ਵਿਚ ਜਾ ਰਿਹਾ ਹਾਂ, ਤੇਰੇ ਨਾਲ ਜਾਣ ਕਰਕੇ ਮੇਰੇ ਅਸਲ ਮਕਸਦ ਵਿਚ ਰੋੜਾ ਅਟਕੇਗਾ। ਉਕਤ ਇਕਰਾਰ ਨੂੰ ਹਿਰਦੇ ਵਿਚ ਲੈ ਕੇ, ਭਗਤੀ ਵਿਚ ਜੁੜੋ, ਦੁਆ ਕਰੋ ਅਤੇ ਖੁਸ਼ੀ ਦਿਓ।"

ਸੁਣਕੇ ਗੁਲਜ਼ਾਰ ਨੇ ਦ੍ਰਿੜ੍ਹਤਾ ਧਾਰਨ ਕੀਤੀ ਅਤੇ ਵਿਸ਼ਵਾਸ ਰੂਪ ਹੋ ਕੇ 'ਵਧੋ' ਦਾ ਬਚਨ ਮੂੰਹ ਤੋਂ ਕਿਹਾ। ਆਹਾ! ਅਸਚਰਜ ਸਮਾਂ ਸੀ।

**ਲਾਹੌਰ ਪੁਜਣਾ:**

ਪਿਤਾ ਗੁਰਦੇਵ ਦੀ ਆਗਿਆ ਵਿਚ ਕਮਰਕਸਾ ਕਰ ਪਿਆਰੇ ਦੇਸ਼ ਵਲ ਇਕ ਆਖਰੀ ਨਿਗਾਹ ਗਈ ਜੋ ਅਤਿ ਚੁੰਬਕ ਰੂਪ ਸੀ , ਪਰ ਪਿਤਾ ਜੀ ਦੇ ਹੁਕਮ ਅਤੇ ਰਾਹਿ-ਹਕ ਦੀ ਤਲਾਸ਼-ਰੂਪ ਕਸ਼ਸ਼ ਨੂੰ ਧੱਕਾ ਦੇ ਕੇ 'ਅਗਾਹਾ ਕੂ ਤ੍ਰਾਘ ਪਿਛਾਹਾ ਮੋੜ ਨ ਮੋਹੜਾ..' ਤਕੜਾਈ ਦਾ ਹੌਸਲਾ ਦਿੱਤਾ। ਬਸ ਫੇਰ ਕੀ ਸੀ ਲਾਹੌਰ ਪਹੁੰਚ ਦਾਤਾ ਗੰਜਬਖਸ਼ ਸਾਹਿਬ ਦੇ ਮੁਖੀ ਮੁਜਾਵਰ ਮੁਹੰਮਦ ਸਦੀਕ ਸ਼ਾਹ ਜੋ ਵਾਲਿਦਿਮ, ਦੇ ਦਿਲਦਾਦਾ ਸਨ, ਨੂੰ ਮਿਲ ਕੇ ਰਿਹੈਸ਼ ਇਖਤਿਆਰ ਕੀਤੀ। ਸਵੇਰ ਦੀ ਨਮਾਜ਼ ਦੇ ਬਾਅਦ ਇਮਾਮ ਸਾਹਿਬ ਨੇ ਸੁਣਾਇਆ ਕਿ "ਜੁਮੇ

ਦੀ ਨਮਾਜ਼ 'ਵਜ਼ੀਰਖਾਨ' ਦੀ ਮਸਜਦ ਵਿਚ ਹੋਵੇਗੀ। ਸਭ ਮੋਮਨੀਨ ਦਾਰਿ-ਖੈਰ ਹਾਸਲ ਕਰਨ ਲਈ 1 ਵਜੇ ਪਹੁੰਚ ਕੇ 'ਕਸ਼ਮੀਰੀ ਜਿਹਾਦ' ਲਈ ਆਪਣਾ ਆਪ ਪੇਸ਼ ਕਰਨ।"

'ਕਸ਼ਮੀਰੀ ਜਿਹਾਦ' ਦਾ ਨਾਉਂ ਸੁਣ ਕੇ ਹੋਰ ਇਸਤਿਯਾਕ (ਬੇਤਾਬੀ) ਪੈਦਾ ਹੋਇਆ। ਸਮੇਂ ਸਿਰ ਜਦੋਂ 'ਵਜ਼ੀਰ ਖਾ' (ਮਸਜਿਦ) ਪੁਜੇ ਤਾ 'ਮੌਲਾਨਾ ਜਫ਼ਰਅਲੀ ਖਾਨ' ਨੇ ਬੜੀ ਜੋਸ਼ੀਲੀ ਤਕਰੀਰ ਤੋਂ ਉਪਰੰਤ ਪੰਜ ਹਜ਼ਾਰ ਦੇ ਕਰੀਬ ਮੋਮਨੀਨ ਨੂੰ ਕਿਹਾ, "ਦਿੱਲੀ ਦਰਵਾਜ਼ੇ ਤੋਂ ਬਾਹਰ ਪੰਜਾਹ ਲਾਰੀਆਂ 'ਜਨੰਤੁਲ ਫਿਰਦੌਸ' ਨੂੰ ਜਾਣ ਲਈ ਖਲੋਤੀਆ ਹਨ, (ਭਾਵ ਕਸ਼ਮੀਰ ਸੈਰਸ਼ ਲਈ)। ਜੋ ਮੋਮਨ ਜੰਨਤ ਚਾਹੁੰਦਾ ਹੈ ਇਨ੍ਹਾਂ ਲਾਰੀਆਂ 'ਤੇ ਜਾਕੇ ਸਵਾਰ ਹੋ ਜਾਵੇ। ਜੋ 'ਦੋਜ਼ਖ' ਨੂੰ ਚਾਹੁੰਦਾ ਹੈ ਉਹ ਮਸਜਦ ਤੋਂ ਨਿਕਲਦਾ ਹੀ ਮੋਚੀ ਦਰਵਾਜ਼ੇ ਵਲ ਨੂੰ ਨਿਕਲੇ।" ਜੰਨਤ ਦਾ ਨਾਉਂ ਲੈਣ ਦੀ ਦੇਰ ਸੀ, ਗਾਜ਼ੀਆਂ ਨੇ 'ਅਲਾਹੋ ਅਕਬਰ' ਦੇ ਨਾਅਰੇ ਲਾਏ ਅਤੇ ਇਕ ਛਿੰਨ-ਮਾਤਰ ਵਿਚ ਹੀ ਪੰਜਾਹ ਲਾਰੀਆਂ ਪੂਰ ਕਰ ਦਿੱਤੀਆਂ।

ਇਸ ਅਚੰਭੇ ਨੂੰ ਵੇਖਕੇ ਕਿ ਕਸ਼ਮੀਰ ਦੀ ਅੱਗ ਲਾਹੌਰ ਵਿਚ ਭੀ ਭਾਂਬੜ ਰੂਪ ਹੈ, ਇਨ੍ਹਾ ਜੰਨਤ ਦੇ ਸ਼ੈਦਾਈ ਗਾਜ਼ੀਆਂ ਦੇ ਮਗਰ-ਮਗਰ ਮੈਂ ਭੀ ਤੁਰ ਪਿਆ; ਦਿੱਲੀ ਦਰਵਾਜ਼ੇ ਤੋਂ ਬਾਹਰ ਖਲੋਤੀਆਂ ਲਾਰੀਆਂ ਗਾਜ਼ੀਆਂ ਨਾਲ ਭਰਪੂਰ ਵੇਖਣ ਵਿਚ ਆਈਆਂ।ਇਨ੍ਹਾਂ ਨੂੰ ਮੁਖਾਤਬ ਹੋ ਇਕ ਮੌਲਾਨਾ ਬੜੀ ਜੋਸ਼ੀਲੀ ਤਕਰੀਰ ਭੀ ਕਰ ਰਹੇ ਸਨ। ਇਕ ਲਾਰੀ ਦੀ ਉਤਲੀ ਛਤ 'ਤੇ ਖਲੋ ਕੇ ਇਸ ਤੂਫਾਨੀ ਟੋਲੇ ਨੂੰ ਮੁਖਾਤਬ ਕਰਕੇ ਦਾਸ (ਮੁਸ਼ਤਾਕ ਹੁਸੈਨ) ਨੇ ਭੀ ਇਹ ਕਹਿਣਾ ਸ਼ੁਰੂ ਕੀਤਾ ਕਿ "ਗਾਜ਼ੀਓ। ਖਾਹ-ਮਖਾਹ ਦੀ ਭੜਕ ਵਿਚ ਆ ਕੇ, ਕੁਰਾਨ ਤੋਂ ਬੇਮੁਖ ਹੋ ਕੇ, ਆਪਣੇ ਜੀਵਨਾਂ ਨੂੰ ਬਰਬਾਦ ਨਾ ਕਰੋ; ਕੁਰਾਨੇਕਰੀਮ ਦੇ ਇਨ੍ਹਾ ਐਹਕਾਮਾ 'ਤੇ ਅਮਲ ਕਰੋ; 'ਜਿਹਾਦ ਉੱਨਾ ਚਿਰ੍ਹ ਜਾਇਜ਼ ਨਹੀ ਹੋ ਸਕਦਾ ਜਦ ਤਕ ਸਾਹੇ ਇਸਲਾਮ ਆਗਿਆ ਨਾ ਕਰੇ'। ਦੂਸਰਾ, ਵਕਤਿ-ਹਾਕਮ ਦੀ ਤਾਬਿਆਦਾਰੀ ਖੁਦਾ ਦੀ ਤਾਬਿਆਦਾਰੀ ਹੈ। ਇਸ ਵਕਤ ਤੁਸੀਂ ਮਹਾਰਾਜਾ ਕਸਮੀਰ ਦੀ ਨਾਫ਼ੁਰਮਾਨੀ ਕਰਨ ਨੂੰ ਨਹੀਂ ਜਾਉਗੇ ਬਲਕਿ ਤੁਸੀਂ ਅਜਰੂਏਕੁਰਾਨ, ਖੁਦਾ ਦੀ ਨਾਫ਼ੁਰਮਾਨੀ

ਵਿਚ ਕਦਮ ਉਠਾਉਗੇ। ਮੋਮਨੋ! ਤੁਹਾਡਾ ਪਹਿਲਾ ਫਰਜ਼ ਹੈ ਕਿ ਕਸ਼ਮੀਰ ਦੀ ਪੋਜ਼ੀਸ਼ਨ ਤੋਂ ਜਾਣੂ ਹੋਵੋ।"

"ਅਮੀਰ ਕਾਬਲ ਦੇ ਪਾਸ ਐਹਗਰ ਕਸ਼ਮੀਰ ਨੇ ਆਪਣਾ ਵਫਦ ਇਸ ਤਹਿਰੀਕ ਦੀ ਇਮਦਾਦ ਲਈ ਭੇਜਿਆ ਸੀ ਜੋ ਅਜੇ ਤਕ ਵਾਪਸ ਨਹੀਂ ਆਇਆ। ਪ੍ਰੋਗਰਾਮ ਦੇ ਮੁਤਾਬਕ, ਜਦ ਤਕ ਵਫ਼ਦ ਦੀ ਵਾਪਸੀ ਨਹੀ ਹੁੰਦੀ ਕਸ਼ਮੀਰ ਦਾ ਮਾਮਲਾ ਮੁਲਤਵੀ ਹੋ ਚੁੱਕਾ ਹੈ । ਮੈਂ, ਕਸ਼ਮੀਰ-ਨਿਵਾਸੀ ਦੀ ਹੈਸੀਯਤ ਵਿਚ, ਤੁਹਾਨੂੰ ਸਹੀ ਹਾਲਾਤ ਤੋਂ ਜਾਣੂ ਕੀਤਾ ਹੈ।"

ਅਨ੍ਹੇਰੀ ਰਾਤ ਵਰਗੀ ਅੰਨ੍ਹੀ ਮਤਿ ਰੱਖਣ ਵਾਲੇ ਦੀਨਦਾਰ, ਜੋ ਕਿਸੇ ਮੁਲਾਣੇ ਦੇ ਭੜਕਾਏ ਹੋਏ 'ਅਲਾਹੂ ਅਕਬਰ' ਦੇ ਨਾਅਰੇ ਲਾਂਦਿਆ ਨੇ 'ਅੰਨ੍ਹੇ ਵਾਹ' ਲਾਰੀਆਂ ਭਰ ਦਿੱਤੀਆਂ ਸਨ ਮੇਰੀ ਤਕਰੀਰ ਸੁਣਦੇ ਸਾਰ ਫਿਰ 'ਨਾਅਰਾਏ ਤਕਬੀਰ' ਕਹਿੰਦੇ ਆਪਣੇ-ਆਪਣੇ ਘਰਾਂ ਨੂੰ ਤਿੱਤਰ-ਬਿੱਤਰ ਹੋ ਗਏ। ਇੰਨੇ ਨੂੰ ਹਜ਼ਰਤਿ ਜ਼ਫ਼ਰ-ਅਲੀ ਖਾਨ ਭੀ ਆ ਗਏ। ਜਦੋਂ ਸਾਰੀਆਂ ਲਾਰੀਆਂ ਖਾਲੀ ਵੇਖੀਆਂ ਤਾਂ ਘਬਰਾਕੇ ਚਿੱਲਾ ਉਠਿਆ, "ਕੀ ਸ਼ਹਿਰ ਵਿਚ ਕੋਈ ਗਾਜ਼ੀ ਨਹੀਂ ਰਿਹਾ?", ਤਾਂ ਇਕ ਨੇ ਕਿਹਾ, "ਮੌਲਾਨਾ ਸਾਹਿਬ! ਲਾਰੀਆਂ ਸਭ ਭਰ ਗਈਆਂ ਸਨ, ਪਰ ਤੁਹਾਥੋਂ ਪਹਿਲਾਂ ਇਕ ਮੌਲਵੀ ਸਾਹਿਬ ਜੀ ਕਸ਼ਮੀਰ ਤੋਂ ਆਏ ਹਨ ਉਨ੍ਹਾਂ ਨੇ ਆਪਣੀ ਤਕਰੀਰ ਵਿਚ ਦੱਸਿਆ ਹੈ ਕਿ ਮਜਲਿਸ ਐਹਰੁਲ ਇਸਲਾਮ ਕਸ਼ਮੀਰ ਨੇ ਕਸ਼ਮੀਰ ਦਾ ਮਾਮਲਾ ਬੰਦ ਕਰ ਦਿੱਤਾ ਹੈ, ਹੋਰ ਕੁਰਾਨੀ ਐਹਕਾਮ ਅਤੇ ਅਮੀਰਿ ਕਾਬਲ ਦੀ ਮਦਦ ਦਾ ਭੀ ਜ਼ਿਕਰ ਕੀਤਾ ਸੀ।" ਜ਼ਫ਼ਰ ਅਲੀ ਖ਼ਾਨ ਨੇ ਮੱਥੇ 'ਤੇ ਹੱਥ ਮਾਰ ਕੇ ਕਿਹਾ, "ਲੋਕੋ! ਨੂਰੇ ਖੁਦਾ ਹੈ ਕੁਫ਼ਰ ਕਿ ਹਰਕਤ ਪੇ ਖੰਦਾ ਜਨ। ਫੂਕੋਂ ਸੇ ਯੇ ਚਰਾਗ ਬੁਝਾਇਆ ਨ ਜਾਏਗਾ।" ਇਹ ਆਵਾਜ਼ ਜੋ ਇਸ ਤੋਂ ਪਹਿਲਾਂ ਕਿਸੇ ਨੇ ਤੁਹਾਨੂੰ ਦੇ ਕੇ ਤੁਹਾਡੇ ਗਾਜ਼ਯਾਨਾ ਜੋਸ਼ ਤੇ ਪਰਦਾ ਪਾ ਦਿੱਤਾ ਹੈ, ਉਹ ਆਵਾਜ ਸ਼ੈਤਾਨੀ ਸੀ। ਤਿਆਰ ਹੋ ਜਾਓ ਕੁਫਾਰਿ-ਕਸ਼ਮੀਰ ਨੂੰ ਤਬਾਹ ਕਰਨ ਲਈ; ਜਾਓ! ਕਸ਼ਮੀਰ ਮੋਮਨਾ ਲਈ ਜੰਨਤ ਹੈ, ਇਸਲਾਮੀ ਰਾਜ ਹਾਸਲ ਕਰਕੇ ਮਾਈ ਫਾਤਮਾਂ ਦੀ ਗੋਦ ਦੀਆਂ ਲੋਰੀਆਂ ਹਾਸਲ ਕਰੋ।" ਮੌਲਾਨਾ ਬਹੁਤ ਚਿੱਲਾਏ, ਪਰ ਇਸ ਤੋਂ ਪਹਿਲਾਂ ਦਾ ਤੀਰ ਨਿਸ਼ਾਨੇ 'ਤੇ ਲਗ ਚੁੱਕਾ ਸੀ ਜਿਸ

ਕਰਕੇ ਅਜ ਦੇ ਜੁਮੇਂ ਦੀ ਜਿਦੋ-ਜਹਿਦ, ਹਜ਼ਰਤਿ ਮੌਲਵੀ ਸਾਹਿਬ ਦੀ, ਬੇਅਰਥ ਗਈ। ਛਿਥੇ ਜਿਹੇ ਹੋ ਕੇ ਜਦੋਂ ਆਪਣੇ ਦਫਤਰ ਵਿਚ ਗਏ ਤਾਂ ਆਪ ਨੇ ਆਪਣੀ ਹੀ ਅਖ਼ਬਾਰ ਵਿਚ ਇਕ ਦਿਲਚਸਪ ਮਜ਼ਮੂਨ (ਮੁਸਲਮਾਨਾਂ ਨੂੰ ਬੇਈਮਾਨ ਹੋਣ ਤੋਂ ਬਚਾਓ) ਦੇ ਸਿਰਲੇਖ ਦਾ ਪੜ੍ਹਿਆ। ਮਜ਼ਮੂਨ ਦੇ ਖੁਲਾਸੇ ਵਿਚ ਬਹੁਤ ਕੁਝ ਸੀ ਜੋ ਦਾਸ ਨੇ ਹੀ ਲਾਹੌਰ ਦੀਆਂ ਤਮਾਮ ਅਖ਼ਬਾਰਾਂ ਵਿਚ ਛਪਣ ਲਈ ਘਲਿਆ ਸੀ। ਮਜ਼ਮੂਨ ਦਾ ਲੁਬੇ-ਲੁਬਾਬ 'ਕਸ਼ਮੀਰ ਸ਼ਰੋਸ਼' ਵਿਚ ਹਿੱਸਾ ਲੈਣ ਵਾਲਿਆਂ ਨੂੰ ਸ਼ੈਤਾਨ ਦਾ 'ਨਾਨਾ' ਸਾਬਤ ਕੀਤਾ ਗਿਆ ਜੋ ਮੁਖਤਲਿਫ ਇਸਲਾਮੀ ਕਿਤਾਬਾਂ ਦੇ ਹਵਾਲਿਆਂ ਦੇ ਆਧਾਰ 'ਤੇ ਸੀ।

ਮੌਲਾਨਾ ਮਜ਼ਮੂਨ ਪੜ੍ਹਦਿਆਂ ਮੇਰੀ ਤਲਾਸ਼ ਵਿਚ ਜਾਇ ਰਿਹੈਸ ਤੇ ਪੁਜੇ। ਜਦੋਂ ਹੋਰ ਕੋਈ ਪੇਸ਼ ਨ ਗਈ ਤਾਂ ਜੰਮੂ ਵਿਚ ਵਾਲਿਦ ਸਾਹਿਬ ਨੂੰ ਲੰਬੀ ਚੌੜੀ ਸ਼ਕੈਤੀ ਚਿਠੀ ਭੇਜੀ। ਉਤਰ ਵਿਚ ਪਿਤਾ ਜੀ ਨੇ ਮੈਨੂੰ ਹੀ ਉਕਤ ਸਰਗਰਮੀਆਂ ਤੋਂ ਰੁਕਣ ਦੀ ਤਾਕੀਦ ਕਰਦਿਆਂ ਖਾਮੋਸ਼ੀ ਦਾ ਜੀਵਨ ਇਖ਼ਤਿਆਰ ਕਰਨ ਦੀ ਹਦਾਇਤ ਭੇਜੀ।

੫

# ਤਲਾਸ਼ੇ ਹੱਕ ਦੀ ਰਾਹ ਉਤੇ

ਪਿਤਾ ਦੀ ਇਸ ਚਿੱਠੀ ਤੋਂ ਅਸਲ ਮਕਸਦ ਦਾ ਗਿਆਨ ਹੋ ਗਿਆ: "ਉਹ ਹੋ ... ਮੈਂ ਵਾਕਈ ਕਿਸੇ ਹੋਰ ਮਕਸਦ ਲਈ ਇਥੇ ਆਇਆ ਸਾਂ। ਦਾਤਾ ਸਾਹਿਬ ਤੋਂ ਨੇੜੇ ਹੀ ਆਰੀਆ ਸਮਾਜ ਦੇ ਬੜੇ ਭਾਰੀ ਸੈਂਟਰ 'ਗੁਰਦਿੱਤ ਭਵਨ' ਵਿਖੇ ਅਰੀਯਾ ਮਜ਼੍ਹਬ ਦੀ ਖੋਜ ਲਈ ਕੋਸ਼ਿਸ਼ ਅਰੰਭ ਕੀਤੀ। ਇਥੋਂ ਦੀ ਸ਼ਾਨੋਸ਼ੌਕਤ, ਅਰਬੀ-ਫਾਰਸੀ ਦੀ ਤਾਲੀਮ ਦੇ ਬੜੇ ਆਲੰਮ ਅਤੇ ਯੋਗੀਸ਼ਵਰ। ਮਨ ਅਤੀ ਪ੍ਰਸੰਨ ਹੋਇਆ, ਕਿੰਤੂ ੨੧ ਦਿਨਾਂ ਦੀ ਖੋਜ-ਪੜਤਾਲ ਤੋਂ ਉਪਰੰਤ ਜਦ ਨਿਯੋਗ ਦਾ ਮਸਲਾ ਆਇਆ ਤਾਂ ਮੁਤਨਵਹੁ (ਤ੍ਰਜਹ) ਹੋ ਸਨਾਤਨ, ਬਰਹਮੋ ਸਮਾਜ ਆਦਿ ਹਿੰਦੂ ਧਰਮਾਂ ਦੇ ਸਮਝਣ ਦੀ ਕੋਸ਼ਿਸ਼ ਵਿਚ, ੧ ਮਹੀਨਾ ਗੁਜ਼ਰ ਗਿਆ। "ਹਿੰਦੂ ਅੱਨ੍ਹਾ ਤੁਰਕੂ ਕਾਣਾ" ਦੇ ਮਿਜ਼ਦਾਕ ਮੈਂ, ਇਕ-ਅੱਖ ਵਾਲੇ ਨੂੰ ਮੂਰਤੀ ਪੂਜਕ ਤੇ ਯਗਿਓ-ਪਵੀਤ ਮਸਲਾ-ਇ-ਕਾਇਲ ਤਥਾ ਜਜ਼ਬ ਨ ਕਰ ਸਕਿਆ। ਹੁਣ ਰਾਹਿ-ਹੱਕ ਦੀ ਤਲਾਸ਼ ਕਰਦਿਆਂ ਲਾਹੌਰ ਦੀਆਂ ਗਲੀਆਂ ਦੀਵਾਨਾ-ਇ-ਮਸ਼ਕ ਬਣ ਚੁਕੀਆਂ ਸਨ।

ਇਹ ਇਸ ਵਾਸਤੇ ਸੀ, ਕਿ ਮੈਂ ਸਮਝ ਚੁਕਾ ਸਾਂ ਕਿ ਹਰ ਇਨਸਾਨ ਦੁਨੀਆਂ ਵਿਚ ਇਸ ਵਾਸਤੇ ਨਹੀਂ ਆਇਆ ਕਿ ਹੈਵਾਨਾਂ ਦੀ ਤਰ੍ਹਾਂ ਖਾਵੇ-ਪੀਵੇ, ਲੜਾਈਆਂ-ਝਗੜਿਆਂ ਵਿਚ ਹੀ ਆਪਣਾ ਜੀਵਨ ਖਚਤ ਕਰਦਾ ਚਲ ਬਸੇ। ਨਹੀਂ, ਬਲਕਿ ਸਭ ਤੋਂ ਪਹਿਲਾ ਫ਼ਰਜ਼ ਅਤੇ ਮਕਸਦ ਆਪਣੀ ਆਕਬਤ ਦੀ ਬਹਿਬੂਦੀ (ਤਰੱਕੀ) ਤਲਾਸ਼ ਕਰਨਾ ਹੈ, ਜੋ ਜਿਸਮਾਨੀ ਤੇ ਰੂਹਾਨੀ ਦੋ ਹਿੱਸਿਆਂ ਤੋਂ ਮੁਨੱਕਫ(ਅਧਾਰਿਤ) ਹੈ ਜਿਸਦੀ ਬੁਨਿਯਾਦ 'ਧਰਮ' ਹੈ, ਜਿਥੋਂ ਤਕ ਗੌਰ ਕੀਤੀ ਗਈ ਹੈ, ਸਚਾਈ, ਧਰਮ-ਭਲਾਈ, ਉਸਤਤੀ ਅਧਰਮ ਦੀਆਂ ਖ਼ਰਾਬੀਆਂ ਦਾ ਹੀ ਸਬੱਬ ਜਾਪਦਾ ਹੈ। ਕੌਣ ਚਾਹੁੰਦਾ ਹੈ ਕਿ ਉਹ ਦੁੱਖਾਂ ਦਾ ਸ਼ਿਕਾਰ ਬਣੇ ਅਤੇ ਜ਼ੁਲਮੋ-ਸਿਤਮ ਦੀ ਜ਼ਿੰਦਗੀ ਵਿਚ ਅਤਿ ਦੁਖੀਆ ਰਹੇ, ਅਰਥਾਤ ਹਰ

ਇਨਸਾਨ ਸੁਖ ਹੀ ਮੰਗਦਾ ਹੈ। ਅਕਸਰ ਵੇਖਣ ਵਿਚ ਆਇਆ ਹੈ ਕਿ ਸੰਸਾਰੀ ਜੀਵਨ ਦਾ ਮੁਖਮੰਤਵ ਨਿਜਾਤ (ਮੁਕਤੀ) ਹੀ ਹੈ ਅਤੇ ਇਹਦੇ ਲਈ ਆਪਣੀ ਵਿਤਿ ਅਨੁਸਾਰ ਹਰ ਕੋਈ ਹਥ-ਪੈਰ ਮਾਰਦਾ ਹੈ। ਪਰ ਬਾਵਜੂਦ ਇਸ ਤਰ੍ਹਾਂ ਦੀ ਖ਼ਾਹਿਸ਼ ਦੇ ਬਹੁਤ ਥੋੜ੍ਹੇ ਜੀਵ ਹਨ ਜੋ ਰਾਹਿ-ਹੱਕ ਦੀ ਤਲਾਸ਼ ਰਖਦੇ ਹਨ। ਵੇਖਿਆ ਹੈ ਕਿ ਮੰਜ਼ਲਿ-ਮਕਸੂਦ 'ਤੇ ਪੁਜਣ ਲਈ ਸਲਾਮਤੀ ਨਾਲ ਖ਼੍ਵਾਹਿਸ਼ ਤਾਂ ਬਹੁਤਿਆਂ ਦੀ ਹੈ ਪ੍ਰੰਤੂ ਚੋਰ-ਬਾਜ਼ਾਰੀ ਨੇ ਲੱਖਾਂ-ਕਰੋੜਾਂ ਦੀਆਂ ਗਿਣਤੀਆਂ ਨੂੰ ਰਾਹ ਵਿਚ ਹੀ ਚੂਰ ਕਰ ਦਿੱਤਾ। ਵਧੇਰੇ ਵੇਖਣ ਵਿਚ ਆਇਆ ਹੈ ਕਿ ਬਹੁਤੇ ਉਚ-ਮੁਨਾਰਿਆਂ 'ਤੇ ਭੀ ਚੜ੍ਹ-ਚੜ੍ਹ ਤਸੱਲੀਆਂ ਦਿੰਦੇ ਵੇਖੇ, ਪਰ ਅੰਤ ਵਿਚ ਯਾਰ-ਮਾਰ, 'ਵਿਸ਼ਵਾਸ਼ਘਾਤੀ' ਸਾਬਤ ਹੋਏ ਬਲਕਿ ਵਫ਼ਾਦਾਰੀ ਦਾ ਦੰਮ ਭਰਨੇ ਭੀ ਰਹੇ ਹੋਏ, ਪ੍ਰੀਖਿਆ ਵਿਚ ਆਏ ਹਨ ਅਤੇ ਛੁਪਿਆ ਹੋਇਆ ਧੋਖਾ ਹੀ ਧੋਖਾ ਦਿਸਿਆ।

"ਉਘੜ ਗਿਆ ਜੈਸੇ ਖੋਟਾ ਦਬੂਆ ਜਦ ਨਜ਼ਰ ਸਰਾਫ਼ਾ ਆਇਆ।"

ਐਸੇ ਬਹੁਤੇ ਮਿਲੇ ਜਿਨ੍ਹਾਂ ਦਾ ਅਸਲ ਮਕਸਦ ਠਗਣ ਦਾ, ਅਤੇ ਸਿੱਧਾ ਨਰਕਾਂ ਨੂੰ ਹੀ ਪਹੁੰਚਾਣ ਦਾ, ਹੁੰਦਾ ਹੈ; ਇਸ ਵਾਸਤੇ ਇਨਸਾਨ ਦਾ ਮੁਖ ਫਰਜ਼ ਹੈ ਕਿ ਅਕਲ, ਬੁਧੀ, ਅੱਖਾਂ ਦੇ ਹੁੰਦਿਆਂ ਅੰਧਾਧੁੰਦ ਕਿਸੇ ਦੀ ਪੈਰਵੀ ਕਿਉਂ ਕਰੇ? ਕੀ ਆਪਣੇ ਐਮਾਲ ਦਾ ਇਹ ਇਨਸਾਨ ਆਪ ਜੁਮੇਵਾਰ ਨਹੀਂ ਹੈ?

ਇਸੇ ਹੀ ਵੀਚਾਰ ਵਿਚ ਲਾਹੌਰ ਦੇ ਈਸਾਈ ਮਤਾਂ ਦੀ ਪੜਤਾਲ-ਖੋਜ ਵਿਚ ਭੀ ਜੁੜਨਾ ਪਿਆ। ਮਾਲ ਰੋਡ ਉਤੇ ਗਿਰਜਿਆਂ-ਪਾਦਰੀਆਂ ਦੇ ਨਾਲ ਤਬਾਦਲਾ-ਇ-ਖ਼ਿਆਲਾਤ ਅਤੇ 'ਬਾਇਬਲ ਸੋਸਾਇਟੀ' ਦੀ ਪੜਚੋਲ ਵਿਚ ਭੀ ਕੁਝ ਸਮਾਂ ਗੁਜ਼ਰਿਆ, ਪ੍ਰੰਤੂ ਇਨ੍ਹਾਂ ਦਾ ਮਸਲਾ, 'ਮਸੀਹ ਖ਼ੁਦਾ ਦਾ ਬੇਟਾ ਹੈ' ਇਹ ਦੀ ਤਸੱਲੀ ਨ ਹੋ ਸਕੀ, ਬਲਕਿ ਦਾਸ ਨੇ ਸਾਬਤ ਕੀਤਾ ਕਿ ਈਸਾ-ਮਸੀਹ, ਯੂਸਫ਼-ਬਖ਼ਾਰ ਦੇ ਬੇਟੇ ਸਨ (ਕਿਤਾਬ-ਮਤੀ, ਲੁਕਾ ਆਇ, ਲੂਕਾ 3/23 ਯੁਹੱਨਾ 1/45 ਆਦਿ)

ਪਾਠਕਾਂ ਦੀ ਤਫ਼ਸੀਲ ਲਈ ਸਾਰੀ ਬਹਿਸ (ਨ ਆਰੀਆ-ਸਮਾਜ ਦੀ ਤੇ ਨ ਹੀ ਹੋਰ ਸਮਾਜਾਂ ਦੀ) ਨਹੀਂ ਲਿਖੀ ਹੈ, ਕਿਉਂਕਿ ਗ੍ਰੰਥ, ਆਕਾਰ ਦੇ ਵਧ ਜਾਣ ਦਾ ਡਰ ਹੈ।

ਇਸ ਗੁਰਦਸ਼ ਦੀ ਸਰਗਰਦਾਨ (ਸਿਰਦਰਦੀ) ਪਸ਼ੇਮਾਨਗੀ (ਪਰੇਸ਼ਾਨੀ) ਨੇ ਸਰੀਰ ਨੂੰ ਅਤਿ ਚਿੰਤਾਤੁਰ ਕਰ ਦਿੱਤਾ ਹੋਇਆ ਸੀ। ਮੀਰਪੁਰ ਤੋਂ ਆਏ ਨੂੰ ਭੀ ਤਿੰਨ ਮਹੀਨੇ ਗੁਜਰ ਚੁਕੇ ਸਨ। ਪਸ਼ੇਮਾਨ ਹਿਰਦੇ ਨੇ ਅਜ ਜੁੰਮੇ ਦੀ ਨਮਾਜ਼ ਜਾਮਿਆ-ਮਸੀਤ ਵਿਚ ਪੜ੍ਹਨ ਲਈ ਨਿਯਤ ਕੀਤੀ। ਅਜ ਦਾ ਦਿਨ ਸਈਦ ਸੀ, (ਸਹਿਰੀ ਲੋਕ ਭੀ ਇਹ ਨਮਾਜ਼ ਪੜ੍ਹਨ ਲਈ ਧਾਹੋ-ਧਾਹੀ ਜਾ ਰਹੇ ਸਨ)। ਲਾਹੌਰ ਦੀ ਜਾਮਿਆ-ਮਸਜਦ ਮੁਗ਼ਲਸ਼ਾਹੀ ਦਾ ਵੱਡਾ ਨਿਸ਼ਾਨ ਹੈ। ਇਥੇ ਮੁਗ਼ਲ ਬਾਦਸ਼ਾਹਾ ਨੇ, ਅਤੇ ਲੱਖਾ ਮੁਸਲਮਾਨਾ ਨੇ, ਨਮਾਜਾਂ ਪੜ੍ਹਕੇ 'ਜੰਨਤ' ਅਥਵਾ 'ਮੁਕਤੀ' ਹਾਸਲ ਕੀਤੀ ਹੋਵੇਗੀ। ਪਰ ਇਸ 'ਕੀਟ' (ਲੇਖਕ) ਨੂੰ (ਆਪਣੇ ਉਤੇ ਸਜਦਾ ਕਰਦਿਆ) ਇਸ ਸ਼ਾਹੀ ਮਸਜਦ ਦੀ ਮਿੱਟੀ ਨੇ ਇਹ ਉਤਰ ਦਿੱਤਾ (ਸਦਾਏਗੈਬ):

(੧) ਬਰ ਜਮੀਨ ਚੂੰ ਸਜਦਾ ਕਰਦੰਮ ਜੇ ਜਮੀ ਨਿਦਾ ਬਰਆਮਦ।
ਕਿ ਮਿਰਾ ਖਰਾਬ ਕਰਦੀ ਤੋ ਬੈ ਸਜਦੇ-ਏ-ਰਿਯਾ ਈ।

(੨) ਅਜ ਖੁਦੀ ਬਗੁਜਰ ਕਿ ਤਾ ਯਾਬੀ ਖੁਦਾ। ਫਾਨੀ ਹੱਕ ਸੌਕਿ ਤਾਯਾਬੀ ਬਕਾ।

(੩) ਜੇਹਦ ਸਰਤੇ ਕਾਰ ਆਮਦ ਐ ਅਜੀਜ। ਜੇਹ ਮੈ ਕੁਨ ਜੇਹਦ ਅਗਰਦਾਰੀ ਤਮੀਜ।

(੪) ਬੇ ਮਸਾਈ ਕਸ ਨ ਮਨਜਲ ਤੋ ਨਮੂਦ। ਬਰ ਸਰੇ ਰਾਹੇ ਨਿਸਸਤ ਅਸਤੀ ਰੋ ਸੂਦ।

(੫) ਰੌ ਕਦੰਮ ਬਰ ਗੀਰਦ ਕਤਾਹ ਰਾਹ ਕੁਨ।ਬਾਅਦ ਅਜਾ ਮੰਜਲ ਬਕਸਰੇ ਸ਼ਾਹੇ ਕੁਨ।

(੬) ਬਮਨ ਮਾਹਵਕੁਨ ਖਵੇਸ ਰਾ ਆਂ ਚਨਾਂ। ਕਿ ਦੀਗਰ ਨ ਬੀਨੀ ਤੂ ਖੁਦਰਾ ਮਿਆਨ।

ਭਾਵ:

੧ ਸਜਦੇ ਵਿਚ ਜਾਂਦਿਆ ਆਵਾਜ਼ ਆਈ ਕਿ "ਓਹ ਮੱਕਾਰ! ਜਾਹਰ-ਦਾਰ ਬੰਦੇ! ਤੇਰੇ ਇਸ ਰਿਆ ਮੇਜ਼ ਸਜਦਿਆ ਤੋਂ ਤੈਨੂੰ ਕੋਈ ਫਾਇਦਾ ਹਾਸਲ ਨਹੀਂ ਹੈ ਜੋ ਤੌਹੀਦ ਅਤੇ ਸਿਦਕ ਤੋਂ ਖਾਲੀ ਹੈ"। ਧਰਤੀ ਨੇ ਕਿਹਾ: "ਮੈਨੂੰ ਭੀ ਖਰਾਬ ਨ ਕਰ"।

੨ ਖੁਦੀ ਨੂੰ ਛੋੜ ਕੇ ਹੀ ਖੁਦਾ ਦੀ ਹਕੀਕਤ ਨੂੰ ਪ੍ਰਾਪਤ ਕਰੇਂਗਾ, ਜਾਤਿ-ਹੱਕ ਵਿਚ ਲੀਨ ਹੋ ਜਾ ਤਾਂ ਜੋ ਤੈਨੂੰ ਬਕਾ ਮਿਲੇ।

੩ ਐਹ ਅਜ਼ੀਜ਼! ਜੇ ਤੂੰ ਸਮਝ-ਬੂਧੀ ਰੱਖਦਾ ਹੈਂ, ਤਾਂ ਕੋਸ਼ਿਸ਼ ਕਰ, ਜਰੂਰ ਕਾਮਯਾਬੀ ਪਾਵੇਂਗਾ।

੪ ਕੋਸ਼ਿਸ਼ ਦੇ ਬਿਨਾਂ ਕਿਸੇ ਨੂੰ ਭੀ ਮਕਸੂਦ ਦੀ ਪ੍ਰਾਪਤੀ ਨਹੀਂ ਹੋਈ, ਤੂੰ ਤਾ ਹੁਣ ਕਿਨਾਰੇ ਤੇ ਪੁਜ ਗਿਆ ਹੈਂ।

੫ ਚਲ ਉਠਾ ਕਦਮ ਚੁਕ, ਸਫ਼ਰ ਤੈਹ ਹੋ ਗਿਆ ਈ, ਹੁਣ ਦਰਗਾਹ ਵਿਚ ਦਾਖ਼ਲ ਹੋ, ਜਿਸ ਵਿਚ 'ਅਨੰਦ ਹੀ ਅਨੰਦ' ਹੈ।

੬ ਮੇਰੇ ਵਿਚ ਆਪਣਾ ਆਪ ਇਸ ਤਰ੍ਹਾਂ ਲੀਨ ਕਰ ਕਿ ਤੈਨੂੰ ਹੋਰ ਕੋਈ ਦੂਜਾ ਦਿੱਸੇ ਹੀ ਨਾ। ਆ, ਅਭੇਦ ਹੋ, ਮੰਜ਼ਲ ਮੁਕ ਚੁਕੀ ਹੈ।

ਕੁਦਰਤੀ ਅਤੇ ਗੈਬ ਦੀ ਆਵਾਜ਼ ਨੂੰ ਜਦੋਂ ਵਿਹਲ ਦਿੱਤੀ ਤਾ ਸਿਰ ਚੁਕ ਕੇ ਵੇਖਿਆ ਕਿ ਇਹ ਆਵਾਜ਼ ਕਿਥੋਂ ਆਈ ਸੀ? ਜਦੋਂ ਸੋਹਦ (ਸੋਧ) ਨ ਹੋਈ ਤਾਂ, ਬਾਕੀ ਦੀ ਨਮਾਜ਼ ਛੋੜ, ਮਸੀਤ ਤੋਂ ਬਾਹਰ ਬਾਰਾਦਰੀ ਵਾਲੇ ਪਾਸੇ ਪੌੜੀਆਂ ਉਤੇ ਖਲੋਕੇ ਇਸ ਵੀਚਾਰ ਵਿਚ ਗੀਟੀਆਂ ਗਿਣ ਰਿਹਾ ਸਾਂ, ਕਿ ਚੌਥੀ ਆਵਾਜ਼ ਵਿਚ ਕਿਹਾ ਗਿਆ ਹੈ ਕਿ, 'ਤੂੰ ਹੁਣ ਕਿਨਾਰੇ 'ਤੇ ਪੁਜ ਚੁੱਕਾ ਹੈਂ', ਜੇ ਇਹ ਠੀਕ ਹੈ, ਤਾਂ ਮੈਨੂੰ ਮਕਸੂਦ ਦੀ ਰਾਹ ਮਿਲ ਜਾਣੀ ਚਾਹੀਦੀ ਹੈ। ਜਾਮਿਆ ਮਸੀਤ ਦੀਆਂ ਪੌੜੀਆ ਉਤੇ ਬੈਠਾ ਵਿਰਾਗ-ਮਈ ਅਵੱਸਥਾ ਵਿਚ ਰੁਦਨ-ਰੂਪ ਹੋ ਕੇ ਇਹ ਗਾ ਰਿਹਾ ਸਾ:

ਮਨ ਤੋ ਸੁਦੰਮ ਤੋ ਮਨ ਸੁਦੀ, ਮਨ ਤਨ ਸੁਦੀ ਤੂ ਜਾਂ ਸੁਦੀ।
ਤਾਂ ਕਸ ਨ ਗੋਯੰਦ ਬਾਅਦ ਅਜੀ ਮੰਨ ਦੀਗਰੰਮ ਤੂ ਦੀਗਰੀ।
ਤਥਾ ਜਬ ਸਿਰ ਸਜਦ ਮੇਂ ਥਾ ਤੋ ਜਮੀਂ ਸੇ ਆਈ ਥੀ ਨਿਦਾ।
ਤੇਰਾ ਦਿਲ ਤੋ ਸਨੰਮ ਹੈ ਆਸਨਾ ਤੁੱਝੇ ਕਿਆ ਮਿਲੇਗਾ ਨਮਾਜ ਮੇਂ।
ਤਰ ਕੇ ਸਲਾਤ ਕਰਕੇ ਯਾ ਰਬ, ਖੜਾ ਹੂੰ ਦਵਾਰ ਪਰ।
ਆ ਦੇ ਦੀਦਾਰ ਛੇਤੀ, ਯਾ ਰਬ ਤੂੰ ਦੇਰ ਨ ਕਰ।
ਅਜ ਚਾਰ ਦਿਨ ਦਾ ਫ਼ਾਕਾ ਹੈ, ਅਰ ਤੰਗ ਹੂੰ ਇਸ ਜਾਨ ਸੇ।
ਯਾ ਇਲਾਹੀ ਵਸਲ ਦੇ, ਯਾ ਕੂਚ ਕਰ ਜਹਾਨ ਸੇ।

## ਗੁਰਦਵਾਰਾ ਡੇਹਰਾ ਸਾਹਿਬ ਪਹੁੰਚਣਾ:

ਇਸ ਦਸ਼ਾ ਵਿਚ ਆਤਮਾ ਕਲਪ ਰਹੀ ਸੀ ਕਿ ਬਾਰਾਦਰੀ ਦੀ ਪਾਰਲੀ ਸੜਕ ਤੋਂ ਇਕ ਸਫੇਦਰੀਸ (ਚਿਟ-ਦਾੜ੍ਹੀਏ) ਸਿੱਖ ਅਤਿ ਪਾਕੀਜ ਮੂਰਤ ਜਾਂਦੀ ਦਿਸੀ। ਬਸ ਦੇਰ ਕੀ ਸੀ। ਇਸ ਮੂਰਤੀ ਨੂੰ ਵੇਖਦਿਆਂ 'ਅਰਬ' ਦਾ ਸਾਰਾ ਸਮਾਚਾਰ, ਜੋ ਪਿਛੇ ਜਿਕਰ ਵਿਚ ਆ ਚੁੱਕਾ ਹੈ , ਸਾਹਮਣੇ ਆ ਗਿਆ ਅਤੇ ਦੌੜ

ਇਸ ਗੁਰਦਸ਼ ਦੀ ਸਰਗਰਦਾਨ (ਸਿਰਦਰਦੀ) ਪਸ਼ੇਮਾਨਗੀ (ਪਰੇਸ਼ਾਨੀ) ਨੇ ਸਰੀਰ ਨੂੰ ਅਤਿ ਚਿੰਤਾਤੁਰ ਕਰ ਦਿੱਤਾ ਹੋਇਆ ਸੀ। ਮੀਰਪੁਰ ਤੋਂ ਆਏ ਨੂੰ ਭੀ ਤਿੰਨ ਮਹੀਨੇ ਗੁਜ਼ਰ ਚੁਕੇ ਸਨ। ਪਸ਼ੇਮਾਨ ਹਿਰਦੇ ਨੇ ਅਜ ਜੁੰਮੇ ਦੀ ਨਮਾਜ਼ ਜਾਮਿਆ-ਮਸੀਤ ਵਿਚ ਪੜ੍ਹਨ ਲਈ ਨਿਯਤ ਕੀਤੀ। ਅਜ ਦਾ ਦਿਨ ਸਈਦ ਸੀ, (ਸ਼ਹਿਰੀ ਲੋਕ ਭੀ ਇਹ ਨਮਾਜ਼ ਪੜ੍ਹਨ ਲਈ ਧਾਹੇ-ਧਾਹੀ ਜਾ ਰਹੇ ਸਨ)। ਲਾਹੌਰ ਦੀ ਜਾਮਿਆ-ਮਸਜਦ ਮੁਗ਼ਲਸ਼ਾਹੀ ਦਾ ਵੱਡਾ ਨਿਸ਼ਾਨ ਹੈ। ਇਥੇ ਮੁਗ਼ਲ ਬਾਦਸ਼ਾਹਾਂ ਨੇ, ਅਤੇ ਲੱਖਾਂ ਮੁਸਲਮਾਨਾਂ ਨੇ, ਨਮਾਜ਼ਾਂ ਪੜ੍ਹਕੇ 'ਜੰਨਤ' ਅਥਵਾ 'ਮੁਕਤੀ' ਹਾਸਲ ਕੀਤੀ ਹੋਵੇਗੀ। ਪਰ ਇਸ 'ਕੀਟ' (ਲੇਖਕ) ਨੂੰ (ਆਪਣੇ ਉਤੇ ਸਜਦਾ ਕਰਦਿਆਂ) ਇਸ ਸ਼ਾਹੀ ਮਸਜਦ ਦੀ ਮਿੱਟੀ ਨੇ ਇਹ ਉਤਰ ਦਿੱਤਾ (ਸਦਾਏਗੈਬ):

(੧) ਬਰ ਜਮੀਨ ਚੂੰ ਸਜਦਾ ਕਰਦੰਮ ਜ਼ੇ ਜਮੀ ਨਿਦਾ ਬਰਆਮਦ।
ਕਿ ਮਿਰਾ ਖ਼ਰਾਬ ਕਰਦੀ ਤੋਂ ਬੈ ਸਜਦੇ-ਏ-ਰਿਯਾ ਈ।

(੨) ਅਜ ਖ਼ੁਦੀ ਬਗੁਜ਼ਰ ਕਿ ਤਾ ਯਾਬੀ ਖ਼ੁਦਾ। ਫ਼ਾਨੀ ਹੱਕ ਸੈਕਿ ਤਾਯਾਬੀ ਬਕਾ।

(੩) ਜੋਹਦ ਸਰਤੇ ਕਾਰ ਆਮਦ ਐ ਅਜ਼ੀਜ਼। ਜੋਹ ਮੈਂ ਕੁਨ ਜੋਹਦ ਅਗਰਦਾਰੀ ਤਮੀਜ਼।

(੪) ਬੇ ਮਸਾਈ ਕਸ ਨ ਮਨਜ਼ਲ ਤੋ ਨਮੂਦ। ਬਰ ਸਰੇ ਰਾਹੇ ਨਿਸਸਤ ਅਸਤੀ ਚੇ ਸੂਦ।

(੫) ਰੌ ਕਦੰਮ ਬਰ ਗੀਰਦ ਕਤਾਹ ਰਾਹ ਕੁਨ।ਬਾਅਦ ਅਜ਼ਾਂ ਮੰਜ਼ਲ ਬਕਸਰੇ ਸ਼ਾਹੇ ਕੁਨ।

(੬) ਬਮਨ ਮਾਹਵਕੁਨ ਖ਼ਵੇਸ ਰਾ ਆਂ ਚਨਾਂ। ਕਿ ਦੀਗਰ ਨ ਬੀਨੀ ਤੂ ਖ਼ੁਦਰਾ ਮਿਆਨ।

ਭਾਵ:

੧ ਸਜਦੇ ਵਿਚ ਜਾਂਦਿਆਂ ਆਵਾਜ਼ ਆਈ ਕਿ "ਓਹ ਮੱਕਾਰ। ਜ਼ਾਹਰ-ਦਾਰ ਬੰਦੇ। ਤੇਰੇ ਇਸ ਰਿਆ ਮੇਜ਼ ਸਜਦਿਆਂ ਤੋਂ ਤੈਨੂੰ ਕੋਈ ਫ਼ਾਇਦਾ ਹਾਸਲ ਨਹੀਂ ਹੈ ਜੇ ਤੌਹੀਦ ਅਤੇ ਸਿਦਕ ਤੋਂ ਖ਼ਾਲੀ ਹੈਂ"। ਧਰਤੀ ਨੇ ਕਿਹਾ: "ਮੈਨੂੰ ਭੀ ਖ਼ਰਾਬ ਨ ਕਰ"।

੨ ਖ਼ੁਦੀ ਨੂੰ ਛੋੜ ਕੇ ਹੀ ਖ਼ੁਦਾ ਦੀ ਹਕੀਕਤ ਨੂੰ ਪ੍ਰਾਪਤ ਕਰੇਂਗਾ, ਜਾਤਿ-ਹੱਕ ਵਿਚ ਲੀਨ ਹੋ ਜਾ ਤਾਂ ਜੋ ਤੈਨੂੰ ਬਕਾ ਮਿਲੇ।

੩ ਐਹ ਅਜ਼ੀਜ਼। ਜੇ ਤੂੰ ਸਮਝ-ਬੁਧੀ ਰੱਖਦਾ ਹੈਂ, ਤਾਂ ਕੋਸ਼ਿਸ਼ ਕਰ, ਜ਼ਰੂਰ ਕਾਮਯਾਬੀ ਪਾਵੇਂਗਾ।

੪ ਕੋਸ਼ਿਸ਼ ਦੇ ਬਿਨਾਂ ਕਿਸੇ ਨੂੰ ਭੀ ਮਕਸੂਦ ਦੀ ਪ੍ਰਾਪਤੀ ਨਹੀਂ ਹੋਈ, ਤੂੰ ਤਾਂ ਹੁਣ ਕਿਨਾਰੇ ਤੇ ਪੁਜ ਗਿਆ ਹੈ।

੫ ਚਲ ਉਠ। ਕਦਮ ਚੁਕ, ਸਫਰ ਤੈਹ ਹੋ ਗਿਆ ਈ, ਹੁਣ ਦਰਗਾਹ ਵਿਚ ਦਾਖਲ ਹੋ, ਜਿਸ ਵਿਚ 'ਅਨੰਦ ਹੀ ਅਨੰਦ' ਹੈ।

੬ ਮੇਰੇ ਵਿਚ ਆਪਣਾ ਆਪ ਇਸ ਤਰ੍ਹਾਂ ਲੀਨ ਕਰ ਕਿ ਤੈਨੂੰ ਹੋਰ ਕੋਈ ਦੂਜਾ ਦਿੱਸੇ ਹੀ ਨਾ। ਆ, ਅਭੇਦ ਹੋ, ਮੰਜ਼ਲ ਮੁਕ ਚੁਕੀ ਹੈ।

ਕੁਦਰਤੀ ਅਤੇ ਗੈਬ ਦੀ ਆਵਾਜ ਨੂੰ ਜਦੋਂ ਵਿਹਲ ਦਿੱਤੀ ਤਾਂ ਸਿਰ ਚੁਕ ਕੇ ਵੇਖਿਆ ਕਿ ਇਹ ਆਵਾਜ਼ ਕਿਥੋਂ ਆਈ ਸੀ? ਜਦੋਂ ਸੋਹਦ (ਸੋਧ) ਨ ਹੋਈ ਤਾਂ, ਬਾਕੀ ਦੀ ਨਮਾਜ਼ ਛੋੜ, ਮਸੀਤ ਤੋਂ ਬਾਹਰ ਬਾਰਾਂਦਰੀ ਵਾਲੇ ਪਾਸੇ ਪੌੜੀਆ ਉਤੇ ਖਲੋਕੇ ਇਸ ਵੀਚਾਰ ਵਿਚ ਗੀਟੀਆਂ ਗਿਣ ਰਿਹਾ ਸਾਂ, ਕਿ ਚੌਥੀ ਆਵਾਜ਼ ਵਿਚ ਕਿਹਾ ਗਿਆ ਹੈ ਕਿ, 'ਤੂੰ ਹੁਣ ਕਿਨਾਰੇ 'ਤੇ ਪੁਜ ਚੁੱਕਾ ਹੈਂ', ਜੇ ਇਹ ਠੀਕ ਹੈ, ਤਾਂ ਮੈਨੂੰ ਮਕਸੂਦ ਦੀ ਰਾਹ ਮਿਲ ਜਾਣੀ ਚਾਹੀਦੀ ਹੈ। ਜਾਮਿਆ ਮਸੀਤ ਦੀਆਂ ਪੌੜੀਆਂ ਉਤੇ ਬੈਠਾ ਵਿਰਾਗ-ਮਈ ਅਵੱਸਥਾ ਵਿਚ ਰੁਦਨ-ਰੂਪ ਹੋ ਕੇ ਇਹ ਗਾ ਰਿਹਾ ਸਾਂ:

ਮਨ ਤੋ ਸ਼ੁਦੰਮ ਤੋ ਮਨ ਸ਼ੁਦੀ, ਮਨ ਤਨ ਸ਼ੁਦੀ ਤੂ ਜਾਂ ਸ਼ੁਦੀ।
ਤਾ ਕਸ ਨ ਗੋਯੰਦ ਬਾਅਦ ਅਜ਼ੀ ਮੰਨ ਦੀਗਰੰਮ ਤੂ ਦੀਗਰੀ।

ਤਥਾ ਜਬ ਸਿਰ ਸਜਦ ਮੇਂ ਥਾ ਤੋ ਜ਼ਮੀਂ ਸੇ ਆਈ ਥੀ ਨਿਦਾ।
ਤੇਰਾ ਦਿਲ ਤੋ ਸਨੈਮ ਹੈ ਆਸ਼ਨਾ ਤੁੱਝੇ ਕਿਆ ਮਿਲੇਗਾ ਨਮਾਜ ਮੇਂ।
ਤਰ ਕੇ ਸਲਾਤ ਕਰਕੇ ਯਾ ਰਬ, ਖੜਾ ਹੂੰ ਦਵਾਰ ਪਰ।
ਆ ਦੇ ਦੀਦਾਰ ਛੇਤੀ, ਯਾ ਰਬ ਤੂੰ ਦੇਰ ਨ ਕਰ।
ਅਜ ਚਾਰ ਦਿਨ ਦਾ ਫ਼ਾਕਾ ਹੈ, ਅਰ ਤੰਗ ਹੂੰ ਇਸ ਜਾਨ ਸੇ।
ਯਾ ਇਲਾਹੀ ਵਸਲ ਦੇ, ਯਾ ਕੂਚ ਕਰ ਜਹਾਨ ਸੇ।

**ਗੁਰਦਵਾਰਾ ਡੇਹਰਾ ਸਾਹਿਬ ਪਹੁੰਚਣਾ:**

ਇਸ ਦਸ਼ਾ ਵਿਚ ਆਤਮਾ ਕਲਪ ਰਹੀ ਸੀ ਕਿ ਬਾਰਾਂਦਰੀ ਦੀ ਪਾਰਲੀ ਸੜਕ ਤੋਂ ਇਕ ਸਫੈਦਰੀਸ਼ (ਚਿਟ-ਦਾੜ੍ਹੀਏ) ਸਿੱਖ ਅਤਿ ਪਾਕੀਜ਼ ਮੂਰੀਤ ਜਾਂਦੀ ਦਿਸੀ। ਬਸ ਫੇਰ ਕੀ ਸੀ। ਇਸ ਮੂਰਤੀ ਨੂੰ ਵੇਖਦਿਆਂ 'ਅਰਬ' ਦਾ ਸਾਰਾ ਸਮਾਚਾਰ, ਜੋ ਪਿਛੇ ਜਿਕਰ ਵਿਚ ਆ ਚੁੱਕਾ ਹੈ , ਸਾਹਮਣੇ ਆ ਗਿਆ ਅਤੇ ਦੌੜ

ਕੇ ਉਸ ਮੂਰਤੀ ਤੋਂ ਪੁੱਛ ਕੀਤੀ, 'ਬਜ਼ੁਰਗ ਜੀ, ਆਪ ਕਿਥੇ ਜਾ ਰਹੇ ਹੋ'? ਉਨ੍ਹਾਂ ਨੇ ਕਿਹਾ, 'ਔਹ ਸਾਹਮਣੇ ਸਾਡਾ ਗੁਰਦੁਆਰਾ ਹੈ, ਉਥੇ ਅਜ ਦੀਵਾਨ ਲਗਣਾ ਹੈ'। ਅਰਜ਼ ਕੀਤੀ ਕਿ 'ਮੈਂ ਭੀ ਜਾ ਸਕਦਾ ਹਾਂ'? ਆਪ ਨੇ ਕਿਹਾ, 'ਗੁਰੂ ਘਰ ਆ ਜੋ ਸਭ ਲਈ ਖੁਲ੍ਹਾ ਹੈ'। ਗੱਲਾਂ ਕਰਦਿਆਂ ਗੁਰਦੁਆਰਾ 'ਡੇਹਰਾ ਸਾਹਿਬ' ਦੇ ਬਾਹਰ, ਉਹ ਤਾਂ ਜੋੜਾ ਲਾਹ, ਪਾਣੀ ਦੇ ਚੁਬੱਚੇ ਵਿਚ ਪੈਰ ਧੋ, ਅੰਦਰ ਦਾਖ਼ਲ ਹੋ ਗਏ। ਦਰਸ਼ਨੀ ਦਰਵਾਜ਼ੇ ਤੇ ਜੋ ਪੈਹਰੇਦਾਰ ਸਿੰਘ ਖੜਾ ਸੀ ਉਨ੍ਹਾਂ ਨੇ ਮੇਰੇ ਤੋਂ ਸਿਗਰਟ, ਤੰਮਾਕੂ ਦੀ ਪੁੱਛ ਕੀਤੀ, ਜਦੋਂ ਮੈਂ ਨਸ਼ੀਲੀ ਚੀਜ਼ਾਂ ਤੋਂ ਪਰਹੇਜ਼ ਪ੍ਰਗਟ ਕੀਤਾ, ਤਾਂ ਉਨ੍ਹਾਂ ਅੰਦਰ ਜਾਣ ਲਈ ਪੈਰ ਆਦਿ ਧੋ ਕੇ ਨਸੀਯਤ ਕੀਤੀ।

ਤੀਬਰ ਇੱਛਾ ਸੀ ਕਿ ਉਸ ਬਜ਼ੁਰਗ ਨੂੰ ਮਿਲਕੇ ਅੰਦਰੂਨੀ ਹਾਲਤ ਤੋਂ ਜਾਣੂ ਹੋਵਾਂ, ਜੋ ਮੈਨੂੰ ਬਾਰਾਂਦਰੀ ਤੋਂ ਨਾਲ ਲਿਆਇਆ ਸੀ; ਬੜੀ ਕੋਸ਼ਸ਼ ਦੇ ਬਾਅਦ ਭੀ ਉਹ ਮੂਰਤੀ ਜਦ ਕਿਧਰੇ ਨਾ ਦਿਸੀ, ਤਾਂ ਹੈਰਾਨ ਹੋ ਕੇ ਫੇਰ ਬਾਹਰ ਉਸੇ ਪਰਿਵਾਰ ਨੂੰ ਆ ਕੇ ਪੁਛਿਆ, 'ਸਜਣ ਜੀ! ਜੋ ਬਜ਼ੁਰਗ ਮੇਰੇ ਨਾਲ ਆਏ ਸਨ ਉਹ ਬਾਹਰ ਤਾਂ ਨਹੀਂ ਆਏ ਸਨ'? ਸਿੰਘ ਜੀ ਨੇ 'ਨਾਂਹ' ਦਾ ਉਤਰ ਦਿਤਾ ਤਾਂ ਫੇਰ ਅੰਦਰ ਜਾ ਕੇ ਤਲਾਸ਼ ਕੀਤੀ ਪਰ ਤਲਾਸ਼ ਬੇਸੂਦ ਹੀ ਗਈ। ਮਾਯੂਸ ਹੋ ਦਰਬਾਨ ਤੋਂ ਆ ਕੇ ਪੁੱਛਿਆ ਕਿ ਇਸ ਅਸਥਾਨ ਦਾ ਪ੍ਰਬੰਧਕ ਕੌਣ ਹੈ? ਦਰਬਾਨ ਸਿੰਘ ਨੇ ਜਥੇਦਾਰ ਅੱਛਰ ਸਿੰਘ ਜੀ ਦਾ ਨਾਉਂ ਲਿਆ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਉਨਾਂ ਦੀ ਜਾਇ-ਰੇਹੈਸ਼ ਦਸੀ।

ਜਥੇਦਾਰ ਜੀ ਬੜੇ ਵਿਦਵਾਨ ਤੇ ਪ੍ਰੇਮੀ ਸਨ। ਮੇਰੀ ਸ਼ਕਲ-ਲਿਬਾਸ, ਕੁੱਲਾਬਾਜ਼, ਸਕੰਦਰੀ ਤੁੰਗ (ਪਗ-ਚੋਟੀ) ਵੇਖ ਆਪਣੇ ਮਕਾਨ ਤੋਂ ਬਾਹਰ ਨਿਕਲ ਕੇ ਬੜੇ ਸਤਿਕਾਰ ਨਾਲ ਮਿਲੇ। ਗਲਬਾਤ ਦੇ ਦੌਰਾਨ ਵਿਚ ਅਰਜ਼ ਕੀਤੀ ਕਿ 'ਮੈਂ ਆਪ ਤੋਂ ਸਿੱਖ-ਮਤਿ ਦੇ ਚੰਦ ਅਸੂਲ ਸਮਝਣਾ ਚਾਹੁੰਦਾ ਹਾਂ। ਉਮੀਦ ਹੈ ਆਪ ਮੇਰੇ ਲਈ ਕੁਝ ਸਮਾਂ ਹੈਰਾਨ ਕਰੋਗੇ'। ਜਥੇਦਾਰ ਜੀ ਪ੍ਰੇਮ ਸਹਿਤ ਉਤਰ ਦੇਣ ਲਈ ਤਿਆਰ ਹੋਏ ਅਤੇ ਪ੍ਰੇਮ ਨਾਲ ਬਿਠਾਇਆ।

ਦਾਸ: "ਸਿੱਖ-ਧਰਮ ਦੀ ਜੋ ਤਾਰੀਫ਼ ਸੁਣਨ-ਪੜ੍ਹਨ ਵਿਚ ਆਈ ਹੈ, ਉਹ ਤਾਂ 'ਤੌਹੀਦ ਰੂਪ' (ਰਬੀ ਏਕਤਾ) ਹੈ ਪਰ ਗੁਰਦੁਆਰੇ ਵਿਚ, ਤਸਵੀਰਾਂ

ਟੰਗੀਆਂ ਵੇਖ, ਅਤਿ ਹੈਰਾਨੀ ਹੋਈ ਹੈ, ਕੀ ਇਹ ਸ਼ਿਰਕ(ਕੁਰਾਹੀਆਪੰਨ) ਨਹੀਂ"?

ਜਥੇਦਾਰੀ: "ਸਿੱਖ ਕੌਮ ਦਾ ਤਅੱਲਕ ਇਨ੍ਹਾਂ ਮੂਰਤੀਆਂ ਨਾਲ 'ਮੂਰਤੀ ਪੂਜਨ' ਕਰਕੇ ਨਹੀਂ ਬਲਕਿ ਯਾਦਗਾਰੀ ਤੌਰ 'ਤੇ ਹੈ, ਜਿਸ ਤਰ੍ਹਾਂ ਮੁਸਲਮਾਨ ਭੀ ਤਸਵੀਰਾਂ ਨੂੰ ਬਤੌਰ ਯਾਦਗਾਰ ਰਖਦੇ ਹਨ।"

ਦਾਸ: "ਮੈਂ ਗੁਰਦੁਆਰੇ ਦੇ ਅੰਦਰ ਇਕ ਆਦਮੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਮੂਹਰੇ ਮੱਥਾ ਟੇਕਦਿਆਂ ਵੇਖਿਆ ਹੈ ਜੋ ਸਜਦਾ 'ਸ਼ਿਰਕ' (ਉਲੰਘਣਾ) ਤੋਂ ਖਾਲੀ ਨਹੀਂ ਹੋ ਸਕਦਾ।"

ਜਥੇਦਾਰ ਜੀ: "ਠੀਕ ਹੈ, ਸਿੱਖ ਕੌਮ ਗੁਰੂ ਗ੍ਰੰਥ ਜੀ ਮਹਾਰਾਜ ਅੱਗੇ ਨਿਉਂਦੀ ਹੈ, ਪਰ ਇਸ ਵਿਚ ਭੀ ਭੇਤ ਹੈ, ਉਹ ਇਹ ਹੈ ਕਿ ਜੋ ਈਸ਼ਵਰ ਦੀ 'ਏਕਤਾ' ਤੇ ਉਸਦੀ ਭਗਤੀ ਦਾ, ਜੋ ਸਿਖਸ਼ਾ-ਰੂਪ 'ਗਿਆਨ' ਤਥਾ ਉਪਦੇਸ਼ ਹੈ, ਉਸਨੂੰ ਹੀ ਸਦਾ ਨਮਸਕਾਰ ਹੈ, ਜੇ ਕਾਗ਼ਜਾਂ 'ਚੋਂ ਇਹ ਭਗਤੀ-ਰੂਪ ਉਪਦੇਸ਼ ਲਾਂਭੇ ਕਰ ਦਿੱਤਾ ਜਾਏ ਤਾਂ ਫਿਰ ਸਿੱਖਾਂ ਦਾ ਇਸ ਕਾਗਜ਼ਾਂ ਦੀ ਪੰਡ ਨਾਲ ਕੋਈ ਤੁਅੱਲਕ ਨਹੀਂ ਹੈ।"

ਦਾਸ: "ਸ੍ਰੀਮਾਨ ਜੀ, ਮੈਂ ਸੁਣਿਆ ਹੈ ਕਿ ਬਾਬਾ ਨਾਨਕ ਜੀ ਨੇ ਇਸਲਾਮ ਦੀ ਤਾਰੀਫ ਕੀਤੀ ਹੈ ਅਤੇ ਆਪ ਮੁਸਲਮਾਨੀ ਖਿਆਲ ਰੱਖਦੇ ਸਨ।",

ਜਥੇਦਾਰ ਜੀ: "ਗੁਰੂ ਜੀ ਨੇ ਕਿਧਰੇ ਭੀ ਇਸਲਾਮ ਦੀ ਹਾਮੀ ਨਹੀਂ ਭਰੀ ਅਤੇ ਨਾ ਹੀ ਆਪ ਇਸਲਾਮੀ ਖਿਆਲ ਰਖਦੇ ਸਨ। ਬਲਕਿ ਇਸਲਾਮ ਦੇ ਜ਼ੁਲਮ-ਸਿਤੰਮ ਦੇ ਹਮੇਸ਼ਾਂ ਹੀ ਖਿਲਾਫ਼ ਰਹੇ ਹਨ, ਤ੍ਵਾਰੀਖ਼ ਅਤੇ ਤਾਲੀਮ ਦੋਵੇਂ ਹੀ ਗਵਾਹ ਹਨ ਕਿ ਜਦ ਤੋਂ ਗੁਰੂ ਜੀ ਦੀ ਤਾਲੀਮ ਪ੍ਰਚਲਤ ਹੋਈ ਹੈ ਓਦੋਂ ਤੋਂ ਹੀ ਇਸਲਾਮ ਦੀ ਤਰੱਕੀ ਹੋਣੀ ਖਤਮ ਹੋ ਗਈ ਹੈ। ਵੇਖੋ 'ਕਾਬਲ' ਵਿਚ ਜਾ ਕੇ, ਉਥੋਂ ਦਾ ਜ਼ੁਲਮ ਸ. ਹਰੀ ਸਿੰਘ 'ਨਲਵੇ' ਨੇ ਦੂਰ ਕੀਤਾ ਸੀ। ਅਜੇ ਤਕ ਉਥੋਂ ਦੀਆਂ ਮਾਵਾਂ ਬੱਚਿਆ ਨੂੰ ਚੁੱਪ ਕਰਾਉਣ ਵੇਲੇ, 'ਖੁਫ਼ਤਾ ਸ਼ੋ ਬਚਾ ਯਾ ਚੁਪ ਸ਼ਾ ਹਰੀਆ ਗਹਗਲੇ' ਕਹਿ ਕੇ ਪੁਕਾਰਦੀਆਂ ਹਨ। ਹੋਰ ਜ਼ਿਆਦਾ ਖੋਜ ਲਈ ਤੁਸੀਂ ਆਪਣੀ ਹੀ 'ਤ੍ਵਾਰੀਖਿ ਆਲੰਮ' ਪੜ੍ਹੋ"।

ਦਾਸ: "ਮੈਨੂੰ ਕਿਸੇ ਸਿੱਖ ਤੋਂ ਪਤਾ ਲੱਗਾ ਹੈ ਕਿ ਬਾਬਾ ਨਾਨਕ ਜੀ ਇਸਲਾਮੀ ਇਬਾਦਤ ਭੀ ਅਦਾ ਕਰਦੇ ਸਨ, ਅਤੇ ਦਰ-ਪਰਦਾ ਇਸਲਾਮ ਨੂੰ ਮੰਨਦੇ ਭੀ ਸਨ"।

ਜਥੇਦਾਰ ਜੀ: "ਇਹ ਗੱਲ ਮੰਨਣਯੋਗ ਨਹੀਂ ਹੋ ਸਕਦੀ ਅਤੇ ਨ ਹੀ ਕੋਈ ਸਿੱਖ ਕਹਿ ਸਕਦਾ ਹੈ, ਬਲਕਿ ਨਾਨਕ ਜੀ ਦੇ ਸਿੱਖਾਂ ਨੇ ਤਾਂ ਕਈ ਮਸੀਤਾਂ ਦੇ 'ਮਸਤਿਗੜ੍ਹ' ਗੁਰਦੁਆਰੇ ਬਣਾ ਦਿੱਤੇ ਹਨ। ਸਿੱਖ ਦਾ ਵਿਸ਼ਵਾਚ ਉਕਤ ਕਥਨੀ ਨਹੀਂ ਕਰ ਸਕਦਾ।"

ਦਾਸ: "ਮਸਲਾ-ਇ-ਤਨਾਸਖ (ਆਵਾਗਵਣ) ਦੇ ਲਈ ਸਿੱਖ ਮਤਿ ਦਾ ਕੀ ਖਿਆਲ ਹੈ?" ਤਾਂ ਜਥੇਦਾਰ ਜੀ ਨੇ, ਜਪੁਜੀ ਸਾਹਿਬ ਅਤੇ ਸ੍ਰੀ ਰਾਗ ਅਤੇ ਹੋਰ ਕਈ ਸ਼ਬਦਾਂ ਦਵਾਰਾ ਮੇਰੀ ਤਸੱਲੀ ਕਰਾਈ, ਜੋ ਨਿਸ਼ਚੇ ਰੂਪ ਸੀ। ਉਤਰ-ਪ੍ਰਸ਼ਨ ਹੋਰ ਭੀ ਸਨ ਪਰੰਤੂ ਇੰਦਰਾਜ (ਉਲੇਖ) ਨਹੀਂ ਹੋ ਸਕਿਆ। ਇਸੇ ਦੌਰਾਨ ਵਿਚ ਜਥੇਦਾਰ ਜੀ ਨੇ ਇਥੇ ਪੁਜਨ ਦਾ ਮੂਲ ਕਾਰਨ ਪੁਛਿਆ, ਤਾਂ ਬਿਨੇ ਕੀਤੀ ਕਿ "ਮੈਂ ਮੁਤਲਾਸ਼ੀ-ਏ-ਹਕ ਹਾਂ, ਮੈਂ ਪੂਰੀ ਤਰ੍ਹਾਂ ਸਮਝ ਚੁੱਕਾ ਹਾਂ, ਕਿ ਇਸਲਾਮ ਤੋਂ ਛੁੱਟ ਇਕ ਸਿੱਖ-ਮੱਜ਼ਹਬ ਹੀ ਹੈ ਜੋ ਬਾਇਸੇ ਨਿਜਾਤ (ਮੁਕਤੀ ਦਾਤਾ) ਹੈ। ਮੈਂ ਆਪਣੇ-ਆਪ ਨੂੰ ਆਪ ਦੇ ਹਵਾਲੇ ਕਰਨ ਆਇਆ ਹਾਂ, ਮੈਨੂੰ ਮੁਰਸ਼ਦ ਨਾਨਕ ਦਾ ਜਾਮ-ਇ-ਵਸਲ ਪਿਲਾਉ ਅਤੇ ਰਾਹ-ਇ-ਹਕੀਕਤ ਦਾ ਸਬਕ (ਗਿਆਨ) ਦੱਸੋ।"

ਜਥੇਦਾਰ ਜੀ ਨੇ ਦੋਵੇਂ ਹਥ ਫੇਰੇ ਤੇ ਕਿਹਾ: "ਸੱਯਦ ਸਾਹਿਬ, ਆਪ ਅਮੀਰ ਸਾਦਾਤ ਖਾਨਦਾਨ 'ਚੋਂ ਹੋ, ਸਿੱਖੀ ਬੜੀ ਔਖੀ, ਭੀੜੀ, ਅਤਿ ਗਾਖੜੀ ਪ੍ਰੇਮ-ਗਲੀ ਹੈ, ਜਿਸ ਵਿਚੋਂ ਤੁਹਾਡਾ ਲੰਘਣਾ ਅਤਿ ਕਠਨ ਹੈ।"

"ਜਥੇਦਾਰ ਜੀ, ਪ੍ਰੇਮ-ਗਲੀ ਵਿਚ ਹਰ ਕੋਈ ਜਾ ਸਕਦਾ ਹੈ", ਬਿਨੇ ਕੀਤੀ ਤਾਂ ਜਥੇਦਾਰ ਜੀ ਨੇ ਇਹ ਤੁਕ ਪੜ੍ਹੀ: "ਜੇ ਤਉ ਪ੍ਰੇਮ ਖੇਲਨ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ।" ਸੁਣ ਕੇ ਨੇਤਰਾਂ ਤੋਂ ਪ੍ਰੇਮ-ਸੋਮਾ ਵਹਿ ਤੁਰਿਆ ਅਤੇ ਬੇਨਤੀ ਭੀ ਕੀਤੀ, "ਜਥੇਦਾਰ ਜੀ, ਅੰਦਰ ਦੇ ਨੇਤਰਾਂ ਨਾਲ ਵੇਖੋ, ਸਚਮੁਚ ਇਹ 'ਸੀਸ' ਤੁਹਾਨੂੰ ਤਲੀਤੇ ਹੀ ਦਿਸੇਗਾ?", ਜਥੇਦਾਰ ਜੀ ਮੇਰੇ ਵਿਰਾਗ, ਅਤੇ ਬਚਨ-ਬਲਾਸ, ਨੂੰ ਅਤਿ ਗਹੁ ਨਾਲ ਸੁਣ ਰਹੇ ਸਨ ਅਤੇ ਮੇਰੇ

ਲਿਬਾਸ ਵਲ ਭੀ ਤਕ ਰਹੇ ਸਨ, ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਆਪ ਆਪਣੇ ਮਨ ਨਾਲ ਕੋਈ ਫੈਸਲਾ ਕਰ ਰਹੇ ਹਨ। ਅੰਤ ਨੂੰ ਚਾਰ ਘੰਟੇ ਦੀ ਮਿੰਨਤ-ਜ਼ਾਰੀ, ਗਿਆਨ ਚਰਚਾ ਦੇ ਬਾਅਦ ਆਪ ਉਠ ਕੇ ਚਲੇ ਗਏ ਅਤੇ ਜਾਂਦਿਆਂ ਇਹ ਕਹਿ ਗਏ, "ਸ਼ਾਹ ਜੀ!ਸਿੱਖੀ ਬੜੀ ਔਖੀ ਹੈ"। ਇਹ ਅੱਖਰ ਬੜੀ ਲਾਪ੍ਰਵਾਹ ਅਵੱਸਥਾ ਦੇ ਸਨ।

ਜਥੇਦਾਰ ਜੀ ਦੇ ਜਾਣ ਮਗਰੋਂ ਉਥੇ ਹੀ ਨਿੰਮੋ-ਝੂਣ ਅਵੱਸਥਾ ਵਿਚ ਕਿੰਨਾ ਹੀ ਚਿਰ੍ਹ ਬੈਠਾ ਰਿਹਾ। ਹੋਸ਼ ਆਈ, "ਤੂੰ ਇਥੇ ਕਿਉਂ ਬੈਠਾ ਹੈਂ? ਕਾਸ਼! ਤੇਰੀ ਪੀਂਘ ਹੁਲਾਰਿਓਂ ਢਹਿ ਪਈ। ਗੁਡੀ ਚੜ੍ਹੀ ਅਕਾਸ਼ੀ ਮੁੜ ਪਰਾਲੀ ਜਾ ਪਈ ਹੈ? ਨਹੀਂ, ਨਹੀਂ, ਹੋਸ਼ ਕਰ ਨਾਦਾਨ! ਸਵੇਰਾ ਆਏਗਾ, ਪ੍ਰੀਤਮ ਦੇ ਦਵਾਰੇ ਫਿਰ ਆ ਬੈਠੀਂ। ਜੇ ਖੈਰ ਨਹੀਂ ਪਾਵੇਗਾ, ਤਾਂ 'ਝਿੜਕੇਗਾ' ਤਾ ਸਹੀ, 'ਵਸਾਲੇ ਸਨੰਮਨ ਨ ਸਹੀ ਗੁੱਸਾ ਤੇ ਆਏਗਾ, ਬੇਕਰਾਰ ਹੋਗਾ ਯਾ ਇਕਰਾਰ ਆਏਗਾ'। ਸ਼ਾਦੀ ਸੇ ਗੁਜ਼ਰ ਕਿ ਗੰਮ ਨ ਹੋਵੇ। ਉਰਦਾ (ਬਹਾਰ), ਜੋ ਨ ਹੋ ਤੋ ਦੈ (ਪਤਝੜ) ਨਹੀਂ ਹੈ।

ਦਿਨ ਅਜੇ ਨਹੀਂ ਨਿਕਲਿਆ ਸੀ ਕਿ 'ਦਾਤਾ ਸਾਹਿਬ' ਦੇ ਦਰਬਾਰ ਤੋਂ ਸਿੱਧਾ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਸਾਹਮਣੇ ਉਪਰ ਚੜ੍ਹਨ ਵਾਲੀਆਂ ਪੌੜੀਆਂ ਦੇ ਸੱਜੇ ਪਾਸੇ, ਜਿੱਥੇ ਕਲ੍ਹ ਕੋਈ ਛੋੜਕੇ ਚਲਾ ਗਿਆ ਸੀ , ਉਥੇ ਆ ਸਮਾਧੀ ਲਾਈ। ਗੁਰਦੁਆਰੇ ਵਲੋਂ ਬੜੀ ਢੋਲ ਟਮੱਕਿਆਂ-ਛੈਣਿਆਂ ਦੀ ਗੂੰਜ ਕੰਨਾ ਵਿਚ ਪੈਂਦੀ ਰਹੀ। ਕਦੀ ਦਿਲ ਕਰਦਾ ਸੀ 'ਚਲ ਤੂੰ ਭੀ ਜੋੜੀਆਂ ਦੀ ਸੁਰ ਵਿਚ ਜੁੜ', ਪਰ ਅੰਦਰ ਇਕ ਆਵਾਜ਼ ਆਉਂਦੀ ਸੀ: ਜੇਕਰ ਵਾਲਾ ਬੇਲੀ (ਮਿਤ੍ਰ-ਪਿਆਰਾ) ਲੰਘ ਗਿਆ, ਤਾ ਅਜ ਦਾ ਸਾਰਾ ਦਿਨ ਬੇਕਾਰ ਚਲਿਆ ਜਾਣਾ ਹੈ।' 'ਉਡੀਕ, ਉਡੀਕ, ਹੋਰ ਉਡੀਕ, ਸ਼ਾਇਦ ਖੈਰ ਪੈਦਾ ਹੋਵੇ। ਔਹ ਆ ਗਏ', "ਜਥੇਦਾਰ ਜੀ ਸਲਾਮ, ਮੈਂ ਛੇ ਵਜੇ ਦਾ ਇਥੇ ਹੀ ਤੁਹਾਡੀ ਰਾਹ ਉਡੀਕ ਰਿਹਾ ਹਾ"। "ਵਾਹ! ਵਾਹ! ਸ਼ਾਹ ਜੀ! ਗੁਰਦੁਆਰੇ ਹੀ ਆ ਜਾਣਾ ਸੀ।" "ਜਥੇਦਾਰ ਜੀ ਨੱਕਾਰਖ਼ਾਨੇ ਮੇਂ ਤੂਤੀ ਕੋ ਕੌਨ ਜਾਨਤਾ ਹੈ? ਬਸ ਜੋ ਮਤਲਬ ਸੀ ਮਿਲ ਗਿਆ,

ਆਪ ਦੇ ਦੀਦਾਰ ਨਸੀਬ ਹੋਏ"। "ਜੀ, ਮੈਂ ਚਾਹ ਵੀ ਪਿਆਲੀ ਪੀ ਕੇ ਆਇਆ" ਜਥੇਦਾਰ ਜੀ ਨੇ ਕਿਹਾ।

ਉਡੀਕ ਦੀਆਂ ਘੜੀਆ, ਮੰਜ਼ਲ-ਇ-ਮਕਸੂਦ ਦੀ ਛੋਹ ਪ੍ਰਾਪਤ ਕਰਨ ਹਿਤ ਫੇਰ ਉਡੀਕ ਵਿਚ ਬੈਠਾ ਇਹ ਕਹਿ ਰਿਹਾ ਸੀ।

ਮਿਲ ਹੀ ਜਾਏਗੀ ਕਭੀ ਮੰਜ਼ਲਿ ਲੈਲਾ।
ਕੋਈ ਘੜੀ ਔਰ ਭੀ ਜੁਸਤਜੂਇ-ਯਾਰ ਕਰ।
ਮਿਲ ਹੀ ਜਾਏਗੀ ਕਭੀ ਮੰਜ਼ਲਿ-ਲੈਲਾ ਇਕਬਾਲ ।
ਕੋਈ ਦਿਨ ਔਰ ਅਭੀ ਬਾਦਯ ਪੈਮਾਈ ਕਰ।

ਉਡੀਕਾਂ ਵਿਚ ਦੋ ਘੰਟੇ ਗੁਜ਼ਰ ਗਏ, ਜਥੇਦਾਰ ਜੀ ਅਜੇ ਪਿਆਲੀ ਵਿਚ ਹੀ ਮਾਹਵ (ਮਸਰੂਫ) ਹਨ । ਇਕ ਪ੍ਰੇਮੀ ਜੀ ਦੇ ਰਾਹੀਂ ਜਥੇਦਾਰ ਜੀ ਦੇ ਦੀਦਾਰ ਹੋਏ । ਆਉਂਦਿਆਂ ਆਪ ਨੂੰ ਇਕ ਸ਼ਲੋਕ ਬੋਲਿਆ,:

'ਸਿਰ ਦਿਤਿਆਂ ਜੇ ਪ੍ਰਭੂ ਮਿਲੇ ਤਾਂ ਭੀ ਸਸਤਾ ਜਾਣ"।

ਫਿਰ ਬੋਲੇ, 'ਪੌੜੀ ਛੁੜਕੀ ਫਿਰ ਹਥ ਨਾਂ ਆਵੇ ਐਹਲਾ ਜਨਮ ਗਵਾਇਆ'। ਜਥੇਦਾਰ ਜੀ ਦਾ ਇਹ ਉਤਰ ਮੇਰੀ ਥਕੀ ਹੋਈ ਆਤਮਾ ਨੂੰ ਸਾਵਧਾਨ ਹੋ ਗਈ; ਜਥੇਦਾਰ ਜੀ ਨੇ ਫੁਰਮਾਇਆ, 'ਬਾਦਸ਼ਾਹ, ਅਜ ਫੇਰ ਕੀ ਲੈਣ ਆਏ', 'ਜਥੇਦਾਰ ਜੀਉ ਕਲ੍ਹ ਜੋ ਆਪ ਨੂੰ ਇਲਤਜਾ ਕੀਤੀ ਸੀ ਉਸ ਦੀ ਮਨਜ਼ੂਰੀ ਫੁਰਮਾਉ, ਸਚਮੁਚ ਮੈਂ ਸ਼ੈਦਾਈ-ਇ-ਨਾਨਕ ਹਾਂ, ਇਹ ਵੇਖੋ ਇਕ ਕਿਤਾਬ (ਸਯਾਹਤੇ ਬਾਬਾ ਨਾਨਕ ਫ਼ਕੀਰ), ਮੈਨੂੰ ਅਰਬ ਦੇਸ਼ ਤੋਂ ਪ੍ਰਾਪਤ ਹੋਈ ਸੀ, ਜਿਸ ਦੀ ਰਹਿਬਰੀ ਵਿਚ ਮੈਂ ਆਪਣੇ ਤਵੀਲ (ਲੰਮੇ) ਸਫਰ ਨੂੰ ਤੈਅ ਕਰਕੇ ਤੁਹਾਡੇ ਕੋਲ ਪੁਜਾ ਹਾਂ। ਮੈਂ ਬਮੂਜਬ ਇਰਸ਼ਾਦ, ਤੁਹਾਡੇ ਕੋਲ ਆਇਆ ਹਾਂ, ਮੈਨੂੰ ਆਪਣੇ ਕਦਮਾਂ ਵਿੱਚ ਥਾਂ ਦਿਉ, ਨਾਨਕ ਦੀ ਰਾਹ ਦਸੋ, ਉਹ ਢੰਗ ਤੇ ਯੁਗਤੀ ਦਸੋ ਜਿਸ ਕਰਕੇ ਚਰਨ ਪ੍ਰਾਪਤ ਕਰ ਸਕਾਂ"।

ਜਥੇਦਾਰ ਜੀ ਨੂੰ ਦੋ ਘੰਟੇ ਲਾ ਕੇ ਅਰਬ ਦੀ ਸਾਰੀ ਕਹਾਣੀ ਤੇ ਆਪਾਬੀਤੀ ਸੁਣਾਈ, ਤਾਂ ਕੁਝ ਝੁਕਾਉ ਜਿਹਾ ਮਹਿਸੂਸ ਕੀਤਾ।ਹਥ ਜੋੜ ਚਰਨਾਂ ਤੇ ਸਿਰ ਰਖਿਆ ਤਾਂ 'ਕੁਲੇ ਵਾਲੀ ਪਗ' ਡਿਗ ਪਈ।ਜਥੇਦਾਰ ਜੀ ਨੇ ਹਸ ਕੇ ਪਗ

ਰੁਕ ਕੇ ਮੇਰੇ ਸਿਰ ਤੇ ਰਖਦਿਆਂ ਫੇਰ ਕਹਿ ਦਿਤਾ, "ਗੁਰੂ ਜੀ ਇਹ ਸਕੰਦਰੀ ਤੁੰਗ 'ਸਿਖੀ' ਮੰਗਦਾ ਹੈ। ਸਿਖੀ ਵਿਚ ਆਕੜ ਕੋਈ ਨਹੀਂ ਜੇ, ਸਿਖੀ ਤਾਂ ਗਰੀਬੀ ਦਾ ਘਰ ਹੈ" ਸ਼ਾਹ ਜੀਓ, ਇਹ ਸੁਣਕੇ ਕੁੱਲਾ ਕਢ ਕੇ ਵਗਾ ਮਾਰਿਆ ਤੇ 'ਸਾਦੀ ਪਗ', ਬਗੈਰ ਸ਼ਮਲਿਓ, ਬੰਨ੍ਹ ਕੇ ਫੇਰ ਹਥ ਜੋੜੇ, ਫੇਮਾਲ-ਮਾਫੂਲ (ਵਿਸ਼ੇ) ਜੇ ਸਿਖੀ ਗਰੀਬੀ ਦਾ ਘਰ ਹੈ ਤਾਂ ਅਤਿ ਕੰਗਾਲ ਹਾਂ।ਮੈਨੂੰ ਇਸ ਵਿਚ ਸੁਖ ਮਿਲੇਗਾ"। ਦੋ ਮਿੰਟ ਦੀ ਚੁਪ ਦੇ ਬਾਅਦ, "ਅੱਛਾ ਸ਼ਾਹ ਜੀਓ, ਅਜ ਦੀ ਰਾਤ ਹੋਰ ਸੋਚ ਲਓ, ਇਹ ਰਾਹ ਬੜਾ ਔਖਾ ਹੈ" ਜਥੇਦਾਰ ਜੀ ਇਹ ਆਖਰ ਕਹਿੰਦੇ ਕਹਿੰਦੇ ਘਰ ਨੂੰ ਟੁਰਦੇ ਹੋਏ।ਪਰ ਟੁਰਦੀ ਵੇਰਾਂ ਉਨ੍ਹਾਂ ਨੇ ਇਕ ਗਲ ਕਹੀ ਹੈ ਜੋ ਰਾਹਿਤੋਂ ਦੀਨ ਗ਼ੀਆਂ ਹੈ।ਆਪ ਨੇ ਕਿਹਾ ਸੀ, "ਅਜ ਦੀ ਰਾਤ ਦੇ ਲਿਹਾਜ ਨਾਲ, ਵਕਤ ਨੇੜੇ ਦਿਸਿਆ ਤੇ ਇਸੇ ਦੌਲਤ ਦੇ ਨਸ਼ੇ ਵਿੱਚ,

ਮਕਾਮੇ ਸੁਕਰ ਹੈ ਗਾਫਿਲ ਮੁਸੀਬਤੇ ਦੁਨੀਆ।
ਇਸੀ ਬਹਾਨੇ ਸੇ ਅੱਲਾ ਯਾਦ ਆਤਾ ਹੈ।
ਗ਼ਮ ਜਵਾਨੀ ਕੋ ਜਗਾ ਦੇਤਾ ਹੈ ਲੁਤਫ਼ੇਖਵਾਬ ਸੇ।
ਸਾਜ਼ ਯੇ ਬੇਦਾਰ ਹੋਤਾ ਹੈ ਇਸੀ ਮਿਜ਼ਰਾਬ ਸੇ।

ਉਕਤ ਸ਼ੇਅਰ ਪੜ੍ਹਦਾ ਡੇਰੇ ਤੇ ਪੁਜਾ। ਅਜ ਤਮਾਮ ਮੇਜ਼ਬਾਨ ਅਤੇ ਮੁਅਜਜ਼ਾਨ ਮੇਰੀ ਪਗੜੀ ਨੂੰ ਵੇਖ ਰਹੇ ਸਨ, "ਅਜ ਦੀ ਰਾਤ ਗੁਜ਼ਾਰਦਿਆਂ, ਦਿਨ ਚੜ੍ਹਦੇ ਨੂੰ ਭਾਗਵਾਨ ਜਾਣਿਆ 'ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ, ਚਾਉ ਚਾਈਂ ਤਿਆਰੀਆਂ ਕੀਤੀਆਂ - ਸ਼ਾਹੀਮਸੀਤ ਤੇ ਬਾਰਾਂਦਰੀ ਦੇ ਕੋਲੋ ਲੰਘਦੇ ਨੂੰ ਆਵਾਜ਼ ਕੰਨੀ ਸੁਣਾਈ ਦਿਤੀ, 'ਅਜ਼ਖੁਦੀ ਬੁਗਜ਼ਰ ਕਿ ਤਾ ਯਾਬੀ ਖੁਦਾ।ਫ਼ਾਨੀਏ ਹੱਕ ਸੌ ਕਿਤਾ ਯਾਬੀ ਬਕਾ'।

ਫੇਰ, 'ਜੋ ਮਿਰਾ ਤਾਲਬ ਫ਼ਨਾ ਹੋਤਾ ਹੈ ਮੁਜਮੈਂ ਇਸ਼ਕ ਸੇ।

ਜਿਸ ਕੀ ਯਕਸਾਂ ਹੈ ਨਜ਼ਰ ਸਭ ਪਰ ਵੋਹ ਪਾਤਾ ਹੈ ਮੁਝੇ'।

ਫੇਰ: 'ਪ੍ਰੇਮ ਗਲੀ ਅਤੀ ਸਾਂਕੜੀ, ਇਸ ਮੇ ਦੋ ਨਾ ਸਮਾਏਂ'।

ਜਦ ਸਿਰ ਚਕਿਆ ਤਾਂ ਮੈਂ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਸਵੇਰ ਦੇ ਪੰਜ ਵਜੇ ਦਾ ਟਾਇਮ ਸੀ।'

ਅਗੋਂ ਸ੍ਰੀ ਜਥੇਦਾਰ ਜੀ ਆਪਣੇ ਮਕਾਨ ਤੋਂ ਤਿਆਰ ਹੋ ਕੇ ਗੁਰਦੁਆਰਾ ਸਾਹਿਬ ਨੂੰ ਜਾ ਰਹੇ ਸਨ, ਮੈਨੂੰ ਵੇਖ ਕੇ ਬੜੇ ਖੁਸ਼ ਹੋਏ ਅਤੇ ਦੌੜ ਕੇ ਗਲ ਲਾ ਲਿਆ, ਮਾਨੋ ਇਉਂ ਪ੍ਰਤੀਤ ਹੋਇਆ ਜਿਸ ਤਰ੍ਹਾਂ ਰਾਹ ਵਿੱਚ ਗੈਬੀ ਆਵਾਜ਼ ਇਨ੍ਹਾਂ ਵਲੋਂ ਹੀ ਸੀ, ਯਾ ਉਸਨੇ ਇੰਨਾ ਸੁਚੇਤ ਕਰ ਦਿਤਾ ਸੀ।ਆਪ ਨੇ ਕਿਹਾ, "ਅਜ ਸਵੇਰੇ ਹੀ ਫੌਜਾਂ ਆ ਗਈਆਂ? ਕੀ ਗਲ ਏ?", "ਜਥੇਦਾਰ ਜੀ ਠੀਕ ਹੈ। ਆਪ ਜੀ ਦੇ ਹੁਕਮ ਦੀ ਤਾਮੀਲ ਵਿਚ ਮੈਂ ਅਜ ਆਪਣਾ ਆਖਰੀ ਫੈਸਲਾ ਕਰਕੇ ਹਾਜ਼ਰ ਹੋਇਆ ਹਾਂ।ਮੇਰੇ ਹਾਲ ਤੇ ਰਹਿਮ ਕਰੋ"। ਇਸ ਵਕਤ ਮੇਰੀ ਹਾਲਤ, ਪੋਜ਼ੀਸ਼ਨ ਇਕ ਇਹੋ ਜਹੇ ਭਿਖਾਰੀ ਵਾਂਗ ਸੀ ਜੋ ਅਤਿ ਮੰਗਤ ਹੋ ਕੇ ਕੋਈ ਭੀਖ ਮੰਗਦਾ ਹੈ, ਵਾਕਈ ਮੈਂ ਇਕ ਵਡੀ ਭੀਖ ਦਾ ਭਿਖਾਰੀ ਸਾਂ। ਉਕਤ ਬੇਨਤੀ ਨੂੰ ਸੁਣ ਕੇ ਜਥੇਦਾਰ ਜੀ ਨੇ ਹੌਸਲਾ ਦਿਤਾ ਤੇ ਬਾਹੋਂ ਪਕੜ ਕੇ ਦੀਵਾਨ ਵਿੱਚ ਲੈ ਆਏ, ਦੀਵਾਨ ਤੋਂ ਬਾਅਦ ਆਪ ਨੇ ਗੁਰਦੁਆਰਾ ਸਾਹਿਬ ਦੇ ਪ੍ਰੇਜ਼ੀਡੈਂਟ ਸ੍ਰੀਮਾਨ ਸ੍ਰ. ਅਮਰ ਸਿੰਘ ਜੀ 'ਸ਼ੇਰੇ ਪੰਜਾਬ' ਅਤੇ ਮੀਤ ਪ੍ਰਧਾਨ ਸ੍ਰ. ਕਰਮ ਸਿੰਘ 'ਭੰਬਾ', ਗਿ. ਖਜ਼ਾਨ ਸਿੰਘ ਜੀ ਹੋਰਾਂ ਦੇ ਨਾਲ ਮੁਲਾਕਾਤ ਕਰਾਈ ਅਤੇ ਮੇਰਾ ਸਾਰਾ ਸਮਾਚਾਰ ਆਖ ਸੁਣਾਇਆ।ਸ੍ਰ. ਅਮਰ ਸਿੰਘ ਸ਼ੇਰੇਪੰਜਾਬ ਪਿੰਡੀਘੇਪ ਜ਼ਿਲਾ ਕੈਂਥਲਪੁਰ ਦੇ ਰਹਿਣ ਵਾਲੇ, ਫ਼ਾਰਸੀ-ਉਰਦੂ ਦੇ ਸੋਹਣੇ ਲਿਖਾਰੀ ਤੇ ਆਲੰਮ ਸਨ।ਸਭ ਸਜਨਾਂ ਨੇ ਬੜੀ ਖੁਸ਼ੀ ਮਨਾਈ, ਅਤੇ ਜਥੇਦਾਰ ਜੀ ਨੂੰ ਕਿਹਾ ਕਿ ਮੈਨੂੰ ਉਹ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਕਰਾਉਣ ਅਤੇ ਉਥੋਂ ਦੀ ਪਵਿੱਤਰ ਹਿਸਟਰੀ ਤੋਂ ਜਾਣੂ ਕਰਾਉਣ।

ਦਾਸ ਅਜ ਖੁਸ਼ੀ ਦੇ ਜਾਮੇ ਵਿੱਚ ਫੁਲਿਆ ਨਹੀਂ ਸਮਾਉਂਦਾ ਸੀ।ਸਮਝਦਾ ਸਾਂ ਕਿ ਮੈਂ ਦੋਲਤੇ ਏਜ਼ਦੀ ਪਾ ਲਈ ਹੈ, ਅਜ ਮੈਂ ਮਕਸੂਦ ਦੀ ਮੰਜ਼ਲ ਨੂੰ ਤੈਅ ਕਰ ਲਿਆ ਹੈ ਪਰ ਹਕੀਕਤ ਵਿਚ ਅਜੇ ਪੰਧ ਲੰਮਾ ਸੀ, ਕੇਵਲ ਪਕਡੰਡੀ ਹੀ ਲੱਭੀ ਸੀ। ਸ੍ਰੀ ਜਥੇਦਾਰ ਜੀ ਤੋਂ ਆਗਿਆ ਲੈ ਕੇ, ਆਪਣਾ ਸਾਰਾ ਸਮਾਨ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਜੋ ਜਾਏ ਰਿਹੈਸ਼ ਮਿਲੀ ਉਥੇ ਮੁਕਾਮ ਕੀਤਾ।ਹੁਣ ਪੰਥ ਦੇ ਵਿਦਵਾਨਾਂ ਨਾਲ ਰੋਜ਼ ਤਬਾਦਲਾ ਖ਼ਿਆਲਾਤ ਖੁਲ੍ਹੇ ਹੋਏ, ਭੇਤ ਦੀਆਂ ਸਹੇਲੀਆਂ ਦੀ ਤਰ੍ਹਾਂ ਹੋਣ ਲਗਾ, ਦੋਵੇਂ ਟਾਇਮ ਦੀਵਾਨਾਂ ਦੀ ਹਾਜ਼ਰੀ ਤੇ ਕਥਾ ਕੀਰਤਨ ਦੀ ਦਾਤ ਲਗੀ ਪ੍ਰਾਪਤ ਹੋਣ। ਵਾਕਈ ਜੋ ਗੈਬੀ ਆਵਾਜ਼

ਸੁਣਦਾ ਸਾਂ ਜੋ ਬਾਰ-ਬਾਰ ਕਹਿੰਦੀ ਸੀ ਕਿ ਦੂਈ-ਖੁਦੀ ਨੂੰ ਛੋੜ ਕੇ ਵਾਸਲੇ ਹਕ ਹੁੰਦਾ ਏਂ ਤਾਂ, ਹੁਣ ਧਿਆਨ ਹੀ ਉਹ ਸਵਾਦ ਲਜ਼ਤੇ ਸ਼ੀਰੀਂ (ਜੋ ਗਿਆਨ ਤੋਂ ਬਾਹਰ ਹੈ) ਆਉਣ ਲਗ ਪਈ।

ਦੂਈ ਰਾ ਚੂੰ ਬਦਰ ਕਰਦੰਮ ਦੋ ਆਲੰਮਰਾ ਯਕੇ ਦੀਦੰਮ।
ਯਕੇ ਬੀਨੰਮ ਸਕੇ ਜੋਯੰਮ ਯਕੇ ਖਵਾਨੰਮ ਯਕੇ ਦਾਨੰਮ।

ਇਕ ਦਿਨ ਜਥੇਦਾਰ ਜੀ, ਨਾਲ ਲੈ ਕੇ ਸ੍ਰੀ ਹਰਮੰਦਰ ਸਾਹਿਬ ਪੁਜੇ, ਸ੍ਰੀ ਅਕਾਲ ਤਖਤ ਸਾਿਹਬ ਅਤੇ ਸਬੰਧਤ ਗੁਰਦੁਆਰਿਆਂ ਤੋਂ ਉਪਰੰਤ, ਸ੍ਰੀ ਤਰਨਤਾਰਨ ਸਾਹਿਬ ਦੀ ਯਾਤਰਾ, ਇਥੋਂ ਦੇ ਤੁਹਫਾ ਜਾਤ ਦੇ ਦਰਸ਼ਨ ਭੀ ਬੜੇ ਪਿਆਰ ਨਾਲ ਕੀਤੇ, ਦੁਖ ਭੰਜਨੀ ਸਾਹਿਬ ਦੇ ਇਸ਼ਨਾਨ, ਅਤੇ ਗੁਰੂ ਕੇ ਲੰਗਰ ਨੇ, ਜੋ ਅਜੇ (ਮੇਰੇ ਅੰਦਰ) ਕੋਈ ਜੰਗਾਲ ਬਾਕੀ ਸੀ ਲਾਹ ਦਿੱਤਾ। ਸ਼ਾਮ ਨੂੰ ਸੰਧਿਆ ਨਾਲ ਮੁੜ ਵਾਪਸ ਲਾਹੌਰ ਪੁਜ ਗਏ।

ਮੀਰਪੁਰ ਵਿਚ ਗੁਰ-ਸਿਖੀ ਦੇ ਦਰਸ਼ਨ:

ਲਾਹੌਰ ਡੇਹਰਾ ਸਹਿਬ ਗੁਰਦੁਆਰੇ ਦੀਆਂ ਸੰਗਤਾਂ ਦਾ ਉਤਸ਼ਾਹ ਪਿਆਰ ਅਤੇ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਛੋਹ ਨੇ ਉਹ ਮੰਨ, ਜੋ ਸਮੁੰਦਰ ਦੀਆਂ ਲਹਿਰਾਂ ਦੀ ਤਰ੍ਹਾਂ ਉਛਾਲੇ ਖਾ ਰਿਹਾ ਸੀ, ਸ਼ਾਂਤ ਕਰ ਦਿਤਾ ਤੇ ਟਿਕਾਉ ਵਿਚ ਇਕ ਸਾਰ ਦੇ ਵਹਿਨ ਵਿਚ ਟਿਕ ਗਿਆ।ਪਾਠਕ ਜੀਓ! ਇਸ ਮਨ ਦੇ ਵੇਗ, ਜਿਨ੍ਹਾਂ 'ਚੋਂ ਇਸ 'ਕੀਟ' ਨੂੰ ਲੰਘਣਾ ਪਿਆ ਹੈ, ਇਹ ਚਲਦੇ ਪਾਣੀ ਦੀ ਤਰ੍ਹਾਂ ਹੈ, ਜਿਸ ਤਰ੍ਹਾਂ ਪਾਣੀ ਦਾ ਕੰਮ ਵਗਣਾ ਹੈ।ਜਿਵੇਂ ਹਵਾ ਦਾ ਦਲਣ ਹੈ ਲਹਿਰਾਂ ਨੂੰ ਪੈਦਾ ਕਰਨਾ, ਸਮੁੰਦਰ ਦਾ ਮੁਖ ਕਰਤਬ ਹੈ, ਠੀਕ ਇਸੇ ਤਰ੍ਹਾਂ ਮੰਨ ਦਾ ਕਰਤਬ ਦੂਜਿਆ ਦੀ ਹਰ ਖਾਹਸ਼ ਪੈਦਾ ਕਰਨਾ ਹੈ।ਜਦ ਤਕ ਸਮੁੰਦਰ ਹੈ ਉਸ ਵਿਚ ਲਹਿਰਾਂ ਜ਼ਰੂਰ ਪੈਦਾ ਹੋਣਗੀਆਂ, ਹਵਾ ਵਿਚ ਵਾਵਰੋਲੇ ਹਨ।ਠੀਕ ਜਦ ਤਕ ਮਨ ਹੈ ਇਸ ਵਿਚ ਤਰੰਗਾਂ-ਖਾਹਸ਼ਾਂ ਜ਼ਰੂਰ ਆਉਂਦਗੀਆਂ ਜਿਨ੍ਹਾਂ ਚਿਰ ਮਨ ਦੀਆਂ ਲਹਿਰਾਂ ਜਾਰੀ ਰਹਿਣਗੀਆਂ, ਤਦ ਤੋੜੀਂ ਮਨ ਈਸ਼ਵਰ-ਭਗਤੀ ਤੋਂ ਬੇਮੁਖ ਤੇ ਬੇਖਬਰ ਰਹੇਗਾ ਅਤੇ ਦੁਨੀਆਂ ਦੀਆਂ ਖਾਹਸ਼ਾਂ-ਲਜ਼ਤਾਂ ਵਿਚ ਫਸਿਆ ਰਹੇਗਾ। ਕਿਰਪਾ-ਦ੍ਰਿਸ਼ਟੀ ਰੂਪ ਹੋਵੇ ਕਿ ਤਾਂ ਦੁਖ-ਸੁਖ, ਮਹੁੱਬਤ-ਨਫਰਤ, ਸਰਦੀ-

ਗਰਮੀ, ਇਹ ਸਾਰੇ ਮਨ ਦੇ ਫੁਰਨੇ ਹਨ ਦੂਰ ਹੋ ਜਾਂਦੇ ਹਨ। ਇਨ੍ਹਾਂ ਚੀਜ਼ਾਂ ਦਾ ਆਤਮਾ ਨਾਲ ਕੋਈ ਤਅਲਕ ਨਹੀਂ ਹੈ, ਆਤਮਾਂ ਇਨ੍ਹਾਂ ਚੀਜ਼ ਤੋਂ ਪਾਕ ਹੈ। ਜਿੰਨਾਂ ਚਿਰ੍ਹ ਮਨ ਦਾ ਸਰੀਰ ਨਾਲ ਤਅਲਕ ਹੈ ਉਨਾਂ ਚਿਰ੍ਹ ਉਪਰਲੇ ਝਮੇਲੇ ਚਿਮੜੇ ਰਹਿਣਗੇ, ਧੰਧੇ ਸਾਰੇ ਖਤਮ ਹੋ ਜਾਂਦੇ ਹਨ, ਨਾ ਸਰਦੀ ਨਾ ਗਰਮੀ ਨਾ ਖੁਸ਼ੀ ਨਾ ਗਮੀ, ਰਹਿੰਦੀ ਹੈ।ਦੁਖ ਸੁਖ ਸੰਮ ਕਰ ਜਾਣਦਾ ਹੈ। ਗੁਰੂ ਦੇ ਕਹੇ ਮਨ ਵੀ ਆਤਮਾ ਵਿਚ ਲੀਨ ਹੋਣ ਦੇ ਬਾਅਦ ਤੋਂ ਵਿਦਾ ਹੋ ਕੇ ਘਰ (ਮੀਰਪੁਰ) ਪੁਜਾ ਤਾਂ ਤਾਂ ਘਰਵਾਲੀ ਵਿਰਾਗਮਈ ਅਵਸਥਾ ਵਿਚ ਆਪਣੇ ਦਿਨ ਉਡੀਕਾਂ ਵਿਚ ਪੂਰੇ ਕਰ ਚੁਕੀ ਸੀ, ਸੁਬਾਹ ਦੇ ਦੌਰਾਨ ਵਿਚ ਆਪਣੀ ਲਾਹੌਰ-ਯਾਤਰਾ ਦਾ ਜ਼ਿਕਰ ਕੀਤਾ ਕਿ "ਜਿਸ ਚੀਜ਼ ਦੀ ਪ੍ਰਾਪਤੀ ਦੀ ਭਟਕਣਾ ਸੀ, ਪ੍ਰਾਪਤ ਹੋ ਚੁੱਕੀ ਹੈ, ਮੈਂ ਸਿੱਖ ਮੱਜ਼ਹਬ ਧਾਰਨ ਕਰਨ ਲਈ ਤਿਆਰ ਹੋ ਚੁਕਾ ਹਾਂ। ਇਕ ਅਮੀਰ ਬਾਪ ਦੀ ਬੇਟੀ ਹੈਂ, ਜੇ ਪੇਕੇ ਘਰ ਜਾ ਕੇ ਆਪਣਾ ਗੁਜਾਰਾ ਕਰੇ ਤਾਂ ਵੀ ਠੀਕ ਹੈ, ਜੇ ਸਹੁਰੇ ਘਰ ਰਹੇ ਤਾਂ ਭੀ ਕੋਈ ਘਾਟਾ ਨਹੀਂ ਹੈ, ਤੁਹਾਨੂੰ ਕਿਆਸੀ ਇਕ ਵੇਰ ਜ਼ਰੂਰ ਮਿਲਨ ਆਵੇਗਾ। ਸੋ ਬਚਨ ਪੂਰਾ ਕੀਤਾ ਹੈ, ਹੁਣ ਦਾ ਗਿਆ ਮੁੜ ਨਹੀਂ ਆ ਸਕਾਂਗਾ"।

ਬੀਵੀ ਇਹ ਗਲ ਸੁਣ ਕੇ ਭੁਬਾਂ ਮਾਰ ਕੇ ਰੋ ਪਈ ਤੇ ਕਹਿਣ ਲਗੀ, "ਕੀ ਤੁਸੀਂ ਹਮੇਸ਼ਾਂ ਲਈ ਮੈਨੂੰ ਛਡ ਜਾਉਗੇ! ਹਰਗਿਜ਼ ਨਹੀਂ ਮੇਰਾ ਸਹੁਰਾ ਪਰਿਵਾਰ ਆਪ ਦੇ ਨਾਲ ਹੀ ਹੈ, ਆਪ ਤੋਂ ਬਿਨਾਂ ਮੈਂ ਦੋਹਾਂ ਘਰਾਂ ਨੂੰ ਕਬਰਿਸਤਾਨ ਸਮਾਨ ਜਾਣਦੀ ਹਾਂ, ਜਿਧਰ ਆਪ ਜਾਉਗੇ ਹਰ ਦੁਖ-ਸੁਖ ਵਿਚ ਆਪ ਦੇ ਨਾਲ ਨਿਭਾਂਗੀ", "ਸਤਿਬਚਨ, ਤਿਆਰੀ ਕਰੋ ਤੇ ਇਸ ਤਿਆਰੀ ਦੀ ਖ਼ਬਰ ਕਿਸੇ ਰਿਸ਼ਤੇਦਾਰ, ਮਾਂ, ਬਾਪ, ਭੈਣ, ਭਰਾ ਨੂੰ ਨਾ ਹੋਵੇ"।

ਅਜ ਦਾ ਦਿਨ ਤਿਆਰੀ ਵਿਚ ਬਤੀਤ ਹੋਇਆ। ਥੋੜ੍ਹਾ ਬਹੁਤਾ ਸਮਾਨ ਲੋੜਾਂ ਅਨੁਸਾਰ ਬੰਨ੍ਹ ਲਿਆ, ਪਰ ਹੁਣ ਦੋਵੇਂ ਇਹ ਸੋਚਾਂ ਕਰ ਰਹੇ ਸਾਂ ਕਿ ਇਥੋਂ ਸਟੇਸ਼ਨ 'ਜੇਹਲਮ' 20 ਮੀਲ ਦੂਰ ਹੈ, ਜਿਨਾ ਅਪੜ ਹੋਵੇਗਾ, ਨਿਕਲਨਾ ਭੀ ਇਸ ਤਰ੍ਹਾਂ ਹੈ ਕਿ ਕਿਸੈ ਨੂੰ ਖਬਰ ਨਾ ਹੋਏ।ਇਸ ਸੋਚ ਵਿਚ ਰਾਤ ਦੇ ਇੱਕ ਵਜ ਚੁੱਕੇ ਸਨ, ਸਾਡੇ ਗਵਾਂਢੀ, ਇਕ ਸੁਰੈਨ ਸਿੰਘ ਨਾਮੀ ਸਿਖ ਦਾ ਘਰ ਸੀ। ਗੁਰੂ ਜੀ ਨੇ ਫੌਰਨ ਫੁਰਨਾਂ ਦਿਤਾ ਤੇ ਉਕਤ ਪ੍ਰੇਮੀ ਦੀ ਹਵੇਲੀ ਦਾ ਕੁੰਡਾ ਜਾ

ਖੜਕਾਇਆ।ਸੋਰਸ਼ ਦੇ ਦਿਨ ਸਨ। ਸਿੰਘ ਨੇ ਰਾਤ ਦੇ ਸਮੇਂ ਦਰਵਾਜ਼ਾ ਖੋਲ੍ਹਣ ਤੋਂ ਨਾਹ ਕੀਤੀ, ਜ਼ੋਰ ਦੇਣ ਤੇ ਉਸਨੇ ਬੂਹਾ ਖੋਲ੍ਹਿਆ ਤਾਂ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਬੁਲਾਈ।ਸਿੰਘ ਜੀ ਹੈਰਾਨ ਹੋ ਕੇ, 'ਆਓ ਪੀਰ ਜੀ, ਆਓ ਪੀਰ ਜੀ' ਕਹਿ ਕੇ ਮੰਜੇ ਤੇ ਬੈਠਣ ਲਈ ਕਿਹਾ।

ਦਾਸ ਨੇ ਨਿਮਰਤਾ ਸਹਿਤ ਘਬਰਾਂਦੇ ਹੋਏ, ਸਿੰਘ ਜੀ ਨੂੰ ਸ਼ਾਹੀ ਦਿਤੀ ਅਤੇ ਸਾਡੇ ਤਿੰਨ ਮਹੀਨਿਆਂ ਦੀ ਗੈਰ ਹਾਜ਼ਰੀ ਦਾ ਸਾਰਾ ਸਮਾਚਾਰ ਸੁਣਾਇਆ ਅਤੇ ਅੰਤ ਨੂੰ ਗੁਰਦੁਆਰਾ ਡੇਹਰਾ ਸਹਿਬ, ਹਰਿਮੰਦਰ ਸਾਹਿਬ ਅਤੇ ਆਪਣਾ ਵੀ ਗੁਰ ਚਰਨਾਂ ਦਾ ਸਿਦਕ ਵੀ ਦਸਿਆ। 'ਸਿੰਘ ਜੀ' ਨੂੰ ਯਕੀਨ ਨਹੀਂ ਆਉਂਦਾ ਸੀ। ਮੁਲਕ ਵਿਚ ਹਿੰਦੂ-ਮੁਸਲਿਮ ਸ਼ੋਰਸ਼ ਹੋਣ ਕਰ ਕੇ ਮੇਰੀ ਕਥਨੀ ਵੀ ਪਾਲਸੀ ਹੀ ਜਾਣ ਦੇ ਸਨ।ਪਰ ਜਦ ਦਾਸ ਨੇ ਪੂਰੀਆਂ-ਪੂਰੀਆਂ ਨਿਸ਼ਾਨੀਆਂ ਸਿਖ-ਲੀਡਰਾਂ ਦੇ ਨਾਉਂ ਤੇ ਹੁਲੀਏ ਦੱਸੇ ਤਾਂ ਸਿੰਘ ਜੀ ਨੂੰ ਯਕੀਨ ਹੀ ਨਹੀਂ ਹੋਇਆ ਬਲਕਿ ਮੇਰੇ ਪੈਰੀਂ ਡਿੱਗ ਪਏ ਤੇ ਧੂੜੀ ਆਪਣੇ ਮੱਥੇ ਤੇ ਲਾ ਕੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੀ ਧੁੰਨ ਵਿਚ ਹੋ ਗਏ ਅਤੇ ਹਥ ਜੋੜ ਕੇ ਕਹਿਣ ਲਗੇ, "ਜੀ ਮੇਰੇ ਲਈ ਕੀ ਹੁਕਮ ਹੈ?, "ਸਿੰਘ ਜੀਓ!ਅਸਾਂ ਨੇ ਲਾਹੌਰ ਦੀ ਤਿਆਰੀ ਕੀਤੀ ਹੈ ਤੇ ਜਿਹਲਮ ਅਪੜਨਾ ਹੈ, ਤੁਸੀਂ ਇਮਦਾਦ ਕਰੋ, ਸਾਨੂੰ ਰਾਤੋ-ਰਾਤ ਜਿਹਲਮ ਪੁਹੰਚਾਉ।" ਸਿੰਘ ਜੀ ਨੇ ਧੰਨ ਭਾਗ ਜਾਣ ਕੇ ਆਪਣੀਆਂ ਤਿੰਨ ਖੱਚਰਾਂ ਤਿਆਰ ਕੀਤੀਆਂ, ਇਕ ਤੇ ਸਾਡਾ ਸਮਾਨ ਇਕ ਤੇ ਦਾਸ ਨੂੰ ਸਵਾਰ ਕੀਤਾ, ਇਕ ਤੇ ਘਰ-ਵਾਲੀ ਤੇ ਛੋਟਾ ਬੱਚਾ, ਜੋ ਪੰਜ ਸਾਲ ਦਾ ਸੀ, ਸਵਾਰ ਕਰ ਦਿਤੇ ਅਤੇ ਸਿੰਘ ਜੀ ਨੇ ਅਰਦਾਸ ਕਰ ਕੇ ਚਾਲੇ ਪਾ ਦਿਤੇ। ਦਿਨ ਚੜ੍ਹਦੇ ਨੂੰ ਅਸੀਂ ਜਿਹਲਮ ਸਟੇਸ਼ਨ ਤੇ ਪਹੁੰਚ ਗਏ।ਵਿਛੜਨ ਵੇਲੇ ਸਿੰਘ ਜੀ ਨੂੰ ਬੇਨਤੀ ਕੀਤੀ, "ਸਿੰਘ ਜੀ! ਇਸ ਸਾਡੇ ਮਾਮਲੇ ਦਾ ਕਿਸੇ ਨੂੰ ਪਤਾ ਨਾ ਲਗੇ, ਸਮਾਚਾਰ ਗੁਪਤ ਹੀ ਰਖਣਾ"।ਸਿੰਘ ਹੋਰਾਂ ਦੀ ਕੋਈ ਪੰਜਾਹ ਸਾਲ ਦੀ ਉਮਰ ਸੀ।ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਕਰਦੇ ਮੇਰੇ ਨਾਲ ਚੰਬੜ ਗਏ ਤੇ ਆਖਿਆ, "ਗੁਰੂ ਭਲੀ ਕਰੇਗਾ"। ਪੰਜ ਰੁਪੇ ਦੇ ਕੇ ਆਖਿਆ, "ਗੁਰੂ ਦੇ ਚਰਨਾਂ ਵਿਚ ਮੇਰੀ ਅਰਦਾਸ ਕਰਨੀ"। ਦਿਨ ਦੇ 11 ਵਜੇ ਦੀ ਗਡੀ ਤੇ ਚੜ੍ਹ, ਚਾਉ-ਚਾਈਂ, ਜਿਸ ਤਰ੍ਹਾਂ ਕੋਈ ਦੂਰ ਦੇ ਪੰਧ ਕਰ ਕੇ ਆਪਣੇ

ਮੁਦਤਾਂ ਦੇ ਵਿਛੜਿਆਂ ਨੂੰ ਮਿਲਣ ਦੇ ਚਾਹ ਵਿੱਚ ਤੁਰਦਾ ਹੈ. ਕਾਮੋਕੀ ਸਟੇਸ਼ਨ ਤੋਂ ਲੰਘੇ ਤਾਂ ਸਿੰਘ ਜੀ ਨੂੰ ਕਿਹਾ ਕਿ ਹੁਣ ਲਾਹੌਰ ਆਇਆ ਜਾਣੈ, ਪਰ ਇਸ ਬੁਰਕਾ-ਪੋਸ਼ੀ ਦੀ ਸ਼ਕਲ ਵਿਚ ਜੇ ਅਸੀਂ ਗੁਰਦੁਆਰੇ ਵਿਚ ਦਾਖ਼ਲ ਹੋਏ ਤਾਂ ਕੀ ਬਣੇਗਾ। ਲਾਹੌਰ ਵਿਚ ਹੀ ਮੈਂ ਅਰਬੀ ਦੀ ਤਾਲੀਮ ਹਾਸੀਲ ਕੀਤੀ ਹੈ ਇਥੋਂ ਦਾ ਬਚਾ-ਬਚਾ ਮੈਨੂੰ ਜਾਣਦਾ ਹੈ, ਇਹ ਕੀ ਕਹਿਣਗੇ। ਇਹ ਗੁਰਦੁਆਰੇ ਵਿਚ ਕਿਉਂ ਦਾਖਲ ਹੋ ਗਿਆ ਹੈ।

ਇਹ ਸੰਸਾ ਕੁਦਰਤ ਨੇ ਪਾ ਦਿਤਾ, "ਜਿਸ ਸੰਸੇ ਦੀ ਸਮਝ ਸਾਨੂੰ ਬਹੁਤ ਬਾਅਦ ਵਿਚ ਲਗੀ"। ਸਿੰਘਣੀ ਨੇ ਵੀ ਤਸਦੀਕ ਕੀਤਾ ਕਿ ਬਿਲਕੁਲ ਠੀਕ ਹੈ, ਪਰ ਹੋਣਾ ਕੀ ਚਾਹੀਦਾ ਹੈ? ਵਿਚਾਰ ਤੋਂ ਉਪਰੰਤ ਸੋਚਿਆ। ਸ਼ਾਹਦਰੇ ਦੀ ਮਿੱਲ ਵਿਚ ਸਾਡਾ ਇਕ ਮੁਰੀਦ ਇਮਾਮਦੀਨ ਫੌਰਮੈਨ ਹੈ ਉਸਦੇ ਘਰ ਠਹਿਰਦੇ ਹਾਂ। ਸ਼ਾਹਦਰੇ ਉਤਰ ਕੇ ਉਕਤ ਪ੍ਰੇਮੀ ਦੇ ਘਰ ਗਏ, 'ਪੀਰ' ਦੀ ਹੈਸੀਅਤ ਵਿਚ ਉਸ ਆਪਣੇ 'ਧੰਨ ਭਾਗ' ਸਮਝੇ।

ਸੇਵਕ ਨੇ ਆਪਣੇ ਬੱਚੇ ਤਾਂ ਇਨ੍ਹਾਂ ਦੇ ਘਰ ਛਡੇ, ਆਪ ਟਾਂਗਾ ਲੈ ਕੇ ਡੇਹਰਾ ਸਾਹਿਬ ਜਾ ਪੁਜਾ, ਜਥੇਦਾਰ ਅੱਛਰ ਸਿੰਘ ਜੀ ਅਤੇ ਮੀਤ ਪ੍ਰਧਾਨ ਜੀ ਮਿਲੇ ਜਿਨ੍ਹਾਂ ਨੂੰ ਮਨ ਵਿਚ ਉਪਜੇ ਸ਼ੰਕੇ ਦਾ ਜ਼ਿਕਰ ਕੀਤਾ।ਪ੍ਰਧਾਨ ਜੀ ਨੇ ਕਿਹਾ, "ਆਪ ਕਲ੍ਹ ਐਤਵਾਰ ਨੂੰ ਸਿਧੇ ਅੰਮ੍ਰਿਤਸਰ ਪੁਜੋ।ਹਰ ਐਤਵਾਰ ਨੂੰ ਸ੍ਰੀ ਅਕਾਲ ਤਖਤ ਸਾਹਬਿ ਅੰਮ੍ਰਿਤ-ਪ੍ਰਚਾਰ ਹੁੰਦਾ ਹੈ, ਤੁਹਾਨੂੰ ਅਕਾਲ ਤਖਤ ਤੋਂ ਅੰਮ੍ਰਿਤ-ਪਾਨ ਕਰਾ ਕੇ ਫੇਰ ਇਥੇ ਲੈ ਆਵਾਂਗੇ"।ਸਤਿ ਬਚਨ ਕਹਿ ਕੇ ਖੁਸ਼ੀਆਂ ਵਿਚ ਉਠ ਤੁਰਿਆ ਕਿ ਕਲ ਸਾਨੂੰ ਅੰਮ੍ਰਿਤ ਦੀ ਦਾਤ ਮਿਲ ਜਾਵੇਗੀ ਪਰ:

> ਨਰ ਚਾਹਤ ਕਿਛ ਔਰ ਔਰੈ ਕੀ ਔਰੈ ਭਈ।
> ਚਿਤਵਹ ਰਹਿਉ ਠਗੌਰ ਨਾਨਕ ਫਾਸੀ ਗਲਿ ਪਰੀ।

ਜਦੋਂ ਸ਼ਾਹਦਰੇ ਰਾਤ ਰਹਿ ਕੇ ਸਵੇਰ ਦੀ 9 ਵਜੇ ਦੀ ਗੱਡੀ ਚੜ੍ਹਨ ਲਈ ਅਸੀਂ ਸਟੇਸ਼ਨ ਤੇ ਆਏ ਤਾਂ ਘਰਵਾਲੀ ਤੇ ਬੱਚੇ ਨੂੰ ਸਮਾਨ ਕੋਲ ਬਿਠਾ ਕੇ, ਟਿਕਟਾਂ ਲੈ ਕੇ, ਜਦੋਂ ਵਾਪਸ ਆਇਆ ਤਾਂ ਚਮੜੇ ਦਾ ਸੂਟਕੇਸ (ਅਟੈਚੀਕੇਸ) ਜਿਸ ਵਿਚ ਸਤ ਸੈ ਨਕਦ ਰੁਪਿਆ ਅਤੇ ਨਾਲ ਹੀ ਜੇਵਰ ਤੇ ਹੋਰ ਕੀਮਤੀ ਚੀਜ਼ਾਂ ਸਨ, ਕਿਸੇ ਨੇ ਚੁਕ ਲਿਆ।ਘਰਵਾਲੀ ਘਰ 'ਚੋਂ ਕਦੇ ਬਾਹਰ ਨਹੀਂ ਨਿਕਲੀ ਸੀ,

ਬੁਰਕਾ-ਪੋਸ਼ੀ ਵਿਚ ਇਕ ਪਾਸੇ ਮੂੰਹ ਕਰਕੇ ਬੱਚੇ ਨੂੰ ਲਈ ਬੈਠੇ ਰਹੇ।ਦੂਜੇ ਪਾਸੇ ਇਹ ਵਾਕਿਆ ਹੋ ਗਿਆ।ਹੁਣ ਗੱਡੀ ਵਿਚ ਚੜ੍ਹਨਾ ਸੀ, ਪੁਲੀਸ ਸਟੇਸ਼ਨ ਤੇ ਰਪਟ ਦਿਤੀ, ਇਸੇ ਹਫੜਾ-ਦਫੜੀ ਵਿਚ ਐਤਵਾਰ ਦਾ ਦਿਨ ਇਥੇ ਹੀ ਲੰਘ ਗਿਆ ਤੇ ਚੋਰੀ ਵੀ ਨਹੀਂ ਲਭੀ।

ਹੁਣ ਸਾਨੂੰ ਜੇ ਪਤਾ ਹੁੰਦਾ ਕਿ ਐਤਵਾਰ ਤੋਂ ਬਿਨਾਂ ਅਕਾਲ ਤਖਤ ਅੰਮ੍ਰਿਤ-ਪ੍ਰਚਾਰ ਨਹੀਂ ਹੁੰਦਾ ਤਾਂ ਅਸੀਂ ਡੇਹਰਾ ਸਾਹਿਬ ਪੁਜਦੇ, ਸਾਡੇ ਭਾਣੇ ਰੋਜ਼ ਹੁੰਦਾ ਹੈ, ਅਸੀਂ ਸੋਮਵਾਰ ਨੂੰ ਅੰਮ੍ਰਿਤਸਰ ਪਜੇ, ਘੰਟੇ-ਘਰ ਦੇ ਪਾਸ ਸਮਾ ਨਿਰਖ ਕੇ ਘਰ ਵਾਲਿਆਂ ਨੂੰ ਵੀ ਇਥੇ ਹੀ ਬਠਾਇਆ, ਤੇ ਆਪ ਪਤਾ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਤੇ ਪੁਜਾ।ਇਕ ਗ੍ਰੰਥੀ ਜੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਸਨ ਜਿਨ੍ਹਾਂ ਤੋਂ ਪੁਛਿਆ ਕਿ ਇਥੇ ਕੋਈ ਡੇਹਰਾ ਸਾਹਿਬ ਦੇ ਪ੍ਰਬੰਧਕ ਵੀ ਆਏ ਹਨ ਤਾਂ ਉਨਾਂ ਕਿਹਾ ਕਿ ਉਹ ਤੁਹਾਨੂੰ ਕਲ ਐਤਵਾਰ ਨੂੰ ਉਡੀਕ-ਉਡੀਕ ਕੇ ਵਾਪਸ ਚਲੇ ਗਏ ਹਨ। ਫੇਰ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਗਿਆ, ਜਥੇਦਾਰ ਮੋਹਨ ਸਿੰਘ, ਜਥੇਦਾਰ ਗੁਰਮੁਖ ਸਿੰਘ 'ਮੁਸਾਫਿਰ' ਆਦਿ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਸਭ ਕੋਸ਼ਿਸ਼ ਬੇਕਾਰ ਗਈ, ਹੈਰਾਨਕੁਨ ਅਵਸਥਾਂ ਵਿਚ ਵਾਪਸ ਘੰਟਾ-ਘਰ ਜਦੋਂ ਪੁਜਾ ਤਾਂ ਸਿੰਘਣੀ ਨੂੰ ਕਿਹਾ ਕਿ ਇਥੇ ਬੜੀ ਬੇਪ੍ਰਵਾਹੀ ਹੈ।ਕੋਈ ਬਾਤ ਨਹੀਂ ਪੁਛ ਰਿਹਾ ਹੈ। ਸਿੰਘਣੀ, ਜਿਸ ਦਾ ਪਿਆਰੇ ਤੋਂ ਪਿਆਰਾ ਜੇਵਰ ਗੁੰਮ ਹੋ ਚੁੱਕਾ ਸੀ।ਇਕ ਹੋਕਾ ਜਿਆ ਭਰ ਕੇ ਕਹਿਣ ਲੱਗੀ, "ਮੈਂ ਤੁਹਾਨੂੰ ਕਹਿ ਤਾਂ ਨਹੀਂ ਸਕਦੀ ਹਾਂ, ਤੁਹਾਡੀ ਰਜ਼ਾ ਵਿਚ ਮੇਰੀ ਰਜ਼ਾ ਹੋਵੇਗੀ। ਪਰ ਇਹ ਇਸਲਾਮ ਦੀ ਹੀ ਸਾਰੀ ਕਰਾਮਾਤ ਹੈ ਜੋ ਅਸੀਂ ਦੀਨ ਤੋਂ ਬੇ-ਮੁੱਖ ਹੋਣ ਲਗੇ ਹਾਂ ਤਾਂ ਪਹਿਲਾਂ ਸਾਡੀ ਵਸਤੂ ਚੋਰੀ ਹੋ ਗਈ, ਹੁਣ ਇਹ ਕਦੀ ਨਹੀਂ ਹੋ ਸਕਦਾ ਕਿ ਕਿਸੇ ਦੇ ਮਜ਼ਹਬ ਵਿਚ ਕੋਈ ਦਾਖਲ ਹੋਵੇ ਤਾਂ ਅਗਲੇ 'ਬਾਤ' ਤਕ ਵੀ ਨਾ ਪੁਛਣ।ਮਜ਼ੋਹਬਾਂ ਵਾਲੇ ਤਾਂ ਆਪਣੇ ਮੌਜ਼ਹਬ ਦੀ ਤਰੱਕੀ ਵਿਚ ਫੁੱਲੇ ਨਹੀਂ ਸਮਾਂਦੇ, ਬਹਿਰ-ਹਾਲ ਇਹ ਕਿ ਅਜੇ ਭੀ ਮੌਕਾ ਹੈ ਵਾਪਸ ਘਰ ਨੂੰ ਮੁੜ ਪਈਏ"। ਮੈਂ ਸਮਝ ਗਿਆ ਕਿ ਘਰਵਾਲੀ ਦਾ ਮਨ ਡੋਲ ਗਿਆ ਹੈ, ਸਵੇਰ ਤੋਂ ਖਾਦਾ ਪੀਤਾ ਵੀ ਕੁਝ ਨਹੀਂ ਹੈ। 'ਡੋਲੇ' ਮਨ ਨੂੰ ਧੀਰਜ ਦਿਤਾ ਕਿ "ਹੇ ਬੰਦੀ ਖੁਦਾ ਦੀ ਅਸੀਂ ਹਕੀਕਤ ਦੇ ਦਾਇਰੇ ਵਿਚ ਦਾਖਲ

ਹੋਣ ਲਗੇ ਹਾਂ, ਜਿਸ ਦੇ ਦਾਖਲੇ ਤੋਂ ਪਹਿਲਾਂ ਪਤਾ ਨਹੀਂ ਕਿੰਨੀਆਂ ਕੁ ਅਜਮਾਇਸ਼ਾਂ ਪੇਸ਼ ਆਉਣਗੀਆਂ ਜਿਨ੍ਹਾਂ ਨੂੰ ਅਸਾਂ ਨੇ ਲੰਘਣਾ ਹੈ ਤੇ ਫੇਰ ਕਿਤੇ ਸਫਲਤਾ ਪ੍ਰਾਪਤ ਹੋਵੇਗੀ"।

ਸਾਦੀ ਵਾ ਗੰਮ ਮੇਂ ਨਹੀਂ ਜਿਸ ਕੋ ਮਸੱਰਤ ਔਰ ਮਲਾਲ।
ਸਭ ਸੇ ਜੋ ਬੇ-ਲੋਗ ਹੈ ਵੋਹ ਆਦਮੀ ਹੈ ਬਾ-ਕਮਾਲ।

ਇਸ ਬਿਪਤ-ਘਟਾ ਸਮੇਂ ਕੋਲ ਇਕ ਗੁਰੂ ਕੇ ਸਿਖ ਬੈਠੇ ਸਨ ਉਨਾਂ ਨੇ ਵੀ ਕਿਹਾ: "ਬੀਬੀ ਸਾਡੇ ਗੁਰੂ ਜੀ ਨੇ ਕਿਹਾ ਹੈ ਤੈਸਾ ਹਰਖ ਤੈਸਾ ਉਸ ਸੋਗ।ਸਦਾ ਅਨੰਦ ਤੈ ਨਹੀਂ ਬਿਉਗ।

ਤੈਸਾ ਸਵਰਨ ਤੈਸੀ ਉਸ ਮਾਟੀ।ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ।
ਤੈਸਾ ਮਾਨ ਤੈਸਾ ਅਪਮਾਨ।ਤੈਸਾ ਰੰਕ ਤੈਸਾ ਰਾਜਾਨ।
ਜੋ ਵਰਤਾਏ ਸਾਈ ਜੁਗਤ।ਨਾਨਕ ਉਹ ਪੁਰਖ ਕਹੀਏ ਜੀਵਨ ਮੁਕਤ।

ਜਿਸ ਸ਼ਖਸ ਦੀ ਨਜ਼ਰ ਵਿਚ ਦੁਖ, ਸੁਖ, ਖੁਸ਼ੀ, ਗਮੀ, ਸੋਨਾ, ਮਿੱਟੀ, ਅੰਮ੍ਰਿਤ, ਜਹਿਰ, ਰਾਜਾ ਅਤੇ ਫਕੀਰ ਬਰਾਬਰ ਹੋਏ ਉਹ ਗੁਰੂ ਦੇ 'ਘਰ' ਵਿਚ ਪ੍ਰਵਾਨ ਹੁੰਦਾ ਹੈ।

ਬੀਵੀ ਬਚਨ: "ਭਾਈ ਜੀ! ਸਾਡੇ ਕੋਲ ਤਾਂ ਹੁਣ ਕੱਚੀ-ਕੌਡੀ ਵੀ ਨਹੀਂ ਰਹੀ।ਪ੍ਰਦੇਸ ਵਿਚ ਕੀ ਕਰਾਂਗੇ"।

ਸਿੰਘ ਜੀ ਬਚਨ: ਰਾਜ ਦੇਵੈਂ ਤਾਂ ਕੀ ਵਡਿਆਈ।ਭੀਖ ਮੰਗਾਵੇ ਤੁਰ ਕੀ ਘਟ ਜਾਈ।

"ਬੀਬੀ ਗੁਰਸਿਖੀ ਮਾਰਗ ਵਿਚ ਜੇ ਦੌਲਤ ਮਿਲ ਜਾਏ ਤਾਂ, ਜੇ ਗਦਾਗਰ ਹੋ ਜਾਏ ਤਾਂ, ਵਾਹ-ਵਾਹ ਦੀ ਹੀ ਪੌੜੀ ਪੜ੍ਹਨੀ ਗੁਰਾਂ ਨੇ ਦਸੀ ਹੈ, 'ਆਵਹ ਹਿਰਖ ਨਾ ਜਾਵਤ ਸੋਗ।ਇਹ ਕਹਿ ਕੇ ਸਿੰਘ ਜੀ ਤਾਂ ਚਲਦੇ ਬਣੇ। ਸਿੰਘਣੀ ਨੇ ਪੁਛਿਆ, 'ਇਹ ਕੋਣ?" ਦਸਿਆ: "ਇਹ ਗੁਰੂ ਕਾ ਸਿਖ ਹੈ"।ਕਹਿਣ ਲੱਗੀ: "ਇਹ ਅਜੀਬ ਖਿਆਲਾਂ ਦਾ ਆਦਮੀ ਹੈ। ਜਿਸ ਨੂੰ ਹਰ ਘੜੀ 'ਸਮ' ਦਿਸ ਰਹੀ ਹੈ?" "ਭਲੀ ਲੋਕ, ਇਹ ਹੀਰਿਆਂ ਦੀ ਕਾਨ ਹੈ, ਜੋ ਮੁਠੀ ਭਰ ਹੀ ਵਜ਼ਨ ਰਖਿਆ ਕਰਦੀ ਹੈ, ਲੂਣ ਦੇ ਪਹਾੜਾਂ ਦੇ ਪਹਾੜ 5 ਰੁਪਏ ਬਿਕਦਾ ਹੈ"

ਸਿੰਘਣੀ: "ਤੁਸੀਂ ਠੀਕ ਕਹਿ ਰਹੇ ਹੋ।ਪ੍ਰੰਤੂ ਹੁਣ ਕੀ ਕਰੋਗੇ ਜਦ ਪੈਸਾ ਕੋਲ ਨਹੀਂ? "ਕੱਚਾ ਪੈਸਾ ਕੋਲ ਕਿਉਂ ਨਹੀਂ? ਔਹ ਵੇਖ, ਤੇਰੇ ਹਥ ਵਿਚ ਪੌਣ ਤੋਲੇ ਦੀ ਸੋਨੇ ਦੀ ਛਾਪ ਹੈ, ਲਿਆਉ ਮੈਨੂੰ ਦਿਓ, ਹੁਣੇ ਰੁਪਏ ਹੀ ਰੁਪਏ ਹੋ ਜਾਣੇ ਹਨ"। ਪਾਠਕ ਜੀਓ! ਇਸ ਛਾਪ ਦੇ ਸੋਨੇ ਦੇ, ਸਸਤੇ ਭਾਅ ਦੇ ਹਿਸਾਬ ਨਾਲ, 1900 ਪ੍ਰਾਪਤ ਹੋਏ। ਲਾਹੌਰ ਤੇ ਅੰਮ੍ਰਿਤਸਰ ਦੇ ਦਰਮਿਆਨ ਵਿਚ ਜਲੋ ਪਿੰਡ ਪੁਜੇ, ਇਥੇ ਸਾਡਾ ਇਕ ਮੁਰੀਦ ਰਹਿੰਦਾ ਸੀ, ਜੋ ਬਹੁਤ ਬੜਾ ਜ਼ਿਮੀਦਾਰ ਸੀ।ਇਥੇ ਪੁਜਦਿਆਂ ਸੈਕਟਰੀ ਸਾਹਿਬ ਗੁਰਦੁਅਰਾ ਡੇਹਰਾ ਸਾਹਿਬ ਦੇ ਨਾਉਂ ਬੇਰੰਗ ਚਿਠੀ ਲਿਖੀ ਜਿਸ ਵਿਚ ਸ਼ਾਹਦਰੇ ਤੋਂ ਲੈ ਕੇ ਵਰਤਮਾਨ ਸਮਾਚਾਰ ਲਿਖ ਭੇਜਿਆ।ਦੋ ਦਿਨ ਹੈਰਾਨੀ ਵਿਚ ਗੁਜਰੇ ਖਾਣ-ਪਾਣ ਹੈਰਾਨੀ ਦਾ ਮੂਜਬ (ਜਨਕ) ਬਣ ਗਿਆ ਸੀ। ਅੰਦਰ ਵੜ ਕੇ ਦੋਵੇਂ ਸੋਚਦੇ ਸਾਂ ਕੀ ਬਣਿਆਂ, ਕੀ ਬਣੇਗਾ, ਪ੍ਰੰਤੂ ਵਿਸ਼ਵਾਸ ਸੀ ਗੁਰੂ 'ਬਹੁੜੀ' ਕਰਨਗੇ।ਅਜ ਇਸੇ ਹੈਰਾਨੀ ਵਿਚ ਪਿੰਡੋਂ ਬਾਹਰ, ਲਾਹੌਰ ਵਾਲੀ ਸੜਕ ਵੱਲੇ, ਫਿਰ ਰਿਹਾ ਸਾਂ ਕਿ ਦੂਰੋਂ ਗੁ. ਸਾਹਿਬ ਡੇਹਰਾ ਸਾਹਿਬ ਦੇ ਸਟੋਰ ਕੀਪਰ ਅਤੇ ਭਾ. ਕਿਸ਼ਨ ਸਿੰਘ ਜੀ ਬੜੀ ਤੇਜ਼ ਰਫਤਾਰ ਨਾਲ ਤੁਰੀ ਆ ਰਹੇ ਹਨ।ਉਨਾ ਮੈਨੂੰ ਤੇ ਮੈਂ ਉਨਾਂ ਨੂੰ ਪਛਾਣ ਲਿਆ, ਭਾਈ ਕਿਸ਼ਨ ਸਿੰਘ ਜੀ ਬੜੇ ਪ੍ਰੇਮੀ ਤੇ ਨੇਕ ਸਿਖ ਸਨ। ਕੋਲ ਆਉਂਦਿਆਂ ਹੀ ਮੈਨੂੰ ਗਲ ਨਾਲ ਲਾ ਲਿਆ ਤੇ ਅੱਖਾ 'ਚੋਂ ਪਿਆਰ ਦਾ ਜਲ ਵਹਾ ਦਿਤਾ।ਮੇਰੀ ਚਿਠੀ ਵਿਖਾ ਕੇ ਕਹਿਣ ਲਗੇ, "ਤੁਹਾਡੇ ਨਾਲ ਬੜਾ ਧ੍ਰੋਹ ਹੋਇਆ ਹੈ, ਪਰ ਇਹ ਗੁਰੂ ਦੀ ਆਪਣੀ ਹੀ ਰਚਨਾ ਹੈ।ਇਹ ਪਹਿਲਾ ਇਮਤਿਹਾਨ ਹੈ, ਸਿਖੀ ਵਾਹਿਦਾਹੂ ਲਾ ਸ਼ਰੀਕ ਦਾ ਵਾਹਿਦ ਦਾਇਰਾ ਹੈ, ਜਿਸ ਨੇ ਵੀ ਇਸ ਨੂੰ ਧਾਰਨ ਕੀਤਾ ਹੈ, ਤਲੀ ਤੇ ਸੀਸ ਰਖਨਾ ਪਿਆ ਹੈ।ਸਿਖੀ ਧਾਰਨ ਕਰਨ ਵਾਲਿਆਂ ਦੀਆਂ ਖੋਪਰੀਆਂ ਲਥੀਆਂ ਹਨ।ਚਰਖੜੀ ਤੇ ਚੜ੍ਹੇ ਹਨ, ਜੀਂਦੇ ਜੀਅ ਦੇਗਿਆਂ ਵਿਚ ਉਬਾਲੇ ਗਏ ਹਨ।ਆਪ ਧੰਨ ਹੋ, ਸਿਖੀ ਗ੍ਰਹਿਣ ਕਰਨ ਲਗੇ ਹੋ, ਘਾਬਰਨ ਦੀ ਲੋੜ ਨਹੀਂ, ਆਉ ਤੁਹਾਨੂੰ ਲੈਣ ਲਈ ਆਇਆ ਹਾਂ, "ਸਰਦਾਰ ਜੀ, ਆਪ ਧੰਨ ਹੋ, ਇੰਨੀ ਖੇਚਲ ਕਰ ਕੇ ਆਏ ਹੋ ਪ੍ਰੰਤੂ ਇਥੋਂ ਟੱਬਰ-ਟੀਰ ਲੈ ਕੇ ਤੁਹਾਡੇ ਨਾਲ ਵੀ ਜਾਣਾਂ ਕਰਨਾ ਹੈ, ਹਾਂ ਤੁਸੀਂ ਚਲੋ, ਅਸੀਂ ਸੁਭਾ 10 ਵਜੇ ਤੋਂ ਪਹਿਲਾਂ ਹੀ ਪੁਜ ਜਾਵਾਂਗੇ"। ਦੂਜੇ ਦਿਨ ਟਾਂਗਾ ਕਰਕੇ, ਕੰਵਰ ਨੌ-ਨਿਹਾਲ ਸਿੰਘ

ਵਾਲੇ ਬੁਰਜ ਥਾਈਂ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਦਾਖਲ ਹੋਏ। ਸਾਰੇ ਸੇਵਾਦਾਰ, ਗ੍ਰੰਥੀ ਅਧਿਕ ਪ੍ਰਸੰਨ ਹੋਏ। ਸਾਡਾ ਸਮਾਨ ਕਮਰੇ ਵਿਚ ਰਖਿਆ ਅਤੇ ਸੈਕਟਰੀ ਸਾਹਿਬ ਨੇ ਲਾਂਗਰੀ ਨੂੰ ਕਿਹਾ ਛੇਤੀ ਪ੍ਰਸ਼ਾਦੇ, ਚੰਗੇ ਚੋਪੜ ਕੇ ਅਤੇ ਦਾਲਾ ਤੜਕ ਕੇ, ਪ੍ਰਸ਼ਾਦਾ ਛਕਾ", ਤਾਂ ਹਥ ਜੋੜ ਬੇਨਤੀ ਕੀਤੀ, "ਹੇ ਗੁਰਮੁਖੋ! ਰੋਟੀ ਅਸੀਂ ਬਾਅਦ ਵਿਚ ਖਾਵਾਂਗੇ, ਪਹਿਲਾਂ ਸਾਨੂੰ ਅੰਮ੍ਰਿਤ ਪਿਲਾਉ" ਸੈਕਟਰੀ ਸਾਹਿਬ ਮੇਰੀ ਇਹ ਗਲ ਸੁਣ ਹੱਸ ਕੇ ਬੋਲੇ: "ਸਾਹ ਜੀ, ਇਹ ਮਸੀਤ ਨਹੀਂ ਜੋ ਸਿਰ ਮੂੰਹ ਮੁੰਨ ਕੇ ਕਹਾਂਗੇ: 'ਜਾਓ ਮੰਗਦੇ ਫਿਰੋ"।ਇਥੇ ਘਟ ਤੋਂ ਘਟ ਚਾਰ ਮਹੀਨੇ ਤੁਹਾਡਾ ਇਮਤਿਹਾਨ ਲਵਾਂਗੇ, ਜੇ ਪਾਸ ਹੋ ਜਾਉਗੇ ਤਾਂ ਅੰਮ੍ਰਿਤ ਮਿਲੇਗਾ, ਅੰਮ੍ਰਿਤ ਇੰਨੀ ਕਾਅਲੀ ਚ ਨਹੀਂ ਮਿਲ ਸਕਦਾ"।

"ਆਹ! ਮੈਂ ਕੀ ਸੁਣਿਆ" ਇਕ ਗੱਸ਼ (ਘੇਰਨੀ) ਜੀ ਆਈ ਸਰੀਰ ਪਸੀਨਾ-ਪਸੀਨਾ ਹੋ ਗਿਆ। ਚਿਹਰੇ ਦਾ ਰੰਗ ਫੱਕ ਹੋਇਆ ਦੇਖ ਕੇ ਸੈਕਟਰੀ ਸਾਹਿਬ ਨੇ ਪਿਠ ਤੇ ਹਥ ਫੇਰਦਿਆਂ ਹੋਸਲਾ ਦਿਤਾ: "ਘਬਰਾਓ ਨਹੀਂ, 'ਅੰਮ੍ਰਿਤ' ਮਿਲੇਗਾ ਰੋਟੀ ਖਾ ਲਓ"। "ਸੈਕਟਰੀ ਸਾਹਿਬ, ਜੇ ਅਸੀਂ ਇਮਤੇਹਾਨ ਤੋਂ ਫੇਲ ਹੋ ਗਏ ਤਾਂ ਫੇਰ ਸਾਡਾ ਕੀ ਬਣਿਆ, ਦੀਨ ਵੀ ਗਵਾਇਆ ਤੇ ਸਵਾਦ ਵੀ ਨਾ ਆਇਆ"। ਸਿੰਘਣੀ ਸਾਹਿਬਾ ਅਗੈ ਹੀ ਡਰੇ ਹੋਏ ਸਨ, ਪ੍ਰਸ਼ਾਦਾ ਕਿਸ ਛਕਣਾ ਸੀ, ਰਾਤ ਬੜਿਆਂ ਫਿਕਰਾਂ 'ਚ ਲੰਘੀ, ਸਿੰਘਣੀ ਕਹੇ "ਜੇ ਤੁਸਾਂ ਇਸਲਾਮ ਵਿਚੋਂ ਹੀ ਨਿਕਲਣਾ ਸੀ ਤਾਂ ਕਿਸੇ ਉਸ ਮੱਜ਼ਹਬ ਵਿਚ ਦਾਖਲ ਹੁੰਦੇ ਜਿਨ੍ਹਾ ਵਿੱਚ ਕਦਰ ਹੁੰਦੀ, ਇਹ ਲੋਕ ਬੇਕਦਰੇ ਜਹੇ ਕਾਪਦੇ ਹਨ", "ਉਹ ਭੋਲੀਏ! ਇਨ੍ਹਾਂ ਲੋਕਾਂ ਦੇ ਦਿਲਾਂ ਵਿਚ ਮੇਰੇ-ਤੇਰੇ ਸਰੀਰ ਦੀ ਕਦਰ ਨਹੀਂ ਹੈ, ਬਲਕਿ ਸਾਡੀ ਸ਼ਰਧਾ ਤੇ ਸਿਦਕ ਦੀ ਕਦਰ ਹੈ, ਮੈਂ ਪਿਛੇ ਤੈਨੂੰ ਦਸਿਆ ਹੈ ਕਿ ਇਹ ਹੀਰਿਆ ਦੀ ਮੁੱਠੀ ਹੈ ਨਾ ਕੇ ਖੀਵੜਾ ਹੈ, ਇਨ੍ਹਾਂ ਨੂੰ ਆਦਮ-ਗਿਣਤੀ ਦੀ ਲੋੜ ਨਹੀਂ ਹੈ ਇਨ੍ਹਾਂ ਨੂੰ ਖੁਦਾ-ਪਿਆਰਿਆ ਦੀ ਲੋੜ ਹੈ।ਸੋ ਜੇ ਇਨ੍ਹਾਂ ਨੇ ਸਾਡੇ ਹਿਰਦੇ ਵਿਚ ਖੁਦਾਈ ਜਜਬਾ ਵੇਖਿਆ ਤਾਂ ਤੇ ਬਦੋਬਦੀ ਕਸ਼ੱਸ਼ ਵਧੇਰੀ ਜਾਪੇਗੀ। ਤੁਸੀਂ ਬਜਾਏ ਘਬਰਾਉਣ ਦੇ ਸਿਦਕ ਪੈਦਾ ਕਰੋ"।

ਰੋਜ਼-ਬਰੋਜ਼ ਪੰਥਕ ਵਿਦਵਾਨਾਂ ਦੇ ਤਬਾਦਲਾ-ਏ-ਖਿਆਲਾਤ ਹੋਣੇ ਸ਼ੁਰੂ ਹੋ ਗਏ।ਰੋਜ਼ ਦੀ ਸੇਵਾ, ਦਾਸ ਦੀ, ਸੰਗਤ ਦੇ ਜੋੜਿਆਂ ਦੀ ਸੰਭਾਲ ਅਤੇ 'ਸਿੰਘਣੀ' ਦੀ, ਮਾਈਆਂ ਦੇ ਜੋੜਿਆਂ ਵਿਚ ਸੇਵਾ ਲਗ ਗਈ। ਜਿਵੇਂ ਜਿਵੇਂ ਸੇਵਾ-ਭਾਵ ਵਧਦਾ ਗਿਆ ਤਿਵੇਂ-ਤਿਵੇਂ ਸੰਗਤਾਂ ਦਾ ਪਿਆਰ ਉਛਾਲੇ ਵਿੱਚ ਆਉਂਦਾ ਗਿਆ। ਜੇਠਾ ਚੌਥ ਸੁਦੀ ਸਹੀਦੀ-ਜੋੜ ਮੇਲੇ ਉਤੇ ਬੜੀ ਧੂਮ-ਧਾਮ ਨਾਲ ਸਾਨੂੰ 'ਅੰਮ੍ਰਿਤ' ਦੀ ਬਖਸ਼ਿਸ਼ ਕੀਤੀ ਗਈ। ਦਸ ਦਾ ਨਾਉ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਿਥੀਪਾਲ ਸਿੰਘ, ਸਿੰਘਣੀ ਦਾ ਨਾਉਂ ਇੰਦਰਜੀਤ ਕੌਰ, ਤੇ ਕਾਕੇ ਦਾ ਨਾਉ ਭਗਤ ਸਿੰਘ ਰਖਿਆ ਗਿਆ। ਅੰਮ੍ਰਿਤ-ਪਾਨ ਕਰਨ ਦੇ ਬਾਅਦ ਦਾ ਸ਼ਬਦ ਤੇ ਆਨੰਦ ਵਰਣਨ ਤੋਂ ਬਾਹਰ ਹੈ।

ਇਬਤਦਾ ਮੇਂ ਜ਼ੋਹਰਸਾ ਹੈ ਆਖਰਸ਼ ਆਬੇ ਹਯਾਤ। ਸਭਸੇ ਦਰਜਾ ਮੇਂ ਬੜਾ ਹੈ ਵੇਜ ਸਰੂਹਿ ਇਲਮਿ ਜ਼ਾਤ।

ਸ਼ੁਰੂ ਸ਼ੁਰੂ ਵਿਚ ਤਾਂ ਕ੍ਰਿਪਾਨ ਧਾਰਨੀ ਕਛਹਿਰਾ ਪਾਉਣਾ, ਕੁਝ ਨਿਆਹੀ ਜਹੀ ਅਵੱਸਥਾ ਜਾਪਦੀ ਸੀ, ਨਾਲ ਨਾਲ ਹੀ ਅਨੰਦ-ਕੁਸ਼ਲਤਾ ਵਧਦੀ ਗਈ, ਗੁਰਮੁਖੀ ਅਖਰ ਪੜ੍ਹਨੇ, ਬਾਣੀ ਦਾ ਸਿਖਣਾ, ਨਾਮ ਦਾ ਅਭਿਆਸ ਸਰੂਰ ਦੇ ਰਿਹਾ ਸੀ। ਹੁਣ, ਅੰਮ੍ਰਿਤ ਪਾਨ ਕਰਨ ਤੋਂ ਠੀਕ ਇਕ ਸਾਲ ਬਾਅਦ ਇੱਛਾ ਪੈਦਾ ਹੋਈ ਕਿ ਪੰਜੇ ਸਾਹਿਬ, ਜਿਥੋਂ ਹਜ਼ੂਰ ਦਾ ਸਭ ਤੋਂ ਵਡਾ 'ਮੁਹਜਜ਼ਾ' ਉਤਪਨ ਹੁੰਦਾ ਹੈ, ਦੇ ਦਰਸ਼ਨਾਂ ਲਈ ਤਿਆਰੀ ਕੀਤੀ।ਗੁਰਦੁਆਰਾ ਡੇਹਰਾ ਸਾਹਿਬ ਦੀ ਸੰਗਤ ਨੇ ਬੜੇ ਪ੍ਰੇਮ ਨਾਲ 'ਅਲਵਿਦਾ' ਕੀਤਾ।

**ਪੰਜੇ ਸਾਹਿਬ ਦੇ ਦਰਸ਼ਨ;**

ਪੰਜੇ ਸਾਹਿਬ ਵਿਚ ਪੁਜ ਕੇ ਮਨ ਅਤੀ ਪ੍ਰਸੰਨ ਹੋਇਆ। ਗੁਰੂ ਮਹਾਰਾਜ ਦਾ ਸਾਖਯਾਤ 'ਪੰਜਾ' ਸਾਡੇ ਲਈ ਪ੍ਰਤਖਸ਼ ਦਰਸ਼ਨ ਸਨ।ਇਥੋਂ ਦਾ ਪ੍ਰਬੰਧ ਸ੍ਰੀ ਮਾਨ ਸ੍ਰ. ਤਲ੍ਹੇਰਕ ਸਿੰਘ ਮੈਨੇਜਰ ਦੇ ਹਥ ਸੀ ਜੋ ਅਤਿ ਗੁਰਮੁਖ ਤੇ ਨੇਕ ਸੀਰਤ ਸਨ।ਇਨਾਂ ਨੇ ਜਦ, ਸਾਡੀ ਜੀਵਨੀ ਤੋਂ ਜਾਣੂ ਹੋ ਕੇ, ਸਪੇਸ਼ਲ ਜਾਇ-ਰਿਹੈਸ਼ ਦਿਤੀ ਅਤੇ ਖਾਣ-ਪਾਣ ਦੀ ਵੀ ਸੇਵਾਦਾਰਾਂ-ਪ੍ਰਬੰਧਕਾਂ ਨੂੰ ਉਚੇਚ ਕਰ ਦਿਤੀ।ਗੁਰ-ਚਰਨਾ ਦੀਆਂ ਖੁਸ਼ੀਆਂ ਵਿਚ ਦੋ ਕੁ ਦਿਨ ਲੰਘੇ ਸਨ, ਕਿ ਸਿੰਘਣੀ ਨੂੰ 'ਮੁਹਰਕਾ' ਬੁਖਾਰ ਹੋ

ਗਿਆਸ. ਤ੍ਰਲੋਕ ਸਿੰਘ ਹੋਰਾਂ ਨੇ ਇਲਾਜ ਵਲੋਂ ਕੋਈ ਫਰਕ ਨਾ ਰਖਿਆ, ਪਰ ਠੀਕ ਸੋਹਲਵੇਂ ਦਿਨ 'ਇੰਦਰਜਤੀ ਕੌਰ, ਇਸ ਫਾਨੀ ਸੰਸਾਰ ਤੋਂ ਚਾਲੇ ਪਾ ਗਈ।ਇਸ, ਸਦਾ ਦੇ ਸਾਥੀ ਦੀ ਸਦਾ ਦੀ ਜੁਦਾਈ, ਨੇ ਮੈਨੂੰ ਵਿਆਕੁਲ ਕਰ ਦਿਤਾ।ਕੁਦਰਤੀ ਤੌਰ ਤੇ ਵਿਰਾਗ ਖੁਲ ਗਿਆ।ਧਾਈਂ ਮਾਰਦੇ ਨੇ ਮੈਨੇਜਰ ਸਾਹਿਬ ਨੂੰ ਕਿਹਾ: "ਜੇ ਇਹ ਮੇਰੀ ਬੀਵੀ, ਆਪਣੇ ਪਿਛਲੇ ਘਰ ਚਲਾਣਾ ਕਰਦੀ ਤਾਂ ਹਜ਼ਾਰਾਂ ਰੁਪਏ ਇਸਦੇ ਪਿਛੇ ਖੈਰਾਤ ਹੁੰਦੇ, ਘਟ ਤੋਂ ਘਟ 10 ਹਜ਼ਾਰ ਆਦੰਮ ਦਾ ਇਕੱਠ ਹੁੰਦਾ।ਹੁਣ ਤੁਸੀਂ ਇਉਂ ਕਰੋ ਮੇਰੀ ਸਿੰਘਣੀ ਦੀ ਲਾਸ਼ ਨੂੰ ਇਕ ਸੰਦੂਕ ਵਿਚ ਬਦ ਕਰਕੇ ਪਿਤਾ ਜੀ ਦੇ ਨਾਉਂ ਪਾਰਸਲ ਕਰ ਦਿਉ, ਆਪਣੀ ਚੀਜ਼ ਨੂੰ ਆਪੇ ਉਹ ਸੰਭਾਲ ਲੈਣਗੇ।" ਮੈਨੇਜਰ ਸਾਹਿਬ ਗੁਰਸਿਖੀ ਦੀਆਂ ਰਮਜ਼ਾਂ ਤੋਂ ਜਾਣੂ ਸਨ।ਮੇਰੀ ਦਇਆ ਦੀ ਪਾਤ੍ਰ ਅਵਸਥਾ ਨੂੰ ਅਨੁਭਵ ਕਰਕੇ, ਉਨਾਂ ਹੌਸਲਾ ਦਿਤਾ ਅਤੇ ਬੜੀ-ਧੂਮ ਨਾਲ ਬੇਅੰਤ ਸੰਗਤਾਂ ਦੀ ਹਾਜ਼ਰੀ ਵਿਚ ਬਬਾਨ (ਅਰਥੀ) ਸ਼ਮਸ਼ਾਨ-ਭੂਮੀ ਵਿਚ ਪੁਚਾਈ।ਜਦੋਂ ਸ਼ਮਸ਼ਾਨ ਭੂਮੀ ਵਿਚ ਚਿਖਾ ਪ੍ਰਚੰਡ ਹੋਈ ਤਾਂ ਮੇਰੀ ਕੋਸ਼ਸ਼ ਵੀ ਨਾਲ ਹੀ ਭਸਮ ਹੋਣ ਦੀ, ਵੇਖ ਕੇ ਸੰਗਤ ਨੇ ਫੜ ਲਿਆ ਅਤੇ ਗੁਰਦੁਆਰੇ ਸਾਹਿਬ ਵਿਚ ਲੈ ਆਏ।

ਮੇਰੇ ਪਾਸ ਇਕ 6 ਸਾਲ ਦਾ ਬੱਚਾ ਅਤੇ 6 ਮਹੀਨਿਆਂ ਦੀ ਇਕ ਬੱਚੀ ਰਹਿ ਗਈ ਸੀ।ਗੁਰਮੁਖ ਮੈਨੇਜਰ ਸਾਹਿਬ ਨੇ ਇਹ ਖਿਆਲ ਕਰਕੇ ਕਿ ਕਿਤੇ ਇਹ ਤਿੰਨ ਜੀਅ ਗੁਰਸਿਖੀ 'ਚੋਂ ਰੁਲ ਨਾ ਜਾਣ, ਇਲਾਕਾ ਪ੍ਰੋਠੋਹਾਰ, ਪਿੰਡ ਦਰਕਾਲੀ ਦੇ ਖਤਰੀ ਖਾਨਦਾਨ 'ਚੋਂ ਮਾਤਾ ਕਰਤਾਰ ਦਈ ਜੀ, ਜੋ ਆਪਣੇ ਲੜਕੇ ਭਾਈ ਲਾਭ ਸਿੰਘ ਅਤੇ ਲੜਕੀ ਰਾਜ ਕੌਰ ਸਹਿਤ, ਦਰਸ਼ਨਾਂ ਲਈ ਆਏ ਹੋਏ ਸਨ, ਇਨ੍ਹਾਂ ਦੇ ਨਾਲ ਮਸ਼ਵਰਾ ਕੀਤੀ ਕਿ "ਮਾਤਾ ਜੀ ਤੁਹਾਡੀ ਧੀ ਜਵਾਨ ਹੈ ਅਤੇ ਕੰਵਾਰੀ ਹੈ, ਸ਼ਾਦੀ ਤੁਸਾਂ ਇਸ ਦੀ ਆਵੱਸ਼ ਕਰਨੀ ਹੈ, ਇਹ ਕਾਕੀ ਮੈਨੂੰ ਦੇ ਦਿਓ ਅਤੇ ਜਿਥੇ ਮੈਂ ਇਸਦੀ ਸ਼ਾਦੀ ਕਰਾਂ ਤੁਹਾਨੂੰ ਮਨਜ਼ੂਰ ਹੋਣੀ ਚਾਹੀਦੀ ਹੈ"। ਮਾਈ ਜੀ ਨੇ ਗੁਰਮੁਖਾਂ ਦੇ ਬਚਨਾਂ ਨੂੰ ਨਾ ਮੋੜਦਿਆਂ "ਸਤਿ ਬਚਨ" ਕਹਿ ਦਿਤਾ। ਮੈਨੂੰ ਉਦੋਂ ਹੀ ਪਤਾ ਲਗਾ ਜਦੋਂ ਸਿੰਘਣੀ ਦੇ ਦਸਹਿਰੇ ਵਾਲੇ ਦਿਨ ਭੋਗ ਪੈਂਦਿਆਂ, ਨਵੇਂ ਵਿਆਹ ਦੀਆਂ ਲਾਵਾਂ ਕਰ ਦਿਤੀਆਂ ਗਈਆਂ। ਗੁਰਮਖਾਂ ਵਲੋਂ ਇਹ ਕਾਰਜ ਮੇਰੀ ਅਵਸਥਾ ਨੂੰ

ਦੂਰ ਕਰਨ ਹਿਤ ਸੀ, ਧੰਨ ਸਿਖੀ! ਗੁਰਸਿਖਾਂ ਦੀ ਆਤਮਾਂ ਵਾਕਈ 'ਦ੍ਰਵਯ' ਰੂਪ ਹੈ।

ਭਾਵੇਂ ਗੁਰਮੁਖਾਂ ਨੇ ਮੈਨੂੰ ਇਕ ਸਰੀਰ ਦੇ ਵਿਛੋੜੇ ਵਿਚ ਇਕ ਵਡੇ ਪਰਿਵਾਰ ਦੇ ਲੜ ਲਾ ਦਿਤਾ ਸੀ, ਪਰ ਜਦ ਭੀ ਉਨ੍ਹਾਂ ਦੇ ਸਿਖੀ ਵਿਸ਼ਵਾਸ ਅਤੇ ਉਨਾਂ ਦਾ ਤਿਆਗ ਨਜਰੀ ਪੈਂਦਾ ਸੀ ਉਦੋਂ ਅਵਸਥਾ ਵਿਆਕੁਲ ਹੋ ਜਾਂਦੀ ਸੀ।

ਮੈਨੇਜਾਰ ਸਾਹਿਬ ਨੇ ਬੜੇ ਪਿਆਰ ਸਹਿਤ ਸਾਨੂੰ ਵਿਦਾ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਭੇਜ ਦਿਤਾ ਅਤੇ ਸ੍ਰੋਮਣੀ ਗੁਰਦੁਆਰਾ ਕਮੇਟੀ ਨੂੰ ਇਕ ਹਿਫ਼ਾਜ਼ਤੀ ਚਿਠੀ ਵੀ ਭੇਜੀ।ਅੰਮ੍ਰਿਤਸਰ ਵਿਚ ਪੰਡਤ ਕਰਤਾਰ ਸਿੰਘ ਲਾਸਾਨੀ ਫਿਲਾਸਫਰ ਜੋ ਪੰਥ ਦੇ ਮਸ਼ਹੂਰ, ਫਾਰਸੀ-ਸੰਸਕ੍ਰਿਤ ਤੋਂ ਛੁਟ ਗੁਰਮਤਿ ਦੇ, ਵਿਦਵਾਨ ਜੀ ਨੂੰ ਧਾਰਮਿਕ ਵਿਦਿਆ ਦਾ ਉਸਤਾਦ ਧਾਰਿਆ।ਇਨ੍ਹਾਂ ਨੇ ਕਾਫੀ ਤੋਂ ਜ਼ਿਆਦਾ ਗੁਰਮਤਿ ਅਸੂਲਾਂ ਤੋਂ ਮੈਨੂੰ ਵਾਕਫੀ ਦਿਤੀ।ਅੰਮ੍ਰਿਤਸਾਰ ਵਿਚ ਪਿਅਰ ਭਰੇ ਗੁਰਸਿਖੀ ਦੇ ਜੀਵਨ ਨੂੰ ਤੀਜੇ ਪਰਚੇ ਨੇ ਆਣ ਵਿਖਾਲੀ ਦਿਤੀ। ਸ਼ਹਿਰ ਦੇ ਮੁਸਲਮਾਨਾਂ ਨੇ ਡਿਪਟੀ ਕਮਿਸ਼ਨਰ ਦੇ ਪਾਸ ਕੇਸ ਦਾਇਰ ਕਰ ਦਿਤਾ ਕਿ ਸਿਖਾਂ ਨੇ 'ਸਯੱਦ ਮਸੁਲਮਾਨ' ਨੂੰ ਜ਼ਬਰਦਸਤੀ ਸਿਖ ਬਣਾ ਲਿਆ ਹੈ। ਮੁਸਲਮਾਨਾਂ ਨੇ ਬੜਾਂ ਭਾਰੀ ਏਜੀਟੇਸ਼ਨ ਸ਼ੁਰੂ ਕਰ ਲਿਆ। ਹਿਫਜ਼ੇ ਅਮਨ ਨੂੰ ਮੁਖ ਰਖਦਿਆਂ ਡਿਪਟੀ ਕਮਿਸ਼ਨਰ ਸਾਹਿਬ ਨੇ ਸਾਨੂੰ ਅੰਮ੍ਰਿਤਸਾਰ ਤੋਂ ਜਲਾ-ਵਤਨ ਕਰ ਦਿਤਾ, 'ਧੰਨ ਗੁਰੂ ਨਾਨਕ ਸਾਹਿਬ, ਸਿਖੀ ਦਾ 'ਮੱਕਾ-ਕਾਅਬਾ', ਅੰਮ੍ਰਿਤਸਾਰ ਅਤੇ ਸਾਨੂੰ ਇਥੋਂ ਜਲਾਵਤਨੀ!

ਸ. ਦਲੀਪ ਸਿੰਘ 'ਦੁਆਬੀਆ', ਮੀਤ ਪ੍ਰਧਾਨ ਦਰਬਾਰ ਸਾਹਿਬ ਕਮੇਟੀ, ਹੋਰਾਂ ਪ੍ਰਬੰਧਕਾਂ ਦੀ ਰਾਏ ਨਾਲ, ਸਾਨੂੰ ਪੰਜੇ ਸਾਹਿਬ ਭੇਜਿਆ ਗਿਆ, ਪੰਜ-ਚਾਰ ਦਿਨਾ ਦੇ ਬਾਅਦ ਅਸੀਂ ਫੇਰ ਵਾਪਸ ਅੰਮ੍ਰਿਤਸਾਰ ਆ ਗਏ, ਲੇਕਿਨ ਐਹਮਾਲ (ਹੁਕਮ) ਜਲਾਵਤਨੀ ਹਮੇਸ਼ਾਂ ਦੀ ਸੀ।ਕੋਤਵਾਲੀ ਦੇ ਸਾਹਮਣਿਓਂ ਲੰਘਦਿਆਂ ਹੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ।ਦਰਬਾਰ ਸਾਹਿਬ ਕਮੇਟੀ ਦੇ ਪ੍ਰਬੰਧਕਾਂ ਨੂੰ ਕੋਤਵਾਲੀ ਨੇ, ਟੈਲੀਫੂਨ ਰਾਹੀਂ ਉਥੇ ਹੀ ਬੁਲਾ ਕੇ, ਕਿਹਾ ਕਿ 'ਸਾਡੀਆਂ ਤੇ ਅਜੇ ਵਰਦੀਆਂ ਨਹੀਂ ਉਤਰੀਆਂ ਤੇ ਇਹ ਫੇਰ ਆ ਗਏ ਹਨ।ਹੁਕਮ

ਅਦੂਲੀ ਵਿਚ ਮੈਂ ਇਨ੍ਹਾਂ ਦਾ ਚਾਲਾਨ ਪੇਸ਼ ਕਰਨ ਲਗਾ ਹਾਂ"। ਕੋਤਵਾਲ ਭਾਵੇਂ ਮੁਸਲਮਾਨ ਸੀ ਪਰ:

ਯਕੇ ਜ਼ਨ ਜਨ ਨਾ ਅਸਤਿ, ਅਸਤਿ ਯਕੇ ਮਰਦ॥
ਖੁਦਾਵੰਦ ਪੰਜ ਅੰਗੁਸ਼ਤ ਯਕਸਾਂ ਨਾ ਕਰਦ।

ਕੋਤਵਾਲ ਦੀ ਨੇਕੀ ਨੇ ਪ੍ਰਬੰਧਕਾਂ ਨੂੰ ਮਸ਼ਵਰਾ ਦਿਤਾ ਕਿ ਇਨਾਂ ਦਾ ਬਚਾਓ ਇਹਦੇ ਵਿਚ ਹੀ ਹੈ ਕਿ ਮਿਊਨਸਪਲ ਹਦੂਦ ਤੋਂ ਫੌਰਨ ਬਾਹਰ ਭੇਜ ਦਿਓ, ਨੇਕ ਮੁਸਲਮਾਨ ਨੇ ਆਪਣੀ ਨੇਕੀ ਦਾ ਸਬੂਤ ਦਿਤਾ।

ਗੁਰੂ ਜੀ ਦੇ ਮਹਾਂ ਵਾਕ ਅਨੁਸਾਰ:

"ਬਗਾ ਬਗੇ ਕਪੜੇ ਤੀਰਥ ਮੰਝ ਵਸਨਾਘੁਟ ਘੁਟ ਜੀਆਂ ਖਾਵਦੇ ਬਗੇ ਨਾ ਕਹੀਯਨ"।

ਬਗਲੇ ਦੀ ਸਫੈਦਪੋਸ਼ੀ ਉਸਦੀ ਧੀਮੀ-ਧੀਮੀ ਪੈਰ ਚੁਕ ਚੁਕ ਕੇ, ਅਖਾਂ ਬੰਦ ਕਰਕੇ ਤੁਰਨ ਵਾਲੀ ਮਨਭਾਉਂਦੀ ਚਾਲ ਨੂੰ ਮਛੀ ਵੇਖ ਕੇ ਕਿਨਾਰੇ ਆਉਂਦੀ ਹੈ ਕਿ 'ਧਨ ਭਾਗ ਹਨ ਅਜ ਸਾਡੇ ਘਾਟ ਸੰਤ ਆਏ ਹਨ'।ਵਿਚਾਰੀ ਮਾਸੂਮੀਅਤ ਵਿਚ ਸ਼ਿਕਾਰ ਹੋ ਜਾਂਦੀ ਹੈ।ਕੋਤਵਾਲ ਦੀ ਗਲ ਸੁਣਦਿਆਂ ਹੀ ਸ਼ਿਕਾਰੀ, ਜੋ ਦੇਰ ਤੋਂ ਆਪਣੀ ਬਗੁਲਾ ਰੂਪੀ ਚਾਲ ਵਿਖਾ ਰਹੇ ਸਨ, ਤੇ ਮੇਰੀ ਸਿੰਘਣੀ ਨੂੰ ਵੇਖ-ਵੇਖ ਮੂੰਹ ਵਿੱਚ ਪਾਣੀ ਭਰ ਰਿਹਾ ਸੀ। ਰਣਜੋਧ ਸਿੰਘ ਜੋ ਦਰਬਾਰ ਸਾਹਿਬ ਕਮੇਟੀ ਦਾ ਮੁਖ ਮੈਂਬਰ ਸੀ, ਨੇ ਫੌਰਨ ਸਾਹਮਣੇ ਆ ਕੇ ਕਿਹਾ, "ਜੀ ਮੈਂ ਇਨ੍ਹਾਂ ਨੂੰ ਆਪਣੇ ਪਿੰਡ 'ਤਰਸਿਕੇ' ਲੈ ਜਾਂਦਾ ਹਾਂ (ਇਹ ਪਿੰਡ ਗੁਰੂ ਦੇ ਜੰਡਿਆਲੇ ਤੋਂ ਪੰਜ ਮੀਲ ਹੈ) ਸਾਰਿਆਂ ਨੇ ਹਾਂ ਕਰ ਦਿਤੀ ਪਰ ਇਸ ਪਾਪੀ ਦੇ ਪਾਪ ਰੂਪੀ ਹਿਰਦੇ ਨੂੰ ਕੌਣ ਜਾਣਦਾ ਸੀ? 'ਪ੍ਰਿਥਵੀ' 'ਪ੍ਰਿਥੀਚੰਦ' ਦੀ ਘਰ ਵਾਲੀ ਮਾਈ ਕਰਮੋਂ ਨੇ ਗੁਰੂ ਹਰਗੋਬਿੰਦ ਸਾਹਿਬ ਲਈ ਦਹੀਂ ਭੇਜਿਆ ਜੋ ਮਾਤਾ ਗੰਗਾ ਜੀ ਨੇ ਪੰਡਿਤ ਨੂੰ ਪਿਲਾਉਣ ਦੀ ਆਗਿਆ ਦੇ ਦਿਤੀ ਸੀ ਪਰ 'ਕਰਮੋਂ' ਤੇ ਪੰਡਤ ਦੇ ਪਾਪ ਨੂੰ ਜਾਣੀਜਾਣ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਬੁਝ ਸਕਿਆ"।

ਕੋਤਵਾਲ ਤੇ ਕਮੇਟੀ ਦੇ ਪ੍ਰਬੰਧਕਾਂ ਨੇ ਆਪਣੀ ਹਥੀ ਸਾਡਾ ਸਾਰਾ ਸਾਮਾਨ ਤੇ ਸਾਨੂੰ ਇਕ ਲਾਰੀ ਵਿਚ ਰਣਜੋਧ ਸਿੰਘ ਦੇ ਨਾਲ ਰਵਾਨਾ ਕਰ ਦਿਤਾ। ਪਿੰਡ ਵਿਚ ਜਾਂਦਿਆਂ ਹੀ ਸਾਡਾ ਸਾਮਾਨ ਕਿਸੇ ਦੇ ਮਕਾਨ ਵਿਚ ਅਤੇ ਸਾਨੂੰ ਆਪਣੇ ਇਕ ਚੁਬਾਰੇ ਵਿਚ ਡੇਰਾ ਦੇ ਦਿਤਾ।ਦੋ ਕੁ ਦਿਨ ਹੀ ਲੰਘੇ ਕਿ ਸਿੰਘਣੀ ਨੇ ਮੈਨੂੰ

ਆਪ ਰੋ ਕੇ ਦਸਿਆ, "ਬੜਾ ਜ਼ੁਲਮ ਹੋਇਆ, ਇਸ ਸ਼ਖਸ ਦੇ ਮਨ ਵਿਚ ਪਾਪ ਹੈ, ਇਹ ਮੈਨੂੰ ਸ਼ੱਕ ਹੈ ਕਿ ਇਹ ਸ਼ਖਸ ਧੋਖਾ ਦਏਗਾ"। 'ਸਿੰਘਣੀ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਭਲੀ ਲੋਕ ਤੂੰ ਮਾਦਰਜ਼ਾਦ ਮੈਨੂੰ ਸਿਖਾਏਂ? ਇਹ ਕਦੀ ਨਹੀਂ ਡੋਲਦਾ।

"ਮੈਂ ਪੜਿਆ ਹੈ ਕਿ "ਸਿਖ ਦੀ ਪਨਾਹ ਲੈਣ ਵਾਲੇ ਦੀ ਸਿਖ ਹਮੇਸ਼ਾਂ ਰਾਖੀ ਕਰਦਾ ਹੈ, ਅਸੀਂ ਇਨ੍ਹਾਂ ਦੀ ਪਨਾਹ ਵਿਚ ਹਾਂ, ਗੁਰੂ ਸਾਡਾ ਵਾਲ ਵਿੰਗਾ ਨਹੀਂ ਕਰਨਗੇ"।

ਇਕ ਦਿਨ ਰਾਤ ਨੂੰ 10 ਵਜੇ ਰਣਜੋਧ ਸਿੰਘ ਦੀ ਮਾਂ ਅਤੇ ਉਹ ਆਪਣੀ ਪਹਿਲੀ ਸਿੰਘਣੀ ਸਮੇਤ ਰਾਜ ਕੌਰ (ਮੇਰੀ ਸਿੰਘਣੀ) ਨੂੰ ਵਰਗਲਾ ਰਹੇ ਸਨ।ਇਸ ਦੇ ਸਾਹਮਣੇ ਸੋਨੇ-ਚਾਂਦੀ ਦਾ ਢੇਰ ਲਾ ਕੇ ਕਹਿ ਰਹੇ ਸਨ, "ਤੂੰ ਮੁਰਬਿਆਂ ਦੀ ਮਾਲਕ ਬਣੇਂਗੀ।ਇਸ ਪ੍ਰਦੇਸੀ 'ਨੰਗ' ਤੋਂ ਕੀ ਲੈਣਾ ਈ?" ਇਹ ਸੁਣ ਰਾਜ ਕੌਰ ਰੋ ਰਹੀ ਸੀ ਤੇ ਕਹਿ ਰਹੀ ਸੀ, "ਇਹ ਪਾਪ ਹੈ ਜੋ ਸਿਖ ਲਈ ਕਰਨ ਯੋਗ ਨਹੀਂ"।ਇਹ ਜਦੋ-ਜਹਿਦ ਸੁਣ ਕੇ ਮੈਂ ਮੌਕੇ ਤੇ ਜਾ ਕੇ ਸਿੰਘਣੀ ਨੂੰ ਡੇਰੇ ਤੇ ਆਉਣ ਲਈ ਬੁਲਾਇਆ ਤਾ ਰਣਜੋਧ ਸਿੰਘ ਨੇ ਬਗੈਰ ਹੀਲ-ਹੁਜਤ ਦੇ ਮੈਨੂੰ ਮਾਰ-ਮਾਰ ਕੇ ਬੇਹੋਸ਼ ਕਰ ਦਿੱਤਾ। ਸਿੰਘਣੀ ਬਮੁਸ਼ਕਲ ਆਪਣੇ ਆਸਨ ਤੇ ਲਿਆਈ। ਅੰਮ੍ਰਿਤ ਵੇਲੇ ਇਸ਼ਨਾਨ-ਪਾਠ ਤੋਂ ਉਪਰੰਤ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕੀਤੀ, ਦਾਤਾ ਜੇ ਇਨ੍ਹਾਂ ਲੋਕਾਂ ਦੇ ਮਨ ਪਾਪੀ ਹੋ ਗਏ ਹਨ ਤਾਂ ਤੁਸੀਂ ਆਪ ਸੇਵਕਾਂ ਦੀ ਰਾਖੀ ਕਰੋ।" ਸਿੰਘਣੀ ਦਾ ਹੌਸਲਾ ਬਿਲਕੁਲ ਟੁਟ ਚੁੱਕਾ ਸੀ।ਕਿਉਂਕਿ ਉਹ ਸੁਣ ਚੁਕੀ ਸੀ ਤੇ ਮੈਨੂੰ ਰੋਜ਼ ਕਹਿੰਦੀ ਸੀ ਕਿ "ਮੇਰੇ ਪਿਛੇ ਤੁਹਾਨੂੰ ਇਨਾਂ ਨੇ ਕਤਲ ਕਰ ਦੇਣਾ ਹੈ। ਮੈਂ ਇਹ ਗੱਲ ਨਹੀਂ ਮੰਨਦਾ ਸਾਂ। ਅਜ ਮੈਨੂੰ ਵੀ ਯਕੀਨ ਹੋ ਗਿਆ ਸੀ, ਇਸੇ 'ਅਰਦਾਸ' ਵਿੱਚ ਅਸੀਂ ਬੇਨਤੀਆਂ ਕਰ ਰਹੇ ਸਾਂ ਕਿ ਇਨ੍ਹਾਂ ਦੇ ਘਰ ਦਾ ਪਾਣੀ ਭਰਨ ਵਾਲਾ ਝੀਉਰ ਉਪਰ ਆ ਕੇ, ਮੈਨੂੰ ਮੁਖਾਤਬ ਕਰਕੇ ਕਹਿੰਦਾ, "ਸਰਦਾਰਾ, ਆਪਣਾ ਬਚਾਓ ਕਰ ਲੈ, ਤੂੰ ਅਜ ਇਸ ਬੀਬੀ ਖਾਤਰ ਕਤਲ ਕੀਤਾ ਜਾਏਂਗਾ, ਰਣਜੋਧ ਸਿੰਘ ਨੇ ਆਪਣੇ ਸਾਥੀਆਂ ਸਹਿਤ ਕਤਲ ਦੀ ਸਾਰੀ ਸਾਜ਼ਸ ਤਿਆਰ ਕਰ ਲਈ ਹੈ।" ਨਾਲ ਹੀ ਹਥ ਜੋੜ ਕੇ ਬੁੱਢੇ ਝਿਊਰ ਨੇ ਇਹ ਵੀ ਕਿਹਾ ਕਿ "ਮੇਰਾ ਨਾਉਂ ਨਾ ਲੈਣਾ", ਤਾਂ ਉੱਤਰ ਦਿਤਾ, "ਬਾਬਾ ਜੀ, ਤੁਸੀਂ

ਗੁਰੂ-ਰੂਪ ਹੋ ਕੇ ਸਾਡੀ ਰੱਖਿਆ ਲਈ ਆਏ ਹੋ, ਇਹ ਕਦੀ ਨਹੀਂ ਹੋ ਸਕਦਾ, ਬਾਬਾ ਤਾਂ ਚਲਾ ਗਿਆ, ਹੁਣ ਸਾਨੂੰ ਇਕ ਪਸੀਨਾ ਆਵੇ ਇਕ ਜਾਵੇ, ਉਤਕ.. 'ਜਿਸਕੇ ਸਿਰ ਊਪਰ ਤੂੰ ਸਵਾਮੀ ਸੋ ਦੁਖ ਕੈਸਾ ਪਾਵੈ', ਇਹ ਬਾਣੀ ਪੜ੍ਹਦੇ ਮਕਾਨ ਤੋਂ ਬਾਹਰ, ਨੰਗੀ ਪੈਰੀ ਕੇਵਲ ਤੌਲੀਆ ਤੇ ਕਛਿਹਰਾ ਲੈ ਕੇ, ਨਹਿਰ ਤੇ ਇਸ਼ਨਾਨ ਦੇ ਬਹਾਨੇ ਨਿਕਲ ਤੁਰੇ।

ਪਾਠਕ ਜੀਓ! ਨਹਿਰ ਤੇ ਕਿਸ ਜਾਣਾ ਸੀ! ਵਡਾ ਲੰਮਾ ਵਲੇਵਾਂ ਪਾ ਪੈਰਾਂ ਤੋਂ ਨਗਨ, ਮਸੂੰਮ ਬੱਚੇ ਨੂੰ ਮੋਢਿਆ ਤੇ ਚਕੀ, ਹਾੜ-ਜੇਠ ਦੀ ਸੜਦੀ ਧੁਪ ਵਿਚ, ਦੋ ਵਜੇ ਜੰਡਿਆਲੇ ਸਟੇਸ਼ਨ ਤੇ ਪੁਜੇ।ਸਿਖ ਸਟੇਸ਼ਨ ਮਾਸਟਰ ਨੂੰ ਬੇਨਤੀ ਕੀਤੀ ਕਿ "ਆਪ ਦਰਬਾਰ ਸਾਹਿਬ ਕਮੇਟੀ ਨੂੰ ਤਾਰ ਦਿਉ ਕਿ ਮੈਂ ਆ ਰਿਹਾ ਹਾਂ" ਤਾਂ ਮੇਰੇ ਨਾਉਂ ਤੋਂ ਜਾਣੂ ਹੋ ਕੇ, ਸਟੇਸ਼ਨ ਮਾਸਟਰ ਨੇ ਕਿਹਾ, "ਭਾਈ ਸਾਹਿਬ! ਮੈਂ ਕਲ ਪਰਸੋਂ ਹੀ ਅਜੇ ਅਖਬਾਰ ਵਿਚ ਪੜ੍ਹਿਐ ਕਿ ਤੁਹਾਨੂੰ ਅੰਮ੍ਰਿਤਸਰ ਤੋਂ ਜਲਾਵਤਨੀ ਹੈ", 'ਗੁਰਸਿਖ' ਸਟੇਸ਼ਨ-ਮਾਸਟਰ ਨੂੰ ਦੁਸ਼ਟਾਂ ਦੀ ਕਰਤੂਤ ਸੁਣਾਈ ਤਾਂ ਗੁਰਮਖਾਂ ਨੇ, ਨਾਲ ਹੋ ਕੇ, ਥਾਣੇ ਵਿਚ ਰਪੋਟ ਦਿਵਾਈ ਤੇ ਸ਼ਹਿਰ ਵਿਚ ਗੁਰਮੁਖ ਪਿਆਰੇ, ਗੁਰੂ-ਘਰ ਦੇ ਪ੍ਰੀਤਵਾਨ ਸਿਖ ਸਰਦਾਰ ਦੂਲਾ ਸਿੰਘ ਜੀ ਰੀਟਾਇਰਡ ਇੰਸਪੈਕਟਰ ਪੁਲੀਸ, ਜਿਨ੍ਹਾ ਨੇ ਨਿਜੀ ਤੌਰ ਤੇ ਗੁਰੂ-ਘਰ ਦਾ ਸੋਹਣਾ ਜਿਹਾ ਗੁਰਦੁਆਰਾ ਬਣਵਾਇਆ ਹੋਇਆ ਸੀ, ਆਏ-ਗਏ ਮੁਸਾਫਰਾਂ ਲਈ ਲੰਗਰ ਤੇ ਰਹਿਣਾ ਦਾ ਸੋਹਣਾ ਪ੍ਰਬੰਧ ਸੀ, ਦੇ ਪਾਸ ਲਿਆਏ। ਸਰਦਾਰ ਜੀ ਨੇ ਬੜਾ ਪਿਆਰ ਕੀਤਾ, ਹੌਸਲਾ ਦਿਤਾ ਅਤੇ ਗੁਰਦੁਆਰੇ ਵਿਚ ਰਹਿਣ ਦੀਆ ਸਾਰੀਆਂ ਸਹੂਲਤਾਂ ਦੇਣ ਤੋਂ ਉਪਰੰਤ, ਪੁਲੀਸ ਸਟੇਸ਼ਨ ਦੇ ਥਾਣੇਦਾਰ ਨੂੰ ਉਕਤ ਰਿਪੋਰਟ ਦੀ ਪੂਰੀ-ਪੂਰੀ ਤਫਤੀਸ਼ ਕਰਨ ਦੀ ਤਾਕੀਦ ਕੀਤੀ।

ਸਰਦਾਰ ਦੂਲਾ ਸਿੰਘ ਜੀ ਦੇ ਘਰੋਂ, ਮਾਤਾ ਬਚਿੰਤ ਕੌਰ ਜੀ, ਸਿਮਰਨ ਰੂਪ ਆਤਮਾ, ਨਾਮ ਬਾਣੀ ਦੇ ਨਾਲ ਪਿਆਰ ਕਰਨ ਵਾਲੇ ਸਤਿਸੰਗੀ ਜੀਵਨ ਨੇ, ਜੋ ਸਾਡੀ ਸੇਵਾ ਕੀਤੀ ਉਹ ਜ਼ਿਕਰ ਤੋਂ ਬਾਹਰ ਹੈ।ਬਿਸਤਰੇ-ਬਸਤਰ ਆਦਿ ਦੀ ਬੇਅੰਤ ਸੇਵਾ ਕੀਤੀ, ਕਿਉਂਕਿ 'ਤਰਸਿਕਵੀ' ਅਲੈ ਰਹਿਮਤ ਨੇ ਸਾਰਾ ਸਾਮਾਨ ਖੋਹ ਲਿਆ ਸੀ, ਇਹ ਸਭ ਕੁਝ ਗੁਰੂ ਦੀ ਖੇਡ ਤੇ ਉਸਦਾ ਸਾਂਗ ਸੀ।

ਆਪਣਿਆਂ ਕੋਲੋਂ ਵੀ ਈਓ ਜਹੀਆਂ ਹਰਕਤਾਂ ਕਰਾ ਕੇ ਸਿਦਕ ਵੇਖਣਾ ਉਸਦੀ ਆਪਣੀ ਰਚਨਾ ਸੀ। ਰਣਜੋਧ ਸਿੰਘ ਨੇ ਇਥੇ ਵੀ ਇਕ ਪ੍ਰੇਮੀ ਭੇਜਿਆ ਜੋ ਸੇਵਾਦਾਰ ਦੀ ਸ਼ਕਲ ਵਿਚ ਸੇਵਾ ਕਰਨ ਦੇ ਬਹਾਨੇ ਆਇਆ, ਬੜੀ ਸੇਵਾ ਕਰੇ। ਉਸਦੀ ਸੇਵਾ ਨੂੰ ਵੇਖ ਅਸੀਂ ਰੀਝ ਗਏ ਪਰ ਪਤਾ ਓਦੋਂ ਲਗਾ ਕਿ ਜੋ ਕੁਝ ਤਨ ਨਾਲ ਵੀ ਸੀ ਉਹ ਵੀ ਰਾਤ ਨੂੰ ਕਮਰੇ 'ਚੋਂ ਲੈ ਕੇ ਚਲਦਾ ਹੋ ਗਿਆ, ਹੁਣ ਤਨ ਦੇ ਕਪੜਿਆਂ ਤੋਂ ਵੀ ਜਵਾਬ ਹੋ ਗਿਅ, (ਤਨ ਸੁੱਕਾ ਪਿੰਜਰ ਥੀਆ...)।

ਵਾਹ, ਵਾਹ, 'ਜਿਵ ਤੂੰ ਰਾਖੇ ਤਿਵ ਰਹੀਐ ਸੁਆਮੀ।

ਤਥਾ: ਰੁਖੀ ਸੁਕੀ ਖਾਇ ਕੇ ਠੰਢਾ ਪਾਣੀ ਪੀਉ...।

ਹੇ ਦਾਤਾਰ! ਇਹ ਭੀ ਤੇਰਾ ਹੁਕਮ ਸਿਰ-ਮਥੇ ਤੇ ਹੈ ਕਿੰਤੂ ਆਪਣੇ ਭਾਣੇ ਵਿਚ ਅਟਲ ਰਹਿਣ ਦਾ ਅਵਸਰ ਤੇ ਸ਼ਾਂਤੀ ਬਖਸ਼ੋ, ਹਰ ਉਹ ਕੋਈ ਜੋ ਤੇਰੇ ਵਲ ਹੋਇਆ ਉਸ ਨੇ ਤੇਰੀ ਪ੍ਰਾਪਤੀ ਤੋਂ ਪਹਿਲਾਂ, ਆਪਣੀ 'ਖਲ' ਲੁਹਾਈ ਹੈ, ਜਿਵੇਂ ਸ਼ਮਸ ਤਬ ਰੇਜ਼, ਮਨਸੂਰ, ਭਾਈ ਸਾਹਿਬ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਸ਼ਹੀਦ ਬੋਤਾ ਸਿੰਘ ਆਦਿ।ਭਗਤ ਕਬੀਰ ਜੀ ਨੂੰ (ਇਕ ਬੋਰੀ ਵਿਚ ਪਾ ਕੇ) ਖੂਨੀ ਹਾਥੀ ਅਗੇ ਸੁਟਾ ਦਿਤਾ ਗਿਆ ਸੀ:

ਭੁਜਾ ਬਾਧ ਭਿਲਾ ਕਰ ਡਾਰਿਉ।

ਭਾਈ ਮਤੀ ਦਾਸ ਜੀ ਦਾ ਸਰੀਰ ਜਦੋਂ ਦੋ-ਫਾੜ ਹੋ ਕੇ ਡਿਗਾ ਤਾਂ ਵਿਚੋਂ ਆਵਾਜ਼ ਆਈ:

ਜਿਨੀ ਨਾਮ ਧਿਆਇਆ ਗਏ ਮਸੱਤਕ ਘਾਲ।ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ।

ਇਥੋਂ ਦੇ ਗੁਰਮੁਖ ਪਿਆਰੇ ਮਾਸਟਰ ਸਵਰਨ ਸਿੰਘ ਜੀ ਨੇ ਸਨੂੰ ਸਾਰਿਆਂ ਨੂੰ ਤਨ ਢਕਣ ਲਈ ਤੇ ਪਾਉਣ ਨੂੰ ਬੜੀ ਸ਼ਰਧਾ ਨਾਲ ਲਵਾ ਕੇ ਦਿਤੇ। ਤਰਸਿਕਾ ਪਿੰਡ ਗੁਰਸਿਖੀ ਤੋਂ ਮਸ਼ਹੂਰ ਪਿੰਡ ਦੇ ਥਾਣੇਦਾਰ ਨੇ ਅਤੇ ਕੋਤਵਾਲ ਸਾਹਿਬ ਅੰਮ੍ਰਿਤਸਰ, ਨੇ ਸਾਰਾ ਜ਼ੋਰ ਲਾਇਆ ਪਰ ਇਨ੍ਹਾਂ ਨੇ ਇਕ ਸੂਈ ਦਾ ਨੱਕਾ ਵੀ ਦੇਣੋਂ ਇਨਕਾਰ ਕਰ ਦਿਤਾ, ਬਲਕਿ ਇਨ੍ਹਾਂ ਦੀਆਂ ਨਾਪਾਕ ਸਾਜ਼ਸ਼ਾਂ ਤੋਂ ਜਾਣੂ ਹੋ ਕੇ ਥਾਣੇਦਾਰ ਨੇ ਸਾਨੂੰ ਕਿਹਾ ਕਿ "ਤੁਸੀਂ ਇਥੋਂ ਕੂਚ ਕਰਕੇ ਕਿਸੇ ਹੋਰ ਥਾਂ ਤੇ ਚਲੇ

ਜਾਓ ਕਿਉਂਕਿ ਇਸ ਦੁਸ਼ਟ ਪਾਰਟੀ ਵਲੋਂ ਤੁਹਾਨੂੰ ਜਾਨੀ ਨੁਕਸਾਨ ਦਾ ਖਤਰਾ ਹੈ।

ਹੁਣ ਮਾਯੂਸ ਹੋ ਕੇ ਬਾਬੇ ਬਕਾਲੇ ਆ ਗਏ, ਇਥੋਂ ਉਕਾੜਾ-ਮਿੰਟਗੁਮਰੀ ਤੋਂ ਹੋ ਕੇ ਰਿਆਸਤ ਬਹਾਵਲਪੁਰ ਦੇ ਸ਼ਹਿਰ 'ਰਹੀਮਯਾਰਖਾਨ, ਪੁਜੇ। ਇਥੇ ਬੜਾ ਭਾਰੀ ਗੁਰਦੁਆਰਾ ਹੈ, ਗਿਆਨੀ ਚਰਣ ਸਿੰਘ ਜੀ ਸੈਕਟਰੀ ਸਨ।ਇਨ੍ਹਾਂ ਦੇ ਪਿਆਰ-ਪ੍ਰੇਮ ਨੇ ਸਾਨੂੰ ਰੋਕ ਲਿਆ।ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਤੇ ਜਲੂਸ ਵਿਚ ਲੈਕਚਰ ਕਰਦਿਆਂ ਦਸਿਆ ਕਿ ਗੁਰੂ ਜੀ ਮਹਾਰਾਜ ਤੋਂ ਤਿੰਨ ਸੌ ਸਾਲ ਤੋਂ ਪਹਿਲਾਂ, ਪੀਰ ਵਲੀ ਨਿਆਮਤੁਲਾ ਸ਼ਾਹ, ਸਾਹਿਬ ਵਲੀ, ਨੇ ਕਿਹਾ ਹੈ:

(1) ਸ਼ਾਹੇ ਬਾਬਰ ਹੁਕਮਰਾਂ ਬਾਸ਼ਦ ਪਸ ਅਜ਼ਵੈ ਚੰਦ ਰੋਜ਼। ਯਕ ਫਕੀਰ ਅਜ਼ ਸਾਲਕਾਂ ਪੈਦਾ ਸ਼ਵਦ।

(2) ਨਾਮ ਊਰਾ ਨਾਨਕ ਬਵਦ ਆਰਦ ਜਹਾਨ ਬਾਦੇ ਰਜੂਹ।ਗਰਮ ਬਾਜ਼ਾਰੇ ਫਕੀਰ ਬੇਕਰਾਂ ਪੈਦਾ ਸ਼ਵਦ।

(3) ਦਰਮਿਆਨੇ ਮੁਲਕ ਪੰਜਾਬਸ਼ ਸ਼ਵਦ ਸ਼ੁਹਰਤ ਤਮਾਮ। ਕੌਮ ਸਿਖਾਨਸ਼ਮਰੀਦੋ ਪੀਰ ਆਂ ਪੈਦਾ ਸ਼ਵਦ।

(4) ਕੌਮ ਸਿਖਾਂ ਅਦਲ ਕਰ ਦੰਦ ਬਰ ਰਿਆਤਾਂ ਚੇਹਲ ਇਨਸਾਫ ਈ. ਅੰਦਰ ਜਹਾਂ ਪੈਦਾ ਸ਼ਵਦ।

(5) ਬਾਅਦ ਅਜ਼ਾਂ ਗੀਰਦ ਨਸ਼ਾਰਾ ਮੁਲਕ ਹਿੰਦੁਸਤਾਂ ਤਮਾਮ।ਤਾਸਦੀ ਹੁਕਮਸ਼ ਮਿਆਨ ਅੰਦਰ ਜਹਾਂ ਪੈਦਾ ਸ਼ਵਦ।ਭਾਵ:

(I) ਬਾਦਸ਼ਾਹ ਬਾਬਰ ਦੇ ਸਮੇਂ ਇਕ ਫਕੀਰ ਦੀ ਉਤਪਤੀ ਹੋਵੇਗੀ।

(II) ਉਸਦਾ ਨਾਓ ਨਾਨਕ ਹੋਵੇਗਾ।ਸਾਰਾ ਜਹਾਨ ਉਸਨੂੰ ਮੰਨੇਗਾ ਅਤੇ ਉਸਦੀ ਫਕੀਰੀ ਦਾ ਬਾਜ਼ਾਰ ਗਰਮ ਹੋ ਜਾਵੇਗਾ।

(III) ਖਾਸ ਕਰ ਮੁਲਕ ਪੰਜਾਬ ਵਿਚ ਉਸਦੀ ਸ਼ੁਹਰਤ ਬਹੁਤ ਹੋਵੇਗੀ ਅਤੇ ਸਿਖ ਨਾ ਦੇ ਲੋਕ ਉਸਦੀ ਪੂਜਾ ਕਰਨਗੇ।

(IV) ਸਿਖਾ ਦੀ ਕੌਮ ਅਦਲ ਕਰੇਗੀ ਅਤੇ ਇਹ ਅਦਲ-ਇਨਸਾਫ ਦਾ ਰਾਜ ਚਾਲੀ ਸਾਲ ਰਹੇਗਾ।

(V) ਉਸ ਤੋਂ ਬਾਅਦ ਸਿਖਾਂ ਦਾ ਰਾਜ ਅੰਗ੍ਰੇਜ਼ ਲੈ ਜਾਣਗੇ ਅਤੇ ਇਕ ਸੌ ਸਾਲ ਅੰਗ੍ਰੇਜ਼ ਹਿੰਦ ਵਿਚ ਰਾਜ ਕਰੇਗਾ।

ਤਥਾ: (1) ਬੂਦ ਨਾਨਕ ਆਰਫੇ ਮਰਦੇ ਖੁਦਾ।ਰਾਜ਼ਹਾਏ ਮਾਹਰਫ਼ੂਤ ਜ਼ੋ ਰਾਹਕੁਸ਼ਾ।

(2) ਲੇਕਿਨ ਈਂ ਮਰਦੇ ਖੁਦਾ ਐਹਲੇਸਫ਼ਾ।ਕਿਰਦ ਕੌਮੇ ਕਿਜ਼ਬ ਹਾਏ ਜ਼ਾਰ ਹਾ।

(VI) ਆਪ ਖੁਦਾ ਨਾਨਕ ਨਾਮ ਨਾਲ ਇਸ ਦੁਨੀਆਂ ਵਿਚ ਆਵੇਗਾ ਅਤੇ ਉਹ ਕਾਲਮ ਪਾਕ ਜੋ ਪਹਿਲਾਂ ਦੁਨੀਆਂ ਵਿਚ ਨਹੀਂ ਆਈ, ਨਾਨਕ ਆਪਣੇ ਨਾਲ ਲੈ ਕੇ ਆਉਣਗੇ

(VII) ਦੂਜੀ ਸਿਫਤ ਉਸ ਮਰਦ-ਇ-ਖੁਦਾ ਵਿਚ ਇਹ ਹੋਵੇਗੀ ਕਿ ਦਸਵਾਂ ਜਾਮਾਂ ਪਹਿਨ ਕੇ ਜ਼ੁਲਮ ਤੇ ਝੂਠ ਦਾ ਖਾਤਮਾ ਕਰੇਗਾ।

"ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਹਿ ਪਠਾਇਆ", ਉਹ ਕਿਹੜੀਆਂ 'ਪੁਕਾਰਾਂ' ਸਨ ਜਿਨ੍ਹਾਂ ਨੂੰ ਆਪ ਨਿਰੰਕਾਰ ਨੇ ਸੁਣਿਆ ਤੇ ਜਗਤ ਵਿਚ ਆਏ? ਇਹ ਜਿਕਰ ਅਸੀਂ ਮੁਢਲੇ 'ਦੀਬਾਚੇ' ਵਿਚ ਕੀਤਾ ਹੈ। ਗੁਰੂ-ਕਰਤਾਰ ਦੇ ਆਉਣ ਤੋਂ ਪਹਿਲਾਂ, ਸੰਸਾਰ ਧਰਮ ਤੋਂ ਖਾਲੀ ਸੀ।ਮਸਿਆ ਦੀ ਰਾਤ ਵਾਂਗ। ਹਾਹਾਕਾਰ ਮਚ ਰਹੀ ਸੀ। ਧਨ ਵਾਲਿਆਂ ਦਾ 'ਧਨ'-ਜੋਬਨ ਬਣ ਕੇ ਰਹਿ ਗਿਆ ਸੀ।ਇਸ ਹਾਹਾਕਾਰ ਨੂੰ ਇਕ ਸੂਫੀ-ਮੂਰਤ ਸਯੱਦ ਪੀਰ ਵਲੀ ਨਿਆਮਤੁੱਲਾ ਸ਼ਾਹ, ਜੋ ਹਿਮਾਲੀਆ ਦੀਆਂ ਕੰਦਰਾਵਾਂ ਵਿਚ ਤਪ ਕਰ ਰਹੇ ਸਨ।ਉਸ ਸਯੱਦ-ਸਿਧ ਨੇ ਜਦ ਮਾਤ-ਲੋਕ ਨੂੰ ਇਸ ਜ਼ੁਲਮ ਦੇ ਭਠ ਵਿਚ ਸੜਦਾ ਦੇਖਿਆ ਤਾਂ ਅੰਤਰ-ਧਿਆਨ ਹੋ ਕੇ ਪਰਮਾਤਮਾ ਦੀ ਦਰਗਾਹ ਵਿਚ ਫਰਿਆਦ ਕੀਤੀ "ਏਤੀਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ", ਇਸ ਮਰਦ-ਏ-ਮੌਲਾ ਨੂੰ ਈਸ਼ਵਰੀ ਨਿਆਓ ਤੋਂ ਜੋ ਕੁਝ ਪ੍ਰਾਪਤ ਹੋਇਆ, ਉਸਨੇ ਉਪਰ ਬਿਆਨ ਕੀਤੇ ਸ਼ੇਅਰਾਂ ਦੁਆਰਾ ਮਾਤ-ਲੋਕ ਦੇ ਜੀਵਾਂ ਨੂੰ ਪੈਗਾਮ ਦਿਤਾ ਕਿ "ਐ ਭਾਰਤ ਦੇ ਮਜ਼ਲੂਮੋ! ਘਬਰਾਉ ਨਹੀਂ, ਜਿਸ ਈਸ਼ਵਰ ਨੇ ਤੁਹਾਨੂੰ ਪੈਦਾ ਕੀਤਾ ਹੈ, ਉਹ ਪ੍ਰਭੂ 'ਬਾਬਰ' ਦੇ ਜ਼ਮਾਨੇ ਵਿਚ ਨਾਨਕ ਨਾਮ ਨਾਲ ਪ੍ਰਗਟ ਹੋ ਜਾਵੇਗਾ ਅਤੇ ਜ਼ੁਲਮ ਨੂੰ ਦੂਰ ਕਰਨ

ਲਈ ਦਸ ਸਰੂਪ ਧਾਰਨ ਕਰੇਗਾ।ਉਸਦੇ ਰਬ ਹੋਣ ਦੀ ਪਹਿਲੀ ਨਿਸ਼ਾਨੀ ਇਹ ਹੋਵੇਗੀ ਕਿ ਉਹ ਬਾਣੀ ਜੋ ਅਜ ਤੋਂ ਪਹਿਲਾਂ ਕਿਸੇ ਪੈਗੰਬਰ ਨੂੰ ਨਹੀਂ ਪ੍ਰਾਪਤ ਹੋਈ ਅਤੇ ਨਾ ਹੀ ਚਵਾਂ ਕਿਤਾਬਾਂ ਵਿਚ ਆਈ ਹੈ ਆਪਣੇ ਨਾਲ ਲੈ ਕੇ ਦੁਨੀਆਂ ਵਿਚ ਆਉਣਗੇ। ਦੂਜੀ ਈਸ਼ਵਰ ਰੂਪ ਲਖਸ਼ ਇਹ ਹੋਵੇਗਾ ਕਿ ਨਾਨਕ ਯਕੇ ਬਾਅਦ ਦੀਗਰੇ ਦਾਸ ਜਾਮੇ ਨਾਨਕ ਰੂਪ ਵਿਚ ਬਦਲੇਗਾ ਜੋ ਇਸ ਤੋਂ ਪਹਿਲਾਂ ਚਾਰੇ ਪੈਗੰਬਰ ਵੀ ਨਹੀਂ ਕਰ ਸਕੇ। 'ਨਾਨਕ ਜਦੋਂ ਦਸਮੇਸ਼ ਜਾਮਾਂ ਪਹਿਨਣਗੇ ਉਦੋਂ ਇਹ ਜ਼ੁਲਮ ਤੇ ਝੂਠ ਜੋ ਪ੍ਰਧਾਨ ਰੂਪ ਹੈ ਛਿਨ ਵਿਚ ਕਾਫ਼ੂਰ ਹੋ ਜਾਵੇਗਾ"।

(ਪੇਸ਼ੀਨਗੋਈ ਨਿਆਮਤੁਲਾ ਸ਼ਾਹ)

ਇਸੇ ਤਕਰੀਰ ਵਿਚ ਹਜ਼ਾਰਾਂ ਸੰਗਤਾਂ ਤੇ ਮੁਸਲਮਾਨਾਂ ਦੀ ਹਾਜ਼ਰੀ ਵਿਚ ਕੁਰਾਨ ਮਜੀਦ ਚੋਂ ਸਿਖ-ਪੰਥ ਦੀ ਪੇਸ਼ੀਨਗੋਈ ਦਾ ਇੰਕਸਾਫ ਸੀ ਜੋ ਐਹਲੇ ਇਲਾਮ ਨੂੰ ਤੜਫਾ ਗਿਆ ਸੀ।

ਯਾਨੀ ਖੁਦਾਵੰਦ ਕਰੀਮ ਨੇ ਜਦ ਸ਼ਿਰਕ ਜ਼ੁਲਮ ਅਤੇ ਬੇਈਮਾਨੀ ਹਦ ਤੋਂ ਜ਼ਿਆਦਾ ਦੀਨ ਦੇ ਲੋਕਾਂ ਦੀ ਵੇਖੀ ਤਾਂ ਜਿਬਰਾਈਲ ਫਰਿਸ਼ਤੇ ਦੇ ਰਾਹੀਂ ਇਹ ਹੁਕਮ ਨਾਜ਼ਲ ਕੀਤਾ:

"ਯਾ ਅੱਯੋਹਲਾੱਜ਼ੀਨਾਂ ਆਮਾਨੂੰ, ਮੰਯੱਰਤੱਦਾ ਮਿਨਕੁੰਮ ਅਨਦੀਨੇ ਹੀ ਫਸੋਫਾ ਯਾਹਤਿੱਲਾ ਹੋ ਬਿਕੋਮਿਨ, ਯੋਹਿਬੋਹੁੰਮ ਵਾ ਯੁਹਿਬੂਨਾਂ ਹੂ 'ਅਜ਼ਿੱਲਾ ਤਿਨ ਅਲਲ ਮੋਹਮੇਨੀਨਾਂ, ਆਇਜ਼ਾਤਿਨ ਅਲਲ ਕਾਫੇਰੀਨਾਂ, ਯਜਾਹਿਦੂਨਾਂ ਫੀ ਸਬੀਲਿੱਲਾ, ਵਲਾ ਯੁਖਾਫੂਨਾਂ ਲੋਮਤਾ ਲਾਇਮਿਨ ਜ਼ਾਲੇਕਾ ਫਦਲੁੱਲਾ ਹੋ ਯੁਹਤੀ ਹੋ ਮੰਯਸ਼ਾਓ"।

ਭਾਵ: ਐ ਈਮਾਨ ਵਾਲਿਓ! ਜਦੋਂ ਤੁਸੀਂ ਗਿਰ ਜਾਓਗੇ ਆਪਣੇ ਦੀਨ ਤੋਂ ਪਸ ਉਸ ਵਕਤ ਖੁਦਾ ਪੈਦਾ ਕਰ ਦੇਗਾ ਦੁਨੀਆਂ ਵਿਚ ਇਕ ਕੌਮ ਖਾਲਸ ਨੂੰ, ਜੋ ਪਿਆਰੀ ਹੋਵੇਗੀ ਅੱਲਾ ਨੂੰ ਅਤੇ ਅਲਾ ਪਿਆਰ ਕਰੇਗਾ ਉਨਾਂ ਨੂੰ, ਨਿਸ਼ਾਨੀ ਉਸ ਕੌਮ ਦੀ ਇਹ ਹੋਵੇਗੀ ਕਾਫਰਾਂ ਨਾਲ ਕਰੜੇ ਅਤੇ ਮੋਮਨਾਂ ਨਾਲ ਕੋਮਲ ਵਰਤਾਰਾ ਕਰਨਗੇ, ਲੜਾ ਦੇਣਗੇ ਆਪਣੀਆਂ ਜਾਨਾਂ ਨੂੰ ਵਿਚ ਰਾਹ-ਅੱਲਾ ਦੇ ਵਾਸਤੇ ਦੂਰ ਕਰਕੇ ਜ਼ੁਲਮ ਦੇ, ਅਤੇ ਨਹੀਂ ਭੈਅ ਰੱਖਣਗੇ ਕਿਸੇ ਮਲਾਮਤ ਦਾ, (ਡਰ ਦਾ), ਯਾਨੀ:

ਤੈ ਕਾਹੋਂ ਕੋ ਦੇਤ ਨੇਹ ਨੇਹ ਤੈ ਮਾਨਤ ਆਨ।

ਅਗੇ ਖੁਦਾ ਕਹਿੰਦਾ ਹੈ ਮੈਂ ਵਡਿਆਈ ਵਾਲਾ ਹਾਂ, ਇਹ ਸ਼ਕਤੀ ਜਿਸ ਨੂੰ ਜੀ ਕਰੇਗਾ ਦਿਆਂਗਾ।ਤੀਸਰੀ ਜੁਜ਼ ਤਕਰੀਰ ਦੀ ਕੁਰਾਨ 'ਚੋਂ ਸਿਖਮਤਿ ਦਾ ਸਾਬਤ ਕਰਨਾ ਸੀ, ਜਿਸ ਤਰ੍ਹਾਂ ਮੱਕੇ ਤੇ ਮਦੀਨੇ ਦੀ ਗੋਸ਼ਟ ਵਿਚ ਪਿਛੇ ਜ਼ਿਕਰ ਹੋ ਚੁੱਕਾ ਹੈ, ਅੰਤ ਵਿਚ ਮੁਸਲਮਾਨ ਭਰਾਵਾਂ ਨੂੰ ਅਪੀਲ ਸੀ ਕਿ ਕਾਇਲ-ਇ-ਕੁਰਾਨ ਤੋਂ ਛੁਟ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਤੋਂ ਜਾਣੂ ਹੋ ਕੇ, ਸਚਾ ਮੋਮਨ ਬਣ ਕੇ, ਜੀਵਨ ਬਤੀਤ ਕਰਨ ਦਾ ਹਰ ਬਸ਼ਰ ਯਤਨ ਕਰੇ।ਇਸ ਤਕਰੀਰ ਦੀ ਤਿੰਨ ਸੌ ਡਾਇਰੀ ਨਵਾਬ ਬਹਾਵਲਪੁਰ ਨੂੰ ਪੁਜੀ।ਹਰ ਮੋਮਨ, ਮੁਲਾਂ ਨੇ ਆਪਣਾ ਦੀਨਵੀ ਫਰਜ਼ ਜਾਣ ਕੇ ਡਾਇਰੀ ਦੇਣ ਦਾ ਯਤਨ ਕੀਤਾ।ਬਸ ਫੇਰ ਕੀ ਸੀ, ਦੂਜੇ ਦਿਨ ਨਵਾਬ ਖੁਦ ਮੁਖਤਾਰ ਮੁਹੰਮਦੀ ਰਿਆਸਤ ਦੇ ਮਾਲਕ ਨੇ ਸਾਡੀ ਗ੍ਰਿਫਤਾਰੀ ਦਾ ਹੁਕਮ ਦੇ ਦਿਤਾ, ਅਤੇ ਸਾਨੂੰ, ਸਮੇਤ ਸਿੰਘਣੀ ਤੇ ਬੱਚੇ ਦੇ, ਗ੍ਰਿਫਤਾਰ ਕਰ ਲਿਆ ਗਿਆ। ਗੁਰਪੁਰਬ ਦੇ ਦੌਰਾਨ ਵਿਚ ਹੀ ਇਹ ਫੇਹਲ (ਕਰਮ) ਹੋਇਆ ਸੀ, ਇਸ ਵਾਸਤੇ, ਗੁਰੂ ਸੰਗਤਾਂ ਵਿਚ ਕੁਰਲਾਟ ਮਚ ਗਿਆ। ਦੂਜੇ ਦਿਨ 9 ਵਜੇ, ਸੁਬਾ ਦੀ ਟ੍ਰੇਨ ਵਿਚ, ਬਹਾਵਲਪੁਰ ਪੁਚਾਉਣ ਦਾ, ਰਹੀਮ ਯਾਰਖਾਨ ਦੀ ਪੁਲਸ ਨੂੰ, ਹੁਕਮ ਸੀ। ਜਦ ਸਾਨੂੰ ਪੁਲਸ ਲੈ ਕੇ ਸਟੇਸ਼ਨ ਤੇ ਪੁਜੀ ਤਾਂ ਗਿਆਨੀ ਚੰਨਣ ਸਿੰਘ ਤੇ ਸ. ਹਰਨਾਮ ਸਿੰਘ ਠੇਕੇਦਾਰ ਹੋਰਾਂ ਦੀ ਅਗਵਾਈ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕ ਮੀਲ ਲੰਮੀ ਲਾਇਨ ਲਗਾ ਕੇ ਰੇਲ ਦੀ ਪਟੜੀ ਉਤੇ ਖਲੋਤੀਆਂ ਹਥ ਜੋੜੀ ਅਰਦਾਸਾ ਸੋਧ ਰਹੀਆਂ ਸਨ।ਪੁਲਸ ਕਪਤਾਨ ਤੇ ਕੋਤਵਾਲ ਇਹ ਦਸ਼ਾ ਵੇਖ ਕੇ ਹੈਰਾਨ ਹੋ ਗਏ।ਗਿਆਨੀ ਚੰਨਣ ਸਿੰਘ ਜੀ ਸੈਕਟਰੀ ਗੁਰੂਦਵਾਰਾ ਸਾਹਿਬ ਨੇ ਕਿਹਾ: 'ਕਪਤਾਨ ਸਾਹਿਬ, ਇਥੇ ਦੂਸਰਾ ਪੰਜਾ ਸਾਹਿਬ ਬਣੇਗਾ ਅਤੇ 'ਬਹਾਵਲਪੁਰ', ਨੂੰ ਕਾਲਖ ਦਾ ਟਿੱਕਾ ਲਗੇਗਾ'।ਕਪਤਾਨ ਨੂੰ ਇਕ ਪਸੀਨ ਆਵੇ, ਇਕ ਜਾਵੇ। ਓੜਕ 'ਕਪਤਾਨ' ਨੇ ਨਵਾਬ ਸਾਹਿਬ ਨੂੰ ਪਰਸਨਲ ਟੈਲੀਫੋਨ ਦੇ ਰਾਹੀਂ ਖਾਲਸਾ ਜੀ ਦਾ ਜੋਸ਼ ਤੇ ਸਾਰੀ ਪੋਜੀਸ਼ਨ ਤੋਂ ਜਾਣੂ ਕਰਾਇਆ। ਨਵਾਬ ਨੇ ਹੁਕਮ ਭੇਜਿਆ ਕਿ ਇਨ੍ਹਾਂ ਤੋਂ ਪੰਜਾਹ ਹਜ਼ਾਰ ਦੀ ਹਾਜ਼ਰ-ਜ਼ਮਾਨਤ ਲੈ ਕੇ ਤੌਹੀਨਿ ਇਸਲਾਮ ਦਾ ਮੁਕਮਾ 'ਬਾਕਾਇਦਾ' ਚਲਾਇਆ ਜਾਵੇ।

ਆਹਾ! ਧਨ ਸਿਖੀ ਤੇ ਧੰਨ ਗੁਰੂ ਹੈ। ਇਹ ਆਵਾਜ਼ ਸੁਣਦਿਆਂ ਹੀ ਮਾਈਆਂ ਨੇ ਆਪਣੇ ਜ਼ੇਵਰ ਤਕ ਵੀ ਪੇਸ਼ ਕਰ ਦਿਤੇ।ਓੜਕ ਪੰਜਾਹ ਹਜ਼ਾਰ ਦੀ ਜ਼ਮਾਨਤ ਦੇ ਬਾਅਦ 'ਏਡਯੰਮ' ਦੀ ਅਦਾਲਤ ਵਿਚ ਮੁਕਦਮਾ ਚਲਾਇਆ ਗਿਆ। ਮੁਕੱਦਮੇ ਦੋ ਸਨ, ਇਕ ਤੌਹੀਨੇ ਇਸਲਾਮ, ਅਤੇ ਇਕ ਮੁਸਲਮਾਨ ਨੂੰ ਸਿਖ ਸਜਾਉਣ ਦਾ ਦੋਸ਼ ਸੀ।ਮੁਕਦਮੇਂ ਦੇ ਦੌਰਾਨ ਵਿਚ 'ਏਡਯੰਮ' ਨੂੰ ਜਦੋਂ ਮੁਸਲਮਾਨਾਂ ਦੀ ਜਾਹਿਲੀਅਤ ਦਾ ਪਤਾ ਲੱਗਿਆ ਤਾਂ ਸਾਫ ਕਹਿ ਦਿਤਾ ਕਿ 'ਮੇਰੀ ਪੋਜੀਸ਼ਨ ਵਿਚ 'ਰੋਟੀ ਦਾ ਸਵਾਲ' ਹੈ।ਨਹੀਂ ਤਾਂ ਮੈਂ ਤੁਹਾਨੂੰ ਬਰੀ ਕਰ ਦਿਆਂ"। ਤਾਂ ਬੇਨਤੀ ਕੀਤੀ, "ਮਖਦੂੰਮ ਸਾਹਿਬ, ਆਪ ਜੀ ਦੀ ਨੇਕਖਿਆਲੀ ਆਪ ਨੂੰ ਮੁਬਾਰਕ ਹੋਵੇ, ਮੈਂ ਚਾਹੁੰਦਾ ਹਾਂ ਕਿ ਜਿਨ੍ਹਾਂ ਮੁਲਾਇਆਂ ਨੇ ਤੁਹਾਨੂੰ ਖਾਹ-ਮਖਾਹ ਦੀ ਤਕਲੀਫ ਵਿਚ ਪਾ ਦਿਤਾ ਹੈ, ਉਨ੍ਹਾਂ ਨਾਲ ਮੈਂ ਇਸੇ ਮੌਜ਼ੂੰ ਉਤੇ ਕਰਾਂ।'ਏਡਯੰਮ' ਸਾਹਿਬ ਨੇ ਡਿਪਟੀ ਕਮਿਸ਼ਨਰ ਤੋਂ ਅਗਿਆ ਲੈ ਕੇ ਤਮਾਮ ਸ਼ਹਿਰ ਦੀਆਂ ਮੁਲਾਣਾਂ-ਸੁਸਾਇਟੀਆਂ ਨੂੰ ਇਤਲਾਹ ਕਰ ਘਲੀ, ਤਾਂ ਮਰਜ਼ਈਆਂ ਨੇ ਇਹ ਦਾਅਵਤ ਕਬੂਲ ਕਰਕੇ ਨਿਯਤ ਮੈਦਾਨ ਦੇ ਪੰਡਾਲ ਵਿਚ ਆਉਣ ਦਾ ਹੀਯਾ ਕੀਤਾ।ਇਲਾਕੇ ਦੀਆਂ ਤਮਾਮ ਬਸਤੀਆਂ ਦੇ ਸਿਖ ਹੁੰਮ-ਹੁਮਾ ਕੇ ਪੁਜ ਗਏ ਸਨ, ਹੋਰ ਬੇਅੰਤ ਮੁਸਲਮਾਨਾਂ-ਹਿੰਦੂਆਂ ਦਾ ਇਕੱਠ ਸੀ।ਤਾਂ ਮੌਲਵੀ ਸਾਹਿਬ ਬੋਲੇ: "ਅਰੇ ਯੇਹ ਕਿਆ ਕੁਫਰ ਚਲਾ ਰਖਾ ਹੈ।ਬਿਆਨ ਕਰੋ ਤੁੰਮ ਕਿਆ ਕਹਿਨਾ ਚਾਹਤੇ ਹੋ"।

ਦਾਸ: "ਮੌਲਵੀ ਸਾਹਿਬ, ਮੈਂ ਤੋ ਅਸੀਰ ਹੂੰ, ਔਹ ਆਪ ਕਾ ਹੀ ਅਸੀਰ ਹੂੰ, ਅਸੀਰ ਕਾ ਕੋਈ ਹਕ ਕਹਿਨੇ ਕਾ ਨਹੀਂ ਹੈ, ਆਪ ਹੀ ਫਰਮਾਈਏ, ਮੇਰੀ ਕਿਆ ਤਕਸੀਰ ਹੈ"।

ਮੌਲਵੀ: "ਤੁੰਮ ਤਕਸੀਰ ਨਹੀਂ ਜਾਨਤੇ, ਕੁੱਫਰ। ਕਿਆ ਯੇ ਸ਼ੋਰ ਮਚਾ ਰਖਾ ਹੈ।ਬਾਬਾ ਨਾਨਕ ਕਾ ਤਵਾਫ ਕਾਹਬਾ, ਨੇ ਕੀਯਾ ਹੈ, ਮੈਂ ਇਸੇ ਤਸਲੀਮ ਕਰਨੇ ਕੋ ਕਤੱਈ ਤੌਰ ਪਰ ਤਿਆਰ ਨਹੀਂ ਹੂੰ"।

ਦਾਸ: ਮੌਲਵੀ ਸਾਹਿਬ ਮੈਨੇ ਕੰਮ-ਅਜ-ਕੰਮ ਬੀਸ ਕਿਤਾਬੋਂ ਕਾ ਸਬੂਤ ਪੇਸ਼ ਕੀਆ ਹੈ ਜਿਸ ਕੋ ਅਦਾਲਤ ਕਬੂਲ ਕਰਨੇ ਕੋ ਤਿਆਰ ਨਹੀਂ ਹੈਂ, ਆਪ ਨੇ ਕਹਾ, 'ਮੈਂ

ਮਾਨਨੇ ਕੋ ਤਿਆਰ ਨਹੀਂ ਹੂੰ, ਆਪ ਕੀ ਜੁਬਾਨ ਤੋ ਕੁਰਾਨ ਨਹੀਂ ਹੋ ਸਕਤੀ, ਸਬੂਤ ਪੇਸ਼ ਕਰੋ'।

ਮੌਲਵੀ: "ਅਥੇ ਸਾਇੰਸ ਇਜਾਜ਼ਤ ਨਹੀਂ ਦੇਤੀ, ਭਲਾ ਦੀਵਾਰੇਂ ਵੀ ਘੂੰਮ ਸਕਤੀ ਹੈਂ;

ਦਾਸ: ਮੌਲਵੀ ਮਜ਼ਕੂਰ ਦੀ ਤਰਫ ਪਿਠ ਕਰਕੇ ਦੂਜੇ ਪਾਸੇ ਬੈਠੇ 'ਸੁੰਨੀ' ਮੁਸਲਮਾਨਾਂ ਨੂੰ ਮੁਖਾਤਬ ਕਰ ਕੇ ਕਿਹਾ, "ਭਰਾਵੋ, ਮੈਨੂੰ ਖੁਸ਼ੀ ਹੋਈ ਸੀ ਕਿ ਮਸਨਦਿ ਰਸੂਲ ਦੇ ਨਾਲ ਤਬਾਦਲਾ ਖਿਆਲਾਤ ਹੈ, ਪਰ ਅਫਸੋਸ, ਮੌਲਵੀ ਸਾਹਿਬ ਕੁਰਾਨ ਤੇ ਦੀਨ ਦੇ ਕਾਇਲ ਨਹੀਂ ਦਿਸਦੇ ਹਨ, ਇਹ ਸਾਇੰਸ ਦੇ ਮੋਮਨ ਹਨ, ਮੈਂ ਵੀ ਅਜ ਹੂਏ ਸਾਇੰਸ ਉਤਰ ਦਿਆਂਗਾ, ਆਪ ਲੋਕ ਨਾਰਾਜ਼ ਨਾ ਹੋਣਾ"।

ਇਕ ਬੁੱਢਾ ਮੁਸਲਮਾਨ: "ਜੇ ਯੇਹ ਤੋ ਮੁਨਾਜ਼ਰਾ ਹੈ ਜੈਸਾ ਆਪ ਜੀ ਚਾਹੇਂ ਕਰੇਂ",

ਦਾਸ ਨੇ ਮੁਨੱਜ਼ਰ ਮੌਲਵੀ ਵਲ ਮੁਖਾਤਬ ਹੋ ਕੇ ਕਿਹਾ ਕਿ "ਠੀਕ ਹੈ ਮੈਂ ਵੀ ਤਸਲੀਮ ਕਰਦਾ ਹਾਂ ਕਿ ਜਿਥੇ ਮਸੀਨ ਹੀ ਨਹੀਂ ਉਸ ਚੀਜ਼ ਦਾ ਘੁੰਮਣਾ-ਫਿਰਨਾ ਅਸੰਭਵ ਹੈ ਪ੍ਰੰਤੂ ਇਕ ਗਲ ਦਾ ਉਤਰ ਦਿਉ 'ਸ਼ੱਕੇ ਕਮਰ' ਦੇ ਮੁਤਅਲਕ ਤੁਹਾਡਾ ਕੀ ਖਿਆਲ ਹੈ?"

ਮੌਲਵੀ: "ਯੇ ਜਾਹਿਲੋ ਕੀ ਬਨਾਈ ਹੋਈ ਚੀਜ਼ ਹੈ, ਮੈਂ ਇਸ ਕੋ ਵੀ ਮਾਨਨੇ ਕੋ ਤਿਆਰ ਨਹੀਂ ਹੂੰ।"

ਪਾਠਕ ਜੀਓ, 'ਸ਼ੱਕੇ ਕਮਰ', ਚੰਨ ਦੇ ਦੋ ਟੋਟੇ ਕਰਨਾ, ਹਜ਼ਰਤ ਮੁਹੰਮਦ ਸਾਹਿਬ ਦਾ ਵਡਾ ਮੁਅਜਜ਼ਾ ਹੈ।ਅਰਬ ਵਿਚ ਯਹੂਦੀਆਂ ਦੇ ਕਹਿਣ ਤੇ ਮੁਹੰਮਦ ਸਾਹਿਬ ਨੇ ਚੰਨ ਦੇ ਦੋ-ਟੋਟੇ ਕੀਤੇ ਸਨ। (ਤਫਸੀਲ ਲਈ ਦੇਖੋ: 'ਸੀਰਾ-ਤੁਲਨਬੀ')

ਇਸ ਮਸ਼ਹੂਰ ਮੁਅਜਜ਼ੇ ਤੋਂ ਜਦੋਂ ਇਨਕਾਰੀ ਹੋਈ ਤਾਂ ਮੌਲਵੀ ਵਲ ਫੇਰ ਪਿਠ ਕਰ ਦਿਤੀ ਅਤੇ 'ਸੁੰਨੀ, ਮੁਸਲਮਾਨਾਂ ਵਲ ਮੂੰਹ ਕਰਕੇ ਕਿਹਾ, "ਭਰਾਵੋ!ਮੌਜੂਦਾ ਮੌਲਵੀ ਸਾਹਿਬ ਨਾਲ ਤਬਾਦਲਾ ਖਿਆਲ ਤਾਂ ਕਿਤੇ ਰਿਹਾ ਮੈਂ ਇਨਾਂ ਦੀ ਸ਼ਕਲ ਵੀ ਵੇਖਣ ਲਈ ਤਿਆਰ ਨਹੀਂ ਹਾਂ? ਜਿਸ ਮੁਹੰਮਦ ਸਾਹਿਬ ਦੇ ਮੁਅਜਜ਼ੇ ਨੂੰ ਮੈਂ ਬਹਸੀਯਤ ਸਿਖ ਹੋਣ ਦੇ ਮੰਨਣ ਨੂੰ ਤਿਆਰ ਹਾਂ, ਜੇ ਮੁਸਲਮਾਨ

ਦੀ ਹੈਸੀਅਤ ਵਿਚ ਇਹ ਨਹੀਂ ਮੰਨਦੇ, ਤਾਂ ਫਿਰ ਗੁਰੂ ਨਾਨਕ ਦੀ ਲੰਗੋਟੀ ਲਾਉਣੇ ਇਨਾਂ ਨੇ ਅਵੱਸ਼ ਘਟ ਨਹੀਂ ਕਰਨੀ। ਸਾਨੂੰ ਕੋਈ ਰੰਜ ਨਹੀਂ ਹੈ", ਬਸ ਇਹ ਕਹਿਣ ਦੀ ਦੇਰ ਸੀ ਇਕ ਵਡੇ ਨੌਜਵਾਨ ਮੁਸਲਮਾਨ ਨੇ ਪਿਛੋਂ ਦੀ ਹੋ ਕੇ, ਕੁਰਸੀ ਤੇ ਬੈਠੇ 'ਮੁੱਲਾਂ' ਨੂੰ ਕੁਰਸੀ ਤੋਂ ਪਿਛਾਹਾਂ ਹੀ ਭੁੰਜੇ ਸਿਟ ਲਿਆ ਅਤੇ ਲਗੀਆਂ ਜੁਤੀਆਂ ਪੈਣ।ਇਧਰ ਖਾਲਸਾ ਜੀ ਨੇ 'ਪੰਥ ਦੀ ਜੀਤ' ਦੇ ਜੈਕਾਰੇ ਗਜਾ ਦਿਤੇ, 'ਏਡਯੰਮ' ਜੋ ਇਸ ਸਭਾ ਦੇ ਪ੍ਰਧਾਨ ਸਨ ਉਹ ਵੀ ਚਲਦੇ ਬਣੇ।

ਅਗਲੀ ਤਰੀਕ ਉਤੇ ਜਦੋਂ ਪੇਸ਼ੀ ਤੇ ਗਏ ਤਾਂ, 'ਏਡਯੰਮ', ਹਸ ਕੇ ਕਹਿਣ ਲੱਗੇ, "ਇਕ ਹੋਰ ਮੌਲਵੀ ਸਾਹਿਬ ਦੀ ਇਹ ਚਿਠੀ ਆਈ ਹੈ, ਇਹ ਮੌਲਵੀ 'ਸੁੰਨੀ' ਹਨ"।

ਸ਼ਹਿਰ ਤੋਂ ਬਾਹਰ ਬੜੇ ਭਰੀ ਮੈਦਾਨ ਵਿਚ ਨਿਯਤ ਤਾਰੀਖ ਤੇ ਬੜੇ-ਬੜੇ ਦੂਰ ਤੋਂ ਮੁਸਲਮਾਨਾਂ ਨੇ ਸ਼ਿਰਕਤ ਕੀਤੀ, ਹਿੰਦੂ-ਸਿਖਾਂ ਦੀ ਵੀ ਵਿਤ ਅਨੁਸਾਰ, ਕਾਫੀ ਗਿਣਤੀ ਸੀ, ਐਤਕੀ ਪਹਿਲੇ ਸਮਾਗਮ ਨਾਲੋਂ ਪਬਲਿਕ ਦੀ ਹਾਜ਼ਰੀ ਬਹੁਤ ਜ਼ਿਆਦਾ ਸੀ।

ਮੌਲਵੀ ਸਾਹਿਬ ਸਟੇਜ ਤੇ ਆ ਕੇ ਫਰਮਾਉਣ ਲਗੇ: "ਅਰੇ ਭਾਈ, ਸਿਖਾ ਬਤਾ ਤੋ, ਭਲਾ ਯੇ ਤੋਂ ਮਾਨਾ ਕਿ ਹਜ਼ਰਤ ਬਾਬਾ ਨਾਨਕ ਨੇ ਮੱਕੇ ਕੋ ਇਧਰ-ਉਧਰ ਘੁਮਾਇਆ ਥਾ, ਅਗਰ ਵੋਹ ਕੋਈ ਤਾਕਤ ਰਖਤਾ ਥਾ ਤੋ 10 ਕੋਸ ਮੱਕੇ ਕੋ ਪਰ੍ਹੇ ਕਿਉ ਨਹੀਂ ਕਰ ਦੀਆ, ਅਗਰ ਐਸਾ ਹੋਤਾ ਤੋ ਤਮਾਮ ਇਸਲਾਮ ਵੀ 'ਤਵਾਫੇ ਬੈਤੁਲਾ', ਤਸਲੀਮ ਕਰਤੇ ਲੇਕਿਨ ਤੁਮਾਰਾ ਕਹਿਨਾ ਗਲਤ ਹੈ"।

ਦਾਸ: "ਮੌਲਵੀ ਸਾਹਿਬ, ਆਪ ਕੀ ਸ਼ਰਾਫਤ ਔਰ ਸਦਾਕਤ ਪਰ ਕੁਰਬਾਨ ਹੂੰ, ਕਿ ਆਪ ਨੇ ਤਸਲੀਮ ਫਰਮਾਇਆ ਹੈ ਕਿ ਨਾਨਕ ਕੇ ਆਗੇ-ਪੀਛੇ ਕਾਅਬਾ ਘੂਮਤਾ ਰਹਾ, ਲੇਕਿਨ ਜੋ ਦੂਸਰੀ ਬਾਤ ਆਪ ਨੇ ਕਹੀ ਹੈ, ਉਸ ਮੇ ਗੁਰੂ ਨਾਨਕ ਦਾ ਕਸੂਰ ਨਹੀਂ ਹੈ, ਬਲਕਿ ਉਸ ਮੱਲਾ ਕਾ ਕਸੂਰ ਹੈ ਜੋ ਹਜ਼ੂਰ ਕੇ ਕਦੰਮ ਪਕੜ ਕਰਕੇ ਇਧਰ-ਉਧਰ ਹੀ ਕਰਤਾ ਰਹਾ। ਕਾਅਬਾ ਵੀ ਜਿਧਰ ਕਦਮ ਗਏ ਉਧਰ ਹੀ ਟਪਕਤਾ ਰਹਾ"। ਮੌਲਵੀ ਸਾਹਿਬ, "ਅਗਰ ਮੁੱਲਾ ਹਜ਼ੂਰ ਕੇ ਕਦਮੋਂ ਕੋ ਪਕੜ ਕਰ ਖੀਂਚਤਾ ਹੁਆ ਸੌ ਕੋਸ ਚਲਾ ਜਾਤਾ, ਕਾਅਬਾ ਕਭੀ ਵੀ ਕਦਮੋਂ ਕਾ ਪੀਛਾ ਨਾ

ਛੋੜਤਾ।ਸਿਖੋਂ ਦੀ ਤਰਫੋਂ ਤਾੜੀਆਂ ਦੀ ਤੇ ਜੈਕਾਰਿਆਂ ਦੀ ਬਰਖਾ ਸੁਰੂ ਹੋ ਗਈ, ਜੋ ਏਡਮਨ ਨੇ ਬਮੁਸ਼ਕ ਬੰਦ ਕਰਾਏ, ਮੌਲਵੀ ਆਪਣੀ ਹਾਰ ਮੰਨ ਕੇ ਛੇਤੀ ਨਾਲ ਉਠਿਆ।

ਮੌਲਵੀ: "ਅਰੇ ਬਤਾ ਤੂੰ ਨਾਨਕ ਕਾ ਸਿਖ ਬਨਾ ਫਿਰਤਾ ਹੈ, ਬਤਾ ਤੋ ਨਾਨਕ ਕੇ ਪੜਦਾਦੇ ਕਾ ਨਾਮ ਕਿਆ ਥਾ"?

ਦਾਸ: "ਮੌਲਵੀ ਸਾਹਿਬ, ਯੇਹ ਬਾਤ ਬੇ-ਮਾਅਨੇ ਹੈ, ਜੈਸਾ ਆਪ ਕਾ ਤਅਲਕ ਮੁਹੰਮਦ ਸਾਹਿਬ ਕੇ ਮਾ-ਬਾਪ ਕੇ ਸਾਥ ਨਹੀਂ ਹੈ, ਇਸੀ ਤਰ੍ਹਾਂ ਸਿਖ ਲੋਗ ਵੀ ਨਾਨਕ ਕੀ ਜ਼ਾਤ ਕੇ ਸਾਥ ਹੀ ਵਾਬਸਤਾ ਹੈਂ, ਬਾਪ-ਦਾਦੇ ਸੇ ਹਮਾਰਾ ਕੋਈ ਤੁਅਲਕ ਨਹੀਂ ਹੈ"।

ਫਿਰ ਸਿਖਾਂ ਵਲੋਂ ਜੈਕਾਰਿਆਂ ਦੀ ਆਵਾਜ਼ ਆਈ ਅਤੇ ਮਜਮਾਂ ਬਰਖਾਸਤ, ਪੰਥ ਕੀ ਜੀਤ ਭਈ, ਖਾਲਸੇ ਚੜ੍ਹਦੀਆ ਕਲਾ ਵਿਚ ਜੈਕਾਰੇ ਲਾਉਂਦੇ, "ਜੋ ਲੜੇ ਦੀਨ ਕੇ ਹੇਤ ਸੂਰਾ ਸੋਈ ਸੂਰਾ ਸੋਈ।ਇਹ ਪੜ੍ਹਦੇ-ਪੜ੍ਹਾਉਂਦੇ ਗੁਰਦੁਆਰੇ ਵਿਚ ਆਏ ਅਤੇ ਫਤੇਹ ਦੀਆਂ ਖੁਸ਼ੀਆਂ ਮਨਾਈਆਂ।

ਅਰਦਾਸ ਦੀ ਫਤਹਿ

ਇਹ ਸਭ ਕੁਝ ਹੁੰਦਿਆਂ ਵੀ ਗੋਰਮਿੰਟ ਬਹਾਵਲਪੁਰ ਦੀ ਅਸਲ ਮਨਸ਼ਾ ਕੈਦ ਕਰਨ ਦੀ ਸੀ, ਕਿਉਂਕਿ ਸ੍ਰੀ.ਸ਼ੇਰ ਅਮੀਰ ਸਿੰਘ ਜੀ ਲਾਹੌਰ ਦੇ ਰਹਿਣ ਵਾਲੇ, ਇਥੋਂ ਦੇ ਵਡੇ ਰਈਸ ਵੀ ਸਨ ਤੇ ਮਾਲ-ਅਫਸਰ ਵੀ ਲਗੇ ਹੋਏ ਸਨ, ਅਦਾਲਤ ਦੀ ਪੋਜ਼ੀਸ਼ਨ ਤੋਂ ਗੁਰਦੁਆਰਾ ਕਮੇਟੀ ਨੂੰ ਹਮੇਸ਼ਾ ਸੁਚੇਤ ਰਖਦੇ ਸਨ।20 ਮਾਰਚ 1935 ਦੀ, ਆਖਰੀ ਫੈਸਲੇ ਦੀ, ਤਾਰੀਖ ਸੀ, ਜਿਸਦਾ ਫਿਕਰ ਸੰਗਤਾਂ ਵਿਚ ਅਥਾਹ ਸੀ।ਵੈਸੇ ਤਾਂ ਸੰਗਤਾ ਹਰ ਤਾਰੀਖ ਤੇ ਇਲਾਕੇ 'ਚੋਂ ਹੁੰਮ-ਹੁਮਾ ਕੇ ਹਰ ਤਰੀਕ ਤੇ ਪੁਜਦੀਆਂ ਰਹੀਆਂ, ਅਜ ਕਿਉਂਕਿ ਆਖਰੀ ਫੈਸਲੇ ਦੀ ਤਾਰੀਖ ਸੀ, 19 ਸ਼ਾਮ ਨੂੰ ਹੀ ਸੰਗਤਾਂ ਗੁਰਦੁਆਰੇ ਸਾਹਿਬ ਵਿਚ (ਬੇਅੰਤ ਗਿਣਤੀ ਵਿਚ ਸੰਗਤਾ ਦਾ) ਇਕੱਠ ਹੋ ਗਿਆ।ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਤੋਂ ਉਪਰੰਤ ਸੰਗਤਾਂ ਦਾ ਵਿਰਗਾ ਜੋ ਠਾਠਾਂ ਮਾਰ ਰਿਹਾ ਸੀ।ਅਰਦਾਸ ਵਿਚ ਜੁੜਿਆ ਅਜ ਦੀ

ਅਰਦਾਸ ਗਿਆਨੀ ਚੰਨਣ ਸਿੰਘ ਜੀ ਨੇ ਆਪ ਕੀਤੀ ਤੇ ਭਰੇ ਦਿਲ ਨਾਲ ਕਲਗੀਧਰ ਪਿਤਾ ਨੂੰ ਬੇਨਤੀਆਂ ਕੀਤੀਆਂ, "ਹੇ ਦਾਤਾ, ਜੇ ਇਹ ਠੀਕ ਹੈ...

"ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ" ਤਾਂ ਅਜ ਤੇਰੀਆਂ ਸੰਗਤਾਂ ਤੇਰੀ ਅਰਦਾਸ ਦੀ ਸ਼ਕਤੀ ਨੂੰ ਵੇਖਣ ਲਈ ਉਤਾਵਲੀਆਂ ਹਨ, ਮਿਹਰ ਕਰੋ। ਤੁਰਕਾਂ ਦੀ ਕਚਿਹਰੀ 'ਚੋਂ ਸੰਗਤਾਂ ਨੂੰ ਅਜ ਫਤਹਿ ਬਖਸ਼ੋ।" ਅਰਦਾਸ ਤੋਂ ਉਪਰੰਤ ਬੜੀ ਅਧੀਨਤਾ ਦੀਆਂ ਬੇਨਤੀਆਂ ਤੇ ਮੰਗਲਾ-ਚਰਨ ਤੋਂ ਉਪਰੰਤ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਮਹਾਂ-ਵਾਕ ਲਿਆ, ਜੋ ਮਹਾਰਾਜ ਨੇ ਇਹ ਹੁਕਮ ਦਿਤਾ:

"ਔਖੀ ਘੜੀ ਨਾ ਦੇਖਣ ਦਈ ਅਪਨਾ ਬਿਰਦੁ ਸੰਭਾਲੇ।
ਹਾਥ ਦਏ ਰਾਖੇ ਅਪਨੇ ਕਉ ਸਾਸ ਸਾਸ ਪ੍ਰਿਤਪਾਲੇ।"

ਆਹਾ! ਸੰਗਤਾਂ ਦੀ ਬੇਇਖਤਿਆਰ ਖੁਸ਼ੀ ਦੀ ਕੋਈ ਹਦ ਨਾ ਰਹੀ, ਖੁਸ਼ੀਆਂ ਦੇ ਜੈਕਾਰੇ ਬੁਲਾਏ, ਪੰਤੂ ਪ੍ਰਬੰਧਕ ਸ੍ਰ. ਅਮੀਰ ਸਿੰਘ ਹੋਰਾਂ ਵਲ ਗਹੁ ਨਾਲ ਵੇਖ ਰਹੇ ਸਨ, ਮਾਨੋ ਇਸ਼ਾਰੇ ਹੋ ਰਹੇ ਸਨ ਕਿ ਤੁਸੀਂ ਕੀ ਖਿਆਲ ਦਾਸ ਰਹੇ ਹੋ, ਇਧਰ ਮਹਾਰਾਜ ਬਰੀਯਤ (ਖਲਾਸੀ) ਦਾ ਹੁਕਮ ਦੇ ਰਹੇ ਹਨ। ਇਸੇ ਹੈਰਾਨੀ ਵਿਚ ਸੰਗਤਾਂ ਨੇ ਹਮੇਸ਼ਾਂ ਦੀ ਤਰ੍ਹਾਂ ਕਚਿਹਰੀਆਂ ਨੂੰ ਇਹ ਸ਼ਬਦ ਜੋਟਿਆਂ ਨਾਲ ਪੜ੍ਹਦਿਆਂ ਚਾਲੇ ਪਾ ਦਿਤੇ:

"ਗੁਰੂ ਮੇਰੇ ਸੰਗ ਸਦਾ ਹੈ ਨਾਲੇ।ਸਿਮਰ ਸਿਮਰ ਤਿਸ ਸਦਾ ਸਮਾਲੇ"।

ਇਤਿਆਦਿਕ ਸ਼ਬਦ ਬੇਨਤੀ ਰੂਪ ਪੜ੍ਹਦੇ ਪੜ੍ਹਾਉਂਦੇ ਕਚਿਹਰੀਆਂ ਵਿਚ ਜਾ ਪੁਜੇ। ਅਜ ਮੁਸਲਮਾਨਾਂ ਦੀ ਵੀ ਅਥਾਹ ਭੀੜ ਸੀ।ਕਚਹਿਰੀਆਂ ਦਾ ਮੈਦਾਨ ਖਚਾ ਖਚ ਭਰਿਆ ਹੋਇਆ ਸੀ, ਸੰਗਤਾਂ ਆਲਮੇਂ ਹੈਰਾਨੀ ਵਿਚ ਡੁਬੀਆਂ ਸਿੰਘਣੀ ਤੇ ਬੱਚੇ ਨਾਲ ਅਤਿ ਪ੍ਰੇਮ ਕਰ ਰਹੀਆਂ ਸਨ, ਦਿਨ ਦੇ ਗਿਆਰਾਂ ਵਜ ਚੁਕੇ ਸਨਾਏਡਯੰਮ ਦੀ ਕਚਿਹਰੀ ਦੇ ਬੂਹੇ ਅਗੇ ਇਕ ਪਾਸੇ ਮੁਸੱਲਾ (ਹਥਿਆਰਬੰਦ) ਪੁਲਿਸ ਖੜੀ ਸੀ, ਦੂਜੇ ਬੰਨੀ ਚਿਕ ਦੇ ਨਾਲ ਲਗਾ ਹੋਇਆ ਇਹ ਦਾਸ ਖੜਾ ਕਲਗੀਆਂ ਵਾਲੇ ਨੂੰ ਬੇਨਤੀਆਂ ਕਰ ਰਿਹਾ ਸੀ, "ਹੇ ਦਾਤਾ, ਇਸ ਤੇਰੇ ਪਰਿਵਾਰ ਨੂੰ ਤੇਰੇ 'ਅੰਮ੍ਰਿਤ' ਦੀ ਦਾਤ ਪ੍ਰਾਪਤ ਹੋਈ ਹੈ ਸੀ ਕਿ ਇਹ ਹੁਣ ਅੰਮ੍ਰਿਤ-ਭਿਜੇ 'ਰੋਮ

ਸਿਰਾਂ ਦੇ ਤੁਰਕਾਂ ਦੀਆਂ ਜੇਲ੍ਹਾਂ ਵਿਚ ਰੁਲਣਗੇ।' ਹੇ ਦਸ਼ਮੇਸ਼! ਨਾਨਕ, ਜੇ ਜੋਗਾ ਸਿੰਘ ਵਾਲੀ ਸਾਖੀ ਸਚੀ ਹੈ ਤਾਂ ਇਸ ਪ੍ਰਵਾਰ ਨੂ ਵੀ ਤੁਰਕ-ਗਰਕੀ ਤੋਂ ਬਚਾ ਕੇ ਆਪਣੇ ਪਿਅਰੇ ਪੰਥ ਦੀ ਸੇਵਾ ਵਿਚ ਲਗਾਓ, ਤੇ ਆਪਣੇ ਚਰਨਾਂ ਦਾ ਸਿਦਕ ਦਿਓ।ਅਰਦਾਸ ਦੀ ਲੀਨਤਾ ਤੋਂ ਉਪਰੰਤ ਜਦ ਨੇਤਰ ਖੁਲ੍ਹੇ ਤਾਂ ਚਿਕ ਤੋਂ ਅੰਦਰ ਏਡਯੰਮ ਦੇ ਕਮਰੇ ਵਿਚ ਲੱਖਾਂ ਬਿਜਲੀਆਂ ਦੀ ਚਮਕ ਸੀ ਅਤੇ ਸੋਹਣੀ ਸੂਰਤ ਘੋੜੇ ਤੇ ਖੜੀ ਆਪਣੇ ਤੀਰ ਨੂੰ 'ਮਜਸਟਰੇਟ' ਦੇ ਮੇਜ਼ ਵਲ ਝੁਕਾ ਰਹੀ ਹੈ, ਇਕ ਛਿਨ-ਮਾਤਰ ਦ੍ਰਿਸ਼ਟਿ ਬਾਹਰ ਵਲ ਵੀ ਹੋਈ, ਇਸ 'ਚਮਕ' ਨੂੰ ਵੇਖ ਮੇਰੇ ਨੇਤਰ 'ਚੁੰਨਧਿਆ' ਚੁੱਕੇ ਸਨ, ਛੇਤੀ ਦੇ ਨਾਲ ਥੋੜ੍ਹੀ ਦੂਰ ਖੜੇ ਪ੍ਰਧਾਨ ਜੀ ਨੂੰ ਇਹ ਕੌਤਕ ਵਿਖਾਉਣ ਲਈ ਨਜ਼ਦੀਕ ਆਉਣ ਦਾ ਇਸ਼ਾਰਾ ਕੀਤਾ, ਪਰ ਇਨੇ ਨੂੰ ਇਹ ਖੇਡ ਖਤਮ ਹੋ ਚੁੱਕੀ ਸੀ।

ਇਸ ਛਿੰਨ ਭਰ ਦੇ ਕੌਤਕ ਤੋਂ ਕੇਵਲ ਅੱਧਾ ਘੰਟਾ ਮਗਰੋਂ ਛੇਤੀ ਦੇ ਨਾਲ ਏਡਯੰਮ ਬਾਹਰ ਨਿਕਲ ਆਇਆ, ਅਤੇ ਹੁਕਮ ਸਨਾਇਆ, "ਤੁਮ ਨੇ ਬਹੁਤ ਬਡਾ ਗੁਨਾਹ ਕੀਆ ਥਾ ਜਿਸ ਕੋ ਹਜ਼ਰਤ ਮੁਅੱਲਾ, ਅਲਕਲੂਬ, ਜਨਾਬ ਨਵਾਬ ਸਾਹਿਬ ਬਹਾਦਰ ਨੇ ਆਪਣੀ ਨਜ਼ਰਿ ਅਨਾਇਤ ਸੇ ਮੁਆਫ ਫਰਮਾ ਦੀਆ ਹੈ, ਔਰ ਸਾਥ ਹੀ ਹੁਕਮ ਹੈ ਕਿ ਚੋਬੀਸ ਘੰਟੇ ਕੇ ਅੰਦਰ-ਅੰਦਰ ਰਿਆਸਤ ਕੀ ਹਦੂਦ ਸੇ ਬਾਹਰ ਹੋ ਜਾਉ।"

ਮਿਸਲ ਨੰ.324/13, ਮਿਤੀ 20-03-1935 ਰਹੀਮਯਾਰ ਖਾਨ

ਇਹ ਆਵਾਜ਼ ਸੁਣਦੇ ਸਾਰ ਜੈਕਾਰਿਆਂ ਦੀ ਗੂੰਜ ਦੇ ਨਾਲ ਅਕਾਸ਼ ਗੂੰਜ ਉਠਿਆ।ਮੁਸਲਮਾਨ ਜ਼ਰਦੀ ਪਾਇ (ਪੀਲਤਣ ਛਾਏ) ਚਹਿਰੇ ਲੈ ਕੇ ਪਤਾ ਨਹੀ ਲਗਾ ਕਿਧਰ ਨੂੰ ਹਰਨ ਹੋ ਗਏ।ਸੰਗਤ ਨੇ ਗੁਰਦੁਆਰੇ ਵਿਚ ਆ ਕੇ ਖੁਸ਼ੀਆਂ ਦਾ ਦੀਵਾਨ ਸਜਾਇਆ।ਇੰਨੇ ਚਿਰ ਨੂੰ ਸ੍ਰ. ਅਮੀਰ ਸਿੰਘ ਜੀ ਵੀ ਆ ਗਏ ਅਤੇ ਆਪਣੀ ਤਕਰੀਰ ਵਿਚ ਉਨ੍ਹਾਂ ਨੇ ਆਪ ਦੀ ਸਾਰੀ ਹਕੀਕਤ ਇਸ ਤਰ੍ਹਾਂ ਬਿਆਨ ਕੀਤੀ:

ਦਸਿਆ ਕਿ ਜੋ ਕਲ੍ਹ ਸਾਡੇ ਵਲੋਂ ਤਾਰ ਸ਼੍ਰੋਮਣੀ ਗੁ.ਪ੍ਰ.ਕਮੇਟੀ ਨੂੰ ਅੰਮ੍ਰਿਤਸਾਰ ਭੇਜੀ ਗਈ ਸੀ, ਉਸਦੇ ਪ੍ਰਥਾਏ ਸ਼੍ਰੋ. ਕਮੇਟੀ ਨੇ ਨਵਾਬ ਸਾਹਿਬ ਨੂੰ ਤਾਰ ਭੇਜੀ ਹੈ ਅਗੇ

ਨਵਾਬ ਸਾਹਿਬ ਨੇ ਤਾਰ ਦੇ ਰਾਹੀਂ ਡਿਪਟੀ ਕਮਿਸ਼ਨਰ (ਰਹੀਮ ਯਾਰ ਖਾਨ ਦੇ) ਨੂੰ 'ਬਰੀ ਕਰਨ' ਦਾ ਹੁਕਮ ਦਿਤਾ, ਜੋ ਏਡਯੰਮ ਸਾਹਿਬ ਦੀ ਅਦਾਲਤ ਵਿਚ ਠੀਕ 11 ਵਜੇ ਪੁਜ ਗਿਆ ਸੀ।ਇਸ ਆਧਾਰ ਪੁਰ ਅਜ ਪੰਥ ਦੀ ਜੀਤ ਹੋਈ ਹੈ", ਤਕਰੀਰ ਜਾਰੀ ਰਖਦਿਆਂ ਆਪ ਨੇ ਕਿਹਾ, "ਇਸ ਤੋਂ ਪਹਿਲਾਂ ਕਈ ਤਾਰਾਂ ਚਿਠੀਆਂ ਸ੍ਰੋ.ਕਮੇਟੀ ਨੂੰ ਘਲ ਚੁਕੇ ਸਾਂ, ਪਰ ਜਦੋਂ ਗੁਰੂ ਬਹੁੜੀ ਕਰਦੇ ਹਨ ਤਾਂ ਦੇਰ ਨਹੀਂ ਲਗਦੀ।"

**ਬੀਬੀ ਮੋਹਨ ਕੌਰ ਦਾ ਉਪਕਾਰ :**

'ਰਹੀਮ ਯਾਰ ਖਾਨ' ਦੀਆਂ ਸੰਗਤਾਂ ਨੇ 'ਨਵਾਬ' ਦੇ ਹੁਕਮ 'ਚੌਵੀ ਘੰਟੇ ਵਿਚ ਰਿਆਸਤ ਬਦਰ ਹੋ ਜਾਓ' ਦੇ ਅਨੁਕੂਲ ਸਾਨੂੰ ਵਿਦਾ ਕੀਤਾ।ਇਥੋਂ ਵਿਦਾ ਹੋ ਕੇ 'ਬਹਾਵਲ' ਦੇ ਕੋਲ ਸਮੇਸ਼ਟੇ ਪੁਜੇ।ਇਥੇ ਸ. ਹਰਚਰਨ ਸਿੰਘ ਰੇਲਵੇ ਥਾਣੇ ਦੇ ਇੰਚਾਰਜ ਸਨ, ਇਨ੍ਹਾਂ ਦੇ ਘਰੋਂ ਬੀਬੀ ਮੋਹਨ ਕੌਰ ਜੀ, ਜੋ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਨਾਲ ਤੁਆਲਕ ਰਖਦੇ ਸਨ, ਜਾਂਦੀ ਵਾਰੀ ਦੇ, ਇਨ੍ਹਾਂ ਦੇ ਕੀਤੇ ਪ੍ਰੇਮ ਨੇ ਸਾਨੂੰ ਫੇਰ ਇਥੇ ਰੋਕ ਲਿਆ।ਜਦੋਂ ਸਾਨੂੰ ਵੇਖਿਆ ਤਾਂ ਗੁਰਮੁਖ ਪਰਿਵਾਰ ਨੂੰ ਚਾਉ ਚੜ ਗਿਆ।ਇਨ੍ਹਾਂ ਨੇ ਰੇਲਵੇ ਹਦੂਦ ਦੇ ਨਾਲ ਹੀ ਇਕ ਬੜਾ ਸੁੰਦਰ ਗੁਰਦੁਆਰਾ ਕਾਇਮ ਕਰਾਇਆ ਹੋਇਆ ਸੀ, ਮੈਨੂੰ ਇਥੇ ਬਤੌਰ ਗ੍ਰੰਥੀ ਰਖਾ ਦਿਤਾ।ਸੰਗਤਾਂ ਦੇ ਪਿਆਰ-ਪ੍ਰੇਮ ਤੇ ਆਪਣੇ ਉਤਸ਼ਾਹ ਨਾਲ ਗੁਰਬਾਣੀ ਦਾ ਪਾਠ ਸਿਖਣਾ ਸ਼ੁਰੂ ਕੀਤਾ ਜੋ ਬਾਬੇ ਨੇ ਮਿਹਰ ਕੀਤੀ, ਇਕ ਮਹੀਨੇ ਦੇ ਬਾਅਦ ਅਖੰਡ-ਪਾਠੀ ਹੋਣ ਦਾ ਅਵਸ਼ਰ ਪ੍ਰਾਪਤ ਹੋ ਗਿਆ।ਇਕ ਦਿਨ 'ਸਮੇਸ਼ਟੇ' ਦੇ ਸਟੇਸ਼ਨ ਤੇ ਫਿਰ ਰਿਹਾ ਸਾਂ ਕਿ ਰਹੀਮਯਾਰਖਾਨ ਦੇ ਥਾਣੇਦਾਰ ਅਮਰ ਸਿੰਘ ਨੇ ਵੇਖ ਲਿਆ।ਉਸਨੇ ਬਹਾਵਲਪੁਰ ਜਾ ਕੇ ਰਿਪੋਟ ਕਰ ਦਿਤੀ ਕਿ ਜਿਸ ਸ਼ਖਸ਼ ਨੂੰ ਚੌਵੀ ਘੰਟੇ ਦਾ ਨੋਟਿਸ, ਰਿਆਸਤ ਤੋਂ ਬਾਹਰ ਹੋਣ ਦਾ, ਸੀ ਉਹ ਤਿੰਨ ਮਹੀਨਿਆਂ ਤੋਂ ਲਗਾਤਾਰ ਰਿਆਸਤ ਵਿਚ ਹੀ ਹੈ ਅਤੇ ਸਮੇਂਸਟੇ ਗੁਰਦੁਆਰੇ ਵਿਚ ਹੈ।ਬਸ ਰਪੋਟ ਦੀ ਦੇਰ ਸੀ ਸ਼ਾਮ ਨੂੰ ਸਪੇਸ਼ਲ ਮਜਿਸਟ੍ਰੇਟ ਤੇ ਪੁਲੀਸ ਰੇਲਵੇ ਦੇ ਥਾਣੇ ਵਿਚ ਆ ਪੁਜੀ।ਜਦੋਂ ਇਸ ਗੁਰਮੁਖ ਗੁਰੂ ਕੀ ਸਿੰਘਣੀ, ਨੂੰ ਪਤਾ ਲਗਾ, ਕਿ ਇਹ ਗ੍ਰਿਫਤਾਰੀ ਲਈ ਆਏ ਹਨ ਤਾਂ ਇਸ ਆਏ 'ਲਾਣੇ' ਨੂੰ ਤਾਂ ਘਰ ਵਿਚ ਖਾਣ-ਪੀਣ ਵਿਚ ਰੁਝਾ

ਲਿਆ।ਸਾਡਾ ਸਾਰਾ ਸਮਾਨ ਆਪਣੇ ਇਕ ਕੁਲੀ ਦੇ ਘਰੀਂ ਰਖਾ ਕੇ ਸਾਨੂੰ ਮਾਲਗੱਡੀ ਦੇ ਵਿਚ ਬਿਠਾ ਕੇ ਰਾਤੋ-ਰਾਤ ਮੁਲਤਾਨ ਭਿਜਵਾ ਦਿਤਾ, ਸਵੇਰ ਨੂੰ ਜਦ ਬਹਾਵਲਪੁਰ ਦੀ ਪੁਲੀਸ ਗੁਰਦੁਆਰੇ ਸਾਨੂੰ ਗ੍ਰਿਫਤਾਰ ਕਰਨ ਆਈ ਤਾਂ ਸਾਡੀ ਜਾਏ ਰਿਹੈਸ਼ ਨੂੰ ਜਿੰਦਰੇ ਵੇਖ ਕੇ ਪੁਲੀਸ ਪਿਟ ਉਠੀ ਕਿ ਇਹ ਕੀ ਹੋ ਗਿਆ।ਅੰਤ ਨੂੰ ਇਨ੍ਹਾਂ ਨੇ ਸਰਦਾਰ ਹਰਚਰਨ ਸਿੰਘ ਹੋਰਾਂ ਦੇ ਖਿਲਾਫ ਬਹਾਵਲਪੁਰ ਜਾ ਮੁਕਦਮਾ ਦਾਇਰ ਕਰਾ ਦਿਤਾ, ਇਸ ਗੁਰੂ ਪਰਿਵਾਰ ਨੇ ਗੁਰੂ-ਪੰਥ ਦੀ ਸੇਵਾ ਕੀਤੀ ਸੀ, ਇਸ ਲਈ ਸਾਫ ਬਰੀ ਹੋ ਗਏ ਅਤੇ ਜੋ 'ਲਾਣਾ' ਫੜਨ ਨੂੰ ਆਇਆ ਸੀ ਉਹ ਸਾਰੇ ਦੇ ਸਾਰੇ ਨੌਕਰੀਆਂ ਤੋਂ ਹੀ ਅਲਹਿਦਾ ਕਰ ਦਿੱਤੇ ਗਏ।

ਕੁਝ ਦਿਨਾਂ ਦੇ ਬਾਅਦ ਬੀਬੀ ਮੋਹਨ ਕੌਰ ਜੀ ਆਪ ਸਾਡਾ ਸਾਮਾਨ ਲੈ ਕੇ ਮੁਲਤਾਨ ਗੁਰਦੁਆਰਾ ਸਾਹਿਬ ਵਿਚ ਦੇਣ ਲਈ ਆਏ।

'ਮੂਸਾ ਨਠਾ ਗੋਰ ਤੋਂ ਅਗੇ ਗੋਰ ਖੜੀ', ਮੁਲਤਾਨ ਛਾਉਣੀ ਦੇ ਗੁਰਦੁਆਰੇ ਵਿਚ ਰਿਹੈਸ਼ ਸੀ, ਸਿੰਘ ਸਭ ਨੇ ਸ਼ਹਿਰ ਵਿਚ ਅਨਾਉਂਸ ਕੀਤੀ ਕਿ "ਸਯੱਦ ਖਾਨਦਾਨ ਤੋਂ ਸਜੇ 'ਸਿੰਘ' ਅਜ ਰਾਤ ਨੂੰ ਗੁਰਦੁਆਰੇ ਵਿਚ ਆਪਣਾ ਲੈਕਚਰ ਕਰਨਗੇ", ਉਕਤ ਐਲਾਨ ਨੇ ਇਸਲਾਮੀ ਦੁਨੀਆਂ ਵਿਚ ਹਲਚਲ ਪੈਦਾ ਕਰ ਦਿੱਤੀ।ਰਾਤ ਨੂੰ ਤਕਰੀਰ ਦੇ ਟਾਇਮ ਗੁਰਦੁਆਰਾ ਸਾਹਿਬ ਦਾ ਘੇਰਾ ਪਾ ਕੇ ਮੁਸਲਮਾਨਾਂ ਨੇ 'ਨਾਅਰੇ' ਕਸਣੇ ਸ਼ੁਰੂ ਕਰ ਦਿੱਤੇ "ਸਾਡਾ ਬੰਦਾ ਸਾਨੂੰ ਦੇ ਦਿਉ, ਨਹੀਂ ਤਾਂ ਗੁਰਦੁਆਰਾ ਸਾੜ-ਫੂਕ ਦਿਆਂਗੇ, ਇਥੇ ਪੋਲੀਸ ਦੀ ਨਿਗਰਾਨੀ ਵਿਚ 'ਉਕਾੜੇ' ਪੁਜੇ, ਇਥੇ ਵੀ ਇਹੀ ਹਾਲ ਹੋਇਆ।ਲਾਹੌਰ ਵਿਚ ਗੁਰਦੁਆਰਾ 'ਸ਼ਹੀਦ ਗੰਜ' ਦਾ ਮੁਕਦਮਾ ਚਲਣ ਕਰਕੇ ਇਸਲਾਮੀ ਦੁਨੀਆਂ ਵਿਚ ਬੜਾਂ ਜੋਸ਼ ਸੀ।ਰਾਤ ਨੂੰ ਗੁਰਦੁਆਰੇ ਵਿਚ ਲੈਕਚਰ ਦੀ ਰਿਪੋਟ ਲੈਣ ਵਾਲੇ ਸਿਪਾਹੀਆਂ ਨੇ ਬਹੁਤ ਬੁਰੀ ਰਿਪੋਟ ਦਿਤੀ।ਜਿਥੇ ਮੈਂ 'ਗਵਾਚੀ ਕੌਮੀ' ਕਿਹਾ ਸੀ, ਉਥੇ ਉਨ੍ਹਾਂ ਨੇ 'ਗਾਂਡੂ ਕੌਮਾਂ' ਲਿਖ ਕੇ ਬੜੀ ਲੰਮੀ-ਚੌੜੀ ਰਿਪੋਟ ਭੇਜੀ, ਜਿਸਦਾ ਨਤੀਜਾ ਇਹ ਹੋਇਆ ਕਿ ਦਿਨ ਚੜ੍ਹਦੇ ਹੀ ਵਾਰੰਟ-ਗ੍ਰਿਫਤਾਰੀ ਆ ਗਏ।ਇਥੇ ਸਿੰਘਾਂ ਦਾ ਜ਼ੋਰ ਸੀ।ਡਾਕਟਰ ਸਰਦਾਰਾ ਸਿੰਘ ਰਾਵਲਪਿੰਡ ਦੇ ਗੁਰਮੁਖ ਪਿਆਰਿਆਂ ਦੇ ਉਦਮ ਨਾਲ ਇਹ

ਵਾਰੰਟ ਵਾਪਸ ਹੋਏ ਤੇ ਸਾਨੂੰ ਇਥੋਂ 6 ਮੀਲ ਦੇ ਫਾਸਲੇ ਤੇ, 36 ਨੰ. ਸਿਖਾਂ ਦਾ ਚੱਕ ਸੀ, ਇਥੇ ਗੁਰਦੁਆਰੇ ਵਿਚ ਨਿਯਤ (ਨਿਯੁਕਤ) ਕੀਤਾ ਗਿਆ।

ਗੁਰੂ ਨਾਨਕ ਦਾ ਪੜਦਾਦਾ:

ਉਪਰੋਕਤ ਪ੍ਰਸ਼ਨ ਰਹੀਮਯਾਰਖ਼ਾਨ ਵਿੱਚ ਇਕ ਸੁੰਨੀ ਮੌਲਵੀ ਨੇ ਕੀਤਾ ਸੀ, ਵੇਲੇ ਸਿਰ ਤਾਂ ਭਾਵੇਂ ਮੌਲਵੀ ਦੀ ਕੋਈ ਪੇਸ਼ ਨਹੀਂ ਗਈ, ਪ੍ਰੰਤੂ ਕਿੰਨਾ ਚਿਰ ਇਸੇ ਖੋਜ ਵਿੱਚ ਹੀ ਲੰਘਿਆ। ਮੈਂ ਬਹੁਤ ਸਾਰੇ ਪੰਥਕ ਵਿਦਵਾਨਾਂ ਤੋਂ ਪੁੱਛਦਾ ਰਿਹਾ, ਹਰ ਵਿਦਵਾਨ ਨੇ ਇਹ ਹੀ ਕਿਹਾ, "ਤੂੰ ਨਾਨਕ ਦੇ ਦਾਦਿਆਂ-ਪੜਦਾਦਿਆਂ ਤੋਂ ਕੀ ਲੈਣਾ ਹੈ? ਭਜਨ ਕਰਿਆ ਕਰ।" ਭਾਵੇਂ ਇਨ੍ਹਾਂ ਮਹਾਂਪੁਰਸ਼ਾਂ ਲਈ ਇਹ ਗੱਲ ਮਾਮੂਲੀ ਜਿਹੀ ਸੀ ਪਰ ਮੈਂ ਇਸ ਨੂੰ ਜਗਿਆਸੂ ਦੀ ਹੈਸੀਅਤ ਵਿੱਚ ਅਹਿਮੀਅਤ ਦੇ ਚੁੱਕਾ ਸਾਂ।

ਓੜਕ ਨੂੰ - ਲੋੜਨ ਵਾਲਾ ਰਿਹਾ ਨਾ ਖਾਲੀ ਲੋੜ ਕੀਤੀ ਜਿਸ ਪੱਕੀ।
ਲੋੜਨ ਵਾਲਾ ਖਾਲੀ ਰਿਹਾ ਲੋੜ ਕੀਤੀ ਜਿਸ ਕੱਚੀ।'

ਗੁਜਰਾਂਵਾਲੇ ਵਿੱਚ ਗੁਰਮੁਖਿ ਪਿਆਰੇ ਸ਼ਹੀਦ ਸ: ਅਵਤਾਰ ਸਿੰਘ ਜੀ ਨੇ ਇੱਕ ਵੇਰਾਂ ਸਿੰਘ ਸਭਾ ਵਿੱਚ ਯਾਦ ਕੀਤਾ। ਇੱਥੇ 'ਘਰਜਾਖ' ਰੋਡ ਦੇ ਉੱਤੇ ਬਾਬਾ ਹਰੀ ਸਿੰਘ ਗੁਰਮੁਖਿ ਲਾਂਬਾ ਜੀ ਦੇ ਦਰਸ਼ਨ ਹੋਏ। ਇਹ ਗੁਰਮੁਖਿ ਫ਼ਾਰਸੀ ਦੇ ਚੰਗੇ ਆਲਮ ਸਨ ਅਤੇ ਗੁਰਮਤਿ ਦੇ ਵੀ ਚੰਗੇ ਖੋਜੀ ਸਨ। ਇਨ੍ਹਾਂ ਦੇ ਸਾਹਮਣੇ ਭੀ ਉਕਤ ਪ੍ਰਸ਼ਨ ਹੀ ਕੀਤਾ, ਤਾਂ ਇਨ੍ਹਾਂ ਨੇ ਮੈਨੂੰ ਆਪਣੀ ਹਸਤਿ (ਹੱਥ) ਲਿਖਤ ਇੱਕ ਪੋਥੀ 'ਰਾਹਨਮਾ-ਏ-ਦੀਦਾਰਿ-ਹੱਕ' ਦਿੱਤੀ ਜਿਸ ਵਿੱਚ ਇਹ ਸ਼ਜਰਾ-ਨਸਬ ਬੜਾ ਖੋਜ-ਭਰਿਆ ਦਰਜ ਸੀ, ਪਾਠਕ ਜਨ-ਧਿਆਨ ਦੇਣ:

1. ਸ੍ਰੀ ਗੁਰੂ ਨਾਨਕ ਦੇਵ ਜੀ ਬੇਟੇ ਸ੍ਰੀ ਕਾਲੂ ਜੀ ਕੇ
2. ਸ੍ਰੀ ਕਾਲੂ ਜੀ ਬੇਟੇ ਸ੍ਰੀ ਸ਼ਿਬਰਾਮ (ਸ਼ਿਵ ਰਾਮ) ਜੀ ਕੇ
3. ਸ੍ਰੀ ਸ਼ਿਬਰਾਮ (ਸ਼ਿਵ ਰਾਮ) ਜੀ ਬੇਟੇ ਸ੍ਰੀ ਸੈਨ ਮੱਲ ਜੀ ਕੇ
4. ਸ੍ਰੀ ਸੈਨਮੱਲ ਜੀ ਬੇਟੇ ਸ੍ਰੀ ਅਨੂਪ ਰਾਏ ਜੀ ਕੇ
5. ਰਾਜਾ ਸ੍ਰੀ ਅਨੂਪ ਰਾਏ ਜੀ ਬੇਟੇ ਰਾਜਾ ਚਤਰਸਾਲ ਜੀ ਕੇ
6. ਰਾਜਾ ਸ੍ਰੀ ਚਤਰਸਾਲ ਜੀ ਬੇਟੇ ਰਾਜਾ ਸ੍ਰੀ ਕਾਲਕੇਤ ਜੀ ਕੇ

7. ਰਾਜਾ ਸ੍ਰੀ ਕਾਲ ਕੇਤ ਜੀ ਬੇਟੇ ਰਾਜਾ ਸ੍ਰੀ ਕਾਲਰਾਏ ਜੀ ਕੇ
8. ਰਾਜਾ ਸ੍ਰੀ ਕਾਲ ਰਾਏ ਜੀ ਬੇਟੇ ਰਾਜਾ ਸ੍ਰੀ ਕਾਲ ਸੈਨ ਜੀ ਕੇ
9. ਰਾਜਾ ਸ੍ਰੀ ਕਾਲ ਸੈਨ ਜੀ ਬੇਟੇ ਰਾਜਾ ਸ੍ਰੀ ਧਵਾਜ ਜੀ ਕੇ
10. ਰਾਜਾ ਸ੍ਰੀ ਧਵਾਜ ਜੀ ਬੇਟੇ ਰਾਜਾ ਸ੍ਰੀ ਗਜੰਦ ਰਾਏ ਜੀ ਕੇ
11. ਰਾਜਾ ਸ੍ਰੀ ਗਜੰਦ ਰਾਏ ਜੀ ਬੇਟੇ ਰਾਜਾ ਸ੍ਰੀ ਮਹਿੰਦ ਰਾਏ ਜੀ ਕੇ
12. ਰਾਜਾ ਸ੍ਰੀ ਮਹਿੰਦ ਰਾਏ ਜੀ ਬੇਟੇ ਰਾਜਾ ਸ੍ਰੀ ਅਜਾਪਾਲ ਜੀ ਕੇ
13. ਰਾਜਾ ਸ੍ਰੀ ਅਜਾਪਾਲ ਜੀ ਬੇਟੇ ਰਾਜਾ ਸ੍ਰੀ ਬੁਧਪਾਲ ਜੀ ਕੇ
14. ਰਾਜਾ ਸ੍ਰੀ ਬੁਧਪਾਲ ਜੀ ਬੇਟੇ ਰਾਜਾ ਸ੍ਰੀ ਧਰਮ ਰਾਏ ਜੀ ਕੇ
15. ਰਾਜਾ ਸ਼੍ਰੀ ਧਰਮ ਰਾਏ ਜੀ ਬੇਟੇ ਸ੍ਰੀ ਬੇਦੀ ਰਾਏ ਜੀ ਕੇ
16. ਰਾਜਾ ਸ੍ਰੀ ਬੇਦੀ ਰਾਏ ਜੀ ਬੇਟੇ ਰਾਜਾ ਸ੍ਰੀ ਕਸ਼ੁਵ ਜੀ ਕੇ
17. ਰਾਜਾ ਸ੍ਰੀ ਕਸ਼ੁਵ (ਕੁਸ਼) ਜੀ ਬੇਟੇ ਰਾਜਾ ਸ੍ਰੀ ਰਾਮ ਚੰਦਰ ਜੀ ਨੇ
18. ਰਾਜਾ ਸ਼੍ਰੀ ਰਾਮ ਚੰਦਰ ਜੀ ਬੇਟੇ ਰਾਜਾ ਸ੍ਰੀ ਜਸਰਥ (ਦਸ਼ਰਥ) ਜੀ ਕੇ
19. ਰਾਜਾ ਸ੍ਰੀ ਜਸਰਥ (ਦਸ਼ਰਥ) ਜੀ ਬੇਟੇ ਰਾਜਾ ਸ੍ਰੀ ਅੱਜ ਜੀ ਕੇ
20. ਰਾਜਾ ਸ੍ਰੀ ਅਜ ਜੀ ਬੇਟੇ ਰਾਜਾ ਸ੍ਰੀ ਰਾਗਵ (ਰਾਘਵ) ਜੀ ਕੇ
21. ਰਾਜਾ ਸ੍ਰੀ ਰਾਗਵ (ਰਾਘਵ) ਜੀ ਬੇਟੇ ਰਾਜਾ ਸ੍ਰੀ ਪ੍ਰਿਥੀ ਜੀ ਕੇ
22. ਰਾਜਾ ਸ੍ਰੀ ਪ੍ਰਿਥੀ ਜੀ ਬੇਟੇ ਰਾਜਾ ਸ੍ਰੀ ਦਲੀਪ ਜੀ ਕੇ
23. ਰਾਜਾ ਸ੍ਰੀ ਦਲੀਪ ਜੀ ਬੇਟੇ ਰਾਜਾ ਸ੍ਰੀ ਅਕਸ਼ਵਾਕੂ ਜੀ ਕੇ
24. ਰਾਜਾ ਸ੍ਰੀ ਅਕਸ਼ਵਾਕੂ ਜੀ ਬੇਟੇ ਰਾਜਾ ਸ੍ਰੀ ਮਨੂੰ ਜੀ ਕੇ
25. ਰਾਜਾ ਸ੍ਰੀ ਮਨੂੰ ਜੀ ਬੇਟੇ ਰਾਜਾ ਸ੍ਰੀ ਸੂਰਜ ਜੀ ਕੇ

ਇਹ ਸ਼ਜਰਾ-ਨਸਬ ਤਰਤੀਬਵਾਰ ਤਾਂ ਹੈ ਲੇਕਿਨ ਮੁਖ਼ਤਸਰ ਹੈ। ਮਸ਼ਹੂਰ ਮਸ਼ਹੂਰ ਨਾਵਾਂ ਦੇ ਨਾਲ ਸੰਬੰਧਤ ਹੈ। ਇਸ ਜੱਦ ਦੇ ਵੱਡਕੇ ਸ੍ਰੀ ਸੂਰਜ ਜੀ ਹੋਏ ਹਨ, ਇਸ ਲਈ ਸੂਰਜ-ਬੰਸੀ ਕਿਹਾ ਜਾਂਦਾ ਹੈ। ਪਾਠਕਾਂ ਦੀ ਦ੍ਰਿਸ਼ਟੀ-ਗੋਚਰ ਕਰਨ ਲਈ ਜ਼ਰੂਰੀ ਹੈ ਕਿ ਸ੍ਰੀ ਰਾਮ ਚੰਦਰ ਜੀ ਦੇ ਬੇਟੇ 'ਕਸ਼ੁਵ ਜੀ' ਛੋਟਿਆਂ ਦੀ ਅੰਸ਼ 'ਬੇਦੀ' ਹੈ ਅਤੇ ਵੱਡੇ ਬੇਟੇ ਸ੍ਰੀ ਲਊ ਜੀ ਤੋਂ 'ਸੁਹਡੀ' (ਸੋਢੀ) ਬੰਸ ਹੈ ਜੋ ਦਸਮ ਪਿਤਾ ਗੁਰੂ ਕਲਗੀਧਰ ਜੀ ਮਹਾਰਾਜ ਹਨ।

**ਗੁਰਦੁਆਰਾ ਸ਼ਹੀਦ ਗੰਜ ਲਾਹੌਰ:**

ਉਕਾੜੇ ਦੇ ਕੋਲ 26/27 ਸਿੱਖਾਂ ਦਾ ਮਸ਼ਹੂਰ ਪ੍ਰੇਮੀ-ਚੱਕ ਸੀ। ਇਥੇ ਸਤਸੰਗੀਆਂ ਦੇ ਨਾਲ ਸਮਾਂ ਚੰਗਾ ਗੁਜ਼ਰ ਰਿਹਾ ਸੀ। ਇੱਕ ਦਿਨ ਲਾਹੌਰ ਤੋਂ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਰ' ਜਨਰਲ ਸੈਕਟਰੀ ਸ੍ਰੋ. ਗੁ. ਪ੍ਰ. ਕਮੇਟੀ ਨੇ ਦਰਸ਼ਨ ਦਿੱਤੇ ਅਤੇ ਕਿਹਾ ਕਿ ਤੂੰ ਕੁਝ ਅਰਬੀ ਸਮਝ ਸਕਦਾ ਏਂ, ਕਿਉਂਕਿ ਸ਼ਹੀਦ-ਗੰਜ ਦੇ ਮੁਕੱਦਮੇ ਵਿੱਚ ਮੁਸਲਮਾਨਾਂ ਨੇ ਸਾਡੇ ਸਾਹਮਣੇ ਅਰਬੀ ਦਾ ਕੁੱਝ ਮਸੌਦਾ ਰੱਖਿਆ ਹੈ ਜਿਸ ਨੂੰ ਨਾ ਹੀ ਸਿੱਖ ਵਕੀਲ ਅਤੇ ਨਾ ਹੀ ਚੀਫ਼ ਜਸਟਿਸ ਮਿਸਟਰ 'ਸੇਲ' ਸਮਝ ਰਿਹਾ ਹੈ। ਮੁਸਲਮਾਨਾਂ ਦਾ ਦਾਅਵਾ ਹੈ ਕਿ ਇਸ ਹੁਕਮਿ-ਰੱਬਾਨੀ ਦੇ ਮੁਤਾਬਕ ਮਸਜਿਦ ਗੁਰਦੁਆਰਾ ਜਾਂ ਕਿਸੇ ਹੋਰ ਸ਼ਕਲ ਵਿੱਚ ਤਬਦੀਲ ਨਹੀਂ ਕੀਤੀ ਜਾ ਸਕਦੀ।ਇਸ ਮਾਮਲੇ ਨੂੰ ਹੱਲ ਕਰਨ ਦੀ ਲੋੜ ਹੈ।

ਇਸ ਮਾਮਲੇ ਨੂੰ ਸਮਝਣ ਲਈ ਦਾਸ ਨੂੰ ਲਾਹੌਰ ਆਉਣਾ ਪਿਆ। ਲਾਲਾ ਬਦਰੀ ਦਾਸ ਜੀ, ਜੋ ਪੰਥ ਵੱਲੋਂ ਵੱਡੇ ਵਕੀਲ ਸਨ, ਇਨ੍ਹਾਂ ਨੇ ਮੈਨੂੰ ਮੁਸਲਮਾਨੀ ਖਰੜਾ, ਜਿਸ ਨੇ ਸਿੱਖ ਜਗਤ ਵਿੱਚ ਹੈਰਾਨੀ ਪੈਦਾ ਕੀਤੀ ਹੋਈ ਸੀ, ਵਿਖਾਇਆ ਜੋ ਬਿਲਕੁਲ ਇੱਕ ਬਣਾਵਟ ਹੀ ਖੜ੍ਹੀ ਕੀਤੀ ਹੋਈ ਸੀ। ਮੁਕਾਬਲੇ ਦਾ ਜਵਾਬ ਦੇਣ ਲਈ ਅਨਾਰਕਲੀ ਦੇ ਕੌਮੀ ਕੁਤਬ-ਖ਼ਾਨੇ 'ਚੋਂ ਇਸਲਾਮ ਦੀਆਂ ਜੋ ਪੁਸਤਕਾਂ ਮੈਨੂੰ ਚਾਹੀਦੀਆਂ ਸਨ ਮਿਲ ਗਈਆਂ; ਜਿਨ੍ਹਾਂ 'ਚੋਂ ਚੌਦਾਂ ਫ਼ਤਵੇ ਮਸਜਦ ਦੀ ਹਕੀਕੀ ਪੋਜ਼ੀਸ਼ਨ ਦੇ ਪੇਸ਼ ਕੀਤੇ, ਮੁਹੰਮਦ ਸਾਹਿਬ ਦੇ ਜੀਵਨ ਦੀ ਇੱਕ ਸਾਖੀ ਨੇ ਜ਼ਾਹਰ ਕੀਤਾ ਕਿ ਮਸਜਿਦ ਘੋੜਿਆਂ ਦਾ ਅਸਤਬਲ ਵੀ ਬਣ ਸਕਦੀ ਹੈ। ਅਦਾਲਤ ਦੇ ਰੂਬਰੂ ਡਾਕਟਰ ਮੁਹੰਮਦ ਆਲਮ ਵੱਲੋਂ ਜੋ ਦਸ ਸਫ਼ਿਆਂ ਦਾ ਉਪਰੋਕਤ ਦਾਅਵਾ ਪੇਸ਼ ਸੀ, ਰੱਦ ਹੀ ਨਹੀਂ ਕੀਤਾ ਬਲਕਿ ਪਾੜ ਕੇ ਸੁੱਟ ਦਿੱਤਾ ਗਿਆ। ਇਸ ਮਹੱਤਵ ਮਈ ਯੋਗਤਾ ਦੇ ਸਾਹਮਣੇ ਮੁਸਲਮਾਨ ਵਕੀਲਾਂ ਦੀ ਜੁਰਅਤ ਬਹਿਸ ਦੀ ਨਾ ਪਈ, ਬਲਕਿ ਡਾਕਟਰ ਮੁਹੰਮਦ ਆਲਮ ਨੇ ਇਹ ਕਹਿ ਕੇ ਇਨਕਾਰ ਕੀਤਾ ਕਿ ਘਰ ਦੇ ਭੇਡੂ ਨਾਲ ਬਹਿਸ ਕਰਕੇ ਮੈਂ ਮੁਕੱਦਮੇ ਨੂੰ ਖ਼ਰਾਬ ਨਹੀਂ ਕਰਨਾ ਚਾਹੁੰਦਾ। ਪਰ ਅਦਾਲਤ ਨੂੰ ਨਿਸ਼ਚਾ (ਯਕੀਨ) ਹੋ ਗਿਆ ਕਿ ਇਨ੍ਹਾਂ 'ਰੇਤ ਦੀਆਂ ਹੀ ਕੰਧਾਂ ਉਸਾਰੀਆਂ ਸਨ ਜੋ ਚਕਨਾ-ਚੂਰ ਹੋ ਚੁੱਕੀਆਂ ਹਨ। ਇਸ ਦੇ ਬਾਅਦ ਫੌਰਨ 'ਪੰਥ

ਦੇ ਹੱਕ ਵਿੱਚ ਸ਼ਹੀਦ-ਗੰਜ ਦਾ ਫ਼ੈਸਲਾ ਸੁਣਾ ਦਿੱਤਾ ਗਿਆ। ਉਕਤ ਕਾਰਵਾਈ ਤਾਂ ਸਾਰੀ ਯੋਗ ਸੀ ਪ੍ਰੰਤੂ ਸ਼ਰਈ ਸਪਿਰਿਟ ਰੱਖਣ ਵਾਲਿਆਂ ਨੇ ਅਦਾਲਤ ਦੇ ਕਮਰੇ ਦੇ ਬਾਹਰ 'ਮਚਲਿਆਂ' ਮੁਸਲਮਾਨਾਂ ਦੇ ਪਹਿਰੇ ਲਾ ਦਿੱਤੇ ਕਿ, ਜਦੋਂ ਇਹ ਬਾਹਰ ਨਿਕਲੇ 'ਕਤਲ' ਕਰ ਦਿਓ, ਪਰ, 'ਜਿਸ ਕੋ ਰਾਖੇ ਸਾਈਆਂ ਤਿਸ ਕੋ ਮਾਰੇ ਕੌਨ?'

**'ਅਕੋਲਾ' ਸੂਬਾ ਬਿਹਾਰ:**

ਸ਼ਹੀਦ-ਗੰਜ ਦੀ ਸ਼ਹਾਦਤ ਦੇ ਬਾਅਦ ਚੂੰਕਿ ਅਖ਼ਬਾਰੀ ਦੁਨੀਆ ਦੇ ਪ੍ਰਾਪੇਗੰਡੇ ਨੇ ਜੀਵਨ ਬਹੁਤ ਹੀ ਖ਼ਤਰਨਾਕ ਜਿਹਾ ਬਣਾ ਦਿੱਤਾ (ਇਸ ਲਈ) ਜਿੱਥੇ ਵੀ ਜਾਈਏ ਮੁਸਲਮਾਨਾਂ ਨੇ ਕਾਤਲਾਨਾ ਹਮਲੇ ਕਰਨ ਲਈ ਤਿਆਰ ਹੋ ਜਾਣਾ। ਪਿਸ਼ੌਰ (ਪੇਸ਼ਾਵਰ) ਬਾਬਾ ਜੋਗਾ ਸਿੰਘ ਦੇ ਗੁਰਦੁਆਰੇ ਵਿੱਚ ਸ. ਈਸ਼ਰ ਸਿੰਘ ਜੀ ਦੇ ਵੇਲੇ ਮੁਸਲਮਾਨਾਂ ਵੱਲੋਂ ਬੜਾ ਭਾਰੀ ਕਾਤਲਾਨਾ ਹਮਲਾ ਕੀਤਾ ਗਿਆ, ਜਿਸ 'ਚੋਂ 'ਤੀਰਾਹੀ' ਸਿੱਖਾਂ ਦੇ ਸਰਦਾਰ ਜੈਮਲ ਸਿੰਘ ਜੀ ਨੇ ਬੜੀ ਹਿੰਮਤ ਨਾਲ ਬਚਾਇਆ। ਕੋਇਟੇ (ਕੋਟੇ) ਵਿੱਚ ਸ. ਬਹਾਦਰ ਸ. ਗੁਰਦਿੱਤ ਸਿੰਘ ਜੀ ਸਮੇਂ ਲੋਹਾਲਾਈ ਦੇ ਪਠਾਣਾਂ ਨੇ ਪਿਸਤੌਲਾਂ ਨਾਲ ਹਮਲਾ ਕੀਤਾ ਜੋ ਗੁਰੂ ਨੇ ਨਾ-ਕਾਮ ਕੀਤਾ।ਅਤੇ ਉਥੋਂ ਪ੍ਰਬੰਧਕਾਂ ਨੇ ਬੜੀ ਹਿਫ਼ਾਜ਼ਤ ਨਾਲ ਫਿਰ ਕੋਟੇ ਪੁਚਾਇਆ। ਇੱਥੋਂ ਗੁਰਮੁਖ ਪਿਆਰੇ ਸਰਦਾਰ ਬਹਾਦਰ ਜੀ, ਜੋ ਪੋਠੋਹਾਰ ਪਿੰਡ 'ਦੇਵੀ' ਦੇ ਵਸਨੀਕ ਸਨ, ਨੇ ਪੰਜਾਬ ਪਹੁੰਚਾਇਆ। ਇਸ ਗੁਰਮੁਖ ਖਾਨਦਾਨ 'ਚੋਂ ਨੈਨਿਹਾਲ ਸ. ਬਲਦੇਵ ਸਿੰਘ ਜੀ ਡਿਪਟੀ-ਕਮਿਸ਼ਨਰ ਹਨ, ਜਿਨ੍ਹਾਂ ਨੇ ਪਾਕਿਸਤਾਨੀ ਘੱਲੂਘਾਰੇ ਵਿੱਚੋਂ ਹਜ਼ਾਰਾਂ ਸਿੱਖਾਂ ਤੇ ਹਿੰਦੂਆਂ ਦੀਆਂ ਜਾਨਾਂ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਬਚਾਈਆਂ ਸਨ। ਇਸੇ ਤਰ੍ਹਾਂ ਜਦ ਪੰਜਾਬ ਵਿੱਚ ਜੀਵਨ ਖ਼ਤਰਿਆਂ ਤੋਂ ਖ਼ਾਲੀ ਨਾ ਦਿੱਸਿਆ ਤਾਂ ਕਾਨਪੁਰ ਪੁੱਜੇ, ਇੱਥੇ ਕਾਂਗਰਸ ਵਜ਼ਾਰਤ ਦੇ ਸ਼ੋਰਸ਼ ਸਮੇਂ ਪੰਜ ਹਜ਼ਾਰ 'ਖਟੀਕ ਕੌਮ' ਦੇ ਲੋਕਾਂ ਨੂੰ ਅੰਮ੍ਰਿਤ-ਪਾਨ ਕਰਾਇਆ। ਜਦੋਂ ਇੱਥੇ ਵੀ ਕਾਤਲਾਨਾ ਨਗਾਰੇ ਵੱਜਣ ਲੱਗੇ ਤਾਂ ਸ੍ਰੀ ਹਜ਼ੂਰ ਸਾਹਿਬ ਦੀ ਤਿਆਰੀ ਵਿੱਚ ਝਾਂਸੀ, ਆਗਰਾ, ਗਵਾਲੀਅਰ ਤੋਂ ਨਾਗਪੁਰ ਸੀ. ਪੀ. ਦੇਸ਼ ਚੋਂ ਲੰਘਦੇ ਅਮਰੌਤੀ (ਅਮਰਾਵਤੀ) ਤੋਂ ਅੱਗੇ ਸੂਬਾ ਬਿਹਾਰ ਦੇ ਵੱਡੇ ਸ਼ਹਿਰ 'ਅਕੋਲੇ' ਵਿੱਚ ਦਾਖ਼ਲ ਹੋਏ।

ਇੱਥੇ ਕੇਵਲ ਇੱਕ ਸਿੱਖ ਠੇਕੇਦਾਰ ਨੱਥਾ ਸਿੰਘ ਜੀ ਪੋਠੋਹਾਰ 'ਨਤਾਲੀ' ਦੇ ਰਹਿਣ ਵਾਲੇ ਸਨ। ਹਜ਼ੂਰ ਸਾਹਿਬ ਜਾਣ ਵਾਲੇ ਸਿੰਘਾਂ ਦੀ ਬੜੀ ਆਓ-ਭਗਤ ਕਰਿਆ ਕਰਦੇ ਸਨ। ਸਾਨੂੰ ਵੀ ਇਨ੍ਹਾਂ ਦੇ ਗ੍ਰਹਿ ਵਿਖੇ ਠਹਿਰਨ ਦਾ ਸਮਾਂ ਪ੍ਰਾਪਤ ਹੋਇਆ। ਇਨ੍ਹਾਂ ਨੇ ਸ਼ਹਿਰ ਦੇ ਟਾਊਨ ਹਾਲ ਵਿੱਚ ਮੇਰਾ ਲੈਕਚਰ ਰਖਵਾ ਦਿੱਤਾ। ਵੇਲੇ ਸਿਰ ਜਦੋਂ ਟਾਊਨ ਹਾਲ ਵਿੱਚ ਪੁੱਜੇ ਤਾਂ ਸਿੱਖ-ਸੰਗਤਾਂ ਦੇ ਬਜਾਏ ਤਮਾਮ ਹਾਲ ਖਚਾ-ਖਚ ਬੜੇ ਬੜੇ ਵਕੀਲਾਂ ਤੇ ਬੈਰਿਸਟਰਾਂ ਦੇ ਨਾਲ ਭਰਿਆ ਪਿਆ ਸੀ। ਜਿਨ੍ਹਾਂ ਨੂੰ ਵੇਖ ਕੇ ਮੈਂ ਆਪਣੇ ਮਨ ਵਿੱਚ ਸੋਚ ਰਿਹਾ ਸਾਂ ਕਿ ਇਨ੍ਹਾਂ ਨੂੰ ਕਿਹੜੀ ਸਾਖੀ ਸੁਣਾਵਾਂ? ਸਿੱਖ ਤਾਂ ਇਹ ਹਨ ਨਹੀਂ ਜੋ ਕਿਸੇ ਸ਼ਹੀਦ ਦੀ ਸਾਖੀ ਉੱਤੇ ਰੀਝ ਜਾਣਗੇ। ਅੰਤ ਨੂੰ ਉਠਦਿਆਂ ਹੀ ਪ੍ਰਸ਼ਨ ਕੀਤਾ - "ਹਾਜ਼ਰੀਨ! ਆਪ ਕਿਆ ਸੁਣਨਾ ਚਾਹਤੇ ਹੈਂ?" ਤਾਂ ਇੱਕ ਬੁੱਢਾ ਰਿਟਾਇਰਡ ਬੈਰਿਸਟਰ ਆਪਣੀ ਸੋਟੀ ਦੀ ਟੇਕ ਨਾਲ ਉੱਠ ਕੇ ਕਹਿਣ ਲਗਾ, "ਵਕਤਾ ਮਹਾਸ਼ਯ! ਆਪ ਹਮੇਂ ਸਿਰਫ਼ ਯਹੀ ..."

ਦੋ ਮੀਲ ਬਾਹਰ ਬਾਬਰ ਬਾਦਸ਼ਾਹ ਦੇ ਮਹਿਲਾਂ ਪਾਸ ਬਿਰਾਜੇ। ਇੱਥੇ ਹੀ 'ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ' (ਰਾਗੁ ਸੂਹੀ ਮਹਲਾ , ਕੁਚਜੀ, ਅੰਗ 762) ਸ਼ਬਦ ਉਚਾਰਨ ਕੀਤਾ ਸੀ। ਇਸੇ ਸ਼ਬਦ ਦੇ ਗਿਆਨ ਨਾਲ ਬਾਬਰ ਨੇ ਚਰਨੀ ਲੱਗ ਕੇ ਹਿੰਦ ਦੇ 'ਰਾਜ' ਦਾ ਦਾਨ ਮੰਗਿਆ ਸੀ।

ਜੋ ਹਜ਼ੂਰ ਨੇ ਬਚਨ ਕੀਤਾ ਸੀ 'ਫਤਿਹ ਪਾਵੇਂਗਾ'। ਇੱਥੋਂ ਕਾਬਲ ਸ਼ਹਿਰ ਵਿੱਚ ਮਸੀਤ ਵਿੱਚ ਜਾ ਕੇ ਕੀਰਤਨ ਕੀਤਾ। ਕਾਜ਼ੀਆਂ ਦੀ ਅਗਿਆਨਤਾ ਦੇ ਸਾਹਮਣੇ ਮਸੀਤ ਦੀ ਧਰਤੀ ਦੌੜ ਪਈ ਸੀ, ਜਦੋਂ ਸਾਰੇ ਸ਼ਰਨ ਵਿੱਚ ਆਏ ਤਾਂ ਮਸੀਤ ਖਲੋ ਤਾਂ ਗਈ ਪਰ ਕਾਅਬੇ ਵੱਲੋਂ ਮਹਿਰਾਬ ਦਾ ਰੁਖ਼ ਲਹਿੰਦੇ ਨੂੰ ਹੋ ਗਿਆ ਸੀ। ਲੋਕਾਂ ਨੇ ਕਿਹਾ 'ਮਸੀਤ ਦਾ ਮੂੰਹ ਚੜ੍ਹਦੇ (ਵੱਲ) ਕਰ ਦਿਓ' ਤਾਂ ਬਚਨ ਹੋਇਆ ਉਸ ਮੋਮਨ ਦੀ ਨਮਾਜ਼ ਕਬੂਲ ਹੋਵੇਗੀ ਜੋ ਇਸ ਮਸੀਤ ਵਿੱਚ ਨਮਾਜ਼ ਪੜ੍ਹੇਗਾ। ਸੋ, ਨਿਮਨ ਅੱਖਰ੍ਸੇਵਕ (ਮੁਤਾਕ ਹੁਸੈਨ ਲੇਖਕ) ਨੇ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਜੁੰਮੇ ਨੂੰ ਵੀਹ-ਵੀਹ ਕੋਹ ਤੋਂ ਪਠਾਣ ਨਮਾਜ਼ ਪੜ੍ਹਨ ਆਉਂਦੇ ਹਨ, ਉਨ੍ਹਾਂ ਦਾ ਸਿਦਕ ਹੈ ਕਿ ਹਜ਼ਰਤ ਬਾਬਾ ਨਾਨਕ ਦਾ ਫੁਰਮਾਨ ਹੈ ਕਿ 'ਇਸ ਥਾਂ ਨਮਾਜ਼ ਪੜ੍ਹਨ ਵਾਲੇ ਦੀ ਨਮਾਜ਼ ਕਬੂਲ ਹੋਵੇਗੀ'। ਸ਼ਹਿਰ ਤੋਂ 8 ਕੋਹ, ਪਹਾੜ

ਵੱਲ, ਨਹਿਰ ਕੋਲ ਬੜਾ ਭਾਰੀ 'ਵਲੀ ਹਿੰਦ' ਕਰਕੇ ਅਸਥਾਨ ਹੈ ਜਿੱਥੇ ਕੜਾਹ ਪ੍ਰਸ਼ਾਦ 'ਤੇ ਸਾਖਿਆਤ 'ਪੰਜਾ' ਲੱਗਦਾ ਹੈ। ਇੱਕ 'ਜਪੁਜੀ' ਸਾਹਿਬ ਦੀ ਪੋਥੀ ਦੇ ਵੀ ਦਰਸ਼ਨ ਹੁੰਦੇ ਹਨ ਅਤੇ ਵਿਸਾਖੀ ਤੇ ਬੜਾ ਭਾਰੀ ਇਕੱਠ ਹੁੰਦਾ ਹੈ। ਇੱਥੇ ਬਾਲਸ਼ਵਿਕ ਦੇਸਾਂ ਤੋਂ ਹੁੰਦੇ ਮਹਾਰਾਜ ਜੀ 'ਘੜੂਕੇ' ਪੁੱਜੇ ਨੈਨਗਰਹਾਰ (ਲੂਣ-ਮਿਆਣੀ) ਪਹਾੜੀ ਉਤੇ ਗਏ। ਇੱਥੇ ਗੁਰੂ ਜੀ ਦਾ ਇਕ ਅਤੇ ਇਕ ਬਾਲੇ-ਮਰਦਾਨੇ ਦੇ ਅਲਹਿਦਾ-ਅਲਹਿਦਾ (ਵੱਖਰ ਵੱਖਰੇ) ਮੰਦਰ ਹਨ। ਇੱਥੇ ਵੀ ਵਲੀ ਕੰਧਾਰੀ ਦੀ ਤਰ੍ਹਾਂ, ਅਬਦੁੱਲਾ ਗੌਂਸ ਹੰਕਾਰੀ ਫ਼ਕੀਰ ਦਾ ਹੰਕਾਰ ਤੋੜਿਆ ਸੀ ਜਿਸ ਨੇ ਮਰਦਾਨੇ ਨੂੰ ਪਾਣੀ ਨਹੀਂ ਦਿੱਤਾ ਸੀ, ਇਸ ਮੁਲਕ ਦੇ ਲੋਕ ਜਟਾ ਜੂਟ ਹਨ। ਨਾ ਹਿੰਦੂਆਂ ਤੇ ਨਾ ਮੁਸਲਮਾਨਾਂ ਨਾਲ ਵਰਤਦੇ ਹਨ, ਭੇਡਾਂ-ਦੁੰਬੇ ਰੱਖਦੇ ਹਨ, ਮਾਸ ਖਾਂਦੇ ਤੇ ਖੱਲਾਂ ਪਹਿਨਦੇ ਹਨ। ਇਸੇ ਤਰ੍ਹਾਂ ਦੂਜੇ ਪਾਸੇ ਗੋਰਖਪੁਰ ਤੋਂ ਨੇਪਾਲ ਦੇਸ਼ ਦੀ ਰਾਜਧਾਨੀ 'ਖਟਮੰਡੂ' (ਕਾਠਮੰਡੂ) ਪੁੱਜੇ ਅਤੇ ਤਾਸੀ ਤੋਂ ਉੱਤਰੀ ਚੀਨ, ਅਲਲਾ ਚੀਨ ਦੇ ਲੋਕੀਂ ਚਰਨੀ ਲਾ ਕੇ, ਸਤਿ ਦੇ ਮਾਰਗ ਪਾਏ ਕੇ----- ਪੁੱਜ ਗਏ। ਯਾਰਕੰਦ ਦੀਆਂ ਨਦੀਆਂ ਨੂੰ ਚੀਰ ਕੇ ਲਾਸਾ (ਲਹਾਸਾ) ਅਤੇ ਲਦਾਖ ਇੱਥੋਂ ਚੱਲ ਕੇ ਹੰਸਗਤ, ਵੂਲਰ ਝੀਲ ਤੋਂ ਸ੍ਰੀਨਗਰ ਜਾ ਬਰਾਜੇ ਅਰਥਾਤ ਕੁੱਲ ਵਲੈਤਾਂ ਦੇ ਵਿੱਚ ਸਮਰੱਥ ਗੁਰੂ ਨੇ ਚਰਨ ਛੋਹ ਨਾਲ ਮਾਤ-ਲੋਕ ਦੇ ਜੀਵਾਂ ਨੂੰ, ਸਿੱਧੇ ਰਾਹੇ ਪਾਇਆ ਹੈ।

ਹਰ ਦੇਸ਼-ਵਲੈਤ ਵਿੱਚ ਜਾਂਦਿਆਂ ਹੀ 'ਨਾਨਕ ਨਾਮ' ਦੇ ਪ੍ਰਭਾਵਸ਼ੀਲ ਜੀਵ ਮਿਲਦੇ ਹਨ ਭਾਵ ਕਿ ਸਰਬ ਸ੍ਰਿਸ਼ਟੀ ਹੀ ਬਾਬੇ ਨੇ ਤਾਰੀ ਹੈ ਜਿਸ ਤਰ੍ਹਾਂ ਕਿ ਕੁਰਾਨ ਨੇ ਦੱਸਿਆ ਹੈ: ਕੁਲਿੱਲਾ ਹਿਲ ਮਸ਼ਰਿਕੋ ਵਲ ਮਗ਼ਰੇਬੋ ਯਾਹਦੀ ਮਯਾਸਾਆ।

ਭਾਵ: ਖ਼ੁਦਾ ਕਹਿੰਦਾ ਹੈ ਮਸ਼ਰਕ ਮਗ਼ਰਬ ਮੇਰਾ ਹੈ, ਜਿਸਨੂੰ ਚਾਹਾਂਗਾ ਇਸ ਦੀ ਯਾਤਰਾ ਦਿਆਂਗਾ।

ਗੁਰਸਿੱਖੀ ਜੀਵਨ' ਤੋਂ ਜਾਣੂ ਹੋ ਕੇ ਸ਼੍ਰੋ.ਗੁ.ਪ੍ਰ. ਕਮੇਟੀ ਨੂੰ ਕਈ ਵੇਰਾਂ ਬਿਨੇ ਕੀਤੀ ਸੀ ਕਿ ਗੁਰਸਿੱਖੀ ਦੇ ਪ੍ਰਚਾਰ ਲਈ ਬਾਹਰ ਦੇ ਦੇਸ਼ਾਂ ਲਈ ਸਮਾਂ ਬਖਸ਼ੋ। ਨਿਰਧਨ ਦੀ ਅਵੱਸਥਾ ਆਗਿਆ ਨਹੀਂ ਦਿੰਦੀ ਕਿ ਆਪਣੇ ਆਪ ਕਿਸੇ ਦੇਸ਼ ਵਿੱਚ ਜਾ ਕੇ

ਪ੍ਰਚਾਰ ਕੀਤਾ ਜਾਵੇ। ਅਗਰ ਪੰਥਕ ਜਥੇਬੰਦੀ ਵੱਲੋਂ ਪ੍ਰਚਾਰ ਦਾ ਯੋਗ ਪ੍ਰਬੰਧ ਕੀਤਾ ਜਾਵੇ, ਹਰ ਦੇਸ਼ ਦੀ ਬੋਲੀ ਤੋਂ ਜਾਣੂ ਕਰਾਕੇ ਪ੍ਰਚਾਰਕਾਂ ਨੂੰ ਬਾਹਰ ਭੇਜਿਆ ਜਾਵੇ ਤਾਂ ਅਵੱਸ਼ ਦੁਨੀਆਂ ਸ਼ੀਘਰ (ਜਲਦ) ਹੀ, ਗੁਰਸਿੱਖੀ ਤੇ ਬਾਣੀ ਦੇ ਪ੍ਰਭਾਵ ਹੇਠ ਆ, 'ਆਪਾ' ਸਫ਼ਲ ਕਰ ਸਕਦੀ ਹੈ। ਨਿਮਨ ਅੱਖਰ ਲਿਖਣ ਦਾ ਸਮਾਂ ਨੰਗਲ ਡੈਮ ਦੀ ਲਿਖੀ-ਪੜ੍ਹੀ ਜਨਤਾ ਨੇ ਇਸ 'ਕੀਟ' (ਸ. ਪ੍ਰਿਥੀਪਾਲ ਸਿੰਘ) ਨੂੰ ਬਖਸ਼ ਕੇ ਆਪਣੇ ਸਿੱਖੀ ਫ਼ਰਜ਼ ਦੀ, ਗੁਰੂ-ਵਾਕ ਅਨੁਸਾਰ, ਸਹੀ ਪਹਿਚਾਣ ਕਰਵਾਈ ਹੈ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (ਪੰਨਾ 306)

ਗੁਰੂ ਜੀ ਦੀ ਰੂਹਾਨੀ ਜੀਵਨੀ ਨੇ ਸਾਰੇ ਸੰਸਾਰ ਨੂੰ ਰਾਹਿ-ਹਦਾਇਤ ਅਤੇ ਈਸ਼ਵਰੀ ਏਕਤਾ ਦੇ ਦਾਇਰੇ ਵਿੱਚ ਲਿਆਂਦਾ ਸੀ, ਪਰ ਸ਼ੋਕ (ਦੁਖ ਹੈ!), ਉਸ ਤੋਂ ਬਾਅਦ ਇਸ ਹਕੀਕੀ ਪ੍ਰਚਾਰ ਤੋਂ ਦੁਨੀਆਂ ਦੇ ਜੀਵ ਮਹਿਰੂਮ (ਵਾਂਝੇ) ਹੋ ਗਏ।

**ਨਾਨਕ ਵਾਹਿਦ ਪੈਗ਼ੰਬਰਿ ਤੌਹੀਦ ਅਸਤਿ:**

ਕੋਇਟਾ ਬਲੋਚਿਸਤਾਨ ਦੀ ਇਸਲਾਮੀ ਧਰਤੀ ਵਿੱਚ ਅੰਗਰੇਜ਼ ਪਾਦਰੀ ਮਿਲਿਆ ਜੋ ਈਰਾਨ ਦੇਸ਼ ਵਿੱਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਕੇ ਆਇਆ ਸੀ। ਸਵਾਲ ਕੀਤਾ ਗਿਆ: "ਸਾਹਿਬ! ਤੂੰ ਬੜਾ ਵਿਦਵਾਨ ਤੇ ਤਜਰਬੇਕਾਰ ਮਾਲੂਮ ਹੁੰਦਾ ਏਂ, ਕੀ ਮੇਰੇ ਸਵਾਲ ਦਾ ਜਵਾਬ ਦੇਵੇਂਗਾ?" ਅੰਗਰੇਜ਼ ਨੇ ਫ਼ਾਰਸੀ ਵਿੱਚ ਉੱਤਰ ਦਿੱਤਾ: "ਬਸ਼ੋਕ, ਜਵਾਬ ਮੀਂ ਦਿਹਦ ਰਫ਼ੀਕ, ਗੁਫ਼ਤੀ ਮਨ ਚੇਹ ਪਰਸਤੰਦ।"

ਤਾਂ ਜਵਾਬ ਦਿੱਤਾ ਕਿ ਸਾਹਿਬ ਦੁਨੀਆਂ ਦੀ ਤਾਰੀਖ਼ ਤੋਂ ਪਤਾ ਲੱਗਦਾ ਹੈ ਕਿ ਜਦੋਂ ਵੀ ਈਸ਼ਵਰ ਨੇ ਆਪਣੀ ਹੋਂਦ ਨੂੰ ਸਮਾਪਤ ਹੁੰਦਾ, ਜਾਂ, ਧਰਮ ਦੀ ਗਿਲਾਨੀ, ਨੂੰ ਵੇਖਿਆ ਹੈ, (ਓਦੋਂ-ਓਦੋਂ) ਆਪਣੀ ਜੋਤ ਨੂੰ ਸੰਸਾਰ ਵਿੱਚ ਅਵਤਾਰ ਜਾਂ ਪੈਗੰਬਰ ਦੇ ਨਾਮ ਨਾਲ ਪ੍ਰਕਾਸ਼ਿਆ ਹੈ। ਪ੍ਰੰਤੂ ਹਰ ਇੱਕ ਵਿਅਕਤੀ ਨੇ ਸੰਸਾਰ ਵਿੱਚ "ਆਪੁ ਆਪੁਨੀ ਬੁਧਿ ਹੈ ਜੇਤੀ ਬਰਨਤ ਭਿੰਨ ਭਿੰਨ ਤੁਹਿ ਤੇਤੀ" (ਦੇ ਫ਼ੁਰਮਾਨ ਅਨੁਸਾਰ) ਆਪਣੀ ਬੁੱਧੀ ਅਨੁਸਾਰ ਆਪਣਾ ਹੀ ਨਾਮ ਜਪਾਉਣ ਦਾ ਯਤਨ ਕੀਤਾ ਹੈ। ਕਿਸੇ ਨੇ ਕਿਹਾ 'ਮੈਂ ਰਾਮ ਹੂੰ', ਕਿਸੇ ਨੇ ਕਿਹਾ 'ਮੈਂ ਭਗਵਾਨ ਹੂੰ';

ਈਸਾ ਨੇ ਖ਼ੁਦਾ ਦਾ ਪੁੱਤਰ ਹੋਣ ਦਾ ਦਾਅਵਾ ਕਰਕੇ ਕਿਹਾ 'ਮੈਂ ਰੂਹ-ਅੱਲ੍ਹਾ ਹੂੰ, ਮੂਸਾ ਨੇ ਕੋਹੇਤੂਰ ਦਾ ਹੰਕਾਰ ਮਨ ਵਿੱਚ ਲੈ ਕੇ ਆਖਿਆ, 'ਮੈਂ ਕਲੀਮੇ ਖ਼ੁਦਾ ਹੂੰ, ਦਾਊਦ ਪੈਗੰਬਰ ਨੇ ਆਪਣੀ ਕੌਮ ਨੂੰ ਕਿਹਾ, 'ਮੈਂ ਖ਼ਲੀਫ਼ਾਤੁੱਲਾ ਹਾਂ', ਆਖ਼ਰੀ ਨਬੁੱਵਤ ਦਾ ਦਾਅਵਾ ਕਰਕੇ ਹਜ਼ਰਤ ਮੁਹੰਮਦ ਸਾਹਿਬ ਨੇ 'ਲਾਇਲਾਹਾ ਇਲੱਲਾਹੇ ਮੁਹੰਮਦੁਰਸੂਲੱਲਾ' ਦਾ ਨਾਅਰਾ ਬੁਲੰਦ ਕੀਤਾ।"

"ਮੈਂ ਸਿਰਫ ਇਹ ਹੀ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੀ ਖੋਜ ਵਿੱਚ ਸਾਇਦ ਇਹ ਆਇਆ ਹੋਵੇ ਕਿ ਕਿਸੇ ਨੇ ਆਪਣਾ ਆਪ ਮਿਟਾ ਕੇ ਹੱਕੇ-ਏਜ਼ਦੀ ਦੀ ਕਾਇਮੀਅਤ ਵਿੱਚ ਤੌਹੀਦ ਨੂੰ ਕਾਇਮ ਕੀਤਾ ਹੋਵੇ?" ਪਾਦਰੀ ਬੜਾ ਸਿਆਣਾ ਵਿਦਵਾਨ ਸੀ, ਮੈਨੂੰ ਫੌਰੀ (ਛੇਤੀ ਕਰਕੇ) ਕੋਈ ਉੱਤਰ ਦੇਣ ਲੱਗਾ ਸੀ ਕਿ (ਮੈਂ ਪਾਦਰੀ ਨੂੰ ਫ਼ੇਰ) ਕਹਿ ਦਿੱਤਾ "ਸ੍ਰੀਮਾਨ ਜੀਓ! ਇਸ ਸਵਾਲ ਦਾ ਜਵਾਬ ਪਾਦਰੀ ਦੀ ਹੈਸੀਅਤ ਵਿੱਚ ਨਾ ਦੇਣਾ ਬਲਕਿ ਇਨਸਾਨ ਦੀ ਹੈਸੀਅਤ (ਵਿੱਚ) ਦਿਓਗੇ ਤਾਂ ਹੀ ਸੰਤੁਸ਼ਟੀ ਹੋ ਸਕੇਗੀ।"

"ਆਹਾ! ਪਾਠਕ ਜਨੋ! ਪਾਦਰੀ ਨੇ ਕੀ ਸੁਣਿਆ, 'ਇਨਸਾਨੀ' ਬੋਲ ਸੁਣਦਿਆਂ ਹੀ ਸਾਹਿਬ ਦੇ ਨੇਤਰ ਜੁੜ ਗਏ, ਦੋ ਮਿੰਟ ਦੇ ਬਾਅਦ ਅੱਖਾਂ ਉਘਾੜ ਕੇ ਕਹਿਣ ਲੱਗੇ - "ਰਫ਼ੀਕ ਈਂ ਮੁਇਮਾਂ ਅਜੀਬਅਸਤ, ਦਰੀਂ ਵਕਤ ਹੱਲਨਮੀਬਾਇਦ ਕੰਮ-ਬ-ਕੰਮ ਸੇਹ ਰੋਜ਼ਾ ਮੁਹਲਤ ਮੈਂ ਦਿਹਦ"।

ਭਾਵ: 'ਐ ਦੋਸਤ, ਇਹ ਬੜੀ ਕਠਨ ਗੱਲ ਹੈ ਕਿ ਖੜੇ-ਪੈਰ ਉੱਤਰ ਦਿਆਂ, ਘੱਟੋ ਤੋਂ ਘੱਟ ਤਿੰਨ ਰੋਜ਼ ਦੀ ਮੋਹਲਤ ਦਿਓ।' ਪਾਦਰੀ ਨੇ ਫਿਰ ਕਿਹਾ, "ਪਿਆਰੇ ਦੋਸਤ ਇਨਸਾਨ ਦੀ ਹੈਸੀਅਤ ਵਿਚ ਜੇ ਤੂੰ ਜਵਾਬ ਲੈਣਾ ਹੈ ਤਾਂ ਮੈਨੂੰ ਤਿੰਨ ਦਿਨਾਂ ਦੀ ਘੱਟ ਤੋਂ ਘੱਟ ਮੁਹਲਤ ਦੇ, ਜੋ ਮੈਂ ਕਹਿਣਾ ਚਾਹੁੰਦਾ ਸਾਂ ਉਹ ਹੁਣ ਮੈਂ ਨਹੀਂ ਕਹਿ ਸਕਦਾ।"

"ਪਾਦਰੀ ਸਾਹਿਬ ਜੀਓ! ਮੈਂ ਸ਼ੰਕਿਆਂ ਦਾ ਸ਼ਿਕਾਰ ਹੋ ਦੁਨੀਆਂ 'ਚ ਭਟਕ ਗਿਆ ਹਾਂ। ਬੇਸ਼ੱਕ ਨਿਸਚਿੰਤ ਰੂਪ ਵਿੱਚ ਤੁਹਾਡਾ ਉੱਤਰ ਅਵੱਸ਼ (ਜ਼ਰੂਰ) ਮੇਰੀ ਸ਼ਾਂਤੀ ਕਰੇਗਾ। ਤਿੰਨ ਦਿਨਾਂ ਦੇ ਬਾਅਦ ਮੈਂ ਜਾਏ-ਨੀਅਤ (ਨਿਸਚਿਤ ਥਾਂ)

ਤੇ ਖਲੋਤਾ ਉਡੀਕ ਰਿਹਾ ਸਾਂ ਕਿ ਪਾਦਰੀ ਸਾਹਿਬ, ਮੇਰੇ ਸਵਾਲ ਦਾ ਜਵਾਬ ਲੈ ਕੇ, ਵਕਤ ਸਿਰ ਪੁੱਜ ਗਏ।

ਪਾਦਰੀ ਨੂੰ ਵੇਖ ਦੂਰੋਂ ਹੀ ਆਵਾਜ਼ ਦਿੱਤੀ, "ਕਿਆ ਆਪ ਮੇਰਾ ਜਵਾਬ ਲਾਏ ਹੋਂ?" ਪਾਦਰੀ ਦੌੜ ਕੇ ਮੇਰੇ ਗਲ ਲੱਗ ਗਿਆ ਅਤੇ ਕਹਿਣ ਲੱਗਾ, "ਦੋਸਤ! ਪੰਜਾਬੀ ਹੁੰਦਿਆਂ ਜੇ ਤੈਨੂੰ ਅਜੇ ਇਸ ਗੱਲ ਦੀ ਸਮਝ ਨਹੀਂ ਆਈ ਤਾਂ ਸੁਣ" ਇਹ ਕਹਿ ਪਾਦਰੀ ਨੇ ਬਆਵਾਜ਼ਿ-ਬੁਲੰਦ ਕਿਹਾ, "ਗੁਫ਼ਤੰਮ ਬਿਲਾ ਸ਼ਕੋ-ਸੁਭਾ ਨਾਨਕ ਵਾਹਿਦ ਪੈਗ਼ੰਬਰਿ ਤੋਹੀਦ ਅਸਤਿ।"

ਭਾਵ - 'ਮੈਂ ਬਗੈਰ ਕਿਸੇ ਸ਼ੱਕ ਅਤੇ ਸ਼ੁਭੇ ਦੇ ਕਹਾਂਗਾ ਕਿ, ਆਪਣਾ-ਆਪ ਮਿਟਾ ਕੇ, ਅਗਰ ਕਿਸੇ ਨੇ 'ਤੌਹੀਦ' ਨੂੰ ਕਾਇਮ ਕੀਤਾ ਹੈ ਤਾਂ ਉਹ ਇੱਕੋ ਇੱਕ ਨਾਨਕ ਹੀ ਹੈ।'

ਅੰਗਰੇਜ਼ ਪਾਦਰੀ ਨੇ ਇਨ੍ਹਾਂ ਤਿੰਨਾਂ ਦਿਨਾਂ ਵਿੱਚ ਦੁਨੀਆਂ ਦੀ ਰੂਹਾਨੀਅਤ ਦਾ ਮੁਤਾਲਿਆ ਕੀਤਾ ਹੋਵੇਗਾ, ਪਿੱਛੇ ਆਇਆ ਜ਼ਿਕਰ 'ਵੇਦਾਂਤਿਕ' ਖੋਜ ਤੋਂ ਉਪਰੰਤ ਪੁਰਾਣ, ਕੁਰਾਨ ਅਤੇ ਦੁਨੀਆਂ ਦੀਆਂ ਮਹਾਂ ਵਿਅਕਤੀਆਂ ਦੀ ਨਿਰੰਕਾਰੀ ਚਰਨ-ਡੰਡੌਤ ਨੂੰ ਵੇਖਿਆ ਹੋਵੇਗਾ, ਫਿਰ ਬਾਣੀ ਦੁਆਰਾ,

"ਆਪ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਿਓ"

ਯਥਾ: ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ

(ਅੰਗ 612)

ਗੁਰੂ-ਘਰ ਦੀ ਖੋਜ ਨੇ ਇਹ ਵੀ, ਪਾਦਰੀ ਜੀ ਪ੍ਰਤਿ ਅੰਤ ਨੂੰ, ਭੇਤ ਖੋਲ੍ਹਿਆ ਹੋਵੇਗਾ:

'ਨਾਨਕ ਨੀਚ ਕਹੈ ਬੀਚਾਰੁ...'

ਯਥਾ: ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।(ਪੰ.721)। ਯਥਾ, ਜੋ ਹਮ ਕੋ ਪਰਮੇਸਰ ਉਚਰਿ ਹੈਂ। ਤੇ ਸਭ ਨਰਕ ਕੁੰਡ ਮਹਿ ਪਰਿ ਹੈਂ। 32 (ਪਾਤਸ਼ਾਹੀ 10 ਬਚਿਤ੍ਰ ਨਾਟਕ, ਅਧਿਆਇ 6)

ਉਕਤ ਹਕੀਕਤ ਨੇ ਪਾਦਰੀ ਸਾਹਿਬ ਦੇ ਅੰਦਰ ਗਿਆਨ ਪੈਦਾ ਕਰ ਦਿੱਤਾ ਅਤੇ, ਇਨਸਾਨੀ ਦਾਇਰੇ ਵਿੱਚ ਆ ਕੇ, ਆਪ ਨੇ ਨਾਅਰਾ-ਏ-ਹੱਕ ਬੁਲੰਦ

ਕੀਤਾ। ਅਸੀਂ ਪਿੱਛੇ ਵਲੀ ਨਿਆਮਤੁਲ ਸ਼ਾਹ ਕਸ਼ਮੀਰੀ ਦਾ ਜ਼ਿਕਰ ਕਰ ਆਏ ਹਾਂ ਕਿ ਹਕੀਕਤ ਦੀ ਅਵੱਸਥਾ, 'ਸਾਲਕ' ਜਾਂ ਸਿੱਖ ਦੀ ਅਵੱਸਥਾ ਦੇ ਦਾਇਰੇ ਵਿੱਚ ਆ ਕੇ ਕਾਇਲਿ-ਕੁਰਾਨ ਸਈਅਦ ਨੇ ਤਿੰਨ ਸਦੀਆਂ ਪਹਿਲਾਂ ਹੱਕ ਦਾ ਨਾਅਰਾ ਲਾਉਂਦਿਆਂ ਕਿਹਾ ਹੈ ਕਿ 'ਨਾਨਕ' ਖ਼ੁਦ ਖ਼ੁਦਾ ਹੋਵੇਗਾ' ਇਹ ਕਹਿ ਕੇ ਆਪ ਨੇ ਤਸ਼ਰੀਹ (ਵਿਆਖਿਆ) ਵਿੱਚ ਦੱਸਿਆ ਹੈ, "ਮੈਨੂੰ ਸ਼ਾਇਦ ਕਿਸੇ ਵਕਤ ਦੀਨਦਾਰ ਲੋਕ ਕੁਫ਼ਰ ਦਾ ਫਤਵਾ ਦੇ ਦੇਣਗੇ ਚੂੰਕਿ ਇਨਸਾਨੀ ਸੂਰਤ ਨੂੰ 'ਰੱਬ' ਕਹਿਣਾ ਇਸਲਾਮ ਤੋਂ ਉਲਟ ਹੈ ਪਰ ਦੁਨੀਆਂ ਦੇ ਲੋਕੋ! ਮੈਂ ਇਹ 'ਹਕੁੱਲ ਯਕੀਨ' ਨਾਅਰਾ ਉਸ ਦਾਇਰੇ ਵਿੱਚ ਆ ਕੇ ਲਾਇਆ ਹੈ ਜਿੱਥੇ ਪੁੱਜ ਕੇ ਈਰਖਾ-'ਤਅੱਸਬ' ਦੀਆਂ ਪੱਟੀਆ ਲਹਿ ਜਾਂਦੀਆਂ ਹਨ। ਪਾਠਕ ਜੀਓ! ਇਹ ਉਹ ਮੰਜ਼ਿਲ ਹੈ ਜਿੱਥੋਂ 'ਮਨਸੂਰ' ਨੇ 'ਅਨਲਹੱਕ' ਦਾ ਨਾਅਰਾ ਲਾਇਆ ਸੀ, ਹਕੀਕਤ ਵਿੱਚ ਇਨਸਾਨੀ ਦਾਇਰਾ ਹੀ ਹਕੀਕਤ ਦੇ ਪ੍ਰਗਟ ਕਰਨ ਦਾ ਦਮਾਮਾ ਹੈ।

ਇਹ ਫ਼ਕੀਰ ਇਸਲਾਮੀ ਦੁਨੀਆਂ ਵਿੱਚ ਅਤਿ ਉੱਚਤਾ ਰੱਖਦੇ ਹਨ। ਆਪ ਦਾ ਤਿੰਨ ਸੌ ਸ਼ਿਅਰ, ਜੋ ਸੀਨਾ-ਬਸੀਨਾ ਆ ਗਿਆ ਸੀ ਤੇ ਫਿਰੰਗੀ ਦੇ ਸਮੇਂ ਪੋਲੀਟੀਕਲ ਜਾਣਿਆ ਜਾਂਦਾ ਸੀ, ਹੁਣ ਪ੍ਰੈੱਸ ਵਿਚੋਂ ਛਪ ਚੁੱਕਾ ਹੈ।

ਯੌਰਪ ਦੇਸ਼ਾਂ ਦੀ 'ਨਾਨਕ'-ਸਿੱਕ:

ਕਰਾਚੀ ਗੁਰਦੁਆਰਾ ਰਤਨ-ਤਲਾਅ ਸਿੰਘ ਸਭਾ 'ਚੋਂ ਅੰਮ੍ਰਿਤ-ਵੇਲੇ ਜਦ, ਸੰਗਤ ਵਿੱਚ ਕਥਾ ਕਰਕੇ, ਬਾਹਰ ਨਿਕਲੇ ਤਾਂ ਸੰਗਤ 'ਚੋਂ ਇੱਕ ਪ੍ਰੇਮੀ ਨੇ ਮੁਖ਼ਾਤਬ ਕਰਕੇ ਕਿਹਾ ਕਿ 'ਕੱਲ੍ਹ ਐਤਵਾਰ ਨੂੰ ਬੜੇ ਗਿਰਜੇ ਵਿੱਚ 'ਸਪੇਨ' ਤੋਂ ਆਏ ਪਾਦਰੀ, ਜੋ ਬੜੇ ਭਜਨੀਕ ਅਤੇ ਜੀਵਨ-ਕਣੀ ਵਾਲੇ ਹਨ, ਆਪਣਾ ਭਾਸ਼ਣ ਈਸ਼ਵਰ ਪ੍ਰਾਪਤੀ ਉੱਪਰ ਕਰਨਗੇ।' ਇਹ ਸੁਣਦੇ ਹੀ ਯਾਦ ਆ ਗਿਆ ਕਿ ਗੁਰੂ ਜੀ ਨੇ ਤਾਂ ਸਿੱਖ ਨੂੰ ਸਦਾ ਲਈ ਜਗਿਆਸੂ ਸਰੂਪ ਜੀਵਨ ਦਿੱਤਾ ਹੈ, ਯਥਾ: 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ'(ਪੰ. 765)। ਸਿੱਖ ਨੇ ਗੁਣਾਂ ਦੀ ਸਾਂਝ ਲੈ ਕੇ ਆਪਣੀ ਮੰਜ਼ਿਲ 'ਤੇ ਪੁੱਜਣਾ ਹੈ। ਐਤਵਾਰ ਨੂੰ ਗਿਆਨੀ ਰਤਨ ਸਿੰਘ ਜੀ ਅਤੇ ਦੋ ਹੋਰ ਸੱਜਣਾਂ ਸਮੇਤ ਠੀਕ ਸਮੇਂ ਸਿਰ ਬਜ਼ੁਰਗ ਮੌਸੂਫ਼ (ਗੁਣਵਾਨ) ਦਾ ਪ੍ਰਭਾਵਸ਼ੀਲ ਭਾਸ਼ਣ ਸੁਣਿਆਂ ਤੇ ਗਿਆਨੀ ਰਤਨ ਸਿੰਘ ਜੀ ਦੇ ਕਹਿਣ ਉਤੇ,

ਇੰਚਾਰਜ ਗਿਰਜਾ 'ਪਾਦਰੀ ਸਾਹਿਬ' ਨੂੰ ਮਿਲ ਕੇ ਵਿਚਾਰ ਕਰਨੀ ਤੇ ਕੁੱਝ ਅੰਜੀਲ ਦੀਆਂ ਪੋਥੀਆਂ ਲੈਣ ਲਈ ਤਿਆਰੀ ਹੋਈ। ਇੰਚਾਰਜ ਪਾਦਰੀ ਦੇ ਮਕਾਨ ਉੱਤੇ ਮਿਲੇ, ਤਾਂ ਇਨ੍ਹਾਂ ਨੇ ਬੜਾ ਆਦਰ ਕੀਤਾ, ਪ੍ਰਾਹੁਣਾਚਾਰੀ ਦੇ ਕਮਰੇ ਵਿੱਚ, ਤਬਾਦਲਾ-ਖ਼ਿਆਲਾਤ ਦੇ ਦੌਰਾਨ, ਦਾਸ ਨੇ ਕਿਹਾ, 'ਪਾਦਰੀ ਸਾਹਿਬ! ਆਪ ਦੇ ਗਿਰਜੇ ਦੀ ਇਮਾਰਤ ਅਤਿ ਕੀਮਤੀ ਤੇ ਸੁੰਦਰ ਹੈ; ਖ਼ਾਸਕਰ ਜੋ ਈਸਾ ਜੀ ਦਾ ਜੀਵਨ, ਤਸਵੀਰਾਂ ਰਾਹੀਂ ਦੱਸਿਆ ਹੈ ਉਹ ਅਤਿ ਸੁੰਦਰ ਹੈ; ਇਹ ਗੱਲ ਸੁਣਦਿਆਂ ਪਾਦਰੀ ਨੇ ਮੇਰੇ ਮੋਢੇ 'ਤੇਹੱਥ ਰੱਖ ਕੇ ਕਿਹਾ, ਸਰਦਾਰ ਜੀ! ਅਫ਼ਸੋਸ ਆਪ, ਪੱਥਰ ਕੀ ਦੀਵਾਰੋਂ ਕੋ ਦੇਖ-ਦੇਖ ਕਰ ਹੈਰਾਨ ਹੋ ਗਏ ਹੋ। ਆਪ ਕੇ ਬਾਬਾ ਨਾਨਕ ਸਾਹਿਬ ਕਾ ਜਨਮ ਅਗਰ ਯੂਰਪ ਕਾ ਹੋਤਾ ਤੋ ਦੁਨੀਆਂ ਕਾ ਕੋਈ ਕੋਨਾ ਐਸਾ ਨਾ ਹੋਤਾ ਜਹਾਂ ਯੂਰਪ ਵਾਲੋਂ ਕੇ ਸੋਨੇ ਕੇ ਮੰਦਰ ਨਾ ਹੋਤੇ। ਬਾਬਾ ਨਾਨਕ ਕਾ ਅਵਤਾਰ ਪੰਜਾਬ ਮੇਂ ਹੂਆ ਫਿਰ ਸਰਦਾਰ ਜੀ ਕੇ ਹਾਥ ਮੇਂ ਆ ਗਿਆ। ਸਰਦਾਰ ਜੀ ਆਪ ਨੇ ਬਾਬਾ ਕੋ ਸਮਝਾ ਨਹੀਂ।"

ਇਹ ਗੱਲ ਇੱਕ ਪਾਦਰੀ ਅੰਗਰੇਜ਼ ਦੀ ਜ਼ਬਾਨ ਤੋਂ ਸੁਣ ਕੇ ਸਾਡੇ ਅੰਦਰ ਵੀ 'ਸਕਤਾ-ਜਿਹਾ' ਛਾ ਚੁੱਕਾ ਸੀ। ਥੋੜ੍ਹੀ ਜਿਹੀ ਚੁੱਪ ਦੇ ਬਾਅਦ ਗਿਆਨੀ ਰਤਨ ਸਿੰਘ ਜੀ ਨੇ ਇੱਕ ਪੋਥੀ, ਇੰਜੀਲ, ਲਈ ਬਿਨੈ ਕੀਤੀ, ਤਾਂ ਪਾਦਰੀ ਸਾਹਿਬ ਨੇ ਉੱਠ ਕੇ ਇੱਕ ਅਲਮਾਰੀ ਦਾ ਜਿੰਦਰਾ ਖੋਲ੍ਹਦਿਆਂ ਪੁੱਛ ਕੀਤੀ, "ਆਪ ਕੋ ਕੌਨ ਸੀ ਜ਼ਬਾਨ ਮੇਂ ਇੰਜੀਲ ਚਾਹੀਏ", ਤਾਂ ਦਾਸ ਨੇ ਪੁੱਛ ਕੀਤੀ, "ਪਾਦਰੀ ਸਾਹਿਬ ਆਪ ਨੇ ਬੜੀ ਖੁੱਲ੍ਹਦਿਲੀ ਨਾਲ ਪੁੱਛ ਕੀਤੀ ਹੈ, ਕੀ ਆਪ ਦੱਸ ਸਕਦੇ ਹੋ ਕਿ ਅਰਬੀ ਜ਼ੁਬਾਨ ਜਾਂ ਪਖ਼ਤੋ ਜ਼ੁਬਾਨ ਵਿੱਚ ਅੰਜੀਲ ਹੈ?" ਤਾਂ ਆਪ ਨੇ ਕਿਹਾ ਕਿ "ਹਮਾਰੀ ਬਾਈਬਲ ਸੁਸਾਇਟੀ, ਜਿਸ ਕਾ ਲਾਹੌਰ ਮੇਂ ਹੈੱਡ-ਕੁਆਰਟਰ ਹੈ, ਉਸਕਾ ਕਰਮ ਹੀ ਯਹੀ ਹੈ ਕਿ ਹਰ ਨਏ ਦੇਸ਼ ਦੀ ਭਾਸ਼ਾ ਮੇਂ ਇੰਜੀਲ ਤਥਾ ਬਾਈਬਲ ਕੋ ਛਾਪ ਕਰ ਲੋਗੋਂ ਮੇ ਮੁਫ਼ਤ ਬਾਂਟਨਾ" ਆਹਾ! ਇਸ ਗੱਲ ਨੂੰ ਸੁਣ ਕੇ ਗੁਰੂ-ਚਰਨਾਂ ਦਾ ਧਿਆਨ ਧਰ, ਅਸਚਰਜਤਾ ਛਾ ਗਈ ਕਿ 'ਹੇ ਨਿਰੰਕਾਰ! ਤੇਰੀ ਉਹ 'ਬਾਣੀਆ ਸਿਰਿ ਬਾਣੀ' ਹੈ ਜਿਸ ਦੀ ਇੱਕ ਪੰਗਤੀ ਨੂੰ ਲੈ ਕੇ ਜੇ ਕਰਾਚੀ ਦੀ ਬੰਦਰ-ਰੋਡ ਤੇ ਖਲੋ ਕੇ ਹਕੀਕਤ ਬਿਆਨ ਕੀਤੀ ਜਾਵੇ ਤਾਂ ਸਾਰੀ ਕਰਾਚੀ ਤੇਰੀ ਸ਼ਰਨ ਵਿੱਚ ਆ

ਸਕਦੀ ਹੈ, ਪਰ ਸੋਕ (ਦੁੱਖ ਹੈ ਕਿ) ਅਸੀਂ ਵਾਕਈ ਤੇਰੀ ਅਤੇ ਤੇਰੀ ਬਾਣੀ ਦੀ ਪਹਿਚਾਣ ਨਹੀਂ ਕਰ ਸਕੇ। ਗੁਰਸਿੱਖੀ ਦੇ ਇਹ ਅਰਥ ਨਹੀਂ ਸਨ, ਜੋ ਅਸੀਂ ਧਾਰਨ ਕਰੀ ਬੈਠੇ ਹਾਂ।

ਗੁਰਸਿੱਖੀ ਦੇ ਸਹੀ ਅਰਥ ਸਨ, "ਆਪਿ ਜਪਹੁ ਅਵਰਹ ਨਾਮੁ ਜਪਾਵਹੁ"; ਸਿੱਖੀ ਦੇ ਅਰਥ 'ਮਜ਼ਹਬ' ਨਹੀਂ; ਬਲਕਿ ਮੱਜ਼ਹਬ ਹੀ ਮੁਖਵਿਸਾ ਜਾਣਦਿਆਂ ਅਸੀਂ ਗੁਰਬਾਣੀ ਦੇ ਗਹਿਰਾਈ ਦਾ ਖੰਡਨ ਕਰ ਦਿਆਂਗੇ ਅਤੇ ਨਿਰੰਕਾਰ ਦੀ ਤੌਹੀਨ ਵਿੱਚ ਆ ਜਾਵਾਂਗੇ। ਸਿੱਖੀ ਦੇ ਅਰਥ ਜਗਿਆਸੂ, ਤਾਲਬ-ਇਲਮ, ਤੌਹੀਦ ਰੂਪੀ ਸ਼ਿਕਸ਼ਾ (ਸਿੱਖਿਆ) ਪ੍ਰਾਪਤ ਕਰਨੇ ਵਾਲਾ, ਅਰਥਾਤ ਗੁਰੂ ਜੀ ਆਪ ਸਿੱਖੀ ਦੇ ਅਰਥ ਕਰਦਿਆਂ, ਫੁਰਮਾਉਂਦੇ ਹਨ, "ਸਿਖੀ ਸਿਖਿਆ ਗੁਰ ਵੀਚਾਰਿ॥ਨਦਰੀ ਕਰਮਿ ਲੰਘਾਏ ਪਾਰਿ॥" (ਪੰ. 465) ਭਾਵ: ਤਿੰਨ ਚੀਜ਼ਾਂ ਸਿੱਖੀ ਦਾ ਮੂਲ-ਤੱਤ ਹਨ 1. ਪਹਿਲਾਂ ਬਾਣੀ ਪੜ੍ਹਨੀ, 2. ਵਿਚਾਰ ਕਰਨੀ, 3. ਅਮਲ ਕਰਨਾ। ਗੁਰੂ ਮਹਾਰਾਜ ਫੁਰਮਾਉਂਦੇ ਹਨ, ਇਹ ਤਿੰਨ ਚੀਜ਼ਾਂ ਜਿਸ ਜੀਵ ਵਿੱਚ ਹਨ ਉਹ, ਬਿਲਾ-ਇਮਤਿਆਜ਼ (ਭਿੰਨ-ਭੇਦ) ਛਾਤੀ ਠਕੋਰ ਕੇ ਆਖਣ ਦਾ ਹੀਆ (ਜੇਰਾ) ਕਰ ਸਕਦਾ ਹੈ ਕਿ ਮੈਂ ਸਿੱਖ ਹਾਂ, 'ਨਾਨਕ' ਮੇਰਾ ਹੈ ਅਤੇ ਮੈਂ 'ਨਾਨਕ' ਦਾ ਹਾਂ"। ਇਹ ਮਾਣ ਕਿ 'ਮੈਂ ਸਿੱਖ ਦੇ ਘਰ ਜੰਮਿਆ ਹਾਂ ਇਸ ਲਈ ਸਿੱਖ ਹਾਂ', ਨਹੀਂ-ਨਹੀਂ ਬਲਕਿ ਇਹ ਮਾਣ ਕਿ "ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ" (ਪੰ: 796) ਦੇ ਮਿਸਦਾਕ ਮਾਨਸਿਕ ਮੰਜ਼ਿਲ ਨੂੰ ਨਿਸਫਲ ਕਰ ਦਏਗਾ। ਸਿੱਖੀ ਦੇ ਲਕਸ਼ (ਨਿਸ਼ਾਨੇ) ਧਾਰਨ ਕਰਨ ਨਾਲ ਹੀ ਗੁਰੂ ਕੇ ਦੇਸ਼ ਦੀ ਪ੍ਰਾਪਤੀ ਹੋਵੇਗੀ, "ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ।" (ਪੰਨਾ 441) ਦੇ ਆਦਰਸ਼ ਤੋਂ ਜਾਣੂ ਹੋਣਾ ਹੀ ਸਿੱਖੀ ਹੈ। ਸਿੱਖੀ 'ਸਾਲਕ' (ਕਿਰਦਾਰ) ਦੀ ਉੱਚ ਕੋਟੀ ਹੈ ਜੋ ਬਐਨ ਹੀ (ਇਨਬਿਨ) ਵਾਹਦਾ-ਹੂ ਲਾਸ਼ਰੀਕ (ਨਿਆਰਾਪੰਨ ਅਤੇ ਸਰਵੋਤਮਤਾ ਦਾ ਰੂਪ) ਹੈ। ਸਿੱਖੀ ਮਾਰਗ ਦੇ ਆਸ਼ਕਾਂ ਦੀਆਂ ਖੋਪਰੀਆਂ ਲਹਿ ਗਈਆਂ ਹਨ (ਭਾ. ਤਾਰੂ ਸਿੰਘ ਜੀ), ਚਰਖੜੀ ਤੋਂ ਮਾਸ ਤੂੰਬੇ ਵਾਂਗ ਉੱਡ ਗਿਆ ਹੈ (ਭਾ. ਸੁਬੇਗ ਸਿੰਘ ਜੀ), ਦੇਗ ਵਿੱਚ ਉੱਬਲ ਗਿਆ ਹੈ (ਭਾ. ਦਿਆਲਾ ਜੀ), ਸ਼ਹਿਤੀਰੀ ਵਾਂਗ ਚੀਰਿਆ ਜਾ ਰਿਹਾ ਹੈ (ਭਾ. ਮਤੀ ਦਾਸ ਜੀ) ਅਤੇ ਮੂੰਹ 'ਚੋਂ

ਪੜ੍ਹ ਰਿਹਾ ਹੈ 'ਕਹੁ ਮਾਨੁਖ ਤੇ ਕਿਆ ਹੋਇ ਆਵੈ॥ ਜੋ ਤਿਸੁ ਭਾਵੈ ਸੋਈ ਕਰਾਵੈ॥ ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ॥ਜੋ ਤਿਸੁ ਭਾਵੈ ਸੋਈ ਕਰੇਇ॥ ਅਨਜਾਨਤ ਬਿਖਿਆ ਮਹਿ ਰਚੈ॥ ਜੇ ਜਾਨਤ ਆਪਨ ਆਪ ਬਚੈ॥ ਭਰਮੇ ਭੂਲਾ ਦਹ ਦਿਸਿ ਧਾਵੈ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥ ਨਾਨਕ ਤੇ ਜਨ ਨਾਮਿ ਮਿਲੇਇ॥

(277),(ਸੁਖਮਨੀ)

**ਖਾਲਸਾ ਮੇਰੋ ਰੂਪ ਹੈ ਖਾਸ:**

ਦੁਨੀਆਂ ਵਿੱਚ ਅਨੇਕ ਮਤਿ ਹਨ ਅਤੇ ਉਨ੍ਹਾਂ ਮਤਾਂ-ਮਤਾਂਤਰਾਂ ਦੇ ਗੁਰੂ-ਪੈਗੰਬਰਾਂ ਨੇ ਆਪਣਿਆਂ ਨੂੰ ਆਪਣੇ ਦਾਇਰੇ ਤੋਂ ਦੂਰ ਰੱਖਿਆ ਹੈ। ਪ੍ਰੰਤੂ ਮਹਾਰਾਜ ਨੇ ਖ਼ਾਲਸੇ ਨੂੰ ਆਪਣਾ 'ਰੂਪ' ਕਿਹਾ ਹੈ, ਯਥਾ: ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥ ਖਾਲਸਾ ਮੇਰੋ ਪਿੰਡ ਪਰਾਨ॥ ਖਾਲਸਾ ਮੇਰੀ ਜਾਨ ਕੀ ਜਾਨ॥

(ਲੋਹ ਪ੍ਰਕਾਸ਼)

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ (ਪੰ. 444)। ਇਹ ਪਦਵੀ ਉਸ ਸਿੱਖ ਜਾਂ ਖ਼ਾਲਸੇ ਲਈ ਹੈ ਜੋ ਜੀਵ ਹਿਰਦੇ ਨੂੰ ਸਵੱਛ ਕਰ ਚੁੱਕਾ ਹੋਵੇ ਅਤੇ ਹਿਰਦੇ ਰੂਪ ਮੰਦਰ ਵਿੱਚ ਸ਼ੁੱਭ ਵਾਸਨਾ ਦਾ ਹੀ ਨਿਵਾਸ ਰੱਖਦਾ ਹੋਵੇ ਅਤੇ ਦ੍ਵੈਸ਼ ਆਦਿ ਮਿਲਾਵਟਾਂ ਤੋਂ ਰਹਿਤ ਹੋਵੇ। ਇੱਕ ਈਸ਼ਵਰ ਅਕਾਲ ਪੁਰਖ ਦੀ ਵਾਸਨਾ ਰੱਖੇ ਅਤੇ ਉਸ ਦੀ ਕੁਦਰਤੀ ਬਨਾਵਟ ਤੇ ਸ਼ਾਕਰ ਰਹਿੰਦਾ ਆਪਣੀ ਬਨਾਵਟ ਦੀ ਭੰਗਤਾ (ਭੰਨ-ਤੋੜ) ਨਾ ਕਰੇ।ਇੱਕ ਈਸ਼ਵਰ ਉਪਾਸਨਾ ਅਤੇ ਪੂਜਾ ਕਰਦਾ ਹੋਵੇ, ਇਨ੍ਹਾਂ ਹੀ ਸਿਫਤਾਂ ਦਾ ਨਾਮ 'ਖਾਲਸਾ' ਹੈ।ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੱਸਦੇ ਹਨ: 'ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (ਸੋਰਠ ਕਬੀਰ ਜੀ, ਪੰ.655), ਚੂੰਕਿ ਜੋ ਸਿੱਖ ਹੈ ਉਹ ਅਕਾਲ ਪੁਰਖ ਦੀ ਪੂਜਾ ਕਰਦਾ ਹੈ, ਜਿਸ ਲਈ ਇਸ ਨੂੰ 'ਖਾਲਸਾ' ਕਿਹਾ; 'ਅੰਮ੍ਰਿਤ ਛਕਾਉਣ ਸਮੇਂ ਹੀ ਕਲਗੀਧਰ ਪਿਤਾ ਨੇ ਇਸ ਨੂੰ ਉਪਦੇਸ਼ ਦਿੱਤਾ ਸੀ, "ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ" ਭਾਵ 'ਵਾਹਿਗੁਰੂ' ਕਾ ਹੀ ਖ਼ਾਲਸਾ ਹੈ ਅਤੇ ਤਿਸਨੂੰ 'ਵਾਹਿਗੁਰੂ' ਦੀ

ਹੀ ਫਤਿਹ ਹੈ। ਅਕਾਲ ਪੁਰਖ ਜੀ ਨੇ ਜਦ ਸ੍ਰਿਸ਼ਟੀ ਰਚਨਾ ਕੀਤੀ ਤਾਂ ਆਪਣੀ ਤਾਕਤ-ਏ-ਏਜ਼ਦੀ ਨਾਲ ਰਚਨਾ ਰਚ ਦਿੱਤੀ, ਯਾਨੀ 'ਕੁਦਰਤ' ਨੇ ਆਪਣੀ ਕੁਦਰਤੀ ਸ਼ਕਤੀ ਨਾਲ ਹੀ ਰਚਨਾ ਕੀਤੀ ਸੀ, ਇਸ ਲਈ ਜੋ ਕੁਦਰਤੀ ਅਸੂਲਾਂ ਦੇ ਨਾਲ-ਨਾਲ ਚੱਲੇਗਾ ਅਤੇ ਕੁਦਰਤੀ ਅਸੂਲ ਗ੍ਰਹਿਣ ਕਰਕੇ ਆਪਣੀ ਆਯੂ ਬਤੀਤ ਕਰੇਗਾ ਉਸ ਨੂੰ ਅਵੱਸ਼ ਖਾਲਸਾ ਪਦਵੀ ਪ੍ਰਾਪਤ ਹੋਵੇਗੀ। ਦੇਖੋ ਦੁਨੀਆਂ ਦੇ ਬੰਦਿਆਂ ਦੀ ਬਣਾਵਟ 'ਨਾਈ' ਬਣਾਉਂਦਾ ਹੈ ਪ੍ਰੰਤੂ ਸਿੱਖ ਦੀ ਬਣਾਵਟ ਕੁਦਰਤੀ ਹੈ ਤੇ ਕੁਦਰਤ ਦੀ ਆਗਿਆ ਨਾਲ ਹੀ ਖ਼ਾਲਸਾ ਸਾਜਿਆ ਗਿਆ ਸੀ, ਯਥਾ 'ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹ ਸਾਜਾ॥ ਜਾਹਿ ਤਹਾ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ -29।

(ਬਚਿੱਤਰ ਨਾਟਕ ਪਾ: 10)

ਇਨ੍ਹਾਂ ਮਹਾਵਾਕਾਂ ਤੋਂ ਸਿੱਧ ਹੈ ਕਿ ਖ਼ਾਲਸਾ ਅਕਾਲ ਪੁਰਖ ਦੀ ਆਗਿਆ ਵਿੱਚ ਪ੍ਰਗਟ ਹੋਇਆ ਹੈ, ਅਤੇ ਸਦਾ ਆਗਿਆ ਪਾਲਣ ਕਰੇਗਾ। ਸ੍ਰਿਸ਼ਟੀ ਵਿੱਚ ਜੋ ਭੀ ਜੀਵ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਵਿੱਚ ਲੀਨ ਹੋ ਆਪਣੀ ਆਤਮਿਕ ਜੋਤ ਨੂੰ ਸ਼ੁੱਧ ਕਰੇਗਾ ਉਹ ਖਾਲਸ ਜਾਣੋ।

ਯਥਾ ਮੁਖ-ਵਾਕ: ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ॥ਤੀਰਥ ਦਾਨ ਦਇਆ ਤਪ ਸੰਜਮ॥ ਏਕ ਬਿਨਾ ਨਹ ਨੈਕ ਪਛਾਨੈ॥ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥(ਸਵਈਏ ਪਾ: 10)।

ਯਥਾ: ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥

(ਸੁਖਮਨੀ)

ਯਥਾ: ਸਭ ਮਹਿ ਜੋਤ ਜੋਤ ਹੈ ਸੋਇ॥ਤਿਸਦੈ ਚਾਨਣਿ ਸਭ ਮਹਿ ਚਾਨਣ ਹੋਇ॥

(ਧਨਾਸਰੀ ਮ. 5)

ਜਿਸ ਵਕਤ ਜਾਗਦੀ ਜੋਤ ਦਾ ਪ੍ਰਕਾਸ਼ ਹਿਰਦੇ ਵਿੱਚ ਹੋ ਜਾਂਦਾ ਹੈ, ਉਸ ਸਮੇਂ ਖਾਲਸ ਕਹਾਉਂਦਾ ਹੈ, ਉਸ ਸਮੇਂ ਸਤਿ ਦਾ ਭੀ ਹੱਕਦਾਰ ਬਣਦਾ ਹੈ, ਜਦ

ਉਸ ਪਰਿਪੂਰਨ ਪਰਮਾਤਮਾ ਦਾ ਸਵਰੂਪ ਖਾਸ ਗੁਰਬਾਣੀ ਦੇ ਆਸ਼ੇ ਮੁਤਾਬਕ ਇਹ ਹੈ: ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥

(ਵਡਹੰਸ ਮ: 1)

ਗੁਰਸਿੱਖ ਦਾ ਆਸ਼ਾ ਪਿਤਾ-ਪੁੱਤ ਵਾਂਗ ਹੈ, ਜਿਸ ਤਰ੍ਹਾਂ ਪੁੱਤਰ ਪਿਤਾ ਦੇ ਪੂਰਨਿਆਂ ਤੇ ਚੱਲਦਾ ਹੈ ਸੋ ਖ਼ਾਲਸਾ, ਪਿਤਾ ਵਾਹਿਗੁਰੂ ਦਾ ਸਵਰੂਪ-ਧਾਰਨੀਆਂ "ਸਾਬਤ ਸੂਰਤਿ ਦਸਤਾਰ ਸਿਰਾ॥(ਮਾਰੂ ਸੋਲਹੇ ਮ:5) ਦੇ ਪੂਰਨ ਆਸ਼ੇ ਵਿੱਚ ਹੈ, ਤਾਂਈਓਂ ਖ਼ਾਲਸਾ ਪੰਥ ਵਿੱਚ ਸਤਿਗੁਰੂ ਜੀ ਆਪ ਨਿਵਾਸ ਰੱਖਦੇ ਹਨ। ਵੈਸੇ ਆਮ ਪ੍ਰਚਲਿਤ ਹੈ ਕਿ ਜੋ ਵੀ ਆਪਣੇ ਇਸ਼ਟਦੇਵ ਨੂੰ ਹਿਰਦੇ ਵਿੱਚ ਧਾਰਨ ਕਰੇਗਾ ਅਵੱਸ਼ ਹੀ ਉਹ ਇਸ਼ਟ ਉਸ ਦਾ ਸਾਥ ਦਿੰਦਾ ਹੈ ਪ੍ਰੰਤੂ ਸਿੱਖੀ ਜੈਸਾ ਸਿਦਕ ਭਰੋਸਾ ਹੋਰਨਾਂ ਵਿੱਚ ਨਹੀਂ ਹੈ। ਸਿੱਖ-ਜਗਤ ਦੇ ਜੀਵਨ ਤੋਂ ਪਤਾ ਲੱਗਦਾ ਹੈ ਕਿ ਬੜੇ ਸਿੰਘ ਭਰੋਸੇ ਵਾਲੇ ਹੋ ਗੁਜ਼ਰੇ ਹਨ, ਭਾਈ ਜੋਗਾ ਸਿੰਘ ਜੀ ਦਾ ਪ੍ਰਸੰਗ, ਭਾਈ ਲੱਛਮਣ ਸਿੰਘ ਜੀ ਸ਼ਹੀਦਠ ਮੌਜੂਦਾ ਜ਼ਮਾਨੇ ਵਿੱਚ ਸਿੱਖੀ ਸਿਦਕ ਦਾ ਸਬੂਤ ਪੰਜਾ ਸਾਹਿਬ ਵਿਖੇ ਵਿਖਾ ਗਏ ਇੱਕ ਸ਼ਾਇਰ ਨੇ ਕਿਹਾ ਹੈ:

ਸਿੱਖੀ ਇੱਕ ਸ਼ਹਿਰ ਸਲੋਨਾ ਏ। ਜਿੱਥੇ ਬੇਫ਼ਿਕਰੀ ਦਾ ਹੋਣਾ ਏਂ। ਨਾ ਜੰਮਣਾ ਏ ਨਾ ਮੋਣਾ ਏ।ਪੀ ਅੰਮ੍ਰਿਤ ਅਮਰ ਹੋ ਜਾਈਦਾ, ਕੁਦਰਤ ਦਾ ਇਹ ਕੇਂਦਰ ਏ। ਚੁਰਾਸੀ ਨਹੀਂ ਇੱਥੇ ਚੜ੍ਹ ਸਕਦੀ, ਇਹ ਕਲਗੀਧਰ ਦਾ ਮੰਦਰ ਏ।

ਸੋ ਪਿਆਰਿਓ! ਸਿੱਖੀ ਦਾ ਜੀਵਨ ਇੱਕ ਅਦਭੁਤ ਤੇ ਦੁਰਲੱਭ ਜੀਵਨ ਹੈ, "ਚਉਰਾਸੀ ਲਖ ਜੂਨ ਉਤਮ ਜਨਮ ਸੋ ਮਾਨਸ ਦੇਹੀ" (ਭਾਈ ਗੁਰਦਾਸ ਜੀ 1-3-1) ਦੇ ਮਹਾਂਵਾਕ ਅਨੁਸਾਰ ਉੱਤਮ ਜਨਮ ਅਤੇ ਉੱਤਮ 'ਚੋਂ ਉੱਤਮ "ਮਾਨਸ ਜਨਮ ਦੁਰਲਭ ਗੁਰਮੁਖ ਪਾਇਆ"॥ ਗੁਰਮੁਖ ਦਾ ਜੀਵਨ ਹਿੱਸੇ ਵਿੱਚ ਆਇਆ ਹੈ ਅਤੇ ਖ਼ਾਲਸ ਹੋ ਕੇ ਗੁਰੂ ਦੇ ਰੂਪ ਦੀ ਲਖਤਾ ਪ੍ਰਾਪਤ ਹੋਈ ਹੈ।

ਗੁਰਸਿੱਖੀ ਨਿਜਾਤ ਦਾ ਘਰ ਹੈ: ਨਿਜਾਤ ਸੰਸਕ੍ਰਿਤ ਦਾ ਅੱਖਰ ਹੈ ਜਿਸਦੇ ਅਰਥ ਹਨ ਆਵਾਗੌਣ ਤੋਂ ਰਹਿਤ, ਮੁਕਤੀ ਜਾਂ ਮੋਕਸ਼ ਜਾਂ ਨਿਰਵਾਣ ਪਦ ਹੈ, ਅਰਥ ਇੱਕੋ ਹੀ ਹਨ, ਲੋਕੀਂ ਇਸ ਅੱਖਰ ਨੂੰ ਅਰਬੀ ਦਾ ਲਫ਼ਜ਼ ਜਾਣਦੇ ਹਨ ਅਤੇ ਫਤਹਿ, ਖਲਾਸੀ ਅਰਥ ਕਰਦੇ ਹਨ ਭਾਵ ਸਮਾਨ ਹੀ ਹੈ।ਹਰ ਇੱਕ ਜੀਵ

ਨਿਜਾਤ ਜਾਂ ਮੁਕਤੀ ਮੰਗਦਾ ਹੈ, ਅਤੇ ਦੁਨੀਆਂ ਦਾ ਹਰ ਮਜ਼ਹਬ ਵੀ ਨਿਜਾਤ ਦਾ ਢੋਲ ਗਲ ਵਿੱਚ ਪਾਈ ਵਜਾ ਰਿਹਾ ਹੈ, ਕਿ ਮੇਰੇ ਹੀ ਰਾਹੀਂ ਮੋਕਸ਼ ਹੈ, ਕਿੰਤੂ ਬਹੁਤ ਘੱਟ ਜੀਵ ਹਨ ਜਿਨ੍ਹਾਂ ਨੂੰ ਨਿਜਾਤ ਜਾਂ ਮੋਕਸ਼ ਦੇ ਰਾਹ ਯਾਦ ਹਨ, ਅਤੇ ਬਹੁਤ ਘੱਟ ਹਨ ਜੋ ਇਹਦੇ ਲਈ ਯਤਨ ਕਰਦੇ ਹਨ, ਮੋਕਸ਼ ਦੀ ਰਾਹ ਦੱਸਣ ਵਾਲੇ ਤਾਂ ਅਸਲੋਂ ਹੀ ਘੱਟ ਹਨ, "ਨਾਨਕ ਵਿਰਲੇ ਕੋਈ ਕੋ"। ਜਿਨ੍ਹਾਂ ਨੂੰ ਸਿੱਧੀ ਰਾਹੇ, 'ਨਿਜਾਤ' ਦੀ ਰਾਹ ਯਾਦ ਹੋਵੇ, ਜਾਂ ਨਿਜਾਤ ਹਾਸਲ ਕਰ ਚੁੱਕੇ ਹੋਣ ਅਸਲੋਂ ਕੋਈ ਕੋ ਹਨ, ਦੁਨੀਆਂ ਦੇ ਲੋਕਾਂ ਵਿੱਚ ਇਸੇ ਚੀਜ਼ ਨੇ ਬਹੁਤਾ ਫਸਾਦ ਤੇ ਭੇੜ ਪਵਾਇਆ ਹੋਇਆ ਹੈ, ਇਸ ਦਾ ਪ੍ਰਚਾਰ ਭੀ ਲੋਕੀਂ ਬਹੁਤ ਕਰ ਰਹੇ ਹਨ, ਅਸਲ ਗੱਲ ਇਹ ਹੈ ਕਿ ਫਿਰਕਾਪ੍ਰਸਤੀ ਨੇ ਅਸਲੀਅਤ ਤੇ ਪਰਦਾ ਪਾ ਰੱਖਿਆ ਹੈ।

ਸਭ ਤੋਂ ਵੱਡਾ ਨਿਜਾਤ ਦਾ ਦਾਅਵਾ ਕਰਨ ਵਾਲੇ 'ਮੁਸਲਮਾਨ' ਹਨ, ਉਨ੍ਹਾਂ ਦੀ ਨਿਜਾਤ ਦੇ ਮੁਤਾਬਕ ਤਾਂ ਵੇਖਿਆ ਹੈ ਕਿ ਕੁਰਾਨੀ ਨਿਜਾਤ ਨਾਲ ਹਿੰਦੂ-ਸਿੱਖ ਅਵੱਸ਼ ਬਖਸ਼ੇ ਜਾਣਗੇ ਪਰ ਕੁਰਾਨ ਵਾਲੇ ਆਪ ਨਹੀਂ ਬਖਸ਼ੇ ਜਾਣਗੇ, (ਦੇਖੋ: ਕੁਰਾਨ ਮਜੀਦ, ਸੂਰਤ 'ਬੱਕਰ'):

ਇਨੱਲਾ ਜੀ ਨਾਂ ਆਮਾਨੂ ਵਲਸਾਬੇਈਨਾ ਮਿਨ ਆਮਨਾਂ ਬਿੱਲਾਹੇ, ਵਲਬੌਮਿਲ ਆਖੇਰੇ ਵਅਮੇਲਾ ਸਾਲੇਹਨ ਫਲਾਹੁੱਮਾ। ਇਨਦਾ ਰਬੇਹੁੱਮ ਵਲਾ ਖੌਫੈ ਹੁੱਮ ਵਲਾ ਹੁੱਮ ਯਖਜਾ ਨੂਨਗਤ।

ਅਰਥ: ਹਰ ਕੋਈ ਮੁਸਲਮਾਨ ਹੈ, ਯਹੂਦੀ ਹੈ, ਈਸਾਈ ਹੈ, ਜਾਂ ਹੈ ਬੇਦੀਨ, ਇਨ੍ਹਾਂ ਵਿੱਚੋਂ ਜੋ ਵੀ ਖ਼ੁਦਾ ਦੀ ਹਸਤੀ ਨੂੰ ਮੰਨੇ ਅਤੇ ਪਰਲੋ ਨੂੰ ਮੰਨੇ, ਚੰਗੇ ਕੰਮ ਅਤੇ ਨੇਕ ਅਮਲ ਕਰੇ, ਉਹ ਹਨ ਨਜ਼ਦੀਕ ਅੱਲਾਹ ਦੇ ਅਤੇ ਉਨ੍ਹਾਂ ਨੂੰ ਕੋਈ ਡਰ ਨਹੀਂ ਹੈ।

ਹੋਰ ਵੇਖੋ: ਯਥਾ: ਵਲਾ ਤਕੁਨ ਮਿਨਕੁੰਮ ਐਮਤਦੀਦਾਊਨਾ ਅਬਿੱਲ ਖੈਰੇ ਵਾ ਯਾਹਮਰੂਫੇ ਵਾ ਯਨਹੂਨਾ ਅਨ ਅਲਮੁਨਕੇਰੂ ਓਲਾਏਕਾ ਹੋਮੁਲਮੁਫ਼ਲੇਹੂਨ।

ਭਾਵ: 'ਅਤੇ ਜੇ ਤੁਸੀਂ ਚਾਹੋ ਕਿ ਹੋਵੇ ਵਿੱਚੋਂ ਤੁਹਾਡਿਓ ਇਕ ਟੋਲਾ ਜੋ ਸਦਾ ਦੇਵੇ ਲੋਕਾਂ ਨੂੰ ਤਰਫ਼ ਨੇਕੀ ਦੇ ਅਤੇ ਦੱਸਣ ਚੰਗੇ ਕੰਮ, ਮਨ੍ਹਾਂ ਕਰਨ ਬੁਰੇ ਕੰਮਾਂ ਤੋਂ, ਉਸ ਟੋਲੇ ਦੀ ਮੁਕਤੀ ਹੋਵੇਗੀ'।

(ਕੁਰਾਨ ਮਜੀਦ, ਸੂਰਤ ਆਲੇ ਇਮਰਾਨ)

ਉਕਤ, ਕੌਲ-ਇ-ਕੁਰਾਨੀ ਦੇ ਲਿਹਾਜ਼ ਨਾਲ ਹਿੰਦੂ, ਸਿੱਖਾਂ ਅਤੇ ਹੋਰ ਗੈਰ-ਮੁਸਲਮਾਨ ਕੌਮਾਂ ਈਸ਼ਵਰ ਨੂੰ ਮੰਨਦੀਆਂ ਹਨ ਅਤੇ ਸੱਚੇ ਦਿਲੋਂ ਉਸ ਉਤੇ ਭਰੋਸਾ ਰੱਖਦੀਆਂ ਹਨ ਅਤੇ ਈਸ਼ਵਰੀ ਪਰਲੋ ਅਤੇ ਉਸ ਦੇ ਸੁੱਖਾਂ-ਦੁੱਖਾਂ ਨੂੰ ਵੀ 'ਸਤਿ' ਕਰ ਮੰਨਦੇ ਹਨ; ਆਪਣੇ ਇਸ਼ਟ, ਅਕੀਦੇ ਦੀ ਸਿੱਖਿਆ ਉੱਪਰ ਅਮਲ ਵੀ ਕਰਦੇ ਹਨ, ਜੇ ਕੁਰਾਨ ਸੱਚਾ ਹੈ, ਤਾਂ ਅਨਮਤਾਂ ਦੀ ਤਾਂ ਗਤੀ ਹੀ ਹੈ ਅਤੇ ਕੁਰਾਨ-ਮੱਤ ਵਾਲੇ ਨਰਕਾਂ ਵਿੱਚ ਹੀ ਜਾਣਗੇ, ਕਿਉਂਕਿ ਕੁਰਾਨ-ਮਜੀਦ ਦੀ ਤਾਲੀਮ ਦੱਸਦੀ ਹੈ ਕਿ ਮੁਸਲਮਾਨ ਫ਼ਕੀਰ

ਔਲੀਇ-ਪੈਗੰਬਰ ਸਭ ਕਿਆਮਤ ਨੂੰ ਹੈਰਾਨ ਹੋ ਕੇ ਬਖ਼ਸ਼ਸ਼ ਦੀ ਇੰਤਜ਼ਾਰ ਦੇ ਵਿੱਚ ਖਲੋਤੇ ਹੋਣਗੇ, ਕਿਉਂਕਿ ਉਨ੍ਹਾਂ ਦੇ ਐਮਾਲਨਾਮਿਆਂ ਵਿੱਚ ਜਾਂ ਕਾਅਬਾ-ਪ੍ਰਸਤੀ ਜਾਂ ਮੁਰਦਾ-ਪ੍ਰਸਤੀ ਜਾਂ ਕਬਰ-ਪ੍ਰਸਤੀ ਤੋਂ ਬਿਨਾਂ ਹੋਰ ਕੁਝ ਨਹੀਂ ਦਿੱਸੇਗਾ "ਤਰਸੰਮ ਨਾ ਰਸੀ ਬਕਅਬਾ ਐ ਐਗਬੀ। ਕੀਂ ਰਾਹਿ ਤੋਂ ਕਿ ਮੈਰਵੀ ਬੈ ਤੁਰਕਸਤਾਨਸਤ", ਜਿਨ੍ਹਾਂ ਲੋਕਾਂ ਦਾ ਆਪਣਾ ਨਾਮਾਐਮਾਲ ਗੋਤ ਖਾ ਰਿਹਾ ਹੈ ਉੱਥੋਂ ਦੂਜਿਆਂ ਨੂੰ ਕੀ ਉਮੀਦ ਹੋ ਸਕਦੀ ਹੈ (ਰੂਮੀ)। ਗੁਰੂ-ਕਰਤਾਰ ਜਦ ਮਦੀਨੇ ਪੁੱਜੇ ਤਾਂ ਮਰਦਾਨੇ ਪੁੱਛਿਆ, 'ਬਾਬਾ! ਮੇਰੇ ਰਸੂਲ ਦਾ ਕੀ ਹਾਲ ਹੈ? ਤਾਂ ਹਜ਼ੂਰ ਨੇ ਫ਼ੁਰਮਾਇਆ, "ਮਰਦਾਨਿਆਂ, ਅਜੇ ਮੁਹੰਮਦ ਵੱਤ (ਫਿਰ) ਜਨਮ ਆਵਣਾ ਹੈ, ਤ੍ਰੰਗਣਾ (ਆਵਾਗਵਣ) ਵਿੱਚ ਆਹੇ (ਸੀਗੇ) ਤ੍ਰੰਗਣਾ ਵਿੱਚੋਂ ਨਿੱਕਲਿਆ ਨਾਹੀ।" ਉਸ ਫਿਰ, ਹਿੰਦੂ ਦੇ ਘਰ, ਜਨਮ ਆਉਣਾ ਹੈ, ਪੰਦਰਾਂ ਸੈ (ਸੌ) ਬਰਸ ਉਸ ਦੀ ਬਹਿਸ਼ਤ ਵਿੱਚ ਆਰਬਲਾ ਹੈ, ਪੰਦਰਾਂ ਸੈ ਵਰ੍ਹੇ ਪੂਰੇ ਹੋਸੀ ਤਾਂ ਫਿਰ ਉਹ ਹਿੰਦੂ ਦੇ ਘਰ ਜਨਮ ਲੈਸੀਂ ਪਰ ਸੂਦਰ ਦੇ ਘਰ। ਫਿਰ ਇਸ ਨੂੰ ਸਤਿਗੁਰੂ ਪ੍ਰਲੋਕੀਂ ਮਿਲੇਗਾ ਤਾਂ ਉਸ ਦਾ ਜਨਮ-ਮਰਨ ਰਹਿਤ ਹੋ ਜਾਵੇਗਾ ਜੁਰੱਅਤ ਬਹੁਤ ਆਹੀ, ਇੱਕ ਜਨਮ ਇਸਦਾ ਰਹਿੰਦਾ ਹੈ।(ਜਨਮ-ਸਾਖੀ, ਸਾਖੀ ਨੰਬਰ 40 ਸੁਲਤਾਨੀ ਛਾਪਾਖਾਨਾ 1874 ਈਸਵੀ)। ਯਥਾ: ਸ੍ਰੀ ਕਬੀਰ ਜੀ ਮਹਾਂ ਭਗਤ ਅਤੇ ਤੌਹੀਦ-ਪ੍ਰਸਤ ਮਹਾਂਪੁਰਸ਼ਾਂ ਨੇ ਆਪਣੀ ਲਿਖਤ ਵਿੱਚ ਇਸ ਤਰ੍ਹਾਂ ਲਿਖਿਆ ਹੈ ਕਿ 'ਮੁਹੰਮਦ ਸਾਹਿਬ ਕੀ ਨਿਜਾਤ ਨਹੀਂ ਹੋਈ ਫਿਰ ਪੈਦਾ ਹੋਂਗੇ ਤਬ ਸਤਿਗੁਰੂ ਕੇ ਉਪਦੇਸ਼ ਸੇ ਨਿਜਾਤ ਪਾਵੇਂਗਾ', (ਮੁਹੰਮਦ-ਬੋਧ)। ਸ੍ਰੀ ਹਜ਼ੂਰ ਕਲਗੀਧਰ ਪਿਤਾ ਨੇ

ਹੀ ਫਰਮਾਇਆ ਹੈ: "ਮਹਾਂ ਦੀਨ ਤਬ ਪ੍ਰਭ ਉਪਰਾਜਾ।ਅਰਬ ਦੇਸ ਕਾ ਕੀਨੇ ਰਾਜਾ। ਤਿਨ ਭੀ ਏਕ ਪੰਥ ਉਪਰਾਜਾ। ਲਿੰਗ ਬਿਨ੍ਹਾ ਕੀਤੇ ਸਭ ਰਾਜਾ।ਸਭਨੇ ਅਪਨ ਕੋ ਨਾਮ ਜਪਾਇਓ। ਸਤਿਨਾਮ ਕਾਹੂੰ ਨ ਦਿਰਤਾਇਓ।ਸਭਿ ਅਪਨੇ ਅਪਨੇ ਅਰਝਾਤਾ।ਪਾਰਬ੍ਰਹਮ ਕਾਹੂ ਨ ਪਛਾਤਾ।ਜੋ ਜੋ ਗੌਸ ਅੰਬੀਯਾ ਭਏ। ਮੈਂ ਮੇ ਕਰਤ ਜਗਤ ਤੇ ਗਏ। ਮਹਾਪੁਰਖ ਕਾਹੂੰ ਨ ਪਛਾਨਾ। ਕਰਮ ਧਰਮ ਕੋ ਕਛੂ ਨਾ ਜਾਤਾ।ਕੋਈ ਪੜ੍ਹਤ ਕੁਰਾਨ ਕੋਈ ਪੜਤਾ ਪੁਰਾਨ।ਕਾਲ ਨ ਸਕਤ ਬਚਾਏ ਕੈ ਫੋਕਟ ਧਰਮ ਨਿਦਾ।ਕਈ ਕੋਟ ਪੜਤ ਕੁਰਾਨਾ। ਬਾਚਤ ਕਈ ਪੁਰਾਨ ਅਚਾਨਾ। ਅੰਤ ਕਾਲ ਕੋਈ ਕਾਮ ਨਾ ਆਵਾ।"

(ਬਚਿੱਤਰ ਨਾਟਕ ਅਧਿਆਇ 9)

ਇਸਲਾਮ ਦੇ ਤੱਤ ਤੋਂ ਸਿੱਧ ਹੋ ਗਿਆ ਕਿ ਹਰ ਖ਼ੁਦਾਪ੍ਰਸਤ ਦੀ ਗਤੀ ਹੋਵੇਗੀ ਪਰ ਜੋ ਖ਼ੁਦਾ ਦੀ ਪ੍ਰਸਤਸ਼ ਤੋਂ ਕਿਸੇ ਹੋਰ ਨੂੰ, ਉਹਦੇ ਰਾਹ ਦਾ ਵਕੀਲ ਜਾਣ ਉਸ ਨੂੰ ਇਕ ਖਿਡਾਉਣਾ ਹੀ ਜਾਣ ਗੋਰਾਂ-ਮੜ੍ਹੀਆਂ ਆਦਿ ਦੀ ਪ੍ਰਸਤਿਸ਼ ਵਿੱਚ ਇਹਤਕਾਦ ਜਮਾਂ ਬੈਠੇਗਾ, ਉਹ ਨਰਕਾ ਦਾ ਬਾਲਣ ਬਣੇਗਾ।

ਗੁਰਸਿੱਖੀ ਦੇਖਿਆਂ ਤੌਹੀਦ (ਏਕਤਾ) ਦੀ ਕਾਇਲ ਹੈ ਅਤੇ ਆਪਣੇ ਗੁਰਾਂ ਦੀ ਤਾਲੀਮ ਦੀ ਹਾਮੀ ਵਿੱਚ ਆ ਕੇ "ਸਿੱਖੀ ਸਿੱਖਿਆ ਗੁਰ ਵਿਚਾਰ" ਦੇ ਭਾਵ ਵਿੱਚ ਆ ਕੇ ਉਨ੍ਹਾਂ ਨੂੰ ਨਿਜਾਤ, ਮੋਕਸ਼-ਪਦ ਪ੍ਰਾਪਤ ਹੁੰਦੀ ਹੈ। ਸਿੱਖ ਦੇ ਅਰਥ ਹੀ ਸਿੱਖਿਆ ਨੂੰ ਧਾਰਨ ਕਰਨਾ ਹੈ। ਆਪਣੇ ਗੁਰੂ ਦੀ ਆਗਿਆ ਵਿੱਚ, ਗੁਰੂ ਦੀ ਸਿੱਖਿਆ ਵਿੱਚ ਚੱਲਣ ਵਾਲੇ ਦਾ ਨਾਉਂ ਹੀ ਸਿੱਖ ਹੈ ਸਿੱਖ ਉਸ ਦਾ ਨਾਂ ਹੈ ਜੋ ਸ੍ਰਿਸ਼ਟੀ ਦੇ ਪਦਾਰਥਾਂ ਤੋਂ ਮਨ-ਬਿਰਤੀ ਨੂੰ ਹਟਾ ਕੇ ਸਤਿਗੁਰੂ ਦੇ ਚਰਨਾਂ ਵਿਚ ਲੀਨ ਹੋ ਜਾਵੇ। ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।ਸਬਰ ਸਿਦਕ ਸਹੀਦ ਭਰਮ ਭਉ ਖੋਵਣਾ।ਗੋਲਾ ਮੁਲ ਖਰੀਦ ਕਾਰੇ ਜੋਵਣਾ।ਨਾ ਤਿਸ ਭੁਖ ਨਾ ਨੀਦ ਨਾ ਖਾਣਾ ਸੋਵਣਾ। (ਭਾਈ ਗੁਰਦਾਸ, ਵਾਰਾਂ)

ਇਹ ਗੁਰਸਿੱਖੀ ਵਿੱਚ ਹੀ ਅਨੋਖੀ ਚਾਲ ਹੈ ਕਿ ਜੇ ਕਿਸੇ ਨੇ ਸਿੱਖੀ ਪ੍ਰਾਪਤ ਕਰਨੀ ਹੈ ਤਾਂ ਸਿੱਖੀ ਦਾ ਮੁਰਸ਼ਦ ਦਾਇਰੇ ਵਿੱਚ ਆਉਣ ਤੋਂ ਪਹਿਲਾ ਹੀ, ਕਹਿੰਦਾ ਹੈ: 'ਭਾਈ! ਜੇ ਤੈਨੂੰ ਉਸ ਪਰਿਪੂਰਨ ਪਰਮਾਤਮਾ ਨਾਲ ਪ੍ਰੇਮ ਹੈ, ਤੂੰ

ਸਤਿ-ਮਾਰਗ (ਸੱਚੇ ਰਸਤੇ) ਵਿੱਚ ਪੈਰ ਰੱਖਣ ਦਾ ਚਾਹਵਾਨ ਹੈ ਤਾਂ ਜਿਉਂਦੇ ਜੀਅ ਸਿਰ ਤਲੀ 'ਤੇ ਰੱਖਣਾ ਸਿੱਖ, ਫੇਰ ਇਸ ਦਰਵਾਜ਼ੇ ਦੇ ਅੰਦਰ ਪੈਰ ਪਾਈਂ। ਦੇਖੋ, ਸਿੱਖ ਬਾਬਾ ਦੀਪ ਸਿੰਘ ਸ਼ਹੀਦ ਜੀ, ਗੁਰੂ-ਸਿੱਖਿਆ ਦੀ ਕਮਾਈ ਦਾ ਸਦਕਾ ਸੀਸ ਤਲੀ 'ਤੇ ਰੱਖੀ ਅਠਾਰਾਂ ਸੇਰ ਦਾ ਭਾਰਾ ਖੰਡਾ ਵਾਹੀ ਤੁਰਿਆ ਜਾ ਰਿਹਾ ਹੈ, ਖੋਪਰੀ ਲਹਾਉਣ ਸਮੇਂ ਜੱਲਾਦ ਭਾਈ ਤਾਰੂ ਸਿੰਘ ਜੀ ਨੂੰ ਕਹਿੰਦਾ ਹੈ, 'ਤੈਨੂੰ ਪੀੜਾ ਨਹੀਂ ਹੁੰਦੀ', ਤਾਂ ਭਾਈ ਸਾਹਿਬ ਉੱਤਰ ਦਿੰਦਿਆਂ ਕਹਿੰਦੇ ਹਨ, 'ਪੁਰਖਾ ਇਹ ਸਿਰ ਮੇਰਾ ਨਹੀਂ ਹੈ, ਮੇਰੇ ਮੁਰਸ਼ਦ ਨੇ ਮੈਨੂੰ ਕਿਹਾ ਸੀ "ਪਹਿਲਾਂ ਮਰਣ ਕਬੂਲਿ ਜੀਵਨ ਕੀ ਛਡ ਆਸ"। ਸਤਿਗੁਰੂ ਜੀ ਨੇ ਸਿੱਖੀ ਵਿੱਚ ਆਉਣ ਵਾਲਿਆਂ ਨੂੰ ਲਾਲਚ ਨਹੀਂ ਦਿੱਤੀ ਜਿਸ ਤਰ੍ਹਾਂ ਦੁਨੀਆਂ ਦੇ ਮੱਜਹਬਾਂ ਨੇ, ਆਪਣੇ ਮਜ਼ਹਬਾਂ ਦੀ ਆਦਮ-ਗਿਣਤੀ ਨੂੰ ਵਧਾਉਣ ਲਈ ਅਨੇਕ ਲਾਲਚ ਦਿੱਤੇ ਹਨ, ਮਸਲਨ ਤੁਰਕਾਂ ਨੇ ਬਹਿਸ਼ਤ ਅਤੇ ਬਹਿਸ਼ਤ ਵਿੱਚ ਹੂਰਾਂ ਲੌਂਡੇ ਦੁੱਧ ਦੀਆਂ ਨਹਿਰਾਂ ਆਦਿ, ਅਤੇ ਹਿੰਦੂ ਮੌਤਿ ਨੇ ਸਵਰਗ ਬੈਕੁੰਠ ਇੰਦਰ-ਪੁਰੀ ਆਦਿ ਦੇ ਲਾਲਚ ਦਿੱਤੇ ਹਨ, ਪਰ ਗੁਰੂ ਜੀ ਮਹਾਰਾਜ ਨੇ ਪਹਿਲਾਂ ਹੀ ਸੀਸ ਮੰਗ ਕੇ ਆਖਿਆ, "ਕਾਮ ਕ੍ਰੋਧ ਲੋਭ ਮੋਹ ਤਜਾਰੀ। ਦ੍ਰਿੜੁ ਨਾਮ ਦਾਨੁ ਇਸ਼ਨਾਨੁ ਸੁਚਾਰੀ। (ਪੰ. 740)

ਸਿੱਖ ਤੋਂ ਪਹਿਲਾਂ ਕਾਮ, ਕ੍ਰੋਧ, ਮੋਹ ਆਦਿ ਛੁਡਾਉਣ ਦਾ ਵਾਅਦਾ ਕਰਵਾ, ਦਾਇਰੇ ਵਿੱਚ ਆਉਣ ਦੀ ਆਗਿਆ ਕੀਤੀ ਹੈ, ਜੇ ਆਦਮ ਗਿਣਤੀ ਹੀ ਵਧਾਉਣੀ ਹੁੰਦੀ ਤਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਾਰਾ ਪੰਜਾਬ ਤੇ ਫਰੰਟੀਅਰ ਅਵੱਸ਼ (ਜ਼ਰੂਰ) ਸਿੱਖ ਹੁੰਦੇ, ਪਰ ਇੱਥੇ ਆਦਮ ਨੂੰ ਪਹਿਲਾਂ ਆ:ਦਮ: ਦੇ ਫਲਸਫ਼ੇ ਤੋਂ ਜਾਣੂ ਕਰਾਇਆ ਜਾਂਦਾ ਹੈ, ਨਾਮ, ਦਾਨ, ਇਸ਼ਨਾਨ, ਰਾਜਾ-ਜੋਗੀ ਦੀ ਤਾਲੀਮ ਤੋਂ ਜਾਣੂ ਹੋਣਾ ਪੈਂਦਾ ਹੈ। ਇਸੇ ਰਾਹ ਨੂੰ "ਖਨਿਓ ਤਿਖੀ ਵਾਲਹੁੰ ਨਿੱਕੀ ਏਤ ਮਾਰਗ ਜਾਣਾ" ਦੱਸਿਆ ਗਿਆ ਹੈ। ਨਾਮ ਨੂੰ ਧਾਰਨ ਕਰਕੇ ਇਸ ਦੀ ਕਮਾਈ ਵਿੱਚ ਜਦੋਂ ਸਿੱਖ ਜੁੜਦਾ ਹੈ ਤਾਂ ਸਹਿਜ ਅਵੱਸਥਾ ਨੂੰ ਪ੍ਰਾਪਤ ਕਰ, ਗ੍ਰਹਿਸਤ ਮਾਰਗ ਵਿੱਚ ਰਾਜਯੋਗੀ ਤਥਾ ਭਾਈ ਭਿਖਾਰੀ ਦਾ ਜੀਵਨ ਬ੍ਰਹਮ-ਜੀਵਨ ਵਿੱਚ ਆ ਕੇ ਨਾਅਰਾ ਲਾ ਦਿੰਦਾ ਹੈ: 'ਰਾਜ ਨਾ ਚਾਹੋਂ'। ਗੁਰੂ-ਸ਼ਿਕਸ਼ਾ ਮੋਕਸ਼ ਤੋਂ ਵੀ ਉਪਰਲੀ 'ਚਰਨ ਕਮਲਾਂ' ਦੀ ਸਟੇਜ ਵਿੱਚ ਪਹੁੰਚਾ ਦਿੰਦੀ ਹੈ

'ਦੁਨਿਆਵੀ ਜੀਵਨ ਵਿੱਚ' 'ਭੈ ਕਾਹੂ ਕੋ ਦੇਤ ਨਹਿ', ਦੇ ਦਾਇਰੇ ਵਿੱਚ ਆ ਕੇ ਪਿਛਲੇ ਤਪ ਦਾ ਸਦਕਾ ਦੁਨੀਆਂ ਵਿੱਚ ਉੱਚ ਪਦਵੀ ਪ੍ਰਾਪਤ ਕਰ ਲੈਂਦਾ ਹੈ ਜਿਸ ਪਦਵੀ ਨੂੰ ਪ੍ਰਾਪਤ ਕਰਨ ਲਈ ਯੋਗੀਸ਼ਵਰ ਹਿਮਾਲੀਆ ਦੀਆਂ ਕੰਦਰਾਵਾਂ ਵਿੱਚ ਸਦੀਆਂ ਤੋਂ ਜੀਵਨ ਤਰਲਾ ਕਰ ਰਹੇ ਹਨ, ਜੰਗਲਾਂ ਵਿਚ ਭੁੱਖੇ-ਤਿਹਾਏ ਪੁੱਠੇ ਲਟਕ ਰਹੇ ਹਨ, ਪਰ ਰਾਜ ਅਤੇ ਯੋਗ, ਜਿਨ੍ਹਾਂ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ, ਇਹ ਦੋ ਚੀਜ਼ਾਂ ਗੁਰੂ-ਕਰਤਾਰ ਨੇ ਸਿੱਖਾਂ ਦੇ ਹਿੱਸੇ ਵਿੱਚ ਹੀ ਪਾਈਆਂ ਹਨ, ਜਿਸ ਤਰ੍ਹਾਂ ਦਸਮੇਸ਼ ਪਿਤਾ ਜੀ ਨੇ ਫੁਰਮਾਇਆ ਹੈ, ਭਾਵ ਕਿ ਜੀਵ ਬੀਰ-ਰਸ ਪੈਦਾ ਕਰਨ ਹਿੱਤ ਦੇਹ ਨੂੰ ਮਿੱਥਿਆ ਜਾਣੇ, ਅਤੇ ਦੁਨੀਆ 'ਚੋਂ ਜ਼ੁਲਮ, ਰਾਖਸ਼ ਬੁਧੀ ਨੂੰ ਮਲੀਆਮੇਟ ਕਰਨ ਲਈ ਕੁਰਬਾਨੀ ਦੀ ਸਟੇਜ ਤੱਕ ਪੁੱਜਣ ਦਾ ਯਤਨ ਕਰੇ ਅਤੇ ਸ਼ਹੀਦ ਦੀ ਪਦਵੀ ਪ੍ਰਾਪਤ ਕਰੇ, ਇਸ ਸਾਰੇ ਸਵਈਏ ਨੂੰ ਯੋਗ-ਮਾਰਗ, ਗ੍ਰਿਹਸਤ-ਆਸ਼੍ਰਮ ਉੱਚ ਦੱਸਦਿਆਂ ਗੁਰੂ-ਕਰਤਾਰ ਜੀ ਬ੍ਰਹਮ-ਗਿਆਨੀ ਦੀ ਉਚਾਈ ਤੇ ਪਹੁੰਚਾਉਣ ਦਾ ਸੁੱਚਾ ਉਪਦੇਸ਼ ਬਖਸ਼ਿਸ਼ ਕਰਦੇ ਹਨ ਕਿਉਂਕਿ "ਜਿਉ ਜਲ ਮੈ..." ਇਸ ਅਵਸਥਾ, ਵਿੱਚ ਗੁਰਸਿੱਖ ਨੇ ਪੁੱਜ ਕੇ ਗੁਰੂ ਚਰਨਾਂ ਵਿੱਚ ਲੀਨ ਹੋ ਕੇ ਅਭੇਦ ਹੋ ਜਾਣਾ ਹੈ, ਜਦੋਂ ਸਿੱਖ ਆਪਣੇ ਆਪ ਨੂੰ ਇੱਥੇ ਪਹੁੰਚਾਉਣ ਦੇ ਯਤਨ ਵਿੱਚ ਸਫਲ ਹੋ ਜਾਂਦਾ ਹੈ ਉਦੋਂ, "ਚਰਨ ਸਰਨ ਗੁਰ...."

ਇਹ ਸਾਰੀਆਂ ਸਿਫਤਾਂ ਗੁਰੂ ਜੀ ਨੇ ਸਿੱਖ ਨੂੰ ਹੀ ਦਿੱਤੀਆਂ ਹਨ। ਜਦੋਂ ਸਿੱਖ 'ਜਪ' ਤੋਂ 'ਅਜੱਪ' ਰੂਪ ਯਾਨੀ: "ਆਪ ਜਪੈ ਅਵਰਾ ਨਾਮ ਜਪਾਵੈ"। ਉਪੇਖਿਆ, ਮੈਤਰੀ, ਕਰੁਣਾ ਆਦਿ ਮੰਜ਼ਲਾਂ ਤੇ ਪੁੱਜ ਜਾਂਦਾ ਹੈ, ਤਾਂ ਗੁਰੂ ਆਪ ਉਸ ਸਿੱਖ ਦੀ ਮਹਿਮਾ ਵਿੱਚ ਇਉਂ ਬੋਲ ਉੱਠਦੇ ਹਨ 'ਗੁਰ ਸਿਖਾ ਕੀ ਹਰਿ ਧੂੜ ਦੇ...' ਉਨ੍ਹਾਂ ਹੀ ਮਨਜ਼ੂਰਿ-ਨਜ਼ਰ ਸਿੱਖਾਂ ਲਈ ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਕਹਿੰਦੇ ਹਨ "ਮੇਰੀ ਖੱਲੋਂ ਮੌਜੜੇ ਗੁਰਸਿੱਖ ਹੰਢਾਉਂਦੇ"। ਇਸ ਲਈ ਪਾਠਕ ਜੀਓ! ਉਕਤ ਗੁਰੂ-ਆਸ਼ੇ ਤੋਂ ਸਿੱਧ ਹੋ ਗਿਆ ਹੈ ਕਿ ਗੁਰਸਿੱਖੀ ਮਾਰਗ ਹੀ ਸਭ ਮਾਰਗਾਂ ਤੋਂ ਸ੍ਰੇਸ਼ਠ ਅਤੇ ਮੁਕਤੀ-ਦਾਤਾ ਹੈ। 'ਮਾਨਸ-ਚੋਲਾ', ਫਿਰ ਗੁਰੂ ਨਾਨਕ ਦੇਵ ਜੀ ਦੇ ਘਰ ਦਾ 'ਚੋਲਾ' ਪਾ ਕੇ 'ਹਕੀਕਤ' ਤੋਂ ਖਾਲੀ ਰਹਿ ਜਾਣਾ? ਸਭ ਤੋਂ ਵੱਡੀ ਇਸ ਅਣਗਹਿਲੀ ਅਭਾਗਤਾ ਅਤੇ ਕਰਮਹੀਣਤਾ ਦੀ ਭਲਾ ਕੀ ਨਿਸ਼ਾਨੀ ਹੈ? ਇੱਕੋ

ਇੱਕ ਮੋਖ-ਸਰੂਪ 'ਘਰ' ਬਾਬੇ ਨਾਨਕ ਦਾ ਹੀ ਹੈ, ਜਿਸ ਨੇ ਦ੍ਰਿੜ੍ਹ ਕਰਵਾਇਆ ਹੈ ਕਿ 'ਹਰ ਹਰ ਜਨ ਦੁਇ ਏਕ... ਯਥਾ: "ਪਾਵੈ ਮੁਕਤਿ ਨਾ ਹੋਰ ਥੈ..."

'ਰੂਹ' ਇਕੱਲਾ ਅਮਰ ਹੈ: ਮੇਰੇ ਪਿਆਰੇ ਕਲਗੀਆਂ ਵਾਲੇ ਦੇ ਮਾਸੂਮ, ਅੱਠ ਅਤੇ ਸੱਤ ਸਾਲ ਦੇ, ਬੱਚਿਆਂ ਤੋਂ ਕਾਜ਼ੀ ਨੇ ਪੁੱਛਿਆ: 'ਬੱਚਿਓ, ਤੁਸੀਂ ਇੱਕ-ਦੂਜੇ ਵੱਲ ਵੇਖ-ਵੇਖ ਕੇ ਹੱਸ ਰਹੇ ਹੋ, ਕੀ ਤੁਹਾਨੂੰ ਮੌਤ ਦਾ ਰੰਜ ਨਹੀਂ? ਇੱਕ ਇੱਟ ਦਾ ਫਰਕ ਬਾਕੀ ਹੈ, ਤੁਹਾਡੇ ਮੂੰਹ ਬੰਦ ਹੋ ਜਾਣਗੇ, ਤੁਸੀਂ ਮਰ ਜਾਓਗੇ, ਮੇਅਮਾਰਾਂ (ਮਿਸਤਰੀਆਂ) ਨੇ ਤੁਹਾਡੇ ਗੋਡੇ, ਪੱਟ, ਮੋਢੇ ਅਰਥਾਤ ਦੀਵਾਰ ਦੀ ਸਿਧਾਈ ਲਈ, ਤੇਜ਼ਧਾਰ ਕੰਡਿਆਂ ਨਾਲ ਪੱਛ ਦਿੱਤੇ ਹੋਏ ਹਨ, ਅਸੀਂ ਇਸ ਹਾਲਤ ਨੂੰ ਵੇਖ ਖੜ੍ਹੇ ਕੰਬ ਰਹੇ ਹਾਂ, ਤੁਸੀਂ ਹੱਸ ਰਹੇ ਹੋ। ਕਾਰਨ ਕੀ ਹੈ?' ਕਾਜ਼ੀ ਫੇਰ ਕਹਿੰਦਾ ਹੈ, "ਬੱਚਿਓ, ਇਹ ਉਹ ਮੌਤ ਹੈ ਜਿਸ ਨੇ 'ਮੂਸਾ' ਵਰਗੇ ਪੈਗੰਬਰ ਨੂੰ ਡਰਾ ਦਿੱਤਾ ਸੀ। ਇਹ ਉਹ 'ਮੌਤ' ਹੈ ਜਿਸ ਨੇ ਖ਼ੁਦਾ ਦੇ ਪੁੱਤਰ 'ਈਸਾ' ਅਲੈ ਇਸਲਾਮ ਦੀਆਂ ਚੀਕਾਂ ਕਢਵਾ ਦਿੱਤੀਆਂ ਸਨ", ਕੋਲੋਂ ਸੁੱਚਾ ਨੰਦ ਵਜ਼ੀਰ ਨੇ ਵੀ ਹਾਮੀ ਭਰੀ ਅਤੇ ਕਿਹਾ ਸੀ: ਬੱਚਿਓ! ਜਦ ਰਾਮ ਚੰਦਰ ਨੇ ਆਪਣੇ ਭਾਈ ਲੱਛਮਣ ਨੂੰ ਰਾਵਣ ਦੀ ਬਰਛੀ ਤੋਂ ਘਾਇਲ ਅਤੇ ਤੜਫਦਾ ਵੇਖਿਆ ਸੀ ਓਦੋਂ ਰਾਮ ਨੇ ਚੀਕ ਮਾਰ ਕੇ ਕਿਹਾ ਸੀ: 'ਮੈਂ ਪਿਛਲੇ ਜਨਮ ਵਿੱਚ ਕੀ ਗੁਨਾਹ ਕੀਤਾ ਹੈ ਕਿ ਮੇਰੇ ਸਾਹਮਣੇ ਮੇਰਾ ਭਾਈ ਮਰਿਆ ਪਿਆ ਹੈ।ਹਾਏ! ਮੇਰੇ ਉੱਚ-ਆਚਰਨ ਵਾਲੇ ਭਾਈ ਅਤੇ ਬਹਾਦਰਾਂ ਵਿੱਚ ਮਸ਼ਹੂਰ ਭਾਈ• ਤੂੰ ਮੈਨੂੰ ਇਕੱਲਾ ਛੱਡ ਕੇ ਕਿਉਂ ਚਲਾ ਗਿਆ?' ਬੱਚਿਓ ਹੋਸ਼ ਵਿੱਚ ਆਓ! ਆਪਣੀ ਚੜ੍ਹਦੀ ਜਵਾਨੀ ਤੇ ਤਰਸ ਕਰੋ" ਮਾਸੂਮਾਂ ਨੇ ਉੱਤਰ ਦਿੱਤਾ ਸੀ: "ਹਕੂਮਤ ਦੇ ਕਰਮਚਾਰੀ! ਇਹ ਸਰੀਰਕ ਸਾਨੂੰ ਨਹੀਂ 'ਦੁਖ' ਦੇ ਸਕਦੇ"। ਇਹ ਕਹਿ ਕੇ, ਗੱਲ ਤੱਕ ਆਈਆਂ ਇੱਟਾਂ ਦੇ ਹੁੰਦਿਆਂ, ਅਮਰ-ਆਤਮਾਵਾਂ ਨੇ 'ਨਾਅਰਾ' ਲਾਇਆ: 'ਜਿਸ ਮਰਨੇ ਤੇ ਜਗ ਡਰੇ...'

ਰੂਹ ਅਮਰ ਹੈ, ਅਮਰ ਰੂਹ ਨਾ ਮਰਦੀ ਹੈ ਨਾ ਸੜਦੀ ਹੈ, ਨਾ ਪਾਣੀ ਵਿੱਚ ਡੁੱਬਦੀ ਹੈ, ਅਮਰ ਰੂਹ ਬਾਰੇ ਭਗਵਾਨ ਕ੍ਰਿਸ਼ਨ ਜੀ ਭੀ ਗੀਤਾ ਦੇ ਦੂਜੇ ਅਧਿਆਇ ਵਿੱਚ ਫੁਰਮਾਉਂਦੇ ਹਨ: ਨਾ ਜਾਏਤੀ ਮਿਰਤਈ ਵਾ ਕਦਾਚਨ ਨੇ ਐਮ ਭੂਤ੍ਵਾ"

ਭਾਵ: "ਐ ਅਰਜਨ! ਰੂਹ ਨਾ ਪੈਦਾ 'ਹੁੰਦੀ' ਹੈ ਨਾ 'ਮਰਦੀ' ਹੈ, ਇਹ ਹਮੇਸ਼ਾਂ ਤੋਂ ਹੈ, ਅਤੇ ਕਾਇਮ-ਦਾਇਮ ਰਹੇਗੀ, ਜਿਸਮ ਦੇ 'ਫਨਾਹ' ਹੋਣ ਤੋਂ ਬਾਅਦ ਵੀ ਰੂਹ ਫਨਾਹ ਨਹੀਂ ਹੁੰਦੀ।" ਮੌਲਾਨਾ ਮੁਅੱਜ਼ਜ਼ ਸਾਹਿਬ ਨੇ ਇਸ ਸਲੋਕ ਦੇ ਅਰਥ ਇਸ ਤਰ੍ਹਾਂ ਕੀਤੇ ਹਨ: "ਰੂਹ ਕਭੀ ਪੈਦਾ ਨਹੀਂ ਹੋਤੀ, ਫਨਾ ਹੋਤੀ ਨਹੀਂ। ਜਿਸਮ ਮੇਂ ਆਤੀ ਨਹੀਂ, ਆਕਰ ਜੁਦਾ ਹੋਤੀ ਨਹੀਂ।ਯੇਹ ਹਮੇਸ਼ਾ ਪਾਕਿ ਵਾ ਬਰਤਰ (ਨਿਆਰੀ) ਹੈ ਜ਼ਵਾਲੋਂ-ਨੁਕਸ ਸੇ।ਇਸਕੀ ਮੌਤ ਆਤੀ ਨਹੀਂ, ਮਿਟਨੇ ਸੇ ਖਾਕੀ ਜਿਸਮ ਕੇ।"

ਸ੍ਰੀ ਹਜ਼ੂਰ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ: "ਆਵਣ ਜਾਵਣ ਖੇਲ ਬਨਾਇਆ।ਆਗਿਆਕਾਰੀ ਕੀਨੀ ਮਾਇਆ।

ਯਥਾ: 'ਸੰਜਮ ਇਵ ਮੇਰੀਤਾ ਪਸ਼ਜਤੇ ਇਵ ਜਾਅਤੇ ਪੁਨਾਹ।'

ਯਾਨੀ: ਚਾਵਲਾਂ ਦੀ ਤਰ੍ਹਾਂ ਆਦਮੀ ਦਾ ਸਰੀਰ ਪੱਕਦਾ ਹੈ ਅਤੇ ਚਾਵਲਾਂ ਦੀ ਤਰ੍ਹਾਂ ਹੀ ਫਿਰ ਪੈਦਾ ਹੁੰਦਾ ਹੈ। (ਖੱਟ-ਉਪਨਿਸ਼ਦ) ਭਾਵ ਕਿ, "ਜਿਸ ਤਰ੍ਹਾਂ ਚਾਵਲ-ਧਾਨ ਖੇਤੀ ਵਿੱਚ ਪੱਕਦੇ ਹਨ, ਵੱਡੇ ਹੁੰਦੇ ਹਨ, ਕੱਟਣ ਦੇ ਬਾਅਦ ਫਿਰ ਪੈਦਾ ਹੋ ਜਾਂਦੇ ਹਨ, ਇਸੇ ਤਰ੍ਹਾਂ ਮਾਨਸਿਕ ਅਵਸਥਾ ਹੈ, ਇਨਸਾਨ ਦਾ ਜਿਸਮ (ਸਰੀਰ) ਪੈਦਾ ਹੁੰਦਾ ਹੈ, ਬਿਨਸਦਾ ਹੈ ਫਿਰ ਰੂਹ ਨਵਾਂ ਸਰੀਰ ਧਾਰਨ ਕਰ ਲੈਂਦੀ ਹੈ। ਇਹ ਸਿਲਸਿਲਾ ਆਦਿ ਤੋਂ ਚੱਲਿਆ ਆ ਰਿਹਾ ਹੈ। ਈਸ਼ਵਰ ਨੇ ਰੂਹਾਂ ਲਈ ਇਹ ਇੱਕ ਖੇਲ ਰਚੀ ਹੋਈ ਹੈ। ਇੱਕ ਸ਼ਾਇਰ ਨੇ ਕਿਹਾ ਹੈ:

"ਆਦਮੀ ਜੈਸੇ ਪੁਰਾਨੇ ਕੱਪੜੇ ਦੇਤਾ ਹੈ ਉਤਾਰ। ਔਰ ਪਹਿਨਤਾ ਹੈ ਨਯਾ ਪਾਕੀਜ਼ਾ ਜਾਮਾ ਬਾਰ-ਬਾਰ।

ਜਾਨ ਭੀ ਅਪਨੇ ਪੁਰਾਨੇ ਕਾਲਬੋਂ ਕੋ ਛੋੜ ਕਰ। ਡਾਲਤੀ ਹੈ ਰੌਸ਼ਨੀ ਦੀਗਰ ਨਏ ਇਜਸਾਮ (ਜਿਸਮੋਂ) ਪਰ।ਯਾਦ ਰੱਖੋ ਜੀ ਕਿ ਇਹ ਖਾਕੀ ਸਰੀਰ ਅਰਬਾਂ ਅਨਾਸਰ ਤੋਂ ਬਣਿਆ ਹੈ; ਪ੍ਰਕਿਰਤੀ, ਜਿਸਦੇ ਜਲਵਾ-ਨਮਾ ਹੋਣ ਦਾ ਨਾਮ 'ਜ਼ਿੰਦਗੀ' ਅਤੇ 'ਅਲੋਪ' ਹੋਣ ਦਾ ਨਾਮ 'ਮੌਤ' ਹੈ, ਅਸਲ ਵਿੱਚ ਸਰੀਰ ਬਿਨਸ ਜਾਉਣ ਵਾਲੀ ਚੀਜ਼ ਹੈ ਅਤੇ 'ਆਤਮਾ' ਹਮੇਸ਼ਾ ਅਟੱਲ ਰਹਿਣ ਵਾਲੀ ਅਦਿਭੁੱਤ ਈਸ਼ਵਰੀ 'ਵਸਤ' ਹੈ।

ਲਾਹੌਰ ਵਿੱਚ 'ਮੁੱਲਾਂਪੁਰ' ਦੇ ਮੈਦਾਨ ਵਿੱਚ ਸ਼ਹੀਦ ਸਿੰਘਣੀਆਂ `ਚੋਂ ਇੱਕ ਮਾਤਾ ਨੂੰ ਮੀਰ-ਮੰਨੂੰ ਕਹਿੰਦਾ ਹੈ: "ਏ ਸੁੰਦਰੀ, ਤੂੰ ਆਪਣੀ ਜਵਾਨੀ ਅਤੇ ਸੁੰਦਰਤਾ `ਤੇ ਤਰਸ ਕਰ, ਨਹੀਂ ਤਾਂ ਔਹ ਵੇਖ ਸਾਹਮਣੇ ਖਲੋਤੇ ਜੱਲਾਦ ਤੇਰੇ ਬੱਚੇ ਨੂੰ ਨੇਜ਼ੇ `ਤੇ ਟੰਗ ਦੇਣਗੇ, ਅਤੇ ਡਰਾਉਣੀ ਮੌਤ ਨਾਲ ਤੂੰ ਭੀ ਮਾਰੀ ਜਾਏਂਗੀ।" ਗੁਰੂ ਦੀ ਸੀਹਣੀ ਬੱਚੀ ਗਰਜ ਕੇ ਬੋਲੀ, "ਦੇਖ ਮੋਮਨ! ਤੂੰ ਆਪਣੀ ਡਰ ਵਾਲੀ ਮੌਤ ਨੂੰ ਸ਼ਿਸ਼ਕਾਰ (ਭੜਕਾ) ਕੇ ਮੇਰੇ ਅਤੇ ਮੇਰੇ ਮਾਸੂਮ `ਤੇ ਛੱਡਦੇ, ਆਪਣਾ ਬੱਲ ਅਤੇ ਤ੍ਰਾਣ ਪੂਰਾ-ਪੂਰਾ ਖਰਚ ਕਰਦੇ। ਤੇਰੀਆਂ ਉਮੀਦਾਂ ਦੀ ਚਿਖਾ ਵਿੱਚ ਤੇਰੀਆ ਸਾਰੀਆਂ ਸੱਧਰਾਂ ਭਸਮ ਹੋ ਜਾਣਗੀਆਂ।ਤੂੰ ਮੌਤ ਦਾ ਕੀ ਡਰ ਦੇ ਰਿਹਾ ਹੈਂ? ਤੇਰੇ ਜੱਲਾਦ ਮੇਰਾ ਕੁਝ ਨਹੀਂ ਵਿਗਾੜ ਸਕਦੇ। ਇਹ ਸੁਣਦੇ ਸਾਰ 'ਮੰਨੂੰ' ਦਾ ਜੱਲਾਦ ਨੂੰ ਇਸ਼ਾਰਾ ਕਰਨ ਦੀ ਦੇਰ ਹੀ ਸੀ ਕਿ ਬੱਚੇ ਨੂੰ ਬਰਛੀ ਦੀ ਤੇਜ਼ ਧਾਰ ਨੇ ਪਰੋ ਲਿਆ `ਤੇ ਦੂਜਾ ਜੱਲਾਦ ਮਾਂ ਦੀ ਗਰਦਨ ਲਾਹ ਦਿੰਦਾ ਹੈ। ਤਾਂ ਮੰਨੂੰ ਨੇ ਵੇਖਿਆ ਕਿ ਇੱਕ ਛੋਟਾ ਜਿਹਾ ਨੂਰਾਨੀ ਧੜ ਵਿੱਚੋਂ ਨਿੱਕਲ ਕੇ ਆਕਾਸ਼ ਵੱਲ ਇਹ ਕਹਿੰਦਾ ਜਾ ਰਿਹਾ ਸੀ:

"ਜਿਸਮ ਫਾਨੀ ਹੈ ਤੇਰਾ ਹੀ ਐ ਅਹਿਲਿ-ਦੀਨ।

ਦਿਲ ਮੇਂ ਯਾਦ ਰੱਖ 'ਜਾਤਿ ਬਰ-ਹਕ ਬਿਲ ਯਹੀ'। ਖ਼ੁਆਬ ਹੈ ਦੁਨੀਆਂ ਕਾ ਸਾਰਾ ਮਾਲੇ-ਜ਼ਰ (ਲਿਸ਼ਕਾਰਾ)। ਕਿਉਂ ਹੂਆ ਮਗਰੂਰ ਇਸ ਕੋ ਦੇਖ ਕਰ। ਸਾਥ ਜਾਏਗੀ ਨਾ ਤੇਰੇ ਕੋਈ ਸ਼ੈਅ। ਕਿਸ ਲੀਏ ਦਿਲਬੱਸਤੰਗੀ ਫਿਰ ਤੁਝ ਕੋ ਹੈ? ਮੱਦਾਹ ਵ ਜਮ ਦੋਨੋ ਕੋ ਦਿਲ ਸੇ ਨਿਕਾਲ। ਰੱਖ ਫ਼ਕਤ ਤਮਹੀਦ-ਏ-ਮੌਲਾ ਕਾ ਖ਼ਯਾਲ'।

(ਅਹਸਨ)

ਗੁਰਸਿੱਖੀ ਦੇ ਜੀਵਨ ਵਿੱਚ ਭਿੱਜੀ ਹੋਈ ਰੂਹ ਜਦ 'ਠੀਕਰ ਫੋੜ' ਕੇ ਗੁਰ-ਚਰਨਾਂ ਵੱਲ ਜਾਂਦੀ ਦੀ ਨਿੰਦਾ ਮੀਰ ਮੰਨੂ ਨੇ ਸੁਣੀ ਤਾਂ ਇਕਾਂਤ ਵਿੱਚ ਜੁੜ ਗਿਆ ਅਤੇ ਇਸੇ ਪਸ਼ਚਾਤਾਪ ਵਿੱਚ ਬਹੁਤ ਛੇਤੀ ਇਸ ਦਾਰ-ਇ-ਫਨਾਹ ਤੋਂ ਚੱਲਦਾ ਬਣਿਆ। ਅਲਾਮਾ ਇਕਬਾਲ ਨੇ ਕਿਹਾ ਹੈ: "ਜ਼ਿੰਦਗੀ ਕੀ ਆਗ ਕਾ ਅੰਜਾਮ ਖਾਕ-ਇ-ਸਤਹਿ ਨਹੀਂ। ਟੂਟਨਾ ਜਿਸ ਕਾ ਮੁਕੱਦਰ ਹੋ ਯੇ ਵੋਹ ਗੌਹਰ ਨਹੀਂ"। ਪਿੱਛੇ ਕੀਤੇ ਜ਼ਿਕਰ ਦੀ ਤਾਈਦ ਦੀ ਲੋੜ ਨਹੀਂ, ਰੂਹਾਨੀਅਤ ਨੇ ਤਸਲੀਮ

ਕੀਤਾ ਹੈ ਅਤੇ ਆਪਣੀਆਂ ਰੌਸ਼ਨ-ਜ਼ਮੀਰ ਅੱਖਾਂ ਨਾਲ ਹਰ ਵਿਅਕਤੀ ਨੇ ਰੂਹ-ਕਲਾ ਨੂੰ ਅਮਰਤਾ ਦੇ ਦਾਇਰੇ ਵਿੱਚ ਹੀ ਰਹਿੰਦਾ ਵੇਖਿਆ ਹੈ; ਫ਼ਾਨੀ ਜਿਸਮ ਹੈ ਨਾ ਕਿ 'ਰੂਹ'। ਕਸ਼ਟ ਹਮੇਸ਼ਾਂ ਜਿਸਮ ਨੂੰ ਹੁੰਦਾ ਹੈ ਨਾ ਕਿ ਰੂਹ ਨੂੰ ਹੈ, 'ਤਗੱਯਰ-ਬ-ਜਿਸਮ ਅਸਤਿ ਵ ਜਾ ਫਾਰਗ ਅਸਤਿ।ਹਵਾਦਸ ਬਹੀਂ ਅਸਤਿ ਵਾ ਆੱ ਫਾਰਗ ਅਸਤਿ।(ਫੈਜ਼ੀ)। ਸਰੀਰ ਲਈ ਤਿੰਨ ਮੰਜ਼ਲਾਂ ਹਨ, 'ਬਾਲ ਜੁਆਨੀ ਅਰੁ ਬਿਰਧਿ ਫੁਨ ਤੀਨ ਅਵਸਥਾ ਜਾਨਿ।' ਇਨ੍ਹਾਂ ਤਿੰਨਾਂ ਮੰਜ਼ਿਲਾਂ 'ਚੋਂ ਸਰੀਰ ਨੇ ਲੰਘਣਾ ਹੈ, ਰੂਹ ਨਾ ਬਾਲ ਹੈ, ਨਾ ਜਵਾਨ ਹੁੰਦੀ ਹੈ ਤੇ ਨਾ ਬੁੱਢੀ ਹੁੰਦੀ ਹੈ, ਅਤੇ ਨਾ ਹੀ ਮਰਦੀ ਹੈ:

ਪਿਆਰਿਓ, ਸਰੀਰ ਦੀ ਆਯੂ (ਉਮਰ) ਰੂਪੀ ਥਕਾਵਟ ਨੂੰ ਦੂਰ ਕਰਨ ਲਈ ਮੌਤ ਥੋੜ੍ਹਾ ਜਿਹਾ ਵਕਫਾ ਲੈ ਕੇ ਆ ਜਾਂਦੀ ਹੈ: 'ਮੌਤ ਜ਼ਿੰਦਗੀ ਮੇਂ ਏਕ ਵਕਫਾ ਹੈ, ਆਗੇ ਚਲੇਂਗੇ ਦਮ ਲੇ ਕਰ।'

ਅਗਿਆਨੀ ਲੋਕ, ਮੌਤ ਤੋਂ ਡਰਦੇ ਮਾਰੇ-ਮਾਰੇ ਫਿਰਦੇ ਹਨ, ਡਾਕਟਰਾਂ-ਹਕੀਮਾਂ, ਜਾਦੂ-ਟੂਣੇਦਾਰਾਂ ਦੇ ਤਰਲਿਆਂ ਵਿੱਚ ਹਜ਼ਾਰਾਂ ਰੁਪਏ ਖਰਚ ਦਿੰਦੇ ਹਨ। ਸਾਡਾ ਇੱਥੇ ਇਹ ਮਤਲਬ ਨਹੀਂ ਕਿ ਸਰੀਰ ਦਾ ਇਲਾਜ ਹੀ ਨਹੀਂ ਹੋਣਾ ਚਾਹੀਦਾ, ਬਲਕਿ ਇਲਾਜ ਦੇ ਨਾਲ-ਨਾਲ ਮੌਤ ਕੰਠ ਹੋਣੀ ਜ਼ਰੂਰੀ ਹੈ। ਇਸ ਰੂਹ ਨੇ ਬੜਾ ਲੰਮਾ ਸਫ਼ਰ ਤੈਅ ਕਰਨ ਦਾ ਤਹੱਈਆ ਕੀਤਾ ਹੋਇਆ ਹੈ।ਅਗਿਆਨਤਾ ਵਿੱਚ ਤਾਂ ਜੀਵ ਇਹ ਸਮਝਦਾ ਹੈ ਕਿ 'ਮੈਂ ਬੜੀ ਕੀਮਤੀ ਆਯੂ ਭੋਗ ਰਿਹਾ ਹਾਂ' ਪਰ ਰੂਹ ਕਹਿੰਦੀ ਹੈ, 'ਐਸੇ ਘਰ ਹਮਨੇ ਕਈ ਵਸਾਏ', ਕਈ ਤੰਬੂ ਤਾਣੇ, ਕਈ ਬਾਦਸ਼ਾਹ ਉਜਾੜੇ। 'ਖੇਮੋਂ ਕੋ ਉਖਾੜੇਗਾ ਕਿ ਸੁਲਤਾਨ ਗਿਆ'। ਈਰਾਨ ਵਿੱਚ ਬਹੁਤ ਬੜੇ ਸੂਫੀ ਮਰਦ ਅਤੇ ਅੱਲਾਮਾ ਸ਼ਾਇਰ ਮੌਲਾਨਾ ਰੂਮੀ ਅਲੈਰਹਿਮਤ ਨੇ ਬਹੁਤ ਸੋਹਣਾ ਰੂਹ ਦਾ ਪ੍ਰਵਾਜ਼ ਯੱਕੇ ਬਾਅਦ ਦੀਗਰੇ ਬਿਆਨ ਕੀਤਾ ਹੈ, ਯਥਾ 'ਅੱਜ਼ ਜ਼ਮਾਦੀ ਮਰਦੰਮ ਵਾ ਨਾਮੀ ਸ਼ੁਦੰਮ।ਵਜ਼ਨਮਾ ਮੁਰਦੰਮ ਬੇ ਹੈਵਾਂ ਸਰਜ਼ੇਦੰਮ (ਬਚਿੱਤਰ ਨਾਟਕ)। ਭਾਵ: ਰੂਹ ਕਹਿੰਦੀ ਹੈ ਮੈਂ ਪਹਿਲਾਂ ਪੱਥਰ 'ਚੋਂ ਨਿਕਲ ਕੇ ਦਰੱਖਤਾਂ ਵਿੱਚੋਂ ਹੈਵਾਨਾਂ ਵਿੱਚ ਆਈ।

ਹੋਰ ਵੇਖੋ: ਮੁਰਦੰਮ ਅਜ਼ ਹੈਵਾਨੀ ਵਾ ਆਦੰਮ ਸ਼ੁਦੰਮ।

ਪਰਚੇ ਤਰਸੌਮ ਕਿ ਜੇ ਮੁਰਦਮ ਕੰਮ ਸੁਦਮ।

ਭਾਵ: ਰੂਹ ਕਹਿੰਦੀ ਹੈ ਹੈਵਾਨ ਤੋਂ ਇਨਸਾਨੀ ਮਰਾਤਬੇ ਤੇ ਪੁੱਜੀ ਹਾਂ, ਤਾਂ ਤੇ ਮੈਂ ਕਿਉਂ ਡਰਾਂ ਕਿ ਮਰਨ ਨਾਲ ਘਾਟਾ ਪਵੇਗਾ, ਮੈਨੂੰ ਤਾਂ ਵਾਧਾ ਹੀ ਵਾਧਾ ਹਾਸਲ ਹੈ। ਫੇਰ: 'ਹਮਲਾ ਦੀਗਰ ਬਮੀਰੰਮ ਅਜ਼ ਬਸ਼ਰਗਾਤਾ ਬਰ ਆਰੰਮ ਅਜ਼ ਮਲਾਇਕ ਬਾਲੋਪਰ'।ਇਨਸਾਨੀ ਜਾਮੇ ਤੋਂ ਜਦ ਛੁਟਕਾਰਾ ਹੋਵੇਗਾ ਤਾਂ ਫ਼ਰਿਸ਼ਤੇ ਦੀ ਪਦਵੀ ਪਾ ਕੇ। "ਬਾਰੇ ਦੀਗਰ ਅਜ਼ਮੁਲਕ ਕੁਰਬਾਂ ਸ਼ਵਮ।"ਆਂਚੇ ਅੰਦਰ ਵੈਹਮ ਨਾਯਦ ਆਂ ਸ਼ਵੰਮ। ਫਰਿਸ਼ਤਾ ਸਰੀਰ ਤੋਂ ਛੁਟਕਾਰਾ ਪਾ ਕੇ ਹਮੇਸ਼ਾਂ ਲਈ ਚੁਰਾਸੀ ਦੀ ਜੂਨ ਤੋਂ ਬਰੀ ਹੋ ਜਾਂਗੀ। 'ਸੂਰਜ ਕਿਰਣ ਮਿਲੇ ਜਲਕਾ ਜਲ ਹੂਆ ਰਾਮ।

ਉੱਤਰਾਖੰਡ ਵਿੱਚ ਅਮਰ ਆਤਮਾ ਦੇ ਦਰਸ਼ਨ: ਜਗਿਆਸੂ ਰੂਪ ਅਵੱਸਥਾ ਵਿੱਚ ਸ੍ਰੀਯੁਤ ਮਹਾਂਰਿਸ਼ੀ ਸੰਤ ਬਾਬਾ 'ਕਮਾਲੀਏ' ਦੇ ਦੀਦਾਰ 'ਓਕਾੜਾ' ਜ਼ਿਲ੍ਹਾ ਮਿੰਟਗੁਮਰੀ ਵਿੱਚ ਹੋਏ, ਆਪ ਨੇ ਫ਼ਰਮਾਇਆ: "ਪੁਰਖਾ!ਤੂੰ ਐਸੇ ਦਾਇਰੇ ਵਿੱਚ ਆ ਗਿਆ ਹੈਂ, ਜੋ ਸ਼ੇਰਾਂ ਦਾ ਵਾੜਾ ਹੈ; ਇਸ ਵਾੜੇ ਵਿੱਚ ਸਤ ਨੂੰ ਆਪਣੀ ਕਮਾਈ ਅਤੇ ਮਾਰੀ ਹੋਈ (ਵਸਤੂ) ਉੱਤੇ ਨਾਜ਼ ਹੈ। ਤੂੰ 'ਆਲਮ' ਹੈਂ, ਆਪਣਾ (ਸ਼ਿਕਾਰ) ਮਾਰ ਕੇ ਖਾਈਂ।" ਤਾਂ ਦਾਸ ਨੇ ਨਿਮਰਤਾ ਸਹਿਤ ਪ੍ਰਾਰਥਨਾਂ ਕੀਤੀ, "ਮਹਾਂਪੁਰਸ਼ੋ! ਜੁਗਤੀ ਦੱਸੋ", ਤਾਂ ਆਪ ਨੇ ਦੋ ਗੱਲਾਂ ਕਹੀਆਂ:

(1) ਧਾਰਮਿਕ ਵਿੱਦਿਆ ਤੇ ਗੁਰੂ-ਘਰ ਦੇ ਜੱਸ ਦੀ ਪ੍ਰਾਪਤੀ ਕਰੀਂ, (2) ਕੋਈ ਪੂਰਾ ਸੰਤ ਲੱਭਣ ਦੀ ਕੋਸ਼ਿਸ਼ ਕਰੀਂ; ਗੁਰੂ ਦੀ ਮਿਹਰ ਹੈ, ਬੇਅੰਤ 'ਹੀਰੇ' ਹਨ"। ਇਹ ਸੁਣ ਕੇ ਦਾਸ ਨੇ ਬੇਨਤੀ ਕੀਤੀ, "ਮਹਾਰਾਜ! ਆਪ ਤੋਂ ਵੱਧ ਸੰਤ ਕੌਣ ਹੈ?" ਤਾਂ ਆਪ ਨੇ ਕਿਹਾ, "ਇਹ ਗਲਤ ਹੈ, ਮੈਂ ਆਪ ਮੁਤਲਾਸ਼ੀ (ਤਲਾਸ਼ ਵਿਚ) ਹਾਂ"।

ਇੱਕ ਮਹੀਨਾ ਆਪ ਜੀ ਦੇ ਨਾਲ ਰਹਿਣ ਦਾ ਸਮਾਂ ਮਿਲਿਆ। ਇਸ ਦੌਰਾਨ ਵਿੱਚ ਆਪ ਜੀ ਨੇ ਸ੍ਰੀ ਮੂਲ-ਮੰਤਰ ਜੀ ਦੀ ਦੀਖਿਆ ਅਤੇ "ਵਿੱਚ ਬਾਣੀ ਅੰਮ੍ਰਿਤ ਸਾਰੇ" ਦਾ ਮਹਾਂ-ਇਸ਼ਾਰਾ ਕੀਤਾ। ਵਿਛੜਨ ਸਮੇਂ ਆਪ ਨੇ ਹਰਿਦੁਆਰ ਕੰਨੀ (ਵੱਲ ਦਾ) ਇਸ਼ਾਰਾ ਕਰਕੇ 'ਪੂਰੇ ਸੰਤਾਂ ਨੂੰ ਮਿਲਿਓ' ਦਾ ਬਚਨ ਕੀਤਾ। ਇਹ ਬਚਨ ਮਿੰਟਗੁਮਰੀ ਦੇ ਪਲੇਟਫਾਰਮ ਉਤੇ ਹੋਏ।

ਸਮਾਂ ਗੁਜ਼ਰਦਾ ਗਿਆ। ਇੱਕ ਵੇਰਾਂ ਅਬਦੁੱਲਾਪੁਰ, ਜਗਾਧਰੀ ਦੇ ਗੁਰਦੁਆਰੇ ਸਾਹਿਬ ਦੀ ਸੇਵਾ ਕਰਦਿਆਂ, ਇੱਕ ਮਹਾਂਪੁਰਸ਼ ਮਿਲੇ ਜੋ ਹਰਿਦੁਆਰ ਜਾ ਰਹੇ ਸਨ। ਦੋ ਦਿਨ ਦੀ ਕੀਤੀ ਸੇਵਾ ਵਿੱਚ ਰੀਝ ਕੇ ਕਹਿਣ ਲੱਗੇ, "ਚਲੋ ਤੁਹਾਨੂੰ ਹਰਿਦੁਆਰ ਦੇ ਦਰਸ਼ਨ ਕਰਾ ਲਿਆਈਏ।"

'ਸਤਿ ਬਚਨ' ਕਹਿ ਕੇ, ਘਰ ਵਾਲਿਆਂ ਤੋਂ ਤਿੰਨ ਦਿਨਾਂ ਦੀ ਮੋਹਲਤ ਲੈ ਕੇ, ਸੰਤਾਂ ਦੇ ਨਾਲ ਗੰਗਾ ਦੇ ਇਸ਼ਨਾਨ ਤੋਂ ਉਪਰੰਤ, ਰਿਖੀਕੇਸ਼ ਦੀਆਂ ਝਾੜੀਆਂ ਦੇ ਸਾਧੂਆਂ ਦੇ ਦਰਸ਼ਨਾਂ ਹਿੱਤ, ਜਦ ਹੇਠਾਂ ਪੁੱਜੇ ਤਾਂ ਇੱਥੇ ਇੱਕ 'ਸਤਿਸੰਗ' ਵੇਖਿਆ ਜੋ ਮੇਰੇ ਲਈ ਅਤਿ ਵਚਿੱਤਰ ਸੀ। ਇੱਕ ਵੱਡੀ ਸਾਰੀ ਚੱਟਾਨ ਦੀ ਚੋਟੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਸੀ ਅਤੇ ਤਾਬਿਆ ਵਿੱਚ ਇੱਕ ਨਾਂਗੇ ਮਹਾਤਮਾ ਮਹਾਯੋਗੀ (ਬੈਠੇ) ਅਲੋਕਿਕ ਅਲੰਕਾਰ ਵਿੱਚ ਕਥਾ ਕਰ ਰਹੇ ਸਨ। ਸੰਗਤ ਵਿੱਚ ਵੀ ਨਾਂਗੇ, ਉਦਾਸੀ, ਨਿਰਮਲੇ ਆਦਿ ਬੇਅੰਤ ਭੇਖਾਂ ਦੇ ਸਾਧੂ ਸਜੇ ਹੋਏ ਸਨ।

ਇਨ੍ਹਾਂ ਵਿੱਚ ਮੇਰੇ ਵਰਗਾ ਕੇਸਾਧਾਰੀ, ਕਿਰਪਾਨ-ਕਛਹਿਰਾ-ਧਾਰੀ ਇੱਕ ਵੀ ਨਹੀਂ ਸੀ। ਜਦ ਕਥਾ ਦਾ ਬ੍ਰਹਮ-ਮਈ ਉਪਦੇਸ਼ ਸਮਾਪਤ ਹੋਇਆ ਤਾਂ ਦਾਸ ਨੇ ਕਥਾਕਾਰ ਮਹਾਂ ਵਿਅਕਤਿ ਨੂੰ ਪ੍ਰਸ਼ਨ ਕੀਤਾ ਕਿ "ਇਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਸਿੱਖਾਂ ਲਈ ਹੀ ਹੈ ਜਾਂ ਇਸ ਬਾਣੀ ਨੂੰ ਹਰ ਕੋਈ ਵਾਚ-ਪੜ੍ਹ ਸਕਦਾ ਹੈ" ਤਾਂ ਆਪ ਨੇ ਉੱਤਰ ਵਿੱਚ ਕਿਹਾ: "ਹੇ ਦਿਆਲੂ ਪੁਰਸ਼ਾ! ਸਿੰਘੋਂ ਕੋ ਬਹੁਤ ਟਪਲਾ ਲੱਗ ਗਿਆ ਹੈ ਕਿ ਨਾਨਕ ਦੇਵ ਜੀ ਕੀ ਬਾਣੀ ਕੇ ਹੰਮ-ਹੀ ਮਾਲਕ, ਤਥਾ 'ਸਿੰਘੋਂ' ਕੀ ਹੀ ਮੋਖਸ਼-ਦਾਤੀ ਹੈ।ਐਸਾ ਨਹੀਂ ਬਲਕਿ ਇਸ ਬਾਣੀ ਨੇ ਸਰਬ ਮਾਤ-ਲੋਕ ਕੇ ਜੀਵੋਂ ਕੀ ਕਲਿਆਣ ਕਰਨੀ ਹੈ"।ਬੇਨਤੀ ਕੀਤੀ: "ਮਹਾਰਾਜ, ਯਥਾਰਥ ਬਾਣੀ ਦਾ ਭੇਤ ਦੱਸਣ ਦੀ ਕਿਰਪਾ ਕਰੋ, 'ਪੰਚ-ਸ਼ਬਦ' ਅਤੇ 'ਅਨਹਦ' ਦੀ ਧੁੰਨ ਦੀ ਰਾਹ ਦੱਸੋ"। ਸੁਣ ਕੇ ਆਪ ਨੇ ਹੱਸ ਕੇ ਕਿਹਾ: "ਯੇ ਤੋਂ ਪੂਰੇ ਮਹਾਯੋਗੀ ਹੀ ਬਤਲਾ ਸਕੇਂਗੇ"। ਮਹਾਤਮਾ ਦੇ ਨਾਲ ਕਮਲੀਵਾਲੇ ਖੇਤਰ ਤੋਂ ਲੰਗਰ ਜਦ ਛੱਕਣ ਲੱਗੇ ਤਾਂ ਇੱਕ ਉਦਾਸੀ ਭੇਖ ਦੇ ਮਹਾਂਪੁਰਖਾਂ ਦੇ ਦਰਸ਼ਨ ਹੋਏ। ਬਚਨ੍ਬਿਲਾਸ ਵਿੱਚ ਪੰਚ-ਸ਼ਬਦ ਦੀ ਵੀਚਾਰ ਚੱਲ ਪਈ ਤਾਂ ਆਪ ਨੇ ਗੰਗੋਤਰੀ ਵਿਖੇ ਇੱਕ ਮਹਾਪੁਰਸ਼ਾਂ ਦੀ ਦੱਸ ਪਾਉਂਦਿਆਂ ਕਿਹਾ ਕਿ, "ਉਹ ਸੰਤ ਇਸ ਵਕਤ ਤਿੰਨ ਸੌ

ਐੱਸੀ (380) ਸਾਲ ਦੀ ਆਯੂ ਵਿੱਚ ਹਨ ਅਤੇ ਗੁਰੂ ਨਾਨਕ-ਘਰ ਨਾਲ ਪਿਆਰ ਰੱਖਦੇ ਹਨ। ਮੇਰੇ ਨਾਲ ਚੱਲੋ ਮੈਂ ਭੀ ਉਨ੍ਹਾਂ ਦੀ ਸਿੱਕ ਵਿੱਚ ਜਾ ਰਿਹਾ ਹਾਂ।ਇਨ੍ਹਾਂ ਸੰਤਾਂ ਦਾ ਨਾਂ 'ਸ਼ਿਵਚਰਨ ਹਰੀ' ਸੀ। ਆਪ ਬੜੇ ਵੇਦਾਂਤੀ ਵਿਦਵਾਨ ਅਤੇ ਨਾਮ-ਸਿਮਰਨ ਵਾਲੇ ਮਹਾਂਪੁਰਸ਼ ਸਨ।

ਕਮਰ ਕੱਸੇ ਕਰਕੇ ਬਦਰੀ ਨਾਰਾਇਣ ਆਦਿ ਤੋਂ ਲੰਘ ਕੇ ਜਦ ਗੰਗੋਤਰੀ ਪੁੱਜੇ ਤਾਂ ਸੱਜੀ ਗੁੱਠ ਦੀ ਪਹਾੜੀ ਦੀ ਇੱਕ ਗੁਫ਼ਾ ਵਿੱਚ ਆਪ ਦਾ ਮੁਕਾਮ ਸੀ; ਦਰਸ਼ਨ ਕਰਕੇ ਅਤਿ ਪ੍ਰਸੰਨਤਾ ਪ੍ਰਾਪਤ ਹੋਈ। ਆਪ ਦੇ ਸਰੀਰ ਦਾ ਮਾਸ, ਹੱਡੀਆਂ ਛੱਡ ਕੇ, ਲਮਕ ਰਿਹਾ ਸੀ, ਭਰਵੱਟੇ, ਗੱਲਾਂ ਉਤੇ ਪੌਂਦੇ ਸਨ। ਆਪ ਨੇ ਫੁਰਮਾਇਆ: "ਕਈ ਵੇਰਾਂ ਦੰਦ ਢੱਠੇ (ਡਿਗੇ) ਅਤੇ ਕਈ ਵੇਰਾਂ ਅੱਖਾਂ ਦੀ ਨਜ਼ਰ ਬੰਦ ਹੋਈ ਅਤੇ ਫੇਰ ਖੁੱਲ੍ਹੀ"।ਗਿਆਰਾਂ ਦਿਨਾਂ ਦੇ ਸਤਿਸੰਗ ਤੋਂ ਉਪਰੰਤ ਆਖਰੀ ਸਤਿਸੰਗ ਵਿੱਚ ਆਪੇ ਕਹਿਣ ਲੱਗੇ: 'ਦ੍ਰਿਸ਼ਟੀ ਵਿਕਾਰੀ ਬੰਧਨ ਬਾਂਧੇ ਹਉ ਤਾਕੇ ਬਲਜਾਈ।'

ਅਸੀਂ ਹੱਥ ਜੋੜ ਕੇ, ਸਾਰਿਆਂ ਨੇ ਬੇਨਤੀ ਕੀਤੀ, "ਮਹਾਰਾਜ, ਦਰਸ਼ਨ ਅਤੇ ਜੁਗਤੀ ਦੱਸੋ" ਤਾਂ ਫਰਮਾਇਆ: "ਇਹ ਭਾਈ ਕਮਾਈ ਹੈ, ਸ਼ਬਦ ਕੇ ਯੋਗ ਸੇ ਹੀ ਯੇ (ਇਹ) ਚੀਜ਼ ਮਿਲੇਗੀ।ਜਬ ਇਕਾਂਤ ਮੇਂ ਬੈਠੋ, ਬਾਬਾ ਨਾਨਕ ਕੀ ਮੂਰਤੀ ਮੇਂ ਧਿਆਨ ਰੱਖੋ, ਨੇਤਰੋਂ ਸੇ ਨੇਤਰ ਮਿਲਾਏ, ਦੋ ਘੜੀ ਏ ਘੜੀ ਜਿੱਤਨਾ ਹੋ ਸਕੇ ਧਿਆਨ ਧਰੋ (ਗੁਰਕੀ ਮੂਰਤਿ ਮਨ ਮੈਂ ਧਿਆਨ)।

ਅਰਥਾਤ: ਆਪਣੇ ਨੇਤਰਾਂ ਸੇ ਉਨਕੇ ਨੇਤਰ ਦੇਖਦੇ ਰਹੋ, ਜਿਤਨਾ ਭੀ ਬੱਲ ਹੋ, ਪਲਕ ਸੇ ਪਲਕ ਨਾ ਲਗਾਓ, ਬੱਸ ਇਸੀ ਅਭਿਆਸ ਕੋ ਬੜ੍ਹਾਤੇ ਜਾਓ, ਏਕ ਦਿਨ ਆਏਗਾ ਕਿ ਕਿਰਪਾ-ਦ੍ਰਿਸ਼ਟੀ ਹੋ ਜਾਏਗੀ; ਤੁਮ੍ਹਾਰਾ ਚਿੱਤ ਸ਼ੁੱਧ ਹੋ ਜਾਏਗਾ ਔਰ ਤੁਮ੍ਹਾਰੀ ਸੁਰਤ ਅਥਵਾ ਰੂਹਕਲਾ ਆਕਾਸ਼ ਕੀ ਧੁਨ ਕੋ ਗ੍ਰਹਿਣ ਕਰੇਗੀ, ਪ੍ਰੰਤੂ ਇਸ ਤਰੀਕੇ ਕੋ ਛੋੜਨਾ ਨਹੀਂ, ਔਰ ਸਤਿ-ਭਜਨ-ਸਾਧਨ ਸ਼ਬਦ ਕਾ ਕਰਤੇ ਰਹਿਣਾ, ਅਗਰ ਮਨ ਸੰਕਲਪ-ਵਿਕਲਪ ਅਥਵਾ ਫੁਰਨੇ ਪਕੜੇ ਤੋਂ ਅਰਦਾਸ ਕਰਨੀ ਹੀ ਉਚਿਤ ਹੈ। ਅਭਿਆਸ ਨਹੀਂ ਛੋੜਨਾ, ਬੱਸ ਕ੍ਰਿਪਾ-ਦ੍ਰਿਸ਼ਟੀ ਦਿਨ-ਬ-ਦਿਨ ਬੜ੍ਹਤੀ ਜਾਵੇਗੀ। ਛੇਤੀ ਸੇ (ਵਿੱਚ) ਬੇਚੈਨੀ ਨਹੀਂ ਕਰਨੀ (ਸਹਿਜ

ਪੱਕੇ ਸੋ ਮੀਠਾ ਹੋਏ)। ਆਹਿਸਤਾ-ਆਹਿਸਤਾ ਪ੍ਰਾਪਤ ਹੋਣਾ ਫਾਇਦੇਮੰਦ ਹੋਗਾ, ਔਰ ਜੋ ਕਿਛ ਛੇਤੀ ਮਿਲੇਗਾ ਸਥਿਰ ਨਹੀਂ ਰਹੇਗਾ ਕਿਉਂਕਿ ਵਹੁ ਸ਼ੈਤਾਨ ਕੀ ਤਰਫ ਸੇ ਹੋਗਾ। ਔਰ ਜੋ ਮਿਹਰਬਾਨ-ਗੁਰੂ ਕੀ ਤਰਫ ਸੇ ਹੋਗਾ ਵੋਹ ਹਮੇਸ਼ਾ ਸਥਿਰ ਰਹੇਗਾ। ਬਾਹਰ ਕੀ ਕਲਾ ਬਤਾਏ ਦਈ (ਦਿਤੀ) ਹੈ, ਅਬ ਜੋ ਹਮਾਰੀ ਦਸ਼ਾ ਹੈ ਵੋਹ ਭੀ ਸੁਨਾਏ ਦੇਤੇ ਹੈਂ। ਭਾਈ, ਜਬ ਤੁਮਹਾਰੀ ਦ੍ਰਿਸ਼ਟੀ ਮਸਤਕ ਕੇ ਅੰਦਰ, ਉਲਟ ਕਰ, ਆਕਾਸ਼ ਕੋ ਦੇਖੇਗੀ, ਜਬ ਤੁਮਹਾਰੀ ਰੂਹ (ਜੀਓ ਕਲਾ) ਸਰੀਰ ਕੋ ਤਿਆਗ ਕਰ ਉੱਪਰ ਕੋ ਚੜ੍ਹੇਗੀ, ਤੋ ਤੁਮ ਕੋ ਉਸ ਵਕਤ ਆਕਾਸ਼ ਦਿਖਾਈ ਦੇਗਾ, ਕਿ ਜਿਸਮੇਂ ਠਿਕਾਨਾ ਸਹਿਸ-ਦਲ-ਕੰਵਲ ਕਾ ਹੈ, ਔਰ ਉਸ ਕੀ ਹਜ਼ਾਰਹਾ ਪੰਖੜੀਆਂ ਨਿਆਰਾ-ਨਿਆਰਾ ਤਰਲੋਕੀ ਕਾ ਕਾਮ ਦੇ ਰਹੀ ਹੈਂ; ਉਸਕੀ ਸ਼ੈਲੀ ਦੇਖ ਕਰ ਰੂਹ ਬੜੀ ਪ੍ਰਸੰਨ ਹੋਗੀ ਔਰ ਤਰਲੋਕੀ ਕੇ ਨਾਥ ਕਾ, ਕਿ ਜਿਸ ਤਰ੍ਹਾਂ ਸੂਈ ਕੇ ਨੱਕੇ ਕਾ ਬੀਜਾ ਹੋਤਾ ਹੈ: ਮੁਕਤ ਦੁਬਾਰਾ ਸ਼ੰਕਰਾ ਰਾਹੀਂ ਦੱਸਵੇਂ ਪਾਏ।"

"ਜਗਿਆਸੂ ਕੋ ਇਸ ਛਿਦਰ ਮੇ ਆਪਣੀ ਰੂਹ ਜੀਵ-ਕਲਾ ਕੋ ਪ੍ਰਵੇਸ਼ ਕਰਨਾ ਪੜ੍ਹਦਾ ਹੈ। ਉਸ ਕੇ ਆਗੇ ਬੰਕ ਨਾਲ ਕੁੰਡਲਨੀ-ਨਾੜੀ, ਟੇਢਾ ਰਸਤਾ, ਕੁਝ ਦੂਰ ਤੱਕ 'ਸੂਧਾ' ਗਿਆ, ਫਿਰ ਨੀਵਾਂ ਹੋ ਗਿਆ, ਫਿਰ ਉੱਚੇ ਕੋ ਚੜ੍ਹਾ, ਉਸ ਨਾਲੇ ਕੇ ਪਾਰ ਕਰਕੇ ਰੂਹ-ਕਲਾ ਦੂਸਰੇ ਆਕਾਸ਼ ਪਰ ਜਾ ਚੜ੍ਹਦੀ ਹੈ। ਉਸ ਅਸਥਾਨ ਪਰ ਏਕ ਸਥਾਨ ਤ੍ਰਿਕੁਟੀ (ਮੁਸਲਸੀ) ਲੱਖ ਯੋਜਨ ਚੌੜਾ ਔਰ ਲੱਖ ਯੋਜਨ ਲੰਬਾ ਹੈ, ਦਰਸ਼ਨ ਹੋਂਗੇ, ਔਰ ਬਹੁਤ ਸਾਰੇ ਭੇਖਧਾਰੀ ਪੰਥਾਂ ਵਾਲੇ ਇਸੀ ਅਸਥਾਨ ਕੋ ਪਹੁੰਚ ਕਰ ਇਸੀ ਕੋ ਪਰਮੇਸ਼ਵਰ ਜਾਣਕਾਰ, ਧੋਖਾ ਖਾ ਗਏ, ਔਰ ਇਸ ਜਗ੍ਹਾ ਕਾ ਪ੍ਰਕਾਸ਼-ਚਮਤਕਾਰ ਦੇਖ ਕਰ ਤ੍ਰਿਪਤ ਹੋ ਗਏ। ਆਗੇ ਚਲਨੇ ਸੇ ਬੰਦ ਹੋ ਜਾਤੇ ਹੈਂ। ਇਸ ਅਸਥਾਨ ਤੋਂ ਅੱਗੇ ਪੂਰਾ-ਸਤਿਗੁਰੂ ਰਾਸਤੇ ਕਾ ਭੇਤ ਬਤਲਾਵਾਂ ਹੈ। ਸੋ ਪੂਰੇ ਗੁਰੂ ਰਹਸ ਸੁਨੋ।ਇਸ ਆਕਾਸ਼ ਕੇ ਉੱਪਰ ਏਕ ਐਸਾ ਬਾਰੀਕ ਦਰਵਾਜ਼ਾ ਹੈ ਅਤੇ ਉਹ ਐਸਾ ਭੀਨਾ ਹੈ, ਉਸ ਮੇਂ ਅਨੇਕ ਪ੍ਰਕਾਰ ਕੀ ਲੀਲ੍ਹਾ ਔਰ ਤਮਾਸ਼ੇ ਹੈਂ, ਜਿਸ ਕਾ ਜ਼ਿਕਰ ਕਰਨਾ ਬਹੁਤ ਮੁਸ਼ਕਿਲ ਹੈ: ਕਹਿਬੇ ਕਉ ਸੋਭਾ ਨਹੀਂ... ਦੇਖੇ ਹੀ ਪਰਵਾਨ...? ਯਥਾ: ਕਥ ਨ ਕਥੀਨਾ ਆਵਾ ਤੋਟ...।

ਪ੍ਰੈਕੁ ਕੁਛਕੁ ਜ਼ਿਕਰ ਕਰਤਾ ਹੂੰ ਕਿ, ਹਜ਼ਾਰਾਂ ਸੂਰਜ ਔਰ ਚੰਦਰਮਾ ਉਸ ਕੇ ਚਮਤਕਾਰ ਕੇ ਆਗੇ ਹੇਚ ਹੈਂ; ਔਰ ਲੱਜਿਤ ਹੈਂ, ਔਰ ਵਹਾਂ ਕੀ ਧੁਨੀ ਓਅੰਗ... ਓਅੰਗ, ਹੂ...ਹੂ... ਔਰ ਮੇਘ ਕੀ ਸੀ ਗਰਜ ਅਤਿ ਸੁਹਾਵਨੀ ਆਠ ਪਹਿਰ ਹੋਤੀ ਰਹਿਤੀ ਹੈ, ਯਥਾ: ਮਲਾਰ ਮ: 5: ਪ੍ਰਭ ਕੀ ਸੇਵ ਸੁਹਾਵਨੀ ਨੀਕੀ।ਹਾ ਹਾ ਹੂ ਹੂ ਗੰਦਰਭ ਅਪਸਰਾ।ਅਨੰਦ ਮੰਗਲ ਰਸ ਗਾਵਨੀ ਨੀਕੀ।ਰਹਾਉ।ਧੁਨਤਿ ਲਸਤਿ ਗੁਨਰਬ ਅੰਨਕ ਭਾਂਤ ਬਹੁਬਿਧ ਰੂਪ ਦਿਵਾਖਨੀ ਨੀਕੀ।ਗਿਰਤਰ ਥਲ ਜਲ ਭਵ ਤਰ ਪੁਰ ਘਟ ਘਟ ਲਾਲਨ ਛਾਵਨੀ ਨੀਕੀ।ਸਾਧਸੰਗ ਰਮਈਆ ਰਸ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ। ਇਸ ਅਸਥਾਨ ਤੋਂ ਪ੍ਰਾਪਤ ਹੋ ਕਰਕੇ ਜੀਵ-ਕਲਾ (ਰੂਹ) ਕੋ ਬੜਾ ਹੀ ਆਨੰਦ ਪ੍ਰਾਪਤ ਹੋਤਾ ਹੈ। ਯਹਾਂ ਰੂਹ ਅਤਿ ਪਵਿੱਤਰ ਔਰ 'ਸੂਕਸ਼ਮ' ਹੋ ਜਾਤੀ ਹੈ, ਚੇਤਨ ਦੇਸ ਕੀ ਖ਼ਬਰ ਉਸ ਅਸਥਾਨ ਸੇ ਪ੍ਰਤੀਤ ਹੋਨਾ ਪ੍ਰਾਰੰਭ ਹੋਤਾ ਹੈ।ਕੋਈ ਦਿਨ ਵਹਾਂ ਨਿਵਾਸ ਕਰਕੇ ਔਰ ਬੇਅੰਤ ਹੀ ਰੂਹ-ਕਲਾਂ, ਅਪਛਰਾਂ ਕੇ ਸਰੀਰ ਧਾਰਨ ਕਰਕੇ, ਅਨੇਕ ਅਸਥਾਨੋਂ ਪਰ ਰਟਨ ਕਰ ਰਹੀ ਹੈਂ। ਅਤੀ ਸੂਕਸ਼ਮ ਪਵਿੱਤਰ ਭੋਜਨ, ਅਤਿ ਮਧੁਰ-ਉੱਤਮ ਭੋਜਨ, ਮਿਠਾਈ ਆਦਿਕ ਤਰੋ-ਤਾਜ਼ਾ ਤਿਆਰ ਹੈ, ਔਰ ਸ਼ੋਭਨੀਕ ਰਾਗ-ਰਾਗਨੀ ਹਰ ਇੱਕ ਤਰਫ਼ ਹੋ ਰਹੀ ਹੈਂ; ਉਸ ਆਨੰਦ ਕੋ ਪਹੁੰਚੀ ਹੋਈ ਰੂਹ ਹੀ ਜਾਣ ਸਕਤੀ ਹੈ, ਕਥਨ ਸੇ ਬਾਹਰ ਹੈ, "ਕਹੇ ਕਬੀਰ ਗੂੰਗੇ ਗੁੜ ਖਾਇਆ"। ਇਹਾਂ ਜਗ੍ਹਾ-ਜਗ੍ਹਾ ਪਰ ਅੰਮ੍ਰਿਤ ਕੇ ਝਰਨੇ ਹੈਂ ਅਰਥਾਤ, "ਅਮਿਓ-ਸਰੋਵਰ ਭਰਪੂਰੇ"। ਧੁਨ ਫਿਰ ਊਪਰ ਚੜ੍ਹਤੀ ਹੈ, ਚੜ੍ਹਤੇ-ਚੜ੍ਹਤੇ ਕਰੋੜ ਯੋਜਨ ਊਪਰ ਚੜ੍ਹ ਕਰ, ਤੀਸਰਾ ਪਰਦਾ ਤੋੜ ਕਰ, ਸੁੰਨ-ਮੰਡਲ ਮੇਂ ਪ੍ਰਵੇਸ਼ ਹੋਤੀ ਹੈ, ਜਿਸਕੋ ਮੁਸਲਮਾਨ ਫ਼ਕੀਰ 'ਆਲਮਿ-ਲਾਹੂਤ' ਕਹਿਤੇ ਹੈਂ, ਉਸ ਦੀ ਤਾਰੀਫ਼ ਕਿਆ ਕਰੂੰ, ਕਹਿਨੇ ਸੇ ਬਾਹਰ ਹੈ, ਕਿ ਉਸ ਅਸਥਾਨ ਪਰ 'ਰੂਹੇਂ' ਬਹੁਤ ਵਿਲਾਸ ਕਰਤੀ ਹੈਂ; ਵਹਾਂ ਕਾ 'ਪ੍ਰਕਾਸ਼' ਐਸਾ ਹੈ ਕਿ ਬਾਰ੍ਹਾਂ-ਬਾਰ੍ਹਾਂ ਹਿੱਸੇ ਤ੍ਰਿਕੁੱਟੀ ਕੇ ਪ੍ਰਕਾਸ਼ ਸੇ ਜ਼ਿਆਦਾ ਪ੍ਰਤੀਤ ਹੋਤਾ ਹੈ। ਅੰਮ੍ਰਿਤ ਕੇ ਭਰੇ ਤਾਲਾਬ, ਮਾਨ-ਸਰੋਵਰ ਜਗ੍ਹਾ-ਜਗ੍ਹਾ ਦਿਖਾਈ ਦੇਤੇ ਹੈਂ; ਔਰ ਅਨੇਕਾਂ ਹੀ ਨੰਦਨ-ਬੰਨ ਫਲੇ-ਫੂਲੇ ਦਿਖਲਾਈ ਆਤੇ ਹੈਂ, ਅੰਮ੍ਰਿਤ ਕੀ ਧਾਰਾ ਕਾ ਪ੍ਰਵਾਹ ਚੱਲ ਰਹਾ ਹੈ, ਰੌਣਕ ਜ਼ੇਬਾਇਸ਼ ਉਸ ਅਸਥਾਨ ਕੀ, ਕਿਆ ਕਹੂੰ! ਜ਼ਬਾਨ ਕੇ ਕਹਿਨੇ ਕੀ ਨਹੀਂ ਹੈ। ਹੀਰੇ

ਕੇ ਚੌਤਰੇ, ਪੰਨੇਂ ਕੀ ਕਿਆਰੀਆਂ ਜੜ੍ਹਤ ਨਜ਼ਰ ਆ ਰਹੀ ਹੈਂ।ਮੱਛਲੀਆਂ ਤਾਲੋਂ (ਤਲਾਬੋਂ) ਮੇਂ ਜੜਾਊ ਤੈਰ ਰਹੀ ਹੈਂ, ਸਵਾਸ-ਸਵਾਸ ਪਰ ਝਲਕ ਦਿਖਾਤੀ ਹੈਂ, ਪਲ-ਪਲ ਪਰ ਚਮਕ ਉਨਕੀ ਦਿਲ ਕੋ ਪਕੜਤੀ ਹੈ। ਇਸ ਕੇ ਆਗੇ ਅਨੰਤ ਸ਼ੀਸ਼-ਮਹੱਲ ਬਨੇ ਹੂਏ ਹੈਂ, ਰੂਹੇਂ ਅਪਨੇ-ਅਪਨੇ ਅਸਥਾਨੋਂ ਪਰ ਅਪਨੇ ਪਤੀ ਕੀ ਆਗਿਆ ਅਨੁਸਾਰ, ਬਿਰਾਜ ਰਹੀ ਹੈਂ, ਔਰ ਭਾਂਤ-ਭਾਂਤ ਕੇ ਨਿੰਮੇ-ਨਿੰਮੇ ਵਿਲਾਸ ਪਰਸਪਰ ਵੇਖਦੀਆਂ ਔਰ ਵਿਖਾਉਂਦੀਆਂ ਹਨ। ਯੋਗੀ-ਰਾਜ ਉਨ ਰੂਹੋਂ ਕੋ ਹੰਸ-ਮੰਡਲੀ ਆਖਦੇ ਹਨ। ਇਨ ਅਸਥਾਨੋਂ ਕੀ ਚਿੱਤਰਕਾਰੀ ਦੇਖਨੇ ਕੇ ਕਾਬਲ ਹੈ। ਇਸ ਅਸਥਾਨ ਕਾ ਸਾਰਾ ਕਾਰਖਾਨਾ ਰੂਹਾਨੀ ਅਥਵਾ ਚੇਤਨ ਹੈ, 'ਪਤਲਾ ਜਾਂ ਅਦ੍ਰਿਸ਼ਟ' (ਲਤੀਫਾ ਕਸ਼ੀਫ), ਜੜ੍ਹ ਨਹੀਂ ਹੈ। ਵਹਾਂ ਕੀ ਹੰਸ-ਮੰਡਲੀ ਮੇਂ ਸੁਖਮਨਾ ਔਰ ਪਵਿੱਤਰਤਾ ਨਿਸ਼ਚੇ ਕਰਕੇ ਹੀ ਹੈ। ਸਰੀਰਕ ਮਲੀਨਤਾ ਨਹੀਂ ਹੈ, ਉਸ ਅਸਥਾਨ ਕੀ ਸ਼ੈਲੀ ਕੀ ਸ਼ਰਾਹ ਰਮਜ਼ ਮਹਾਤਮਾ ਲੋਕ ਹੀ ਜਾਨਤੇ ਹੈਂ। ਜ਼ਿਆਦਾ ਭੇਤ ਯਾ ਵਰਣਨ, ਇਸ ਅਸਥਾਨ ਕਾ, ਕਰਨ ਯੋਗ ਨਹੀਂ ਹੈ।

ਇਸ ਸੀਖਯਾ-ਪਾਤਰ ਕੇ ਰਚਨੇ ਵਾਲੇ ਹੰਸ (ਰੂਹ ਕਲਾਂ) ਨੇ ਚਿਰਕਾਲ ਤੱਕ ਵਹਾਂ ਕੀ ਸ਼ੈਲੀ ਕਾ ਅਨੁਭਵ ਕੀਆ ਹੈ। ਯਦੀ ਗੁਰੂਆਂ ਕੀ ਆਗਿਆ ਸੇ "ਰੂਹ ਅੱਗੇ ਕੋ ਚੱਲੀ", ਚਲਤੇ-ਚਲਤੇ ਪਾਂਚ ਅਰਬ ਪਚੱਤਰ ਕਰੋੜ ਯੋਜਨ ਊਚੀ ਗਈ ਔਰ (ਆਲਮ ਲਹੂਤ), ਯਥਾ (ਸੁੰਨ-ਮੰਡਲ) ਕਾ ਨਾਕਾ ਤੋੜ, ਕਰ... ਅਰੇ ਭਾਈ, ਉਸ ਦੇਸ਼ ਕੀ ਸੈਰ ਕਰਨੇ ਸੇ ਕਿਆ ਬਤਾਊਂ? ਵਰਨਨ ਬੇਅੰਤ ਹੈਂ, ਯਦਿ ਦੱਸ ਨੀਲ ਤੱਕ ਅੰਧਕਾਰ ਹੈ, ਗਹਿਰਾਈ ਉਸ ਨਿਮਰ-ਖੰਡ ਕੀ ਕਹਾਂ ਤੱਕ ਬਿਆਨ ਕਰੂੰ? ਖਰਬ-ਯੋਜਨ ਤੱਕ 'ਰੂਹ' ਨੀਚੇ ਉਤਰ ਗਈ ਔਰ ਉਸ ਕੀ ਥਾਹ ਨਾ ਪੜੀ, ਫਿਰ ਉਲਟ ਕਰ ਊਪਰ ਚੜ੍ਹ ਆਈ, ਜੋ ਨਿਸ਼ਾਨ ਪੂਰੇ ਗੁਰੂ ਸੇ ਪਾਇਆ ਥਾ ਉਸ ਕੀ ਸੁਧ ਲੇਕਰ ਉਸ ਰਸਤੇ ਪਰ ਚੱਲੀ, ਔਰ ਅੰਤ 'ਨੰਨਾ', ਉਸ ਅਸਥਾਨ ਕਾ ਯੋਗ ਨਾ ਸਮਝਾ, ਅੱਗੇ ਕੋ ਭਈ ਯੇਹ ਮੈਦਾਨ ਮਹਾ-ਸੰੁਨ-ਮੰਡਲੀ ਕਾ ਹੈ। ਇੱਥੇ ਚਾਰ ਬੜੀਆਂ ਜਾਗ੍ਹਾਂ, ਬੜੀਆਂ ਗੁਪਤ ਹਨ ਜਿਨ ਕੋ ਕਿਸੀ ਮਹਾਤਮਾ ਨੇ ਖੋਲ੍ਹ ਕੇ ਨਹੀਂ ਬਤਾਇਆ ਹੈ; ਵਹਾਂ ਸੇ ਅਣਗਿਣਤ ਵੋਹ ਰੂਹੇਂ ਜੋ ਸੱਚੇ ਦਰਬਾਰੋਂ ਨਿਕਾਲ (ਕਢ) ਦਿੱਤੀਆਂ ਗਈਆਂ ਹਨ, ਉਨ੍ਹਾਂ ਦੇ ਬੰਦੀ-ਖਾਨੇ ਬਣਾ ਦਿੱਤੇ ਗਏ ਹਨ

ਲੇਕਿਨ ਉਨ ਰੂਹੋਂ ਕੋ ਵਹਾਂ ਕਸ਼ਟ ਕੋਈ ਨਹੀਂ ਹੈ ਬਲਕਿ ਆਪਣੇ-ਆਪਣੇ ਚਮਤਕਾਰ ਵਿੱਚ ਆਪਣਾ-ਆਪਣਾ ਕਾਰਜ ਕਰਦੀਆਂ ਰਹਿੰਦੀਆਂ ਹਨ। ਪ੍ਰੰਤੂ ਦਰਸ਼ਨ ਪਤੀ-ਕਾ ਉਨਕੋ ਪ੍ਰਾਪਤ ਨਹੀਂ ਹੋਤਾ। ਦਰਸ਼ਨ ਨਾ ਮਿਲਨੇ ਸੇ ਉਨ ਕੋ ਵਿਆਕੁਲਤਾ ਜ਼ਰੂਰ ਹੈ। ਇਨਕੀ ਮੁਆਫ਼ੀ ਕਾ ਭੀ ਏਕ ਵਕਤ ਰੱਖਾ ਹੈ। ਜਬ-ਜਬ ਮਹਾਤਮਾ ਸੰਤ ਉਸ ਮਾਰਗ ਕੋ ਜਾਤੇ ਹੈਂ, ਔਰ ਜੋ ਰੂਹੇਂ ਨੀਚੇ ਸੇ ਜਿਨ-ਜਿਨ ਸੰਤੋਂ ਕੇ ਵਸੀਲੇ ਸੇ ਜਾਤੀ ਹੈਂ, ਅਪਨੇ-ਅਪਨੇ ਗੁਰਭਾਈ ਰੂਹੇਂ, ਮਿਲਕਰ, ਅਤਿ-ਪ੍ਰਸੰਨ ਹੋਤੀ ਹੈ; ਔਰ ਉਨ ਕੇ ਮਿਲਾਪ ਕੋ ਦੇਖ ਕਰ ਸੰਤੋਂ ਕੋ ਬਹੁਤ ਖ਼ੁਸ਼ੀ ਹੋਤੀ ਹੈ। ਪੂਰੇ-ਮਾਰਗ ਦੇ ਸੰਤ ਉਨ੍ਹਾਂ ਰੂਹਾਂ ਦੀ ਊਹਾਂ (ਉਥੇ) ਵੀ ਸਹੈਤਾ (ਸਹਾਇਤਾ) ਕਰਤੇ ਰਹਿਤੇ ਹੈਂ। ਇਸ ਦੇਸ਼ ਕਾ ਬਿਰਤਾਂਤ ਬਹੁਤ ਹੈ ਕਥਨ ਸੇ ਬਾਹਰ ਹੈ, ਈਸ਼ਵਰੀ ਲੀਲ੍ਹਾ ਅਰੇ ਭਾਈ। ਕਥਨ ਨਹੀਂ ਹੋ ਸਕਤੀ। 'ਓਮ ਤੱਤ-ਸੱਤ', ਸੁਨੋ ਭਾਈ, ਅਬ ਸੁਰਤਿ (ਰੂਹ-ਕਲਾ) ਆਗੇ ਕੋ ਬੜ੍ਹੀ, ਆਲਮੇ ਹੂਤ-ਲਾਹੂਤ ਮੇਂ ਪ੍ਰਾਪਤ ਹੋਈ, ਕਿ ਜਿਸ ਅਸਥਾਨ ਕੋ ਹਿੰਦੂ-ਮੁਸਲਮਾਨ 'ਭਵਰ ਗੁਫਾ' ਆਖਦੇ ਹਨ, ਵਹਾਂ ਏਕ ਚੱਕਰ ਕਿ ਜਿਸਕੋ ਹੰਡੋਲਾ ਆਖਦੇ ਹਨ, ਅਤਿ ਸੂਖਮ ਗਤੀ ਸੇ ਫਿਰ ਰਿਹਾ ਹੈ। ਹੰਸ (ਰੂਹੇਂ) ਉਸ ਜਗ੍ਹਾ ਸਦਾ ਝੂਲਤੀ ਰਹਿਤੀ ਹੈਂ, ਚੌਫੇਰੇ ਉਸ ਕੇ ਅਨੰਤ-ਦੀਪ ਰੂਹਾਨੀ ਬਨੇ ਹੂਏ ਹੈਂ। ਉਨ ਦੀਪੋਂ ਸੇ ਅੱਲ੍ਹਾਹੂ, ਅੱਲ੍ਹਾਹੂ ਤਥਾ ਸੋਹੰ-ਸੋਹੰ ਕੀ ਧੁਨੀ (ਸਦਾ) ਉੱਠ ਰਹੀ ਹੈ, ਔਰ ਹੰਸ ਹਮੇਸ਼ਾਂ ਉਨਸੇ ਵਿਲਾਸ ਕਰਤੀ ਰਹਿੰਤੀ ਹੈਂ, ਇਸ ਅਸਥਾਨ ਕੀ ਔਰ-ਔਰ ਜੋ ਸਿਫ਼ਤ ਹੈ ਵੋਹ ਯਥਾਵਤ (ਲੋੜ ਅਨੁਸਾਰ) ਲਿਖਨੇ ਸੇ ਬਾਹਰ ਹੈ, ਦੇਖਨੇ ਕੇ ਹੀ ਲਾਇਕ ਹੈ, ਕਥਨ ਸੇ ਬਾਹਰ ਹੈ "ਦੇਖੈ ਹੀ ਬਣ ਆਵੈ"।ਧੰਨ ਧੰਨ ਧੰਨ ਨਿਰੰਕਾਰ। ਜਬ ਇਸ ਮਾਰਗ ਕੋ ਕਮਾਈ ਕਰਤੀ-ਕਰਤੀ, ਰੂਹ ਪਹੁੰਚੇਗੀ ਤੋਂ ਆਪੇ ਹੀ ਦੇਖ ਲਏਗੀ।ਮੁਨਾਸਬ ਹੈ ਯਹਾ ਪਹੁੰਚਨੇ ਕੀ ਕਮਾਈ ਕਰੇਂ"।

"ਸ਼ਬਦ ਕੀ ਧੁਨੀ ਅਭਿਆਸ ਕੋ ਮੱਤ ਤਿਆਗੋ। ਅਬ ਯਹਾਂ ਕੀ ਸੈਰ ਕਰਕੇ ਰੂਹ ਆਗੇ ਕੋ ਚੱਲੀ, ਆਕਾਸ਼ ਮਾਰਗ ਹੋਕਰ ਊਚੇ ਚੜ੍ਹਤੀ ਜਾਤੀ।ਭਈ, ਦੂਰ ਸੇ ਸੁਗੰਧਾ ਮਲਯਾਗਰ ਕੀ ਔਰ ਭਾਂਤ-ਭਾਂਤ ਇੱਤਰਾਂ ਕੀਆਂ ਲਿਪਟਾਂ (ਲਪਟਾਂ) ਚੱਲੀਆਂ ਆਉਂਦੀਆਂ ਸਨ"।

"ਔਰ ਬਾਂਸੁਰੀਆਂ ਕੀਆਂ ਧੁਨਾਂ, ਆਵਾਜ਼ਾਂ ਅਨੰਤ ਸੁਣਨ ਮੇਂ ਆਤੀਆਂ ਥੀਂ।ਉਨਕੋ ਸਰਵਣ ਕਰਤੀ ਔਰ ਸੁਗੰਧੀ ਲੇਤੀ ਹੋਈ ਰੂਹ ਆਗੇ ਕੋ ਬੜ੍ਹਤੀ ਚੱਲੀ ਗਈ।ਜਬ ਇਸ ਮੈਦਾਨ ਕੇ ਪਾਰ ਪਹੁੰਚੀ ਤਬ 'ਨਾਕਾਸਤਿਲੋਕ' ਪ੍ਰਾਪਤ ਹੂਆ, ਵਹਾਂ ਸੇ ਧੁੰਨ 'ਸਤਿ-ਸਤਿ', 'ਹੱਕ-ਹੱਕ' ਬੀਨ ਦੇ ਬਾਜੇ ਵਿੱਚੋਂ ਨਿਕਲਦੀ ਸੁਣੀ ਕਿ ਉਸ ਕੋ ਸੁਨ ਕਰ ਸੁਰਤਿ-ਰੂਹ 'ਮਧੂਮਤਿ' ਦੀ ਨਿਆਈਂ ਧਸੀ (ਖਿਚੀ) ਚੱਲੀ ਜਾਂਦੀ ਹੈ। ਵਹਾਂ ਨਹਿਰੇਂ ਸੁਨਹਿਰੀ ਔਰ ਰੁਪਹਿਰੀ, ਅੰਮ੍ਰਿਤ ਸੇ ਭਰੀ ਹੋਈ, ਦਿਖਾਈ ਦੇਨੇ ਲੱਗੀਂ ਔਰ ਬੜੇ-ਬੜੇ ਬਾਗ ਦੇਖਨੇ ਮੇਂ ਆਏ। ਉਸ ਬਾਗ਼ ਕਾ ਏਕ-ਏਕ ਬ੍ਰਿਛ ਕਰੋੜ-ਕਰੋੜ ਯੋਜਨ ਕੀ ਉੱਚਾਈ ਰੱਖਤਾ ਹੈ, ਔਰ ਸੂਰਜ ਔਰ ਚੰਦਰਮਾ ਕਰੋੜੋਂ ਫੂਲ ਔਰ ਫੱਲੋਂ ਕੀ ਜਗ੍ਹਾ ਲੱਗੇ ਹੂਏ ਹੈਂ। ਅਨੇਕ ਰੂਹੇਂ ਹੰਸ ਉਨ ਬਿਰਛੋਂ ਪਰ ਜਾਨਵਰੋਂ ਕੀ ਜਗ੍ਹਾ ਚੈਂਹ-ਚੈਂਹ ਔਰ ਵਿਲਾਸ ਕਰ ਰਹੇ ਹੈਂ। ਉਸ ਅਸਥਾਨ ਕੀ ਅਚਰਜ ਲੀਲ੍ਹਾ ਹੈ। ਬਿਆਨ ਸੇ ਜ਼ਬਾਨ ਗੁਨਗੁਨਾ ਰਹੀ ਹੈ। ਰੂਹ ਇਸ ਲੀਲ੍ਹਾ ਕੋ ਦੇਖ ਕਰ 'ਸਤਿਲੋਕ' ਮੇਂ ਪ੍ਰਾਪਤ ਹੋਈ ਔਰ ਸਤਿ-ਪੁਰਖ ਕਾ ਦਰਸ਼ਨ ਪਾਇਆ। ਅਰੇ ਭਾਈ ਅਬ ਸਤਿ-ਪੁਰਖ ਕੇ ਸਰੂਪ ਕੋ ਕਥਨ ਕਰਤਾ ਹੂੰ ਕਿ, ਉਸਕਾ ਅਸਚਰਜ ਸਰੂਪ 'ਪ੍ਰਕਾਸ਼ਵਾਨ' ਹੈ ਕਿ ਕਰੋੜ ਸੂਰਜ-ਚੰਦਰਮਾ ਸ਼ਰਮਸਾਰ ਅਥਵਾ ਲੱਜਿਤ ਹੈਂ। ਜਬਕਿ ਏਕ 'ਰੋਮ' ਕੀ ਯੇ ਪ੍ਰਸੰਸਾ ਹੈ ਤੋ ਬਤਾਓ ਹਜ਼ਾਰਹਾਂ ਰੋਮੋਂ ਕੀ ਪ੍ਰਸੰਸਾ ਕੈਸੇ ਲਿਖੀ ਜਾਏ। ਫਿਰ ਸੋਚੋ ਸਰੀਰ ਕੀ ਪ੍ਰਸ਼ੰਸਾ ਕੀ ਗੁੰਜਾਇਸ਼ ਕਹਾਂ ਹੋ ਸਕਤੀ ਹੈ? "ਨੈਣ, ਨਾਸਕਾ, ਸਵਰਨ, ਮੁਖ, ਹਾਥ, ਪਾਓਂ ਕਾ ਕਿਆ ਕਥਨ ਕਰੂੰ।ਭਾਈਓ! ਮਹਿਜ਼ ਨੂਰ-ਹੀ-ਨੂਰ ਦਿਖਾਈ ਦੀਆ ਗਿਆ, ਨੂਰ ਕਾ ਸਮੁੰਦਰ ਕਹੂੰ ਤੋਂ ਨਹੀਂ ਬਨਤਾ, ਏਕ ਪਦੰਮ ਪਾਲੰਗ ਸ੍ਰੇਸ਼ਟ (ਸ੍ਰੇਸ਼ਠ) 'ਲੋਕ' ਦਾ ਹੈ। ਪਾਲੰਗ ਪ੍ਰਮਾਣ ਤਰਲੋਕੀ ਕੇ ਏਕ ਪਲੰਘ ਕਾ ਹੈ, ਫਿਰ ਲੰਬਾਈ-ਚੌੜਾਈ ਸਤਿ-ਲੋਕ ਕੀ ਕਿਤਨੀ ਕੁ ਸ਼ੁਮਾਰ ਮੇਂ ਆ ਸਕਤੀ ਹੈ? ਸਮਝ ਔਰ ਅਨੁਮਾਨ ਕਾਮ ਨਹੀਂ ਕਰ ਸਕਤੇ।ਪਵਿੱਤਰ 'ਹੰਸ' ਯਾਨੀ 'ਰੂਹੇਂ' ਵਹਾਂ ਨਿਵਾਸ ਕਰਤੀ ਹੈਂ। ਉਨ੍ਹੇਂ 'ਹੰਸ' ਕਹਿਤੇ ਹੈਂ। ਵੋਹ ਸਤਿ-ਪੁਰਖ ਕਾ ਦਰਸ਼ਨ ਕਰਤੀ ਹੈਂ, ਔਰ ਬੀਨ ਕੀ ਧੁਨੀ ਹਰ ਏਕ ਸਥਾਨ ਸੇ ਸਰਵਣ ਕਰ ਰਹੀ ਹੈਂ। ਅੰਮ੍ਰਿਤ-ਭੋਜਨ ਰੋਜ਼ ਖਾ ਰਹੀ ਹੈਂ। ਇਸ ਮੁਕਾਮ ਕਾ ਵਿਲਾਸ ਦੇਖ ਕਰ ਰੂਹ ਆਗੇ ਕੋ ਚਲੀ ਔਰ, 'ਅਲੱਖ

ਲੋਕ' ਮੇਂ ਪ੍ਰਵੇਸ਼ ਹੋ ਕਰ, ਅਲੱਖ-ਪੁਰਖ ਕਾ ਦਰਸ਼ਨ ਪਾਇਆ। ਏਕ ਸੰਖ ਕਾ ਘੇਰ ਇਸ ਲੋਕ ਕਾ ਹੈ, ਅਰਬ-ਖਰਬ ਸੂਰਜੋਂ ਕਾ ਪ੍ਰਕਾਸ਼, ਅਕਾਲ ਪੁਰਖ ਕੇ ਏਕ-ਏਕ ਰੋਮ ਮੇਂ ਪਿਨਹਾਂ ਹੈ।ਵਹਾਂ ਸੇ ਸੁਰਤਿ ਔਰ ਊਪਰ ਕੋ ਚੱਲੀ, 'ਅਗੰਮ-ਲੋਕ' ਕੋ, ਪ੍ਰਾਪਤ ਭਈ ਕਿ ਜਿਸਕਾ ਘੇਰ ਮਹਾਂ-ਸੰਗ ਪਾਲੰਘ ਕਾ ਹੈ, ਔਰ ਕਰੋੜ ਸੰਖ ਕੀ ਕਾਇਆ 'ਅਗੰਮ ਪੁਰਖ' ਕੀ ਹੈ। ਵਹਾਂ ਕੇ ਹੰਸੋਂ ਕੇ ਰੂਪ ਭੀ ਅਸਚਰਜ ਹੈਂ; ਵਿਲਾਸ ਭੀ ਵਹਾਂ ਕੇ ਅਸਚਰਜ ਰੂਪ ਹੈਂ; ਇਸ ਮੁਕਾਮ ਪਰ ਬਹੁਤ ਦੇਰ ਬਿਸਰਾਮ ਕੀਆ, ਇਸ ਸੇ ਆਗੇ "ਅਨਾਮੀ ਪੁਰਖ" ਕਾ ਦਰਸ਼ਨ ਕੀਆ, ਔਰ ਉਸ ਮੇਂ 'ਲੀਨ ਭਈ' ਜਿਸ ਕੀ ਲੀਲ੍ਹਾ ਬੇਅੰਤ ਅਗੰਣਤ ਹੈ। ਯੇ ਸੰਤੋਂ ਕਾ ਨਿਜ-ਰੂਪ ਅਸਥਾਨ ਹੈ, ਸਰੂਪ-ਸਥਾਨ ਵਹੀ ਹੈ। ਇਸ ਕੋ ਪ੍ਰਾਪਤ ਹੋ ਕਰ ਸਰਬ ਮਹਾਂ ਸ੍ਰਯਗਨ ਚੁੱਪ ਹੋ ਗਏ। ਯਾਨੀ ਇੱਥੇ ਪੁੱਜ ਕੇ ਸਭ ਕੋ ਚੁੱਪ ਧਾਰਨੀ ਪੜਤੀ ਹੈ।ਇਸ ਲੀਏ ਮੈਂ ਭੀ ਚੁੱਪ ਧਾਰਤਾ ਹੂੰ ੧ਓ ਤੱਤ-ਸਤਿ "ਓਅੰ ਨਮੋਹਾ"।"ਅਰੇ ਗੁਰੂ ਨਾਨਕ ਕੇ ਪਿਆਰ ਕਰਨੇ ਵਾਲੋ! ਯੇ ਬੜੀ ਗਤੀ ਨਾਨਕ ਜੀ ਕੇ ਸੰਤੋਂ-ਮਹਾਤਮਾਂ ਕੀ ਹੈ, ਔਰ ਜੋ ਪੁਰਖ ਪ੍ਰਿਥੰਮ ਸਥਾਨ ਪਰ ਹੀ ਸਥਿਰਤ ਹੋ ਗਏ ਹੈਂ ਉਸੀ ਕੋ ਅਪਾਰ-ਬੇਅੰਤ ਕਹਿਨੇ ਲੱਗ ਗਏ ਹੈਂ, ਉਹ ਦੂਸਰੋਂ ਕੋ ਕਿਆ ਨਿਸ਼ਚਾ ਕਰ ਸਕੇਂਗੇ, ਬਿਨਾਂ ਪੂਰੇ ਸੰਤਾਂ-ਮਹਾਤਮੋਂ ਕੇ ਐਸੀ ਗਤੀ ਕੋ ਕੋਈ ਨਹੀਂ ਜਾਨ ਸਕਤਾ ਹੈ, ਨਿਸ਼ਚਾ ਭੀ ਉਨ ਅਸਥਾਨੋ ਕਾ ਉਨ੍ਹੀਂ ਕੋ ਹੋ ਸਕਤਾ ਹੈ, ਜਿਨ ਕੋ ਇਨ ਅਸਥਾਨਾਂ ਕੇ ਭੇਤੀ ਸੰਤ ਮਹਾਤਮਾ ਮਿਲੇ ਹੂੰਗੇ। 'ਉਨਕੋ ਇਨਕੇ 'ਬਚਨੋਂ' ਪਰ ਵਿਸ਼ਵਾਸ ਹੋਗਾ ਔਰ ਨਿਸ਼ਚੇ ਕਰੇਂਗੇ। ਯੇਹ ਵੋਹ ਮੁਕਾਮ ਹੈ ਜਿਨਕਾ ਭੇਤ ਗੁਰੂ ਨਾਨਕ ਨੇ ਹੀ ਅਪਨੇਂ ਪਰ ਖੋਲ੍ਹਾ ਹੈ। ਇਸ ਮੁਕਾਮ ਕੋ ਨਾ ਪੈਗੰਬਰ ਸਾਹਿਬ ਜਾਨ ਸਕੇ, ਕਿਉਂਕਿ ਉਨ ਪਰ ਯੇਹ ਮੁਕਾਮ ਖੁੱਲ੍ਹੇ ਹੀ ਨਹੀਂ। ਔਰ ਨਾ ਹੀ ਵਿਯਾਸ-ਵਿਸ਼ਿਸ਼ਟ ਪਰ ਖੁੱਲ੍ਹੇ ਹੈਂ, ਨਾ ਹੀ ਉਨ੍ਹੋਂ ਨੇ ਜਾਨਾ ਹੈ ਔਰ ਨਾ ਹੀ ਪ੍ਰਾਪਤ ਹੋਏ ਹੈਂ।"

"ਜਬ ਤੁੰਮ ਇਨ ਮੁਕਾਮੋਂ ਕਾ ਜ਼ਿਕਰ ਹਿੰਦੂ ਔਰ ਮੁਸਲਮਾਨ ਕੇ ਆਗੇ ਕਰੋਗੇ ਤੋ ਵੁਹ ਨਿਸ਼ਚਾ ਹੀ ਨਹੀਂ ਕਰੇਂਗੇ। ਉਨਕੋ ਐਸਾ ਜ਼ਿਕਰ ਕਰਨਾ ਹੀ ਨਾਮੁਨਾਸਬ ਹੈ, ਕਿਉਂਕਿ ਪੈਗੰਬਰ ਸਾਹਿਬ ਕੁਰਾਨ-ਮਜੀਦ ਦੇ ਪਾਬੰਦ ਹੈਂ ਔਰ ਹਿੰਦੂ ਵਿਯਾਸ-ਵਿਸ਼ਿਸ਼ਟ ਔਰ ਵੇਦੋਂ ਕੇ ਕੈਦੀ ਹੈਂ। ਇਨਸੇ ਤੋਂ ਸ਼ਾਇਦ ਯੇਹ ਬਚਨ

ਸੁਣੇ ਭੀ ਨਹੀਂ ਜਾਏਂਗੇ। ਇਸ ਸੇ ਬਿਹਤਰ ਹੈ ਜਿਸ ਕੋ ਵਿਸ਼ਵਾਸ ਪੂਰੇ-ਸੰਤ (ਗੁਰੂ ਨਾਨਕ) ਪਰ ਹੈ ਉਸ ਕੇ ਆਗੇ ਭੇਤ ਖੋਲ੍ਹਨਾ, ਕਿਉਂਕਿ 'ਸੰਤ ਕੀ ਸੋਭਾ ਕਾ ਨਹੀਂ ਅੰਤ'...। (ਸੰਤ ਕੀ ਮਹਿਮਾ ਬੇਦ ਨਾ ਜਾਨੇ)।

ਖ਼ੁਦਾ ਔਰ ਪਰਮੇਸ਼ਵਰ ਕੋ ਪ੍ਰਗਟ ਕਰਨੇ ਵਾਲੇ ਪੂਰੇ ਸੰਤ ਹੀ ਹੋ ਸਕਤੇ ਹੈਂ ਔਰ ਉਸ ਕੇ ਮਾਰਗ ਕੋ ਭੀ ਪੂਰੇ ਸੰਤ ਹੀ ਬਤਾ ਸਕਤੇ ਹੈਂ। ਐਸਾ ਨਿਸ਼ਚਾ ਕਿਸੀ ਮਹਾਤਮਾ ਸੰਤ ਜਗਿਆਸੂ ਕਾ ਹੋ ਤੋਂ ਉਸ ਕੋ ਯੇਹ ਰਾਹ ਬਤਾਨਾ-ਸਿਖਲਾਨਾ ਫਾਇਦਾ ਕਰੇਗਾ: ਗੁਣ ਕਾ ਗਾਹਕ ਜੇ ਮਿਲੇ ਤੋਂ ਗੁਣ ਲਾਖ ਵਿਕਾਏ...' 'ਬਿਨ ਗਾਹਕ ਗੁਣ ਵੇਚੀਏ ਤੋਂ ਗੁਣ ਸਹਗੋ ਸੁਜਾਏ'।

ਤਰੀਕਾ ਸੁਰਤਿ ਸ਼ਬਦ ਕਾ:

ਅੰਤਰ-ਮੁੱਖ ਬੈਠੇ ਇਕਾਂਤ। ਅਭਿਆਸ ਕਰੇ ਪਾਵੇ ਮਨ ਸ਼ਾਂਤ। ਦੋ ਵੱਲ ਉਲਟ ਗਗਨ ਕੋ ਜਾਵੇ।

ਮਗਨ ਹੋ ਅਰ ਨਾਦ ਵਜਾਵੇ। ਜੋਤ ਦੇਖ ਫਿਰ ਦੇਖੇ ਸੂਰਾ।ਚੰਦਰ ਨਿਆਰੇ ਪਾਵੇ ਨੂਰਾ।

ਸਤਿ ਲੋਕ ਪਹੁੰਚੇ ਔਰ ਬਸੇ। ਸੁਨ ਸੁਨ ਧੁੰਨ ਸੁਰਤਿ ਤਬ ਹਸੇ। ਤਬ ਸਤਿਗੁਰੂ ਕੀ ਜਾਨੀ ਮਹਿਮਾ। ਜਿਨ ਪ੍ਰਤਾਪ ਬਾਜੀ ਧੁਨ ਬੀਨਾਂ।ਅਲਖ, 'ਅਗੰਮ ਅਰਮਲਾ' ਅਨਾਮੀ। ਅਬ ਕਹੋ ਧੰਨ ਨਾਨਕ ਤੇਰੀ ਬਾਣੀ। (ਰਿਸ਼ੀ ਵਾਚ)

'ਪੰਚ ਸ਼ਬਦ' ਕਾ ਵਿਸਥਾਰ 'ਰੂਪ' ਅਤੇ 'ਲੀਲ੍ਹਾ' ਵਰਣਨ: ਮਨ ਔਰ ਸੁਰਤਿ ਜਮਾਓ ਤਿਲ ਭਰ। ਘੇਰ ਘੁੰਬਰ ਘੱਟ ਆਉ ਮਿਲਕਰ।

ਨਿਰਖਵ ਖਿੜਕੀ ਦੇਖੇ ਚੌਕਾ। ਚਿੱਤ ਲਗਾਓ ਰਾਖੇ ਰੋਕਾ।

ਪਚ ਰੰਗੀ ਫੁੱਲਵਾੜੀ ਨਿਰਖੋ। ਦੀਪ ਦਾਨ ਘਟ ਭੀਤਰ ਪਰਖੋ।

ਵੇਈ ਦਿਨ ਐਸੀ ਲੀਲਾ ਦੇਖੋ।ਸੀਲ ਚੱਕਰ ਤਬ ਆਗੇ ਪੇਖੋ। ਵਿਰੋ ਪ੍ਰੇਮ ਬਲ ਵਲ ਤਾਂ ਕੇ ਫੇਰੋ।ਜੋਤ ਨਿਹਾਰੇ ਮਨ ਕੋ ਮੋੜੋ।

ਅਨਹਦ ਘੰਟਾ ਸੁਨ-ਸੁਨ ਰੀਜੋ। ਸੰਖ ਬਜਾਓ ਉਸਮੇਂ ਭੀਜੋ।

ਇਹ ਪਹਿਲਾ ਅਸਥਾਨ ਬਤਾਇਆ। ਸ੍ਰੀ ਸਤਿਗੁਰੂ ਜੀ ਬਰਨ ਸੁਣਾਇਆ

(ਰਿਸ਼ੀ-ਵਾਚ)

ਮੁਕਾਮ ਦੂਜਾ:

ਅਬ ਚਲ ਸੱਜਨੀ ਦੂਸਰ ਧਾਮ। ਨਿਰਖੋ ਤ੍ਰਿਕੁਟੀ ਗੁਰ ਕਾ ਧਾਮ।
ੴ ਧੁੰਨ ਜਾ ਹੈ ਬਿਸਰਾਮ। ਗਰਜੈ ਬਾਦਲ ਔ ਘਨਸ਼ਾਮ।
ਸੂਰਜ ਮੰਡਲ ਲਾਲ ਮੁਕਾਮ। ਗੁਰ ਨੇ ਬਤਾਇਆ ਗੁਰਕਾ ਨਾਮ।
ਪੰਚਮ ਵੇਦ ਨਾਦ ਯਹ ਗਾਵੈਂ। ਚੁਹਾਂ ਦਿਲ ਕੰਵਲ ਸਖਤ ਬਦਲਾਵੈਂ।
ਘੰਟੀ ਸੰਖ ਤਜੀ ਧੁੰਨ ਦੂਈ। ਗਰਜੇ ਮਿਰਦੰਗ ਸੁਨਾਈ ਸੋਈ।
ਸੁਰਤ ਚਲੀ ਅਰ ਖੋਲ੍ਹੀਂ ਦਵਾਰਾ।ਬੰਕ ਨਾਲ ਹੋਏ ਗਈ ਪਾਰ।
ਊਂਚੀ ਨੀਚੀ ਘਾਟੀ ਉੱਤਰੀ। ਤਿਸਕੀ ਉੱਤਰੀ ਫੇਰ ਪੁੱਤਰੀ।
ਗੜ੍ਹ ਭੀਤਰ ਜੈਂ ਕੀਤਾ ਰਾਜ। ਭਗਤ ਭਾਉ ਕਾ ਪਾਇਆ ਸਾਜ। ਕਰਮ ਬੀਜ ਅਬ ਦੀਯਾ ਹੈ ਜਲਾਈ।ਆਗੈ ਕੋ ਫਿਰ ਸੁਰਤ ਬੜ੍ਹਾ ਈ।
ਨੌਬਤ ਚੜ੍ਹਤੀ ਆਠੋਂ ਜਾਮ। ਸੂਰਤ ਪਾਇਆ ਮੂਲ ਕਲਾਮ।
ਮਹਾਂਕਾਲ ਅਰ ਕੁਰਮ ਬਖਾਨਾ।
ਉਤਪਤਿ ਬੀਜਾ ਅਬ ਯਹਾਂ ਸੇ ਜਾਨਾ।
ਸੂਰਜ ਚਾਂਦ ਅਨੇਕਨ ਨ ਦੇਖੇ। ਤਾਰਾ ਮੰਡਲ ਬਹੁਬਿਧ ਪੇਖੇ।
ਪੰਡ-ਅੰਡ ਸੇ ਨਿਆਰੀ ਕੇਲੀ। ਬ੍ਰਹਮ ਅੰਡ ਪਾਰ ਚੜ੍ਹੀ ਅਲਬੇਲੀ।
ਬੰਨ੍ਹ ਅਰ ਪਰਬਤ ਬਾਗ਼ ਦਿਖਾਈ। ਚਮਨ ਚਮਨ ਫਲਵਾਰੀ ਛਾਈ।
ਨਹਿਰੇਂ ਨਦੀਆਂ ਨਿਰਮਲ ਧਾਰਾ। ਸਮੁੰਦਰ ਪੁੱਲ ਚੜ੍ਹ ਗਈ ਹੈ ਪਾਰਾ।
ਮੇਰ ਸੁਮੇਰ ਦੇਖ ਕੈਲਾਸਾ। ਗਈ ਸੁਰਤ ਜਾਂ ਵਿਮਲ ਬਲਾਸਾ।ਸ੍ਰੀ ਸਤਿਗੁਰ ਜੀ ਕਹਿਤ ਪੁਕਾਰੀ। ਦੂਸਰ ਮੰਜ਼ਿਲ ਕਰ ਲਈ ਧਾਰੀ।

ੴ ਸੱਤ... ਗੂੜ੍ਹਾ ਭੇਤ ਸੰਤੋਂ ਕਾ ਹੈ ਜਰਨਾ ਕਰਨਾ। ਗੁਰੂ-ਘਰ ਕੇ ਉਪਾਸ਼ਕਾਂ ਜਗਿਆਸੂਆਂ ਲਈ ਲਿਖਣਾ ਕੀਤਾ ਹੈ, ਜੋ ਕਮਾਈ ਕਰੇਗਾ ਭਵਜਲ ਪਾਰ ਉਤਰੇਗਾ। ਸਤਿਗੁਰੂ ਕੇ ਦਰਸ਼ਨ ਕਰਕੇ ਮੁਕਤ-ਪਦ ਪ੍ਰਾਪਤ ਹੋਵੇਗਾ, "ਮਨ ਤੂੰ ਜੋਤ ਸਰੂਪ ਹੈ ਅਪਨਾ ਮੂਲ ਪਛਾਨ।...

ਆਹਾ! ਵੇਖੋ ਸ਼ਕਤੀਵਾਨ ਪ੍ਰਭੂ ਦੀ ਸ਼ਕਤੀ-ਰੂਪ ਮਾਇਆ-ਵੱਤ ਭਰਮ-ਅਗਿਆਨਤਾ ਦੇ ਹਨੇਰੇ ਵਿੱਚ ਰਹਿੰਦਾ ਹੋਇਆ ਜੀਵ ਇਸ ਅਨ੍ਹੇਰੇ ਤੋਂ ਜਾਣੂ ਨਹੀਂ

ਹੁੰਦਾ। ਇਹ ਹੀ ਹਨੇਰਾ ਸੀ, ਜਿਸ ਨੂੰ ਵੇਖ ਕੇ ਸਾਹਿਬ, ਗੁਰੂ ਨਾਨਕ ਦੇਵ ਜੀ ਨੇ ਮਹਾਨ ਅੰਧ-ਅਗਿਆਨ ਦੇ ਹੜ੍ਹ ਵਿੱਚ ਰੁੜ੍ਹੇ ਜਾਂਦੇ ਸੰਸਾਰ ਨੂੰ ਕੱਢਣ ਲਈ ਕਲਯੁੱਗ ਵਿੱਚ ਆ ਕੇ, ਕਲਜੁਗ ਦੇ ਛਾਏ ਹਨੇਰੇ ਨੂੰ ਦੂਰ ਕਰਨ ਹਿੱਤ ਅਦਿਭੁੱਤ ਸ਼ਬਦ ਕਲਾ ਦੁਆਰਾ

ਗਿਆਨ ਅੰਜਨ ਗੁਰ ਦੀਆ ਅਗਿਆਨ ਅੰਧੇਰ ਬਿਨਾਸ।

ਭਾਵ: ਗਿਆਨਰੂਪੀ ਅੰਜਨ ਅਤੇ 'ਭੈ ਕੀਆ ਦੇ ਸਾਲਾਹੀਆ' ਰਾਹੀਂ ਜੀਵ ਦੇ ਹਿਰਦੇ ਰੂਪੀ ਨੇਤਰਾਂ ਵਿੱਚ ਚਾਨਣਾ ਪੈਦਾ ਕੀਤਾ ਸੀ, "ਸੰਸਾਰ ਰੋਗੀ ਨਾਮ ਦਾਰੂ" ਤਥਾ "ਨਾਮ ਅੰਜਨ ਗਿਆਨ ਬਿੰਜਨਾ", ਬਸ ਇਹ ਅਲੌਕਿਕ ਅੰਜਨ ਅਦਿਭੁਤ ਦਾਰੂ 'ਨਾਮ' ਹੀ ਹੈ ਜਿਸ ਅਮਰ-ਪਦਾਰਥ ਦੇ ਖਾਧਿਆਂ, ਅਤੇ ਰੋਗੀ ਦੇ ਹਿਰਦੇ ਵਿੱਚ ਸਿੰਚਿਤ ਕੀਤਿਆਂ, ਅਗਿਆਨ-ਅੰਧੇਰਾ ਬਿਨਸ ਜਾਂਦਾ ਹੈ ਅਤੇ ਕੋਟਿ ਸੂਰਜ ਦੇ ਪ੍ਰਕਾਸ਼ ਵਾਂਗੂੰ ਦਿਭਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ'।

ਯਥਾ: ਨਾਮ ਜਪਤ ਕੋਟ ਸੂਰ ਓਜਾਰਾ। ਬਿਨਸੈ ਭਰਮ ਮੋਹ ਅੰਧੇਰਾ। (ਪੰ. 700)

ਇਹ ਹੀ ਸੱਚੀ ਪਛਾਣ ਹੈ ਮਹਾਂ-ਗਿਆਨ ਦੇ ਬਿਨਸ ਜਾਣ ਦੀ। ਵਜੂਦ ਦੀ ਕਥਨੀ ਦੁਆਰਾ ਇਹ ਉਜਾਲਾ ਪ੍ਰਕਾਸ਼ ਨਹੀਂ ਹੋ ਸਕਦਾ। ਇਹ ਉਜਿਆਰਾ ਕੇਵਲ 'ਨਾਮ', ਬੱਸ 'ਨਾਮ' ਦੁਆਰਾ ਹੀ ਹੋ ਸਕਦਾ ਹੈ ਅਤੇ ਇੱਕੋ ਨਾਮ ਹੀ ਹੈ ਜਿਸ ਨੇ ਸੂਰਜ-ਵੱਤ ਜੋਤਿ ਨੂੰ ਉਜਾਰਾ ਦੇਣਾ ਹੈ। ਇਸ ਲਖਤਾ ਦੇ ਅਰਥ ਚੁੰਚ-ਗਿਆਨੀਆਂ ਵਾਲੇ ਕਥਨੀ-ਮਾਤਰ ਹੀ ਨਹੀਂ ਬਲਕਿ, ਇਹ ਲੱਖਤਾ ਤਾਂ ਉਸ ਕੋਟ-ਸੂਰਜਾਂ ਦੇ ਉਜਯਾਰੇ ਵਾਂਗ ਝਿਲ-ਮਿਲਕਾਰ ਕ੍ਰਾਂਤੀ-ਪ੍ਰਕਾਸ਼ਿਤ 'ਜੋਤ' ਦੇ ਸਾਂਗੋਪਾਂਗ ਦੀਦਾਰ ਦਾ ਸਾਖਯਾਤ ਦਰਸ਼ਨ ਹੈ।ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਅਲੌਕਿਕ ਨਾਮ ਦੇ ਪ੍ਰਕਾਸ਼ ਦਾ ਫੋਹਾਰਾ ਫੁੱਟਿਆ ਕਿੱਥੋਂ? ਦਿਭਜੋਤ ਗੁਰੂ ਨਾਨਕ ਦੇ ਪ੍ਰਕਾਸ਼ ਤੋਂ ਨਾਮ-ਪਦਾਰਥ ਇਸ ਮਾਤ-ਲੋਕ ਦੇ ਜੀਵ ਨੂੰ ਪ੍ਰਾਪਤ ਹੋਇਆ। ਜਿਨ੍ਹਾਂ ਨੇ ਆਪਣੀ ਪ੍ਰਤੀਤ ਗੁਰੂ ਦੇ ਚਰਨਾਂ ਨਾਲ ਜੋੜੀ ਹੈ, ਉਨ੍ਹਾਂ ਦੀ ਭਾਉ-ਭਗਤੀ ਥਾਏਂ ਪਈ ਅਤੇ ਉਨ੍ਹਾਂ ਦਾ ਹੀ ਗਾਵਿਆ-ਸੁਣਿਆ ਦਰਗਾਹ ਵਿੱਚ ਥਾਏਂ ਪੈਂਦਾ ਹੈ, ਯਥਾ ਮਹਾਂਵਾਕ: "ਜਿਸਨੋ ਪਰਤੀਤ ਹੋਵੈ ਤਿਸ ਕਾ ਗਾਵਿਆਂ ਥਾਏ ਪਵੈਜੇ ਬਿਨ ਪਰਤੀਤ ਕਪਟੀ ਕੂੜੀ ਅਖੀ ਸੋ ਭਾਵੈ ਦਰਗਹਿਮਾਨਾ।ਤਿਨ ਕਾ

ਉਤਰ ਜਾਏਗਾ ਝੂਠਾ ਗੁਮਾਨ। ਜਿਨ੍ਹਾਂ ਨੂੰ ਦਰਸ਼ਨ ਦੀ ਪ੍ਰਤੀਤ ਹੀ ਨਹੀਂ ਉਨ੍ਹਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿਕ ਭੀ ਨਹੀਂ ਹੋ ਸਕਦੀ ਅਤੇ ਉਨ੍ਹਾਂ ਲਈ ਦਰਸ਼ਨਾਂ ਦੀ ਪ੍ਰਾਪਤੀ ਵੀ ਔਖੀ ਹੈ। ਨਾਮ ਦੀ ਸੋਝੀ ਗੁਰੂ ਜੀ ਨੇ ਗੁਰਬਾਣੀ ਦੁਆਰਾ ਬਖ਼ਸ਼ੀ ਹੈ। ਗੁਰਬਾਣੀ ਗਾਵਣਾ ਗੁਣੀ ਦਾ ਗੁਣਾਵਾਦ ਕਰਨਾ ਹੈ, ਗੁਣ ਅਤੇ ਗੁਣੀ ਵਿੱਚ ਭੇਦ ਨਹੀਂ।ਭੇਦ ਹੈ ਤਾਂ ਗੁਣਾਂ ਦੇ ਵਾਚਕ ਦੀ ਬਿਰਤੀ ਵਿੱਚ ਹੈ, ਜੇ ਬਿਰਤੀ ਗੁਣਾਂ ਵਿੱਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਪਹਿਚਾਣ ਨਹੀਂ ਹੋ ਸਕਦੀ, ਪ੍ਰੰਤੂ ਗੁਣ-ਗਾਣ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਪਹਿਚਾਣ ਮੁਸ਼ਕਿਲ ਹੈ। ਗੁਰਬਾਣੀ ਵਿੱਚ ਇਸੇ ਹੀ ਚੁੰਬਕ-ਸ਼ਕਤੀ ਦਾ ਵੱਡਾ ਅਸਰ ਦਾ ਇੱਕ ਭੇਦ ਹੈ।ਤਾਹੀਓਂ ਤਾਂ ਕਲਯੁੱਗ ਵਿੱਚ 'ਕੀਰਤਨ ਪ੍ਰਧਾਨ' ਰੱਖਿਆ ਗਿਆ ਹੈ।ਇਸੇ ਕਰਕੇ ਗੁਰਸਿੱਖਾਂ ਨੂੰ ਗੁਰੂ ਜੀ ਵੱਲੋਂ ਹੁਕਮ ਭੀ ਹੈ, 'ਗੁਰਬਾਣੀ ਗਾਵਹੁ ਭਾਈ'। ਇਹ ਸਫਲ ਸਦਾ ਸੁਖਦਾਈ'। ਗੁਰਬਾਣੀ ਦਾ ਪੜ੍ਹਨਾ-ਗਾਉਣਾ ਤਾਂ ਹਰ ਹਾਲਤ ਵਿੱਚ ਹੀ ਸੁਖਦਾਇਕ ਹੈ, ਇਸ ਨੇ ਓੜਕ ਸੁੱਖਦਾਇਕ ਜ਼ਰੂਰ ਹੋਣਾ ਹੈ ਪਰ ਇਤਨਾ ਵਿਚਾਰ ਕਰ ਲੈਣਾ ਤਾਂ ਸਾਡਾ ਆਪਣਾ ਧਰਮ ਹੈ ਕਿ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ 'ਗਾਉਂਦੀ' ਹੈ ਉਹ ਗੁਣ ਗੁਣੀ-ਪ੍ਰਮਾਤਮਾ ਦੇ ਹਨ।ਉਸ ਕਰੁਣਾ-ਨਿਧਾਨ ਗੁਣੀ ਦੇ ਗੁਣਾਂ ਨੂੰ ਮੁੱਖ ਰੱਖ ਕੇ ਹੀ ਗਾਉਣਾ ਗੁਣਕਾਰੀ ਹੈ। ਗੁਰਬਾਣੀ ਪੜ੍ਹਨ ਸਮੇਂ ਬਾਣੀ ਦੇ ਗੁਣਾਂ ਦਾ ਧਿਆਨ ਰੱਖਣਾ ਗੁਣੀ ਦੇ ਗੁਣਾਂ ਦੇ ਕੁਥਾਏ ਹੀ ਘਟਾਉਣਾ ਹੈ। ਗੁਰਬਾਣੀ ਦੇ ਪੜ੍ਹਨ ਸਮੇਂ ਗੁਰਬਾਣੀ ਦੇ ਆਧਾਰ ਤੋਂ ਲਾਂਭੇ ਬਿਰਤੀ ਨੂੰ ਲਿਜਾਣਾ ਹੀ ਦੱਸਦਾ ਹੈ ਕਿ ਸਾਡੀ ਬਿਰਤੀ ਦੇ ਸਾਹਮਣੇ ਕੋਈ ਹੋਰ ਸਰੂਪ ਹੈ ਜੋ ਗੁਣੀ (ਪ੍ਰਮਾਤਮਾ) ਦੇ ਸਰੂਪ ਤੋਂ ਅਲੱਗ ਹੈ। ਇਹ ਗੁਣੀ (ਪ੍ਰਮਾਤਮਾ) ਦੀ ਅਨਿੰਨ ਉਪਾਸਨਾ ਨਹੀਂ ਸਗੋਂ 'ਦੁਤੀਏ' ਭਾਵ ਦੇ ਮੇਲ-ਮਿਲਾਪ ਵਾਲੀ ਉਪਾਸ਼ਨਾ ਹੈ।ਜੇਕਰ ਗੁਰੂ ਦੀ 'ਅਨਿੰਨ ਭਗਤੀ', ਸੱਚੀ ਪ੍ਰੇਮਾ-ਭਗਤੀ ਨਹੀਂ ਤਦ ਦਰਸ਼ਨ ਦਾ ਚਮਤਕਾਰ ਕਿਉਂਕਰ ਪ੍ਰਾਪਤ ਹੋਵੇ? ਗੁਰੂ-ਦਰਸ਼ਨਾਂ ਦੀ ਪ੍ਰਾਪਤੀ ਲਈ ਨਿਸਚਿੰਤ ਪੂਰਵਕ ਗੁਰਬਾਣੀ ਅਤੇ 'ਨਾਮ' ਸੰਗ ਇੱਕ-ਤਾਰ (ਇਕ-ਰਸ) ਜੁੜੇ ਹੀ ਰਹਿਣਾ ਮੁਨਾਸਬ ਹੈ।ਜੋ ਸੁਆਸਾਂ ਦੇ ਨਾਲ-ਨਾਲ ਜਾਪਦੇ ਹਨ ਤਿਨ੍ਹਾਂ ਦੇ ਹਿਰਦੇ ਵਿੱਚ ਗੁਰੂ ਜੀ ਦੀ ਜਾਗਤ-ਜੋਤਿ ਹਰ-ਦਮ ਹੀ ਜਗਦੀ ਹੈ। ਉਹ ਹਰ ਸਮੇਂ, ਹਰ ਥਾਂ

ਦਰਸ਼ਨਾਂ ਦੀ ਝਲਕ-ਮਸਤੀ ਵਿੱਚ ਹੀ ਮਖਮੂਰ (ਖੁਮਾਰੀ ਵਿੱਚ) ਅਤੇ ਮਸਤ ਰਹਿੰਦੇ ਹਨ, ਅਤੇ ਨਾਮੀ ਦੇ ਵਿੱਚ ਅਭੇਦ ਰਹਿੰਦੇ ਹਨ। ਪ੍ਰੀਤਮ ਦੇ ਪ੍ਰਕਾਸ਼ ਦੇ ਪ੍ਰਭਾਵ ਅਤੇ ਜੋਤ ਦੇ ਪ੍ਰਤਾਪ ਕਰਕੇ 'ਜੋਤਿ' ਰਸ-ਭਿੰਨੜੇ ਲੋਇਣਾਂ ਅੱਗੇ ਚਮਤਕਾਰ ਹੀ ਚਮਤਕਾਰ ਹੈ।ਬਾਣੀ ਤੇ ਨਾਮ ਨਾਲ 'ਨੇਹੁੰ' ਜੋੜਨ ਨਾਲ ਜੋਤ ਦੀ ਕਿਰਣ ਪ੍ਰਕਾਸ਼ਮਾਨ ਹੋ ਪੈਂਦੀ ਹੈ ਅਤੇ ਫੇਰ ਜਿਉਂ-ਜਿਉਂ ਇਹ 'ਨੇਹੰੁ' ਵਧਦਾ ਜਾਂਦਾ ਹੈ ਤਿਉਂ-ਤਿਉਂ ਜੋਤ ਭੀ ਜਗਦੀ ਜਾਂਦੀ ਹੈ। ਇਸ ਬਿਧਿ, ਨਾਮ ਦੀ ਲਾਗ ਲਾ ਕੇ, ਜੋਤ-ਸਰੂਪ ਪਾਰਸ, ਸਤਿਗੁਰੂ, ਨੇ ਅਨੇਕਾਂ ਹੀ ਪ੍ਰਾਣੀਆਂ ਨੂੰ ਸੱਚੀ 'ਪ੍ਰਕਾਸ਼-ਸਰੂਪ' ਜੋਤਿ ਦਾ ਚਾਨਣ ਬਖਸ਼ਿਆ ਹੈ, ਅਤੇ ਬਖਸ਼ਨਹਾਰ ਹੈ, ਹਮੇਸ਼ਾ ਬਖਸ਼ੇਗਾ।ਗੁਰੂ-ਘਰ ਦਾ ਜਨਮ ਪ੍ਰਾਪਤ ਕਰਕੇ ਉਕਤ ਦਾਤ ਤੋਂ ਵਾਂਝਾ ਰਹਿ ਜਾਣਾ ਮਾਨਸਚੋਲੇ (ਮਨੁਖਾ ਜਨਮ) ਦੀ ਮਹੱਤਤਾ ਨੂੰ ਨਾ ਪਛਾਣਨਾ ਹੈ। ਯਥਾ 'ਪਉੜੀ ਛੁੜਕੀ ਫਿਰ ਹੱਥ ਨਾ ਆਵੈ ਅਹਿਲਾ ਜਨਮ ਗਵਾਇਆ", ਗੁਰਵਾਕ ਦੀ ਹੀ ਸਿੱਧੀ ਵਰਤਣੀ ਹੈ।

ਸਤਿ ਸੰਗਤਿ: ਉਂਝ ਤਾਂ ਸ੍ਰਿਸ਼ਟੀ ਵਿੱਚ ਹਰ ਪ੍ਰਕਾਰ ਦੇ ਮਿਲਾਪ ਅਤੇ ਇਕੱਠ ਨੂੰ ਲੋਕੀਂ 'ਸੰਗਤ' ਹੀ ਕਹਿ ਕੇ ਪੁਕਾਰਦੇ ਹਨ ਪ੍ਰੰਤੂ ਜਿਹੋ-ਜਿਹੀ ਸੰਗਤ ਇਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ।ਸਤਿਸੰਗਤ (ਈਸ਼ਵਰੀ ਸੱਤਿਆ ਦੇਣ ਵਾਲੀ ਸੰਗਤ) ਉਹ ਹੀ ਹੋ ਸਕਦੀ ਹੈ ਜਿਸ ਵਿੱਚ ਉਸ ਈਸ਼ਵਰ ਦੇ ਗੁਣਾਵਾਦ ਦਾ ਗਾਇਨ ਕੀਤੇ ਜਾਣ ਅਤੇ ਸਤਿ-ਵਸਤੂ ਦੀ ਲਖਤਾ (ਪਛਾਣ) ਹੋਵੇ। ਬਿਰਤੀ 'ਨਾਮ' ਦੀ ਮਹੱਤਤਾ ਸੁਣ ਕੇ, ਧਾਰਨ ਕਰੇ, ਉਸ ਦਾ ਨਾਉ ਸਤਿ ਦੀ 'ਸੰਗਤ' ਹੋ ਸਕਦਾ ਹੈ।ਅਤੇ ਅਸਥਾਨ ਸਤਿਸੰਗ ਦਾ ਉਹ ਹੀ ਹੋ ਸਕਦਾ ਹੈ ਜਿੱਥੇ ਹਮੇਸ਼ਾ 'ਨਾਮ' ਦੀ ਬਾਣੀ ਦੇ ਪ੍ਰਵਾਹ ਦੀ ਲਖਤਾ (ਪਛਾਣ) ਕਰਾਈ ਜਾਵੇ। ਯਥਾ: "ਸਤਸੰਗਤਿ ਕੈਸੀ ਜਾਣੀਐ।ਜਿਥੈ ਏਕੋ ਨਾਮੁ ਵਖਾਣੀਐ, ਦੇ ਗੁਰਵਾਕ ਅਨੁਸਾਰ ਸਤਿਸੰਗੀ ਜੋਤਿ ਦੀ ਲਖਤਾ ਪ੍ਰਾਪਤ ਕਰਨਾ ਹੈ ਅਤੇ ਇਸੇ ਹੀ ਸੰਗਤ ਵਿੱਚ ਸਤਿਗੁਰਾਂ ਨੇ ਪ੍ਰਮਾਤਮਾ ਦਾ ਵਾਸਾ ਦੱਸਿਆ ਹੈ, "ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ।" ਗੁਰਬਾਣੀ ਨੇ ਪ੍ਰਤੱਖ ਕਰ ਦਿੱਤਾ ਹੈ ਕਿ ਸਤਸੰਗਤਿ ਵਿੱਚ ਪਰਮਾਤਮਾ ਆਪ ਵਸਦਾ ਹੈ ਅਤੇ ਇਹੋ ਜਿਹੀ ਸੰਗਤਿ 'ਚੋਂ ਹੀ ਈਸ਼ਵਰ ਦੇ ਮਿਲਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ। ਮਨ, ਉਹ

'ਮਨ', ਜਿਹਦੇ ਲਈ ਗੁਰੂ ਜੀ ਭੀ ਫ਼ਰਮਾਉਂਦੇ ਹਨ 'ਮਨ ਵੱਸ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ।' ਮਨ ਭੀ ਸਥਿਰਤਾ ਪਕੜਦਾ ਹੈ, ਅਤਿ ਚੰਚਲ ਮਨ 'ਸਾਧਸੰਗਿ ਪ੍ਰਭ ਦੇਹੁ ਨਿਵਾਸੁ।ਸਰਬ ਸੂਖ ਨਾਨਕ ਪਰਗਾਸੁ। ਤਥਾ: ਮੋਹਿ ਨਿਰਗੁਣ ਦੀਜੈ ਥਾਉ ਸੰਤ ਧਰਮਸਾਲੀਐ'। ਇਨ੍ਹਾਂ ਅਰਦਾਸਾਂ ਵਿੱਚ ਜੋਦੜੀ ਰੂਪ ਹੋ ਕੇ ਜੁੜ ਜਾਂਦਾ ਹੈ।ਸ਼ਾਸਤਰਾਂ ਵਿੱਚ ਜ਼ਿਕਰ ਆਇਆ ਹੈ ਕਿ ਹੰਸ ਸਦਾ ਮਾਨਸਰੋਵਰ ਉਪਰ ਹੀ ਬੈਠੇ ਰਹਿੰਦੇ ਹਨ। ਹਰ ਪ੍ਰਕਾਰ ਦੇ ਵਿਲਾਸ ਕਰਦੇ ਤੇ ਮੋਤੀ ਚੁਗਦੇ ਹਨ। ਆਪਣੇ ਅਮਿਓ-ਸਰੋਵਰ ਨੂੰ ਚਿੱਤ ਛੋੜਨ ਲਈ ਤਿਆਰ ਨਹੀਂ। ਇਸੇ ਤਰ੍ਹਾਂ ਸਤਿਸੰਗੀ ਪੁਰਸ਼ ਭੀ ਸਤਿਸੰਗ ਨੂੰ ਨਹੀਂ ਛੱਡਦਾ ਅਤੇ (ਹੰਸ) ਸਰੂਪ ਹੋ ਕੇ ਉਸ ਪਰਿਪੂਰਨ ਪਰਮਾਤਮਾ ਦੇ ਗੁਣ ਰੂਪੀ ਮੋਤੀ ਚੁੱਗਦਾ ਹੈ ਅਤੇ ਦੂਜੀ ਕਿਸੇ ਥਾਂ ਅਤੇ ਬਿਨ ਸਤਿਸੰਗ ਦੇ ਚੈਨ ਨਹੀਂ ਪਾਉਂਦਾ ਕਿਉਂਕਿ ਸਤਿਸੰਗੀ (ਹੰਸਾਂ) ਲਈ "ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ" (ਪੰ.134) ਹੀ ਅਤਿ ਉੱਤਮ ਦਾਤ ਹੁੰਦੀ ਹੈ।

ਨਾਮ ਰੂਪੀ ਪਦਾਰਥ ਨੂੰ ਛੱਕ ਕੇ ਅਤਿ ਤ੍ਰਿਪਤੀ ਪ੍ਰਾਪਤ ਕਰਦੇ ਹਨ "ਤ੍ਰਿਪਤਿ ਭਈ ਸਚੁ ਭੋਜਨ ਖਾਇਆ" (ਪੰ.684) ਅੰਮ੍ਰਿਤ ਨਾਮ ਮਨੁ ਰਹਿਆ ਸਮਾਇਆ॥(ਪੰਨਾ.1347) ....." ਜਦ ਸਤਿਸੰਗੀ ਸਤਸੰਗ 'ਚੋਂ ਇਸ ਉੱਤਮ ਦਾਤ ਨੂੰ ਪ੍ਰਾਪਤ ਕਰ ਲੈਂਦੇ ਹਨ ਫਿਰ "ਆਪਿ ਜਪੈ ਅਵਰਹਿ ਨਾਮੁ ਜਪਾਵੈ"। ਅਜਪਾ-ਜਾਪ ਦੀ ਵਸਤੂ ਨੂੰ ਧਾਰਨ ਕਰਕੇ ਦੂਜਿਆਂ ਨੂੰ ਭੀ ਸਤਿ-ਵਸਤੂ ਦਾ ਉਪਦੇਸ਼ ਦਿੰਦੇ ਹਨ। ਗੁਰਸਿੱਖੀ ਦੇ ਜੀਵਨ ਲਈ ਸਤਿਸੰਗ ਇੱਕ ਉੱਤਮ ਦਾਤ ਹੈ, ਜਿਨ੍ਹਾਂ ਮਹਾਤਮਾ ਸਿੱਖ-ਜਗਿਆਸੂਆਂ ਨੂੰ ਈਸ਼ਵਰ ਪ੍ਰਾਪਤੀ ਹੋਈ ਹੈ, ਸਤਿਸੰਗਤ 'ਚੋਂ ਹੀ ਹੋਈ ਹੈ। ਯਥਾ ਗੁਰਵਾਕ: "ਮੇਰੇ ਮਾਧਉ ਜੀ ਸਤਿਸੰਗਤ ਮਿਲੈ ਸੋ ਤਰਿਆ"...। ਗੁਰੂ ਜੀ ਮਹਾਰਾਜ ਨੇ ਖੁੱਲ੍ਹਦਿਲੀ ਦੇ ਨਾਲ, ਛਾਤੀ ਠਕੋਰ ਕੇ, ਦੁਨੀਆਂ ਦੇ ਜੀਵ ਨੂੰ ਭਰੋਸਾ ਦਿੱਤਾ ਹੈ ਕਿ ਸਤਿ ਦੀ ਸੰਗਤਿ ਨੂੰ ਪ੍ਰਾਪਤ ਕਰਕੇ ਭਵਜਲ ਸੰਸਾਰ ਤੋਂ ਪਾਰ (ਤਰਨ) ਦੀ ਅਵੱਸਥਾ ਨੂੰ ਪ੍ਰਾਪਤ ਕਰ, ਅਤੇ, 'ਹੇ ਜੀਵ! ਤੂੰ ਆਪਣੇ ਜਨਮ-ਜਨਮਾਂਤਰਾਂ ਦੇ ਸੁੱਕੇ ਹੋਏ ਆਤਮਕ 'ਕਾਸੋਂ' (ਭਾਂਡੇ) ਨੂੰ ਗੁਰੂ ਦੀ ਕਿਰਪਾ ਦੁਆਰਾ ਹਰਿਆ ਕਰ।ਪਾਠਕ ਜੀਓ, ਤਰਿਆ-ਰੂਪ 'ਦਾਤ' ਅਤੇ ਸੁਕੇ-ਕਾਸਟ ਹਰਿਆ ਦਾ

ਫਲ ਠੀਕ ਹੈ ਕਿ ਸਾਧ-ਸੰਗਤ 'ਚੋਂ ਹੀ ਮਿਲਦਾ ਹੈ, ਪਰ ਗੁਰਬਾਣੀ ਦੱਸਦੀ ਹੈ ਸੀਸੁ ਨਿਵਾਈਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ। ਸਤਿਸੰਗ ਦੇ ਗੁਣ ਕਰਕੇ ਉਕਤ ਪਦਵੀ ਨੂੰ ਪ੍ਰਾਪਤ ਕਰੇਗਾ ਤੇ ਜੇ ਸੀਸ ਹੀ ਨਿਵਾਇਆ ਹੈ (ਮਨ ਉਪਰਾਮ ਭਰਮਾਂ ਵਿੱਚ ਭਰਮ ਗਿਆ ਹੋਵੇ) ਉਹ ਸਤਸੰਗਤਿ ਦੀ ਪ੍ਰਾਪਤੀ ਨਹੀਂ ਕਰ ਸਕਣਗੇ।

ਸਤਿਸੰਗੀ ਦਾ ਲਕਸ਼ ਹੈ ਹਜ਼ੂਰ ਦੀ ਹਜ਼ੂਰੀ ਵਿੱਚ ਆ ਕੇ ਡੰਡੋਤ ਕਰੇ ਯਥਾ-ਸ਼ਕਤ ਕੁੱਝ ਭੇਟਾ ਕਰੇ ਅਤੇ ਜਿੱਥੇ ਵੀ ਸੰਗਤ ਵਿੱਚ ਥਾਂ ਮਿਲੇ ਬੈਠ ਜਾਏ ਅਤੇ ਬਹਿੰਦਿਆਂ ਹੀ "ਗੁਰ ਕੀ ਮੂਰਤਿ ਮਨ ਮਹਿ ਧਿਆਨ" (ਗੋਂਡ ਮ. 5, ਪੰਨਾ 864) ਗੁਰਵਾਕ ਅਨੁਸਾਰ ਸਮਾਧੀ ਵਿੱਚ ਜੁੜ ਜਾਏ। ਇਹੋ ਜਿਹੀ, ਗੁਰੂ ਚਰਨਾਂ ਵਿੱਚ, ਬਿਰਤੀ ਜੋੜ ਕੇ, ਗੁਰ-ਦਰਸ਼ਨਾਂ ਦੀ ਪ੍ਰਾਪਤੀ ਦੇ ਯਤਨ ਵਿੱਚ, ਮਨ ਨੂੰ ਟਿਕਾਓ ਵਿੱਚ ਲਿਆ ਕੇ, ਦਿਭਜੋਤ ਦੇ ਸਾਖਿਆਤ ਦਰਸ਼ਨ ਕਰੇ, ਸਭ ਤੋਂ ਵੱਡੀ ਭਗਤੀ, ਮਨ ਨੂੰ ਇਕਾਗਰ ਕਰਨਾ ਹੈ, ਭਜਨ-ਸਿਮਰਨ ਦਇਆ ਦਾ ਦਾਨ, ਆਦਿ ਬੰਦਗੀ, ਮਨ ਨੇ ਕਰਨੀ ਹੈ। ਜੇ ਮਨ ਇਕਾਗਰ ਨਹੀਂ ਹੋਇਆ ਤਾਂ ਸਭ ਕੁਝ ਨਿਸਫਲ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ 'ਸੁਲਤਾਨਪੁਰ' ਦੀ ਮਸੀਤ ਵਿੱਚ ਜਦ, ਦੌਲਤ ਖ਼ਾਨ ਨਵਾਬ ਦੇ ਕਹਿਣ ਉਤੇ, ਨਮਾਜ਼ ਪੜ੍ਹਨ ਗਏ ਤਾਂ ਮੁਸਲਮਾਨ ਇਸ ਖੁਸ਼ੀ ਵਿੱਚ ਬੇਅੰਤ ਇਕੱਠੇ ਹੋਏ ਕਿ ਨਾਨਕ ਕਾਮਲ ਵਲੀ-ਅੱਲਾ ਅੱਜ ਮੁਸਲਮਾਨ ਹੋਵੇਗਾ।ਜਦੋਂ ਨਮਾਜ਼ ਲਈ ਨਮਾਜ਼ੀਆਂ ਦੀਆਂ ਸਫ਼ਾਂ ਖਲੋਤੀਆਂ ਤਾ ਤਾਈਓਂ ਪਤਾ ਲੱਗਾ ਜਦ ਕਿ ਨਵਾਬ ਨੇ ਸਵਾਲ ਕੀਤਾ, "ਨਾਨਕ! ਈਂ ਚੀਸਤਿ ਕੌਲੇ ਮਰਦਾਂ ਬਕੌਲੇ ਖੁਦਾ ਅਸਤਿ।ਇਹ ਈ ਚੀਸਤ ਕਾਬਲੇ ਮਰਦਾ"।

ਭਾਵ: "ਨਾਨਕ ਇਹ ਕੀ? ਤੂੰ ਮਰਦੇ ਅੱਲ੍ਹਾ ਹੈਂ, ਖੁਦਾ ਦੇ ਮਰਦਾਂ ਦੇ ਬਚਨ ਅਟੱਲ ਹੁੰਦੇ ਹਨ, ਗੱਲ ਕੀ ਹੈ, ਤੂੰ ਨਮਾਜ਼ ਨਹੀਂ ਪੜ੍ਹੀ?" ਤਾਂ ਹਜ਼ੂਰ ਨੇ ਵਜਦ ਵਿੱਚ ਆ ਕੇ ਫ਼ਰਮਾਇਆ, "ਬਰ ਜ਼ਬਾ ਤਸਬਹਿ ਦਾਰਦ ਦਰ ਦਿਲੇਉ ਗਾਓ ਖੁਰ।ਈਂ ਚੁਨੀਂ ਤਸਬੀਹੇ ਦਾਰਦ-ਚੇਹ ਅਸਰ।"

ਭਾਵ: "ਹੇ ਨਵਾਬ, ਜਿਸ ਮਨ ਨੇ ਨਮਾਜ਼ ਪੜ੍ਹਨੀ ਹੈ ਉਹ ਘੋੜੇ ਤੇ ਪਸ਼ੂਆਂ ਪਿੱਛੇ ਦੌੜਿਆ ਫਿਰ ਰਿਹਾ ਹੈ। ਜ਼ੁਬਾਨੇ-ਜ਼ੁਬਾਨੀ ਪੜ੍ਹੀਆ ਕੁਰਾਨ ਦੀਆਂ ਆਇਤਾ ਨੇ

ਤੁਹਾਨੂੰ ਫਲ ਨਹੀਂ ਦੇਣਾ, ਬਲਕਿ ਸਮਾਂ ਨਿਸਫਲ ਗਿਆ ਹੈ।" ਤਾਂ ਨਵਾਬ ਹੈਰਾਨ ਹੋ ਕੇ ਕਹਿਣ ਲੱਗਾ: ਨਾਨਕ ਮਨੰਮ ਕਾਜ਼ੀ ਸਾਹਿਬ ਦੋਸਤਗਾਰਿ ਖ਼ੁਦਾ ਅਸਤਿ...

ਭਾਵ ਕਬੀਰ ਜੀ ਕਹਿੰਦੇ ਹਨ, 'ਮੈਂ ਆਪਣਾ ਆਪ ਪਰਮਾਤਮਾ ਦੀ ਭਗਤੀ ਵਿੱਚ, ਚੱਲਦੇ ਪਾਣੀ ਦੀ ਤਰ੍ਹਾਂ, ਜਦੋਂ ਵਹਾ ਦਿੱਤਾ ਸੀ ਉਦੋਂ ਪ੍ਰਮਾਤਮਾ ਮੇਰੇ ਪਿੱਛੇ-ਪਿੱਛੇ ਮੈਨੂੰ ਬੁਲਾਉਂਦਾ ਅਤੇ ਤਰਲੇ ਲੈਂਦਾ ਫਿਰਦਾ ਰਹਿੰਦਾ ਸੀ।ਠੀਕ ਹੈ, ਆਜ਼ਮਾਇਸ਼ ਕਰਨੀ ਯੋਗ ਹੈ, ਜਦੋਂ ਭਗਵਾਨ ਦੀ ਭਾਲ ਵਿੱਚ ਭਗਤ ਟੁਰ (ਤੁਰ) ਪੈਂਦਾ ਹੈ ਤਾਂ "ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈਂ।ਇਕਬਾਲ ਨੇ ਕਿਹਾ ਹੈ, "ਮਾ ਅਜ਼ ਖ਼ੁਦਾਇ ਗੁਮਸ਼ੁਦਾ ਏਮਉ ਜੁਸਤਜੂ ਅਸਤਿ।ਚੂੰ ਮਾ ਨਿ ਆਜ਼ਮੰਦ ਵਾ ਗ੍ਰਿਫਤਾਰਿ ਆਰਜ਼ੂ ਅਸਤਿ।"

ਭਾਵ ਕਿ 'ਮੈਂ ਰੱਬ ਤੋਂ ਦੂਰ ਹੋ ਗਿਆ ਹਾਂ, ਮੈਨੂੰ ਰੱਬ ਟੋਲਦਾ ਫਿਰਦਾ ਹੈ, ਮੇਰੀ ਤਲਾਸ਼ ਵਿੱਚ ਰੱਬ ਵਿਆਕੁਲ ਹੋ ਗਿਆ ਹੈ।' ਮੌਲਾਨਾ ਰੂਮੀ ਵੀ ਬੋਲ ਉੱਠੇ: 'ਤਿਸ਼ਨਾ ਮੇ ਨਾਲਦ ਕੇ ਕੂਆ ਬੇਗਵਾਰ।ਆਲਮ ਨਾਲਦ ਕਿ ਕੂਆਂ ਆਬਿ ਖਵਾਰ। ਭਾਵ ਪਿਆਸਾ ਰੋਂਦਾ ਹੈ 'ਮੇਰਾ ਪਾਣੀ' ਕਿੱਥੇ ਹੈਂ? ਅਤੇ ਪਾਣੀ ਵੀ ਰੋ ਰਿਹਾ ਹੈ ਕਿ ਮੇਰੇ 'ਪੀਣ ਵਾਲਾ' ਕਿੱਥੇ ਹੈ।ਈਸ਼ਵਰ ਅਤੇ ਉਸ ਦੇ ਭਗਤ 'ਮਾਂ ਅਤੇ ਮਾਂ ਦੇ' ਬੱਚੇ ਦੀ ਤਰ੍ਹਾਂ ਹਨ', ਜਿਸ ਤਰ੍ਹਾਂ 'ਬੱਚਾ' ਮਾਂ ਬਿਨਾਂ ਵਿਆਕੁਲ ਹੈ ਅਤੇ 'ਮਾਂ' ਬੱਚੇ ਬਿਨਾਂ ਬੇਚੈਨ ਹੋ ਜਾਂਦੀ ਹੈ। ਦੁਨੀਆਂਦਾਰੀ ਦੀ ਪ੍ਰਸਿੱਧ ਮਿਸਾਲ ਮੌਜੂਦ ਹੈ ਕਿ ਜਦ ਨੌਕਰ ਮਾਲਕ ਤੋਂ ਅਲਹਿਦਾ (ਅਲੱਗ) ਹੋ ਜਾਂਦਾ ਹੈ ਤਾਂ 'ਮਾਲਕ' ਨੌਕਰ ਦੀ ਭਾਲ ਵਿੱਚ ਮਗਰ-ਮਗਰ ਫਿਰਦਾ ਹੈ।ਇਸੇ ਤਰ੍ਹਾਂ ਈਸ਼ਵਰ ਆਪਣੇ ਭਗਤਾਂ ਦੀ ਖੇਤੀ, ਕਿਆਰੀ ਅਤੇ ਖੂਹ ਦੀਆਂ ਗਾਦੀਆਂ 'ਤੇ ਬੈਠ ਕੇ ਬਲਦਾਂ ਤੱਕ ਹੱਕਦਾ ਹੈ।

(ਦੇਖੋ ਧੰਨਾ ਭਗਤ ਜੀ)

ਤਾਂ ਤੇ ਜੀਵ ਦਾ ਫ਼ਰਜ਼ ਹੈ ਕਿ ਇਕਾਂਤ ਵਿੱਚ ਮਨ ਦੀਆਂ ਬਿਰਤੀਆਂ ਪ੍ਰਤੀਤ ਦੁਆਰਾ ਪ੍ਰਭੂ ਦੇ ਚਰਨਾਂ ਵਿਚ ਲੀਨ ਕਰੇ, ਪ੍ਰਭੂ ਆਪੇ ਆਣ ਜੋਤ ਜਗਾਉਣਗੇ। ਮਸ਼ਹੂਰ ਮਜਜ਼ੂਬ ਸਾਈਂ-ਲੋਕ 'ਸਰਮਦ-ਕਾਸ਼ਾਨੀ' ਜੀ ਕਹਿੰਦੇ ਹਨ: "ਸਰਮਦ ਅਗਰਸ਼ ਵਫਾਸਤ ਖ਼ੁਦ ਮੇ ਆਯਦਾ।ਵਰ ਆਮਦਸ਼ ਰਵਾ ਅਸਤ ਖ਼ੁਦ

ਮੈਂ ਆਯਦਾ।ਭਾਵ: ਹੇ ਸਰਮਦ• ਜੇ ਪ੍ਰਮਾਤਮਾ ਵਫਾਦਾਰ ਹੈ ਅਤੇ ਜੇ ਉਹ ਤੈਨੂੰ ਮਿਲਣਾ ਮੁਨਾਸਿਬ ਸਮਝਦਾ ਹੈ, ਤਾਂ ਖ਼ੁਦ ਤੇਰੇ ਕੋਲ ਤੁਰ ਕੇ ਆਏਗਾ?"

ਬੇਹੂਦਾ ਚਰਾ ਦਰਪੇ ਊ ਮੀ ਗਰਦੀ।ਬਨਸ਼ੀਂ, ਅਗਰ ਊ ਖ਼ੁਦਾ ਅਸਤ ਖ਼ੁਦ ਮੇਂ ਆਯਦ"। ਭਾਵ: 'ਐ ਸਰਮਦ!ਤੂੰ ਬੇਵਕੂਫਾਂ ਦੀ ਤਰ੍ਹਾਂ ਉਸ ਦੀ ਤਲਾਸ਼ ਵਿੱਚ ਨਾ ਫਿਰ ਅਗਰ ਉਹ ਤੇਰਾ ਮਾਲਕ ਹੈ ਤਾਂ ਉਹ ਆਪੇ ਤੈਨੂੰ ਮਿਲੇਗਾ'।

ਮਸਤਾਨਾ ਵਾਰ ਮਲੰਗ ਦੇ ਭਾਵ ਤੋਂ ਪਤਾ ਲੱਗਾ ਕਿ ਜੀਵ ਉਸ ਦੀ ਸ਼ਰਨ ਵਿੱਚ ਜੁੜ ਕੇ ਆਪਣਾ ਫਰਜ਼ ਪੂਰਾ ਕਰੇ।ਈਸ਼ਵਰ ਆਪਣੇ ਫ਼ਰਜ਼ ਵਿੱਚ ਕਦੀ ਸੰਕੋਚ ਨਹੀਂ ਕਰਨਗੇ। ਅਵੱਸ਼ ਭਗਤਾਂ ਦੇ ਅੰਗ-ਸੰਗ ਹਨ।ਸਦਾ ਅੰਗ-ਸੰਗ ਰਹੇ ਹਨ, ਵੇਖੋ ਰਾਣੀ ਤਾਰਾ-ਲੋਚਨ ਦੀ ਖੜ੍ਹਾਉਂ ਦੀ ਰਾਖੀ ਕੀਤੀ, ਭਗਤ ਜੋਗਾ ਸਿੰਘ ਦੇ ਬੂਹੇ ਅੱਗੇ ਪਹਿਰਾ ਦਿੱਤਾ, ਪ੍ਰਹਿਲਾਦ, ਦਰੋਪਦੀ ਅਤੇ ਗਣਕਾ ਆਦਿ ਦੀ ਲਾਜ ਰੱਖੀ ਹੈ।

ਇਨ੍ਹਾਂ ਭਗਤਾਂ ਨੇ ਪ੍ਰਤੀਤ ਵਿੱਚ ਆ ਕੇ ਚਰਨ-ਛੋਹ ਲਈ ਹੈ ਬਿਨ-ਪ੍ਰਤੀਤਿਆਂ ਦਾ ਅਸੀਂ ਪਿੱਛੇ ਵੀ ਜ਼ਿਕਰ ਕਰ ਆਏ ਹਾਂ। ਕਬੀਰ ਜੀ ਕਹਿੰਦੇ ਹਨ, 'ਮਾਲਾ ਫੇਰਿਆ ਜੁਗ ਗਿਆ ਮਿਟਾ ਨਾ ਮਨ ਕਾ ਫੇਰ।ਕਨਕਾ ਮਨਕਾ ਡਾਰ ਕੇ ਮਨਕਾ ਮਨਕਾ ਫੇਰ"। ਭਾਵ, ਕਬੀਰ ਜੀ ਆਪਣੇ ਮਨ ਪ੍ਰਥਾਏ ਬਚਨ ਕਰਦੇ ਹਨ ਕਿਹੇ ਮਨ! ਤੈਨੂੰ ਇੱਕ ਜ਼ਮਾਨਾਂ ਤਸਬੀਆਂ (ਮਾਲਾ) ਫੇਰਦਿਆਂ ਹੋ ਗਿਆ ਪ੍ਰੰਤੂ ਤੇਰੇ ਮਨ ਦੇ ਵਲ-ਫਰੇਬ ਨਹੀਂ ਮਿਟੇ, ਚਿੰਤਾਤੁਰ ਹੈ ਅਤੇ ਸਥਿਰ ਨਾ ਹੋਇਓਂ। ਹੁਣ ਬਿਹਤਰ ਹੈ ਕਿ ਮਨ ਨੂੰ ਇਕਾਗਰ ਕਰ।ਅਤੇ ਮਨ ਦੀ ਮਾਲਾ ਫੇਰ ਅਤੇ ਮਨ ਰੂਪੀ ਵਲ-ਫਰੇਬਾਂ ਨੂੰ ਤਿਆਗ ਦੇ।ਤਥਾ: "ਮਾਲਾ ਤੇਰੀ ਕਾਠ ਕੀ ਧਾਗੇ ਲਈ ਪਰੋਏ।ਮਨ ਮਹਿ ਘੁੰਡ ਪਾਪ ਕੀ ਤੇਰੇ ਨਾਮ ਜਪੇ ਗਿਆ ਹੋਇ।ਭਾਵ ਕਬੀਰ ਜੀ ਫੁਰਮਾਉਂਦੇ ਹਨ, "ਹੇ ਜੀਵ! ਜਦ ਤੱਕ ਤੇਰੇ ਮਨ ਵਿੱਚ ਪਾਪਾਂ ਦੀ ਘੁੰਡੀ ਹੈ, ਮਾਲਾ ਫੇਰੀ ਨਿਸਫਲ ਹੈ।ਭਾਵ ਦਿਖਾਵੇ ਨੇ ਸਗੋਂ ਤੈਨੂੰ ਤਬਾਹ ਅਤੇ ਬਰਬਾਦ ਕਰ ਦੇਣਾ ਹੈ। ਮੁੱਖਵਾਕ: "ਜਿਸ ਕੈ ਅੰਤਰਿ ਬਸੈ ਨਿਰੰਕਾਰੁ।ਤਿਸ ਕੀ ਸੀਖ ਤਰੈ ਸੰਸਾਰੁ।ਅਵਰ ਉਪਦੇਸੈ ਆਪਨ ਕਰੈ। ਆਵਤ ਜਾਵਤ ਜਨਮੈ ਮਰੈ (ਸੁਖਮਨੀ, ਪੰਨਾ 269)। ਅਥਵਾ: ਰਹਤ ਅਵਰ ਕਛੁ ਅਵਰ ਕਮਾਵਤ, ਮਨਿ ਨਹੀ ਪ੍ਰੀਤਿ

ਮੁਖਹੁ ਗੰਦ ਲਾਵਤ। (ਓਹੁ, ਪੰਨਾ 269) ਗੁਰਬਾਣੀ ਨੇ ਸਾਫ ਕਰ ਦਿੱਤਾ ਹੈ ਕਿ ਜੀਵ ਜਦ ਤੱਕ ਮਨ ਨੂੰ ਸਾਫ ਨਹੀਂ ਕਰਦਾ ਤਦ ਤੱਕ ਬਾਹਰ-ਮੁਖੀ ਚਤੁਰਾਈਆਂ 'ਭੇਖ' ਹੀ ਹਨ।ਮਨ ਦੇ 'ਸ਼ੀਸ਼ੇ' ਨੂੰ ਸੰਗਤ ਦੀ ਚਰਨ-ਧੂੜ ਨਾਲ ਧੋ ਕਰਕੇ ਪ੍ਰਭੂ ਦੇ ਚਰਨਾਂ ਵਿੱਚ ਗੀਧੀ ਕਰਿਆਂ ਹੀ ਆਪਣਾ ਵੀ ਅਤੇ ਦੂਜਿਆਂ ਦਾ ਵੀ ਭਲਾ ਹੈ, ਨਹੀਂ ਤਾਂ ਚੌਰਾਸੀ ਦੇ ਗੇੜ ਦਾ ਹੀ ਭਰਮਣ ਹੈ।ਜਿਨ੍ਹਾਂ ਨੇ ਆਪਣੇ ਜੀਵਨ ਦੇ ਮਾਨਤਾ ਮੰਤਵ ਨੂੰ ਜਾਣ ਉਸ ਪਰਿਪੂਰਨ ਪਰਮਾਤਮਾ ਦੀ ਪ੍ਰਾਪਤੀ ਕਰ ਲਈ ਹੈ ਉਨ੍ਹਾਂ ਲਈ ਭੀ ਬਾਣੀ ਗਵਾਹ ਹੈ।ਯਥਾ: 'ਜੋ ਤੁਮ ਭਾਨੇ ਤਿਨ ਪ੍ਰਭ ਜਾਤਾ। ਨਾਨਕ ਉਨ ਜਨ ਚਰਨ ਪਰਾਤਾ।' (ਉਹੋ, ਪੰਨਾ 269)

ਪਾਠਕ ਜਨੋ! ਗੁਰੂ ਜੀ ਮਹਾਰਾਜ ਫੁਰਮਾਉਂਦੇ ਹਨ, ਜਿਨ੍ਹਾਂ ਨੇ ਪ੍ਰਭੂ ਨੂੰ ਪਾ ਲਿਆ ਹੈ ਜੇ ਉਨ੍ਹਾਂ ਦੀ ਚਰਨ-ਧੂੜ ਮੈਨੂੰ ਮਿਲੇ ਤਾਂ ਵਡੇ ਭਾਗ ਹਨ, ਤਿਨ੍ਹਾਂ ਹੀ ਸਤਸੰਗੀ ਗੁਰਸਿੱਖਾਂ ਲਈ ਗੁਰੂ ਜੀ ਕਹਿੰਦੇ ਹਨ, "ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਾ ਨਾਮ ਜਪਾਵੈ॥(ਉਹੋ, ਪੰਨਾ 269)

ਮੁਕਤੀ: ਮਨ ਰੇ ਸਾਚਾ ਗਹੋ ਬੀਚਾਰਾ।ਰਾਮ ਨਾਮ ਬਿਨ ਮਿਥਿਆ ਮਾਨੋ ਸਗਰੋ ਇਹ ਸੰਸਾਰਾ।ਇਹ ਦੁਨੀਆਂ ਦਿਨ ਚਾਰ ਦਿਹਾੜੇ ਮੁਹਲਤ ਮੂਲਨ ਜਾਣ।

(ਮ.9, ਪੰਨਾ 307)

ਤਥਾ: ਐਸ਼ੇ ਦੁਨੀਆਓ ਦੂੰ ਦਮੇ ਚੰਦਸਤ।ਆਖਰਸ਼ਕਾਰ ਬਖੁਦਾਵੰਦ ਅਸਤ (ਕਰਤਾ)।ਐ ਸਰਬ ਜਗਤ ਦੇ ਪ੍ਰਕਾਸ਼ਨਹਾਰੇ ਅੰਤਰਜਾਮੀ! ਸਰਬ ਵਿਆਪਕ, ਤੇਰੇ ਗਿਆਨ ਤੋਂ ਕੋਈ ਸ਼ੈਅ ਬਾਹਰ ਨਹੀਂ ਹੈ।ਤੇਰੇ ਪੈਦਾ ਕੀਤੇ ਹੋਏ ਅੰਤ੍ਰਿਕਸ਼, ਸੂਰਜ-ਚੰਨ, ਤਾਰੇ ਆਦਿ ਆਪਣੀ-ਆਪਣੀ ਚਾਲ ਅਨੁਸਾਰ ਫਿਰ (ਘੁੰਮ) ਰਹੇ ਹਨ।ਤੂੰ ਸਰਬ ਵਿਆਪਕ ਹੈ। ਈਸ਼ਵਰ ਸੱਤ-ਚਿੱਤ-ਆਨੰਦ ਸਰੂਪ ਸੁਤੇ-ਪ੍ਰਕਾਸ਼ ਹੈ।ਹੇ ਕਰੁਣਾ-ਨਿਧਾਨ ਪ੍ਰਭੂ! ਤੇਰੇ ਕੋਲੋਂ ਹੀ ਸਭ ਨੂੰ ਜੋਤ-ਉਜਿਆਰਾ ਮਿਲਦਾ ਹੈ, ਤੂੰ ਅਨਪਮ ਹੈਂ, ਤੇਰਾ ਗਿਆਨ, ਤੇਰੀ ਵਿੱਦਿਆ ਕਦੇ ਨਹੀਂ ਬਦਲ ਸਕਦੀ।ਤੇਰਾ ਐਸ਼ਵਰਯ, ਜਲਾਲ, ਚਮਤਕਾਰ ਬਹੁਤ ਬੜਾ ਹੈ ਅਤੇ ਤੂੰ ਬਹੁਤ ਸਿਆਣਾ, ਸਭ ਦਾ ਆਧਾਰ ਅਤੇ ਸਰਵ-ਗਿਆਤਾ ਹੈ।ਤੂੰ ਆਤਮਾ ਦਾ ਵੀ ਆਤਮਾ ਅਤੇ ਸਭ ਪਿਆਰਿਆਂ ਦਾ ਪਿਆਰਾ ਹੈਂ।ਇਸ ਮਾਤ-ਲੋਕ ਵਿੱਚ ਇੱਕ ਤੇਰੀ ਹੀ ਚਰਨ-ਛੋਹ ਹੈ

ਜਿਸ ਨਾਲ ਮਿਲ ਕੇ ਜੀਵ ਸੁਖਦਾਈ ਪਦ ਪ੍ਰਾਪਤ ਕਰ ਸਕਦਾ ਹੈ (ਮੋਕਸ਼-ਮੁਕਤੀ, ਜਿਸ ਦੇ ਅਰਥ ਦੁੱਖ ਤੋਂ ਛੁਟਕਾਰਾ ਅਤੇ ਸੁੱਖਾਂ ਦੀ ਪ੍ਰਾਪਤੀ ਹੈ)। ਕਿਉਂਕਿ ਹਰ ਇੱਕ ਇਨਸਾਨ ਦੁਨੀਆਂ ਵਿੱਚ ਆ ਕੇ ਕੁਝ ਕਰਮ ਕਰਦਾ ਹੈ। ਉਹ ਕਰਮ ਬੁਰੇ ਜਾਂ ਭਲੇ ਹੁੰਦੇ ਹਨ। ਨੇਕ ਕੰਮ ਵੀ ਕਈ ਦੁਨਿਆਵੀ ਅਤੇ ਕਈ ਪਰਮਾਰਥਕ-ਧਾਰਮਿਕ ਹੁੰਦੇ ਹਨ।ਦੁਨਿਆਵੀ ਕਰਮ ਦਾ ਸਰੀਰਕ ਤੇ ਪਰਮਾਰਥਕ ਕੰਮ ਦਾ ਰੂਹਾਨੀ 'ਫਲ' ਹੋਣਾ ਚਾਹੀਦਾ ਹੈ। ਇਸ ਲਈ ਹਰ ਪੁਰਸ਼ ਦੀ ਦਿੱਲੀ ਖ਼ਾਹਿਸ਼ ਦੁੱਖਾਂ ਤੋਂ ਛੁਟਕਾਰਾ ਅਤੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।ਸੋ, ਜੀਵ ਕੁਰਾਨ 'ਚੋਂ, ਵੇਦਾਂ 'ਚੋਂ ਅਰਥਾਤ ਹਰ ਦੁਨੀਆਂ ਦੀ ਰੂਹਾਨੀਅਤ 'ਚੋਂ ਸੱਚੀ ਰਾਹ ਤਲਾਸ਼ ਕਰਕੇ ਆਪਣੀ ਅਸਲੀ (ਮਕਸੂਦ ਦੀ) ਮੰਜ਼ਿਲ, ਅਸਲ ਟਿਕਾਣੇ ਪਰ (ਉੱਪਰ) ਪਹੁੰਚਣ ਦਾ ਚਾਹਵਾਨ ਹੈ। ਪਰ ਅਫ਼ਸੋਸ, ਇੱਕ ਪਾਸੇ ਦੁਨੀਆਂ ਦਾ ਜੰਜਾਲ ਜੀਵ ਦੀ ਸੁੱਧ ਮਾਰੀ ਬੈਠਾ ਹੈ ਅਤੇ ਦੂਜੇ ਪਾਸੇ ਰੂਹਾਨੀ ਫੈਸਲਿਆਂ ਦੀ ਖਿੱਚੋ ਤਾਣ, ਭੰਬਲ-ਭੂਸਿਆਂ ਵਿੱਚ ਭਰਮਾਈ, ਅਸਲ ਟੇਕ ਤੋਂ ਭਟਕਾਈ ਜਾ ਰਹੀ ਹੈ।ਜੱਥਾ ਭਾਈ ਗੁਰਦਾਸ ਜੀ।

"ਸੁਧ ਨ ਹੋਵੇ ਬਾਲਬੁਧ ਬਾਲਕ ਲੀਲਾ ਵਿਚ ਵਿਹਾਵੈ। ਭਰ ਜੋਬਨ ਭਰਮਾਈਏ ਪਰਤਨ ਪਰਧਨ ਨਿੰਦ ਲੁਭਾਵੈ। ਬਿਰਧ ਹੋਇਆ ਜੰਜਾਲ ਵਿੱਚ ਮਹਾਜਾਲ ਪ੍ਰਵਾਰ ਫਤਾਵੈ।ਬਲਹੀਣਾ ਮਤਿਹੀਣ ਹੋਏ ਨਾਮ ਬਹਤਰਿਆ ਬਰਜਾਵੈ।ਅੰਨ੍ਹਾ ਬੋਲਾ ਪਿੰਗਲਾ ਤਨ ਥੱਕਾ ਮਨ ਦਹਿਦਿਸ ਧਾਵੈ। ਸਾਧ ਸੰਗਤ ਗੁਰ ਸ਼ਬਦ ਬਿਨ ਲਖ ਚੌਰਾਸੀ ਜੂਨ ਭਵਾਵੈ। ਔਸਰ ਚੁਕਾ ਹਥ ਨ ਆਵੈ।"(ਭਾਈ ਗੁਰਦਾਸ)

ਸਵਾਮੀ ਦਯਾਨੰਦ ਜੀ 'ਸਰਸ੍ਵਤੀ', ਆਰੀਆ-ਸਮਾਜ ਦੇ ਮੋਹਰੀ, 'ਸਤਿਆਰਥ-ਪ੍ਰਕਾਸ਼' ਵਿੱਚ ਉੱਤਰ-ਪ੍ਰਸ਼ਨ ਦੇ ਆਧਾਰ ਤੇ ਆਪਣੀ ਬਾਣੀ ਕਥਨ ਕਰਦੇ ਹਨ।ਕਿਸੇ ਜਗਿਆਸੂ ਨੇ ਸਵਾਲ ਕਰਦਿਆਂ ਕਿਹਾ ਕਿ 'ਮੁਕਤ' ਅਤੇ 'ਬੰਧ' ਕਿਸ ਕਾਰਨ ਕਰਕੇ ਹੁੰਦਾ ਹੈ? ਤਾਂ ਉਨ੍ਹਾਂ ਨੇ ਉੱਤਰ ਵਿੱਚ ਕਿਹਾ, "ਪਰਮੇਸ਼ਵਰ ਦੀ ਆਗਿਆ ਪਾਲ ਕੇ, ਧਰਮ ਦਿਆ ਦੇ ਸੰਸਕਾਰ ਵਾਲਾ ਅਤੇ ਬੁਰੇ ਕਰਮਾਂ ਤੋਂ ਰਹਿਤ ਰਹੇ ਅਤੇ ਸਤਿ-ਭਾਸ਼ਣ ਪਰਉਪਕਾਰ, ਵਿੱਦਿਆ-ਯੁਕਤ ਪਕੜ,

(ਤਰਫ਼ਦਾਰੀ) ਤੋਂ ਰਹਿਤ ਰਹੋ।ਧਰਮ ਦੀ ਵਿੱਧੀ-ਪੂਰਵਕ ਪ੍ਰਕਾਰ ਨਾਲ ਈਸ਼ਵਰ ਦੀ ਪ੍ਰਾਰਥਨਾ, ਉਪਾਸਨਾ ਅਰਥਾਤ ਯੋਗ-ਅਭਿਆਸ ਕਰਨੇ, ਵਿੱਦਿਆ ਪੜ੍ਹਨੇ-ਪੜ੍ਹਾਨੇ ਔਰ ਧਰਮ ਤੋਂ ਪ੍ਰਸਾਰਤ ਕਰਕੇ ਗਿਆਨ ਦੀ ਉਨਤੀ ਕਰਨੀ।ਸਾਰੇ ਉੱਤਮ ਸਾਧਨਾਂ ਨੂੰ ਧਾਰਨ ਕਰੋ।ਜੋ ਕੁੱਝ ਵੀ ਪੱਖਪਾਤ ਰਹਿਤ ਨਿਆਏ ਧਰਮ ਅਨੁਸਾਰ ਹੀ ਕਰੇ ਇਤਿਆਦਿ ਸਾਧਨਾਂ ਦੁਆਰਾ ਮੁਕਤੀ ਅਤੇ ਇਨ੍ਹਾਂ ਤੋਂ ਵਿਪਰੀਤ ਈਸ਼ਵਰ ਆਗਿਆ ਭੰਗ ਕਰਨ ਕਰਕੇ ਆਦਿ ਕੰਮਾਂ ਤੋਂ ਜੀਵਬੰਦਾ ਬੰਦਾ ਹੁੰਦਾ ਹੈ (ਸਤਿਆਰਥ ਪ੍ਰਕਾਸ਼, ਸਫ਼ਾ 36)। ਸਵਾਮੀ ਜੀ ਦੀ ਉਕਤ ਦਲੀਲ ਦੀ ਪ੍ਰੋੜ੍ਹਤਾ ਕਰਦਿਆਂ ਪੰਡਿਤ ਲੇਖ ਰਾਮ ਜੀ ਨੇ ਕਿਹਾ ਹੈ:ਇਹ ਸਾਧਨ 'ਮੁਕਤੀ', ਯਾਨੀ ਨਿਜਾਤ ਕੇ ਵਸਾਏਲ, ਸਵਾਮੀ ਜੀ ਮਹਾਰਾਜ ਨੇ ਵੇਦੋਂ ਕੇ ਅਨੁਸਾਰ ਲਿਖੇ ਹੈਂ।ਇਸ ਸੇ ਉਮਦਾ ਮਿਸਾਲ ਤੋਂ ਕਿਸੀ ਵੀ ਮਜ਼ਹਬ ਮੇਂ ਨਹੀਂ ਹੈ (ਵੇਖੋ: ਸਾਧਨਾ ਓਪਾਓ)।

ਸਵਾਮੀ ਜੀ ਅਤੇ ਪੰਡਿਤ ਜੀ ਨੇ ਉਪਰੋਕਤ ਕਰਮ ਹੀ ਮੁਕਤੀ-ਦਾਤਾ ਦੱਸੇ ਹਨ।ਕ੍ਰਿਸ਼ਨ ਜੀ ਵੀ ਕਹਿੰਦੇ ਹਨ, ਭਾਵ 'ਹੇ ਅਰਜੁਨ! ਤੂੰ ਮੇਰਾ ਦਾਮਨ ਪਕੜ ਕੇ ਹਮੇਸ਼ਾ ਨਿਸ਼ਕਾਮ-ਭਾਵਨਾ ਨਾਲ ਸਾਰੇ ਕੰਮ ਕਰਦਾ ਚੱਲ।ਇਸ ਤਰ੍ਹਾਂ ਕਰਦਾ ਹੋਇਆ ਤੂੰ, ਮੇਰੀ ਮਿਹਰਬਾਨੀ ਨਾਲ, ਪਰਮ-ਅਵਿਨਾਸ਼ੀ ਭਾਵ ਲਾਫ਼ਾਨੀ ਕਰਮ ਕਰਦਾ ਹੋਇਆ ਮੁਕਤੀ ਨੂੰ ਪਾਏਂਗਾ।ਹੋਰ ਕਹਿੰਦੇ ਹਨ: "ਓ ਅਰਜੁਨ! ਮੇਰੇ ਵਿੱਚ ਦਿਲ 'ਲਾਉਣ' ਨਾਲ (ਜਾਣੀ ਕਿ ਮੇਰਾ ਕਿਹਾ ਮੰਨਣ ਕਰਕੇ) ਤੂੰ ਕਸ਼ਟ ਦੇ ਸਾਰੇ ਪਹਾੜਾਂ ਨੂੰ, ਮੇਰੀ ਕਿਰਪਾ ਕਰਕੇ, ਪਾਰ ਕਰ ਜਾਏਂਗਾ ਅਤੇ ਜੇ ਤੂੰ ਆਪਣੀ ਮਰਜ਼ੀ ਨਾਲ ਮੇਰਾ ਕਹਿਣਾ ਨਹੀਂ ਮੰਨੇਗਾ ਤਾਂ ਤੂੰ ਬਰਬਾਦ ਹੋ ਜਾਏਗਾ।

(ਅੰਮ੍ਰਿਤ ਗੀਤਾ)

ਪੰਥ ਵਿੱਚ 'ਮਾਸ' ਲਈ ਕਈ ਖਿਆਲ ਪਾਏ ਜਾਂਦੇ ਹਨ।ਅੰਮ੍ਰਿਤ ਛਕਣ ਸਮੇਂ ਝਟਕੇ ਦੀ ਤਾਕੀਦ ਕੀਤੀ ਜਾਂਦੀ ਹੈ ਅਤੇ 'ਮਾਸ-ਮਾਸ' ਕਰਕੇ ਵੀ ਬਹੁਤ ਬਾਣੀ ਆਈ ਹੈ ਭਾਵ ਕਿ ਇਸ ਭੇਦ ਨੂੰ ਕਿਸੇ ਨੇ ਖੋਲ੍ਹਿਆ ਨਹੀਂ। ਬਹੁਤ ਗੁਰਮੁਖ ਗੁਰੂ ਜੀ ਦੇ ਲੰਗਰਾਂ ਵਿੱਚ ਮਾਸ ਪੱਕਣ ਦਾ ਸਬੂਤ ਵੀ ਦਿੰਦੇ ਹਨ ਪਰ 'ਪਿਤਾ ਕਾ ਜਨਮ ਕਿ ਜਾਣੈ ਪੂਤ' ਵਾਲੀ ਹੀ ਗੱਲ ਹੈ।ਗੁਰੂ ਜੀ ਦੇ ਇਲਾਹੀ ਕੌਤਕਾਂ ਤੋਂ ਉਹ ਆਪ ਹੀ ਜਾਣੂ ਹੋ ਸਕਦੇ ਹਨ ਜੀਵ ਵਿਚਾਰਾ ਕਿਆ ਜਾਣੈ।

ਮਤਲਬ 'ਵਿਗਿਆਨ' ਤਾਂ ਬਹੁਤ ਬੁਰੀ-ਬਲਾ ਹੈ।ਮਹਿਤਾ ਕਾਲੂ ਜੀ ਸਾਰੀਆਂ ਆਸਾਂ ਨੂੰ ਫਾਹ-ਫੇਰੀ ਕਰਕੇ, ਕਰੁਣਾ-ਨਿਧਾਨ ਨੂੰ ਟਾਂਗਰੀ ਬਣਾ, ਕਦੀ ਡੰਗਰਾਂ ਦਾ ਚਰਵਾਹਾ ਬਣਾ ਦਿੰਦੇ ਹਨ, ਕਦੀ ਖੇਤ ਉੱਜੜੇ, ਕਦੀ ਹਰੇ, ਵੇਖਦੇ ਅਸਚਰਜ ਵੀ ਹੁੰਦੇ ਹਨ।ਰਾਏ ਬੁਲਾਰ ਜੀ ਦੇ ਸਮਝਾਉਣ ਉੱਤੇ ਕਦੀ-ਕਦੀ ਸੋਚਦੇ ਵੀ ਹਨ, 'ਸ਼ਾਇਦ ਸੱਚਮੁੱਚ ਮੇਰਾ ਪੁੱਤ, ਲੋਕਾਂ ਦੇ ਕਹਿਣ ਅਨੁਸਾਰ, ਰੱਬ ਹੀ ਨਾ ਹੋਵੇ। ਪਰ ਮਨ ਉਤੇ ਪਇਆ ਪਰਦਾ ਫੇਰ ਭੁਲੇਖਿਆਂ ਵਿੱਚ ਪਾ ਦਿੰਦਾ ਹੈ।

ਇੱਕ ਵੇਰਾਂ ਜ਼ਿਕਰ ਆਇਆ ਹੈ ਕਿ ਆਪਣੇ ਚੋਣੇ ਨੂੰ ਜੰਗਲ ਵਿੱਚ ਛੱਡ ਕੇ ਆਪ ਇੱਕ ਰੁੱਖ ਦੇ ਥੱਲੇ ਸੌਂ ਗਏ।ਢਲਦੀ ਦੁਪਹਿਰ ਦੇ ਪਰਛਾਵੇਂ ਬਦਲ ਗਏ ਪਰ ਬਿਰਛ ਨੇ ਧੁੱਪ ਨੂੰ ਹਜ਼ੂਰ ਦੇ ਚਿਹਰੇ ਤੇ ਨਾ ਆਉਣ ਦਿੱਤਾ ਅਤੇ ਆਪਣਾ ਸਾਇਆ ਕਰੀ ਰੱਖਿਆ। ਬਿਰਛ ਦਾ ਸਿਦਕ ਵੇਖ ਕੇ ਧਰਮ ਰੂਪੀ ਸ਼ੇਸ਼-ਨਾਗ ਵੀ ਪਤਾਲ ਵਿੱਚੋਂ ਨਿਕਲ ਕੇ, ਬਿਰਖ ਦੀ ਮਦਦ ਵਿੱਚ ਆਪਣੀ ਫਨ ਖਿਲਾਰ ਕੇ, ਤਪਦੇ ਸੂਰਜ ਵਿੱਚ ਆਣ ਖਲੋਤਾ, ਇਸ ਅਸਚਰਜਤਾ ਨੂੰ ਵੇਖ ਮਰਦ-ਇ-ਸੂਫੀ ਸ੍ਰੀ ਰਾਏ ਬੁਲਾਰ ਜੀ ਨੇ....ਮੂਲ ਹਥ-ਲਿਖਤ ਖਰੜੇ (ਸ. ਪ੍ਰਿਥੀਪਾਲ ਸਿੰਘ ਦੇ ਆਖਰੀ 8-10 ਪੰਨੇ ਜਰਜਰੇ ਹੋਣ ਕਾਰਣ ਨਹੀਂ ਪੜ੍ਹੇ ਜਾ ਸਕੇ। ਇਨ੍ਹਾਂ ਦਾ ਵਿਸ਼ਾ ਵੀ ਬਹੁਤਾ ਸਾਰਥਕ ਨਹੀਂ। (ਸੰਪਾਦਕ)

## ਭਾਗ ਦੂਜਾ

**ਸੰਪਾਦਕ ਵੱਲੋਂ ਸ਼ੁਕਰਾਨਾ:**

ਕੁਰਆਨ ਸ਼ਰੀਫ ਦੇ ਸੰਬੰਧ ਵਿਚ ਗੁਰਮੁਖੀ-ਰੂਪ (ਪੰਜਾਬੀ-00ਰੂਪ) ਨੂੰ ਜਿਸ ਸਮੱਗ੍ਰੀ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਉਸ ਬਾਰੇ ਰਤੀ ਭਰ ਵੀ ਸ਼ੰਕਾ ਨਹੀਂ ਕਿ ਵਾਕਈ ਇਹ ਗੁਰਮੁਖੀ ਸਮੱਗ੍ਰੀ ਸ. ਪ੍ਰਿਥੀਪਾਲ ਸਿੰਘ ਹੁਰਾਂ ਦੀ ਕਲਮ ਰਾਹੀਂ ਲਿਖੀ ਗਈ ਸੀ ਜਿਸਦੀ ਮੂਲ ਸਮੱਗ੍ਰੀ (ਹੱਥ-ਲਿਖਤ) ਸੰਪਾਦਕ ਦੇ ਪਾਸ ਹੈ।

ਸਾਫ ਹੋ ਚੁੱਕਾ ਹੈ ਕਿ ਇਹ (ਲਿਖਤ ਅਤੇ ਹਿੱਜੇ) ਸ. ਪ੍ਰਿਥੀਪਾਲ ਸਿੰਘ ਉਲੇਖਕਾਰੀ ਦੀ ਹੀ ਹਨ ਅਤੇ ਅਕਾਲੀ ਜੀ ਪਾਸ ਉਨ੍ਹਾਂ ਨੇ ਹੀ ਅੱਗੋਂ ਛਾਪਣ ਲਈ ਇਹ ਹਥ ਲਿਖਤ ਹੋਈ ਸੀ ਅੱਗੋਂ ਛਾਪੇ ਜਾਣ ਹਿਤ। ਬੀਬੀ ਭਾਗ ਜੀ (ਚੰਡੀਗੜ੍ਹ) ਨੇ ਸੰਪਾਦਕ ਨੂੰ ਆਪਣੇ ਹੱਥੀਂ ਇਹ ਲਿਖਤ ਦਿੱਤੀ ਹੋਈ ਸੀ, ਅੱਗੋਂ ਛਾਪੇ ਜਾਣ ਲਈ। ਉਨਾਂ ਦੇ ਪਤੀ ਸ.ਅਟਾਰ ਸਿੰਘ ਦੀ ਮਾਨਸਾ ਵੀ ਹੁਣ ਪੂਰੀ ਹੋਈ ਹੈ।
ਸ਼ੁਕਰ ਹੈ ਗੁਰੂ ਪਿਤਾ ਦਾ ਕਿ ਸੇਵਾ ਨਿਭਾਈ ਜਾ ਸਕੀ ਹੈ।

(ਹ. ਸ)

(ਉਪ-ਸਿਰਲੇਖ)

ਮਹੰਮਦ ਸ: ਸਾਹਿਬ ਜੀ ਦਾ ਜੀਵਨ
ਕੁਰਆਨ ਸੰਕਲਪ
ਅੱਲਾਹ ਦੀ ਨਬੀ ਸ: ਨੂੰ ਹਦਾਇਤ
ਅੱਲਾਹ ਤੁਆਲਾ
ਨਮਾਜ
ਰਮਜ਼ਾਨ (ਰੋਜ਼ੇ)
ਇਸਲਾਮਕ ਜੀਵਨ ਦੇ 10 ਸਿਧਾਂਤ
ਇਸਲਾਮ ਦੇ ਮੁਢਲੇ ਨਿਯਮ
ਮੁਸਲਿਮ ਜਾਂ ਆਗਿਆਕਾਰੀ
ਸ਼ੈਤਾਨ
ਸ਼ਰੀਕ ਜਾਂ ਸ਼ਿਰਕ ਜਾਂ ਮੁਸ਼ਰਕ
ਮਨਾਫ਼ਕ
ਧਰਤੀ ਦੀ ਰਚਨਾ
ਮਨੁਖ ਦੀ ਸਿਰਜਨਾ
ਸੰਸਾਰਿਕ ਜੀਵਨ
ਰਸੂਲ ਤੇ ਨਬੀ ਵਿਚ ਫ਼ਰਕ
ਜ਼ਕਾਤ ਤੇ 'ਨੇਕ ਤੇ ਸੁਭ ਕੰਮ'
ਹਲਾਲ ਤੇ ਹਰਾਮ
ਜਹਾਦ, ਅੱਲਾਹ ਦੇ ਰਾਹ 'ਤੇ
ਆਖ਼ਰਤ ਜਾਂ ਕਿਆਮਤ
ਜੰਨਤ (ਸਵਰਗ)
ਜਹੰਨਮ (ਨਰਕ)
ਪੁਰਸ਼ ਅਤੇ ਇਸਤ੍ਰੀਆਂ
ਨਿਕਾਹ
ਤਲਾਕ ਤੇ ਮਹਿਰ
ਵਿਭਚਾਰੀ ਤੇ ਵਿਭਚਾਰਨ

੬

# ਕੁਰਆਨ ਸ਼ਰੀਫ਼ ਦੇ ਪ੍ਰਸੰਗ 'ਚ

(ਸ. ਪ੍ਰਿਥੀਪਾਲ ਸਿੰਘ ਵੱਲੋਂ)

ਜਗ ਦੇ ਪਾਲਣਹਾਰ "ਅਲਾਹ" ਨੇ ਇਹ ਪਵਿਤਰ ਕਿਤਾਬ ਸਮੁਚੀ ਮਨੁਖਤਾ ਲਈ ਅਰਬੀ ਭਾਸ਼ਾ ਵਿਚ ਸਚਾਈ ਨਾਲ ਨਬੀ ਸ: ਅ: ਤੇ ਉਤਾਰੀ।

ਕੁਰਆਨ ਦੇ ਲਫਜ਼ੀ ਅਰਥ ਹਨ "ਕਿਤਾਬ ਨੂੰ ਪੜਨਾ" ਅਲਾਹ ਦੇ ਚੋਨਵੇਂ ਫਰਿਸ਼ਤੇ ਜਿਬਰਾਈਲ ਅ: ਨੇ ਅੱਲਾਹ ਦੇ ਹੁਕਮ ਨਾਲ ਹੀ ਇਹ ਕੁਰਆਨ ਨਬੀ ਸ: ਅ: ਦੇ ਹਿਰਦੇ ਉਤੇ ਉਤਾਰਿਆਇਹ ਪਹਿਲਾਂ ਨਾਜ਼ਲ ਹੋ ਚੁਕੀਆਂ ਪਾਕ ਕਿਤਾਬਾਂ ਤੋਰੇਤ, ਅੰਜੀਲ ਆਦਿ ਦੀ ਪੁਸ਼ਟੀ ਤੇ ਸਮਰਥਨ ਕਰਦਾ ਹੈ।

ਕੁਰਆਨ ਵਿਚ ਹਜ਼ਰਤ ਮੁਹਮਦ ਸ: ਨੇ ਲੋਕਾਂ ਨੂੰ ਅਪਣੀ ਚਰਮ ਸੀਮਾ ਨੂੰ ਛੂਹ ਰਹੇ ਉਸ ਸੰਸਾਰਕ ਪ੍ਰੇਮ ਤੇ ਮੋਹ ਦੇ ਭੈੜੇ ਅੰਤ ਤੋਂ ਸਾਵਧਾਨ ਕੀਤਾ ਹੈ ਜਿਸ ਕਾਰਨ ਉਹ ਮਰਦੇ ਦੰਮ ਤਕ ਵੱਧ ਤੋਂ ਵੱਧ ਧਨ-ਪਦਾਰਥ, ਸੰਸਾਰਕ ਲਾਭ, ਸੁਖ-ਸੁਆਦ ਅਤੇ ਮਾਨ-ਮਰਿਆਦਾ ਪ੍ਰਾਪਤ ਕਰਨ, ਉਸ ਵਿਚ ਇਕ ਦੂਜੇ ਨਾਲੋਂ ਅਗੇ ਲੰਘਨ ਅਤੇ ਇਹਨਾਂ ਚੀਜ਼ਾਂ ਦੀ ਪ੍ਰਾਪਤੀ ਉਤੇ ਅਭਿਮਾਨ ਕਰਨ ਵਿਚ ਲਗੇ ਰਹਿੰਦੇ ਹਨ।

ਏਸੇ ਇਕ ਚਿੰਤਾ ਨੇ ਲੋਕਾਂ ਨੂੰ ਏਨਾ ਰੁਝਾ ਰਖਿਆ ਹੈ ਕਿ ਉਹਨਾਂ ਨੂੰ ਇਸ ਤੋਂ ਉਚੇ ਉਠਕੇ "ਆਖਰਤ" ਵਲ ਧਿਆਨ ਦੇਣ ਦੀ ਸੁਰਤ ਹੀ ਨਹੀਂ ਹੈ।

ਪਵਿਤਰ ਕੁਰਆਨ ਮਜੀਦ ਵਿਚ ਹਰੇਕ ਲਈ ਇਕ ਧਰਮ-ਵਿਧਾਨ ਅਤੇ ਇਕ ਕਾਰਜ ਪ੍ਰਨਾਲੀ ਨਿਯਤ ਕੀਤੀ ਹੈ।ਇਹ ਇਲਾਹੀ ਗਿਆਨ ਉਹਨਾਂ ਲੋਕਾਂ ਨੂੰ ਜੋ ਬੇਸੁਰਤ ਹਨ ਅਤੇ ਜਿਨ੍ਹਾਂ ਦੀ ਜ਼ਮੀਰ ਮਰ ਚੁਕੀ ਹੈ ਹੋਸ਼ ਵਿਚ ਲਿਆ ਕੇ ਉਹਨਾਂ ਦੀ ਜ਼ਮੀਰ ਨੂੰ ਹਲੂਣਾ ਦੇ ਕੇ ਸਿਧਾ ਰਾਹ ਦਿਖਾਉਣ ਦਾ ਕੰਮ ਕਰਦਾ ਹੈ।

ਕੁਰਆਨ ਦੇ ਦਰਸਾਏ ਸਿਧੇ ਰਾਹ ਤੇ ਚਲਣ ਵਾਲਿਆਂ ਲਈ ਤਾਂ ਇਹ ਖੁਸ਼ਖਬਰੀ ਵਾਲਾ ਅਤੇ ਰੋਗ ਨਾਸ਼ਕ ਦਿਸ਼ਾ ਹੈ।

ਕੁਰਆਨ ਦੇ ਦਰਸਾਏ ਰਾਹ ਤੇ ਨ ਚਲਣ ਵਾਲਿਆਂ ਭਾਵ ਇਨਕਾਰੀਆਂ ਲਈ ਇਹ ਕੰਨਾਂ ਦਾ ਢਾਟ ਅਤੇ ਅੱਖਾਂ ਦੀ ਪਟੀ ਹੈ।ਇਹ ਇਹਨਾਂ ਲੋਕਾਂ ਨੂੰ ਅਗਾਊਂ ਸੂਚਨਾ ਦੇਂਦਾ ਹੈ ਕਿ ਅੱਲਾਹ ਨੇ ਉਹਨਾਂ ਲਈ ਇਕ ਦੁਖਦਾਈ ਅਜ਼ਾਬ ਤਿਆਰ ਕਰ ਛਡਿਆ ਹੈ।

ਕੁਰਆਨ ਅਨੁਸਾਰ ਅਲਾੱਹ ਦੇ ਉਚੇ ਅਤੇ ਸੁਚੇ ਦਰਬਾਰ ਵਿਚ ਕੇਵਲ ਨੇਕ ਸ਼ੁਭ ਕੰਮਾਂ ਦਾ ਅਤੇ ਅੱਲਾਹ ਵਿਚ ਪੂਰਨ ਈਮਾਨ ਦਾ ਹੀ ਮੁਲ ਹੈ।

'ਈਮਾਨ' ਦਾ ਅਰਥ ਹੈ ਪੱਕਾ, ਅਡੋਲ, ਕੇਵਲ ਇਕ ਰਬ ਵਿਚ ਵਿਸ਼ਵਾਸ।ਇਹ ਪੂਰਨ ਵਿਸ਼ਵਾਸ਼ ਕਿ ਇਕੋ ਇਕ ਅੱਲਾਹ ਹੀ ਸਭ ਤੋਂ ਬੇਪਰਵਾਹ ਹੈ ਅਤੇ ਬਾਕੀ ਸਾਰੇ ਉਸਦੇ ਮੁਥਾਜ ਹਨ। ਅੱਲਾਹ ਦੇ ਜੋੜ ਜਾਂ ਬਰਾਬਰੀ ਦਾ ਹੋਰ ਕੋਈ ਨਹੀਂ।

ਨੇਕ ਸ਼ੁਭ ਕੰਮ ਉਹ ਕੰਮ ਹਨ ਜਿਨ੍ਹਾਂ ਦੇ ਕਰਨ ਨਾਲ ਮਨੁੱਖ ਅੱਲਾਹ ਦੀ ਨਾਰਾਜ਼ਗੀ ਤੋਂ ਬਚ ਜਾਂਦਾ ਹੈ।ਸਦਾ ਰੱਬ ਦਾ ਡਰ-ਭਉ ਮੰਨਣਾ, ਨਮਾਜ਼ ਕਾਇਮ ਕਰਨਾਂ ਅਤੇ ਜ਼ਕਾਤ ਦੇਣਾ ਨੇਕ ਤੇ ਸ਼ੁਭ ਕੰਮਾਂ ਵਿਚੋਂ ਹਨ।

ਪਾਕ ਕੁਰਆਨ ਵਿਚ ਦੋ ਤਰ੍ਹਾਂ ਦੀਆਂ ਆਇਤਾਂ ਹਨ।ਇੱਕ ਅਟੱਲ (ਮੁਹਕਾਮਾਤ) ਜਿਹੜੀਆਂ ਇਸ ਪਵਿੱਤਰ ਕਿਤਾਬ ਦਾ ਮੂਲ ਆਧਾਰ ਹਨ।ਇਹਨਾਂ ਦੀ ਭਾਸ਼ਾ ਬਿਲਕੁਲ ਸਾਫ ਤੇ ਸਪੱਸ਼ਟ ਹੈ ਕਿਸੇ ਸ਼ਕ ਦੀ ਗੁੰਜਾਇਸ਼ ਨਹੀਂ ਹੈ।ਇਹਨਾਂ ਆਇਤਾਂ ਵਿਚ ਇਬਰਤ, ਅਤੇ ਨਸੀਹਤ ਦੀਆਂ ਗੱਲਾਂ ਆਖੀਆਂ ਗਈਆਂ ਹਨ।ਇਹਨਾਂ ਵਿਚ ਧਰਮ ਦੇ ਮੌਲਕ ਸਿਧਾਂਤ ਬਿਆਨ ਕੀਤੇ ਹਨ।

ਦੂਜੀਆਂ ਉਹ ਆਇਤਾਂ ਹਨ ਜਿਨ੍ਹਾਂ ਨੂੰ 'ਮੁਤਾਸ਼ਾਬਿਹਾਤ' ਕਿਹਾ ਗਿਆ ਹੈ।ਇਹਨਾਂ ਆਇਤਾਂ ਦੇ ਅਰਥ ਸਪੱਸ਼ਟ ਤੇ ਸਾਫ ਨਹੀਂ ਹਨ ਇਹਨਾਂ ਦੇ ਅਰਥਾਂ ਵਿੱਚ ਭੁਲੇਖੇ ਦੀ ਗੁੰਜਾਇਸ਼ ਹੈ।ਇਹਨਾਂ ਆਇਤਾਂ ਦੇ ਇਕ ਤੋਂ ਵੱਧ ਅਰਥ ਨਿਕਲਦੇ ਹਨ।ਇਸ ਦਾ ਕਾਰਨ ਹੈ ਕਿ ਇਹਨਾਂ ਆਇਤਾਂ ਵਿਚ ਮੁਹੰਮਦ ਸ: ਨੇ ਉਹਨਾਂ ਗਾਇਬੀ ਸ਼ਕਤੀਆਂ ਤੇ ਹਕੀਕਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਕੇਵਲ ਉਹਨਾ ਨੂੰ ਹੀ ਗਿਆਨ ਸੀ ਅਤੇ ਜਿਨ੍ਹਾਂ ਨੂੰ ਮਨੁਖ ਨੇ ਨਾ ਕਦੇ ਛੋਹਿਆ ਹੈ ਅਤੇ ਨਾ ਹੀ

ਕਦੇ ਦੇਖਿਆ ਹੈ।ਏਸੇ ਲਈ ਹਰੇਕ ਵਿਦਵਾਨ ਅਪਣੀ ਅਪਣੀ ਬੁਧੀ ਅਨੁਸਾਰ ਇਹਨਾਂ ਆਇਤਾਂ ਦੇ ਅਰਥ ਕਢ ਲੈਂਦਾ ਹੈ ਜੋ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ।

ਕੁਰਆਨ ਮਜੀਦ ਇਕ ਦਾਨਾਈ ਭਰਪੂਰ ਅਤੇ ਵਿਕਾਰਯੋਗ ਪਵਿਤਰ ਕਿਤਾਬ ਹੈ।ਏਸੇ ਲਈ ਹਰ ਮੁਸਲਮਾਨ ਅੱਲਾਹ ਅੱਗੇ ਸਦਾ ਇਹੁ ਫਰਿਆਦ ਕਰਦਾ ਹੈ ਕਿ:

"ਹੇ ਅੱਲਾਹ ਇਸ ਪਵਿਤਰ ਕੁਰਆਨ ਨੂੰ ਮੇਰੇ ਲਈ ਨੂਰ, ਹਦਾਇਤ ਤੇ ਰਹਿਮਤ ਬਣਾ ਦੇ"।

**ਮੁਹੰਮਦ ਸ: ਸਾਹਿਬ ਜੀ ਦਾ ਜੀਵਨ ਅਤੇ ਪਹਿਲੀ "ਵਹੀ" ਨਾਜ਼ਲ ਹੋਣਾ:**

ਮੁਹੰਮਦ ਸ: ਅ: ਬਚਪਨ ਤੋਂ ਹੀ ਇਕ ਸਚੇ ਸੁਚੇ ਸਾਧਾਰਨ ਇਨਸਾਨ ਸਨ, ਉਹ ਅਪਣੇ ਸਾਕ ਸਬੰਧੀਆਂ ਸਮੇਤ ਸਭ ਦਾ ਭਲਾ ਕਰਦੇ, ਬੇਸਹਾਰਾ ਲੋਕਾਂ ਨੂੰ ਸਹਾਰਾ ਦੇਂਦੇ ਅਤੇ ਸਦਾ ਭਲੇ ਕੰਮ ਕਰਦੇ ਸਨ।ਜੀਵਨ ਦੇ ਮੁਢਲੇ 40 ਸਾਲ ਉਹਨਾਂ ਨੇ ਇਕ ਸਾਧਾਰਨ ਮਨੁਖ ਵਾਂਗ ਗੁਜ਼ਾਰੇ।ਇਸ ਦੌਰਾਨ ਉਹ ਕੁਰਆਨ ਦੇ ਸੰਕਲਪ ਅਤੇ ਈਮਾਨ ਦੀਆਂ ਗਲਾਂ-ਬਾਤਾਂ ਤੋਂ ਬਿਲਕੁਲ ਅਨਜਾਣ ਸਨ।

ਹਜ਼ਰਤ ਬੀਬੀ ਆਇਸ਼ਾ ਰਜ਼ੀ ਅਨੁਸਾਰ ਅੱਲਾਹ ਦੇ ਰਸੂਲ ਸ: ਉਤੇ "ਵਹੀ" ਦਾ ਅਰੰਭ ਸਚੇ ਤੇ ਸੋਹਣੇ ਸੁਪਨਿਆਂ ਦੇ ਰੂਪ ਵਿਚ ਹੋਇਆਫਿਰ ਇਕਾਂਤਵਾਸ ਆਪ ਜੀ ਨੂੰ ਚੰਗਾ ਲਗਣ ਲਗਾ।ਆਪ ਇਕਲੇ ਕਈ ਕਈ ਰਾਤ ਤੇ ਦਿਨ "ਹਿਰਾ" ਪਹਾੜ ਦੀ ਗੁਫਾ ਵਿਚ ਰਹਿ ਕੇ ਇਬਾਦਤ ਕਰਨ ਲਗੇ।

ਇਕ ਦਿਨ ਅਚਨਚੇਤ 'ਹਿਰਾ' ਪਹਾੜ ਦੀ ਗੁਫਾ ਵਿਚ ਹੀ ਆਪ ਉਤੇ ਉਦੋਂ ਪਹਿਲੀ 'ਵਹੀ' ਉਤਰੀ ਜਦੋਂ ਫਰਿਸ਼ਤੇ ਨੇ ਆ ਕੇ ਆਪ ਜੀ ਨੂੰ ਆਖਿਆ 'ਪੜ੍ਹੋ'।ਆਪ ਜੀ ਨੇ ਕਿਹਾ 'ਮੈਂ ਤਾਂ ਅਨਪੜ੍ਹ ਹਾਂ'!, ਇਸ ਤੇ ਫਰਿਸ਼ਤੇ ਨੇ ਆਪ ਜੀ ਨੂੰ ਜ਼ੋਰ ਨਾਲ ਲਗਾਤਾਰ ਤਿੰਨ ਵਾਰ ਏਨਾ ਘੁਟਿਆ ਕਿ ਆਪ ਜੀ ਦੀ ਸਹਿਣ ਸ਼ਕਤੀ ਜਵਾਬ ਦੇ ਗਈ।ਫੇਰ ਤੀਜੀ ਵਾਰ ਜਦੋਂ ਆਪ ਜੀ ਨੂੰ ਘੁਟ ਕੇ ਛਡਿਆ ਤਾਂ ਕਿਹਾ **'ਹੁਣ ਪੜ੍ਹੋ'** ਰੱਬ ਦੇ ਨਾਲ ਜਿਸ ਨੇ ਇਹ ਸਾਰੀ ਰਚਨਾ ਰਚਾਈ ਹੈ।

ਇਸ ਤੋਂ ਬਾਅਦ ਅਲਾਹ ਦੇ ਰਸੂਲ ਸ: ਕੰਬਦੇ ਹੋਏ ਘਰ ਆਏ ਤੇ ਹਜ਼ਰਤ ਬੀਬੀ ਖਦੀਜਾ ਰਜ਼ੀ ਨੂੰ ਕਹਿਣ ਲਗੇ ਕਿ ਛੇਤੀ ਮੇਰੇ ਉਤੇ ਕਪੜਾ ਪਾ

ਦਿਓ।ਸੋ ਉਸ ਵੇਲੇ ਉਹਨਾਂ 'ਤੇ ਕਪੜਾ ਪਾ ਦਿਤਾ ਗਿਆ। ਜਦੋਂ ਆਪ ਜੀ ਦੇ ਮਨ ਤੋਂ ਘਬਰਾਹਟ ਤੇ ਭੈ ਲਥਾ ਤਾਂ ਆਪ ਨੇ ਫੁਰਮਾਇਆ ਕਿ 'ਹੇ ਖਦੀਜਾ! ਭਲਾ ਇਹ ਮੈਨੂੰ ਕੀ ਹੋ ਗਿਆ ਹੈ?' ਅਤੇ ਕਹਿਣ ਲੱਗੇ ਕਿ ਮੈਨੂੰ ਅਪਣੀ ਜਾਨ ਦਾ ਖਤਰਾ ਹੈ।ਹਜ਼ਰਤ ਬੀਬੀ ਖਦੀਜਾ ਰਜ਼ੀ ਨੇ ਆਪ ਜੀ ਨੂੰ ਇਹ ਕਹਿ ਕੇ ਹੌਸਲਾ ਦਿਤਾ ਕਿ ਖੁਦਾ ਤੁਹਾਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚਾਏਗਾ ਕਿਉਂਕਿ ਆਪ ਸਦਾ ਨੇਕੀ ਦੇ ਕੰਮ ਕਰਦੇ ਰਹੇ ਹੋ।

ਫਿਰ ਹਜ਼ਰਤ ਬੀਬੀ ਖਦੀਜਾ ਰਜ਼ੀ ਆਪ ਜੀ ਨੂੰ ਨਾਲ ਲੈ ਕੇ ਉਹਨਾਂ ਦੇ ਬਜ਼ੁਰਗ ਰਿਸ਼ਤੇਦਾਰ **ਵਰਕਾ ਬਿਨ ਨੋਫਲ** ਕੋਲ ਗਏ।ਵਰਕਾ ਸਾਹਿਬ ਕਾਫੀ ਬਿਰਧ ਹੋ ਚੁੱਕੇ ਸਨ ਅਤੇ ਉਹਨਾਂ ਦੀਆਂ ਅੱਖਾਂ ਦੀ ਜੋਤ ਮਧਮ ਪੈ ਚੁੱਕੀ ਸੀ:।ਉਹ ਅਰਬੀ ਤੇ ਇਬਰਾਨੀ ਭਾਸ਼ਾ ਵਿਚ ਅੰਜੀਲ ਲਿਖਿਆ ਕਰਦੇ ਸਨ।ਉਹ ਉਸ ਜ਼ਮਾਨੇ ਦੇ ਬੜੇ ਸੂਝਵਾਨ ਇਨਸਾਨ ਸਨ।ਉਹਨਾਂ ਦੇ ਪੁਛਣ ਤੇ ਅੱਲਾਹ ਦੇ ਰਸੂਲ ਸ: ਨੇ ਜੋ ਕੁਝ **'ਹਿਰਾ'** ਪਹਾੜ ਦੀ ਗੁਫਾ ਵਿਚ ਵੇਖਿਆ ਸੀ ਉਹ ਸਭ ਕੁਝ ਦਸ ਦਿਤਾ।

**ਵਰਕਬਿਨ ਨੋਫਲ** ਸਾਰੀ ਗਲ ਸਮਝ ਗਏ ਤੇ ਉਹਨਾਂ ਸਪੱਸ਼ਟ ਕੀਤਾ ਕਿ "ਇਹ ਓਹੀਓ ਨਾਮੂਸ ਵਹੀ ਲਿਆਉਣ ਵਾਲਾ ਫਰਿਸ਼ਤਾ ਹੈ ਜਿਹੜਾ ਅੱਲਾਹ ਨੇ ਹਜ਼ਰਤ ਮੂਸਾ ਅ: ਵਲ ਭੇਜਿਆ ਸੀ।ਵਰਕਾ ਸਾਹਿਬ ਨੇ ਅਗੇ ਫਰਮਾਇਆ "ਕਾਸ਼ ਮੈਂ ਤੁਹਾਡੀ ਪੈਗੰਬਰੀ ਦੇ ਸਮੇ ਤਕੜਾ ਗਭਰੂ ਹੁੰਦਾ।ਕਾਸ਼ ਮੈਂ ਉਸ ਵੇਲੇ ਜਿਉਂਦਾ ਹੋਵਾਂ ਜਦੋਂ ਤੁਹਾਡੀ ਕੌਮ ਤੁਹਾਨੂੰ ਦੇਸ਼ ਨਿਕਾਲਾ ਦੇ ਦੇਵੇਗੀ।"

ਅੱਲਾਹ ਦੇ ਰਸੂਲ ਨੇ ਪੁਛਿਆ "ਭਲਾ ਕੀ ਇਹ ਲੋਕ ਮੈਨੂੰ ਕਢ ਦੇਣਗੇ"? **ਵਰਕਾ** ਨੇ ਉਤਰ ਦਿਤਾ, "ਹਾਂ ਕਦੇ ਵੀ ਅਜੇਹਾ ਨਹੀਂ ਕਿ ਕੋਈ ਵਿਅਕਤੀ ਉਹ ਚੀਜ਼ ਲੈ ਕੇ ਆਇਆ ਹੋਵੇ ਜਿਹੜੀ ਤੁਸੀਂ ਲਿਆਏ ਹੋ ਤੇ ਉਸ ਨਾਲ ਵੈਰ ਨਾ ਕਮਾਇਆ ਗਿਆ ਹੋਵੇ।ਪਰ ਹਾਂ ਜੇ ਮੈਂ ਤੁਹਾਡੇ ਸਮੇਂ ਜਿਉਂਦਾ ਰਿਹਾ ਤਾਂ ਤੁਹਾਡੀ ਵਧ-ਚੜ੍ਹ ਕੇ ਸਹਾਇਤਾ ਕਰਾਂਗਾ", ਪਰ ਛੇਤੀ ਹੀ **ਵਰਕਾ** ਸਾਹਿਬ ਦਾ ਦੇਹਾਂਤ ਹੋ ਗਿਆ।

ਇਸ ਤਰ੍ਹਾਂ ਹਜ਼ਰਤ ਮੁਹੰਮਦ ਸ: ਨੂੰ ਪਹਿਲੀ 'ਵਹੀ' ਹਿਰਾ ਪਹਾੜ ਦੀ ਗੁਫਾ ਵਿਚ ਉਤਰੀ ਜਿਸਨੇ ਇਸਲਾਮ ਧਰਮ ਦੀ ਬੁਨਿਆਦ ਰਖੀ।ਹਜ਼ੂਰ ਸ: ਸਾਹਿਬ ਨੇ ਨਮਾਜ਼ ਨਾਲ ਹੀ ਇਸਲਾਮ ਦਾ ਪਹਿਲਾ ਪ੍ਰਗਟਾਵਾ ਕੀਤਾ।

ਜਦੋਂ **ਅਬੂ ਜਹਲ** ਨੇ ਆਪ ਜੀ ਨੂੰ ਨਮਾਜ਼ ਪੜ੍ਹਨ ਤੋਂ ਰੋਕਣਾ ਚਾਹਿਆ ਤਾਂ ਆਪ ਜੀ ਨੇ ਉਸ ਨੂੰ ਬੜੀ ਸਖਤੀ ਨਾਲ ਝਿੜਕ ਦਿਤਾ।ਏਸੇ ਘਟਨਾ ਤੋਂ ਆਪ ਜੀ ਦਾ ਇਨਕਾਰੀਆਂ ਨਾਲ ਮੁਠ ਭੇੜ ਦਾ ਅਰੰਭ ਹੋਇਆ।

ਜਦੋਂ ਹਜ਼ੂਰ ਸ: ਨੂੰ ਪੈਗੰਬਰ ਥਾਪਿਆ ਗਿਆ ਤਾਂ ਥਾਂ ਥਾਂ ਤੇ ਇਨਕਾਰੀਆਂ ਦੀ ਸਖਤ ਵਿਰੋਧਤਾ ਕਾਰਨ ਆਪ ਜੀ ਨੂੰ ਗੰਭੀਰ ਕਠਿਨਾਈਆਂ ਨਾਲ ਭਰਪੂਰ ਹਾਲਾਤਾਂ ਵਿਚੋਂ ਲੰਘਨਾ ਪਿਆਪਰ ਹਰ ਔਖੀ ਘੜੀ ਵਿਚ ਅੱਲਾਹ ਨੇ ਉਹਨਾਂ ਦਾ ਸਾਥ ਦਿਤਾ ਜਿਸ ਸਦਕਾ ਅਰਬ ਵਿਚ ਇਸਲਾਮ ਦੀ ਜਿਤ ਮੁਕੰਮਲ ਹੋਈ ਅਤੇ ਜਿਸ ਮਹਾਨ ਅਤੇ ਸ਼ੁਭ ਕੰਮ ਲਈ ਸੰਸਾਰ ਵਿਚ ਅੱਲਾਹ ਨੇ ਆਪ ਜੀ ਨੂੰ ਪੈਗੰਬਰ ਥਾਪਿਆ ਸੀ ਉਹ ਕੰਮ ਸੰਪੂਰਨ ਹੋਇਆ।

ਹਜ਼ੂਰ ਸ: ਨੇ ਅਪਣੇ ਜੀਵਨ ਦੇ ਆਖਰੀ ਦਿਨ ਮਦੀਨੇ ਵਿਚ ਗੁਜ਼ਾਰੇ।ਉਥੇ ਹੀ ਆਪ ਜੀ ਨੂੰ ਅੱਲਾਹ ਨੇ ਦਸਿਆ ਸੀ ਕਿ ਜਦੋਂ ਅਰਬ ਵਿਚ ਇਸਲਾਮ ਦੀ ਜਿਤ ਮੁਕੰਮਲ ਹੋ ਜਾਵੇ ਤਾਂ ਲੋਕਾਂ ਦੇ ਟੋਲਿਆਂ ਦੇ ਟੋਲੇ ਅੱਲਾਹ ਦੇ ਧਰਮ ਵਿਚ ਪ੍ਰਵੇਸ਼ ਕਰਨ ਲਗ ਪੈਣ ਤਾਂ ਇਹ ਇਕ ਨਿਸ਼ਾਨੀ ਸਮਝੀ ਜਾਵੇ ਕਿ ਜਿਸ ਕੰਮ ਲਈ ਆਪ ਜੀ ਨੂੰ ਸੰਸਾਰ ਵਿਚ ਘਲਿਆ ਸੀ ਉਹ ਕੰਮ ਪੂਰਾ ਹੋਇਆ।

ਇਸ ਤੋਂ ਬਾਅਦ ਆਪ ਜੀ ਨੂੰ ਆਦੇਸ਼ ਦਿਤਾ ਗਿਆ ਕਿ ਹੁਣ ਆਪ ਅੱਲਾਹ ਦੀ ਉਸਤਤ ਤੇ ਉਸਦੀ ਪਾਕੀ ਬਿਆਨਣ ਵਿਚ ਲਗ ਜਾਓ ਕਿ ਉਸ ਦੀ ਕ੍ਰਿਪਾਲਤਾ ਸਦਕਾ ਆਪ ਇਸ ਮਹਾਨ ਕਾਰਜ ਨੂੰ ਪੂਰਾ ਕਰਨ ਲਈ ਸਫਲ ਹੋਏ ਹੋ।

ਹਜ਼ਰਤ ਬੀਬੀ ਆਇਸ਼ਾ ਰਜ਼ੀ ਦਸਦੇ ਹਨ ਕਿ ਅੱਲਾਹ ਦੇ ਰਸੂਲ ਸ: ਅਪਣੇ ਦੇਹਾਂਤ ਤੋਂ ਕੁਝ ਸਮਾ ਪਹਿਲਾਂ ਵਡੀ ਬਹੁਲਤਾ ਨਾਲ ਇਹ ਕਿਹਾ ਕਰਦੇ ਸਨ ਕਿ "ਹੇ ਅੱਲਾਹ ! ਤੂੰ ਪਾਕ ਹੈਂ।ਤੇਰੀ ਉਸਤਤ ਦੇ ਨਾਲ ਮੈਂ ਅਪਣੇ ਗੁਨਾਹਾਂ ਦੀ ਮੁਆਫੀ ਚਾਹੁੰਦਾ ਹਾਂ ਤੇ ਤੇਰੇ ਵਲ ਹੀ ਪਰਤਦਾ ਹਾਂ।"

ਇਬਨੇ ਅਬਾਸ ਰਜ਼ੀ ਕਹਿੰਦੇ ਹਨ ਕਿ ਮਦੀਨੇ ਵਿਖੇ ਜੀਵਨ ਦੇ ਆਖਰੀ ਦਿਨਾਂ ਵਿਚ ਅੱਲਾਹ ਦੇ ਰਸੂਲ ਸ: "ਆਖਰਤ" ਲਈ ਮੇਹਨਤ ਤੇ ਜਪ-ਤਪ ਕਰਨ ਵਿਚ ਇੰਨੇ ਜ਼ਿਆਦਾ ਰੁਝ ਗਏ ਸਨ ਜਿਨ੍ਹਾਂ ਇਸ ਤੋਂ ਪਹਿਲਾਂ ਕਦੇ ਨਹੀਂ ਰੁਝੇ ਸਨ।ਹਜ਼ੂਰ ਸ: ਦਾ ਕਹਿਣਾ ਸ: ਕਿ "ਮੈਂ ਅੱਲਾਹ ਤੋਂ ਛੁਟ ਹੋਰ ਕਿਸੇ ਇਸ਼ਟ ਦੀ ਬੰਦਗੀ ਜਾ ਉਪਾਸਨਾ ਨਹੀਂ ਕਰਦਾ।"

ਇਸ ਤਰਾਂ **ਸੂਰਤ-ਅਨ-ਨਸਰ** ਦੇ ਉਤਰਨ ਤੋਂ ਤਕਰੀਬਨ ਤਿੰਨ ਮਹੀਨੇ ਬਾਅਦ ਆਪ ਮਦੀਨੇ ਵਿਖੇ ਅਕਾਲ ਚਲਾਨਾ ਕਰ ਗਏ।

ਅਲਾੱਹ ਦੇ ਰਸੂਲ ਸ: ਧਰਮ ਦੇ ਵਿਸ਼ੇ ਤੇ ਹਰ ਇਕ ਨੂੰ ਬਰਾਬਰ ਸਮਝਦੇ ਸਨ ਅਤੇ ਕਿਸੇ ਲਿਹਾਜ਼ ਵਿਚ ਇਕ ਦੂਜੇ ਨਾਲ ਤੇਰ-ਮੇਰ ਨਹੀਂ ਵਰਤਦੇ ਸਨ।

ਉਹਨਾਂ ਦਾ ਕਹਿਣਾ ਸੀ ਕਿ ਪਰਾਇਆ ਅਪਣਾ ਬਨ ਸਕਦਾ ਹੈ ਜੇਕਰ ਉਹ ਈਮਾਨ ਲੈ ਆਵੇ ਅਤੇ ਅਪਣਾ ਸਕਾ ਭੈਣ-ਭਾਈ ਵੀ ਪਰਾਇਆ ਬਨ ਸਕਦਾ ਹੈ ਜੇ ਉਹ ਇਨਕਾਰ ਕਰ ਦੇਵੇ।

**ਕੁਰਆਨ ਸੰਕਲਪ:**

"**ਹਿਰਾ**" ਪਹਾੜ ਦੀ ਗੁਫਾ ਵਿਚ ਪਹਿਲੀ "**ਵਹੀ**" ਉਤਰਨ ਤੋਂ ਬਾਅਦ ਅਚਾਨਕ ਹੀ ਮੁਹੰਮਦ ਸ: ਇਸ ਪਵਿਤਰ ਕਿਤਾਬ 'ਕੁਰਆਨ' ਅਤੇ ਈਮਾਨ ਦੀਆਂ ਗੱਲਾਂ ਨੂੰ ਲੈ ਕੇ ਸੰਸਾਰ ਦੇ ਸਾਮ੍ਹਣੇ ਆ ਗਏ। ਅੱਲਾਹ ਨੇ ਉਹਨਾਂ ਦੀ ਰੂਹ ਨੂੰ ਇਕ ਚਾਨਣ ਬਨਾ ਦਿਤਾ।

ਕੁਰਆਨ ਅਨੁਸਾਰ ਸਮੂਚੇ ਸੰਸਾਰ ਵਿਚ ਕਿਸੇ ਵੀ ਮਨੁਖ ਦਾ ਕਦੇ ਵੀ ਇਹ ਰੁਤਬਾ ਨਹੀ ਰਿਹਾ ਕਿ ਅੱਲਾਹ ਉਸਦੇ ਨਾਲ ਸਿਧਾ ਆਹਮੋ ਸਾਮ੍ਹਣੇ ਗੱਲ ਕਰੇ।

ਅਲਾੱਹ ਤੁਆਲਾ ਨੇ ਇਸਲਾਮਿਕ ਸਿਖਿਆ ਦੁਨੀਆ ਦੇ ਬਾਕੀ ਸਮੂਹ ਪੈਗੰਬਰਾਂ ਵਾਂਗ ਮੁਹੰਮਦ ਸ: ਨੂੰ ਵੀ ਤਿੰਨ ਤਰੀਕਿਆਂ ਨਾਲ ਦਿਤੀ।

ਪਹਿਲਾ, "ਵਹੀ" ਰਾਹੀਂ ਭਾਵ ਇਲਾਹੀ ਪ੍ਰੇਰਨਾ ਜਾਂ ਰਬੀ ਸੈਨਤ ਜਾਂ ਮਨ ਵਿਚ ਕੋਈ ਗਲ ਪਾ ਦੇਣੀ (ਫੁਰਨਾ) ਜਾਂ ਸੁਪਨੇ ਵਿਚ ਕੁਝ ਵਿਖਾਲ ਦੇਣਾ।

ਦੂਜਾ, ਪੜਦੇ ਪਿਛਿਓਂ ਭਾਵ ਤਾਂ ਦੂਜਾ, ਪੜਦੇ ਪਿਛਿਓਂ ਮਨੁਖ ਆਵਾਜ਼ ਤਾਂ ਸੁਣੇ ਪਰ ਬੋਲਣ ਵਾਲਾ ਉਸ ਨੂੰ ਕਿਤੇ ਨਾ ਦਿਸੇ।

ਤੀਜਾ, ਫਰਿਸ਼ਤੇ ਰਾਹੀਂ।

ਅੱਲਾਹ ਨੇ ਫੁਰਮਾਇਆ ਕਿ 'ਹੇ ਨਬੀ! ਇਹ ਅਰਬੀ ਕੁਰਆਨ ਅਸਾਂ ਤੁਹਾਡੇ ਵਲ ਉਤਾਰਿਆ ਹੈ ਤਾਂ ਜੋ ਤੁਸੀਂ ਮੱਕਾ-ਸ਼ਹਿਰ ਤੇ ਉਸਦੇ ਆਲੇ ਦੁਆਲੇ ਰਹਿਣ ਵਾਲਿਆਂ ਨੂੰ ਸੁਚੇਤ ਕਰ ਦਿਓ ਅਤੇ ਇਕਠਿਆਂ ਹੋਣ ਵਾਲੇ ਭਾਵ 'ਆਖਰਤ' ਦੇ ਦਿਹਾੜਿਓਂ ਡਰਾ ਦਿਓ ਜਿਸਦੇ ਆਉਣੇ ਵਿਚ ਕੋਈ ਸ਼ਕ ਨਹੀਂ ਇਕ ਧੜਾ ਸਵਰਗ ਵਿਚ ਜਾਵੇਗਾ ਤੇ ਦੂਜਾ ਨਰਕ ਵਿਚ।

ਹੇ ਨਬੀ! ਅੱਲਾਹ ਨੇ ਤੁਹਾਡੇ ਲਈ ਧਰਮ ਦੀ ਉਹੋ ਪ੍ਰਣਾਲੀ ਨਿਯਤ ਕੀਤੀ ਹੈ ਜਿਸਦਾ ਹੁਕਮ ਨੂਹ ਨੂੰ ਦਿਤਾ ਸੀ ਅਤੇ ਜਿਸ ਨੂੰ ਹੁਣ ਤੁਹਾਡੇ ਵਲ ਅਸਾਂ "ਵਹੀ" ਰਾਹੀਂ ਭੇਜਿਆ ਹੈ ਅਤੇ ਜਿਸ ਦਾ ਆਦੇਸ਼ ਅਸੀਂ ਪਹਿਲਾਂ ਇਬਰਾਹੀਮ, ਮੂਸਾ ਤੇ ਈਸਾ ਨੂੰ ਦੇ ਚੁਕੇ ਹਾਂ ਇਸ ਤਾਕੀਦ ਨਾਲ ਕਿ ਇਸ ਧਰਮ ਨੂੰ ਸੰਸਾਰ ਵਿਚ ਕਾਇਮ ਕਰੋ ਅਤੇ ਇਸ ਵਿਚ ਅਡੋ-ਪਾਟ ਨਾ ਹੋ ਜਾਓ।

ਇਸਲਾਮ ਮੁਤਾਬਕ ਹਰ ਬੰਦੇ ਨੂੰ ਸਦਾ ਅਪਣੇ ਰੱਬ ਦੀ ਬੰਦਗੀ ਅਤੇ ਉਪਾਸਨਾ ਕਰਨ ਵਿਚ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਪਰ ਹਰ ਸਮੇਂ ਮਨ ਵਿਚ ਇਹ ਸਮਝਦੇ ਰਹਿਣਾ ਚਾਹੀਦਾ ਹੈ ਕਿ ਜੋ ਕੁਝ ਮੈਨੂੰ ਕਰਨਾ ਚਾਹੀਦਾ ਸੀ ਅਤੇ ਜੋ ਮੇਰੇ ਮਾਲਕ ਦਾ ਹਕ ਸੀ ਉਹ ਮੈਂ ਪੂਰਾ ਨਹੀਂ ਕਰ ਸਕਿਆ।

ਅਤੇ ਹਰ ਸਮੇਂ ਅਪਣਾ ਕਸੂਰ ਮੰਨ ਕੇ ਅੱਲਾਹ ਤੋਂ ਇਹ ਹੀ ਦੁਆ ਕਰਦੇ ਰਹਿਣਾ ਚਾਹੀਦਾ ਹੈ ਕਿ ਹੇ ਅੱਲਾਹ! ਤੇਰੀ ਸੇਵਾ ਵਿਚ ਜੋ ਕੁਝ ਵੀ ਕੁਤਾਹੀ ਮੈਥੋਂ ਹੋਈ ਹੈ ਉਸਨੂੰ ਤੂੰ ਮੁਆਫ ਕਰਦੇ।

ਕੁਰਆਨ ਅਨੁਸਾਰ ਸੰਸਾਰ ਦੀ ਸਮੁੱਚੀ ਮਨੁਖ ਜਾਤੀ ਦਾ ਮੂਲ ਸਰੋਤ ਇਕੋ ਇਕ ਅੱਲਾਹ ਹੀ ਹੈ।ਸਭ ਬਰਾਬਰ ਹਨ ਅਤੇ ਉਸ ਸਰਬ ਕਲਾ ਭਰਪੂਰ ਅੱਲਾਹ ਦੇ ਹੀ ਪੈਦਾ ਕੀਤੇ ਹੋਏ ਹਨ।

ਅੱਲਾਹ ਨੂੰ ਇਹ ਗਲ ਬਿਲਕੁਲ ਚੰਗੀ ਨਹੀਂ ਲਗਦੀ ਕਿ ਮਨੁਖ ਜਾਤੀ ਦੇ ਲੋਕ ਆਪੋ ਵਿਚ ਊਚ-ਨੀਚ, ਸ੍ਰੇਸ਼ਟ-ਸੂਦਰ, ਜਾਂ ਸਵਰਨ-ਮਲੇਛ ਜਿਹੇ ਪੁਆੜੇ ਪਾਉਣ ਜਾਂ ਇਕ ਮਨੁਖੀ ਨਸਲ ਦੂਜੀ ਮਨੁਖੀ ਨਸਲ ਉਤੇ ਅਪਣੀ ਵਡਿਆਈ ਜਤਾਵੇ ਜਾਂ ਇਕ ਰੰਗ ਦੇ ਲੋਕ ਦੂਜੇ ਰੰਗ ਦੇ ਲੋਕਾਂ ਨੂੰ ਹੀਣਾ ਸਮਝਨ ਜਾਂ ਇਕ ਕੌਮ ਦੂਜੀ ਕੌਮ ਉਤੇ ਉਚੇਪਨ ਦਾ ਪ੍ਰਗਟਾਵਾ ਕਰੇ।ਅਜੇਹੀਆਂ ਸਭ ਗਲਾਂ ਅੱਲਾਹ ਨੂੰ ਉੱਕਾ ਹੀ ਪਸੰਦ ਨਹੀਂ ਹਨ।

ਅੱਲਾਹ ਨੇ ਮੁਹੰਮਦ ਸ: ਰਾਹੀਂ ਸਮੁਚੀ ਮਨੁਖਤਾ ਦੇ ਲੋਕਾਂ ਨੂੰ ਇਹ ਖਾਸ ਹਦਾਇਤ ਕੀਤੀ ਕਿ ਉਹ ਉਸ ਵਿਅਕਤੀ ਕੋਲੋਂ ਉਕਾ ਹੀ ਨਾ ਦਬਨ ਭਾਵ ਕਿਸੇ ਅਜੇਹੇ ਵਿਅਕਤੀ ਦੀ ਧੌਂਸ ਕਦੇ ਵੀ ਨਾ ਮੰਨਣ ਜੋ ਮਾਲ ਦੇ ਉਲਾਟ ਕਾਰਨ ਘੁਮੰਡੀ ਹੋ ਗਿਆ ਹੈ ਅਤੇ ਬਹੁਤੀਆਂ ਸਹੁੰਆਂ ਖਾਂਦਾ ਹੈ, ਮਿਹਣੇ ਦੇਂਦਾਂ ਹੈ, ਚੁਗਲਖੋਰੀਆਂ ਕਰਦਾ ਹੈ, ਭਲੇ ਕੰਮੋਂ ਰੋਕਦਾ ਹੈ, ਜ਼ੁਲਮ ਤੇ ਵਧੀਕੀਆਂ ਵਿਚ ਹਦੋਂ ਟਪਣ ਵਾਲਾ ਹੈ, ਮਹਾਂ ਦੁਰਾਚਾਰੀ ਅਤਿਆਚਾਰੀ ਦੇ ਨਾਲ ਨਾਲ ਨੀਚ ਵੀ ਹੈ ਅਤੇ ਜਿਸ ਨੂੰ ਜਦੋਂ ਸਾਡੀਆਂ ਆਇਤਾਂ ਸੁਨਾਈਆਂ ਜਾਂਦੀਆਂ ਹਨ ਤਾਂ ਕਹਿੰਦਾ ਹੈ ਕਿ ਇਹ ਤਾਂ ਪੁਰਾਣੇ ਸਮੇਂ ਦੀਆਂ ਕਹਾਣੀਆਂ ਹੀ ਹਨ।

ਅੱਲਾਹ ਅਜੇਹੇ ਘੁਮੰਡੀਆਂ ਅਤੇ ਦੁਰਾਚਾਰੀਆਂ ਦੀ ਸੁੰਡ 'ਤੇ ਦਾਘ ਲਾ ਕੇ ਉਹਨਾਂ ਨੂੰ ਇਕ ਦਿਨ ਸਦਾ ਲਈ ਹੀਣਾ ਕਰੇਗਾ।

ਹਜ਼ਰਤ ਮੁਹੰਮਦ ਸਾਹਿਬ ਨੇ ਫੁਰਮਾਇਆ,: "ਹੇ ਮਨੁਖ! ਜਿਹੜੀ ਭਲਾਈ ਤੈਨੂੰ ਪ੍ਰਾਪਤ ਹੈ ਉਹ ਅੱਲਾਹ ਦੀ ਹੀ ਕ੍ਰਿਪਾ ਨਾਲ ਹੁੰਦੀ ਹੈ ਅਤੇ ਜਿਹੜੀ ਔਕੜ ਤੇਰੇ ਤੇ ਆਉਂਦੀ ਹੈ ਉਹ ਤੇਰੀਆਂ ਅਪਣੀਆਂ ਕਰਨੀਆਂ ਸਦਕਾ ਹੈ"।

**ਅੱਲਾਹ ਦੀ ਨਬੀ ਸ: ਨੂੰ ਹਦਾਇਤ:**

ਹੇ ਨਬੀ! ਇਹ ਕਿਤਾਬ ਅਸਾਂ ਤੁਹਾਡੇ ਵਲ ਸਚਾਈ ਨਾਲ ਉਤਾਰੀ ਹੈ।ਸੋ ਤੁਸੀਂ ਧਰਮ ਨੂੰ ਅੱਲਾਹ ਲਈ ਨਿਖੇੜਦੇ ਹੋਏ ਉਸਦੀ ਹੀ ਬੰਦਗੀ ਕਰੋ।ਤੁਹਾਡੇ ਰੱਬ ਦੀ ਕਿਤਾਬ ਵਿਚੋਂ ਜੋ ਕੁਝ ਤੁਹਾਡੇ ਤੇ "ਵਹੀ" ਰਾਹੀਂ ਉਤਾਰਿਆ ਗਿਆ ਹੈ ਉਸਨੂੰ ਬਿਲਕੁਲ ਉਸੇ ਤਰ੍ਹਾਂ ਸੁਣਾ ਦਿਓ।ਕੋਈ ਉਸਦੇ ਬੋਲਾਂ ਨੂੰ ਬਦਲ ਦੇਣ ਦਾ ਅਧਿਕਾਰੀ ਨਹੀਂ ਹੈ ਅਤੇ ਜੇ ਤੁਸੀਂ ਕਿਸੇ ਲਈ ਉਸ ਵਿਚ ਅਦਲਾ

ਬਦਲੀ ਕਰੋਗੇ ਤਾਂ ਉਸਤੋਂ ਬਚਕੇ ਨਸਨ ਨਾਲ ਕੋਈ ਸ਼ਰਨ-ਸਥਾਨ ਨਹੀਂ ਲੱਭ ਸਕੋਗੇ।

ਹੇ ਨਬੀ! ਤੁਹਾਡੇ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਕੌਮਾਂ ਵਿਚ ਅਸੀਂ ਪੁਰਖ ਹੀ ਰਸੂਲ ਭੇਜੇ ਹਨ।ਅਤੇ ਪਹਿਲਾਂ ਵੀ ਇਹੋ ਹੁੰਦਾ ਰਿਹਾ ਹੈ ਕਿ ਸ਼ੈਤਾਨ ਨੇ ਉਹਨਾਂ ਕੌਮਾਂ ਦੀਆਂ ਕਰਤੂਤਾਂ ਉਹਨਾਂ ਨੂੰ ਸੋਹਣੀਆਂ ਕਰਕੇ ਵਿਖਾਈਆਂ ਅਤੇ ਰਸੂਲ ਦੀ ਗਲ ਉਹਨਾਂ ਕੌਮਾਂ ਨੇ ਉਕਾ ਹੀ ਨ ਮੰਨੀ।ਉਹੀ ਸ਼ੈਤਾਨ ਅੱਜ ਵੀ ਇਹਨਾਂ ਲੋਕਾਂ ਦਾ ਸਰਪ੍ਰਸਤ ਬਨਿਆ ਹੋਇਆ ਹੈ ਅਤੇ ਇਹ ਦੁਖਦਾਈ ਸਜ਼ਾ ਦੇ ਪਾਤਰ ਬਣ ਰਹੇ ਹਨ।

ਹੁਣ ਜੇਕਰ ਇਹ ਲੋਕ ਮੂੰਹ ਮੋੜਦੇ ਹਨ ਤਾਂ, ਹੇ ਨਬੀ! ਤੁਹਾਡੇ ਤੇ ਸਪੱਸ਼ਟ ਰੂਪ ਵਿਚ ਸਚਾਈ ਦਾ ਸੁਨੇਹਾ ਪੁਚਾ ਦੇਣ ਤੋਂ ਛੁਟ ਹੋਰ ਕੋਈ ਜ਼ੁਮੇਦਾਰੀ ਨਹੀਂ ਹੈ।ਤੁਹਾਡੇ ਜ਼ੁਮੇਂ ਇਹ ਸੇਵਾ ਨਹੀਂ ਲਾਈ ਗਈ ਕਿ ਜੋ ਇਸ ਤੋਂ ਮੁਨਕਰ ਹੋਣ ਉਹਨਾਂ ਨੂੰ ਜ਼ਰੂਰ ਜ਼ਬਰਦਸਤੀ ਮਨਾ ਕੇ ਛਡੋ ਅਤੇ ਉਹਨਾਂ ਅੰਦਰ ਈਮਾਨ ਉਤਾਰ ਕੇ ਹੀ ਰਹੋ।ਅਸਾਂ ਤੁਹਾਨੂੰ ਲੋਕਾਂ ਤੇ ਹੌਲਦਾਰ ਬਨਾ ਕੇ ਨਹੀਂ ਭੇਜਿਆ।

ਹੇ ਨਬੀ! ਸਬਰ ਨਾਲ ਕੰਮ ਕਰਦੇ ਰਹੋ ਅਤੇ ਤੁਹਾਡਾ ਇਹ ਸਬਰ ਤੋਂ ਕੰਮ ਲੈਣਾ ਅੱਲਾਹ ਦੀ ਮਦਦ ਨਾਲ ਹੀ ਹੈ।ਇਹਨਾਂ ਲੋਕਾਂ ਦੀਆਂ ਹਰਕਤਾਂ ਤੇ ਚਿੰਤਾ ਨਾ ਕਰੋ ਤੇ ਨਾ ਹੀ ਇਹਨਾਂ ਦੇ ਦਾਅ ਖੇਡਣ ਉਤੇ ਚਿਤ ਭੈੜਾ ਕਰੋ।

ਹੇ ਨਬੀ! ਅਸਾਂ ਇਹ ਪਵਿਤਰ ਕੁਰਆਨ ਇਸ ਲਈ ਨਹੀਂ ਉਤਾਰਿਆ ਕਿ ਤੁਸੀਂ ਬਿਪਤਾ ਵਿਚ ਫਸ ਜਾਓ।ਇਹ ਤਾਂ ਹਰੇਕ ਵਿਅਕਤੀ ਲਈ ਇਕ ਚਿਤਾਵਨੀ ਹੈ ਤਾਂ ਜੋ ਉਹ ਡਰੇ।ਇਸ ਲਈ ਹੇ ਨਬੀ! ਇਹਨਾਂ ਲੋਕਾਂ ਨੂੰ ਉਸ 'ਆਖਰਤ' ਦੇ ਦਿਹਾੜਿਓਂ ਖਬਰਦਾਰ ਕਰ ਦਿਓ ਜਦੋਂ ਕਿ ਅਸੀਂ ਹਰੇਕ ਉਮਤ (ਸਮੁਦਾਇ) ਵਿਚੋਂ ਉਸੇ ਵਿਚਲਾ ਇਕ ਗਵਾਹ ਖੜਾ ਕਰਾਂਗੇ ਜਿਹੜਾ ਉਸਦੇ ਮੁਕਾਬਲੇ ਤੇ ਗਵਾਹੀ ਦੇਵੇਗਾ ਅਤੇ ਇਹਨਾਂ ਲੋਕਾਂ ਦੇ ਮੁਕਾਬਲੇ ਤੇ ਗਵਾਹੀ ਦੇਣ ਲਈ ਅਸੀਂ ਤੁਹਾਨੂੰ ਲਿਆਵਾਂਗੇ (ਇਹ ਉਸ ਗਵਾਹੀ ਦੀ ਤਿਆਰੀ ਹੈ)।ਇਹ ਕਿਤਾਬ ਤੁਹਾਡੇ ਤੇ ਨਾਜ਼ਲ ਕਰ ਦਿਤੀ ਹੈ ਜਿਹੜੀ ਹਰੇਕ ਚੀਜ਼ ਦੀ ਸਪੱਸ਼ਟ ਰੂਪ ਵਿਚ ਵਿਆਖਿਆ ਕਰਨ ਵਾਲੀ ਹੈ।

ਹੇ ਨਬੀ! ਅਸੀਂ ਤੁਹਾਨੂੰ ਗਵਾਹੀ ਦੇਣ ਵਾਲਾ, ਖ਼ੁਸ਼ਖਬਰੀ ਸੁਨਾਉਣ ਵਾਲਾ, 'ਆਖਰਤ' ਭਾਵ ਕਿਆਮਤ ਦੇ ਦਿਹਾੜੇ ਤੋਂ ਡਰਾਉਣ ਵਾਲਾ, ਅੱਲਾਹ ਦੀ ਆਗਿਆ ਨਾਲ ਉਸ ਵਲ ਸੱਦਾ ਦੇਣ ਵਾਲਾ ਅਤੇ ਇਕ ਲਿਸ਼ਕਦਾ ਹੋਇਆ ਦੀਵਾ ਬਨਾ ਕੇ ਭੇਜਿਆ ਹੈ।

ਹੇ ਨਬੀ! ਲੋਕਾਂ ਨੂੰ ਆਖੋ ਕਿ ਮੈਂ ਤਾਂ ਤੁਹਾਡੇ ਜਿਹਾ ਹੀ ਇਕ ਮਨੁਖ ਹਾਂ।ਮੈਨੂੰ 'ਵਹੀ' ਰਾਹੀਂ ਦਸਿਆ ਜਾਂਦਾ ਹੈ ਕਿ ਤੁਹਾਡਾ ਇਸ਼ਟ ਤਾਂ ਬਸ ਇਕੋ ਇਕ ਅੱਲਾਹ ਹੀ ਹੈ।ਇਸ ਲਈ ਤੁਸੀਂ ਸਿਧੇ ਉਸੇ ਵਲ ਧਾਰਨਾ ਧਾਰੋ ਅਤੇ ਉਸ ਤੋਂ ਹੀ ਬਖਸ਼ੀਸ਼ ਮੰਗੋ।

ਅੱਲਾਹ ਤਆਲਾ ਨੇ ਸਾਫ ਕੀਤਾ ਕਿ ਨਬੀ, ਨਬੀ ਹੈ, ਰੱਬ ਨਹੀਂ ਹੈ ਕਿ ਉਸ ਤੋਂ ਕੋਈ ਭੁੱਲ ਨਾ ਹੋਵੇ।ਨਬੀ ਦਾ ਸਤਿਕਾਰ ਇਸ ਕਾਰਨ ਨਹੀਂ ਕਿ ਉਸ ਤੋਂ ਭੁਲ ਹੋਣੀ ਅਸੰਭਵ ਹੈ ਸਗੋਂ ਇਸ ਕਰਕੇ ਹੈ ਕਿ ਉਹ ਰੱਬੀ ਇਛਾ ਦਾ ਮੁਕੰਮਲ ਪ੍ਰਤੀਨਿਧ ਹੈ।

ਹੇ ਨਬੀ! ਕੋਈ ਸਮੁਦਾਇ ਸੰਸਾਰ ਵਿਚ ਐਸਾ ਨਹੀਂ ਹੋਇਆ ਜਿਸ ਵਿਚ ਅਸਾਂ ਕੋਈ ਚਿਤਾਵਨੀ ਦੇਣ ਵਾਲਾ ਨਾ ਭੇਜਿਆ ਹੋਵੇ।ਹੁਣ ਜੇਕਰ ਇਹ ਲੋਕ, ਹੇ ਨਬੀ! ਤੁਹਾਨੂੰ ਝੁਠਲਾਉਂਦੇ ਹਨ ਤਾਂ ਯਾਦ ਰਖੋ ਕਿ ਇਹਨਾਂ ਤੋਂ ਪਹਿਲਾਂ ਬੀਤੇ ਹੋਏ ਲੋਕ ਵੀ ਚਿਤਾਵਨੀ ਦੇਣ ਵਾਲਿਆਂ ਨੂੰ ਝੁਠਲਾ ਚੁਕੇ ਹਨ।

ਸੋ ਹੇ ਨਬੀ!ਤੁਸੀਂ ਕੇਵਲ ਉਹਨਾਂ ਲੋਕਾਂ ਨੂੰ ਸਾਵਧਾਨ ਕਰ ਸਕਦੇ ਹੋ ਜਿਹੜੇ ਅਨਡਿਠਿਆਂ ਅਪਣੇ ਰੱਬ ਕੋਲੋਂ ਡਰਦੇ ਹਨ ਤੇ ਨਮਾਜ਼ ਕਾਇਮ ਕਰਦੇ ਹਨ।ਤੁਸੀਂ ਉਹਨਾਂ ਲੋਕਾਂ ਨੂੰ ਨਹੀਂ ਸੁਣਾ ਸਕਦੇ ਜਿਹੜੇ ਕਬਰਾਂ ਵਿਚ ਦਬੇ ਪਏ ਹਨ (ਭਾਵ ਉਹ ਲੋਕ ਜਿਨਾ ਦੇ ਸੀਨਿਆਂ ਵਿਚ ਉਹਨਾਂ ਦੀ ਜ਼ਮੀਰ ਮਰ ਚੁਕੀ ਹੈ)। ਤੁਸੀਂ ਤਾਂ ਕੇਵਲ ਇਕ ਸਾਵਧਾਨ ਕਰਨ ਵਾਲੇ ਹੋ। ਅਸਾਂ ਤੁਹਾਨੂੰ ਖ਼ੁਸ਼ਖਬਰੀ ਦੇਣ ਤੇ ਡਰਾਉਣ ਵਾਲਾ ਬਨਾ ਕੇ ਭੇਜਿਆ ਹੈ।

ਹੇ ਨਬੀ! ਲੋਕਾਂ ਨੂੰ ਸਾਫ ਕਰ ਦਿਓ ਤੇ ਕਹੋ ਕਿ ਮੈਨੂੰ ਅੱਲਾਹ ਵਲੋਂ ਹੁਕਮ ਦਿਤਾ ਗਿਆ ਹੈ ਕਿ ਮੈਂ ਧਰਮ ਨੂੰ ਅੱਲਾਹ ਲਈ ਨਿਖੇੜ ਕੇ ਉਸਦੀ

ਤਾਬਿਆਦਾਰੀ ਕਰਾਂ ਅਤੇ ਸਭਨਾਂ ਤੋਂ ਪਹਿਲਾਂ ਮੈਂ ਖੁਦ ਆਪ ਮੁਸਲਿਮ (ਆਗਿਆਕਾਰੀ) ਬਨਾਂ ਅਤੇ ਇਕ ਅੱਲਾਹ ਅਪਣੇ ਰਬ ਦੀ ਵੀ ਬੰਦਗੀ ਕਰਾਂ।

ਹੇ ਨਬੀ! ਸਦਾ ਚੇਤੇ ਰਖੋ ਉਸ ਪ੍ਰਣ ਨੂੰ ਜੋ ਅਸਾਂ ਸਾਰੇ ਪੈਗੰਬਰਾਂ ਤੋਂ ਲਿਆ ਹੈ।ਤੁਹਾਥੋਂ ਵੀ ਅਤੇ ਰੂਹਿ, ਇਬਰਾਹੀਮ, ਮੂਸਾ ਤੇ ਮਰੀਅਮ ਦੇ ਪੁੱਤਰ ਈਸਾ ਤੋਂ ਵੀ।ਸਭਨਾਂ ਤੋਂ ਅਸੀਂ ਪਕਾ ਪ੍ਰਨ ਲੈ ਚੁਕੇ ਹਾਂ ਕਿ ਪੈਗੰਬਰ ਅੱਲਾਹ ਤਆਲਾ ਦੇ ਹਰ ਹੁਕਮ ਦੀ ਆਪ ਪਾਲਨਾ ਕਰੇਗਾ ਅਤੇ ਦੂਜਿਆ ਤੋਂ ਕਰਵਾਏਗਾ।ਅੱਲਾਹ ਤਆਲਾ ਦੀਆਂ ਗਲਾਂ ਨੂੰ ਬਿਨਾਂ ਵਾਧੇ ਘਾਟੇ ਤੋਂ ਲੋਕਾਂ ਤਕ ਪਹੁੰਚਾਏਗਾ ਅਤੇ ਅਮਲੀ ਤੌਰ ਤੇ ਉਹਨਾਂ ਨੂੰ ਲਾਗੂ ਕਰਨ ਦੇ ਯਤਨਾਂ ਵਿਚ ਕੋਈ ਢਿਲ ਜਾਂ ਸੰਕੋਚ ਨਹੀਂ ਕਰੇਗਾ।

ਅੱਲਾਹ ਨੇ ਨਬੀ ਨੂੰ ਨਿਰਦੇਸ਼ ਦਿਤਾ ਕਿ ਹੇ ਨਬੀ! ਧੀਰਜ ਤੋਂ ਕੰਮ ਲਓ! ਅੱਲਾਹ ਦਾ ਬਚਨ ਸਚਾ ਹੈ।ਅਪਣੀ ਭੁਲ ਬਖਸ਼ਾਉਣ ਲਈ ਸਦਾ ਦੁਆ ਮੰਗੋ ਅਤੇ ਸੰਝ ਸਵੇਰੇ ਅਪਣੇ ਰਬ ਦੀ ਉਸਤਤ ਦੇ ਨਾਲ ਨਾਲ ਉਸੇ ਦੀ ਤਸਬੀਹ ਕਰਦੇ ਰਹੋ।ਵੇਖੋ ਕਿਸੇ ਗਲ ਬਾਰੇ ਵੀ ਕਦੇ ਇਹ ਨਾ ਆਖਿਆ ਕਰੋ ਕਿ ਮੈਂ ਤਲਕੇ ਇਹ ਕੰਮ ਕਰ ਦਿਆਂਗਾ।ਹੇ ਨਬੀ! ਯਾਦ ਰਖੋ ਕਿ ਤੁਸੀਂ ਕੁਝ ਨਹੀਂ ਕਰ ਸਕਦੇ ਛੁਟ ਇਸ ਤੋਂ ਕਿ ਅੱਲਾਹ ਚਾਹੇ।ਜੇ ਭੁਲ ਚੁਕ ਨਾਲ ਅਜੇਹੀ ਗਲ ਮੂੰਹੋ ਨਿਕਲ ਜਾਵੇ ਤਾਂ ਝਟ ਅਪਣੇ ਰੱਬ ਨੂੰ ਯਾਦ ਕਰੋ।

ਹੇ ਨਬੀ! ਮੇਰੇ ਬੰਦਿਆਂ ਨੂੰ (ਈਮਾਨ ਵਾਲਿਆਂ ਨੂੰ) ਆਖ ਦਿਓ ਕਿ ਉਹ ਮੂੰਹੋਂ ਉਹ ਗਲ ਆਖਿਆ ਕਰਨ ਜਿਹੜੀ ਵਧੇਰੇ ਸੋਹਣੀ ਹੋਵੇ ਅਰਥਾਤ ਮੁਸਲਮਾਨ ਨੂੰ ਕੋਈ ਗਲ ਹਕ ਤੇ ਇਨਸਾਫ ਦੇ ਉਲਟ ਮੂਹੋਂ ਨਹੀਂ ਕਢਨੀ ਚਾਹੀਦੀ ਭਾਵੇਂ ਵਿਰੋਧੀ ਕਿਹੋ ਜਿਹੀਆਂ ਭੈੜੀਆਂ ਗਲਾਂ ਆਖਣ।

ਮੁਸਲਮਾਨ ਨੂੰ ਕਦੇ ਵੀ ਗੁਸੇ ਵਿਚ ਆ ਕੇ ਆਪੇ ਤੋਂ ਬਾਹਰ ਨਹੀਂ ਹੋਣਾ ਚਾਹੀਦਾ ਨ ਹੀ ਬੇਹੂਦਗੀ ਦਾ ਜਵਾਬ ਬੇਹੂਦਗੀ ਨਾਲ ਦੇਣਾ ਚਾਹੀਦਾ ਹੈ।ਮੁਸਲਮਾਨ ਨੂੰ ਹਮੇਸ਼ਾ ਠੰਢੇ ਦਿਲ ਨਾਲ ਉਹ ਗਲ ਆਖਣੀ ਚਾਹੀਦੀ ਹੈ ਜਿਹੜੀ ਠੀਕ ਤੇ ਸੰਤੁਲਤ ਹੋਵੇ।

ਹੇ ਨਬੀ, ਜੋ ਕਿਤਾਬ ਅਸਾਂ ਤੁਹਾਡੇ ਵਲ "ਵਹੀ" ਰਾਹੀਂ ਭੇਜੀ ਹੈ ਉਹੀਓ ਸੱਚੀ ਹੈ। ਇਹ ਪੁਸ਼ਟੀ ਕਰਦੀ ਹੋਈ ਆਈ ਹੈ ਸਾਰੀਆਂ ਉਹਨਾਂ ਪੁਸਤਕਾਂ ਦੀ ਜਿਹੜੀਆਂ ਇਸ ਤੋਂ ਪਹਿਲਾਂ ਆਈਆਂ ਹਨ।

ਹੇ ਨਬੀ! ਅਲੱਾਹ ਨਿਆਂ, ਉਪਕਾਰ ਤੇ ਸਾਕ ਸਬੰਧੀਆਂ ਦੀ ਹਮਾਇਤ ਕਰਨ ਦਾ ਆਦੇਸ਼ ਦੇਂਦਾ ਹੈ ਅਤੇ ਬੁਰਾਈ, ਅਸ਼ਲੀਲਤਾ, ਜ਼ੁਲਮ ਤੇ ਵਧੀਕੀ ਤੋਂ ਰੋਕਦਾ ਹੈ।

**"ਅੱਲਾਹ ਤੁਆਲਾ":**

ਅੱਲਾਹ ਉਹ ਸਦਾ ਜਿਉਂਦੀ ਜਾਗਦੀ ਹਸਤੀ (ਸ਼ਕਤੀ) ਹੈ ਜਿਸਨੇ ਸਮੁਚੀ ਸ੍ਰਿਸ਼ਟੀ ਨੂੰ ਸਾਂਭਿਆ ਹੋਇਆ ਹੈ।ਉਹ ਨਾ ਸੌਂਦਾ ਹੈ ਨਾ ਹੀ ਉਸਨੂੰ ਊਂਘ ਆਉਂਦੀ ਹੈ। ਉਹ ਸਦਾ ਜੀਵੰਤ ਹੈ ਅਤੇ ਕਦੇ ਵੀ ਮਰਨ ਵਾਲਾ ਨਹੀਂ।

ਅੱਲਾਹ ਹੈ ਇਕੋ ਇਕ। ਉਹ ਸਭ ਤੋਂ ਬੇਪਰਵਾਹ ਹੈ ਸਾਰੇ ਉਸਦੇ ਮਥਾਜ ਹਨਾਨ ਉਸਦੀ ਕੋਈ ਸੰਤਾਨ ਹੈ ਨ ਹੀ ਉਹ ਕਿਸੇ ਦੀ ਸੰਤਾਨ ਹੈ।ਹੋਰ ਕੋਈ ਉਸਦੇ ਜੋੜ ਦਾ ਜਾਂ ਬਰਾਬਰੀ ਦਾ ਨਹੀਂ ਹੈ।ਉਹ ਪਾਕ, ਨਿਰਲੇਪ ਤੇ ਉਚੇਰਾ ਹੈ ਅਤੇ ਡੂੰਗੀ ਸਿਆਣਪ ਵਾਲਾ ਹੈ।

ਅੱਲਾਹ ਦੀ ਨਜ਼ਰ ਵਿਚ ਧਰਮ ਕੇਵਲ ਇਸਲਾਮ ਹੈ।ਇਸਲਾਮ ਦੇ ਅਰਥ ਹਨ ਸੁਲਾਹ, ਸ਼ਾਂਤੀ, ਬੁਧੀਮਤਾ, ਸੁਰੱਖਿਆ। ਅਪਣੇ ਆਪ ਨੂੰ ਪੂਰੀ ਤਰ੍ਹਾਂ ਅੱਲਾਹ ਦੇ ਹਵਾਲੇ ਕਰ ਦੇਣ ਤੇ ਉਸਦੀ ਆਗਿਆ ਦਾ ਪਾਲਣ ਕਰਨ ਦਾ ਦੂਜਾ ਨਾਂ ਇਸਲਾਮ ਹੈ। ਹਜ਼ਰਤ ਮੁਹੰਮਦ ਸ: ਨੇ ਕਿਹਾ ਹੈ:

"ਇਸਲਾਮ ਗ੍ਰਹਿਣ ਕਰੋ ਤਬਾਹੀ ਤੋਂ ਬਚ ਜਾਉਗੇ"

ਆਪ ਜੀ ਨੇ ਇਹ ਵੀ ਕਿਹਾ ਹੈ ਕਿ "ਜਿਹੜਾ ਵਿਅਕਤੀ ਵੀ ਇਸ ਇਸਲਾਮ ਵਿਚ ਆਇਆ ਉਹ ਸਲਾਮਤ ਰਿਹਾ"।

ਅੱਲਾਹ ਅਤਿਅੰਤ ਪਵਿਤਰ, ਸੰਪੂਰਨ, ਸਲਾਮਤੀ ਤੇ ਅਮਨ ਦੇਣ ਵਾਲਾ, ਨਿਗਰਾਨ, ਸੁਰਖਿਅਕ, ਵਡਾ ਜ਼ੋਰਾਵਰ ਅਤੇ ਸਰਬਕਲਾ ਭਰਪੂਰ ਹੈ। ਅੱਲਾਹ ਵਡਾ ਸੁਣਣਹਾਰ ਤੇ ਵੇਖਣਹਾਰ ਹੈ। ਅੱਲਾਹ ਕੋਲ ਹੀ ਸੰਸਾਰਕ ਤੇ "ਆਖਰਤ" ਦੇ ਲਾਭ ਹਨ।

ਉਹ ਸਰਵ ਵਿਆਪੀ ਹੈ।ਜਿਸ ਪਾਸੇ ਵੀ ਤੁਸੀਂ ਮੂੰਹ ਕਰੋ ਉਸੇ ਪਾਸੇ ਅੱਲਾਹ ਹੀ ਅੱਲਾਹ ਹੈ।ਖ਼ੁਦਾ ਨੇ ਹਜ਼ਰਤ ਮੁਹੰਮਦ ਸ: ਸਾਹਿਬ ਨੂੰ ਫ਼ੁਰਮਾਇਆ, "ਨਖਨ ਅਕਬਰ ਵ ਅਲਾਹ ਮਿਨ ਹਿਬਲ ਵਰੀਦ", ਭਾਵ ਕਿ ਮੈਂ ਹਰ ਇਨਸਾਨ ਦੀ ਸ਼ਾਹ ਰਗ ਤੋਂ ਵੀ ਨੇੜੇ ਹਾਂ।

ਉਹ ਵਡਾ ਜ਼ੋਰਾਵਰ ਤੇ ਯੁਕਤੀਮਾਨ ਹੈ।ਸਾਰੀਆਂ ਸ਼ਕਤੀਆਂ ਅਤੇ ਸਮੂਹ ਅਧਿਕਾਰ ਅੱਲਾਹ ਦੇ ਹੱਥ ਵਿਚ ਹੀ ਹਨ।

ਉਹ ਸਰਵ-ਸ਼ਕਤੀਮਾਨ ਹੈ।ਉਸੇ ਨੇ ਅਨੰਤ ਆਕਾਸ਼ ਤੇ ਧਰਤੀਆਂ ਕਾਇਮ ਕੀਤੀਆਂ ਹਨ।ਸਮੂਹ ਚੰਨ, ਤਾਰੇ, ਸੂਰਜ, ਪਹਾੜ, ਸਮੁੰਦਰ, ਨਦੀਆਂ ਨਾਲੇ, ਬ੍ਰਹਸਪਤੀ, ਜੀਵ ਜੰਤ ਸਭ ਉਸੇ ਇਕੋ ਇਕ ਅੱਲਾਹ ਦੇ ਹੀ ਪੈਦਾ ਕੀਤੇ ਹੋਏ ਹਨ।ਉਹ ਸਭ ਨੂੰ ਰਿਜ਼ਕ ਦੇਂਦਾ ਹੈ ਅਤੇ ਸਭ ਦਾ ਪਾਲਨਹਾਰ ਹੈ।ਉਹ ਸਭ ਧਰਤੀਆਂ ਤੇ ਆਕਾਸ਼ਾਂ ਦਾ ਮਾਲਕ ਹੈ। ਉਸ ਦਾ ਰਾਜ ਜ਼ਮੀਨ ਤੇ ਅਸਮਾਨਾਂ 'ਤੇ ਛਾਇਆ ਹੋਇਆ ਹੈ।

ਉਹ ਸਰਵ-ਗਿਆਤਾ ਹੈ। ਕੋਈ ਚੀਜ਼ ਉਸ ਤੋਂ ਲੁਕੀ ਹੋਈ ਨਹੀਂ।ਉਸੇ ਕੋਲ ਹੀ ਗਾਇਬ ਦੀਆਂ ਕੁੰਜੀਆਂ ਹਨ ਜਿਨ੍ਹਾਂ ਨੂੰ ਉਸ ਤੋਂ ਛੁਟ ਕੋਈ ਨਹੀਂ ਜਾਨਦਾ। ਜਲ-ਥਲ ਵਿਚ ਜੋ ਕੁਝ ਵੀ ਹੈ ਸਭ ਕਾਸੇ ਤੋਂ ਉਹ ਜਾਣੂ ਹੈ।ਰੁਖ ਤੋਂ ਝੜਨ ਵਾਲਾ ਕੋਈ ਪਤਾ ਅਜੇਹਾ ਨਹੀਂ ਜਿਸਦਾ ਉਹਨੂੰ ਗਿਆਨ ਨਾ ਹੋਵੇ।ਧਰਤੀ ਦੇ ਹਨੇਰੇ ਪੜਦਿਆਂ ਵਿਚ ਕੋਈ ਦਾਣਾ ਅਜੇਹਾ ਨਹੀਂ ਜਿਸ ਤੋਂ ਉਹ ਸੂਚਿਤ ਨ ਹੋਵੇ।

ਅੱਲਾਹ ਸਰਬ-ਕਲਾ ਸਮਰਥ ਹੈ।ਉਸ ਨੇ ਬੜੀ ਯੁਕਤੀ ਅਤੇ ਸੰਭੀਰਤਾ ਨਾਲ ਸਾਰੇ ਬ੍ਰਹਮੰਡ ਦਾ ਢਾਂਚਾ ਧਰਤੀ ਤੇ ਆਕਾਸ਼, ਹਕ ਤੇ ਸਚਾਈ ਦੀਆਂ ਠੋਸ ਨੀਹਾਂ ਤੇ ਕਾਇਮ ਕੀਤਾ ਹੈ।

ਅੱਲਾਹ ਜੋ ਚਾਹੇ ਪੈਦਾ ਕਰਦਾ ਹੈ।ਉਹ ਜਦੋਂ ਕਿਸੇ ਕੰਮ ਨੂੰ ਕਰਨ ਦਾ ਨਿਰਨਾ ਕਰਦਾ ਹੈ ਤਾਂ ਕੇਵਲ ਏਨਾ ਹੀ ਆਖਦਾ ਹੈ ਕਿ 'ਹੋਜਾ' ਅਤੇ ਉਹ ਹੋ ਜਾਂਦਾ ਹੈ।

ਅੱਲਾਹ ਜਿਸ ਨੂੰ ਚਾਹੇ ਰਾਜ ਦੇਵੇ ਅਤੇ ਜਿਸ ਤੋਂ ਚਾਹੇ ਖੋਹ ਲਵੇ।ਜਿਸ ਨੂੰ ਚਾਹੇ ਸਤਿਕਾਰ ਬਖਸ਼ੇ ਅਤੇ ਜਿਸ ਨੂੰ ਚਾਹੇ ਰੁਸਵਾ ਕਰ ਦੇਵੇ।ਸਭ ਭਲਾਈ ਉਸ ਰਬ ਦੇ ਹਥ ਵਿਚ ਹੀ ਹੈ।ਉਹ ਆਕਾਸ਼ਾਂ ਤੇ ਧਰਤੀਆਂ ਦਾ ਨੂਰ ਹੈ।ਉਸਨੂੰ ਹਰੇਕ ਚੀਜ਼ ਦੀ ਸਮਰਥਾ ਪ੍ਰਾਪਤ ਹੈ।

ਅੱਲਾਹ ਦੇ ਗਿਆਨ 'ਚੋਂ ਕੋਈ ਚੀਜ਼ ਕਿਸੇ ਦੇ ਗਿਆਨ ਦੀ ਪਕੜ ਵਿਚ ਨਹੀਂ ਆ ਸਕਦੀ ਜਿੰਨੀ ਦੇਰ ਉਹ ਆਪ ਅੱਲਾਹ ਉਸ ਚੀਜ਼ ਦੀ ਜਾਣਕਾਰੀ ਕਿਸੇ ਨੂੰ ਨਾ ਦੇਣੀ ਚਾਹੇ।

ਅੱਲਾਹ ਕਿਸੇ ਜੀਅ ਉਤੇ ਉਸਦੀ ਵਿਤ ਤੋਂ ਵਧ ਜ਼ੁਮੇਵਾਰੀ ਨਹੀਂ ਪਾਉਂਦਾ।ਉਹ ਕਿਸੇ ਉਤੇ ਭੋਰਾ ਭੋਰ ਵੀ ਜ਼ੁਲਮ ਨਹੀਂ ਕਰਦਾ।

ਅੱਲਾਹ ਉਹ ਸਭ ਕੁਝ ਜਾਨਦਾ ਹੈ ਜਿਸਦਾ ਮਨੁਖ ਨੂੰ ਅਜੇ ਤਕ ਸੁਪਨੇ ਵਿਚ ਵੀ ਗਿਆਨ ਤਾਂ ਕੀ ਚਿਤ ਚੇਤਾ ਵੀ ਨਹੀਂ।ਤੁਸੀਂ ਅਪਣੇ ਮਨ ਦੀਆਂ ਗਲਾਂ ਚਾਹੇ ਜ਼ਾਹਰ ਕਰੋ ਜਾਂ ਨ ਕਰੋ ਪਰ ਅੱਲਾਹ ਹਰ ਹਾਲਤ ਵਿਚ ਉਨ੍ਹਾਂ ਦਾ ਲੇਖਾ ਜੋਖਾ ਲੈ ਲਵੇਗਾ।

ਉਹ ਜਿਸਨੂੰ ਚਾਹੇ ਖਿਮਾ ਬਖਸ਼ੇ।ਜਿਸਨੂੰ ਚਾਹੇ ਦੰਡ ਦੇਵੇ। ਅੱਲਾਹ ਤੁਹਾਡੇ ਹਰ ਗੁਨਾਹ ਅਤੇ ਪਾਪਾਂ ਨੂੰ ਜੇ ਚਾਹੇ ਤਾਂ ਮੁਆਫ ਕਰ ਸਕਦਾ ਹੈ।ਉਹ ਬੜਾ ਰਹਿਮ-ਦਿਲ ਹੈ।ਪਰ ਇਕ "ਸ਼ਿਰਕ" ਭਾਵ ਸ਼ਰੀਕ ਨੂੰ ਜਾਂ ਉਸ ਸ਼ਰੀਕ ਵਿਚ ਵਿਸਵਾਸ ਰਖਨ ਵਾਲੇ ਨੂੰ ਕਦਾਚਿਤ ਮੁਆਫ ਨਹੀਂ ਕਰਦਾ।

ਅੱਲਾਹ ਦੇ ਗੁਣਾ ਦਾ ਗੁਨਗਾਨ ਕਰਨਾ ਅਤਿ ਕਠਿਨ ਹੈ।ਕੁਰਆਨ ਅਨੁਸਾਰ ਦੁਨੀਆਂ ਭਰ ਦੇ ਸਮੁੰਦਰਾਂ ਦਾ ਪਾਣੀ ਮੇਰੇ ਅੱਲਾਹ ਦੀਆਂ ਗੱਲਾਂ ਭਾਵ ਉਸਦੇ ਕਾਰਜਾਂ ਅਤੇ ਕੁਸ਼ਲਤਾਵਾਂ ਅਤੇ ਉਸਦੀ ਕੁਦਰਤ ਦੇ ਅਜੂਬੇ ਤੇ ਯੁਕਤੀਆਂ ਲਿਖਨ ਲਈ ਜੇ ਸਿਆਹੀ ਬਣ ਜਾਵੇ ਤਾਂ ਸਮੁੰਦਰ ਦਾ ਪਾਣੀ ਮੁਕ ਜਾਵੇਗਾ ਪਰ ਮੇਰੇ ਰੱਬ ਦੀਆਂ ਉਸਤੁਤਿ ਭਰਪੂਰ ਗਲਾਂ ਮੁਕਣ ਵਿਚ ਨਹੀਂ ਆਉਣਗੀਆਂ।ਸਗੋਂ ਜੇ ਉਨੀਂ ਹੀ ਹੋਰ ਸਿਆਹੀ ਅਸੀਂ ਲੈ ਆਈਏ ਤਾਂ ਫੇਰ ਵੀ ਪੂਰੀ ਨਹੀਂ ਪਵੇਗੀ।

**ਨਮਾਜ਼:**

ਨਮਾਜ਼ ਇਸਲਾਮ ਧਰਮ ਦੀ ਆਤਮਾ ਹੈ।ਨਮਾਜ਼ ਨੂੰ ਤਸਬੀਹ ਵੀ ਕਿਹਾ ਗਿਆ ਹੈ ਜਿਸਦੇ ਅਰਥ ਹਨ ਚੇਹਰੇ (ਮੂੰਹ) ਦੇ ਭਾਰ ਵਿਛ ਜਾਣ।

ਨਮਾਜ਼ ਵਿਚ ਨਮਾਜ਼ੀ ਅੱਲਾਹ ਤੁਆਲਾ ਅਗੇ ਸਿਜਦੇ ਵਿਚ ਮੂੰਹ ਦੇ ਭਾਰ ਵਿਛ ਜਾਂਦਾ ਹੈ ਅਤੇ ਅੱਲਾਹ ਦੀ ਮਹਾਨਤਾ ਅਤੇ ਉਸਦੀ ਵਡਿਆਈ ਦਾ ਵਰਨਣ ਕਰਦਾ ਹੈ।

ਇਸਲਾਮ ਵਿਚ ਨਮਾਜ਼ ਤੇ ਬਹੁਤ ਜ਼ੋਰ ਦਿਤਾ ਗਿਆ ਹੈ ਤਾਂ ਜੋ ਈਮਾਨ ਵਾਲਿਆਂ ਵਿਚ ਧੀਰਜ, ਸਹਿਨਸ਼ੀਲਤਾ, ਨਿਮ੍ਰਤਾ, ਰੱਬ ਦੇ ਭਾਣੇ ਵਿਚ ਸਦਾ ਰਾਜ਼ੀ ਰਹਿਣਾ ਅਤੇ ਅਪਣੇ ਲੇਖੇ ਜੋਖੇ ਦੇ ਉਹ ਗੁਨ ਪੈਦਾ ਕਰਨੇ ਜਿਹੜੇ ਸਚ ਦੇ ਸੁਨੇਹੇ ਨੂੰ ਲੋਕਾਂ ਤਕ ਪਹੁਚਾਉਣ ਦੇ ਕਾਰਜ ਲਈ ਲੁੜੀਂਦੇ ਹਨ।

ਹਰ ਮੁਸਲਮਾਨ ਭਾਵ ਅੱਲਾਹ ਦੇ ਹੁਕਮਾਂ ਦੀ ਪਾਲਨਾ ਕਰਨ ਵਾਲਿਆਂ ਲਈ ਇਹ ਲਾਜ਼ਮੀ ਹੈ ਕਿ ਉਹ ਹਰ ਰੋਜ਼ ਇਕ ਦਿਨ ਵਿਚ ਪੰਜ ਵਾਰ ਨਮਾਜ਼ ਪੜ੍ਹਨ।ਰਾਤ ਵੇਲੇ ਕੁਝ ਚਿਰ ਸੌਂ ਕੇ ਉਠਣ ਤੇ ਨਮਾਜ਼ ਪੜ੍ਹਨ। ਇਸ ਨਮਾਜ਼ ਨੂੰ 'ਤਹੱਜਦ' ਦੀ ਨਮਾਜ਼ ਕਿਹਾ ਜਾਂਦਾ ਹੈ।ਰਾਤੀ ਉਠਨਾ ਮਨ ਨੂੰ ਵਸ ਵਿਚ ਕਰਨ ਲਈ ਬਹੁਤ ਪ੍ਰਭਾਵਕਾਰੀ ਹੈ।

ਅੱਲਾਹ ਦਾ ਹੁਕਮ ਹੈ ਕਿ ਅਪਣੀ ਨਮਾਜ਼ ਨੂੰ ਨਾ ਬਹੁਤੀ ਉਚੀ ਆਵਾਜ਼ ਨਾਲ ਪੜ੍ਹੋ ਤੇ ਨਾ ਹੀ ਬਹੁਤੀ ਹੌਲੀ ਆਵਾਜ਼ ਨਾਲ।ਨਮਾਜ਼ ਪੂਰੀ ਸੁਰਤ ਵਿਚ ਪੜ੍ਹੋ ਭਾਵ ਹੋਸ਼ ਵਿਚ ਪੜ੍ਹੋ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਮੂੰਹ ਤੋਂ ਕੀ ਕਹਿ ਰਹੇ ਹੋ।ਨਮਾਜ਼ ਸਤਿਕਾਰ ਵਾਲੀ ਮਸ਼ਰਕ ਵਲ ਮੂੰਹ ਕਰਕੇ ਪੜੋ।

ਨਸ਼ੇ ਦੀ ਹਾਲਤ ਵਿਚ ਜਾਂ ਨਾਪਾਕੀ ਦੀ ਹਾਲਤ ਵਿਚ ਨਮਾਜ਼ ਕਦੇ ਨਾ ਪੜ੍ਹੋ ।

ਸਫਰ ਦੀ ਹਾਲਤ ਵਿਚ ਚਾਰ ਰਕਾਂਤਾਂ ਦੀ ਥਾਂ ਦੋ ਰਕਾਤਾਂ ਪੜੀਆਂ ਜਾ ਸਕਦੀਆਂ ਹਨ।

ਜੰਗੀ ਦੀ ਹਾਲਤ ਵਿਚ ਸੰਖੇਪ ਨਮਾਜ਼ ਜਿਸ ਦੀ ਕੋਈ ਹੱਦ ਨਹੀ, ਪੜ੍ਹੀ ਜਾ ਸਕਦੀ ਹੈ।ਪਰ ਨਮਾਜ਼ ਪੜਨ ਦੇ ਨਿਯਤ ਸਮੇਂ ਤੇ ਅੱਲਾਹ ਨੂੰ ਯਾਦ ਜ਼ਰੂਰ ਕੀਤਾ ਜਾਵੇ।

'ਰਮਜ਼ਾਨ' (ਰੋਜ਼ੇ)

'ਰਮਜ਼ਾਨ' ਉਹ ਮਹੀਨਾ ਹੈ ਜਿਸ ਵਿਚ ਪਵਿਤਰ ਕੁਰਆਨ ਮਜੀਦ ਉਤਾਰਿਆ ਗਿਆ ਜੋ ਸਮੁੱਚੀ ਮਨੁਖਤਾ ਲਈ ਸਰਾਸਰ ਪਾਕ ਹਦਾਇਤਾਂ ਨਾਲ ਸਪੱਸ਼ਟ ਸਿਖਿਆਵਾਂ ਉਤੇ ਅਧਾਰਤ ਹੈ ਜੋ ਸਧਾ ਰਾਹ ਦਰਸਾਉਣ ਵਾਲੀਆਂ ਅਤੇ ਕੂੜ ਤੇ ਸੱਚ ਦਾ ਅੰਤਰ ਸਪੱਸ਼ਟ ਕਰ ਦੇਣ ਵਾਲੀਆਂ ਹਨ।

ਅੱਲਾਹ ਦੇ ਹਰ ਆਗਿਆਕਾਰੀ ਭਾਵ ਮੁਸਲਮਾਨ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਪੂਰੇ ਮਹੀਨੇ ਦੇ ਰੋਜ਼ੇ ਰਖੇ।ਇਸ ਨਾਲ ਪਰਹੇਜ਼ਗਾਰੀ ਦੇ ਗੁਣ ਪੈਦਾ ਹੋਣਗੇ।

ਕੁਰਆਨ ਅਨੁਸਾਰ ਰੋਜ਼ੇ ਦੇ ਦਿਨ ਸਾਰੇ ਕੰਮ ਛਡ ਕੇ ਰਾਤ ਤਕ ਅਪਣਾ ਰੋਜ਼ਾ ਪੂਰਾ ਕਰੋ।ਰਾਤ ਨੂੰ ਰੋਜ਼ਾ ਖਤਮ ਹੋਣ ਪਿਛੋਂ ਤੁਸੀਂ ਅਪਣੀਆਂ ਪਤਨੀਆਂ ਨਾਲ ਰਾਤ ਗੁਜ਼ਾਰ ਸਕਦੇ ਹੋ।ਰਾਤ ਨੂੰ ਖਾਓ-ਪੀਓ।

ਜੇ ਤੁਹਾਡੇ ਵਿਚੋਂ ਕੋਈ ਬੀਮਾਰ ਹੋਵੇ ਜਾਂ ਸਫਰ ਵਿਚ ਹੋਵੇ ਤਾਂ ਦੂਜੇ ਦਿਨਾਂ ਵਿਚ ਉਨੇ ਰੋਜ਼ਿਆਂ ਦੀ ਗਿਣਤੀ ਪੂਰੀ ਕੀਤੀ ਜਾ ਸਕਦੀ ਹੈ।

ਜਿਹੜੇ ਰੋਜ਼ਾ ਰਖਣ ਦੀ ਹਿੰਮਤ ਹੁੰਦਿਆਂ ਹੋਇਆਂ ਵੀ ਰੋਜ਼ਾ ਨਹੀ ਰਖਦੇ ਤਾਂ ਉਹ ਬਦਲਾ (ਫਿਦੀਆ) ਦੇਣ।ਇਕ ਰੋਜ਼ੇ ਦਾ ਬਦਲਾ ਇਕ ਮੁਥਾਜ ਨੂੰ ਭੋਜਨ ਕਰਾਉਣਾ ਹੈ।

ਚੰਗਾ ਇਹ ਹੀ ਹੈ ਕਿ ਹਰ ਮੁਸਲਮਾਨ ਪੂਰੀ ਦ੍ਰਿੜ੍ਹਤਾ ਨਾਲ ਅਤੇ ਪੂਰਨ ਸੰਕਲਪ ਨਾਲ ਰੋਜ਼ਾ ਰਖੇ।

ਕੁਰਆਨ ਅਨੁਸਾਰ ਇਸ ਤੋਂ ਇਲਾਵਾ ਹਰ ਮੁਸਲਮਾਨ ਨੂੰ ਇਹ ਸਖਤ ਹਦਾਇਤ ਹੈ ਕਿ ਇਕ ਈਮਾਨ ਵਾਲਾ ਦੂਜੇ ਈਮਾਨ ਵਾਲੇ ਨੂੰ ਕਦੇ ਵੀ ਕਤਲ ਨਾ ਕਰੇ।

ਪਰ ਜੇ ਗਲਤੀ ਨਾਲ ਅਜੇਹਾ ਹੋ ਜਾਵੇ ਤਾਂ ਕਤਲ ਕਰਨ ਵਾਲਾ ਇਕ ਮੋਮਨ ਗੁਲਾਮ ਨੂੰ ਆਜ਼ਾਦ ਕਰੇ ਅਤੇ ਮਿਰਤਕ ਦੇ ਵਾਰਸਾਂ ਨੂੰ ਅਰਥ ਦੰਡ ਦੇਵੇ।ਪਰ ਹਾਂ ਮਿਰਤਕ ਦੇ ਵਾਰਸ ਹਰਜਾਨਾ ਮੁਆਫ ਕਰ ਸਕਦੇ ਹਨ।

ਫਿਰ ਜਿਸ ਨੂੰ ਗੁਲਾਮ ਨ ਮਿਲੇ ਤਾਂ ਉਹ ਉਪਰੋਥਲੀ ਦੋ ਮਹੀਨਿਆਂ ਦੇ ਰੋਜ਼ੇ ਰਖੇ ਅਤੇ ਅੱਲਾਹ ਤੋਂ ਅਪਣੀ ਗਲਤੀ ਦਾ ਪਸਚਾਤਾਪ ਕਰੇ।ਰੋਜ਼ੇ ਲਗਾਤਾਰ ਰਖੇ ਜਾਣ। ਉਨਾਂ ਵਿਚਾਲੇ ਨਾਗਾ ਨ ਹੋਵੇ। ਜੇ ਕੋਈ ਬੰਦਾ ਕਿਸੇ ਖਾਸ ਮਜਬੂਰੀ ਤੋਂ ਬਿਨਾ ਇਕ ਰੋਜ਼ਾ ਵੀ ਵਿਚੋਂ ਛਡ ਦੇਵੇ ਤਾਂ ਉਹ ਨਵੇਂ ਸਿਰਿਓਂ ਰੋਜ਼ਿਆਂ ਦਾ ਸਿਲਸਿਲਾ ਸ਼ੁਰੂ ਕਰੇ।

ਇਸਲਾਮਿਕ ਜੀਵਨ ਦੇ ਦਸ ਸਿਧਾਂਤ

ਕੁਰਆਨ ਉਹ ਪਵਿਤਰ ਤੇ ਸਤਿਕਾਰਯੋਗ ਕਿਤਾਬ ਹੈ ਜੋ ਸਮੁਚੀ ਮਨੁਖਤਾ ਦਾ ਮਾਰਗ ਦਰਸ਼ਨ ਕਰਦਾ ਹੈ। ਪਾਕ ਕੁਰਆਨ ਮਨੁਖਤਾ ਲਈ ਉਹ ਸਿਧਾ ਰਾਹ ਦਰਸਾਉਂਦਾ ਹੈ ਜਿਸ ਤੇ ਚਲਨ ਨਾਲ ਸੰਸਾਰ ਵਿਚ ਕੁਫਰ ਦੀ ਵਿਵਸਥਾ ਨੂੰ ਮਿਟਾ ਕੇ ਇਸਲਾਮਿਕ ਵਿਵਸਥਾ ਕਾਇਮ ਕੀਤੀ ਜਾ ਸਕਦੀ ਹੈ।

ਹਰ ਮੁਸਲਮਾਨ ਨੂੰ ਨਿਮਨ 10 ਇਸਲਾਮਕ ਸਿਧਾਂਤ ਅਪਣੇ ਅਪਣੇ ਜੀਵਨ ਵਿਚ ਪਕਿਆਈ ਨਾਲ ਅਪਨਾਉਣੇ ਚਾਹੀਦੇ ਹਨ ਅਤੇ ਇਹਨਾਂ ਉਤੇ ਅਮਲ ਕਰਨਾ ਚਾਹੀਦਾ ਹੈ।

1. ਹਰ ਮਨੁਖ ਪਾਕ ਕੁਰਆਨ-ਮਜੀਦ ਵਿਚ ਦਿਤੀਆਂ ਸਿਖਿਆਵਾਂ ਨੂੰ ਦ੍ਰਿੜ੍ਹਤਾ ਨਾਲ ਪ੍ਰਵਾਨ ਕਰੇ ਅਤੇ ਕਰੜਾਈ ਨਾਲ ਅਪਣੇ ਜੀਵਨ ਵਿਚ ਉਹਨਾਂ ਦੀ ਪਾਲਣਾ ਕਰੇ। ਉਹਨਾਂ ਸਾਰੀਆਂ ਸਿਖਿਆਵਾਂ ਨੂੰ ਵੀ ਮਾਨਤਾ ਦੇਵੇ ਅਤੇ ਪਾਲਨਾ ਕਰੇ ਜਿਹੜੀਆਂ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ, ਮੂਸਾ, ਈਸਾ ਅਤੇ ਹੋਰਨਾਂ ਪੈਗੰਬਰਾ ਨੂੰ ਰੱਬ ਵਲੋਂ ਦਿਤੀਆਂ ਗਈਆਂ।ਸਚੇ ਮੁਸਲਮਾਨ ਉਹਨਾਂ ਵਿਚਾਲੇ ਕੋਈ ਵਿਤਕਰਾ ਨਹੀਂ ਕਰਦੇ।

2. ਹਰ ਮੁਨਖ ਦ੍ਰਿੜ੍ਹਤਾ ਨਾਲ ਇਹ ਵਿਸ਼ਵਾਸ ਕਰੇ ਕਿ ਅੱਲਾਹ ਕੇਵਲ ਇਕੋ ਹੀ ਹੈ।ਉਹ ਹੀ ਬੇਪਰਵਾਹ ਹੈ।ਬਾਕੀ ਸਭ ਉਸਦੇ ਮਥਾਜ ਹਨ।ਕੋਈ ਹੋਰ ਦੇਵੀ ਦੇਵਤਾ ਜਾਂ ਕੋਈ ਹੋਰ ਮੂਰਤੀ ਉਸਦੇ ਬਰਾਬਰ ਨਹੀਂ ਹੈ।ਇਸ ਲਈ ਸਵੇਰੇ

ਸ਼ਾਮ ਉਸੇ ਇਕੋ ਇਕ ਬੇਪਰਵਾਹ ਅਲਾੱਹ ਦੀ ਇਕਾਗਰ ਚਿਤ ਬੰਦਗੀ ਕੀਤੀ ਜਾਵੇ।

3. ਨਮਾਜ਼ ਕਾਇਮ ਕੀਤੀ ਜਾਵੇ।ਹਰ ਮਨੁਖ ਦਿਹਾੜੀ ਵਿਚ ਪੰਜ ਵਾਰ ਸਤਿਕਾਰ ਵਾਲੀ ਮਸੀਤ ਵਲ ਮੂੰਹ ਕਰਕੇ ਮੂੰਹ ਭਾਰ ਹੋ ਕੇ ਸਿਜਦੇ ਵਿਚ ਅੱਲਾਹ ਅੱਗੇ ਡੰਡੋਤ ਬੰਦਨਾ ਕਰੇ ਅਤੇ ਉਸ ਦੀ ਉਸਤਤ ਤੇ ਵਡਿਆਈ ਦਾ ਵਰਨਣ ਕਰੇ।

4. ਜ਼ਕਾਤ ਦਿਓ।ਹਰ ਮਨੁਖ ਅਪਣੀ ਮਰਜ਼ੀ ਨਾਲ ਅਪਣੀ ਕਮਾਈ ਵਿਚੋਂ ਕਢ ਕੇ ਅੱਲਾਹ ਦੇ ਦਰਸਾਏ ਸ਼ੁਭ ਕੰਮਾਂ ਵਿਚ ਖਰਚ ਕਰੇ।ਅਹਿਸਾਨ ਨਾ ਜਤਾਵੇ ਨਾ ਹੀ ਵਿਖਾਵਾ ਕਰੇ।ਨੇਕੀ ਕਮਾਉਣ ਦੇ ਲਾਲਚ ਵਿਚ ਦਿਤਾ ਜ਼ਕਾਤ ਕਿਸੇ ਕੰਮ ਨਹੀਂ ਆਉਂਦਾ।

5. ਨੇਕ ਕੰਮ ਕਰੋ ਅਤੇ ਅੱਲਾਹ ਦੀ ਨਰਾਜ਼ਗੀ ਤੋਂ ਬਚੋ।ਅਲੱਾਹ ਦੇ ਰਾਹ ਵਿਚ ਬਿਨਾਂ ਵਿਖਾਵਾ ਕੀਤੇ ਲੋੜਵੰਦਾਂ ਅਤੇ ਮੁਥਾਜਾਂ ਨੂੰ ਦਾਨ ਪੁੰਨ ਕਰੋ।ਜੋ ਪ੍ਰਨ ਕਰੋ ਪੂਰਾ ਕਰੋ।ਕਰੜਾਈ ਤੇ ਕਸ਼ਟ ਸਮੇਂ ਸਚਾਈ ਤੇ ਕੂੜ ਦੀ ਜੰਗ ਵਿਚ ਸਬਰ ਤੋਂ ਕੰਮ ਲਉ।ਕਿਸੇ ਨਾਲ ਵਿਸ਼ਵਾਸਘਾਤ ਨਾ ਕਰੋ।ਕਿਸੇ ਵਲੋਂ ਕੀਤਾ ਅਹਿਸਾਨ ਕਦੇ ਨਾ ਭੁਲੋ।ਕਿਸੇ ਕਿਸਮ ਦਾ ਹੰਕਾਰ ਨਾ ਕਰੋ।

6. ਸਦਾ ਇਨਸਾਫ਼ ਕਰੋ ਅਤੇ ਇਨਸਾਫ਼ ਦੀ ਗਲ ਕਰੋ।ਆਪੋ ਵਿਚ ਇਕ ਦੂਜੇ ਦੇ ਧਨ ਪਦਾਰਥ ਅਣਹੱਕੇ ਢੰਗ ਨਾਲ ਨ ਖਾਉ, ਸਦਾ ਗਲ ਸਿਧੀ ਤੇ ਸਾਫ਼ ਕਰੋ।ਕਦੇ ਸਚਾਈ ਤੋਂ ਪਾਸਾ ਨ ਵਟੋ।ਅਮਾਨਤਾਂ ਅਮਾਨਤ ਵਾਲਿਆਂ ਨੂੰ ਨੇਕ ਨੀਯਤ ਨਾਲ ਵਾਪਸ ਕਰੋ।ਜਦੋਂ ਲੋਕਾਂ ਵਿਚਾਲੇ ਫੈਸਲਾ ਕਰੋ ਤਾਂ ਨਿਆਪੂਰਵਕ ਕਰੋ ਭਾਵੇਂ ਕਿਸੇ ਨਾਲ ਨੇੜਤਾ ਹੋਵੇ ਜਾਂ ਦੁਸ਼ਮਨੀ।ਜੇ ਈਮਾਨ ਵਾਲੇ ਆਪੋ ਵਿਚ ਲੜ ਪੈਣ ਤਾਂ ਉਹਨਾਂ ਦੀ ਸੁਲਾਹ ਕਰਾਓ ਅਤੇ ਜੇ ਇਕ ਧੜਾ ਦੂਜੇ ਨਾਲ ਧਕਾ ਕਰੇ ਤਾਂ ਨਿਰਪੱਖ ਤੇ ਬੇਖੌਫ ਹੋ ਕੇ ਨਿਆਂ ਕਰੋ।ਮਿਣ ਕੇ ਦੇਣਾ ਹੋਵੇ ਤਾਂ ਮਿਣ ਕੇ ਪੂਰਾ ਦਿਓ।ਤੋਲ ਕੇ ਦੇਣਾ ਹੋਵੇ ਤਾਂ ਤਕੜੀ ਦੀ ਡੰਡੀ ਸਿਧੀ ਰਖ ਕੇ ਤੋਲਿਆ ਕਰੋ।ਹਰੇਕ ਨੂੰ ਉਸਦਾ ਪੂਰਾ ਹਕ ਦਿਓ।

7. ਹਰ ਇਕ ਨਾਲ ਸੋਹਣਾ ਵਰਤਾਰਾ ਕਰੋ।ਜੇਕਰ ਤੁਹਾਡੇ ਮਾਪਿਆਂ ਵਿਚੋਂ ਕੋਈ ਵਿਰਧ ਅਵੱਸਥਾਂ ਵਿਚ ਤੁਹਾਡੇ ਕੋਲ ਰਹੇ ਤਾਂ ਜ਼ਰਾ ਜਿੰਨੀ ਵੀ ਸੀ ਨ ਕਰੋ।ਨ ਹੀ ਉਹਨਾਂ ਨੂੰ ਕਦੇ ਝਿੜਕ ਕੇ ਉਤਰ ਦਿਓ।ਸਗੋਂ ਉਹਨਾਂ ਨਾਲ ਨਿਮਰਤਾ ਤੇ ਸਤਿਕਾਰ ਨਾਲ ਗੱਲ ਕੀਤਾ ਕਰੋ।ਉਹਨਾਂ ਅਗੇ ਸਦਾ ਨਿੱਵ ਕੇ ਹੀ ਰਹੋ ਅਤੇ ਉਹਨਾਂ ਦੀਆਂ ਇਲਾਹੀ ਅਤੇ ਅਨਮੁਲੀਆਂ ਅਸੀਸਾਂ ਹਾਸਲ ਕਰੋ।

8. ਜੀਵਨ ਵਿਚ ਨਰਮੀ ਤੇ ਖਿਮਾ ਦੀ ਨੀਤੀ ਅਪਨਾਓ। ਗਰੀਬੀ ਤੋਂ ਭੈਭੀਤ ਹੋ ਕੇ ਅਪਣੀ ਸੰਤਾਨ ਦੀ ਹਤਿਆ ਨਾ ਕਰੋ। ਅਸ਼ਲੀਲ ਗਲਾਂ ਅਤੇ ਅਸ਼ਲੀਲ ਕੰਮਾਂ ਦੇ ਨੇੜੇ ਨਾ ਜਾਓ।ਵਿਭਚਾਰ ਦੇ ਨੇੜੇ ਨ ਢੁਕੋ। ਕੁਰਆਨ ਵਿਭਚਾਰ, ਮੁੰਡੇਬਾਜ਼ੀ, ਨੰਗੇਜਪਣ, ਝੂਠਾ ਦੋਸ਼ ਥਪਣਾ। ਪਿਉ ਦੀ ਵਿਆਹੁਤਾ ਨਾਲ ਨਿਕਾਹ ਕਰਨਾ ਅਤੇ ਹਦੀਸ ਅਨੁਸਾਰ ਚੋਰੀ ਕਰਨਾ ਸ਼ਰਾਬ ਪੀਣਾ ਅਤੇ ਭੀਖ ਮੰਗਨਾਂ ਅਸ਼ਲੀਲ ਕੰਮਾਂ ਵਿਚ ਸ਼ਾਮਲ ਹੈ।

ਸਮਾਜ ਵਿਚ ਨਿਮਰਤਾ ਨਾਲ ਵਿਚਰੋ।ਧਰਤੀ ਤੇ ਆਕੜ ਕੇ ਨ ਤੁਰੋ।ਤੁਸੀਂ ਨ ਧਰਤੀ ਨੂੰ ਪਾੜ ਸਕਦੇ ਹੋ ਤੇ ਨ ਹੀ ਪਹਾੜਾਂ ਦੀ ਉਚਾਈ ਨੂੰ ਪੁਜ ਸਕਦੇ ਹੋ।

9. "ਆਖਰਤ" ਦੇ ਦਿਹਾੜੇ ਵਿਚ ਪੂਰਨ ਵਿਸ਼ਵਾਸ ਰਖੋ।ਉਸ ਦਿਹਾੜੇ ਅੱਲਾਹ ਦੀ ਸਵੱਲੀ ਨਜ਼ਰ ਹਾਸਲ ਕਰਨ ਲਈ ਜੀਵਨ ਨੂੰ ਸ਼ਾਤੀਪੂਰਵਕ ਸਰਬੱਤ ਦਾ ਭਲਾ ਮੰਗਦੇ ਹੋਏ ਖੁਸ਼ੀਆਂ ਨਾਲ ਹੰਢਾਓ।

ਜੇ ਕੋਈ ਆਦਰ ਸਤਿਕਾਰ ਨਾਲ ਤੁਹਾਨੂੰ ਸਲਾਮ ਕਰੇ ਤਾਂ ਉਸਨੂੰ ਉਸ ਤੋਂ ਵਧੇਰੇ ਸੋਹਣੇ ਢੰਗ ਨਾਲ ਜਵਾਬ ਦਿਉ।ਇਕ ਦੂਜੇ ਦਾ ਮਖੌਲ ਨ ਉਡਾਓ ਨ ਹੀ ਇਕ ਦੂਜੇ ਨੂੰ ਮਿਹਣੇ ਦਿਓ। ਇਸ਼ਾਰਿਆਂ ਵਿਚ ਕਿਸੇ ਦੀ ਨਿੰਦਾ ਨਾ ਕਰੋ।ਇਕ ਦੂਜੇ ਦੀ ਚੁਗਲੀ ਨ ਕਰੋ। ਇਕ ਦੂਜੇ ਦੀਆਂ ਤਰੁਟੀਆਂ ਨ ਲਭੋ।ਦੂਸਰਿਆਂ ਦੇ ਨਿਜੀ ਪੱਤਰ ਨਾ ਪੜੋ, ਨਾ ਹੀ ਦੋ ਬੰਦਿਆਂ ਦੀਆਂ ਗਲਾ ਕੰਨ ਲਾ ਕੇ ਸੁਣੋ।ਗਵਾਂਢੀਆਂ ਦੇ ਘਰਾਂ ਵਿਚ ਚੋਰੀ ਡਾਕਾ ਤੇ ਦੂਜਿਆ ਦੇ ਨਿਜੀ ਮਾਮਲਿਆਂ ਵਿਚ ਦਖਲ ਦੇਣਾ ਵਰਜਿਤ ਹੈ।

10. ਸ਼ੈਤਾਨ ਇਨਸਾਨੀਯਤ ਦਾ ਖੁਲ੍ਹਾ ਵੈਰੀ ਹੈ ਤੁਸੀਂ ਵੀ ਅਜੇਹੇ ਲੋਕਾਂ ਨੂੰ ਆਪਨਾ ਦੁਸ਼ਮਨ ਸਮਝੋ ਅਤੇ ਇਹਨਾਂ ਵਿਰੁਧ ਜੰਗ ਲਈ ਤਿਆਰ ਰਹੋ ਅਤੇ ਸਰਿਸ਼ਟੀ ਤੋਂ ਇਹਨਾਂ ਦੀ ਹੋਂਦ ਨੂੰ ਸਦਾ ਲਈ ਖਤਮ ਕਰਕੇ ਅੱਲਾਹ ਦੇ ਦਰਸਾਏ ਧਰਮ ਨੂੰ ਪੁਖਤਾ ਤੌਰ ਤੇ ਸਥਾਪਤ ਕਰੋ।

ਸ਼ੈਤਾਨ ਤੱਤੇ ਸੁਭਾ ਵਾਲੇ, ਜ਼ਾਲਮ ਅਤੇ ਧੋਖੇਬਾਜ਼ ਲੋਕ ਹਨ ਜੋ ਮਨੁਖਤਾ ਨੂੰ ਕੁਰਾਹੇ ਪਾਉਂਦੇ ਹਨ ਅਤੇ ਅਲੱਾਹ ਦੇ ਸਿਮਰਨ ਅਤੇ ਨਮਾਜ਼ ਕਾਇਮ ਕਰਨ ਤੋਂ ਰੋਕਦੇ ਹਨ।ਸਮਾਜ ਵਿਚ ਸੁਲਾਹ, ਸ਼ਾਂਤੀ, ਬੁਧੀਮਤਾ ਅਤੇ ਪੂਰਨ ਸੁਰਖਿਆ ਦਾ ਮਾਹੌਲ ਪੈਦਾ ਕਰਕੇ ਇਸਲਾਮਕ ਵਿਵੱਸਥਾ ਕਾਇਮ ਕਰਨ ਲਈ ਸ਼ੈਤਾਨਾਂ ਨੂੰ ਖਤਮ ਕਰਨਾ ਅਤਿ ਜ਼ਰੂਰੀ ਹੈ।

ਇਸਲਾਮ ਦੇ ਮੁਢਲੇ ਨਿਯਮ

ਕੁਰਆਨ ਅਨੁਸਾਰ ਇਸਲਾਮ ਦੇ ਨਿਮਨ ਲਿਖਤ ਮੁਢਲੇ ਨਿਯਮ ਹਨ ਜਿਨਾਂ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ।

(ੳ) ਧਾਰਮਕ (ਅ) ਸਮਾਜਕ (ੲ) ਆਰਥਕ

ਧਾਰਮਕ: ਧਾਰਮਕ ਤੌਰ ਤੇ ਜਿਹੜਾ ਧਰਮ ਕੁਰਆਨ ਮਜੀਦ ਨੇ ਮਨੁਖ ਜਾਤੀ ਨੂੰ ਦਿਤਾ ਉਸ ਦਾ ਆਧਾਰ ਤਿੰਨ ਪਕੇ ਤੇ ਦ੍ਰਿੜ੍ਹ ਵਿਸ਼ਵਾਸ ਹਨ:

ਪਹਿਲਾ "ਤੌਹੀਦ" ਰਬ ਨੂੰ ਇਕ ਮੰਨਣਾ। ਕਿਸੇ ਹੋਰ ਮੂਰਤੀ ਜਾਂ ਦੇਵੀ-ਦੇਵਤੇ ਨੂੰ ਉਸੇ ਇਕੋ ਇਕ ਅੱਲਾਹ ਦਾ ਸ਼ਰੀਕ ਜਾਂ ਸਾਂਝੀਦਾਰ ਨ ਬਨਾਉਣਾ।ਉਸੇ ਇਕ ਅੱਲਾਹ ਦੀ ਹੀ ਉਪਾਸਨਾ ਤੇ ਬੰਦਗੀ ਕਰਨਾ ਅਤੇ ਉਸੇ ਤੋਂ ਹੀ ਹਰ ਦੁਆ ਮੰਗਨਾ।

ਇਹ "ਤੌਹੀਦ" ਸੰਸਾਰ ਦੇ ਸਾਰੇ ਪੈਗੰਬਰਾਂ ਅਤੇ ਨਬੀਆਂ ਦੀਆਂ ਸਿਖਿਆਵਾਂ ਦਾ ਮੂਲ ਆਧਾਰ ਰਹੀ ਹੈ।

ਦੂਜਾ ਵਿਸ਼ਵਾਸ "ਰਸਾਲਤ" ਵਿਚ।ਰਸੂਲ, ਪੈਗੰਬਰ, ਨਬੀ ਉਹ ਵਿਅਕਤੀ ਹੈ ਜਿਹੜਾ ਰਸਾਲਤ ਦੇ ਪਦ ਤੇ ਨਿਯੁਕਤ ਹੋਵੇ।ਇਹਨਾ ਰਾਹੀਂ ਹੀ ਅੱਲਾਹ ਲੋਕਾਂ ਨੂੰ ਅਪਣਾ ਸਿਧਾ ਰਾਹ ਦਿਖਾਉਂਦਾ ਹੈ ਅਤੇ ਸੰਸਾਰ ਦੇ ਲੋਕਾਂ ਤਕ ਅਪਣਾ ਸੁਨੇਹਾ ਪਹੁੰਚਾਉਂਦਾ ਹੈ।ਇਸ ਲਈ ਇਸਲਾਮ ਵਿਚ ਹਰ ਮੁਸਲਮਾਨ

'ਰਸਾਲਤ' ਵਿਚ ਪੂਰਨ ਵਿਸ਼ਵਾਸ ਰਖਦਾ ਹੈ ਅਤੇ ਰਸੂਲ ਦੇ ਕਹੇ ਹਰ ਸ਼ਬਦ ਨੂੰ ਅੱਲਾਹ ਦਾ ਫੁਰਮਾਨ ਮੰਨਦਾ ਅਤੇ ਉਸਦਾ ਪਾਲਣ ਕਰਦਾ ਹੈ।

ਤੀਜਾ ਵਿਸ਼ਵਾਸ "ਆਖਰਤ" ਵਿਚ ਭਾਵ ਪਰਲੋਕ ਵਿਚ ਦ੍ਰਿੜ੍ਹ ਵਿਸ਼ਵਾਸ। ਕੁਰਆਨ ਅਨੁਸਾਰ ਵਰਤਮਾਨ ਲੋਕ ਦੀ ਮਿਆਦ ਸੀਮਤ ਤੇ ਨਿਸ਼ਚਿਤ ਹੈ। ਇਸਲਾਮਕ ਜੀਵਨ ਜਿਉਣ ਵਾਲੇ ਦਾ ਇਹ ਪਕਾ ਵਿਸ਼ਵਾਸ ਹੈ ਕਿ ਇਕ ਸਮਾਂ ਆਵੇਗਾ ਜਦੋਂ ਇਸ ਸ੍ਰਿਸ਼ਟੀ ਦੀ ਵਿਵੱਸਥਾ ਖਿੰਡ ਪੁੰਡ ਜਾਵੇਗੀ ਅਤੇ ਇਸ ਸੰਸਾਰ ਵਿਚ ਲੋਕਾਂ ਨੇ ਜਿਹੜਾ ਭਲਾ ਬੁਰਾ ਕੀਤਾ ਹੈ ਉਸ ਦਾ ਅੱਲਾਹ ਹਿਸਾਬ ਕਿਤਾਬ ਲਏਗਾ ਅਤੇ ਉਹਨਾ ਦੇ ਭਵਿੱਖ ਦਾ ਫੈਸਲਾ ਕਰੇਗਾ।

ਸਮਾਜਕ: ਸਮਾਜਕ ਤੌਰ ਤੇ ਅੱਲਾਹ ਦਾ ਅਪਣੇ ਆਗਿਆਕਾਰੀਆਂ ਭਾਵ ਮੁਸਲਮਾਨਾਂ ਲਈ ਇਹ ਫੁਰਮਾਣ ਹੈ ਜਿਸ ਵਿਚ ਅੱਲਾਹ ਦੇ ਹੁਕਮ ਨੂੰ ਮੰਨਣ ਵਾਲਿਆਂ ਦਾ ਪੂਰਨ ਵਿਸ਼ਵਾਸ ਹੈ :

ਕਿ ਸਮੂਚੀ ਮਨੁਖ ਜਾਤੀ ਇਕ ਹੈ।ਸਭ ਬਰਾਬਰ ਹਨ।ਸਭ ਦਾ ਇਕੋ ਹੀ ਮੂਲ ਹੈ।ਇਕ ਹੀ ਪੁਰਸ਼ ਤੇ ਇਕ ਹੀ ਇਸਤਰੀ ਕਰਕੇ ਪੂਰੀ ਮਨੁਖਤਾ ਹੋਂਦ ਵਿਚ ਆਈ ਹੈ।ਅਜੇ ਜਿਨੀਆਂ ਵੀ ਨਸਲਾਂ ਦੁਨੀਆ ਵਿਚ ਮਿਲਦੀਆਂ ਹਨ ਉਹ ਅਸਲ ਵਿਚ ਇਕੋ ਹੀ ਮੁਢਲੀ ਨਸਲ ਵਿਚੋਂ ਅੱਡ ਅੱਡ ਫੁਟੀਆਂ ਟਹਿਣੀਆਂ ਹਨ ਜਿਹੜੀ ਇਕ ਹੀ ਮਾਂ ਤੇ ਇਕ ਹੀ ਪਿਉ ਤੋਂ ਸ਼ੁਰੂ ਹੋਈ ਸੀ ।

ਅੱਲਾਹ ਫੁਰਮਾਉਂਦੇ ਹਨ ਕਿ ਅਪਣੇ ਮੂਲ ਪਖੋਂ ਇਕ ਹੋਣ ਦੇ ਬਾਵਜੂਦ ਤੁਹਾਡਾ ਜਾਤਾਂ ਗੋਤਾਂ ਵਿਚ ਵੰਡਿਆ ਜਾਣਾ ਇਕ ਸੁਭਾਵਕ ਗਲ ਸੀ । ਪਰ ਇਹ ਸੁਭਾਵਕ ਫਰਕ ਅਤੇ ਵਿਲਖਨਤਾ ਇਹ ਮੰਗ ਉਕਾ ਹੀ ਨਹੀਂ ਸੀ ਕਰਦੀ ਕਿ ਇਹਨਾਂ ਜਾਤਾਂ ਗੋਤਾਂ ਦੇ ਆਧਾਰ ਤੇ ਉਚ-ਨੀਚ, ਸਰੇਸ਼ਟ-ਸ਼ੂਦਰ, ਸਵਰਨ-ਮਲੇਛ ਦੇ ਪੁਆੜੇ ਪਾਏ ਜਾਨ ਅਤੇ ਇਕ ਨਸਲ ਦੂਜੀ ਨਸਲ ਉੱਤੇ ਅਪਣੀ ਵਡਿਆਈ ਜਤਾਏ। ਅੱਲਾਹ ਨੂੰ ਇਹ ਬਿਲਕੁਲ ਪਸੰਦ ਨਹੀਂ ਕਿ ਇਕ ਰੰਗ ਦੇ ਲੋਕ ਦੂਜੇ ਰੰਗ ਦੇ ਲੋਕਾਂ ਨੂੰ ਹੀਣਾ ਸਮਝਣ ਅਤੇ ਇਕ ਕੌਮ ਦੂਜੀ ਕੌਮ ਉਤੇ ਉਚੇਪੰਨ ਦਾ ਪ੍ਰਗਟਾਵਾ ਕਰੇ।

ਆਰਥਕ: ਕੁਰਆਨ ਅਨੁਸਾਰ ਇਸਲਾਮ ਭਾਈਚਾਰੇ ਅਤੇ ਰਾਜ ਦੀ ਆਰਥਕ ਨੀਤੀ ਦਾ ਇਹ ਮੁਢਲਾ ਨਿਯਮ ਹੈ ਕਿ ਧਨ ਦਾ ਫੇਰਾ-ਤੋਰਾ ਪੂਰੇ ਸਮਾਜ ਵਿਚ ਆਮ ਹੋਣਾ ਚਾਹੀਦਾ ਹੈ।

ਅੱਲਾਹ ਨੂੰ ਇਹ ਬਿਲਕੁਲ ਪਸੰਦ ਨਹੀਂ ਕਿ ਮਾਲ ਤੇ ਧਨ ਸਿਰਫ ਧਨੀ ਅਤੇ ਧਨਾਢ ਪੁਰਸ਼ਾਂ ਵਿਚ ਹੀ ਘੁੰਮਦਾ ਰਹੇ ਜਿਸ ਨਾਲ ਅਮੀਰ ਦਿਨ ਪ੍ਰਤੀ ਦਿਨ ਵਧੇਰੇ ਅਮੀਰ ਹੋ ਜਾਣ ਤੇ ਗਰੀਬ ਦਿਨ ਬਦਿਨ ਹੋਰ ਗਰੀਬ ਹੋ ਜਾਣ। ਅੱਲਾਹ ਸਭ ਨੂੰ ਬਰਾਬਰਤਾ ਦੇ ਆਧਾਰ ਤੇ ਖੁਸ਼ਹਾਲ ਅਤੇ ਪ੍ਰਫੁਲਤ ਦੇਖਣਾ ਚਾਹੁੰਦੇ ਹਨ।ਇਸਲਾਮ ਵਿਚ 'ਜ਼ਕਾਤ' ਦੇਣਾ ਹਰ ਮੁਸਲਿਮ ਲਈ ਲਾਜ਼ਮੀ ਕੀਤਾ ਹੈ।

ਮੁਸਲਿਮ ਜਾਂ ਆਗਿਆਕਾਰੀ :

ਮੁਸਲਿਮ ਨੂੰ ਆਗਿਆਕਾਰੀ ਵੀ ਕਹਿੰਦੇ ਹਨ।ਅਸਲ ਵਿਚ ਅੱਲਾਹ ਦੀ ਸਦਾ ਆਗਿਆ ਵਿਚ ਰਹਿਣ ਵਾਲਿਆਂ ਨੂੰ ਮੁਸਲਿਮ ਜਾਂ ਮੁਸਲਮਾਨ ਕਿਹਾ ਜਾਂਦਾ ਹੈ।ਇਹਨਾਂ ਲੋਕਾਂ ਦਾ ਇਸਲਾਮ ਵਿਚ ਪਕਾ ਵਿਸ਼ਵਾਸ ਹੈ।ਇਹ ਅੱਲਾਹ ਅਤੇ ਉਸ ਦੀਆਂ ਕੁਰਆਨ ਵਿਚ ਦਰਸਾਈਆਂ ਹਦਾਇਤਾਂ ਉਤੇ ਪੂਰਨ ਈਮਾਨ ਲਿਆਉਂਦੇ ਹਨ।

ਇਹ ਪਵਿਤਰ ਕੁਰਆਨ ਪਹਿਲਾਂ ਨਾਜ਼ਲ ਹੋ ਚੁੱਕੀਆਂ ਕਿਤਾਬਾਂ "ਤੌਰੇਤ", "ਅੰਜੀਲ" ਆਦਿ ਦੀ ਪੁਸ਼ਟੀ ਅਤੇ ਸਮਰਥਨ ਕਰਦਾ ਹੈ।

"ਤੌਰੇਤ" ਇਬਰਾਨੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਆਦੇਸ਼ ਤੇ ਕਾਨੂੰਨ।ਇਹ ਕਿਤਾਬ ਹਜ਼ਰਤ ਮੂਸਾ ਤੇ ਉਤਾਰੀ ਗਈ ਸੀ।

"ਇੰਜੀਲ" ਯੂਨਾਨੀ ਭਾਸ਼ਾ ਦਾ ਸ਼ਬਦ ਹੈ।ਇਸ ਦਾ ਅਰਥ ਹੈ ਸ਼ੁਭ ਸੂਚਨਾ।ਇਸ ਕਿਤਾਬ ਵਿਚ ਹਜ਼ਰਤ ਈਸਾ ਮਸੀਹ ਅੱਲਾਹ ਦੇ ਸਰਵਸ਼ਕਤੀਮਾਨ ਅਤੇ ਸਰਵਕਲਾ-ਸਮਰਥ ਹੋਣ ਦੀ ਸ਼ੁਭ ਸੂਚਨਾ ਸੰਸਾਰ ਦੇ ਲੋਕਾਂ ਨੂੰ ਦੇਂਦੇ ਹਨ ਅਤੇ ਏਸੇ ਕਿਤਾਬ ਵਿਚ ਹਜ਼ਰਤ ਮੁਹੰਮਦ ਸੱਲਲਾਹ ਅਲੈਹਿ ਵਸੱਲਮ ਦੇ ਆਉਣ ਦੀ ਵੀ ਸੂਚਨਾ ਹੈ।

ਮੁਸਲਮਾਨ ਅੱਲਾਹ ਦੀ ਉਸ ਹਰ ਹਦਾਇਤ ਦੀ ਦ੍ਰਿੜ੍ਹਤਾ ਨਾਲ ਪਾਲਨਾ ਕਰਦੇ ਹਨ ਜਿਹੜੀ ਇਬਰਾਹੀਮ, ਇਸਮਾਈਲ, ਇਸਹਾਕ, ਯਾਕੂਬ ਅਤੇ

ਯਾਕੂਬ ਦੀ ਸੰਤਾਨ ਵਲ ਭੇਜੀ ਗਈ ਸੀ ਅਤੇ ਜੋ ਮੂਸਾ, ਈਸਾ ਅਤੇ ਦੂਜੇ ਸਭ ਪੈਗੰਬਰਾਂ ਨੂੰ ਅੱਲਾਹ ਵਲੋਂ ਦਿਤੀ ਗਈ ਸੀ। ਕੁਰਆਨ ਮਜੀਦ ਨੇ ਹਰ ਮੁਸਲਮਾਨ ਲਈ ਇਹ ਲਾਜ਼ਮੀ ਕਰ ਦਿਤਾ ਹੈ ਕਿ ਉਹ ਸਾਰੇ ਨਬੀਆਂ ਤੇ ਈਮਾਨ ਲਿਆਵੇ ਅਤੇ ਉਹਨਾਂ ਪ੍ਰਤੀ ਅਪਣੇ ਦਿਲ ਵਿਚ ਸ਼ਰਧਾ ਤੇ ਪ੍ਰੇਮ ਰਖੇ।

ਇਸ ਲਈ ਮੁਸਲਿਮ ਉਹਨਾਂ ਸਾਰੇ ਨਬੀਆਂ ਅਤੇ ਪੈਗੰਬਰਾਂ ਵਿਚਕਾਰ ਕੋਈ ਭੇਦ ਭਾਵ ਨਹੀਂ ਵਰਤਦੇ ਅਤੇ ਸਦਾ ਅਪਣੇ ਜੀਵਨ ਵਿਚ ਅੱਲਾਹ ਦੇ ਆਗਿਆਕਾਰ ਬਨ ਕੇ ਰਹਿੰਦੇ ਹਨ। ਇਹ ਸਭ ਇਕੋ ਇਕ ਅੱਲਾਹ ਦੇ ਰੰਗ ਵਿਚ ਹੀ ਰੰਗੇ ਰਹਿੰਦੇ ਹਨ।

ਮੁਸਲਮਾਨ ਦੀ ਨਜ਼ਰ ਵਿਚ ਸੰਸਾਰ ਦੀਆਂ ਸਮੂਹ ਵਸਛੂਟਾਂ ਸੂਰਜ, ਚੰਦ, ਨਛਤਰ, ਹਵਾਵਾਂ, ਦਰਿਆ, ਸਮੁੰਦਰ, ਪਹਾੜ, ਆਕਾਸ਼, ਧਰਤੀ ਸਭ ਮੁਸਲਿਮ ਹਨ ਕਿਉਂਕਿ ਇਹ ਸਭ ਅੱਲਾਹ ਦੇ ਹੁਕਮਾਂ ਦੇ ਪਾਲਨ ਵਿਚ ਲਗੀਆਂ ਹੋਈਆਂ ਹਨ।

ਸਾਰੇ ਮੁਸਲਮਾਨ ਮੁੰਹਮਦ ਸ: ਦੇ ਕੁਰਆਨ ਰਾਹੀਂ ਦਰਸਾਏ ਰਾਹ ਤੇ ਚਲ ਕੇ ਅਪਣਾ ਜੀਵਨ ਬਿਤਾਉਂਦੇ ਹਨ। ਇਹ ਜਿਥੇ ਵੀ ਹੋਣ ਹਰ ਹਾਲਤ ਵਿਚ ਹਰ ਦਿਨ ਪੰਜ ਵਾਰ "ਸਤਿਕਾਰ ਵਾਲੀ ਮਸੀਤ" ਵਲ ਮੂੰਹ ਕਰਕੇ ਨਮਾਜ਼ ਕਾਇਮ ਕਰਦੇ ਹਨ ਅਤੇ ਡੰਡੋਤ ਬੰਧਨਾ ਕਰਕੇ ਅੱਲਾਹ ਦੀਆਂ ਵਡਿਆਈਆਂ ਦੀ ਉਸਤਤ ਕਰਦੇ ਹਨ।ਇਹ ਇਕੋ ਇਕ ਅੱਲਾਹ ਤੋਂ ਛੁਟ ਕਿਸੇ ਹੋਰ ਦੇਵੀ ਦੇਵਤੇ ਜਾਂ ਮੂਰਤੀ ਆਦਿ ਦੀ ਬੰਦਗੀ ਨਹੀਂ ਕਰਦੇ। "ਆਖਰਤ" ਭਾਵ ਕਿਆਮਤ ਦੇ ਦਿਹਾੜੇ ਵਿਚ ਇਹਨਾਂ ਦਾ ਅਟਲ ਵਿਸ਼ਵਾਸ ਹੈ। ਇਹ ਅਪਣਾ ਜੀਵਨ ਅੱਲਾਹ ਦੇ ਦਰਸਾਏ ਸਿਧੇ ਰਾਹ ਭਾਵ ਨਿਮ੍ਰਤਾ, ਸਚਾਈ ਅਤੇ ਇਨਸਾਫ ਦੇ ਸਿਧਾਂਤਾਂ ਤੇ ਅਧਾਰਤ ਬਿਤਾਉਂਦੇ ਹਨ। ਇਹ 'ਜ਼ਕਾਤ' ਦੇਂਦੇ ਹਨ। ਹਰ ਸਾਲ ਰਮਜ਼ਾਨ ਦੇ ਮਹੀਨੇ ਰੋਜ਼ੇ ਰਖਦੇ ਹਨ।ਇਹ ਅਪਣੇ ਮਾਂ ਬਾਪ, ਸਾਕ ਸਬੰਧੀਆਂ, ਯਤੀਮਾਂ ਅਤੇ ਮੁਥਾਜਾਂ ਨਾਲ ਸੋਹਣਾ ਵਿਹਾਰ ਕਰਦੇ ਹਨ।

ਇਹ ਸ਼ੈਤਾਨ ਦੇ ਦਰਸਾਏ ਰਾਹ ਤੇ ਨਹੀਂ ਚਲਦੇ ਅਤੇ ਉਸ ਨੂੰ ਅਪਣਾ ਖੁਲਾ ਦੁਸ਼ਮਣ ਮੰਨਦੇ ਹਨ ਅਤੇ ਇਸ ਧਰਤੀ ਤੋਂ ਸ਼ੈਤਾਨ ਨੂੰ ਜੜ੍ਹੋ ਖਤਮ ਕਰਨ ਲਈ ਸਦਾ ਜਹਾਦ ਕਰਨ ਵਾਸਤੇ ਤਿਆਰ ਰਹਿੰਦੇ ਹਨ।

ਮੁਸਲਮਾਨ ਦਾ ਅਟੱਲ ਵਿਸ਼ਵਾਸ ਹੈ ਕਿ ਅੱਲਾਹ ਦੇ ਹੁਕਮ ਵਿਚ ਚਲਨ ਵਾਲਿਆਂ (ਆਗਿਆਕਾਰੀਆਂ) ਦਾ ਟਿਕਾਣਾ ਜੰਨਤ ਹੋਵੇਗਾ ਅਤੇ ਸ਼ੈਤਾਨ ਭਾਵ ਅੱਲਾਹ ਦੇ ਵਿਰੋਧੀਆਂ ਨੂੰ ਜਹੰਨਮ (ਨਰਕ) ਵਿਚ ਸੁਟ ਦਿੱਤਾ ਜਾਵੇਗਾ।

**ਸ਼ੈਤਾਨ**

ਸ਼ੈਤਾਨ ਦੇ ਸ਼ਬਦੀ ਅਰਥ ਹਨ ਧੋਖੇਬਾਜ਼, ਕੁਫਰ ਤੋਲਣ ਵਾਲਾ, ਬਾਗੀ ਬੇਰਹਿਮ, ਤੇਜ਼ ਤਿਖੇ ਸੁਭਾ ਵਾਲਾ, ਲੋਕਾਂ ਨੂੰ ਸਿਧੇ ਰਾਹ ਤੋਂ ਭਟਕਾ ਕੇ ਕੁਰਾਹੇ ਪਾਉਣ ਵਾਲਾ ਇਬਲੀਸ ਜਿੰਨ।

ਇਹ ਮਾੜੇ ਗੁਨ ਕਿਸੇ ਜਿੰਨ ਵਿਚ ਵੀ ਹੋ ਸਕਦੇ ਹਨ ਤੇ ਮਨੁਖ ਵਿਚ ਵੀ।

ਇਬਲੀਸ ਫਰਿਸ਼ਤਾ ਨਹੀਂ ਸੀ। ਫਰਸ਼ਿਤੇ ਤਾਂ ਜਮਾਂਦਰੂ ਹੀ ਅੱਲਾਹ ਦੇ ਆਦੇਸ਼ਾਂ ਅਤੇ ਹੁਕਮਾਂ ਵਿਚ ਚਲਣ ਵਾਲੇ ਆਗਿਆਕਾਰੀ ਹਨ।ਪਰ "ਇਬਲੀਸ" ਉਹ ਜਿੰਨ ਸੀ ਜਿਸਨੇ ਅੱਲਾਹ ਦੇ ਆਦੇਸ਼ ਦੀ ਉਲੰਘਣਾ ਕਰਕੇ ਹਜ਼ਰਤ ਆਦਮ ਅ: ਦੇ ਅਗੇ ਝੁਕਣ ਤੋਂ ਨਾਂਹ ਕਰ ਦਿਤੀ ਤੇ ਫਿਰ ਇਹ ਨਿਸ਼ਚਾ ਕੀਤਾ ਕਿ ਉਹ ਆਦਮ ਦੀ ਸੰਤਾਨ ਨੂੰ ਸਚੇ ਰਾਹ ਤੋਂ ਰੋਕਣ ਦਾ ਯਤਨ ਸਦਾ ਕਰਦਾ ਰਹੇਗਾ।ਇਸ ਲਈ ਇਬਲੀਸ ਨੂੰ ਸ਼ੈਤਾਨ ਸਮਝਿਆ ਜਾਂਦਾ ਹੈ।

ਅੱਲਾਹ ਨੇ ਜਦੋਂ ਆਦਮੀ ਨੂੰ ਮਿਟੀ ਦੇ ਗਾਰੇ ਤੋਂ ਬਨਾਇਆ ਉਸ ਸਮੇਂ ਅੱਲਾਹ ਨੇ ਫਰਿਸ਼ਤਿਆਂ ਅਤੇ ਇਬਲੀਸ ਜਿੰਨ ਨੂੰ ਕਿਹਾ ਕਿ ਮੈਂ ਮਿਟੀ ਤੋਂ ਇਕ ਮਨੁਖ ਦੀ ਰਚਨਾ ਕਰਨ ਵਾਲਾ ਹਾਂ। ਫੇਰ ਮੈਂ ਜਦੋਂ ਉਸ ਨੂੰ ਪੂਰੀ ਤਰ੍ਹਾਂ ਬਣਾਂ ਦਿਆਂ ਅਤੇ ਉਸ ਵਿਚ ਅਪਣੀ ਰੂਹ ਪਾ ਦਿਆ ਤਾਂ ਤੁਸੀਂ ਸਾਰੇ ਉਸਦੇ ਅਗੇ ਸਿਜਦਾ ਕਰਨਾ"।

ਜਦੋਂ ਅੱਲਾਹ ਨੇ ਅਜੇਹਾ ਕੀਤਾ ਤਾਂ ਫਰਿਸ਼ਤੇ ਸਿਜਦੇ ਵਿਚ ਮਨੁਖ ਦੇ ਅਗੇ ਡਿਗ ਪਏ।ਪਰ ਇਬਲੀਸ ਜਿੰਨ ਅਪਣੇ ਸ਼ੈਤਾਨੀ ਮਾੜੇ ਗੁਣਾਂ ਸਦਕਾ ਅਤੇ

ਅਪਣੀ ਵਡਿਆਈ ਦੇ ਹੰਕਾਰ ਵਿਚ ਆ ਕੇ ਉਸਨੇ ਅੱਲਾਹ ਦੇ ਹੁਕਮ ਨੂੰ ਮੰਨਣ ਤੋ ਇਨਕਾਰ ਕਰ ਦਿਤਾ ਤੇ ਬਾਗੀ ਹੋ ਗਿਆ ਤੇ ਕਹਿਣ ਲਗਾ ਕਿ 'ਮੈ ਮਿੱਟੀ ਤੋ ਬਣਾਏ ਹੋਏ ਮਨੁਖ ਨਾਲੋ ਚੰਗੇਰਾ ਹਾਂ ਕਿਉਂਕਿ ਮੈਨੂੰ ਅੱਗ ਤੋਂ ਬਣਾਇਆ ਗਿਆ ਹੈ'।

ਅੱਲਾਹ ਤੁਆਲਾ ਨੂੰ ਇਬਲੀਸ ਦੀ ਇਹ ਗਲ ਚੰਗੀ ਨ ਲਗੀ। ਅੱਲਾਹ ਨੇ ਇਬਲੀਸ ਨੂੰ ਫਿਟਕਾਰ ਪਾਈ ਤੇ ਉਥੋਂ ਕਢ ਦਿਤਾ।ਇਬਲੀਸ ਨੇ ਅਪਣੀ ਬੇਇਜ਼ਤੀ ਮਹਿਸੂਸ ਕੀਤੀ ਤੇ ਉਥੋਂ ਜਾਂਦੇ ਹੋਏ ਨੇ ਕਿਹਾ ਕਿ 'ਮੈਂ ਪ੍ਰਨ ਕਰਦਾ ਹਾਂ ਕਿ ਅੱਜ ਤੋਂ ਮੈਂ ਆਦਮ ਜ਼ਾਤ ਵਿਚ ਅਜੇਹੇ ਸ਼ੈਤਾਨੀ ਔਗੁਨ ਪੈਦਾ ਕਰਾਂਗਾ ਅਤੇ ਉਹਨਾਂ ਨੂੰ ਅਜੇਹਾ ਵਹਿਮਾਂ ਤੇ ਭਰਮਾਂ ਵਿਚ ਪਾਵਾਂਗਾ ਕਿ, ਹੇ ਰਬਾ! ਉਹ ਸਾਰੇ ਤੇਰੇ ਤੋਂ ਬਾਗੀ ਹੋ ਜਾਣਗੇ ਤੇ ਤੇਰੇ ਬਰਾਬਰ ਹੋਰ ਇਸ਼ਟਾਂ ਦੀ ਪੂਜਾ ਕਰਨਗੇ ਅਤੇ ਬੇਰਹਿਮ, ਧੋਖੇਬਾਜ਼, ਝੂਠੇ ਅਤੇ ਤੇਜ਼ ਤਿਖੇ ਤੱਤੇ ਸੁਭਾ ਵਾਲੇ ਹੋਣਗੇ ਜੋ, ਹੇ ਰੱਬਾ! ਤੇਰੇ ਦਰਸਾਏ ਸਚੇ ਰਾਹ ਤੋਂ ਉਲਟ ਚਲਣਗੇ'।

ਇਸ ਤਰ੍ਹਾਂ ਉਸ ਦਿਨ ਤੋਂ ਇਬਲੀਸ ਜਿੰਨ ਨੇ ਆਪਣੇ ਕੀਤੇ ਪ੍ਰਨ ਅਨੁਸਾਰ ਸੰਸਾਰ ਵਿਚ ਅੱਲਾਹ ਦੇ ਦਰਸਾਏ ਸਚੇ ਰਾਹ ਤੇ ਚਲਣ ਵਾਲਿਆਂ ਵਿਰੁਧ ਇਕ ਉਹ ਧੜਾ ਖੜਾ ਕਰ ਦਿਤਾ ਜਿਨ੍ਹਾਂ ਨੂੰ ਸ਼ੈਤਾਨ ਕਿਹਾ ਜਾਂਦਾ ਹੈ।

ਸ਼ੈਤਾਨ ਉਹ ਲੋਕ ਹਨ ਜੋ ਅੱਲਾਹ ਦੀ ਹੋਂਦ ਅਤੇ ਹਸ਼ਰ ਦੇ ਦਿਹਾੜੇ ਵਿਚ ਵਿਸ਼ਵਾਸ ਨਹੀ ਰਖਦੇ। ਇਨ੍ਹਾਂ ਦਾ ਕੰਮ ਮਨੁਖਤਾ ਨੂੰ ਕੁਰਾਹੇ ਪਾਉਣਾ ਅਤੇ ਗਲਤ ਅਤੇ ਅਸ਼ਲੀਲ ਕੰਮਾਂ ਅਤੇ ਗਲਾਂ ਵਲ ਫਸਾਉਣਾ ਹੈ।ਇਹ ਸ਼ਰਾਬ, ਜੂਏ ਅਤੇ ਹੋਰ ਭੈੜੀਆਂ ਆਦਤਾਂ ਰਾਹੀਂ ਸਮਾਜ ਵਿਚ ਇਕ ਦੂਜੇ ਵਿਰੁਧ ਵਿਰੋਧ ਪੈਦਾ ਕਰਦੇ ਹਨ ਅਤੇ ਅੱਲਾਹ ਦੇ ਸਿਮਰਨ ਅਤੇ ਨਮਾਜ਼ ਤੋਂ ਰੋਕਦੇ ਹਨ।ਇਹ ਲੋਕਾਂ ਨੂੰ ਭਰਮਾਂ ਵਹਿਮਾਂ ਵਿਚ ਪਾ ਕੇ ਅੱਲਾਹ ਦੇ ਦਰਸਾਏ ਸਿਧੇ ਰਾਹ ਤੇ ਚਲਣ ਤੋਂ ਰੋਕਦੇ ਹਨ।

ਇਸ ਲਈ ਅੱਲਾਹ ਨੇ ਫੁਰਮਾਇਆ ਕਿ ਸ਼ੈਤਾਨ ਇਨਸਾਨੀਅਤ ਦਾ ਖੁਲ੍ਹਾ ਦੁਸ਼ਮਨ ਹੈ ਅਤੇ ਅੱਲਾਹ ਨੇ ਹਦਾਇਤ ਕੀਤੀ ਕਿ ਲੋਕ ਸ਼ੈਤਾਨ ਨੂੰ ਅਪਣਾ ਦੁਸ਼ਮਨ ਸਮਝਨ ਤੇ ਇਸਦੇ ਵਿਰੁਧ ਜਹਾਦ (ਜੰਗ) ਲਈ ਸਦਾ ਤਿਆਰ ਰਹਿਣ

ਅਤੇ ਸ੍ਰਿਸਟੀ ਤੋਂ ਸੈਤਾਨਾਂ ਦੀ ਹੋਂਦ ਨੂੰ ਸਦਾ ਲਈ ਖਤਮ ਕਰਕੇ ਅਲਾੱਹ ਦੇ ਦਰਸਾਏ ਧਰਮ ਨੂੰ ਪੁਖਤਾ ਤੌਰ ਤੇ ਸਥਾਪਤ ਕਰਨ।

ਅੱਲਾਹ ਨੇ ਅਗੇ ਫੁਰਮਾਇਆ ਕਿ ਸੈਤਾਨ ਦੇ ਸਾਰੇ ਵਾਅਦੇ, ਛਲ, ਕਪਟ ਤੋਂ ਛੁਟ ਹੋਰ ਕੁਝ ਨਹੀਂ ਹਨ ਅਤੇ ਇਹਨਾਂ ਲੋਕਾਂ ਦਾ ਟਿਕਾਨਾ ਨਰਕ ਹੈ।

**ਸ਼ਰੀਕ ਜਾਂ ਸ਼ਿਰਕ ਜਾਂ ਮੁਸ਼ਰਿਕ:**

ਸਮਾਜ ਵਿਚ ਸ਼ਰੀਕ ਉਹ ਲੋਕ ਹਨ ਜਿਹੜੇ ਅੱਲਾਹ ਨੂੰ ਹੀ ਇਕੋ ਇਕ ਇਸ਼ਟ ਨਹੀਂ ਮੰਨਦੇ।ਸਗੋਂ ਇਹਨਾਂ ਦਾ ਵਿਸਵਾਸ ਹੈ ਕਿ ਅੱਲਾਹ ਤੋਂ ਇਲਾਵਾ ਹੋਰ ਵੀ ਦੇਵੀ ਦੇਵਤਿਆਂ ਦੇ ਰੂਪ ਵਿਚ ਕਈ ਸਕਤੀਆਂ ਹਨ ਜੋ ਅੱਲਾਹ ਵਾਂਗ ਸੁਤੰਤਰ ਅਧਿਕਾਰ ਰਖਦੀਆਂ ਹਨ।ਇਹਨਾ ਦਾ ਵਿਸਵਾਸ ਹੈ ਕਿ ਅੱਲਾਹ ਵਾਂਗ ਹੀ ਇਹ ਦੇਵੀ ਦੇਵਤੇ ਜੋ ਚਾਹੁਣ ਕਰ ਸਕਦੇ ਹਨ ਅਤੇ ਜਿਸਦਾ ਚਾਹੁਣ ਕੰਮ ਬਣਾ ਦੇਣ ਅਤੇ ਜਿਸਦਾ ਚਾਹੁਣ ਕੰਮ ਬਿਗਾੜ ਦੇਣ।

ਇਹ ਲੋਕ ਅਨੇਕ ਇਸ਼ਟਾਂ ਨੂੰ ਮੰਨਦੇ ਹਨ ਅਤੇ ਇਕ ਤੋਂ ਵਧ ਖੁਦਾ ਨੂੰ ਸਿਜਦਾ ਅਤੇ ਗੁਲਾਮੀ ਕਰਦੇ ਹਨ।ਇਸ ਤਰ੍ਹਾਂ ਇਹ ਲੋਕ ਕਈ ਹੋਰ ਹਸਤੀਆਂ ਜਿਵੇਂ ਕਈ ਦੇਵੀ ਦੇਵਤਿਆਂ ਨੂੰ ਅੱਲਾਹ ਦਾ ਸਰੀਕ ਭਾਵ ਭਾਈਵਾਲ ਠਹਿਰਾਉਂਦੇ ਹਨ।

ਇਹ ਅਨੇਕ ਈਸ਼ਵਰਵਾਦੀ ਅਤੇ ਬਹੁਦੇਵਵਾਦੀ ਹਨ।ਇਹ ਕਈ ਹੋਰ ਸਕਤੀਆਂ ਨੂੰ ਅੱਲਾਹ ਦਾ ਸਾਂਝੀਦਾਰ ਮੰਨਦੇ ਹਨ।ਇਹ ਅੱਲਾਹ ਨੂੰ ਛਡ ਸੋਨੇ, ਚਾਂਦੀ, ਪੱਥਰ, ਲੱਕੜ ਆਦਿ ਦੀਆ ਬਨਾਈਆਂ ਮੂਰਤੀਆ ਦੀ ਆਰਤੀ, ਉਪਾਸਨਾ ਅਤੇ ਪੂਜਾ ਕਰਦੇ ਹਨ।ਇਸ ਲਈ ਇਹਨਾਂ ਨੂੰ ਮੁਸਰਕ ਕਿਹਾ ਜਾਦਾ ਹੈ।

ਇਹ ਲੋਕ ਸੈਤਾਨ ਭਾਵ ਇਬਲੀਸ ਜਿੰਨ ਦੇ ਬਹਿਕਾਵੇ ਵਿਚ ਆਏ ਹੋਏ ਹਨ।ਉਸਨੇ ਇਹਨਾਂ ਨੂੰ ਭਰਮਾਂ ਵਹਿਮਾਂ ਵਿਚ ਪਾ ਛਡਿਆ ਹੈ।ਇਹ ਸੈਤਾਨ ਦੇ ਸਾਥੀ ਹਨ ਜਿਸ ਨੇ ਇਹਨਾਂ ਨੂੰ ਅੱਲਾਹ ਦੇ ਸਿਧੇ ਤੇ ਸਚੇ ਰਾਹ ਤੋਂ ਭਟਕਾ ਕੇ

ਗਲਤ ਰਾਹ ਤੇ ਪਾਇਆ ਹੋਇਆ ਹੈ। ਇਹ ਲੋਕ ਮੂਰਤੀਆਂ ਦੀ ਗੰਦਗੀ ਵਿਚ ਫਸ ਚੁੱਕੇ ਹਨ।ਇਹ ਸਭ ਨਰਕ ਦੇ ਭਾਗੀ ਹਨ। ਅੱਲਾਹ ਇਹਨਾਂ ਨੂੰ ਕਦੇ ਮੁਆਫ ਨਹੀਂ ਕਰਦਾ ਕਿਉਂਕਿ ਇਹ ਨਿਰਆਧਾਰ ਅਟਕਲ-ਪਚੂ-ਝੂਠੀਆਂ ਗਲਾਂ ਕਰਦੇ ਹਨ ਜਿਵੇਂ ਯਹੂਦੀ ਆਖਦੇ ਹਨ ਕਿ ਉਜ਼ੈਰ ਅੱਲਾਹ ਦਾ ਪੁੱਤਰ ਹੈ। ਇਸਾਈ ਆਖਦੇ ਹਨ ਮਸੀਹ ਅੱਲਾਹ ਦਾ ਪੁੱਤਰ ਹੈ।ਇਹ ਸਭ ਝੂਠੀਆਂ ਬੇਤੁਕੀਆਂ ਗਲਾ ਹਨ। ਅੱਲਾਹ ਨੂੰ ਇਹਨਾਂ ਦੀਆਂ ਬੇਤੁਕੀਆਂ ਗਲਾਂ ਬਿਲਕੁਲ ਪਸੰਦ ਨਹੀਂ।

ਅੱਲਾਹ ਦਾ ਸਪਸ਼ਟ ਆਦੇਸ਼ ਹੈ ਕਿ ਮੁਸ਼ਰਿਕ ਇਸਤਰੀ ਨਾਲ ਕਦੇ ਵਿਆਹ ਨਾ ਕਰੋ ਜਦੋਂ ਤਕ ਉਹ ਈਮਾਨ ਨਾ ਲੈ ਆਵੇ। ਕੁਰਆਨ ਅਨੁਸਾਰ ਇਕ ਈਮਾਨ ਵਾਲੀ ਗੋਲੀ ਸ਼ਿਰਕ ਕਰਨ ਵਾਲੀ ਸ਼ਰੀਫ਼ਜ਼ਾਦੀ ਤੋਂ ਚੰਗੀ ਹੈ ਭਾਵੇਂ ਉਹ ਤੁਹਾਨੂੰ ਕਿੰਨੀ ਹੀ ਭਾਉਂਦੀ ਹੋਵੇ।ਏਸੇ ਤਰ੍ਹਾਂ ਮੁਸਲਮਾਨਾਂ ਨੂੰ ਹਦਾਇਤ ਹੈ ਕਿ ਉਹ ਅਪਣੀਆਂ ਇਸਤਰੀਆਂ ਦੇ ਵਿਆਹ ਮੁਸ਼ਰਿਕ ਪੁਰਸ਼ਾਂ ਨਾਲ ਕਦੇ ਨਾ ਕਰਨ ਜਦੋਂ ਤਕ ਉਹ ਈਮਾਨ ਨ ਲੈ ਆਉਣ।ਕੁਰਆਨ ਅਨੁਸਾਰ ਇਕ ਮੋਮਨ ਗੁਲਾਮ ਮੁਸ਼ਰਿਕ ਸ਼ਰੀਫ ਨਾਲੋਂ ਕਿਤੇ ਚੰਗਾ ਹੈ ਭਾਵੇਂ ਉਹ ਤੁਹਾਨੂੰ ਕਿੰਨਾ ਹੀ ਪਸੰਦ ਹੋਵੇ।

ਮੁਨਾਫ਼ਿਕ

ਮੁਨਾਫ਼ਿਕ ਸਮਾਜ ਵਿਚ ਉਹ ਲੋਕ ਹਨ ਜੋ ਨ ਤਾਂ ਪੂਰੇ ਈਮਾਨ ਵਾਲੇ ਹਨ ਤੇ ਨ ਹੀ ਪੂਰੇ ਸ਼ੈਤਾਨ ਜਾਂ ਇਨਕਾਰੀ ਹਨ।ਇਹ ਵਿਚ ਵਿਚਾਲੇ ਹਨ।ਨ ਪੂਰੇ ਇਸ ਪਾਸੇ ਨ ਪੂਰੇ ਉਸ ਪਾਸੇ।

"ਆਖਰਤ" ਦੇ ਦਿਹਾੜੇ ਹਸ਼ਰ ਦੇ ਮੈਦਾਨ ਵਿਚ ਅੱਲਾਹ ਮਨੁਖ ਜਾਤੀ ਨੂੰ ਉਹਨਾਂ ਦੇ ਸੰਸਾਰ ਵਿਚ ਕੀਤੇ ਚੰਗੇ ਮਾੜੇ ਕਰਮਾਂ ਅਨੁਸਾਰ ਤਿੰਨ ਹਿਸਿਆਂ ਵਿਚ ਵੰਡੇਗਾ।

ਪਹਿਲੇ ਈਮਾਨ ਵਾਲੇ ਜਿਨ੍ਹਾਂ ਦਾ ਅਟੱਲ ਵਿਸ਼ਵਾਸ ਇਕੋ ਇਕ ਅੱਲਾਹ ਵਿਚ ਹੈ ਅਤੇ ਜਿਨ੍ਹਾ ਨੇ ਸੰਸਾਰ ਵਿਚ ਕੁਰਆਨ ਮਜੀਦ ਦੇ ਦਰਸਾਏ ਰਾਹ ਤੇ ਚਲ ਕੇ ਨੇਕ ਤੇ ਸ਼ੁਭ ਕੰਮ ਕੀਤੇ।

ਦੂਸਰੇ ਕਾਫਰ, ਸ਼ੈਤਾਨ ਜਾਂ ਇਨਕਾਰੀ ਜਿਨ੍ਹਾਂ ਕੁਰਆਨ ਵਿਚ ਦਰਸਾਈਆਂ ਨਸੀਹਤਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਸ਼ੈਤਾਨ ਦੇ ਬਹਿਕਾਵੇ ਵਿਚ ਆ ਕੇ ਸੰਸਾਰ ਵਿਚ ਨੇਕ ਤੇ ਸੁਭ ਕੰਮ ਨਹੀਂ ਕੀਤੇ।

ਤੀਸਰੇ ਮੁਨਾਫਿਕ ਭਾਵ ਉਹ ਲੋਕ ਜੋ ਨ ਪੂਰੇ ਈਮਾਨ ਵਾਲੇ ਤੇ ਨ ਹੀ ਪੂਰੇ ਇਨਕਾਰੀ।

ਮੁਨਾਫਿਕ ਉਹ ਲੋਕ ਹਨ ਜੋ ਅਪਣੇ ਆਪ ਨੂੰ ਕਹਿੰਦੇ ਤਾਂ ਮੁਸਲਮਾਨ ਹਨ ਪਰ ਇਸਲਾਮ ਨਾਲ ਉਹਨਾਂ ਦਾ ਸਚਾ ਤੇ ਸੁਚਾ ਸਬੰਧ ਨਹੀਂ।ਉਹਨਾਂ ਦਾ ਈਮਾਨ ਬਹੁਤ ਹੀ ਕਮਜ਼ੋਰ ਅਤੇ ਜਦੋਂ ਕਦੇ ਵੀ ਅਜ਼ਮਾਇਸ਼ ਦੀ ਘੜੀ ਆਵੇ ਤਾਂ ਉਹ ਕਮਜ਼ੋਰੀ ਦਿਖਾ ਦੇਂਦੇ ਹਨ, ਇਹਨਾਂ ਵਿਚੋਂ ਬਹੁਤੇ ਤਾਂ ਸੰਸਾਰ ਵਿਚ ਭੌਤਿਕ ਤੇ ਦੁਨਿਆਵੀ ਲਾਭ ਪ੍ਰਾਪਤ ਕਰਨ ਲਈ ਹੀ ਮੁਸਲਮਾਨਾਂ ਵਿਚ ਸ਼ਾਮਲ ਹੋ ਜਾਂਦੇ ਹਨ।ਇਹ ਵਿਖਾਵਾ ਕਰਦੇ ਹਨ ਪਰ ਅਸਲ ਵਿਚ ਇਸਲਾਮਕ ਸਿਧਾਂਤਾਂ ਵਿਚ ਇਹਨਾਂ ਦਾ ਕੋਈ ਵਿਸ਼ਵਾਸ ਨਹੀਂ ਹੁੰਦਾ।

ਅਸਲ ਵਿਚ ਮੁਨਾਫਿਕ ਅੱਲਾਹ ਅਤੇ ਈਮਾਨ ਵਾਲਿਆਂ ਨਾਲ ਫਰੇਬ ਤੇ ਧੋਖੇਬਾਜ਼ੀ ਕਰਦੇ ਹਨ।ਜਦੋਂ ਕਦੇ ਇਹ ਵਿਖਾਵੇ ਦੇ ਤੌਰ ਤੇ ਨਮਾਜ਼ ਲਈ ਉਠਦੇ ਹਨ ਤਾਂ ਕੇਵਲ ਉਸਲਵੱਟੇ ਲੈਂਦੇ ਹੋਏ, ਕੇਵਲ ਲੋਕਾਂ ਨੂੰ ਵਖਾਉਣ ਲਈ ਹੀ ਉਠਦੇ ਹਨ ਅਤੇ ਅਲਾੱਹ ਨੂੰ ਘਟ ਹੀ ਯਾਦ ਕਰਦੇ ਹਨ।ਇਹ ਕੁਫਰ ਤੇ ਈਮਾਨ ਵਿਚਾਲੇ ਡਾਵਾਂਡੋਲ ਹਨ।

ਕੁਰਆਨ ਮਜੀਦ ਅਨੁਸਾਰ ਅਲੱਾਹ ਹਸ਼ਰ ਦੇ ਦਿਹਾੜੇ ਮੁਨਾਫਕਾਂ, ਕਾਫਰਾਂ ਤੇ ਸ਼ੈਤਾਨਾਂ ਨੂੰ ਇਕ ਪਲੜੇ ਵਿਚ ਪਾ ਕੇ ਨਰਕ ਵਿਚ ਇਕਠਿਆਂ ਕਰਨ ਵਾਲਾ ਹੈ। ਜਿਥੇ ਕਾਫਰਾਂ ਤੇ ਸ਼ੈਤਾਨਾਂ ਲਈ ਤੱਤੀਆਂ ਹਵਾਵਾਂ ਦੀਆਂ ਲਾਟਾਂ ਅਤੇ ਖੋਲਦੇ ਹੋਏ ਪਾਣੀ ਹੋਣਗੇ ਉਥੇ ਮੁਨਾਫਕਾਂ ਲਈ ਅਜੇਹੀਆਂ ਬੇਰੀਆਂ ਹੋਣਗੀਆਂ ਜਿਨ੍ਹਾਂ ਦੇ ਕੰਡੇ ਨਹੀ ਹਨ। ਉਥੇ ਤਹਿ ਪਰ ਤਹਿ ਚੜ੍ਹੇ ਹੋਏ ਕੇਲਿਆਂ, ਦੂਰ ਤਕ ਫੈਲੀਆਂ ਹੋਈਆਂ ਛਾਵਾਂ ਅਤੇ ਹਰ ਵੇਲੇ ਵਗਦੇ ਪਾਣੀ ਹੋਣਗੇ।ਉਹਨਾਂ ਦੀਆਂ ਵਹੁਟੀਆਂ ਨੂੰ ਖਾਸ ਕਰਕੇ ਨਵੇਂ ਸਿਰਿਓਂ ਪੈਦਾ ਕੀਤਾ ਜਾਵੇਗਾ ਅਤੇ ਕੁਆਰੀਆਂ

ਬਨਾ ਦਿਤਾ ਜਾਵੇਗਾ ਜਿਹੜੀਆਂ ਅਪਣੇ ਪਤੀਆਂ ਦੀਆਂ ਆਸ਼ਕ ਤੇ ਹਾਨਣ ਹੋਣਗੀਆਂ।

**ਧਰਤੀ ਦੀ ਰਚਨਾ:**

ਕੁਰਆਨ ਮਜੀਦ ਅਨੁਸਾਰ ਅੱਲਾਹ ਨੇ ਦੋ ਦਿਨ ਵਿਚ ਧਰਤੀ ਦੀ ਰਚਨਾ ਰਚਾ ਦਿਤੀ ਸੀ।ਇਹ ਸਾਰਾ ਕੁਝ ਇਕ ਵਡੀ ਜ਼ੋਰਾਵਰ ਤੇ ਜਾਨਣਹਾਰ ਸਰਵ-ਉਚ ਹਸਤੀ ਦੀ ਪ੍ਰਯੋਜਨਾ ਹੈ।

ਓਹੀਓ ਤਾਂ ਸਾਰੇ ਸੰਸਾਰ ਵਾਲਿਆਂ ਦਾ ਰੱਬ ਹੈ। ਉਸ ਨੇ ਧਰਤੀ ਨੂੰ ਹੋਂਦ ਵਿਚ ਲਿਆਉਣ ਮਗਰੋਂ ਉਸ ਤੇ ਪਹਾੜ ਜਮਾ ਦਿਤੇ।ਵਿਸ਼ਾਲ ਸਮੁੰਦਰਾਂ ਤੇ ਦਰਿਆਵਾਂ ਨੂੰ ਸਥਾਪਤ ਕੀਤਾ। ਉਸ ਵਿਚ ਅਨੇਕ ਬਰਕਤਾਂ ਪਾਈਆਂ ਅਤੇ ਉਸਦੇ ਅੰਦਰ ਸਾਰੇ ਮੰਗ ਕਰਨ ਵਾਲਿਆਂ ਲਈ ਹਰੇਕ ਜੀਵ ਦੀ ਮੰਗ ਤੇ ਲੋੜ ਅਨੁਸਰ ਠੀਕ ਅੰਦਾਜ਼ੇ ਸਿਰ ਖਾਧ-ਖੁਰਾਕ ਦਾ ਸਮਾਨ ਜੁਟਾਇਆ।ਫਿਰ ਉਸ ਅੱਲਾਹ ਨੇ ਆਕਾਸ਼ ਵਲ ਧਿਆਨ ਦਿਤਾ ਜਿਹੜਾ ਉਸ ਵੇਲੇ ਨਿਰਾ ਧੂਆਂ ਸੀ।

ਅੱਲਾਹ ਨੇ ਧਰਤੀ ਤੇ ਆਕਾਸ਼ ਨੂੰ ਆਖਿਆ, "ਹੋਂਦ ਵਿਚ ਆ ਜਾਓ ਭਾਵੇਂ ਤੁਸੀਂ ਚਾਹੁੰਦੇ ਹੋ ਭਾਵੇਂ ਤੁਸੀਂ ਨਹੀਂ ਚਾਹੁੰਦੇ ਹੋ।" ਦੋਵਾਂ ਨੇ ਆਖਿਆ, "ਅਸੀਂ ਹੋਂਦ ਵਿਚ ਆ ਗਏ ਆਗਿਆਕਾਰੀ ਵਾਂਗ" ਤਾਂ। ਫਿਰ ਅੱਲਾਹ ਨੇ ਦੋ ਦਿਨਾਂ ਵਿਚ ਸੱਤ ਅਕਾਸ਼ ਬਨਾ ਦਿਤੇ ਅਤੇ ਹਰੇਕ ਆਕਾਸ਼ ਵਿਚ ਉਸਦੇ ਕਾਨੂੰਨ ਦੀ ਪ੍ਰਕਾਸ਼ਨਾ ਕਰ ਦਿਤੀ।

ਸੰਸਾਰ ਦੇ ਆਕਾਸ਼ ਨੂੰ ਅੱਲਾਹ ਨੇ ਦੀਵਿਆਂ ਨਾਲ ਸਜਾਇਆ ਅਤੇ ਉਸਨੂੰ ਚੰਗੀ ਤਰ੍ਹਾਂ ਸੁਰਖਿਅਤ ਕਰ ਦਿਤਾ।

ਇਹ ਰਾਤ ਦਿਨ, ਸੂਰਜ ਤੇ ਚੰਨ ਅਲੱਾਹ ਦੀਆਂ ਨਿਸ਼ਾਨੀਆਂ ਵਿਚੋਂ ਹਨ।

ਹਜ਼ਰਤ ਮੁਹੰਮਦ ਸਾਹਿਬ ਨੇ ਫੁਰਮਾਇਆ, "ਸੂਰਜ ਤੇ ਚੰਨ ਨੂੰ ਮਥਾ ਨ ਟੇਕਿਆ ਕਰੋ ਸਗੋਂ ਉਸ ਅੱਲਾਹ ਨੂੰ ਸਿਜਦਾ ਕਰੋ ਜਿਸਨੇ ਉਹਨਾਂ ਨੂੰ ਸਾਜਿਆ ਹੈ।"

ਇਸ ਤਰ੍ਹਾਂ ਅੱਲਾਹ ਨੇ ਹੀ ਧਰਤੀ ਤੇ ਆਕਾਸ਼ ਨੂੰ ਅਪਣੇ ਜ਼ੋਰ ਨਾਲ ਬਨਾਇਆ।

ਕੁਰਆਨ ਅਨੁਸਾਰ ਅੱਲਾਹ ਇਸ ਵਿਸ਼ਾਲ ਬ੍ਰਹਮੰਡ ਵਿਚ ਲਗਾਤਾਰ ਵਿਸਥਾਰ ਕਰ ਰਿਹਾ ਹੈ ਅਤੇ ਹਰ ਪਲ ਉਸਦੀ ਸਿਰਜਨ ਸ਼ਕਤੀ ਦੇ ਨਵੇਂ ਨਵੇਂ ਕ੍ਰਿਸ਼ਮੇ ਪ੍ਰਗਟ ਹੋ ਰਹੇ ਹਨ।

**ਮਨੁਖ ਦੀ ਸਿਰਜਨਾ:**

ਕੁਰਆਨ ਮਜੀਦ ਅਨੁਸਾਰ ਮਨੁਖ ਦੀ ਸਿਰਜਨਾ ਦਾ ਮੁਢ ਅੱਲਾਹ ਤੁਆਲਾ ਰਾਹੀਂ ਸਿਧਿਆਂ ਹੀ ਜ਼ਮੀਨੀ ਪਦਾਰਥਾਂ ਤੋਂ ਹੋਇਆ।

ਅੱਲਾਹ ਫੁਰਮਾਉਂਦੇ ਹਨ ਕਿ "ਅਸਾਂ ਮਨੁਖ ਨੂੰ ਸੜੀ ਗਲੀ ਮਿਟੀ ਦੇ ਸੁਕੇ ਹੋਏ ਭਾਵ ਖਮੀਰ ਉਠੀ ਹੋਈ ਮਿਟੀ ਦੇ ਗਾਰੇ ਤੋਂ ਸਿਰਜਿਆ"।

ਅੱਲਾਹ ਤੁਆਲਾ ਨੇ ਅਗੇ ਵਿਸਤਾਰ ਨਾਲ ਫੁਰਮਾਇਆ "ਅਸਾਂ ਮਨੁਖ ਨੂੰ ਮਿਟੀ ਦੇ ਸੱਤ ਤੋਂ ਸਾਜਿਆ।ਫੇਰ ਉਸ ਨੂੰ ਇਕ ਸੁਰਖਿਅਤ ਥਾਂ ਟਪਕੀ ਹੋਈ ਬੂੰਦ ਵਿਚ ਤਬਦੀਲ ਕੀਤਾ। ਫਿਰ ਉਸ ਬੂੰਦ ਨੂੰ ਬੁਤ ਦਾ ਰੂਪ ਦਿਤਾ। ਫਿਰ ਬੁਥ ਨੂੰ ਬੋਟੀ ਬਨਾ ਦਿਤਾ।ਫਿਰ ਬੋਟੀ ਦੀਆਂ ਹਡੀਆਂ ਬਨਾਈਆਂ।ਫਿਰ ਹਡੀਆਂ ਉਤੇ ਮਾਸ ਚੜ੍ਹਾਇਆ ਅਤੇ ਫਿਰ ਉਸਨੂੰ ਇਕ ਹੋਰ ਹੀ ਸਿਰਜਨਾ ਦਾ ਰੂਪ ਬਣਾ ਦਿਤਾ। ਫਿਰ ਉਸ ਤੋਂ ਪੁਰਸ਼ ਤੇ ਇਸਤਰੀ ਦੀਆਂ ਦੋ ਕਿਸਮਾਂ ਬਨਾਈਆਂ।ਉਨਾਂ ਦੇ ਆਪਸੀ ਮੇਲ ਨਾਲ ਮਨੁਖਾਂ ਤੇ ਇਸਤਰੀਆਂ ਨੂੰ ਇਕ ਉਛਲਦੇ ਪਾਣੀ ਤੋਂ ਸਾਜਿਆ ਗਿਆ ਜਿਹੜਾ ਪਿਠ ਅਤੇ ਹਿਕ ਦੀਆਂ ਹੱਡੀਆਂ ਦੇ ਵਿਚਾਲਿਓਂ ਨਿਕਲਦਾ ਭਾਵ ਇਸਤਰੀ ਤੇ ਪੁਰਸ਼ ਦੋਵਾਂ ਦੇ ਵੀਰਜ ਮਨੁਖ ਦੇ ਉਸ ਧੜ ਵਿਚੋਂ ਨਿਕਲਦੇ ਹਨ ਜਿਹੜੇ ਪਿਠ ਤੇ ਹਿਕ ਦੇ ਵਿਚਾਲੇ ਹਨ।

ਅੱਲਾਹ ਨੇ ਹੀ ਮਨੁਖ ਨੂੰ ਸੁਨਣ ਤੇ ਵੇਖਣ ਦੀਆਂ ਸ਼ਕਤੀਆਂ ਦਿਤੀਆਂ।ਦਿਲ ਦਿਤਾ। ਫਿਰ ਇਸ ਦੀ ਤਕਦੀਰ ਨਿਯਤ ਕੀਤੀ। ਇਸ ਤਰ੍ਹਾਂ ਅੱਲਾਹ ਨੇ ਮਨੁਖ ਲਈ ਉਸਦਾ ਜੀਵਨ ਮਾਰਗ ਸੁਖਾਲਾ ਕੀਤਾ।

ਅੱਲਾਹ ਨੇ ਮਨੁਖ ਨੂੰ ਅਜੇਹੀਆਂ ਗਿਆਨ ਇੰਦਰੀਆਂ ਬਖਸ਼ੀਆਂ ਅਤੇ ਅਜੇਹੀਆਂ ਸ਼ਕਤੀਆਂ ਤੇ ਯੋਗਤਾਵਾਂ ਪ੍ਰਦਾਨ ਕੀਤੀਆਂ ਜਿਨ੍ਹਾਂ ਸਦਕਾ ਮਨੁਖ

ਦੁਨੀਆਂ ਵਿਚ ਉਹਨਾਂ ਕੰਮਾਂ ਦੇ ਕਰਨ ਯੋਗ ਹੋਇਆ ਜਿਹੜੇ ਮਨੁਖ ਦੇ ਕਰਨ ਯੋਗ ਹਨ।ਇਹ ਧਾਰਨਾਵਾਂ ਮਨੁਖ ਲਈ ਓਪਰੀਆਂ ਨਹੀ।ਸਗੋਂ ਉਸਦਾ ਸੁਭਾ ਇਹਨਾਂ ਤੋਂ ਜਾਣੂੰ ਹੈ ਅਤੇ ਰੱਬ ਨੇ ਮੰਦੇ ਚੰਗੇ ਦੀ ਪਛਾਣ ਜਮਾਂਦਰੂ ਹੀ ਉਸਨੂੰ ਬਖਸ਼ਸ਼ ਕਰ ਛਡੀ ਹੈ।

ਅੱਲਾਹ ਨੇ ਮਾਨਵ ਜਾਤੀ ਨੂੰ ਏਨੀ ਸੋਹਣੀ ਬਣਤਰ ਪ੍ਰਦਾਨ ਕੀਤੀ ਹੈ ਕਿ ਉਸਦੇ ਅੰਦਰ ਪੈਗੰਬਰੀ ਜਿਹੀ ਉਚਪਦਵੀ ਪ੍ਰਾਪਤ ਹੋਣ ਵਾਲੇ ਲੋਕਾਂ ਨੇ ਜਨਮ ਲਿਆ।ਇਸ ਤੋਂ ਉਚੀ ਪਦਵੀ ਰੱਬ ਦੀ ਕਿਸੇ ਹੋਰ ਸਰਿਸ਼ਟੀ ਨੂੰ ਨਸੀਬ ਨਹੀਂ ਹੋਈ।

ਅਰੰਭ ਵਿਚ ਸੰਸਾਰ ਦੇ ਸਾਰੇ ਪੁਰਸ਼ ਤੇ ਇਸਤਰੀਆਂ ਅਸਲ ਵਿਚ ਇਕੋ ਰਸਤੇ ਤੇ ਚਲਣ ਵਾਲੇ ਸਨ।ਪਰ ਬਾਅਦ ਵਿਚ ਇਹ ਹਾਲਤ ਬਾਕੀ ਨ ਰਹੀ ਤੇ ਲੋਕਾਂ ਦੇ ਇਕ ਦੂਜੇ ਨਾਲ ਮਤਭੇਦ ਪ੍ਰਗਟ ਹੋ ਗਏ।

ਇਹਨਾਂ ਮਤਭੇਦਾਂ ਦੇ ਪ੍ਰਗਟ ਹੋਣ ਦਾ ਕਾਰਨ ਇਹ ਨਹੀਂ ਸੀ ਕਿ ਸ਼ੁਰੂ ਵਿਚ ਲੋਕਾਂ ਨੂੰ ਸਚਾਈ ਦਾ ਗਿਆਨ ਨਹੀਂ ਦਿਤਾ ਗਿਆ ਸੀ।ਅਜੇਹਾ ਗਿਆਨ ਤਾਂ ਉਹਨਾਂ ਨੂੰ ਅੱਲਾਹ ਨੇ ਸ਼ੁਰੂ ਤੋਂ ਹੀ ਦਿਤਾ ਸੀ।

ਪਰ ਆਪੋ ਵਿਚ ਮਤਭੇਦ ਉਹਨਾਂ ਸਵਾਰਥੀ ਲੋਕਾਂ ਨੇ ਪੈਦਾ ਕੀਤੇ ਜੋ ਆਪੇ ਵਿਚ ਇਕ ਦੂਜੇ ਨਾਲ ਵਧੀਕੀ ਕਰਨੀ ਚਾਹੁੰਦੇ ਸਨ। ਉਹਨਾਂ ਲੋਕਾਂ ਨੇ ਸਚਾਈ ਨੂੰ ਛਡ ਕੇ ਵਖਰੇ ਵਖਰੇ ਰਸਤੇ ਕਢੇ ਤਾਂ ਜੋ ਉਹ ਅੱਡ ਅੱਡ ਬਹਾਨੇ ਬਨਾ ਕੇ ਇਕ ਦੂਜੇ ਨਾਲ ਵਧੀਕੀਆਂ ਤੇ ਜ਼ੁਲਮ ਕਰ ਸਕਨ।

ਅਜੇਹੀਆਂ ਸਥਿਤੀਆਂ ਵਿਚ ਸਮੇਂ ਸਮੇਂ ਤੇ ਸੰਸਾਰ ਦੀਆਂ ਸਾਰੀਆਂ ਕੌਮਾਂ ਵਿਚ ਅੱਲਾਹ ਨੇ ਨਬੀ ਤੇ ਪੈਗੰਬਰ ਭੇਜੇ ਜੋ ਸਿਧੇ ਰਾਹ ਤੁਰਨ ਵਾਲਿਆਂ ਨੂੰ ਖੁਸ਼ਖਬਰੀ ਦਾ ਸੁਨੇਹਾ ਦੇਣ ਅਤੇ ਪੁਠੇ ਰਾਹ ਤੇ ਚਲਣ ਵਾਲਿਆਂ ਨੂੰ ਇਸ ਦੇ ਗੰਭੀਰ ਤੇ ਭਿਆਨਕ ਸਿਟਿਆਂ ਤੋਂ ਜਾਨੂ ਕਰਾਉਣ ਤੇ ਡਰਾਉਣ। ਅੱਲਾਹ ਨੇ ਉਹਨਾਂ ਨਾਲ ਸਚੀ ਕਿਤਾਬ ਵੀ ਉਤਾਰੀ ਤਾਂ ਜੋ ਸਚਾਈ ਬਾਰੇ ਲੋਕਾਂ ਵਿਚ ਜਿਹੜੇ ਮਤਭੇਦ ਪੈਦਾ ਹੋ ਗਏ ਸਨ ਉਹਨਾਂ ਦਾ ਨਿਬੇੜਾ ਕਰ ਦੇਵੇ।

**ਸੰਸਾਰਿਕ ਜੀਵਨ:**

ਕੁਰਆਨ ਅਨੁਸਾਰ ਇਹ ਸੰਸਾਰਕ ਜੀਵਨ ਨਿਰੇ ਇਕ ਖੇਡ-ਤਮਾਸ਼ੇ, ਮਨ ਪਰਚਾਵੇ, ਵਿਖਾਵੇ ਦੀ ਟੀਪ ਟਾਪ, ਇਕ ਮਾਇਆ ਜਾਲ, ਤੁਹਾਡੇ ਆਪੋ ਵਿਚਾਲੇ ਇਕ ਦੂਜੇ ਤੇ ਵਡਿਆਈ ਜਤਾਉਣ ਅਤੇ ਧਨ ਪਦਾਰਥ ਤੇ ਸੰਤਾਨ ਪਖੋਂ ਇਕ ਦੂਜੇ ਨਾਲੋਂ ਵਧ ਜਾਣ ਦੇ ਜਤਨਾਂ ਤੋਂ ਛੁਟ ਕੁਝ ਨਹੀਂ ਹੈ।

ਲੋਕ ਸੰਸਾਰਕ ਜੀਵਨ ਦੇ ਕੇਵਲ ਦਿਸਦੇ ਪਖ ਨੂੰ ਹੀ ਜਾਨਦੇ ਹਨ ਅਤੇ ਪਰਲੋਕ ਤੋਂ ਤਾਂ ਇਹ ਉਕਾ ਹੀ ਬੇਖਬਰ ਹਨ।

ਇਸ ਸੰਸਾਰ ਵਿਚ ਹਰ ਮਨੁਖ ਨੇ ਜ਼ਰੂਰ ਹੀ ਦਰਜਾ ਬਦਰਜਾ ਇਕ ਹਾਲਤ ਤੋਂ ਦੂਜੀ ਹਾਲਤ ਵਲ ਲੰਘਦੇ ਜਾਣਾ ਹੈ।ਜਿਸ ਜਗਤ ਵਿਚ ਮਨੁਖ ਦਾ ਵਾਸਾ ਹੈ ਉਸ ਵਿਚ ਕਿਤੇ ਕੋਈ ਠਹਿਰਾਅ ਨਹੀ ਹੈ।ਇਕ ਲਗਾਤਾਰ ਰੂਪਾਂਤਰ ਤੇ ਦਰਜਾ ਬਦਰਜਾ ਤਬਦੀਲੀ ਹਰ ਪਾਸੇ ਵੇਖਣ ਵਿਚ ਆਉਂਦੀ ਹੈ।

ਹਜ਼ਰਤ ਮੁਹੰਮਦ ਸਾਹਿਬ ਫੁਰਮਾਉਂਦੇ ਹਨ ਕਿ "ਹੇ ਮਨੁਖ ਤੁਸਾਂ ਸਦਾ ਇਕ ਦਸ਼ਾ ਵਿਚ ਨਹੀਂ ਰਹਿਣਾ।ਸਗੋਂ ਬਚਪਨ ਤੋਂ ਜਵਾਨੀ, ਜਵਾਨੀ ਤੋਂ ਬੁਢਾਪਾ ਅਤੇ ਬੁਢਾਪੇ ਤੋਂ ਮੌਤ ਤੇ ਮੌਤ ਤੋਂ 'ਬਰਜ਼ਖ' (ਮੌਤ ਤੇ ਕਿਆਮਤ ਦੇ ਵਿਚਕਾਰ ਦਾ ਸਮਾ), ਬਰਜ਼ਖ ਤੋਂ ਪੁਨਰ-ਜੀਵਨ ਅਤੇ ਪੁਨਰ-ਜੀਵਨ ਤੋਂ ਹਸ਼ਰ ਦਾ ਮੈਦਾਨ (ਭਾਵ ਸਮੂਹ ਮਨੁਖ ਜਾਤੀ ਦੇ ਇਕੱਤਰ ਹੋਣ ਦਾ ਸਮਾ), ਫੇਰ ਲੇਖਾ ਜੋਖਾ ਤੇ ਫਿਰ ਇਨਾਮ ਤੇ ਸਜ਼ਾ।" ਅਰਥਾਤ ਅਣਗਿਨਤ ਪੜਾਵਾਂ ਤੋਂ ਜ਼ਰੂਰ ਹੀ ਤੁਹਾਨੂੰ ਲੰਘਣਾ ਪੈਂਦਾ ਹੈ।

ਸੋ, ਹੇ ਸੰਸਾਰ ਦੇ ਲੋਕੋ ਬਚੋ ਅਪਣੇ ਰੱਬ ਦੀ ਕਰੋਪੀ ਤੋਂ ਅਤੇ ਡਰੋ ਉਸ ਦਿਹਾੜਿਓਂ ਭਾਵ ਕਿਆਮਤ ਦੇ ਦਿਹਾੜੇ ਤੋਂ। ਉਸ ਘੜੀ ਦਾ ਗਿਆਨ ਕੇਵਲ ਅੱਲਾਹ ਕੋਲ ਹੀ ਹੈ। ਕੋਈ ਪ੍ਰਾਣੀ ਨਹੀਂ ਜਾਣਦਾ ਕਿ ਕਲ੍ਹ ਉਹ ਕੀ ਕਮਾਈ ਕਰਨ ਵਾਲਾ ਹੈ ਅਤੇ ਨ ਹੀ ਕਿਸੇ ਵਿਅਕਤੀ ਨੂੰ ਇਹ ਖਬਰ ਹੈ ਕਿ ਕਿਸ ਧਰਤੀ ਉਤੇ ਉਸ ਨੂੰ ਮੌਤ ਆਉਣੀ ਹੈ।

ਅੱਲਾਹ ਨੇ ਧਰਤੀ ਅਤੇ ਆਕਾਸ਼ ਅਤੇ ਇਹਨਾਂ ਦੇ ਵਿਚਕਾਰ ਸਾਰੀਆਂ ਚੀਜ਼ਾਂ ਨੂੰ ਸਚਾਈ ਨਾਲ ਇਕ ਨਿਯਮਤ ਸਮੇਂ ਲਈ ਹੀ ਸਾਜਿਆ ਹੈ। ਅੱਲਾਹ ਹੀ ਸਰਿਸ਼ਟੀ ਦਾ ਆਰੰਭ ਕਰਦਾ ਹੈ, ਫਿਰ ਉਹ ਹੀ ਉਸਦੀ ਦੁਹਰਾਈ ਕਰੇਗਾ।

ਜਿਹੜੀ ਚੀਜ਼ ਵੀ ਅੱਲਾਹ ਨੇ ਸਾਜੀ ਹੈ ਸੋਹਣੀ ਹੀ ਸਾਜੀ ਹੈ। ਉਸ ਨੇ ਮਨੁਖ ਦੀ ਸਿਰਜਨਾ ਦਾ ਆਰੰਭ ਗਾਰੇ ਤੋਂ ਕੀਤਾ। ਫਿਰ ਉਸਦੇ ਬੰਸ ਇਕ ਅਜੇਹੇ ਸਤ ਤੋਂ ਤੋਰਿਆ ਜਿਹੜਾ ਤੁਛ ਪਾਣੀ ਵਰਗਾ ਹੈ।ਫਿਰ ਉਸਨੂੰ ਠੀਕ ਠਾਕ ਕੀਤਾ ਅਤੇ ਉਸਦੇ ਅਪਣੀ ਰੂਹ ਫੂਕ ਦਿਤੀ ਅਤੇ ਤੁਹਾਨੂੰ ਕੰਨ, ਅਖਾਂ, ਦਿਲ ਤੇ ਸਰੀਰ ਦੇ ਬਾਕੀ ਸਾਰੇ ਅੰਗ ਦਿਤੇ। ਸੋ ਹੇ ਲੋਕੋ, ਅੱਲਾਹ ਨੇ ਤੁਹਾਡੇ ਉਤੇ ਜਿਹੜੇ ਵੀ ਉਪਕਾਰ ਕੀਤੇ ਹਨ ਉਹਨਾਂ ਨੂੰ ਸਦਾ ਚੇਤੇ ਰਖੋ।

ਤੁਹਾਡਾ ਰੱਬ ਆਖਦਾ ਹੈ, "ਮੈਨੂੰ ਪੁਕਾਰੋ ਮੈਂ ਤੁਹਾਡੀਆਂ ਅਰਦਾਸਾਂ ਕਬੂਲਾਂਗਾ।ਜਿਹੜੇ ਲੋਕ ਹਉਮੈ ਵਿਚ ਫਸ ਕੇ ਮੇਰੀ ਬੰਦਗੀ ਤੋਂ ਮੂੰਹ ਮੋੜਦੇ ਹਨ ਉਹ ਜ਼ਰੂਰ ਹੀ ਹੀਣੇ ਹੋ ਕੇ ਨਰਕ ਵਿਚ ਦਾਖਲ ਹੋਣਗੇ।

ਹੇ ਲੋਕੋ, ਜੋ ਅੱਲਾਹ ਤੁਹਾਨੂੰ ਬਖਸ਼ੇ ਉਸਤੇ ਅਭਿਮਾਨ ਨ ਕਰੋ।ਸਦਾ ਅੱਲਾਹ ਦੀ ਪਨਾਹ (ਸ਼ਰਨ) ਲਓ ਅਤੇ ਉਸ ਤੋਂ ਦੁਆ ਮੰਗਦੇ ਰਹੋ।ਦੁਆ ਹੀ ਅੱਲਾਹ ਦੀ ਅਸਲ ਇਬਾਦਤ ਹੈ।ਸਦਾ ਰੱਬ ਦੀ ਬਖਸ਼ੀਸ਼ ਅਤੇ ਉਸ ਸਵਰਗ ਵਲ ਦੌੜੋ ਤੇ ਇਕ ਦੂਜੇ ਤੋਂ ਅਗੇ ਵਧਨ ਦੀ ਕੋਸ਼ਿਸ਼ ਕਰੋ ਜਿਸਦੀ ਵਿਸ਼ਲਾਤਾ ਦਾ ਕੋਈ ਅੰਤ ਨਹੀਂ ਹੈ।

ਸੋ ਹੇ ਲੋਕੋ, ਤੁਸੀਂ ਸਵੇਰ ਵੇਲੇ ਤੇ ਸ਼ਾਮ ਵੇਲੇ ਅੱਲਾਹ ਦੀ ਪਾਕੀ ਦੇ ਗੁਣ ਗਾਇਆ ਕਰੋ।ਆਕਾਸ਼ ਤੇ ਧਰਤੀ ਵਿਚ ਕੇਵਲ ਉਸੇ ਦੀ ਹੀ ਉਸਤਤ ਹੋ ਰਹੀ ਹੈ।

ਯਾਦ ਰਖੋ ਕਿ ਇਸ ਸੰਸਾਰ ਦੀ ਥੋੜ੍ਹੀ ਜਿਹੀ ਜ਼ਿੰਦਗੀ ਵਿਚ ਲੋਕਾਂ ਲਈ ਮਨ ਭਾਉਂਦੀਆ ਵਸਤਾਂ ਜਿਵੇਂ ਇਸਤਰੀਆਂ, ਸੰਤਾਨ, ਸੋਨੇ ਚਾਂਦੀ ਦੇ ਢੇਰ, ਚੋਣਵੇਂ ਘੋੜੇ, ਡੰਗਰ, ਪਸ਼ੂ, ਖੇਤ ਤੇ ਪੈਲੀਆਂ ਅਤੇ ਹੋਰ ਕੀਮਤੀ ਚੀਜ਼ਾਂ ਅੱਲਾਹ ਨੇ ਸੋਹਣੀਆਂ ਬਨਾ ਦਿਤੀਆਂ ਹਨ।

ਪਰ ਇਸ ਤੋਂ ਵੀ ਸੋਹਣਾ ਟਿਕਾਣਾ ਤਾਂ ਅੱਲਾਹ ਕੋਲ ਹੈ।

ਇਹ ਦੁਨੀਆਂ ਤਾ ਕੇਵਲ ਜ਼ਾਹਰੀ ਤੌਰ ਤੇ ਭੁਲੇਖੇ ਵਿਚ ਪਾਉਣ ਵਾਲੀ ਚੀਜ਼ ਹੈ।

**ਰਸੂਲ ਤੇ ਨਬੀ ਵਿਚ ਫਰਕ:**

ਰਸੂਲ ਦੇ ਸ਼ਬਦੀ ਅਰਥ ਹਨ ਭੇਜਿਆ ਹੋਇਆ ਅਤੇ ਨਬੀ ਦੇ ਅਰਥ ਹਨ ਖਬਰ ਦੇਣ ਵਾਲਾ ਜਾਂ ਉਚ ਮਰਤਬੇ ਵਾਲਾ।ਸਾਧਾਰਨ ਰੂਪ ਵਿਚ ਇਹਨਾਂ ਦੋਹਾਂ ਸ਼ਬਦਾਂ ਨੂੰ ਇਕ ਹੀ ਸਮਝਿਆ ਜਾਂਦਾ ਹੈ ਅਤੇ ਇਹਨਾ ਵਿਚ ਕੋਈ ਫਰਕ ਮਹਿਸੂਸ ਨਹੀਂ ਹੁੰਦਾ। ਅਸਲ ਵਿਚ ਦੋਵੇਂ ਹੀ ਪੈਗੰਬਰ ਹਨ।

ਪਰ ਰਸੂਲ ਤੇ ਨਬੀ ਵਿਚ ਥੋੜਾ ਜਿਹਾ ਅੰਤਰ ਹੈ।ਇਹ ਗਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਜਦੋਂ ਹਦੀਸ ਅਨੁਸਾਰ ਅਲਾੱਹ ਦੇ ਰਸੂਲ ਸ: ਤੋਂ ਸੰਸਾਰ ਦੇ ਰਸੂਲਾਂ ਦੀ ਕੁਲ ਗਿਨਤੀ ਪੁਛੀ ਗਈ ਤਾਂ ਆਪ ਜੀ ਨੇ 313 ਜਾਂ 315 ਦਸੀ ਅਤੇ ਜਦੋਂ ਸੰਸਾਰ ਦੇ ਨਬੀਆਂ ਦੀ ਗਿਨਤੀ ਪੁਛੀ ਗਈ ਤਾਂ ਆਪ ਜੀ ਨੇ ਇਕ ਲਖ ਚੌਬੀਸ ਹਜ਼ਾਰ ਦਸੀ।

ਇਸ ਤਰਾਂ ਰਸੂਲ ਉਹ ਪੈਗੰਬਰ ਹੈ ਜਿਸਨੂੰ ਅੱਲਾਹ ਵਲੋਂ ਨਵੀ ਸ਼ਰੀਅਤ (ਧਰਮ ਵਿਧਾਨ) ਅਤੇ ਕਿਤਾਬ ਦਿਤੀ ਗਈ ਹੋਵੇ।

ਦੂਜੇ ਪਾਸੇ ਹਰੇਕ ਪੈਗੰਬਰ ਨੂੰ ਨਬੀ ਆਖਦੇ ਹਨ ਭਾਵੇਂ ਉਸਨੂੰ ਨਵੀਂ ਕਿਤਾਬ ਤੇ ਸ਼ਰੀਅਤ ਮਿਲੀ ਹੋਵੇ ਜਾਂ ਉਸਨੂੰ ਪਹਿਲੀ ਭੇਜੀ ਕਿਤਾਬ ਤੇ ਸ਼ਰੀਅਤ ਉਤੇ ਹੀ ਲੋਕਾਂ ਨੂੰ ਚਲਾਉਣ ਦਾ ਕੰਮ ਸਪੱਸ਼ਟ ਸੌਂਪਿਆ ਗਿਆ ਹੋਵੇ।

ਇਸ ਤਰਾਂ 'ਰਸੂਲ' ਸ਼ਬਦ 'ਨਬੀ' ਸ਼ਬਦ ਨਾਲੋਂ ਵਧੇਰੇ ਮਹੱਤਤਾ ਪ੍ਰਗਟ ਕਰਦਾ ਹੈ।ਨਬੀਆਂ ਨਾਲੋਂ ਇਸ ਨੂੰ ਵਧੇਰੇ ਪਦਵੀ ਪ੍ਰਦਾਨ ਕੀਤੀ ਗਈ ਹੈ।

ਹਰੇਕ ਰਸੂਲ ਨਬੀ ਵੀ ਹੁੰਦਾ ਹੈ।ਪਰ ਹਰੇਕ ਨਬੀ ਰਸੂਲ ਨਹੀਂ ਹੁੰਦਾ।

ਖੁਦਾ ਦੇ ਰਸੂਲ ਜਾਂ ਨਬੀ (ਪੈਗੰਬਰ) ਸੰਸਾਰ ਦੇ ਭਿੰਨ ਭਿੰਨ ਭਾਗਾਂ ਵਿਚ ਹਰ ਸਮੇਂ ਵਿਚ ਆਏ ਹਨ।ਉਹਨਾਂ ਦੀ ਬਹੁਤ ਵਡੀ ਗਿਨਤੀ ਹੈ। ਜਿਨ੍ਹਾਂ ਵਿਚੋਂ ਅਸੀਂ ਕੁਝ ਕੁ ਦੇ ਨਾਵਾਂ ਤੋਂ ਹੀ ਜਾਣੂ ਹਾਂ।ਸਾਰੇ ਪੈਗੰਬਰਾਂ ਦੀਆਂ ਮੌਲਿਕ ਤੇ ਪ੍ਰਮੁਖ ਸਿਖਿਆਵਾਂ ਇਕੋ ਹੀ ਰਹੀਆਂ ਹਨ।

ਅੱਲਾਹ ਵਿਚ ਅਟੱਲ ਵਿਸ਼ਵਾਸ ਰਖਣ ਵਾਲੇ ਮੁਸਲਿਮ ਲਈ ਇਹ ਅਤਿ ਲਾਜ਼ਮੀ ਹੈ ਕਿ ਉਹ ਸਾਰੇ ਨਬੀਆਂ ਤੇ ਈਮਾਨ ਲਿਆਵੇ ਅਤੇ ਉਹਨਾਂ ਪ੍ਰਤੀ ਅਪਣੇ ਦਿਲ ਵਿਚ ਸ਼ਰਧਾ ਤੇ ਪ੍ਰੇਮ ਰਖੇ।

**'ਜ਼ਕਾਤ' ਤੇ 'ਨੇਕ ਤੇ ਸ਼ੁਭ ਕੰਮ':**

ਜ਼ਕਾਤ ਉਹ ਨਿਯਤ ਧਨ ਹੈ ਜੋ ਇਕ ਵਿਅਕਤੀ ਅਪਣੀ ਮਰਜ਼ੀ ਨਾਲ ਅਪਣੀ ਕਮਾਈ ਤੇ ਮਾਲ ਵਿਚੋਂ ਕਢ ਕੇ ਅੱਲਾਹ ਦੇ ਦਸੇ ਹੋਏ ਸ਼ੁਭ ਕੰਮਾਂ ਤੇ ਖਰਚ ਕਰਦਾ ਹੈ।

ਇਹ ਇਕ ਤਰਾਂ ਅੱਲਾਹ ਦੀ ਇਬਾਦਤ ਹੈ ਜਿਸ ਰਾਹੀਂ ਉਹ ਵਿਅਕਤੀ ਅਪਣੀ ਆਤਮਾ ਦੀ ਸੁਧੀ ਕਰਦਾ ਹੈ।ਇਸਲਾਮ ਵਿਚ 'ਜ਼ਕਾਤ' ਦੇਣ ਦੀ ਬਹੁਤ ਹੀ ਮਹਾਨਤਾ ਹੈ।

ਕੁਰਆਨ ਅਨੁਸਾਰ ਨੇਕ ਤੇ ਸ਼ੁਭ ਕੰਮ ਉਹ ਹਨ ਜਿਨਾਂ ਦੇ ਕਰਨ ਨਾਲ ਮਨੁਖ ਅੱਲਾਹ ਤੁਆਲਾ ਦੀ ਨਾਰਾਜ਼ਗੀ ਤੋਂ ਬਚ ਜਾਂਦਾ ਹੈ।

ਸਰਵ-ਸ਼ਕਤੀਮਾਨ ਇਕੋ ਇਕ ਅੱਲਾਹ ਨੂੰ, ਆਖਰਤ ਦੇ ਦਿਹਾੜੇ ਨੂੰ, ਅਲੱਾਹ ਦੀ ਉਤਾਰੀ ਹੋਈ ਕਿਤਾਬ ਨੂੰ, ਫਰਿਸ਼ਤਿਆਂ ਅਤੇ ਅੱਲਾਹ ਦੇ ਪੈਗੰਬਰਾਂ ਨੂੰ ਦ੍ਰਿੜਤਾ ਨਾਲ ਦਿਲੋਂ ਮੰਨਣਾ ਅਤੇ ਉਹਨਾਂ ਦੇ ਦਰਸਾਏ ਰਾਹ ਤੇ ਚਲਣਾ ਨੇਕ ਤੇ ਸ਼ੁਭ ਕੰਮਾਂ ਵਿਚ ਆਉਂਦਾ ਹੈ।

ਏਸੇ ਤਰ੍ਹਾਂ ਅੱਲਾਹ ਦੀ ਮੁਹੱਬਤ ਵਿਚ ਅਪਣਾ ਮਨ-ਪਸੰਦ ਮਾਲ ਰਿਸ਼ਤੇਦਾਰਾਂ, ਯਤੀਮਾਂ, ਮਥਾਜਾਂ ਅਤੇ ਮੁਸਾਫਰਾਂ ਉਤੇ ਅਤੇ ਸਹਾਇਤਾ ਲਈ ਹਥ ਅਡਣ ਵਾਲਿਆਂ ਅਤੇ ਗੁਲਾਮਾਂ ਦੀ ਰਿਹਾਈ ਉਤੇ ਖਰਚਾ ਕਰਨਾ ਨੇਕ ਤੇ ਸ਼ੁਭ ਕੰਮ ਹਨ।

ਅੱਲਾਹ ਦੀ ਨਜ਼ਰ ਵਿਚ ਉਹ ਮਨੁਖ ਨੇਕ ਹਨ ਜੋ ਅਪਣੇ ਪ੍ਰਣ ਨੂੰ ਪੂਰਾ ਕਰਨ, ਵਿਸ਼ਵਾਸਘਾਤੀ ਨਾ ਹੋਣ ਅਤੇ ਕਰੜਾਈ ਤੇ ਕਸ਼ਟ ਸਮੇਂ ਅਤੇ ਸਚਾਈ ਤੇ ਕੂੜ ਦੀ ਜੰਗ ਵਿਚ ਸਬਰ ਤੋਂ ਕੰਮ ਲੈਣ ਅਤੇ ਸਦਾ ਰੱਬ ਦਾ ਡਰ-ਭਉ ਮੰਨਣ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ।

**ਹਲਾਲ ਤੇ ਹਰਾਮ:**

ਅੱਲਾਹ ਕਿਸੇ ਨੂੰ ਵੀ ਵਹਿਮਾਂ ਭਰਮਾਂ ਵਿਚ ਨਹੀਂ ਪਾਉਂਦਾ।ਉਸਨੇ ਨ ਕੋਈ "ਬਹੀਰਾ" ਨਿਯਤ ਕੀਤਾ ਹੈ ਨਾ "ਸਾਇਬਾ" ਨ 'ਵਸੀਲਾ' ਅਤੇ ਨ ਹੀ "ਹਾਮ"।

ਉਸ ਸਮੇਂ ਦੇ ਅਰਬ ਨਿਵਾਸੀ "ਬਹੀਰਾ" ਉਸ ਊਠਣੀ ਨੂੰ ਆਖਦੇ ਸਨ ਜਿਹੜੀ ਪੰਜ ਸੂਏ ਦੇ ਚੁਕੀ ਹੋਵੇ ਅਤੇ ਅਖੀਰਲੇ ਸੂਏ ਉਸਦਾ ਬਤਾਰੂ ਨਾ ਹੋਵੇ।ਅਗਿਆਨ ਕਾਲ ਵਿਚ ਅਰਬ ਦੇ ਲੋਕ ਉਸ ਦਾ ਕੰਨ ਚੀਰ ਕੇ ਉਸਨੂੰ ਖੁਲ੍ਹਾ ਛਡ ਦੇਂਦੇ ਸਨ। ਫਿਰ ਉਸਦੀ ਸਵਾਰੀ ਕਰਨਾ, ਉਸਦਾ ਦੁਧ ਚੋਣਾ, ਉਨ ਲ੍ਹਾਉਣੀ ਇਹ ਸਭ ਹਰਾਮ ਤੇ ਮਨਾਹੀ ਸਨ।

"ਸਾਇਬਾ" ਉਸ ਊਠਨੀ ਨੂੰ ਆਖਦੇ ਸਨ ਜਿਸ ਨੂੰ ਕਿਸੇ ਸੁਖਨਾ ਦੇ ਪੂਰੇ ਹੋਣ ਜਾਂ ਕਿਸੇ ਬੀਮਾਰੀ ਤੋਂ ਠੀਕ ਹੋਣ ਜਾਂ ਕਿਸੇ ਹੋਰ ਖਤਰੇ ਤੋਂ ਬਚ ਨਿਕਲਣ ਦੀ ਖੁਸ਼ੀ ਵਿਚ ਪੁੰਨ ਕੀਤਾ ਹੋਵੇ। ਨਾਲ ਹੀ ਜਿਸ ਊਠਨੀ ਨੇ ਦਸ ਸੂਏ ਦਿਤੇ ਹੋਣ ਅਤੇ ਹਰ ਸੂਏ ਦਾ ਬਤਾਰੂ ਮਦੀਨ ਹੋਵੇ ਉਸ ਨੂੰ ਵੀ ਆਜ਼ਾਦ ਛਡ ਦਿਤਾ ਜਾਂਦੀ ਸੀ।

"ਵਸੀਲਾ" ਜੋ ਬਕਰੀ ਪਹਿਲੇ ਸੂਏ ਮੇਮਨਾ ਦੇਵੇ ਤਾਂ ਉਹ ਦੇਵਤਿਆਂ ਦੇ ਨਾਂ ਤੇ ਹਲਾਲ ਕਰ ਦਿਤਾ ਜਾਂਦਾ ਸੀ ਜੇ ਉਹ ਪਹਿਲੇ ਸੂਏ ਮੇਮਣੀ ਦੇਵੇ ਤਾਂ ਉਸਨੂੰ ਰਖ ਲਿਆ ਜਾਂਦਾ ਸੀ। ਪਰ ਜੇ ਮੇਮਨਾ ਤੇ ਮੇਮਨੀ ਇਕਠੇ ਦੇਵੇ ਤਾਂ ਮੇਮਨੇ ਨੂੰ ਹਲਾਲ ਕਰਨ ਦੀ ਥਾਂ ਦੇਵਤਿਆਂ ਦੇ ਨਾ ਤੇ ਉਂਜ ਹੀ ਖੁਲਾ ਛਡ ਦਿਤਾ ਜਾਂਦਾ ਸੀ।ਉਸਦਾ ਨਾ "ਵਸੀਲਾ" ਸੀ।

"ਹਾਮ" ਜੇ ਕਿਸੇ ਊਠ ਦਾ ਪੋਤਰਾ ਸਵਾਰੀ ਦੇ ਲਾਇਕ ਹੋ ਜਾਂਦਾ ਤਾਂ ਉਸ ਬੁਢੇ ਊਠ ਨੂੰ ਖੁਲਾ ਛਡ ਦਿਤਾ ਜਾਂਦਾ ਸੀ। ਜੇ ਕਿਸੇ ਊਠ ਦੇ ਵੀਰਜ ਤੋਂ ਦਸ ਬਚੇ ਪੈਦਾ ਹੋ ਜਾਂਦੇ ਤਾਂ ਉਸਨੂੰ ਵੀ ਆਜ਼ਾਦੀ ਮਿਲ ਜਾਂਦੀ ਸੀ।

ਪਰ ਅੱਲਾਹ ਤੁਆਲਾ ਲੋਕਾਂ ਨੂੰ ਅਜੇਹੇ ਵਹਿਮਾਂ ਜਾਂ ਭਰਮਾਂ ਵਿਚ ਨਹੀਂ ਪਾਉਂਦਾ।

ਅੱਲਾਹ ਦਾ ਹੁਕਮ ਹੈ ਕਿ ਹਲਾਲ ਤੇ ਹਰਾਮ ਦੀਆਂ ਜੋ ਪਾਬੰਦੀਆਂ ਮਨੁਖਾਂ ਅਤੇ ਇਸਤਰੀਆਂ ਤੇ ਲਾਈਆਂ ਗਈਆਂ ਹਨ ਉਹਨਾਂ ਦੀ ਪਾਲਣਾ ਕੀਤੀ ਜਾਵੇ।

ਹਜ਼ਰਤ ਮੁਹੰਮਦ ਸ: ਨੇ ਫੁਰਮਾਇਆ ਕਿ ਧਰਤੀ ਵਿਚ ਜੋ ਪਾਕ ਤੇ ਹਲਾਲ ਚੀਜ਼ਾਂ ਹਨ ਉਹਨਾਂ ਨੂੰ ਖਾਓ ਅਤੇ ਸ਼ੈਤਾਨ ਦੇ ਦਸੇ ਰਾਹ ਉਤੇ ਨਾ ਚਲੋ।ਉਹ ਤੁਹਾਡਾ ਖੁਲ੍ਹਾ ਦੁਸ਼ਮਣ ਹੈ।ਤੁਹਾਨੂੰ ਬੁਰਾਈ ਤੇ ਅਸ਼ਲੀਲਤਾ ਦਾ ਹੁਕਮ ਦੇਂਦਾ ਹੈ ਅਤੇ ਇਹ ਸਿਖਾਉਂਦਾ ਹੈ ਕਿ ਤੁਸੀਂ ਅੱਲਾਹ ਦੇ ਨਾਂ ਉਤੇ ਉਹ ਗਲਾਂ ਆਖੋ ਜਿਨਾਂ ਬਾਰੇ ਤੁਸੀਂ ਨਹੀਂ ਜਾਣਦੇ ਕਿ ਉਹ ਅੱਲਾਹ ਨੇ ਆਖੀਆਂ ਹਨ। ਅੱਲਾਹ ਅੱਲਾਹ ਨੇ ਤੁਹਾਨੂੰ ਬਖਸ਼ੀਆਂ ਹਨ ਉਹ ਬੇਝਿਜਕ ਹੋ ਕੇ ਖਾਓ ਅਤੇ ਅੱਲਾਹ ਦਾ ਸ਼ੁਕਰ ਕਰੋ।

ਅੱਲਾਹ ਵਲੋਂ ਜੋ ਕੋਈ ਪਾਬੰਦੀ ਤੁਹਾਡੇ ਉਤੇ ਹੈ ਤਾਂ ਉਹ ਇਹ ਹੈ, "ਮੁਰਦਾਰ ਨਾ ਖਾਓ", "ਲਹੂ ਅਤੇ ਸੂਰ ਦੇ ਮਾਸ ਤੋਂ ਬਚੋ", ਕੋਈ ਅਜੇਹੀ ਚੀਜ਼ ਨਾ ਖਾਉ ਜਿਸ ਤੇ ਅੱਲਾਹ ਤੋਂ ਛੁਟ ਕਿਸੇ ਹੋਰ ਦਾ ਨਾ ਲਿਆ ਗਿਆ ਹੋਵੇ।

ਮੋਟੇ ਤੌਰ ਤੇ ਤੁਹਾਡੇ ਲਈ ਚੌਖਰਾਂ ਦੀ ਕਿਸਮ ਦੇ ਸਭ ਪਸ਼ੂ ਹਲਾਲ ਕੀਤੇ ਹਨ।

ਪਰ ਹਰਾਮ ਮਹੀਨਿਆਂ ਵਿਚ ਕਿਸੇ ਨੂੰ ਹਲਾਲ ਨਾ ਕਰੋ, ਨਾ ਹੀ ਕੁਰਬਾਨੀ ਦੇ ਪਸ਼ੂਆਂ ਤੇ ਹਥ ਚੁਕੋ ਅਤੇ ਨਾ ਹੀ ਉਹਨਾਂ ਪਸ਼ੂਆਂ ਤੇ ਹਥ ਚੁਕੋ ਜਿਨਾਂ ਦੇ ਗਲ ਵਿਚ ਰੱਬ ਦੀ ਸੁਖਣਾ ਦੇ ਚਿੰਨ ਵਜੋਂ ਪਟੇ ਪਾਏ ਹੋਣ।

ਮੁਰਦਾਰ, ਸੂਰ ਦਾ ਮਾਸ ਅਤੇ ਉਹ ਪਸ਼ੂ ਜਿਹੜਾ ਅੱਲਾਹ ਦੇ ਨਾਂ ਤੋਂ ਛੁਟ ਕਿਸੇ ਹੋਰ ਦੇ ਨਾਂ ਤੇ ਹਲਾਲ ਕੀਤਾ ਹੋਵੇ, ਉਹ ਜਿਹੜਾ ਗਲ ਘੁਟ ਕੇ, ਜਾਂ ਸਟ ਖਾ ਕੇ ਮੋਇਆ ਹੋਵੇ ਜਾਂ ਜਿਸਨੂੰ ਕਿਸੇ ਪਾੜੂ ਪਸ਼ੂ ਨੇ ਚੀਰਿਆ ਹੋਵੇ ਜਾਂ ਪਾੜਿਆ ਹੋਵੇ, ਛੁਟ ਉਸ ਤੋਂ ਜਿਸਨੂੰ ਤੁਸੀਂ ਜਿਉਂਦੇ ਵੇਖ ਕੇ ਹਲਾਲ ਕਰ ਲਿਆ ਹੋਵੇ ਅਤੇ ਉਹ ਜਿਹੜਾ ਅੱਲਾਹ ਤੋਂ ਛੁਟ ਕਿਸੇ ਹੋਰ ਦੇ ਅਸਥਾਨ ਉਤੇ ਹਲਾਲ ਕੀਤਾ ਗਿਆ ਹੋਵੇ।ਇਹ ਸਭ ਨ ਫੁਰਮਾਨੀਆਂ ਹਨ।

ਹਾਂ, ਜਿਹੜਾ ਵਿਅਕਤੀ ਕਿਸੇ ਮਜਬੂਰੀ ਦੀ ਹਾਲਤ ਵਿਚ ਹੁੰਦੇ ਹੋਇਆਂ ਇਹਨਾਂ ਚੀਜ਼ਾਂ ਵਿਚੋਂ ਕੋਈ ਚੀਜ਼ ਖਾ ਲਵੇ ਅਤੇ ਉਸਦਾ ਇਰਾਦਾ ਨਿਯਮ ਤੋੜਨ ਦਾ ਨਾ ਹੋਵੇ ਅਤੇ ਨ ਹੀ ਉਹ ਲੋੜ ਦੀ ਹਦੋਂ ਟਪੇ ਤਾਂ ਉਸ ਉਤੇ ਕੋਈ ਦੋਸ਼ ਨਹੀਂ ਹੈ।

ਜਿਨ੍ਹਾਂ ਸ਼ਿਕਾਰੀ ਜਾਨਵਰਾਂ ਨੂੰ ਭਾਵ ਕੁਤੇ, ਚੀਤੇ, ਬਾਜ਼, ਸ਼ਿਕਰੇ ਅਤੇ ਉਹ ਸਾਰੇ ਪਸ਼ੂ ਤੇ ਪੰਛੀ ਜਿਨ੍ਹਾਂ ਤੋਂ ਮਨੁਖ ਸ਼ਿਕਾਰ ਕਰਨ ਦਾ ਕੰਮ ਲੈਂਦਾ ਹੈ ਜਿਨ੍ਹਾਂ ਨੂੰ ਰੱਬ ਦੇ ਬਖਸ਼ਿਸ਼ ਕੀਤੇ ਗਿਆਨ ਦੇ ਆਧਾਰ ਤੇ ਤੁਸੀਂ ਸ਼ਿਕਾਰ ਦੀ ਸਿਖਿਆ ਦੇਂਦੇ ਹੋ... ਉਹ ਜਿਸ ਜਾਨਵਰ ਨੂੰ ਤੁਹਾਡੇ ਲਈ ਫੜੀ ਰਖਨ ਉਹਨੂੰ ਵੀ ਤੁਸੀਂ ਖਾ ਸਕਦੇ ਹੋ, ਅੱਲਾਹ ਦਾ ਨਾਉਂ ਲੈ ਕੇ।

ਇਸ ਤਰਾਂ ਆਮ ਪਾਤੂ ਪਸੂਆਂ ਦਾ ਚੀਰਿਆ, ਪਾੜਿਆ ਜਾਨਵਰ ਹਰਾਮ ਹੈ ਅਤੇ ਸਿਧਾਏ ਹੋਏ ਜਾਨਵਰਾਂ ਦਾ ਹਲਾਲ।

ਸਮੁੰਦਰ ਦਾ ਸ਼ਿਕਾਰ ਅਤੇ ਉਸਨੂੰ ਖਾਨਾ ਜਾਇਜ਼ ਹੈ।ਮਾਵਾਂ, ਧੀਆਂ, ਭੈਣਾਂ, ਫੁਫੀਆਂ, ਮਾਸੀਆਂ, ਭਤੀਜੀਆਂ, ਭਾਣਜੀਆਂ, ਤੁਹਾਡੀਆਂ ਉਹ ਮਾਵਾਂ ਜਿਨਾਂ ਤੁਹਾਨੂੰ ਦੁਧ ਪਿਲਾਇਆ ਹੋਵੇ, ਤੁਹਾਡੀਆਂ ਸਸਾਂ, ਤੁਹਾਡੀਆਂ ਪਤਨੀਆਂ ਦੀਆਂ ਧੀਆਂ ਜਿਹੜੀਆਂ ਤੁਹਾਡੇ ਗੋਦੜੀ ਵਿਚ ਪਲੀਆਂ ਹੋਣ, ਨਾਲ ਵਿਆਹ ਕਰਨਾ ਹਰਾਮ ਹੈ।

ਏਸੇ ਤਰਾਂ ਮਾਮੀ ਤੇ ਭਨੇਵੀ, ਭੂਆ ਤੇ ਭਤੀਜੀ ਨੂੰ ਵੀ ਇਕੋ ਸਮੇ ਨਿਕਾਹ ਵਿਚ ਰਖਨਾ ਹਰਾਮ ਹੈ।ਭਾਵ ਅਜੇਹੀਆਂ ਦੋ ਔਰਤਾਂ ਨਾਲ ਇਕਠਾ ਨਿਕਾਹ ਕਰਨਾ ਹਰਾਮ ਹੈ ਜਿਨਾ ਵਿਚੋਂ ਜੇ ਇਕ ਆਦਮੀ ਹੁੰਦੀ ਤਾਂ ਉਸਦਾ ਦੂਜੀ ਨਾਲ ਨਿਕਾਹ ਹਰਾਮ ਹੁੰਦਾ।

ਉਸ ਇਸਤਰੀ ਨੂੰ ਛਡ ਜੋ ਜੰਗ ਵਿਚ ਤੁਹਾਡੇ ਹੱਥ ਲਗੇ।ਹਰ ਉਹ ਇਸਤਰੀ ਜੋ ਕਿਸੇ ਦੂਜੇ ਦੇ ਨਿਕਾਹ ਵਿਚ ਹੋਵੇ ਤੁਹਾਡੇ ਤੇ ਹਰਾਮ ਹੈ।

**ਜਹਾਦ ਅੱਲਾਹ ਦੇ ਰਾਹ ਤੇ:**

ਨੇਕੀ ਦੇ ਸਾਰੇ ਉਹ ਕੰਮ ਜਿਨ੍ਹਾਂ ਦਾ ਮੰਤਵ ਅੱਲਾਹ ਦੀ ਰਜ਼ਾ ਦੀ ਪ੍ਰਾਪਤੀ ਹੋਵੇ ਉਹ ਹੀ ਅਸਲ ਵਿਚ "ਅੱਲਾਹ ਦੀ ਰਾਹ" ਹੈ।

"ਜਹਾਦ" ਭਾਵ ਉਹ ਜਦੋ-ਜਹਿਦ ਜਿਸ ਦਾ ਉਦੇਸ਼ ਸਮਾਜ ਵਿਚ ਕੁਫਰ ਵਿਵਸਥਾ ਨੂੰ ਮੇਟਨਾ ਅਤੇ ਉਸਦੀ ਥਾਂ ਇਸਲਾਮ ਵਿਵਸਥਾ ਕਾਇਮ ਕਰਕੇ ਅੱਲਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੋਵੇ।

ਕੁਰਆਨ ਹਰ ਮੁਸਲਮਾਨ ਨੂੰ ਆਪੇ ਵਿਚ ਰਲ ਮਿਲ ਕੇ ਅੱਲਾਹ ਦੀ ਰਸੀ ਨੂੰ ਦ੍ਰਿੜਤਾ ਨਾਲ ਫੜ ਕੇ ਆਪੇ ਵਿਚ ਕਿਸੇ ਕਿਸਮ ਦੀ ਫੁਟ ਨਾ ਪਾਉਣ ਦੀ ਸਖਤ ਹਦਾਇਤ ਕਰਦਾ ਹੈ। "ਅੱਲਾਹ ਦੀ ਰਸੀ" ਦਾ ਭਾਵ ਹੈ ਕਿ ਅੱਲਾਹ ਦਾ ਪਵਿਤਰ ਧਰਮ ਜਿਹੜਾ ਇਕ ਪਾਸੇ ਈਮਾਨ ਲਿਆਉਣ ਵਾਲਿਆਂ ਨੂੰ ਅੱਲਾਹ ਨਾਲ ਜੋੜਦਾ ਹੈ ਅਤੇ ਦੂਜੇ ਪਾਸੇ ਸਮੂਹ ਈਮਾਨ ਲਿਆਉਣ ਵਾਲਿਆਂ ਨੂੰ ਜੋੜ ਕੇ ਇਕ ਮਜ਼ਬੂਤ ਤੇ ਠੋਸ ਜਮਾਤ ਬਨਾਉਂਦਾ ਹੈ।

ਇਸ ਮੰਤਵ ਦੀ ਪੂਰਤੀ ਲਈ ਕੁਰਆਨ ਦਾ ਸਪੱਸ਼ਟ ਫਰਮਾਣ ਹੈ ਕਿ ਹਰ ਸਮੇਂ ਵਿਚ ਮੁਸਲਮਾਨਾਂ ਵਿਚੋਂ ਕੁਝ ਲੋਕ ਜ਼ਰੂਰ ਹੀ ਅਜੇਹੇ ਹੋਣੇ ਚਾਹੀਦੇ ਹਨ ਜਿਹੜੇ ਸਦਾ ਲੋਕਾਂ ਨੂੰ (1) ਨੇਕੀ ਵਲ ਸਦਦੇ ਰਹਿਣ (2) ਭਲਾਈ ਦੇ ਕੰਮ ਕਰਨ ਦਾ ਹੁਕਮ ਦੇਂਦੇ ਰਹਿਣ ਅਤੇ (3) ਬੁਰਾਈਆਂ ਤੋਂ ਰੋਕਦੇ ਰਹਿਣ।ਇਹ ਸੰਸਾਰ ਦੇ ਲੋਕਾਂ ਨੂੰ ਅੱਲਾਹ ਨਾਲ ਜੋੜ ਕੇ ਈਮਾਨ ਲਿਆਉਣ ਵਾਲਿਆਂ ਦੀ ਇਕ ਮਜ਼ਬੂਤ ਜਮਾਤ ਬਨਾ ਕੇ ਸਮਾਜ ਵਿਚ ਇਸਲਾਮਕ ਵਿਵਸਥਾ ਕਾਇਮ ਕਰਨ ਦਾ ਇਕ ਸ਼ਾਂਤਮਈ ਢੰਗ ਹੈ।

ਇਸਲਾਮ ਇਸ ਗਲ ਦੀ ਬਿਲਕੁਲ ਇਜਾਜ਼ਤ ਨਹੀਂ ਦੇਂਦਾ ਕਿ ਈਮਾਨ ਲਿਆਉਣ ਵਾਲੇ ਮੁਸਲਮਾਨ ਅੱਡ ਅੱਡ ਫਿਰਕਿਆਂ ਵਿਚ ਵੰਡੇ ਜਾਣ ਜਾਂ ਅੱਡ ਅੱਡ ਵਖਰੇਵਿਆਂ ਵਿਚ ਫਸ ਜਾਣ।

ਪਰ "ਅੱਲਾਹ ਦੇ ਰਾਹ" ਵਿਚ ਸ਼ੈਤਾਨ ਦੀਆਂ ਇਨਸਾਨੀਅਤ ਵਿਰੋਧੀ ਚਾਲਾਂ ਨੂੰ ਠਲ੍ਹ ਪਾ ਕੇ ਕੁਫਰ ਵਿਵਸਥਾ ਨੂੰ ਮੇਟਨ ਅਤੇ ਉਸਦੀ ਥਾਂ ਇਸਲਾਮੀ ਵਿਵਸਥਾ ਕਾਇਮ ਕਰਨ ਲਈ "ਜਹਾਦ" (ਲੜਨਾ) ਉਚਿਤ ਹੈ।

ਏਸੇ ਲਈ ਨਬੀ ਸ: ਨੇ ਫੁਰਮਾਇਆ ਕਿ, 'ਹੇ ਈਮਾਨ ਵਾਲਿਓ! ਤੁਸੀਂ ਅੱਲਾਹ ਦੇ ਰਾਹ ਵਿਚ ਉਹਨਾਂ ਲੋਕਾਂ ਨਾਲ ਲੜੋ ਜਿਹੜੇ ਤੁਹਾਡੇ ਨਾਲ ਲੜਦੇ ਹਨ।

ਉਹਨਾਂ ਲੋਕਾਂ ਨਾਲ, ਜੋ ਸਚਾਈ ਨੂੰ ਮੰਨਣੋ ਇਨਕਾਰ ਕਰਨ ਜਾਂ ਸੰਧੀ ਕਰਕੇ ਉਸਨੂੰ ਭੰਗ ਕਰ ਦੇਣ ਉਹਨਾਂ ਨਾਲ ਜਿਥੇ ਵੀ ਤੁਹਾਡਾ ਟਾਕਰਾ ਹੋਵੇ ਪੂਰੀ ਸ਼ਕਤੀ ਨਾਲ ਲੜੋ।ਉਹਨਾਂ ਨਾਲ ਇਸ ਹੱਦ ਤਕ ਲੜਦੇ ਰਹੋ ਕਿ ਕੋਈ ਉਪੱਦਰ

ਬਾਕੀ ਨਾ ਰਹੇ ਅਤੇ ਧਰਮ ਅਰਥਾਤ ਤਾਬਿਆਦਾਰੀ ਅੱਲਾਹ ਦੀ ਹੋ ਜਾਵੇ।ਅਜੇਹੇ ਲੋਕ ਲੜਾਈ ਵਿਚ ਤੁਹਾਨੂੰ ਜਿਥੇ ਵੀ ਟਕਰ ਜਾਣ ਤਾਂ ਇਹਨਾਂ ਦੀ ਅਜੇਹੀ ਭੁਗਤ ਸਵਾਰੋ ਤੇ ਭੈਭੀਤ ਕਰ ਦਿਓ ਕਿ ਇਹਨਾ ਮਗਰੋਂ ਦੂਜੇ ਜਿਹੜੇ ਲੋਕ ਅਜੇਹਾ ਵਤੀਰਾ ਧਾਰਨ ਕਰਨ ਉਹਨਾਂ ਦੀ ਵੀ ਮੱਤ ਟਿਕਾਣੇ ਆ ਜਾਵੇ ਤੇ ਉਹ ਇਸ ਤੋਂ ਸਿਖਿਆ ਗ੍ਰਿਹਣ ਕਰਨ।

ਨਬੀ ਸ: ਨੇ ਅਗੇ ਹਦਾਇਤ ਕੀਤੀ ਕਿ 'ਹੇ ਈਮਾਨ ਲਿਆਉਣ ਵਾਲਿਓ! ਮੁਸ਼ਰਿਕ ਅਪਵਿਤਰ ਹਨ।ਸੋ ਜਿਹੜੇ ਅੱਲਾਹ ਦੀ ਸਰਵ-ਉਚਤਾ ਅਤੇ ਆਖਰਤ ਦੇ ਦਿਹਾੜੇ ਉਤੇ ਈਮਾਨ ਨਹੀਂ ਲਿਆਉਂਦੇ ਅਤੇ ਜੋ ਕੁਝ ਅੱਲਾਹ ਨੇ ਤੇ ਉਸਦੇ ਰਸੂਲ ਨੇ ਹਰਾਮ ਕਰ ਦਿਤਾ ਹੈ ਉਹਨੂੰ ਹਰਾਮ ਨਹੀਂ ਮੰਨਦੇ ਅਤੇ ਸਚੇ ਸੁਚੇ ਧਰਮ ਨੂੰ ਅਪਣਾ 'ਧਰਮ' ਨਹੀਂ ਬਨਾਉਂਦੇ ਉਹਨਾਂ ਲੋਕਾਂ ਵਿਰੁਧ ਯੁਧ ਕਰੋ,' ਏਥੋਂ ਤੀਕ ਕਿ ਉਹ ਅਪਣੇ ਹਥੀਂ ਰਖਿਆ ਟੈਕਸ ਦੇਣ ਅਤੇ ਅਧੀਨ ਬਨ ਕੇ ਰਹਿਣ।"

ਜਿਹੜੇ ਲੋਕ ਅਪਣੇ ਕੀਤੇ ਬਚਨ ਭੰਗ ਕਰਦੇ ਹਨ ਉਹਨਾਂ ਨਾਲ ਯੁਧ ਕਰੋ।ਜਦੋਂ ਹਰਾਮ ਮਹੀਨੇ ਲੰਘ ਜਾਣ (ਭਾਵ ਉਹ ਮਹੀਨੇ ਜਿਨ੍ਹਾਂ ਵਿਚ ਮੁਸ਼ਰਿਕਾਂ ਨੂੰ ਮੋਹਲਤ ਦਿਤੀ ਸੀ ਤਾਂ ਜਿਥੇ ਵੀ ਵੇਖੋ ਮੁਸ਼ਰਿਕਾ ਨੂੰ ਫੜੋ, ਘੇਰੋ ਤੇ ਕਤਲ ਕਰੋ ਅਤੇ ਹਰੇਕ ਘਾਤ ਵਿਚ ਉਹਨਾਂ ਦੀ ਭੁਗਤ ਸੁਆਰਨ ਲਈ ਬੈਠੋ।ਅਪਣੇ ਪਿਉ, ਭਰਾਵਾਂ ਜਾਂ ਰਿਸ਼ਤੇਦਾਰਾਂ ਨੂੰ ਵੀ ਅਪਣੇ ਸਾਥੀ ਨ ਬਨਾਓ ਜੇ ਉਹ ਈਮਾਨ ਦੇ ਮੁਕਾਬਲੇ ਵਿਚ ਕੁਫਰ ਨੂੰ ਪਹਿਲ ਦੇਂਦੇ ਹਨ।

ਇਸ ਲਈ ਜਿਹੜਾ ਤੁਹਾਡੇ ਉਤੇ ਹੱਥ ਚੁਕੇ ਤੁਸੀਂ ਵੀ ਉਸ ਤਰ੍ਹਾਂ ਉਸ ਉਤੇ ਹਥ ਚੁਕੋ। ਹਰ ਸਮੇਂ ਅੱਲਾਹ ਤੋਂ ਡਰਦੇ ਰਹੋ। ਅੱਲਾਹ ਦੇ ਰਾਹ ਵਿਚ ਖਰਚ ਕਰੋ ਅਤੇ ਅਪਣੇ ਹਥੀਂ ਅਪਣੇ ਆਪ ਨੂੰ ਜਾਂ ਈਮਾਨ ਵਾਲਿਆਂ ਨੂੰ ਹਲਾਕ ਨਾ ਕਰੋ।ਕਦੇ ਵੀ ਕਿਸੇ ਨਾਲ ਵਧੀਕੀ ਨਾ ਕਰੋ। ਵਧੀਕੀ ਕਰਨ ਵਾਲਿਆਂ ਨੂੰ ਅੱਲਾਹ ਪਸੰਦ ਨਹੀਂ ਕਰਦਾ।

ਆਦਰ ਵਾਲੇ ਮਹੀਨੇ ਵਿਚ ਲੜਨਾ ਠੀਕ ਨਹੀਂ ਪਰ ਜੇ ਕੋਈ ਤੁਹਾਨੂੰ ਅੱਲਾਹ ਦੇ ਰਾਹ ਤੋਂ ਰੋਕੇ ਤਾਂ ਉਸ ਨਾਲ ਲੜਨਾ ਠੀਕ ਹੈ।

ਜੇ ਮੁਸ਼ਰਿਕ ਲੜਾਈ ਦੌਰਾਨ ਤੋਬਾ ਕਰ ਲੈਣ, ਨਮਾਜ਼ ਕਾਇਮ ਕਰਨ ਅਤੇ ਜ਼ਕਾਤ ਦੇਣ ਲਗਨ ਤਾਂ ਉਹਨਾਂ ਨੂੰ ਛਡ ਦਿਓ ਤੇ ਮੁਆਫ ਕਰ ਦਿਓ।ਜੇ ਲੜਾਈ ਦੌਰਾਨ ਕੋਈ ਮੁਸ਼ਰਿਕਾਂ ਵਿਚੋਂ ਸ਼ਰਨ (ਪਨਾਹ) ਮੰਗੇ ਤਾਂ ਉਸਨੂੰ ਸ਼ਰਨ ਦਿਓ ਜੇ ਉਹ ਅੱਲਾਹ ਦੀ ਬਾਣੀ ਸਰਵਨ ਕਰ ਲਵੇ।

ਜੇ ਵੈਰੀ ਸੁਲ੍ਹਾ ਤੇ ਸ਼ਾਂਤੀ ਵਲ ਝੁਕਣ ਤਾਂ ਤੁਸੀਂ ਵੀ ਇਸ ਵਾਸਤੇ ਤਿਆਰ ਹੋ ਜਾਉ।

ਜੇ ਸੰਧੀ ਸਮੇਂ ਕਿਸੇ ਕੌਮ ਤੋਂ ਵਿਸ਼ਵਾਸਘਾਤ ਦਾ ਡਰ ਹੋਵੇ ਤਾਂ ਖੁਲੇਆਮ ਉਸਦਾ ਸਮਝੌਤਾ ਉਸ ਵਲ ਵਗਾਹ ਮਾਰੋ ਤੇ ਉਸਨੂੰ ਖਬਰਦਾਰ ਕਰ ਦਿਓ ਕਿ ਜਾਂ ਤਾਂ ਉਹ ਜੰਗ ਕਰੇ ਅਤੇ ਅਪਣਾ ਸਰਵਨਾਸ਼ ਕਰਾਵੇ ਜਾਂ ਦੇਸ਼ ਛਡਕੇ ਚਲਾ ਜਾਵੇ।

ਨਬੀ ਸ: ਨੇ ਅਗੇ ਕਿਹਾ ਕਿ ਯਾਦ ਰਖੋ ਕਿ ਜਿਹੜੇ ਲੋਕ ਅੱਲਾਹ ਦੇ ਰਾਹ ਵਿਚ ਕਤਲ ਹੋਣ ਉਹਨਾਂ ਨੂੰ ਮੁਰਦਾ ਨਾ ਸਮਝੋ। ਉਹ ਤਾਂ ਹਕੀਕਤ ਵਿਚ ਸਦਾ ਜਿਉਂਦੇ ਹਨ।ਉਹ ਕੌਮ ਦੇ ਸ਼ਹੀਦ ਹਨ।ਉਹਨਾਂ ਦੀਆਂ ਪਤਨੀਆਂ ਅਤੇ ਯਤੀਮ ਬਚਿਆਂ ਨਾਲ ਹਮੇਸ਼ਾ ਨਿਆਂ ਕਰੋ।

ਜਦੋਂ ਤੁਸੀਂ ਅੱਲਾਹ ਦੇ ਰਾਹ ਵਿਚ ਲੜਨ ਵਾਸਤੇ ਨਿਕਲੋ ਤਾਂ ਮਿਤਰ ਤੇ ਵੈਰੀ ਵਿਚ ਫਰਕ ਕਰੋ ਅਤੇ ਜੋ ਤੁਹਾਡੇ ਵਲ ਸਲਾਮ ਕਰਨ ਵਿਚ ਪਹਿਲ ਕਰੇ ਉਸਨੂੰ ਝਟ ਨ ਆਖ ਦਿਓ ਕਿ ਤੂੰ ਮੋਮਨ ਨਹੀਂ ਹੈਂ"।

ਸਦਾ ਯਾਦ ਰਖੋ ਕਿ ਕਿਸੇ ਈਮਾਨ ਵਾਲੇ ਦਾ ਇਹ ਕੰਮ ਨਹੀਂ ਕਿ ਉਹ ਦੂਜੇ ਈਮਾਨ ਵਾਲੇ ਦਾ ਕਤਲ ਕਰੇ।

ਪਰ ਜੇ ਕਿਤੇ ਗਲਤੀ ਨਾਲ ਅਜੇਹਾ ਹੋ ਜਾਵੇ ਤਾਂ ਇਸ ਗੁਨਾਹ ਉਤੇ ਅੱਲਾਹ ਤੋਂ ਤੋਬਾ ਕਰੇ।ਇਕ ਮੋਮਨ ਗੁਲਾਮ ਨੂੰ ਆਜ਼ਾਦ ਕਰੇ ਅਤੇ ਮਿਰਤਕ ਦੇ ਵਾਰਸਾਂ ਨੂੰ ਅਰਥ-ਦੰਡ ਦੇਵੇ (ਮਿਰਤਕ ਦੇ ਵਾਰਸ ਇਹ ਹਰਜਾਨਾ ਮੁਆਫ ਕਰ ਸਕਦੇ ਹਨ)।

**ਆਖਰਤ ਜਾਂ ਕਿਆਮਤ:**

"ਆਖਰਤ" ਇਸ ਵਰਤਮਾਨ ਲੋਕ ਦੇ ਜੀਵਨ ਦੀ ਸੀਮਾ ਦਾ ਉਹ ਆਖਰੀ ਦਿਨ ਹੈ ਜਿਸ ਦਿਨ ਇਸ ਸ੍ਰਿਸ਼ਟੀ ਦੀ ਵਿਵਸਥਾ ਖਿੰਡ ਪੁੰਡ ਜਾਵੇਗੀ।

ਕੁਰਆਨ ਮਜੀਦ ਦੀਆਂ ਸਿਖਿਆਵਾਂ ਨੂੰ ਮੰਨਣ ਵਾਲਿਆਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜੋ ਕੁਝ ਕਰਮ ਚੰਗੇ ਜਾਂ ਮਾੜੇ ਹਰ ਮਨੁਖ ਨੇ ਇਸ ਸ੍ਰਿਸ਼ਟੀ ਤੇ ਕਮਾਏ ਹਨ ਉਹ ਸਭੇ ਅੱਲਾਹ ਲਿਖਦੇ ਜਾ ਰਹੇ ਹਨ ਅਤੇ ਜੋ ਜੋ ਚਿੰਨ੍ਹ ਇਹਨਾ ਲੋਕਾਂ ਨੇ ਪਿਛੇ ਛਡੇ ਹਨ ਉਹ ਵੀ ਅੱਲਾਹ ਵਲੋਂ ਦਰਜ ਕੀਤੇ ਜਾ ਰਹੇ ਹਨ। ਅੱਲਾਹ ਨੇ ਹਰ ਚੀਜ਼ ਨੂੰ ਖੁਲੀ ਕਿਤਾਬ ਵਿਚ ਦਰਜ ਕੀਤਾ ਹੋਇਆ ਹੈ।

ਉਹਨਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਆਖਰਤ ਦੇ ਦਿਹਾੜੇ ਅਚਨਚੇਤ ਇਕ ਅਜੇਹਾ ਧਮਾਕਾ ਹੋਵੇਗਾ ਕਿ ਸਭ ਨੂੰ ਇਸ ਹਾਲਤ ਵਿਚ ਆ ਨਪੇਗਾ, ਜਦੋਂ ਹਰ ਕੋਈ ਅਪਣੇ ਸੰਸਾਰਕ ਮਾਮਲਿਆਂ ਵਿਚ ਝਗੜਦੇ ਪਏ ਹੋਣਗੇ।ਉਸ ਵਕਤ ਇਹ ਵਸੀਹਤ ਵੀ ਨਹੀ ਕਰ ਸਕਣਗੇ ਅਤੇ ਨਾ ਹੀ ਅਪਣੇ ਘਰਾਂ ਨੂੰ ਪਰਤ ਸਕਣਗੇ।

ਉਸ ਧਮਾਕੇ ਕਾਰਨ ਤਾਰੇ ਮਧਮ ਪੈ ਜਾਣਗੇ, ਸਮੁੰਦਰਾਂ ਤੇ ਦਰਿਆਵਾਂ ਨੂੰ ਭਰਕੇ ਧਰਤੀ ਦੇ ਬਰਾਬਰ ਕਰ ਦਿਤਾ ਜਾਵੇਗਾ, ਪਹਾੜ ਚੂਰਾ ਚੂਰ ਕਰਕੇ ਧੁਣਖ ਸੁਟੇ ਜਾਣਗੇ। ਜੰਗਲ ਜਾਨਵਰ ਸਮੇਟ ਕੇ ਇਕੱਠੇ ਕਰ ਦਿਤੇ ਜਾਣਗੇ।ਪ੍ਰਾਣ ਸਰੀਰਾਂ ਨਾਲ ਜੋੜ ਦਿਤੇ ਜਾਣਗੇ ਅਤੇ ਏਥੋਂ ਤਕ ਕਿ ਜਿਉਂਦੀ ਦੱਬ ਦਿੱਤੀ ਕੁੜੀ ਤਕ ਨੂੰ ਵੀ ਪੁਛਿਆ ਜਾਵੇਗਾ ਕਿ ਉਹ ਕਿਸ ਦੋਸ਼ ਵਿਚ ਮਾਰੀ ਗਈ ਸੀ?

ਉਸ ਆਖਰਤ ਭਾਵ ਕਿਆਮਤ ਦੇ ਦਿਨ ਹਸ਼ਰ ਦੇ ਮੈਦਾਨ ਵਿਚ ਜਦੋਂ ਮਨੁਖ ਜਾਤੀ ਦਾ ਮੁਕੱਦਮਾ ਪੇਸ਼ ਹੋਵੇਗਾ ਤਾਂ ਹਰ ਕੌਮ ਦੇ ਰਸੂਲਾਂ ਜਾਂ ਨਬੀਆਂ ਨੂੰ ਗਵਾਹੀ ਦੇਣ ਲਈ ਸਾਮ੍ਹਣੇ ਲਿਆਂਦਾ ਜਾਵੇਗਾ ਤਾਂ ਜੋ ਉਹ ਇਸ ਗਲ ਦੀ ਗਵਾਹੀ ਦੇਣ ਕਿ ਉਹਨਾਂ ਨੇ ਅੱਲਾਹ ਦਾ ਸੁਨੇਹਾ ਲੋਕਾਂ ਤਕ ਪੁਜਦਾ ਕਰ ਦਿਤਾ ਸੀ।

ਉਸ ਸਮੇਂ ਧਰਤੀ ਦੇ ਅੰਦਰ ਜਿੰਨੇ ਮਰੇ ਹੋਏ ਇਨਸਾਨ ਹੋਣਗੇ ਸਭ ਨੂੰ ਸੁਰਜੀਤ ਕਰਕੇ ਬਾਹਰ ਕਢਿਆ ਜਾਵੇਗਾ ਅਤੇ ਉਹਨਾਂ ਦੇ ਕੰਮਾਂ ਦੀਆਂ

ਜਿਹੜੀਆਂ ਗਵਾਹੀਆਂ ਧਰਤੀ ਅੰਦਰ ਮੌਜੂਦ ਹੋਣਗੀਆਂ ਉਹ ਵੀ ਪੂਰਨ ਰੂਪ ਵਿਚ ਬਾਹਰ ਆ ਜਾਣਗੀਆਂ।

ਫਿਰ ਹਰ ਮਨੁਖ ਦੇ ਅਪਣੇ ਅਪਣੇ ਕਰਮ-ਪੱਤਰ ਖੋਲ੍ਹੇ ਜਾਣਗੇ ਅਤੇ ਉਹਨਾਂ ਦੇ ਕਰਮ-ਪੱਤਰਾਂ ਅਨੁਸਾਰ ਹਿਸਾਬ ਲਿਆ ਜਾਵੇਗਾ।ਹਰੇਕ ਵਿਅਕਤੀ ਅਪਣੀ ਨਿਜੀ ਹੈਸੀਅਤ ਵਿਚ ਪੇਸ਼ ਹੋਵੇਗਾ ਅਤੇ ਹਰੇਕ ਨੂੰ ਅਪਣਾ ਹੀ ਹਿਸਾਬ ਦੇਣਾ ਪਵੇਗਾ।

ਦੁਨੀਆਂ ਵਿਚ ਤੁਹਾਡੇ ਰਿਸ਼ਤੇਦਾਰ, ਸਾਕ ਸਬੰਧੀ, ਉਸ ਦਿਹਾੜੇ ਤੁਹਾਡੇ ਕਿਸੇ ਕੰਮ ਨਹੀਂ ਆਉਣਗੇ।

ਇਸ ਲਈ ਦੁਨੀਆਂ ਵਿਚ ਕਿਸੇ ਬੰਦੇ ਨੂੰ ਵੀ ਕਿਸੇ ਰਿਸ਼ਤੇਦਾਰ, ਜਾਂ ਦੋਸਤੀ ਜਾਂ ਜਥੇਬੰਦੀ ਲਈ ਕੋਈ ਨਜਾਇਜ਼ ਕੰਮ ਨਹੀਂ ਕਰਨਾ ਚਾਹੀਦਾ ਕਿਉਂ ਜੋ ਅਪਣੇ ਕੀਤੇ ਦੀ ਸਜ਼ਾ ਉਸਨੂੰ ਆਪ ਹੀ ਭੁਗਤਨੀ ਪਵੇਗੀ ਅਤੇ ਉਸਦੀ ਨਿਜੀ ਜ਼ੁਮੇਵਾਰੀ ਵਿਚ ਕੋਈ ਦੂਸਰਾ ਭਾਈਵਾਲ ਨਹੀਂ ਹੋਵੇਗਾ।

ਕੁਰਆਨ ਅਨੁਸਾਰ ਸੰਸਾਰ ਦੀ ਹਰੇਕ ਚੀਜ਼ ਵਾਂਗ ਜਗਤ-ਵਿਵਸਥਾ ਤੇ ਮਨੁਖ ਮਾਤਰ ਦੀ ਵੀ ਇਕ ਨਿਸ਼ਚਿਤ ਤਕਦੀਰ ਹੈ।ਇਸ ਤਕਦੀਰ ਅਨੁਸਾਰ ਜਿਹੜਾ ਸਮਾ ਅਜ਼ਾਬ ਭਾਵ ਆਖਰਤ ਲਈ ਨਿਸ਼ਚਿਤ ਹੈ ਉਹ ਉਸੇ ਵੇਲੇ ਹੀ ਹੋਵੇਗਾ।ਇਹ ਨਹੀਂ ਹੋ ਸਕਦਾ ਕਿ ਜਦੋਂ ਕੋਈ ਚੈਲਿੰਜ ਦੇਵੇ ਉਸ ਨੂੰ ਮਨਾਉਣ ਲਈ ਉਸੇ ਵੇਲੇ ਕਿਆਮਤ ਲਿਆ ਖੜੀ ਕੀਤੀ ਜਾਵੇ।

ਅੱਲਾਹ ਤੁਆਲਾ ਨੂੰ ਕਿਆਮਤ ਲਿਆਉਣ ਲਈ ਕਿਸੇ ਵਡੀ ਤਿਆਰੀ ਦੀ ਲੋੜ ਨਹੀਂ ਹੈ।ਉਸਦਾ ਬਸ ਹੁਕਮ ਹੁੰਦੀਆਂ ਹੀ ਅੱਖ ਦੇ ਫੇਰ ਵਿਚ ਉਹ ਆ ਵਾਪਰੇਗੀ।

ਕੁਝ ਲੋਕ ਆਖਦੇ ਹਨ "ਕੌਣ ਇਹਨਾਂ ਹਡੀਆਂ ਨੂੰ ਸੁਰਜੀਤ ਕਰੇਗਾ ਜਦੋਂ ਇਹ ਗਲ-ਸੜ ਚੁਕੀਆਂ ਹੋਣਗੀਆਂ?"

ਅੱਲਾਹ ਨੇ ਹਜ਼ੂਰ ਸ: ਨੂੰ ਕਿਹਾ ਕਿ "ਇਹਨਾਂ ਨੂੰ ਆਖੋ ਕਿ ਇਹਨਾਂ ਨੂੰ ਉਹੀ ਸੁਰਜੀਤ ਕਰੇਗਾ ਜਿਸਨੇ ਪਹਿਲਾਂ ਇਹਨਾਂ ਨੂੰ ਸਾਜਿਆ ਸੀ ਅਤੇ ਉਹ ਰਚਨਾ ਦੇ ਹਰੇਕ ਕਾਰਜ ਨੂੰ ਜਾਣਦਾ ਹੈ।"

ਅੱਲਾਹ ਤਾਂ ਜਦੋਂ ਕਿਸੇ ਚੀਜ਼ ਦਾ ਇਰਾਦਾ ਕਰਦਾ ਹੈ ਤਾਂ ਉਸਦਾ ਕੰਮ ਕੇਵਲ ਇਨਾਂ ਕੁ ਹੈ ਕਿ ਉਸਨੂੰ ਆਦੇਸ਼ ਦੇਵੇ ਕਿ 'ਹੋਜਾ' ਅਤੇ ਉਹ ਹੋ ਜਾਂਦੀ ਹੈ।

ਜਦੋਂ ਆਖਰਤ ਭਾਵ ਕਿਆਮਤ ਦਾ ਦਿਹਾੜਾ ਆਵੇਗਾ ਤਾਂ ਕੋਈ ਉਸਦੀ ਹੋਂਦ ਨੂੰ ਝੁਠਲਾਉਣ ਵਾਲਾ ਨਹੀਂ ਹੋਵੇਗਾ।ਉਹ ਹੇਠਲੀ ਉਤੇ ਕਰ ਦੇਣ ਵਾਲੀ ਬਿਪਤਾ ਹੋਵੇਗੀ।ਧਰਤੀ ਸਾਰੀ ਉਸ ਵੇਲੇ ਹਲੂਣ ਸੁਟੀ ਜਾਵੇਗੀ ਅਤੇ ਪਹਾੜ ਇਸ ਤਰ੍ਹਾਂ ਚੂਰਾ ਚੂਰ ਕਰ ਦਿਤੇ ਜਾਣਗੇ ਕਿ ਖਿਲਰੀ ਧੂੜ ਬਨ ਕੇ ਰਹਿ ਜਾਣਗੇ।

ਅਪਣੇ ਅਪਣੇ ਚੰਗੇ ਮਾੜੇ ਕਰਮਾਂ ਅਨੁਸਾਰ ਲੋਕਾਂ ਨੂੰ ਉਸ ਵੇਲੇ ਤਿੰਨ ਟੋਲਿਆਂ ਵਿਚ ਵੰਡ ਦਿਤਾ ਜਾਵੇਗਾ:

1. ਮੋਹਰੀ, ਜਿਨਾਂ ਚੰਗੇ ਕੰਮ ਕੀਤੇ।ਉਹਨਾਂ ਲਈ ਜੰਨਤ ਵਿਚ ਸਦੈਵੀ ਸਥਾਨ ਹੋਵੇਗਾ।
2. ਸਜੇ ਪਾਸੇ ਵਾਲੇ, ਉਹ ਲੋਕ ਜੋ ਵਿਚ ਵਿਚਾਲੇ ਰਹੇ ਭਾਵ ਜਿਨਾ ਚੰਗੇ ਮਾੜੇ ਕਰਮ ਕੀਤੇ।ਇਹ ਨਾ ਪੂਰੇ ਆਗਿਆਕਾਰੀ ਨਾ ਹੀ ਪੂਰੇ ਇਨਕਾਰੀ। ਇਹਨਾਂ ਲਈ ਵਖਰਾ ਸਥਾਨ ਦਿਤਾ ਜਾਵੇਗਾ।
3. ਖੱਬੇ ਪਾਸੇ ਵਾਲੇ, ਭਾਵ ਉਹ ਲੋਕ ਜਿਨ੍ਹਾਂ ਇਸਲਾਮ ਨੂੰ ਮੰਨਣ ਤੋਂ ਪੂਰਾ ਇਨਕਾਰ ਕੀਤਾ। ਉਹਨਾਂ ਨੂੰ ਜਹਨੰਮ (ਨਰਕ) ਵਿਚ ਸੁਟ ਦਿਤਾ ਜਾਵੇਗਾ।

**ਜੰਨਤ (ਸਵਰਗ):**

ਆਖਰਤ ਦੇ ਦਿਹਾੜੇ ਹਸ਼ਰ ਦੇ ਮੈਦਾਨ ਵਿਚ ਜਦੋਂ ਮਨੁਖ ਜਾਤੀ ਦਾ ਮੁਕਦਮਾ ਅੱਲਾਹ -ਤੁਆਲਾ ਦੇ ਸਾਮ੍ਹਣੇ ਪੇਸ਼ ਹੋਵੇਗਾ ਤਾਂ ਹਰ ਉਸ ਮਨੁਖ ਨੂੰ ਜਿਸਨੇ ਅਪਣਾ ਜੀਵਨ ਅੱਲਾਹ ਦੇ ਦਰਸਾਏ ਮਾਰਗ ਤੇ ਚਲਕੇ ਗੁਜ਼ਾਰਿਆ ਹੋਵੇਗਾ ਅਤੇ ਭਲੇ ਕਰਮ ਕਮਾਏ ਹੋਣਗੇ, ਨੂੰ ਜੰਨਤ ਵਿਚ ਸਦਾ ਲਈ ਠਹਿਰਾ ਦਿਤਾ ਜਾਵੇਗਾ।

ਜੰਨਤ (ਸਵਰਗ) ਕੁਰਆਨ ਅਨੁਸਾਰ ਉਹ ਪਵਿਤਰ ਸਥਾਨ ਹੈ ਜਿਥੇ ਨਿਤਰਵੇਂ ਪਾਣੀ, ਸੁਆਦਲੇ ਦੁਧ ਅਤੇ ਪਾਕ ਸਾਫ ਸ਼ਹਿਦ ਦੀਆਂ ਨਹਿਰਾਂ ਵਗਦੀਆਂ ਹੋਣਗੀਆਂ। ਉਥੇ ਅੰਗੂਰ ਤੇ ਹੋਰ ਸਭ ਫਲਾਂ ਦੇ ਬਾਗ, ਇਕੋ ਹਾਣ ਪਰਵਾਣ ਦੀਆਂ ਮੁਟਿਆਰਾਂ ਅਤੇ ਛਲਕਦੇ ਹੋਏ ਜਾਮ ਹੋਣਗੇ। ਉਥੇ ਜਿਧਰ ਵੀ

ਤੁਸੀਂ ਤਕੋਗੇ ਨਿਆਮਤਾਂ ਹੀ ਨਿਆਮਤਾਂ ਤੇ ਇਕ ਬਹੁਤ ਵਡੀ ਪਾਤਸ਼ਾਹੀ ਦਾ ਸਰੋ-ਸਮਾਨ ਤੁਹਾਨੂੰ ਦਿਸੇਗਾ।ਉਥੇ ਨਾ ਕਿਸੇ ਨੂੰ ਕੜਕਦੀ ਧੁਪ ਦੀ ਗਰਮੀ ਸਤਾਏਗੀ ਤੇ ਨ ਹੀ ਸਿਆਲ ਦੀ ਠੰਢ। ਉਥੇ ਕੋਈ ਵਿਅਰਥ ਤੇ ਝੂਠੀ ਗਲ ਕਰਨ ਨੂੰ, ਸੁਣਣ ਨੂੰ, ਤੁਹਾਨੂੰ ਨਹੀਂ ਮਿਲੇਗੀ।

ਈਮਾਨ ਲਿਆਉਣ ਵਾਲਿਆਂ ਨੇਕ ਬੰਦਿਆਂ ਨੂੰ ਜੰਨਤ ਵਿਚ ਸਦਾ ਲਈ ਠਹਿਰਾਇਆ ਜਾਵੇਗਾ।ਉਥੇ ਉਹਨਾਂ ਨੂੰ ਸ਼ਰਾਬ ਦੇ ਅਜੇਹੇ ਜਾਮ ਪਿਆਏ ਜਾਣਗੇ ਜਿਨ੍ਹਾਂ ਵਿਚ ਜਾਂ ਤਾਂ ਕਪੂਰ-ਜਲ ਰਲਿਆ ਹੋਵੇਗਾ ਜਾਂ ਸੁੰਢ ਦਾ ਰਲਾ ਹੋਵੇਗਾ ਅਤੇ ਜਾਂ ਕਸਤੂਰੀ ਦੀ ਮੋਹਰ ਲਗੀ ਹੋਵੇਗੀ। ਇਹ ਸ਼ਰਾਬ ਉਹਨਾਂ ਨੂੰ ਤਾਜ਼ਗੀ ਤੇ ਅਨੰਦ ਬਖਸ਼ੇਗੀ ਅਤੇ ਪੀਣ ਵਿਚ ਸੁਆਦੀ ਹੋਵੇਗੀ। ਇਸ ਲਿਸ਼ਕਦੀ ਹੋਈ ਸ਼ਰਾਬ ਦੇ ਜਾਮ ਪੀਣ ਨਾਲ, ਅੱਲਾਹ ਦੇ ਨੇਕ ਬੰਦਿਆਂ ਦੇ ਸਰੀਰਾਂ ਨੂੰ ਕੋਈ ਨੁਕਸਾਨ ਨਹੀਂ ਪੁਜੇਗਾ ਤੇ ਨਾ ਹੀ ਉਹਨਾਂ ਦੀ ਮੱਤ ਮਾਰੀ ਜਾਵੇਗੀ।

ਉਥੇ ਆਗਿਆਕਾਰੀ ਇਕ ਦੂਜੇ ਕੋਲੋਂ ਸ਼ਰਾਬ ਦੇ ਪਿਆਲੇ ਵਧ ਵਧ ਕੇ ਲੈ ਰਹੇ ਹੋਣਗੇ ਜਿਸ ਵਿਚ ਨਾ ਬਕਵਾਸ ਹੋਵੇਗੀ ਅਤੇ ਨ ਹੀ ਚਰਿਤਰਹੀਨਤਾ।ਉਹ ਸਭ ਸਤਿਕਾਰ ਸਹਿਤ ਆਮ੍ਹੋ-ਸਾਮ੍ਹਣੇ ਤਖਤਾਂ ਤੇ ਬੈਠਣਗੇ।

ਜੰਨਤ ਵਿਚ ਆਗਿਆਕਾਰੀਆਂ ਨੂੰ ਸੋਨੇ ਦੇ ਕੰਗਣ ਤੇ ਮੋਤੀ ਪਹਿਨਾਏ ਜਾਣਗੇ।ਉਹਨਾਂ ਦੇ ਲਿਬਾਸ ਰੇਸ਼ਮ ਦੇ ਹੋਣਗੇ।ਉਹ ਸਵਰਗ ਦੀਆਂ ਅਟਾਰੀਆਂ ਵਿਚ ਸਦਾ ਲਈ ਰਹਿਣਗੇ।ਉਥੇ ਮੌਤ ਦਾ ਸੁਆਦ ਉਹ ਕਦੇ ਨਹੀਂ ਵੇਖਣਗੇ।ਉਥੇ ਨਾ ਉਹਨਾਂ ਨੂੰ ਕਦੇ ਕਿਸੇ ਕਸ਼ਟ ਜਾਂ ਬੀਮਾਰੀ ਦਾ ਸਾਮ੍ਹਣਾ ਕਰਨਾ ਪਵੇਗਾ ਤੇ ਨਾ ਹੀ ਕਦੇ ਉਹਨਾਂ ਨੂੰ ਸੁਸਤੀ ਜਾਂ ਥਕੇਂਵਾ ਹੋਵੇਗਾ।

ਉਥੇ ਉਹਨਾਂ ਦੇ ਅਗੇ ਸੋਨੇ ਦੇ ਥਾਲ, ਚਾਂਦੀ ਦੇ ਭਾਂਡੇ ਅਤੇ ਸ਼ੀਸ਼ੇ ਦੇ ਪਿਆਲੇ ਘੁਮਾਏ ਜਾਣਗੇ।ਹਰ ਕਿਸਮ ਦੀਆਂ ਸੁਆਦੀ ਵਸਤੂਆਂ ਖਾਣ ਪੀਣ ਲਈ ਉਥੇ ਮੌਜੂਦ ਹੋਣਗੀਆਂ ਅਤੇ ਜਿਸ ਕਿਸੇ ਦੀ ਉਹ ਮੰਗ ਕਰਨਗੇ ਉਹਨਾਂ ਲਈ ਹਾਜ਼ਰ ਹੋ ਜਾਏਗੀ।

ਸੋਹਣੀਆਂ ਅਤੇ ਸੋਹਲ ਲਾਜਵੰਤੀਆਂ ਤੇ ਹਾਣ ਪਰਵਾਣ ਦੀਆਂ ਮੁਟਿਆਰਾਂ ਉਹਨਾਂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿਣਗੀਆਂ।

ਮੇਹਰਬਾਨ ਰੱਬ ਉਹਨਾਂ ਨੂੰ ਸਲਾਮ ਕਰੇਗਾ ਅਤੇ ਆਖੇਗਾ, "ਤੁਸੀਂ ਹੁਣ ਏਥੇ ਸਦਾ ਰਹੋਗੇ।ਤੁਸੀਂ ਇਸ ਸਵਰਗ ਦੇ ਵਾਰਸ ਅਪਣੇ ਉਹਨਾਂ ਅਮਲਾਂ ਸਦਕਾ ਬਣੇ ਹੋ ਜੋ ਤੁਸੀਂ ਸੰਸਾਰ ਵਿਚ ਕਰਦੇ ਰਹੇ ਹੋ।"

ਰੱਬ ਤੋਂ ਸਦਾ ਡਰ ਭੈ ਮੰਨਣ ਵਾਲਿਆਂ ਲਈ ਸਫਲਤਾ ਦਾ "ਜੰਨਤ" ਇਕ ਪਵਿਤਰ ਸਥਾਨ ਹੈ।

**ਜਹੰਨਮ (ਨਰਕ)**

ਜਹੰਨਮ ਜਾਂ ਨਰਕ ਉਹ ਅਤਿ ਭੈੜਾ ਅਤੇ ਭਿਆਨਕ ਸਥਾਨ ਹੈ ਜਿਥੇ ਆਖਰਤ ਦੇ ਦਿਹਾੜੇ (ਹਸ਼ਰ ਦੇ ਮੈਦਾਨ ਵਿਚ) ਸੰਸਾਰ ਵਿਚ ਕੁਕਰਮ ਕਰਨ ਵਾਲਿਆਂ ਨੂੰ ਸੁਟਿਆ ਜਾਵੇਗਾ ਜਿਥੇ ਉਹ ਹਮੇਸ਼ਾ ਪੀੜਾਂ 'ਚ ਰਹਿਣਗੇ ਅਤੇ ਅੱਗ ਵਿਚ ਫੁਕਦੇ ਰਹਿਣਗੇ।

ਕੁਕਰਮ ਕਰਨ ਵਾਲੇ ਇਨਕਾਰੀ ਉਹ ਲੋਕ ਹਨ ਜਿਨ੍ਹਾਂ ਦੇ ਸਾਮ੍ਹਣੇ ਹਦਾਇਤ/ਨਸੀਅਤ ਭਰਪੂਰ ਬਾਣੀ ਆਈ ਪਰ ਇਹਨਾਂ ਉਸਨੂੰ ਮੰਨਣ ਤੋਂ ਇਨਕਾਰ ਕਰ ਦਿਤਾ।ਇਹ ਲੋਕ ਸ਼ੈਤਾਨ ਦੇ ਆਖੇ ਲੱਗ ਕੇ ਮੂਰਤੀਆਂ ਦੀ ਗੰਦਗੀ ਵਿਚ ਫਸ ਗਏ।ਸਿਧਾ ਰਾਹ ਛੱਡ ਕੇ ਕੁਰਾਹੇ ਪੈ ਗਏ।

ਇਹਨਾਂ ਜ਼ਾਲਮਾਂ ਅਤੇ ਇਨਕਾਰੀਆਂ ਲਈ ਅੱਲਾਹ ਨੇ ਜੰਜੀਰ, ਸੰਗਲ ਅਤੇ ਭੜਕਦੀ ਹੋਈ ਅੱਗ ਤਿਆਰ ਕਰ ਛਡੀ ਹੈ ਜਿਸ ਦੀਆਂ ਲਾਟਾਂ ਉਹਨਾਂ ਨੂੰ ਅਪਣੇ ਘੇਰੇ ਵਿਚ ਲੈ ਲੈਣਗੀਆਂ। ਉਥੇ ਜੇ ਉਹ ਪਾਣੀ ਲਈ ਬਹੁੜੀ ਪਉਣਗੇ ਤਾਂ ਅਜੇਹੇ ਪਾਣੀ ਨਾਲ ਉਹਨਾਂ ਦੀ ਸੇਵਾ ਕੀਤੀ ਜਾਵੇਗੀ ਜਿਹੜਾ ਪੰਘਰੇ ਹੋਏ ਤੇਲ ਦੀ ਗਾਦ ਵਰਗਾ ਹੋਵੇਗਾ ਅਤੇ ਉਹਨਾਂ ਦੇ ਮੂੰਹ ਨੂੰ ਲੂਹ ਸੁਟੇਗਾ।ਉਹਨਾਂ ਲਈ ਅੱਗ ਦੇ ਬਸਤਰ ਹੋਣਗੇ ਅਤੇ ਉਹਨਾਂ ਦੇ ਸਿਰਾਂ 'ਤੇ ਉਬਲਦਾ ਪਾਣੀ ਡੋਲਿਆ ਜਾਵੇਗਾ ਜਿਸ ਨਾਲ ਉਹਨਾਂ ਦੀਆਂ ਖਲੜੀਆਂ ਹੀ ਨਹੀਂ ਸਗੋਂ ਢਿੱਡਾਂ ਦੇ ਅੰਦਰਲੇ ਹਿਸੇ ਤਕ ਗਲ ਜਾਣਗੇ। ਜਦੋਂ ਉਹ ਘਬਰਾ ਕੇ ਨਰਕ ਵਿਚੋਂ ਨਿਕਲਨ ਦਾ ਯਤਨ ਕਰਨਗੇ ਤਾਂ ਫਿਰ ਉਸੇ ਵਿਚ ਹੀ ਧਕ ਦਿਤੇ ਜਾਣਗੇ।

ਉਹ ਨਰਕ ਵਿਚ ਸਦਾ ਰਹਿਣਗੇ। ਅੱਗ ਦੀਆਂ ਲਾਟਾਂ ਉਹਨਾਂ ਦੇ ਚੇਹਰਿਆਂ ਦੀ ਖਲੜੀ ਲੂਹ ਸੁਟੇਗੀ। ਉਹਨਾਂ ਦੀਆਂ ਜਾਹਬਾਂ ਬਾਹਰ ਨਿਕਲ

ਆਉਣੀਆਂ।ਨ ਉਹਨਾਂ ਦਾ ਫਸਤਾ ਵਢਿਆ ਜਾਵੇਗਾ ਕਿ ਮਰ ਮੁਕ ਜਾਣ ਤੇ ਨ ਹੀ ਉਹਨਾਂ ਲਈ ਨਰਕ ਦੇ ਅਜ਼ਾਦ ਵਿਚ ਕੋਈ ਕਟੌਤੀ ਕੀਤੀ ਜਾਵੇਗੀ।

ਉਹ ਉਥੇ ਚੀਕਾਂ ਮਾਰ ਮਾਰ ਕੇ ਹਾਲ ਦੁਹਾਈ ਪਾਉਣਗੇ ਕਿ "ਹੇ ਸਾਡਿਆ ਰਬਾ! ਸਾਨੂੰ ਏਥੋਂ ਕਢ ਲੈ ਤਾਂ ਜੋ ਅਸੀਂ ਭਲੇ ਕੰਮ ਕਰੀਏ, ਉਨ੍ਹਾਂ ਕੰਮਾਂ ਤੋਂ ਉਲਟ ਜਿਹੜੇ ਅਸ: ਪਹਿਲੇ ਕਰਦੇ ਰਹੇ ਸੀ।"

ਅਗੋਂ ਇਹਨਾਂ ਨੂੰ ਕਿਹਾ ਜਾਵੇਗਾ, "ਪਾਪੀਓ, ਅਜ ਤੁਸੀਂ ਅਡ ਅਡ ਹੋ ਕੇ ਜਾਵੋ ਆਦਮ ਦੇ ਪੁਤਰੋ, ਕੀ ਮੈਂ ਤੁਹਾਨੂੰ ਹਦਾਇਤ ਨਹੀਂ ਕੀਤੀ ਸੀ ਕਿ ਸ਼ੈਤਾਨ ਦੀ ਬੰਦਗੀ ਨ ਕਰਨਾ। ਉਹ ਤੁਹਾਡਾ ਖੁਲ੍ਹਾ ਦੁਸ਼ਮਨ ਹੈ।ਮੇਰੀ ਬੰਦਗੀ ਇਕਾਗਰ ਚਿਤ ਹੋ ਕੇ ਕਰਨਾ।ਇਹ ਹੀ ਸਿਧਾ ਰਾਹ ਹੈ। ਪਰ ਇਸ ਹਦਾਇਤ ਦੇ ਹੁੰਦਿਆਂ ਹੋਇਆਂ ਵੀ ਸ਼ੈਤਾਨ ਨੇ ਤੁਹਾਡੇ ਵਿਚੋਂ ਇਕ ਵਡੇ ਟੋਲੇ ਨੂੰ ਕੁਰਾਹੇ ਪਾ ਦਿਤਾ।ਕੀ ਤੁਹਾਡੇ ਪਲੇ ਅਕਲ ਨਹੀਂ ਸੀ?ਹੁਣ ਵੇਖੋ ਸੁਆਦ।ਜ਼ਾਲਮਾਂ ਦਾ ਅਤੇ ਇਨਕਾਰੀਆਂ ਦਾ ਹੁਣ ਏਥੇ ਕੋਈ ਸਹਾਈ ਨਹੀਂ।ਹੁਣ ਸਦਾ ਦੋਜ਼ਖ ਦੀ ਅੱਗ ਵਿਚ ਸਦਾ ਸੜੋ ਅਤੇ ਬਲੋ। ਤੁਹਾਡੇ ਲਈ ਹੁਣ ਕੋਈ ਰਿਆਇਤ ਨਹੀਂ ਹੈ।"

**ਪੁਰਸ਼ ਅਤੇ ਇਸਤਰੀਆਂ:**

ਈਮਾਨ ਵਾਲੇ ਪੁਰਸ਼ ਅਤੇ ਇਸਤਰੀਆਂ ਇਕ ਦੂਜੇ ਦੇ ਸਾਥੀ ਹਨ। ਭਲਾਈ ਦੇ ਹੁਕਮ ਦੇਂਦੇ ਹਨ ਅਤੇ ਬੁਰਾਈ ਤੋਂ ਵਰਜਦੇ ਹਨ।ਨਮਾਜ਼ ਕਾਇਮ ਕਰਦੇ। ਜ਼ਕਾਤ ਦੇਂਦੇ ਹਨ। ਅੱਲਾਹ ਤੇ ਉਸਦੇ ਰਸੂਲ ਦੀ ਤਾਬਿਆਦਾਰੀ ਕਰਦੇ ਹਨ।

ਨੇਕ ਇਸਤਰੀਆਂ ਸਦਾ ਪਤੀ ਦੀਆਂ ਆਗਿਆਕਾਰੀ ਹੁੰਦੀਆਂ ਹਨ।ਉਹ ਪੁਰਸ਼ਾਂ ਦੀ ਗੈਰ-ਹਾਜ਼ਰੀ ਵਿਚ ਅੱਲਾਹ ਦੀ ਦੇਖ-ਰੇਖ ਤੇ ਨਿਗਰਾਨੀ ਹੇਠ ਉਹਨਾਂ ਦੇ ਹਕਾਂ ਦੀ ਰਾਖੀ ਕਰਦੀਆਂ ਹਨ।

ਈਮਾਨ ਵਾਲੇ ਪੁਰਸ਼ ਵੀ ਅਪਣੀਆਂ ਨਜ਼ਰਾਂ ਬਚਾ ਕੇ ਰਖਦੇ ਹਨ ਅਤੇ ਅਪਣੇ ਗੁਪਤ ਅੰਗਾਂ ਦੀ ਰਾਖੀ ਕਰਦੇ ਹਨ।

ਜਿਨ੍ਹਾਂ ਇਸਤਰੀਆਂ ਤੋਂ ਤੁਹਾਨੂੰ ਸਰਕਸ਼ੀ ਦਾ ਡਰ ਹੋਵੇ ਉਹਨਾਂ ਨੂੰ ਸਮਝਾਓ ਅਤੇ ਉਹਨਾਂ ਨਾਲ ਸੇਜ ਮਾਨਣੀ ਤਿਆਗ ਦਿਓ।

ਜੇ ਕਿਸੇ ਇਸਤਰੀ ਨੂੰ ਅਪਣੇ ਪਤੀ ਤੋਂ ਭੈੜੇ ਵਰਤਾਓ ਜਾਂ ਰੋਸੇ ਦਾ ਖਤਰਾ ਹੋਵੇ ਤਾਂ ਇਸ ਲਈ ਦੋਸ਼ ਨਹੀ ਕਿ ਪਤੀ ਪਤਨੀ ਕੁਝ ਹਕਾਂ ਦੇ ਵਾਧੇ ਘਾਟੇ ਉਤੇ ਆਪੇ ਵਿਚ ਸੁਲਾਹ ਕਰ ਲੈਣ।ਸੁਲਾਹ ਹਰ ਗਲ ਵਿਚ ਚੰਗੇਰੀ ਹੈ।

ਪਤਨੀਆਂ ਵਿਚਕਾਰ ਪੂਰਾ ਪੂਰਾ ਇਨਸਾਫ ਕਰਨਾ ਕਿਸੇ ਪਤੀ ਦੇ ਵਸ ਵਿਚ ਨਹੀਂ ਹੈ।ਉਹ ਚਾਹਣ ਵੀ ਤਾਂ ਇਸਦੇ ਸਮਰਥ ਨਹੀਂ ਹੋ ਸਕਦੇ।

ਸੋ ਰਬੀ ਕਾਨੂੰਨ ਦਾ ਮਨੋਰਥ ਪੂਰਾ ਕਰਨ ਲਈ ਇਹ ਕਾਫੀ ਹੈ ਕਿ ਇਕ ਪਤਨੀ ਵਲ ਇੰਜ ਨਾ ਉਲਰ ਜਾਓ ਕਿ ਦੂਜੀ ਨੂੰ ਅਧ-ਵਿਚਾਲੇ ਛਡ ਦਿਓ।

ਪਰ ਜੇ ਪਤੀ-ਪਤਨੀ ਇਕ ਦੂਜੇ ਨਾਲੋਂ ਅਡ ਹੋ ਹੀ ਜਾਣ ਤਾਂ ਅਲਾੱਹ ਅਪਣੀ ਵਿਸ਼ਾਲ ਕੁਦਰਤ ਨਾਲ ਹਰੇਕ ਨੂੰ ਦੂਜੀ ਦੀ ਮੁਥਾਜੀ ਤੋਂ ਬੇਪਰਵਾਹ ਕਰ ਦੇਵੇਗਾ।

ਇਸਤਰੀਆਂ ਵਿਚ ਮਾਹਵਾਰੀ ਦਾ ਸਮਾ (ਮਾਸਕ ਧਰਮ) ਇਕ ਗੰਦਗੀ ਦੀ ਹਾਲਤ ਹੈ।ਇਸ ਦੌਰਾਨ ਪੁਰਸ਼ ਨੂੰ ਚਾਹੀਦਾ ਹੈ ਕਿ ਇਹਨਾਂ ਇਸਤਰੀਆਂ ਤੋਂ ਵਖ ਰਹਿਣ। ਉਹਨਾਂ ਦੇ ਲਾਗੇ ਨਾ ਜਾਣ ਜਦ ਤਕ ਉਹ ਪਾਕ ਸਾਫ ਨਾ ਹੋ ਜਾਣ।

ਅੱਲਾਹ ਉਹਨਾਂ ਲੋਕਾਂ ਨੂੰ ਪਸੰਦ ਕਰਦਾ ਹੈ ਜਿਹੜੇ ਬੁਰਾਈ ਤੋਂ ਦੂਰ ਰਹਿਣ ਤੇ ਪਵਿਤ੍ਰਤਾ ਅਪਨਾਉਣ।

ਨਿਕਾਹ:

ਨਿਕਾਹ ਲਈ ਪਾਕ ਤੀਵੀਆਂ ਪਾਕ ਆਦਮੀਆਂ ਲਈ ਹਨ ਅਤੇ ਪਾਕ ਆਦਮੀ ਪਾਕ ਇਸਤਰੀਆਂ ਲਈ।

ਏਸੇ ਤਰ੍ਹਾਂ ਨਾਪਾਕ ਤੀਵੀਆ ਨਾਪਾਕ ਪੁਰਸ਼ਾਂ ਲਈ ਅਤੇ ਨਾਪਾਕ ਆਦਮੀ ਨਾਪਾਕ ਤੀਵੀਆਂ ਲਈ ਹਨ।

ਵਿਭਚਾਰੀ ਜਾਂ ਵਿਭਚਾਰਨ ਜਾਂ ਸ਼ਿਰਕ ਕਰਨ ਵਾਲੇ ਨਾਲ ਕੋਈ ਈਮਾਨ ਲਿਆਉਣ ਵਾਲਾ ਵਿਆਹ ਨਾ ਕਰੇ।

ਇਕ ਈਮਾਨ ਵਾਲੀ ਗੋਲੀ ਸ਼ਿਰਕ ਕਰਨ ਲਈ ਸ਼ਰੀਫਜਾਦੀ ਤੋਂ ਚੰਗੀ ਹੈ ਭਾਵੇਂ ਉਹ ਤੁਹਾਨੂੰ ਕਿੰਨੀ ਹੀ ਭਾਉਂਦੀ ਹੋਵੇ।

ਇਕ ਮੋਮਨ ਗੁਲਾਮ ਮਸ਼ਰਿਕ ਸ਼ਰੀਫ ਨਾਲੋਂ ਕਿਤੇ ਚੰਗਾ ਹੈ ਭਾਵੇਂ ਉਹ ਤੁਹਾਨੂੰ ਕਿੰਨਾ ਹੀ ਪਸੰਦ ਹੋਵੇ।

ਅਪਣੀਆਂ ਇਸਤਰੀਆਂ ਦੇ ਵਿਆਹ ਮਸ਼ਰਿਕ ਪੁਰਸ਼ਾਂ ਨਾਲ ਕਦੇ ਨਾ ਕਰੋ ਜਦੋਂ ਤਕ ਉਹ ਈਮਾਨ ਨ ਲੈ ਆਉਣ।

ਮਾਂਵਾਂ, ਧੀਆਂ, ਭੈਣਾਂ, ਫੁਫੀਆਂ, ਮਾਸੀਆਂ, ਭਾਣਜੀਆਂ, ਭਤੀਜੀਆਂ, ਤੁਹਾਡੀਆਂ ਉਹ ਮਾਵਾਂ ਜਿਨ੍ਹਾਂ ਤੁਹਾਨੂੰ ਦੁਧ ਪਿਲਾਇਆ ਹੋਵੇ, ਤੁਹਾਡੀਆਂ ਸਸਾਂ, ਤੁਹਾਡੀਆਂ ਪਤਨੀਆਂ ਦੀਆਂ ਧੀਆਂ ਜਿਹੜੀਆਂ ਤੁਹਾਡੀ ਗੋਦੜੀ ਵਿਚ ਪਲੀਆਂ ਹੋਣ ਨਾਲ ਵਿਆਹ ਕਰਨਾ ਹਰਾਮ ਹੈ।

ਏਸੇ ਤਰ੍ਹਾਂ ਮਾਸੀ ਤੇ ਭਨੇਵੀਂ, ਭੂਆ ਤੇ ਭਤੀਜੀ ਨੂੰ ਵੀ ਇਕੋ ਹੀ ਸਮੇ ਨਿਕਾਹ ਵਿਚ ਰਖਣਾ ਹਰਾਮ ਹੈ। ਭਾਵ ਅਜੇਹੀਆਂ ਦੋ ਔਰਤਾਂ ਨਾਲ ਇਕੱਠਾ ਨਿਕਾਹ ਕਰਨਾ ਹਰਾਮ ਹੈ ਜਿਨ੍ਹਾਂ ਵਿਚੋਂ ਜੇ ਇਕ ਆਦਮੀ ਹੁੰਦੀ ਤਾਂ ਉਸ ਦਾ ਦੂਜੇ ਨਾਲ ਨਿਕਾਹ ਹਰਾਮ ਹੁੰਦਾ।

ਜਿਨ੍ਹਾਂ ਇਸਤਰੀਆਂ ਨਾਲ ਤੁਹਾਡੇ ਪਿਉ ਨਿਕਾਹ ਕਰ ਚੁਕੇ ਹੋਣ ਉਹਨਾਂ ਨਾਲ ਕਦੇ ਨਿਕਾਹ ਨਾ ਕਰੋ।ਇਹ ਅਸ਼ਲੀਲ ਕੰਮ ਹੈ।

ਜਿਸ ਇਸਤਰੀ ਨੂੰ ਉਸਦੇ ਪਤੀ ਨੇ ਤਿੰਨ ਵਾਰ ਤਲਾਕ ਕਹਿ ਕੇ ਤਲਾਕ ਦਿਤਾ ਹੋਵੇ ਫਿਰ ਉਹ ਪਤੀ ਉਸ ਤਲਾਕ ਦਿਤੀ ਔਰਤ ਨਾਲ ਉਦੋਂ ਤਕ ਦੁਬਾਰਾ ਵਿਆਹ ਨਹੀਂ ਕਰ ਸਕਦਾ ਜਦੋਂ ਤਕ ਉਸ ਇਸਤਰੀ ਦਾ ਵਿਆਹ ਕਿਸੇ ਹੋਰ ਪੁਰਸ਼ ਨਾਲ ਹੋਣ ਤੋਂ ਬਾਅਦ ਉਹ ਦੂਸਰਾ ਪਤੀ ਉਸਨੂੰ ਤਲਾਕ ਨਾ ਦੇ ਦੇਵੇ।ਫਿਰ ਜੇ ਇਹ ਇਸਤਰੀ ਅਤੇ ਪਹਿਲਾ ਪਤੀ ਇਹ ਸਮਝਣ ਕਿ ਉਹ ਅੱਲਾਹ ਦੀਆਂ ਨੀਯਤ ਕੀਤੀਆਂ ਹਦਾਂ ਉਤੇ ਕਾਇਮ ਰਹਿਣਗੇ ਤਾਂ ਉਹਨਾਂ ਨੂੰ ਇਕ ਦੂਜੇ ਵਲ ਪਰਤ ਆਉਣ ਦਾ ਕੋਈ ਦੋਸ਼ ਨਹੀਂ।

ਜਦੋਂ ਤੁਸੀਂ ਅਪਣੀਆਂ ਜਨਾਨੀਆਂ ਨੂੰ ਤਲਾਕ ਦੇ ਚੁਕੋ ਅਤੇ ਉਹ ਅਪਣੀ 'ਇਦਤ' ਪੂਰੀ ਕਰ ਲੈਣ ਤਾਂ ਫਿਰ ਉਹ ਜਿਸ ਨਾਲ ਚਾਹੁਣ ਨਿਕਾਹ ਕਰ ਸਕਦੀਆਂ ਹਨ। ਕਿਸੇ ਪੁਰਸ਼ ਨੂੰ ਫਿਰ ਇਸ ਵਿਚ ਕਿਸੇ ਤਰ੍ਹਾਂ ਦਾ ਅੜਿਕਾ ਪਾਉਣ ਦਾ ਹਕ ਨਹੀਂ ਹੈ।

**ਤਲਾਕ ਤੇ ਮਹਿਰ:**

ਪਤੀ ਪਤਨੀ ਇਕ ਦੂਜੇ ਦੇ ਸਾਥੀ ਹਨ ਅਤੇ ਅੱਲਾਹ ਤੇ ਉਸਦੇ ਰਸੂਲ ਦੀ ਤਾਬਿਆਦਾਰੀ ਕਰਦੇ ਹਨ। ਪਰ ਸੰਸਾਰਕ ਜੀਵਨ ਮਾਰਗ ਵਿਚ ਪਤੀ ਪਤਨੀ ਵਿਚਾਲੇ ਵਿਗਾੜ ਪੈਣਾ ਸੁਭਾਵਕ ਹੈ।

ਪਰ ਸ਼ਰੀਅਤ (ਈਸਾ) ਇਹ ਗਲ ਪਸੰਦ ਨਹੀਂ ਕਰਦੀ ਕਿ ਕਾਨੂੰਨੀ ਤੌਰ ਤੇ ਤਾਂ ਉਹ ਇਕ-ਦੂਜੇ ਦੇ ਨਾਲ ਜੁੜੇ ਰਹਿਣ ਪਰ ਹਕੀਕੀ ਵਿਹਾਰਕ ਤੌਰ ਤੇ ਇਕ ਦੂਜੇ ਤੋਂ ਇਸ ਤਰ੍ਹਾਂ ਅਲਗ ਰਹਿਣ ਜਿਵੇਂ ਉਹ ਪਤੀ-ਪਤਨੀ ਹੀ ਨਾ ਹੋਣ।

ਜੇ ਅਜੇਹਾ ਵਿਗਾੜ ਪੈ ਜਾਵੇ ਤਾਂ ਸ਼ਰੀਅਤ ਅਨੁਸਾਰ ਚਾਰ ਮਹੀਨਿਆਂ ਦੀ ਮੋਹਲਤ ਹੈ ਜਿਸ ਵਿਚ ਪਤਨੀ ਅਤੇ ਪਤੀ ਆਪਸੀ ਵਿਗਾੜ ਖਤਮ ਕਰ ਕੇ ਆਪਸੀ ਸਬੰਧ ਮੁੜ ਤੋਂ ਪਤੀ ਪਤਨੀ ਵਾਲੇ ਕਾਇਮ ਕਰ ਲੈਣ।

ਜਿਨ੍ਹਾਂ ਇਸਤਰੀਆਂ ਨੂੰ ਤਲਾਕ ਦਿਤੀ ਗਈ ਹੋਵੇ ਉਹ ਤਿੰਨ ਵਾਰੀ ਰਿਤੂ ਆਉਣ ਤਕ (period of iddat) ਅਪਣੇ ਆਪ ਨੂੰ ਰੋਕੀ ਰਖਣ ਅਤੇ ਅੱਲਾਹ ਨੇ ਉਹਨਾਂ ਦੇ ਗਰਭ ਵਿਚ ਜੋ ਸਿਰਜਿਆ ਹੈ ਉਸ ਨੂੰ ਨ ਲੁਕਾਉਣ।

ਇਸ ਤਿੰਨ ਵਾਰੀ ਰਿਤੂ ਦੇ ਸਮੇਂ ਦੌਰਾਨ ਜੇ ਉਹਨਾਂ ਦੇ ਪਤੀ ਮੁੜ ਸਬੰਧ ਸੁਆਰ ਲੈਣ ਵਾਸਤੇ ਤਿਆਰ ਹੋ ਜਾਣ ਤਾਂ ਉਹ ਅਪਣੀ ਪਤਨੀ ਨੂੰ ਮੁੜ ਅਪਨਾ ਲੈਣ ਦੇ ਹਕਦਾਰ ਹਨ।

ਤਲਾਕ ਦੋ ਵਾਰੀ ਹੈ। ਫੇਰ ਜਾਂ ਤਾਂ ਸਿਧੀ ਤਰ੍ਹਾਂ ਇਸਤਰੀ ਨੂੰ ਰੋਕ ਲਿਆ ਜਾਵੇ ਜਾਂ ਫਿਰ ਸੋਹਣੇ ਢੰਗ ਨਾਲ ਉਸ ਨੂੰ ਤੋਰ ਦਿਤਾ ਜਾਵੇ।

ਜਿਹੜੇ ਪਿਓ ਚਾਹੁੰਦੇ ਹੋਣ ਕਿ ਉਹਨਾਂ ਦੀ ਸੰਤਾਨ ਦੁਧ ਪੀਣ ਦੇ ਪੂਰੇ ਸਮੇਂ ਤਕ ਦੁਧ ਚੁੰਘੇ ਤਾਂ ਮਾਵਾਂ ਅਪਣੇ ਬਾਲਾਂ ਨੂੰ ਪੂਰੇ ਦੋ ਵਰ੍ਹੇ ਤਕ ਦੁੱਧ ਚੁੰਘਾਉਣ। ਇਸ ਹਾਲਤ ਵਿਚ ਬਚੇ ਦੇ ਪਿਓ ਨੂੰ ਪ੍ਰਚਲਿਤ ਢੰਗ ਅਤੇ ਅਪਣੀ ਵਿਤ ਅਨੁਸਾਰ ਰੋਟੀ ਕਪੜਾ ਦੇਣਾ ਹੋਵੇਗਾ।

ਪਰ ਜੇ ਉਹ ਕਿਸੇ ਪਰਾਈ ਇਸਤਰੀ ਤੋਂ ਦੁਧ ਚੰਘਾਉਣ ਚਾਹੁੰਦਾ ਹੋਵੇ ਤਾਂ ਇਸ ਵਿਚ ਕੋਈ ਹਰਜ ਨਹੀਂ ਪਰ ਸ਼ਰਤ ਇਹ ਹੈ ਕਿ ਇਸ ਦਾ ਬਦਲਾ ਜੋ ਨਿਯਤ ਕਰੋ ਸੋਹਣੇ ਢੰਗ ਨਾਲ ਦਿਉ।

ਪਤੀ ਦੇ ਮਰ ਜਾਣ ਤੋਂ ਬਾਅਦ ਜੋ ਪਤਨੀਆਂ ਜੀਵਤ ਹੋਣ ਤਾਂ ਉਹ ਅਪਣੇ ਆਪ ਨੂੰ ਚਾਰ ਮਹੀਨੇ ਦਸ ਦਿਨ ਤਕ ਰੋਕੀ ਰਖਨ। ਉਸ ਤੋਂ ਬਾਅਦ ਉਹਨਾਂ ਨੂੰ ਹਕ ਹੈ ਕਿ ਉਹ ਅਪਣੇ ਆਪ ਬਾਰੇ ਭਲੇ ਤਰੀਕੇ ਨਾਲ ਜੋ ਚਾਹੁਣ ਸੋ ਕਰਨ।

ਇਸ ਵਿਚ ਕੋਈ ਗੁਨਾਹ ਨਹੀਂ ਜੇ ਤੁਸੀਂ ਅਪਣੀਆਂ ਇਸਤਰੀਆਂ ਨੂੰ ਹੱਥ ਲਾਉਣ ਜਾਂ 'ਮਿਹਰ' ਨਿਯਤ ਹੋਣ ਤੋਂ ਪਹਿਲਾਂ ਤਲਾਕ ਦੇ ਦਿਉ।ਇਸ ਹਾਲਤ ਵਿਚ ਉਹਨਾਂ ਨੂੰ ਵਿਤ ਅਨੁਸਾਰ ਕੁਝ ਨ ਕੁਝ ਜ਼ਰੂਰ ਹੀ ਦੇਣਾ ਚਾਹੀਦਾ ਹੈ।

ਪਰ ਜੇ 'ਮਿਹਰ' ਨੀਯਤ ਕੀਤਾ ਜਾ ਚੁਕਾ ਹੋਵੇ ਪਰ ਹੱਥ ਨਾ ਲਾਇਆ ਹੋਵੇ ਤਾਂ ਤਲਾਕ ਦੇਣ ਦੀ ਸੂਰਤ ਵਿਚ ਅੱਧਾ 'ਮਿਹਰ' ਦੇਣਾ ਹੋਵੇਗਾ।

ਤੁਹਾਡੇ ਵਿਚੋਂ ਜਿਹੜੇ ਲੋਕ ਅੱਲਾਹ ਨੂੰ ਪਿਆਰੇ ਹੋ ਜਾਣ ਅਤੇ ਪਿਛੇ ਪਤਨੀਆਂ ਛਡ ਜਾਣ ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਅਪਣੀਆਂ ਪਤਨੀਆਂ ਲਈ ਵਸੀਅਤ ਕਰ ਜਾਣ ਕਿ ਇਕ ਵਰ੍ਹੇ ਤਕ ਉਹਨਾਂ ਪਤਨੀਆਂ ਨੂੰ ਰੋਟੀ-ਕਪੜੇ ਦਾ ਖਰਚਾ ਦਿਤਾ ਜਾਵੇ ਅਤੇ ਘਰੋਂ ਨਾ ਕਢਿਆ ਜਾਵੇ। ਫੇਰ ਜੇ ਉਹ ਆਪੇ ਘਰੋਂ ਚਲੀਆਂ ਜਾਣ ਅਤੇ ਅਪਣੇ ਬਾਰੇ ਜੋ ਕੁਝ ਵੀ ਕਰਨ ਉਹਨਾਂ ਨੂੰ ਪੂਰਾ ਹਕ ਹੈ।

ਸ਼ਹੀਦਾਂ ਦੀਆਂ ਪਤਨੀਆਂ ਅਤੇ ਯਤੀਮ ਬਚਿਆਂ ਨਾਲ ਹਮੇਸ਼ਾ ਨਿਆ ਕਰੋ।ਉਹਨਾਂ ਵਿਚੋਂ ਜਿਹੜੀਆਂ ਇਸਤਰੀਆਂ ਤੁਹਾਨੂੰ ਪਸੰਦ ਹੋਣ ਉਹਨਾਂ ਵਿਚੋਂ ਦੋ-ਦੋ, ਤਿੰਨ-ਤਿੰਨ ਅਤੇ ਚਾਰ-ਚਾਰ ਨਾਲ ਨਿਕਾਹ ਕਰ ਲਉ।ਪਰ ਜੇ ਤੁਹਾਨੂੰ ਸ਼ੰਕਾ ਹੋਵੇ ਕਿ ਉਹਨਾਂ ਨਾਲ ਨਿਆ ਨਹੀਂ ਕਰ ਸਕੋਗੇ ਤਾਂ ਫਿਰ ਇਕੋ ਪਤਨੀ ਰਖੋ।

ਇਸਤਰੀਆਂ ਦੇ "ਮਿਹਰ" ਖੁਸ਼ਦਿਲੀ ਨਾਲ ਅਦਾ ਕਰੋ।ਪਰ ਜੇ ਉਹ ਆਪ ਅਪਣੀ ਖੁਸ਼ੀ ਨਾਲ 'ਮਿਹਰ' ਦਾ ਕੋਈ ਹਿਸਾ ਤੁਹਾਨੂੰ ਮੁਆਫ ਕਰ ਦੇਣ ਤਾਂ ਉਸਨੂੰ ਤੁਸੀਂ ਮਜ਼ੇ ਨਾਲ ਖਾ ਸਕਦੇ ਹੋ।

**ਵਿਭਚਾਰੀ ਤੇ ਵਿਭਚਾਰਨ**

ਵਿਭਚਾਰਨ ਅਤੇ ਵਿਭਚਾਰੀ ਦੋਹਾਂ ਵਿਚੋਂ ਹਰੇਕ ਨੂੰ ਸੌ ਸੌ ਕੋੜੇ ਮਾਰੋ। ਅੱਲਾਹ ਅਜੇਹੇ ਲੋਕਾਂ ਉਪਰ ਰਤਾ ਵੀ ਤਰਸ ਖਾਣ ਦੇ ਹਕ ਵਿਚ ਨਹੀਂ ਹੈ।ਇਹ ਸਜ਼ਾ ਉਸ ਹਾਲਤ ਵਿਚ ਹੈ ਜਦੋਂ ਵਿਭਚਾਰੀ ਪੁਰਸ਼ ਬਿਨ-ਵਿਆਹਿਆ ਹੋਵੇ ਜਾਂ ਵਿਭਚਾਰਨ ਇਸਤਰੀ ਬਿਨ-ਵਿਆਹੀ ਹੋਵੇ।

ਵਿਭਚਾਰੀ ਜਾਂ ਵਿਭਚਾਰਨ ਜਾਂ ਸ਼ਿਰਕ ਕਰਨ ਵਾਲੇ ਨਾਲ ਕੋਈ ਈਮਾਨ ਲਿਆਉਣ ਵਾਲਾ ਵਿਆਹ ਨਾ ਕਰੇ।

ਜੇ ਤੁਹਾਡੀ ਕੋਈ ਇਸਤਰੀ ਵਿਭਚਾਰ ਕਰ ਬੈਠੇ ਤਾਂ ਚਾਰ ਪੁਰਸ਼ਾਂ ਦੀ ਗਵਾਹੀ ਲਓ। ਉਸ ਉਪਰੰਤ ਵਿਭਚਾਰ ਇਸਤਰੀ ਘਰ ਵਿਚ ਬੰਦ ਰਖੋ।ਏਥੋਂ ਤਕ ਕਿ ਉਸਦੀ ਮੌਤ ਹੋ ਜਾਵੇ ਜਾਂ ਅੱਲਾਹ ਉਹਨਾਂ ਲਈ ਕੋਈ ਰਾਹ ਕਢ ਦੇਵੇ।

ਅਤੇ ਤੁਹਾਡੇ ਵਿਚੋਂ ਜਿਹੜਾ ਵੀ ਬਦਕਾਰੀ ਕਰੇ ਉਹਨਾਂ ਦੋਹਾਂ ਨੂੰ ਕਸ਼ਟ ਦਿਉ।ਜੇ ਉਹ ਤੋਬਾ ਕਰਨ ਅਤੇ ਅਪਣੇ ਆਪ ਨੂੰ ਸੁਧਾਰ ਲੈਣ ਤਾਂ ਉਹਨਾਂ ਨੂੰ ਮੁਆਫ ਕਰਕੇ ਛਡ ਦਿਓ।

ਇਹ ਸਮਝ ਲਉ ਕਿ ਅੱਲਾਹ ਉਤੇ ਤੋਬਾ ਕਬੂਲਣ ਦੀ ਜ਼ੁਮੇਵਾਰੀ ਕੇਵਲ ਉਹਨਾਂ ਲੋਕਾਂ ਲਈ ਹੈ ਜਿਹੜੇ ਅਨਜਾਣੇ ਵਿਚ ਕੋਈ ਕੁਕਰਮ ਕਰ ਬੈਠਦੇ ਹਨ ਅਤੇ ਉਸ ਪਿਛੋਂ ਛੇਤੀ ਤੋਬਾ ਕਰ ਲੈਂਦੇ ਹਨ।

ਪਰ ਤੋਬਾ ਉਹਨਾਂ ਲੋਕਾਂ ਲਈ ਨਹੀਂ ਜਿਹੜੇ ਭੈੜੇ ਕੰਮ ਕਰੀ ਚਲੇ ਜਾਂਦੇ ਹਨ।

ਜਿਹੜੇ ਲੋਕ ਸਤਵੰਤੀਆਂ ਇਸਤਰੀਆਂ ਉਤੇ ਦੋਸ਼ ਥਾਪਣ ਤੇ ਫਿਰ ਚਾਰ ਗਵਾਹ ਲੈ ਕੇ ਨਾ ਆਉਣ ਉਹਨਾਂ ਨੂੰ ਅਸੀ (80) ਕੋੜੇ ਮਾਰੋ ਅਤੇ ਅਗੋਂ ਤੋਂ ਉਹਨਾਂ ਦੀ ਗਵਾਹੀ ਕਦੇ ਕਬੂਲ ਨਾ ਕਰੋ।ਉਹਨਾਂ ਉਤੇ ਲੋਕ-ਪਰਲੋਕ ਵਿਚ ਫਿਟਕਾਰ ਪਵੇਗੀ।

ਯਾਦ ਰਖੋ, ਨਾਪਾਕ ਤੀਵੀਆਂ ਨਾਪਾਕ ਪੁਰਸ਼ਾਂ ਲਈ ਅਤੇ ਨਾਪਾਕ ਆਦਮੀ ਨਾਪਾਕ ਤੀਵੀਆਂ ਲਈ ਹੀ ਹਨ।

ਪਾਕ ਤੀਵੀਂਆਂ ਪਾਕ ਆਦਮੀਆਂ ਲਈ ਹਨ ਅਤੇ ਪਾਕ ਆਦਮੀ ਪਾਕ ਤੀਵੀਂਆਂ ਲਈ।ਉਹ ਨਿਰਲੇਪ ਹਨ।

ਅੰਤਿਕਾ-1

# ਗੁਰੂ ਨਾਨਕ-ਵਿਅਕਤਿਤ੍ਵ: ਅਤਿਪ੍ਰਮਾਣਿਕ ਪੁਨਰਾਵਲੋਕਨ

(ਤਤਕਾਲੀਨ ਅਰਬੀ-ਫ਼ਾਰਸੀ ਸ੍ਰੋਤਾਂ ਅਨੁਸਾਰ)

ਹਿੰਮਤ ਸਿੰਘ

ਪੰਜਾਬ-ਭਾਰਤ ਦੀ ਵਸੋਂ ਨੂੰ ਕਈ ਵਾਰੀ ਜ਼ਿੰਦਗੀ-ਮੌਤ ਦੀ ਲਕੀਰ ਨੂੰ ਆਰ-ਪਾਰ ਕਰਨਾ ਪਿਆ। ਜਿਹੜੇ ਉਰਾਰ ਰਹੇ ਉਹ ਸਭ ਕੁਝ ਗੁਆ ਬੈਠੇ, ਜਿਹੜੇ ਪਾਰ ਕਰ ਸਕੇ ਉਹ ਹਮੇਸ਼ ਵਿਰਾਸਤੀ ਦੀਨੋ-ਦੌਲਤ ਨਾਲ ਸਰਸ਼ਾਰ ਰਹੇ, ਭਾਵੇਂ ਕਿ ਪੈਸੇ-ਧੇਲੇ ਦੀ ਮੁਹਤਾਜੀ ਸਹੇੜਨੀ ਪਈ।

1469-1539 ਈ. ਦੇ ਵਿਚਾਲੇ ਹਿੰਦੁਸਤਾਨੀ ਸਮਾਜ ਨੂੰ ਅਤਿ ਦੇ 'ਸੁਹਿਰਦ' ਅਤੇ ਅਤਿ ਦੇ 'ਦੁਖਦਾਈ' (ਹਾਕਮੀਅਤ ਅਤੇ ਮੱਜ਼ਹਬੀ) ਬਖੇੜਿਆਂ ਤੋਂ ਲੰਘਣਾ ਪਿਆ। ਕਸ਼ਮੀਰ-ਪੰਜਾਬ ਦੇ ਸ਼ਾਸਕ ਜ਼ੈਨ-ਉਲ-ਆਬੇਦੀਨ (ਮ੍ਰਿ. 1470) ਨੂੰ ਸੁਹਿਰਦਤਾ ਨਾਲ ਜੋੜਿਆ ਜਾਂਦਾ ਹੈ ਜਦ ਕਿ ਬਾਬਰ-ਜਾਬਰ (ਮ੍ਰਿ. 1530) ਨੂੰ ਕਤਲੋਗਾਰਤ ਦੀ ਵਹਿਸ਼ੀਅਤ ਦਾ ਉਤਰਾਧਿਕਾਰੀ ਸਮਝਿਆ ਜਾਂਦਾ

ਹੈ। ਇਸ ਨੇ ਇਥੋਂ ਦੀ ਵਿਰਾਸਤ ਦੇ ਸਥਾਨਾਂ ਨੂੰ ਉਜਾੜ ਕੇ 'ਸੈਦਪੁਰ' ਜਾਂ 'ਖ਼ਾਨਪੁਰ' ਨਾਮਕਰਣ ਰਾਹੀਂ ਆਪਣੇ ਦਾਦੇ 'ਸੈਦ-ਖਾਂ' ਦੀ ਯਾਦ ਨੂੰ ਵਕਫ ਕਰ ਦਿੱਤਾ ਸੀ।

ਇਤਿਹਾਸਕਾਰੀ ਦੇ ਢੰਗ-ਤਰੀਕਿਆਂ ਨੇ ਗੁਰੂ ਨਾਨਕ ਦੇਵ ਜੀ ਪ੍ਰਤਿ ਖੋਜ-ਸਰੋਕਾਰਾਂ ਦੇ ਲਹਿਜੇ ਨੂੰ ਬਾਹਰਮੁਖੀ ਬੇ-ਤੁਆਲਕੀ (ਲਾ-ਤੁਆਲਕੀ) ਵਿਚ ਤਬਦੀਲ ਕਰ ਦਿਤਾ ਹੋਇਆ ਹੈ।

ਵਿਸ਼ਲੇਸ਼ਨਾਤਮਿਕ ਕਿਸਮ ਦੀ ਇਸ ਵਿਧਿ ਨੇ ਵਿਅਕਤਿਤ੍ਰ-ਸੁਗੰਧੀ ((Feelable Persona) ਦੀ ਭਰਪੂਰਤਾ ਨੂੰ ਬਹੁਤ ਵੱਡੇ, ਸਰੋਕਾਰਤਾ-ਵਰੋਸਾਏ, ਮਾਨਵੀ ਗੁਣ ਤੋਂ ਸੱਖਣਾ ਕਰ ਦਿਤਾ ਹੋਇਆ ਹੈ।

ਅਰਬੀ-ਫ਼ਾਰਸੀ ਦੀਆਂ ਲਿਖਤਾਂ ਨੇ ਗੁਰੂ ਨਾਨਕ ਦੇ ਇਰਫ਼ਾਨੀ ਅਤੇ ਫ਼ਕੀਰੀ ਮੁਰਾਤਬੇ ਦੇ 'ਮਹਿਰਮੀ' ਰਹੱਸ ਨੂੰ, ਮੂਲ ਰੂਪ ਵਿਚ, ਗੁਰੂ ਨਾਨਕ ਦੀ ਵਿਸ਼ੇਸ਼ਤਾ ਦਾ ਅਨਿਖੜਵਾਂ ਅੰਗ ਹੀ ਪ੍ਰਵਾਨਿਆ ਹੋਇਆ ਹੈ।

ਆਧੁਨਿਕ ਅਤੇ ਬਾਹਰ-ਮੁਖੀ ਖੋਜਕਾਰਾਂ ਦੇ **ਅਨੁਭਵ ਅਤੇ ਅਭਿਆਸ** ਵਿਚ, ਅਧਿਆਤਮਕ 'ਖੇਤੀ' ਦੀ ਪ੍ਰਫੁਲਤਾ ਦੀਆਂ, ਪਰਤ-ਦਰ-ਪਰਤ ਪ੍ਰਾਪਤੀਆਂ ਉਗਮਦੀਆਂ ਹੀ ਨਹੀਂ; ਇਸ ਲਈ ਮਿਤੀ-ਕ੍ਰਮ, ਘਟਨਾ-ਕ੍ਰਮ, ਕਾਰਜ-ਕ੍ਰਮ ਦੀ ਨਿਆਇਕਤਾ ਆਦਿ ਪ੍ਰਤਿ ਇਹ ਲੋਕ ਅਜਨਬੀ ਜਿਹਾ (Foreigner's) ਵਤੀਰਾ ਅਪਣਾਉਂਦੇ ਹਨ, ਪਰ: "Spiritually revealed and factually experienced events always are evident material-content" ਭਾਵ ਹਿਰਦੇ ਕਰਕੇ ਨਾਮ-ਅੰਮ੍ਰਿਤ-ਰਸ-ਵਿਲੀਨਤਾ ਅਤੇ ਸ਼ਬਦ-ਸੁਰਤਿ-ਲਿਵਤਾਰਤਾ ਵਿਚ ਜੁੜੇ ਹੋਇਆਂ ਨੂੰ 'ਪ੍ਰਗਟ ਰੂਪ' (Evident) ਵਿੱਚ (ਹੋ ਗੁਜ਼ਰੇ ਇਤਿਹਾਸਕ 'ਤੱਥ') ਪੁਨਰ-ਸੁਰਜੀਤ ਹੋ, ਨਿਵਾਜਦੇ ਹਨ।

'ਵਿਓਮ'(Vaccum) ਵਿਚੋਂ ਦੀ, ਦਿਭ-ਦ੍ਰਿਸ਼ਟਿ ਰੂਪ ਵਿਚ, ਪ੍ਰਾਪਤ ਹੁੰਦੇ ਹਨ (ਇਤਿਹਾਸ ਦੇ ਕਿਸੇ ਵੀ ਸਮੇਂ)। ਕਸ਼ਮੀਰ ਦੇ ਪੱਛਮ-ਉਤਰ ਦੇ ਖੋਤਾਨ (Khotan): "Kustan, a son of Ashoka, a ruler of extreme region of Kashmir, founder of the city of Khotan", entire Mahatamya literature is full of praises of Kashmir. Quite before the Islamic growth there in Kashmir. **Prikshat** (Son of Arjun) was Bestowed

upon to enrich the cultural heritage of Kashmir and he built Pando-Larees (Temples) there ..."(Sacrifice For Kashmir)

**ਯੁਗ-ਪੁਰਖ (Renaissance Creator):**

ਗੁਰੂ ਨਾਨਕ ਅਧਿਆਤਮਕ ਪ੍ਰਾਪਤੀਆਂ ਦੇ ਇਕ ਯੁਗ-ਪੁਰਖ ਸਨ ਜਿਨ੍ਹਾਂ ਨੇ ਆਪਣੇ ਤੋਂ ਪਿਛਲੀਆਂ ਪ੍ਰਾਪਤੀਆਂ ਦੀਆਂ ਪੂਰਬ-ਪਛਮੀ ਸਿਖਰਾਂ ਨੂੰ ਪੂਰੀ ਤਰ੍ਹਾਂ ਹੰਢਾ ਕੇ ਇਕ ਅਤਿਅੰਤ ਅਨੂਠੀ 'ਉਚਾਈ' ਨੂੰ ਮੁੜ ਕੇ ਅਤੇ ਖ਼ੁਦਸਾਖਤਾ (Self Evident) ਰੂਪ ਵਿਚ ਉਸਾਰਿਆ [੧ਓ ਅਤੇ ਤੌਹੀਦ ਦੀ ਪ੍ਰਾਪਤੀ (experience) ਅਤੇ ਪ੍ਰਗਟਾਓ (assertion) ਦੇ ਨੁਕਤੇ ਤੋਂ]।

**ਭਾਸ਼ਾ/ਕੌਤਕ:**

ਗੁਰੂ ਨਾਨਕ ਦੀ ਭਾਸ਼ਾਈ ਅਤੇ ਅਧਿਆਤਮਕ ਗਹਿਰਾਈ ਤੋਂ ਹੈਰਾਨੀ ਹੋਣੀ ਹੀ ਸੀ, ਉਨ੍ਹਾਂ ਦੇ 'ਕੌਤਿਕੀ' ਨਜ਼ਾਰਿਆਂ ਨੇ ਸਭ ਦੇ ਦਿਲ ਮੋਹ ਲਏ।

ਅਰਬ-ਈਰਾਨ ਅਤੇ ਭਾਰਤ ਦੇ ਇਸਲਾਮੀ ਖੇਤਰਾਂ ਵਿਚ ਦੋ ਤਰ੍ਹਾਂ ਦਾ ਵਤੀਰਾ ਮਿਲਦਾ ਹੈ ਗੁਰੂ ਨਾਨਕ-ਸਰਕਾਰਾਂ ਪ੍ਰਤਿ:

(ੳ) ਹਸਦ, ਬਖੀਲੀ, ਤਨਜ਼ ਅਤੇ ਨਕਾਰਾਤਮਕਤਾ (ਮੌਲਵੀ-ਸਰਕਾਰੀ ਧਿਰ ਵਲੋਂ)

(ਅ) ਉਤਕੰਠਾ ਭਰਪੂਰ ਅਪਣਤ ਵਾਲਾ (ਇਰਫਾਨੀ ਪੀਰ-ਫਕੀਰੀ ਦੇ ਘੇਰੇ ਅੰਦਰ)

ਅਸੀਂ ਸਿਰਫ (ਅ) ਕਿਸਮ ਦੇ ਵਤੀਰੇ ਦੇ ਰੂਪ ਵਿਚ, ਤਤਕਾਲੀਨ ਅਰਬੀ-ਫ਼ਾਰਸੀ ਵਿਚੋਂ ਗੁਰੂ ਨਾਨਕ ਵਿਅਕਤਿਤ੍ਵ ਦੇ ਨਵੇਕਲੇ ਸਰੂਪ ਨੂੰ ਪਛਾਣਦੇ ਹਾਂ।

ਧਿਆਨਯੋਗ ਪੁਸਤਕਾਂ ਦਾ ਜ਼ਿਕਰ ਵੀ ਜ਼ਰੂਰੀ ਹੈ।

ਗੁਰੂ ਜੀ (ਡੇਰਾ ਇਸਮਾਈਲ ਖਾਂ ਤੋਂ) ਪਠਾਣ-ਇਲਾਕੇ ਦੀ ਸੈਰ ਕਰਦੇ ਮਿਠਨਕੋਟ, ਜਿਥੇ ਪੰਜ ਦਰਿਆ ਇਕੱਠੇ ਹੁੰਦੇ ਹਨ (ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਦੀ ਆਖਰੀ ਸਰਹੱਦ) ਉਪਰ ਜਾ ਬਿਰਾਜੇ। ਇਕ ਨਿਰਦਈ ਬ੍ਰਾਹਮਣ ਦਾ ਉਧਾਰ ਕੀਤਾ "ਗਊ ਬ੍ਰਾਹਮਣ ਕਉ ਕਰ ਲਾਵਹੁ ਗੋਬਰ ਤਰਨ ਨਾ ਜਾਈ"। **(ਰੋਹੜੀ ਸਹਿਬ)**, ਸੱਖਰ ਸ਼ਹਿਰ ਦੇ ਕੋਲ, ਸਾਧੂ-ਬੇਲਾ (ਬਣਖੰਡੀ ਦਾਸ ਨੇ ਉਜਾਗਰ ਕੀਤਾ ਸੀ)। ਅਕਾਲ ਬੁੰਗਾ, ਬੰਦਰਗਾਹ ਨੇੜੇ, 1938 ਵਿਚ ਇਸ

ਗੁਰ-ਅਸਥਾਨ ਦੀ ਆਜ਼ਾਦੀ ਲਈ ਮੋਰਚਾ ਲੱਗਾ; (ਦੋ ਹਜ਼ਾਰ ਦਾ ਜੱਥਾ ਲੈਕੇ ਸੰਜਦ ਪ੍ਰਿਥੀਪਾਲ ਸਿੰਘ ਨੇ ਭਾਗ ਲਿਆ)।

**ਇਹਤਰਾਮ/ਵਿਤ੍ਰੇਕ ਦਾ ਸੁਮੇਲ:**

ਸੰਖੇਪਤਮ ਸ਼ਬਦਾਂ ਵਿਚ ਬਿਆਨ ਕਰਦਿਆਂ ਪਾਠਕ ਦਾ ਧਿਆਨ ਕੇਂਦ੍ਰਿਤ ਕਰਨ ਦਾ ਉਪਰਾਲਾ ਹੈ ਕਿ ਅਰਬ ਦੇ ਲੋਕਾਂ ਨੇ ਗੁਰੂ ਨਾਨਕ ਪ੍ਰਤਿ ਪਹਿਲਾਂ ਵਿਤ੍ਰੇਕੀ ਅਤੇ ਖੁਣਸ-ਭਰਿਆ ਵਤੀਰਾ ਅਰੰਭੀਆ ਪਰ ਉਥੋਂ ਦੇ 'ਇਰਫਾਨੀ' ਤੇ ਸਰਕਰਦਾ ਲੋਕਾਂ ਨੇ ਜਦ ਗੁਰੂ ਜੀ ਦੀ ਗੰਭੀਰਤਾ ਦੀਆਂ ਅਜ਼ਮਤਾਂ ਨੂੰ ਵੇਖਿਆ ਤਾਂ **'ਨਿਰਾਦਰੀ'** ਤੋਂ ਪਰਹੇਜ਼ ਅਖਤਿਆਰ ਕਰਕੇ **'ਇਹਤਰਾਮ'** ਵਾਲੇ ਵਤੀਰੇ ਦੀ ਤਾਕੀਦ ਕੀਤੀ, ਅਹਿਲੇ ਇਸਲਾਮ ਨੂੰ।

**ਗੁਰੂ-ਸ਼ਬਦ-ਕੀਰਤਨ:**

ਗੁਰੂ ਦੀ ਬਾਣੀ (ਜਪੁ), ਕੀਰਤਨ, ਵਿਚਾਰ-ਚਰਚਾ ਦੇ ਨਾਲ-ਨਾਲ ਉਨ੍ਹਾਂ ਵੱਲੋਂ ਇਸਲਾਮੀ ਗ੍ਰੰਥਾਂ ਦੀ ਗੰਭੀਰ ਜਾਣਕਾਰੀ ਦੇ ਉਹ ਮੂਲੋਂ ਹੀ **ਕਾਇਲ** ਹੋ ਗਏ। ਗੁਰੂ ਨਾਨਕ ਦੇਵ ਜੀ ਦੇ ਸਮੁੱਚੇ (ਅਰਬ-ਈਰਾਨੀ) ਵਿਚਰਨ ਦੇ ਵਿਸ਼ੇ ਵਸਤੂ ਦਾ ਜ਼ਿਕਰ ਨਿਮਨ-ਲਿਖਤ ਪੁਸਤਕਾਂ ਕਰਦੀਆਂ ਹਨ:

**ਇਸਲਾਮਕ ਫਿਰਕੇ:**

**Khojas:** From Abu-Bakar (Khalifa) and Omar, but from other women than daughters of the Profit.

**Sayyadaata**: (Sayyadaata-tradition, Jubary =Repute)

successor of Imam Jafar Sadiq (Shia Ismaelis) than Musa (his brother)]

**Sayyads and Sayyadats:**

'Sayyad's' from Khalifa Omar and Ali (daughter of Profit)

ਗੁਰੂ ਨਾਨਕ ਦੇਵ ਜੀ ਦੇ ਪੂਰਵਜ ਭਾਰਤੀਆਂ ਉਪਰ ਢਾਹੇ ਗਏ ਜ਼ੁਲਮ ਦੇ ਵਿਸਥਾਰ ਲਈ ਹੇਠਲੀਆਂ ਪੁਸਤਕਾਂ ਪੜ੍ਹਨੀਆਂ ਜ਼ਰੂਰੀ ਹਨ

(1) **ਤਾਜੁਲ ਮੁਆਸਰ:** ਐਬਕ (ਮੇਰਠ-ਬਸਪਾਲ-1206-[illegible])

(2) **ਤ੍ਵਾਰੀਖਿ ਇਲਾਹੀ:** ਅਮੀਰ ਖ਼ੁਸਰੋ, (1289)
(3) **ਤ੍ਵਾਰੀਖਿ ਫਰਿਸ਼ਤਾ:** (ਖਿਲਜੀ), ਅਮਰੀ ਤੈਮੂਰ (ਦੀਪਾਲਪੁਰ)
(4) **ਤੋਜ਼ਕਿ ਬਾਬਰੀ, ਬਾਬਰਨਾਮਾ**
(5) **ਤ੍ਵਾਰੀਖਿ ਚੱਚ** (ਛੱਛ)

ਗੁਰੂ-ਕਾਲ ਦਾ ਵਿਵਰਣ ਨਿਮਨ ਲਿਖਤ ਅਤੇ ਤਤਕਾਲੀਨ ਪੁਸਤਕਾਂ ਵਿਚ ਮਿਲਦਾ ਹੈ:

**ਪੁਸਤਕਾਂ** : (1) **ਸਯਾਹਤੋ ਬਾਬਾ ਨਾਨਕ** (ਸ਼ਾਹ ਫਕੀਰ)

(2) **ਤ੍ਵਾਰੀਖਿ-ਅਰਬ**: (ਜ਼ੈਨੁਲਾਬਿਦੀਨ)

(3) **ਗੁਨੀਆਤੁਸਾਲੇਹੀ:** (ਅਬਦੁਲ ਰਹਿਮਾਨ)-ਪੰਜਵੇਂ ਥਾਂ, ਸ਼ੈਖ ਅਬਦੁਲ ਕਾਦਰ ਗੀਲਾਨੀ।

(4) **ਤ੍ਵਾਰੀਖਿ ਰਾਸ਼ਿਦੀ:** (ਮਿਰਜ਼ਾ ਹੈਦਰ ਤੁਗਲਕ)

(5) **ਦਬਿਸਤਾਨ-ਅਲ ਮਜ਼ਾਹਿਬ**: (ਮੁਹਸਨ ਫਾਨੀ)

(6) **ਬਾਬਰਨਾਮਾ** (ਅਤੇ ਬਾਬਰ ਦੀਆਂ ਲਿਖਤਾਂ)

(7) Sacrifice For Kashmir: Himat Singh

ਪਹਿਲਾਂ ਭਾਈ ਬਾਲੇ ਦੇ ਜਨਮ-ਅਸਥਾਨ **(ਬਾਲਾਕੋਟ)** ਵਿਖੇ ਗਾਂਵਿਆ ਗਿਆ। ਫਿਰ ਕਾਬਲ ਦੇ ਬਾਗ 'ਚ ਅਤੇ ਇਵੇਂ ਹੀ ਈਰਾਨ ਦੀ ਸੁਲੇਮਾਨ ਪਹਾੜੀ ਉੱਪਰ ਕੀਰਤਨ ਕੀਤਾ। 'ਅਕਸਾ' ਪਹੜੀ ਵਿਖੇ ਇਬਨਿ ਵਹੀਦੁੱਲਾ ਨਾਲ ਭੇਟ ਹੋਈ।

**ਮੱਕੇ ਨੂੰ:**... ਸੁੰਨਸਾਨ ਕਾਅਬੇ ਦੀ ਪਰਿਕ੍ਰਮਾ ਕੀਤੀ, ਬੜੇ ਗਹੁ ਨਾਲ, (ਸ਼ਬਦ-ਕੀਰਤਨ):

ਜਬ ਲਗ ਮੇਰੀ ਮੇਰੀ ਕਰੈ। ਤਬ ਲਗ ਕਾਜ ਏਕ ਨਹੀ ਸਰੈ।
ਜਬ ਮੇਰੀ ਮੇਰੀ ਮਿਟ ਜਾਏ। ਤਬ ਪ੍ਰਭ ਕਾਜ ਸਵਾਰੈ ਆਏ।

ਗੁਨੀਆਤੁਸਾਲੇਹੀਨ (ਪੁਸਤਕ): ਇਸ ਪੁਸਤਕ ਦੇ ਲੇਖਕ **ਅਬਦੁਲ ਰਹਿਮਾਨ** ਨਾਲ ਵੀ, ਬਾਅਦ 'ਚ ਰੁਕਨਦੀਨ ਵਰਗਾ ਸਲੂਕ ਹੋਇਆ।

**ਸ਼ਾਹ-ਸ਼ਰਫ ਉਧਾਰ:** ਗਿਆਨੀ ਸੂਰਜ ਸਿੰਘ 'ਤ੍ਵਾਰੀਖ ਗੁਰੂ ਖਾਲਸਾ' ਵਿਚ ਲਿਖਦੇ ਹਨ:

'ਅਦਨ' ਦੇ ਵੱਡੇ ਕਿਲੇ ਹੇਠਾਂ ਗੁਰ-ਅਸਥਾਨ ਹੈ। ਇਥੋਂ ਜੱਦੇ-ਸ਼ਰੀਫ਼ (ਮਾਈ ਹੱਵਾ ਦੀ ਕਬਰ ਨੇੜੇ, ਆ ਬਿਰਾਜੇ, 'ਨਾਨਕ ਸ਼ਾਹ ਕਲੰਦਰ' (ਗੁਰ-ਸਥਾਨ ਦਾ ਨਾਮ)

'ਜੱਦੇ ਤੋਂ ਜਦ ਬਾਈ ਕੁ ਕੋਹ ਲੰਘੇ ਤਾਂ ਇਕ ਹਾਜੀਆਂ ਦਾ ਟੋਲਾ ਮਿਲਿਆ' ਸ਼ਾਹ-ਸ਼ਰਫ ਪਾਨੀਪਤੀ, (ਹਿੰਦੀ ਹਾਜੀਆਂ ਦੇ ਕਾਫਲੇ ਦੇ ਸਰਕਰਦਾ ਵਜੋਂ) ਮੱਕੇ ਜਾ ਰਹੇ ਸੀ। ਸ਼ਾਹ ਸ਼ਰਫ ਪ੍ਰਸ਼ਨ ਕਰਦਾ ਹੈ: "ਤੁਸੀ ਕੌਣ ਹੋ?"

ਉੱਤਰ ਗੁਰੂ ਜੀ ਵੱਲੋਂ : 'ਹਿੰਦੂ ਕਹਾਂ ਤ ਮਾਰੀਅਨ ਮੁਸਲਮਾਨ ਭੀ ਨਾਹਿ।

ਪੰਜ ਤਤ ਕਾ ਪੁਤਲਾ ਨਾਨਕ ਮੇਰਾ ਨਾਇ।

ਮਖ਼ਦੂਮ ਲਫਜ਼ ਜੋ ਕਿ 'ਉਚ' ਦੇ ਪੀਰ, ਸੱਯਦ ਜਲਾਲ (ਮਖ਼ਦੂਮ ਜਹਾਨੀਆਂ) ਪ੍ਰਤਿ ਪ੍ਰਸਿੱਧ ਹੈ। ਰੁਕਨਦੀਨ ਵੀ 'ਮਖ਼ਦੂਮ' ਕਰਕੇ ਪ੍ਰਸਿੱਧ ਸਨ ਮਖ਼ਦੂਮ ਰੁਕਨਦੀਨ ਨਾਮ ਦੇ ਵਿਅਕਤੀ ਦਾ ਜ਼ਿਕਰ ਕਈ ਥਾਈਂ ਮਿਲਦਾ ਹੈ।

**ਕਾਦਰੀਆ ਫਿਰਕੇ ਸੰਬੰਧੀ:**

ਲੁਧਿਆਣੇ ਨੇੜੇ ਇਕ 'ਦਾਤਨ' ਤੋਂ ਦਰਖਤ ਉੱਗਿਆ ਹੋਇਆ ਜਾਣਿਆ ਜਾਂਦਾ ਹੈ (ਉਸ ਨੂੰ **ਅਬਦੁਲ ਕਾਦਰ ਜਿਲਾਨੀ ਦਾ ਦੱਸਦੇ ਹਨ**)। ਇਨ੍ਹਾਂ ਵਿਚੋਂ **ਸੱਯਦ ਮੁਹੰਮਦ (ਬੰਦਗੀ ਮੁਹੰਮਦ) 'ਉਚ' ਵਿਖੇ ਆਣ ਟਿਕੇ (ਮ੍ਰਿ 1517 ਈ.)**। ਇਹਨਾਂ ਦੇ ਹੀ ਉੱਤਰਾਧਿਕਾਰੀ ਸਾਈਂ ਮੀਆਂ ਮੀਰ (ਮ੍ਰਿ 1635) ਸਨ। ਇਨ੍ਹਾਂ ਵਿਚੋਂ ਹੀ ਇਕ ਉੱਤਰਾਧਿਕਾਰੀ **ਤਾਜੁਦੀਨ ਸ਼ਾਹ-ਮੁਸਾਫਿਰ 'ਔਰੰਗਾਬਾਦੀ' ਕਰਕੇ ਪ੍ਰਸਿੱਧ ਹੋਇਆ (ਜਿਸ ਦੀ ਮ੍ਰਿ 1598 ਦੇ ਕਰੀਬ ਹੋਈ ਸੀ)**।

**ਕਿਉਂਕਿ ਤਾਜੁਦੀਨ ਨੂੰ 'ਸ਼ਾਹ-ਮੁਸਾਫਿਰ' ਦੇ ਨਾਮ ਨਾਲ ਵੀ ਪ੍ਰਸਿੱਧੀ ਪ੍ਰਾਪਤ ਹੋਈ ਸੀ** ਇਸ ਲਈ ਇਸ ਵਿਚ ਕੋਈ ਸ਼ਕ ਨਹੀਂ ਕਿ, **ਉਪਰੋਕਤ ਤਾਜੁਦੀਨ (ਗੁਰੂ) 'ਨਾਨਕ ਸ਼ਾਹ-ਕਲੰਦਰ' ਦਾ ਹਮਸਫਰ ਸਨੇਹੀ ਸੀ।**

1935 ਤਕ ਸਾਡੇ ਖੋਜਕਾਰ ਵਿਦਵਾਨਾ ਵਿਚੋਂ ਭਾਈ ਕਾਨ੍ਹ ਸਿੰਘ 'ਨਾਭਾ' ਤਕ ਜਿਹਿਆਂ ਨੇ 'ਮੱਕੇ ਦੀ ਗੋਸ਼ਟ' ਜਾਂ ਰੁਕਨਦੀਨ ਨਾਮ ਵਰਗੇ ਵਿਅਕਤੀ ਬਾਰੇ ਜਾਣਕਾਰੀ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਹੋਇਆ ਸੀ।

ਹਾਲਾਂ ਕਿ ਉਸੇ ਹੀ ਸਮੇਂ (ਤੀਜੇ-ਚੌਥੇ ਦਹਾਕੇ) ਦੌਰਾਨ ਪ੍ਰਿਥੀਪਾਲ ਸਿੰਘ (ਪਹਿਲਾ ਨਾਮ ਸੱਯਦ ਮੁਸ਼ਤਾਕ਼ ਹੁਸੈਨ) ਜਿਹੇ ਖੋਜਾਰਥੀ ਨੇ ਅਤਿਅੰਤ ਦੁਰਲੱਭ

ਖਰੜਾ (ਫ਼ਾਰਸੀ-ਤੁਰਕੀ ਬੋਲੀ-ਲਿਪਿ) ਦਾ ਖੋਜ ਕੱਢਿਆ ਹੋਇਆ ਸੀ, ਜਿਹੜੀ ਲਿਖਤ (ਖਰੜਾ) ਵਿਚ 1503-5 ਈ. ਦੇ ਹਾਲਾਤ ਨੂੰ ਲਿਖ-ਸੰਭਾਲ ਕੇ 1509 ਈ. ਵਿਚ **ਮਦੀਨੇ** ਦੀ ਲਾਇਬ੍ਰੇਰੀ ਵਿਚ ਕੁਤਬਖਨ ਵਿਚ ਰਖ ਦਿਤਾ ਗਿਆ ਸੀ। ਇਸ ਖਰੜੇ ਦੇ ਲੇਖਕ ਅਤੇ ਗੁਰੂ ਨਾਨਕ ਮੱਕੇ-ਮਦੀਨੇ ਦੀ ਫੇਰੀ ਦੀ ਯਾਤਰਾ ਸਮੇਂ ਦੇ ਹਮਸਫ਼ਰ, ਤਾਜੁਦੀਨ 'ਨਕਸ਼ਬੰਦੀ' ਵਲੋਂ। ਸਫਰਨਾਮੇ ਦਾ ਲੇਖਕ ਇੰਦਲਾਸ (ਈਰਾਨ-ਬਗਦਾਦ ਦੀ ਸਰਹੱਦ ਉੱਪਰ ਆਬਾਦ ਸੀ) ਦਾ ਨਿਵਾਸੀ ਸੀ। ਸਭ ਤੋਂ ਵੱਧ ਦਿਲਚਸਪ ਅਤੇ ਫੈਸਲਾਕੁਨ ਭਰੋਸੇ ਦੀ ਰਚਨਾ **'ਸਯਾਹਤੋ ਬਾਬਾ ਨਾਨਕ ਫਕੀਰ'** ਹੈ।

ਇਸਲਾਮ ਵਿਚ ਇਰਫਾਨੀ ਜ਼ੁਹਦ-ਕਮਾਈ ਵਾਲੇ ਸੰਤ-ਫਕੀਰ ਹਸਤੀਆਂ ਲਈ 'ਵਲੀ' ਸ਼ਬਦ ਵਧੇਰੇ ਮੁਕੱਰਰ ਹੈ। ਤਾਈਓਂ ਗੁਰੂ ਨਾਨਕ ਨੂੰ ਵਲੀ-ਇ-ਹਿੰਦ ਵੀ ਕਹਿੰਦੇ ਹਨ। ਸ਼ਹੁਦੇ-ਸ਼ਹੀਦ 'ਵਲੀਆਂ' ਦੀ ਕਤਾਰ ਵਿਚ ਅਤੇ ਵਲੀ ਸ਼ਹੀਦ ਭਾਵ ਸ਼ਹੁਦਿਆਂ ਦੀ ਕਤਾਰ ਵਿਚ ਖੜਦੇ ਹਨ। 'ਮਖ਼ਦੂਮ' ਰੁਕਨਦੀਨ ਗੁਰੂ ਨਾਨਕ-ਮਾਰਗ ਦਾ ਪਹਿਲਾ ਸ਼ਹੀਦ ਸੀ:

**ਫਤਵਾ (ਰੁਕਨਦੀਨ):**

ਪਰ ਜੋ ਮਤੱਅਸਬੀ ਅਤੇ ਜਨੂਨੀ ਅੰਸਰ ਸੀ, ਆਮ ਜਨਤਾ ਦਾ, ਉਨ੍ਹਾਂ ਦਾ ਮਤੱਅਸਬ 'ਫਤਵਿਆਂ' ਵਿਚ ਐਸਾ ਤਬਦੀਲ ਹੋਇਆ ਕਿ ਉਹ **'ਰੁਕਨਦੀਨ'** ਨੂੰ ਹੀ ਉਹਦਾ ਸ਼ਿਕਾਰ ਬਣਾ ਬੈਠੇ (ਜਲਨ ਦੇ ਮਾਰੇ)।

"The common Arabic term for a Saint is **Vali**; for a matyre it is Shahid. Vali is one who is nearer to a friend (i.e of God); it is applied to living Saints, very generally applied to the dead. **Shahid** is primarily, one who gives testimony as an eyewitness, then one who seals his testimony with his blood (**shuhda** is plural) in the battle of Islam. The living Saint is spoken as the Sheikh. Since Al-Ghazali the sunnit branch of Islam (excepting the humbalite school) has given its approval to the cult of the saints"

(Ency.Religion & Ethics. Pbi. Univ)

**"Noor-Bakhish Sect.:** A via-media between shia and sunni doctrine".

**(Sufi: KASHIR p.109)**

"For about nine years Musa Raina held the Reins of govt. in Kashmir. During these nine years (1504-13) by the blessing of

Sheikh Mohammad Iraqi, Islam made greatest progess... Iraqi (Shamasdin-cum-Shamkat) occupied himself to destroy these (Hindus & Temples).. with the help of Mussa Raina... all traces of Infidelity and Idol worshipers were replaced by Islamic Symbols; and Infidals and Holy thread- bearers (Brahmins) of Kashmir were converted into Islam... Iraqi and Mussa Raina were able to convert 24 thousand families to Islam". (Parmu)

"...The official class consisted mainly of Kayasthas. They were mostly Brahmins. After there conversion to Islam they were designated as **Karkuns**. Brahmins who did not take to govt. service were called **Prohitas** (Priests, Bachhis). Their other occupation was agriculture and trade.. some were guardians to Tiraths (Shrines) and religious foundations" (Parmu p. 427)

**ਪਿੰਡ ਹਸਨਪੁਰਾ (ਹਸਨਾਬਾਦ-ਬੇਰਵਾ):** ਇੱਥੇ (ਬੇਰਵੇ-ਗਹੁਲੜ) ਹੀ ਆਬਾਦ ਸੀ (ਜੋ ਬਾਅਦ ਵਿਚ ਹੜ੍ਹ ਕਾਰਨ ਰੁੜ੍ਹ ਗਿਆ); ਪੰਜਾ ਸਾਹਿਬ ਦੇ ਨੇੜੇ 'ਗੁਹਲੜਾ ਸ਼ਰੀਫ' ਦੇ ਸਈਅਦ ਫਕੀਰ (ਭਾਈ ਕਮਾਲ, ਭਾਈ ਰੁਕਨਦੀਨ ਵਰਗੇ) ਗੁਰਬਾਣੀ-ਗੁਰਮਤਿ ਵੱਲ ਪਰਿਵਰਤਿਤ ਹੋ ਗਏ ਸਨ।

ਨਾਜ਼ੁਕਸ਼ਾਹ (ਇਬਰਾਹੀਮ ਲੋਧੀ ਦੇ ਸਮੇਂ ਪੰਜਾਬ ਦੇ ਗਵਰਨਰ) ਮੁੜ ਕਸ਼ਮੀਰ ਸਥਾਪਤ (1529)

"Abdal Magre had succeeded in securing the help of Emperor Babar... made their first halt at Tapar... defeated him (Kanchi chak). Nazukshah as sultan installed in 1529".

(Parmu p.206)

ਕਾਬਲ (ਬਾਬੂ ਖੇਲ ਦੀ ਬਸਤੀ 'ਚ) ਮਾਨਕ ਚੰਦ ਪੁਤਰ ਖਾਨਚੰਦ ਗੁਰੂ ਨਾਨਕ ਦੇ ਸਿਦਕਵਾਨ)

"ਬਾਬਾ ਸ੍ਰੀਚੰਦ ਜੰਮੂ ਦੇ ਰਸਤੇ (ਵੈਸ਼ਨੂ ਦੇਵੀ ਥੀਂ ਅਮਰਨਾਥ)। 1575 ਬਿਕ੍ਰਮੀ (1518 ਈ.) ਦੇ ਸਾਵਣ ਮਹੀਨੇ ਦੇ ਸ੍ਰੀ ਨਗਰ ਪਹੁੰਚੇ ਪੰਡਤ ਪ੍ਰਸ਼ੋਤਮਦਾਸ ਪਾਸੋਂ ਵੇਦ ਪੜ੍ਹਨੇ ਸ਼ੁਰੂ ਕੀਤੇ, ਢਾਈ ਸਾਲ ਬਾਅਦ ਸ੍ਰੀ ਨਗਰ ਰਹਿ ਕੇ ਗਿਆਤਾ ਬਣੇ। ਪਹਿਲੇ ਅਵਿਨਾਸ਼ੀ ਮੁਨੀ ਨੇ ਸ਼ਾਸਤਰਾਥ ਆਰੰਭੀਆ"

(ਈਸ਼ਰ ਸਿੰਘ 'ਨਾਰਾ')

# ਅੰਤਿਕਾ

## ਪੁਸਤਕ ਸੂਚੀ


**ਅਕਾਲੀ ਮੋਰਚੇ ਅਤੇ 'ਝੱਬਰ'** : ਸੰਪਾ. ਨਰੈਣ ਸਿੰਘ (ਸਨੌਰ, ਪਟਿਆਲਾ) 1959

**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ:** (ਸ਼੍ਰੋਮਣੀ ਕਮੇਟੀ)

**ਹਜ਼ੂਰੀ ਸਾਖੀ:** ਅਕਾਲੀ ਕੌਰ ਸਿੰਘ

**ਕਸ਼ਮੀਰ ਲਈ ਕੁਰਬਾਨੀ** : ਹਿੰਮਤ ਸਿੰਘ 2004

**ਗੁੰਢੇ ਹੀਰੇ** : ਗਿ. ਬੁਧ ਸਿੰਘ 'ਪੁਣਛ'

**ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ, ਲੰਦਨ** (ਯੂ.ਕੇ): ਕੇਸਰ ਸਿੰਘ ਮੰਡ, 2007

**ਚੋਣਵੇਂ ਰਤਨ** : ਗਿ ਬੁਧ ਸਿੰਘ 'ਪੁਣਛ'

**ਜਾਵੇਦਨਾਮਹ** : ਇਕਬਾਲ (ਫ਼ਾਰਸੀ-ਉਰਦੂ), ਲਾਹੌਰ

**ਨਿਰਮਲ ਪੰਥ ਪ੍ਰਦੀਪਿਕਾ**: ਗਿ. ਗਿਆਨ ਸਿੰਘ

**ਪੰਜਾ ਸਾਹਿਬ ਮੈਗਜ਼ੀਨ** .(ਹਸਨ ਅਬਦਾਲ), ਅੰਕ 1930-40

ਪੰਜਾਬ ਦੇ ਰੰਗ (ਮੈਗਜੀਨ). ਦਿਆਲ ਸਿੰਘ ਟ੍ਰਸਟ. ਲਾਇਬ੍ਰੇਰੀ, ਲਾਹੌਰ

**'ਫੁਲਵਾੜੀ' (ਪਤ੍ਰਿਕਾ)**, ਲਾਹੌਰ (1930-40)

ਬਾਲਜਤੀ ਬਾ ਸ੍ਰੀ ਚੰਦ (ਜੀਵਨੀ). ਈਸ਼ਰ ਸਿੰਘ 'ਨਾਰਾ'

**ਭਾਈ ਸਾਹਿਬ ਸ਼ੇਰ ਸਿੰਘ 'ਕਸ਼ਮੀਰ'** (ਜੀਵਨ-ਪ੍ਰਤਿਭਾ-ਰਚਨਾਵਾ) ਹਿੰਮਤ ਸਿੰਘ 2019

ਮਹਾਨ ਕੋਸ਼: ਭਾਈ ਕਾਨ੍ਹ ਸਿੰਘ 'ਨਾਭਾ'

ਮੇਰਾ ਪਾਕਿਸਤਾਨੀ ਸਫ਼ਰਨਾਮਾ: ਚਕਰਕੋਰ ਸਿੰਘ 'ਨਿਹੰਗ'

**Books:**

**Atlas of Guru Nanak's Travels** : Dr. Kirpal Singh, Pbi. Uni. Pta.

**Ency. Of Sikhism** : (Punjabi University, Patiala), Vol IV

**Muntakhab-al-Twarikh** : Haig

**Sacrifice For Kashmir** : Himat Singh 2019

**Sakinat-Ul-Aulia By Darashikoh**

**Sheikh Abdulla and Kashmir Meddle** by Saxena

**Sources on the Life & Teachings of Guru Nanak** : (ed.) Ganda Singh (1969)

**Twarikh-Rashidi** : Mirza Haidar Tuglat (Translated by Elias/Ross)

# ਤੇਰੈ ਭਰੋਸੇ... ਪਿਆਰੇ...



ਇਨ੍ਹਾਂ ਸਤਰਾਂ ਦੇ ਲੇਖਕ ਦੀ ਜਨਮ-ਭੂਮਿ ਭਾਵੇਂ ਕਸ਼ਮੀਰ ਘਾਟੀ ਦੇ ਇਲਾਕਾ ਕਾਜੀਨਾਗ (ਹੀਮਾਲ-ਨਾਗਰਾਜ) ਦਾ 'ਪਾਂਜ਼ਲਾ' ਪਿੰਡ ਹੈ ਪਰ ਸਰਸ੍ਵਤੀ-ਸਾਰਦਾ-ਸੁਮੇਰ ਨੂੰ ਆਪਣੀ ਪਹਿਲ-ਪ੍ਰਥਮ ਦੀ ਛੋਹ ਦੇ ਰਾਹੀਂ ਨਿਵਾਜ ਚੁਕੇ ਜਗਤ-ਗੁਰੂ ਬਾਬਾ (ਨਾਨਕ ਦੇਵ) ਜੀ ਅਤੇ ਆਪ ਦੇ ਗੁਰ-ਸਿੱਖ ਪੁੱਤ-ਪੋਤਰਿਆਂ ਨੇ ਯਾਦ ਰੱਖਿਆ ਹੈ (ਮਟਨਸਾਹਿਬ-ਚਨਾਰ ਬਾਬਾ ਸ੍ਰੀਚੰਦ, ਸ੍ਰੀਨਗਰ, ਪਹਿਲਗਾਮ-ਅਮਰਨਾਥ ਦੇ 'ਅਤੂ' ਜਿਹੇ ਸਿਰਨਾਵੀਆਂ ਨੂੰ)।

ਸੂਰਜ-ਪੁੱਤਰ ਕੱਸ਼ਯਪ ਰਿਖੀ ਦੀ ਧਰਤੀ ਨੂੰ ਵੀਹਵੀਂ ਸਦੀ ਵਿਚ ਦੋ ਸੱਯਦ-ਪੁੱਤਰਾਂ (ਦੇ ਸਿਖੀ ਸਰੂਪ) ਨੇ ਨਿਆਰੇ ਰੂਪ ਵਿਚ ਨਿਵਾਜਿਆ ਹੈ (ਜਿਵੇਂ ਕਿ ਪਿਛਲੇ ਯੁਗਾਂ ਵਿਚ ਸੂਰਜ-ਪੁੱਤਰ ਕੱਸ਼ਯਪ ਅਤੇ ਪਾਂਡਵ-ਪੁੱਤਰ 'ਪ੍ਰੀਕਸ਼ਿਤ' ਨੇ 'ਪਾਂਡੂ-ਲਰੀਆਂ' ਦੀਆਂ ਭਵ-ਉਸਾਰੀਆਂ ਅਤੇ ਪਾਂਡੂ-ਪਹਾੜੀ ਦੇ ਗੌਰਵ ਨੇ ਨਿਵਾਜਿਆ ਹੋਇਆ ਹੈ)।

ਵੀਹਵੀਂ ਸਦੀ ਈ. ਦੌਰਾਨ ਦੋ ਜੋਗੀ-ਸੱਯਦ ਵਾਰਸਾਂ (ਸ. ਪ੍ਰਿਥੀਪਾਲ ਸਿੰਘ, ਭਾਈ ਸ਼ੇਰ ਸਿੰਘ 'ਕਸ਼ਮੀਰ') ਨੇ ਕ੍ਰਮ ਅਨੁਸਾਰ, (ੳ) 'ਮਦੀਨੇ' ਦੀ ਲਾਈਬ੍ਰੇਰੀ ਤੋਂ ਲੱਭੇ ਹੱਥ ਲਿਖਤ ਖਰੜੇ 'ਸੱਯਾਹਤੋ ਬਾਬਾ ਨਾਨਕ' ਦੀ ਲਭਤ ਤੋਂ ਅਤੇ (ਅ) 'ਹਰਮੁਖ' ਪਹਾੜ (ਵੂਲਰ ਝੀਲ ਦੀ ਪੂਰਬੀ ਬਾਹੀ 'ਚ) ਉੁਪਰਲੇ ('ਸ਼ਿਵ-ਮਸਤਕ' ਦੇ) ਤਿਲਕ-ਨਿਸ਼ਾਨਾਂ ਦੀ ਖੋਜ ਤੋਂ ਦਸਿਆ ਕਿ ਕਸ਼ਮੀਰ ਕਿਸੇ ਵੇਲੇ ਇਕ ਅੰਡਾਕਾਰ ਸਿਖਰ ਭਾਵ 'ਹਿਰਣਯਗਰਭ' ਸੀ, ਜਿਸਨੂੰ ਚੌ-ਪਾਸੀਓਂ ਪਾਣੀ ਦੇ ਸਮੁੰਦਰ ਨੇ ਘੇਰਿਆ ਹੋਇਆ ਸੀ।

ਸਿਖ-ਜਗਤ ਦੇ ਤਥਾਕਥਿਤ ਦਾਵੇਦਾਰਾਂ ਨੇ ਵਿਸ਼ਵ ਪੱਧਰ ਉਪਰ ਕੀ ਕੀਤਾ? ਦੋਵੇਂ ਸੱਯਦ-ਵਾਰਸ 'ਖਾਲਸਿਆਂ' ਦੇ ਪ੍ਰਤਿਭਾਸ਼ੀਲ ਅਤੇ ਗਿਆਨ- ਵਿਗਿਆਨੀ ਮਾਰਕਿਆਂ ਨੂੰ (ਪਿਛਲੇ ਸੌ ਸਾਲ ਤੋਂ) ਜਾਣ-ਬੁੱਝ ਕੇ ਜਾਂ ਵਿਗਿਆਨੀ-ਵਸ ਅੱਖੋਂ-ਪਰੋਖੇ ਕਰੀ ਰੱਖਿਆ ਸੀ ਭਾਈ ਸਾਹਿਬ ਭਾਈ ਸ਼ੇਰ ਸਿੰਘ 'ਕਸ਼ਮੀਰ' ਅਤੇ ਸ. ਪ੍ਰਿਥੀਪਾਲ ਸਿੰਘ (ਸੰਤ-ਸੱਯਦ) ਦੇ ਯੋਗਦਾਨ ਨੂੰ ਉਲੇਖੀ ਪ੍ਰਕਾਸ਼ਨ ਵਿਚ ਲਿਆ ਕੇ, ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਕ ਆਤਮਕ ਗਹਿਰਾਈ ਵਾਲੇ 'ਆਨੰਦ' (Equipoise) ਨੂੰ ਹੰਢਾਉਣ ਦਾ 'ਤੋਹਫਾ' ਪ੍ਰਾਪਤ ਹੋਇਆ ਹੈ। ਉਹਦਾ ਸ਼ੁਕਰ ਹੈ!

(ਹਿੰ. ਸਿੰ.)

...ਅਨਹਦ ਧੁੰਧੂਕਾਰ ਵਿਚਲੀ ਸੁੰਨ ਸਮਾਧਿ ਵਿਚ ਨਾਨਕ ਜੋਤ ਸਥਿਤ ਸੀ (ਮੰਗਲਾਚਰਨ, ਕਬਿੱਤ ਸਵੱਯੇ ਭਾਈ ਗੁਰਦਾਸ)। ਸੁੰਨ ਸਮਾਧਿ ਵਿਚੋਂ ਅਕਾਲ ਪੁਰਖ ਦੇ ਜਾਗਣ 'ਚੋਂ ਨਿਰੰਕਾਰੀ ਜੋਤ ਨਾਨਕ ਪ੍ਰਗਟ ਹੋਈ ਭਾਵ ਸੁੰਨ ਸਮਾਧ 'ਚੋਂ ਅਕਾਲ ਪੁਰਖ ਨਿਰੰਕਾਰੀ ਜੋਤ-ਨਾਨਕ 'ਚ ਜਾਗਿਆ ਅਰਥਾਤ ਉਹ ਜਾਗ ਹੀ ਨਿਰੰਕਾਰੀ ਜੋਤ-ਨਾਨਕ ਹੈ ਅਤੇ ਉਸ ਜੋਤ 'ਚ ਜਾਗ ਕੇ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ਰ ਹੋਯਾ। ਭਾਵ ਨਾਨਕ ਨਿਰੰਕਾਰੀ ਜੋਤ ਰਾਹੀਂ ਸੁੰਨ ਸਮਾਧਿ 'ਚੋਂ ਪਾਰਬ੍ਰਹਮ ਪਰਮੇਸ਼ਰ ਰੂਪ ਪ੍ਰਗਟ ਹੋਇਆ। ਨਾਨਕ ਸਾਹਿਬ ਨੂੰ ਪ੍ਰਮੇਸੁਰੰ ਪਰਾਬ੍ਰਮ ਤੇ ਆਦ ਦੇਵੋ ਪ੍ਰਮਾਤਮਾ (ਗੁਰੂ ਨਾਨਕ ਸਹੰਸਰ ਨਾਮਾ-ਬਾਬਾ ਸ੍ਰੀ ਚੰਦ), ਅਕਾਲ ਰੂਪ ਤੇ ਪਾਰਬ੍ਰਹਮ ਪੂਰਨ ਬ੍ਰਹਮ (ਭਾਈ ਗੁਰਦਾਸ), ਨਾਰਾਇਣ ਸਰੂਪ ਤੇ ਹਮਾਨਾ ਨਿਰੰਜਨ ਨਿਰੰਕਾਰ ਰੂਪ (ਜੋਤਿ ਬਿਗਾਸ, ਭਾਈ ਨੰਦ ਲਾਲ ਗੋਯਾ) ਦੇ ਤੌਰ 'ਤੇ ਪਹਿਚਾਣਿਆ ਗਿਆ ਹੈ। ਮੰਗਲਾਚਰਨ (ਕਬਿੱਤ ਸਵੱਯੇ-ਭਾਈ ਗੁਰਦਾਸ) ਦੇ ਸੋਹਲੇ ਤੇ ਦੋਹਰਿਆਂ ਦੇ ਅੰਤਰੀਵ ਪਲਟਾਓ ਇਸੇ ਸੱਚ ਦਾ ਪ੍ਰਗਾਸ ਹਨ। ਸੋ ਨਾਨਕ ਨਿਰੰਕਾਰੀ ਜੋਤ ਸ੍ਰਿਸ਼ਟੀ ਰਚਨਾ ਦੇ ਖਿਆਲ (ਮਾੜ੍ਹੀ ਨੇਮ ਦਾ ਕੁਆਰਾ ਰੂਪ) ਅਤੇ ਸੁੰਨ ਸਮਾਧਿ ਦੇ ਵਿਚਕਾਰ ਪ੍ਰਗਟ ਹੋਈ ਹੈ ਭਾਵੇਂ ਕਿ ਉਹ ਸੁੰਨ ਸਮਾਧਿ 'ਚ ਮੌਜੂਦ ਸੀ। ਇਸ ਪ੍ਰਕਾਰ ਨਿਰੰਕਾਰੀ ਜੋਤ ਨਾਨਕ ਹੀ ਆਦਿ ਆਕਾਰ ਹਨ, ਜਿਸ ਕਾਰਨ ਦਿਸ਼ਾਵਾਂ, ਅਕਾਸ਼-ਪਾਤਾਲ, ਸਿਤਾਰੇ ਚੰਨ ਸੂਰਜ, ਸਗਲ ਪਾਸਾਰਾ, ਲਾਹੂਤ ਤੋਂ ਆਦਮ ਤਕ ਬ੍ਰਹਮੰਡ ਪਾਸਾਰ, ਦੇਵਤੇ, ਯੋਧੇ, ਸਗਲ ਅਕਾਰ, ਸਗਲ ਪਦਾਰਥ, ਰਾਜਨੀਤਕ ਬਲ ਨਿਜ਼ਮ ਆਦਿ (ਜੋਤਿ ਬਿਗਾਸ-ਫ਼ਾਰਸੀ-ਭਾਈ ਨੰਦ ਲਾਲ ਗੋਯਾ) ਪੈਦਾ ਹੋਏ। ਗੁਰੂ ਨਾਨਕ ਪੁਰਖੁ ਪਉਰਾਤਨੁ (ਸਵਯੈ ਸ੍ਰੀ ਮੁਖਬਾਕੁ ਮ: ੫), ਬਿਰਧ ਰੂਪਾ (ਗੁਰੂ ਨਾਨਕ ਸਹੰਸਰ ਨਾਮਾ-ਬਾਬਾ ਸ੍ਰੀ ਚੰਦ), ਪੇਸ਼ੀਨੀਆ ਅਜ਼ ਪੇਸ਼ਤਰ ਆਮਦਾ (ਆਪਣੇ ਤੋਂ ਪਹਿਲੋਂ ਆਇਆਂ ਤੋਂ ਪਹਿਲੇ ਆਏ ਹੋਏ - ਭਾਈ ਨੰਦ ਲਾਲ ਗੋਯਾ) ਅਤੇ ਪੁਰਸ਼ੋਤਮੰ ਪਰਮ (ਉੱਚੇ ਦੈਵੀ ਪੁਰਸ਼ਾਂ ਤੋਂ ਪਹਿਲਾਂ/ਆਦਿ/ਸਨਾਤਨ - ਭਾਈ ਸੰਤੋਖ ਸਿੰਘ) ਹਨ। ਭੱਟ ਬਾਣੀ ਵੀ ਇਸੇ ਸਪਰੰਪਰ ਰੂਪ ਦੇ ਪ੍ਰਵਾਹ ਦੀ ਪਹਿਚਾਣ ਕਰਦੀ ਹੈ।

ਨਿਰੰਕਾਰੀ ਜੋਤ (ਨਾਨਕ) ਪ੍ਰਗਟ ਹੋ ਪਾਰਬ੍ਰਹਮ ਪਰਮੇਸ਼ਰ ਸਰੂਪ ਬਣਿਆ, ਇਹੋ ਖੰਿਦੀ ਮਉਲਦੀ ਨਿਸਚਿਤਤਾ ਹੈ ਅਤੇ ਏਕੰਕਾਰੁ ਓਅੰਕਾਰੁ (ਭਾਈ ਗੁਰਦਾਸ) ਹੈ। ਪਾਰਬ੍ਰਹਮ ਪਰਮੇਸ਼ਰ ਨਿਰੰਕਾਰੀ ਜੋਤ ਦਾ ਗੁਣਗਾਇਨ ਕਰਨ ਵਾਲਾ (ਹੱਕ ਖ਼ੁਦ ਵਾਸਿਫ਼ਸ - ਗੰਜਨਾਮਾ - ਭਾਈ ਨੰਦ ਲਾਲ ਗੋਯਾ) ਹੈ। ਨਿਰੰਕਾਰੀ ਜੋਤ ਦੇ ਗੁਣ ਗਾਇਨ ਦੀ ਨਿਰੰਤਰਤਾ ਹੀ ਪਾਰਬ੍ਰਹਮ ਪਰਮੇਸ਼ਰ ਨੂੰ ਸਿਰਜਣਹਾਰ ਬਣਾਉਂਦੀ ਹੈ। ਵਸਫ਼ (ਸਿਫ਼ਤ) ਹੀ ਸਿਰਜਣਾ ਦਾ ਮੂਲ ਹੈ। ਨਾਨਕ ਉਸਤਤ ਹੇਤ ਹੀ ਜਗਤ ਪ੍ਰਗਾਸਿਆ ਹੈ। ਵਸਫ਼ ਨਾਲ ਸੁੰਨ ਸਮਾਧਿ 'ਚੋਂ ਨਾਨਕ ਨਿਰੰਕਾਰੀ ਜੋਤ ਪ੍ਰਗਟਦੀ ਹੈ ਅਤੇ ਉਸ ਨਾਲ ਸੁੰਨ ਸਮਾਧਿ ਪਾਰਬ੍ਰਹਮ ਪਰਮੇਸ਼ਰ ਵਿਚ ਪਲਟ ਜਾਂਦੀ ਹੈ। ਆਦਿ ਆਕਾਰ ਹੋਣ ਕਾਰਨ ਸਗਲ ਪਦਾਰਥ ਵੀ ਨਾਨਕ ਹਨ ਅਤੇ ਇਸੇ ਕਾਰਨ ਨਾਮ ਰੂਪ ਹਨ ਪਰ ਪਾਰਬ੍ਰਹਮ ਪਰਮੇਸੁਰ ਵੀ ਨਿਰੰਕਾਰੀ ਜੋਤ ਕਾਰਨ ਪ੍ਰਕਾਸ਼ਮਾਨ ਹੋਣੇ ਤੇ ਉਹ ਵੀ ਨਾਨਕ ਤੋਂ ਵੱਖ ਨਹੀਂ ਇਸ ਲਈ ਨਾਨਕ ਸ਼ਬਦ ਸਰੂਪ ਵੀ ਹਨ। ਸੋ ਨਾਨਕ ਨਾਮ ਪ੍ਰਮੁੱਖਤਾ ਵਿਚ ਸ਼ਬਦ ਹਨ। ਕਲਯੁਗ ਵਿਚ ਨਾਮ ਪ੍ਰਮੁੱਖਤਾ ਹੋਣਾ ਤੇ ਨਾਨਕ ਜੀ ਦਾ ਇਸੇ ਯੁਗ'ਚ ਆਉਣਾ ਵੀ ਇਸ ਸਰੂਪ ਕਾਰਨ ਹੀ ਹੈ।

ਸੁੰਨ ਸਮਾਧਿ ਨੂੰ ਪਾਰਬ੍ਰਹਮ ਪਰਮੇਸ਼ਰ ਕਰ ਨਿਰੰਕਾਰੀ ਜੋਤ ਮਾੜ੍ਹੀ ਨੇਮ ਦੇ ਕੁਆਰੇ ਰੂਪ, ਕਾਲ ਪੁਰਖ ਸੰਪੂਰਨਤਾ ਦੀ ਪ੍ਰਮਾਣਿਕ ਦਵੰਦਤਾ ਸਾਜਣ ਲਈ ਸਿਆਹ ਵਿਰਾਟਤਾ ਦੇ ਮਾੜ੍ਹੀ ਨੇਮ ਅਤੇ ਇਸ ਵਿਚ ਹੀ ਭਗਤੀ ਰਸ ਨੂੰ ਲੁਕੇ ਬਲ ਦੇ ਵਿਰਾਟ ਕਾਲਪੁਰਖੀ ਮਾੜ੍ਹੀ ਨੇਮ ਸਾਜਣ ਦਾ ਨਿਆਰਾ ਪਾਸਾਰ ਲੈ ਕੇ ਪ੍ਰਗਟ ਹੋਈ ਹੈ।

ਦਾਰਸ਼ਨਿਕ ਤੇ ਰਹੱਸਾਤਮਕ ਅਨੁਭਵ ਦੇ ਸਫ਼ਰ (ਡੀਵਾਈਨ ਕਾਮੇਡੀ-ਦਾਂਤੇ, ਸਵਿਤ੍ਰੀ-ਸ੍ਰੀ ਅਰਬਿੰਦੂ, ਮਨਤਿਕਤੋਰ-ਅੱਤਾਰ, ਸੁਹਜ ਦੀਆਂ ਸੂਖਮ ਪਰਾ-ਉਡਾਣਾਂ, ਪੁਰਾਤਨ ਮਿਨਹਾਜੁਲ ਆਬਦੀਨ-ਗ਼ਜ਼ਾਲੀ, ਅਸਫ਼ਾਰ-ਮੁੱਲਾ ਸਦਰਾ, ਜਾਵੇਦਨਾਮਾ-ਇਕਬਾਲ), ਸੁਹਜ ਦੀਆਂ ਸੂਖਮ ਪਰਾ-ਉਡਾਣਾਂ, ਪੁਰਾਤਨ ਅਹਿਦਨਾਮਾ ਵਿਚ ਪਵਿੱਤਰ ਇਤਿਹਾਸ ਸਿਰਜਦੀਆਂ ਪੈਗੰਬਰੀ ਹਿਜਰਤਾਂ, ਮੁਹੰਮਦ ਸਾਹਿਬ ਦੀ ਇਸਰਾ/ਮਿਅਰਾਜ ਤੇ ਯਸਰਬ ਦੀ ਹਿਜਰਤ, ਕੌਮੀ ਯੋਧਿਆਂ ਦੇ ਹਿੰਮਤੀ/ਉਤਸ਼ਾਹੀ ਸਫ਼ਰ (ਓਡੀਸੀ, ਸ਼ਾਹਨਾਮਾ), ਭਗਤਾਂ / ਵਲੀਆਂ ਦੇ ਰੂਹਾਨੀ ਫ਼ੈਜ਼ ਲਈ ਕੀਤੇ ਸਫ਼ਰ ਆਦਿ ਗੁਰੂ ਨਾਨਕ ਨਿਰੰਕਾਰੀ ਜੋਤ ਦੇ ਸੁੰਨ ਸਮਾਧਿ ਤੋਂ ਧਰਤੀ 'ਤੇ ਕੌਤਕੀ/ਚੋਜੀ ਸਾਖੀ ਨੇਮ ਦੇ ਅਨੰਤ ਮੰਡਲਾਂ ਵਿਚ ਨਿਵਾਜਿਸ਼ ਹਾਸਿਲ ਕਰ ਰਹੇ ਹਨ।

ਗੁਰੂ ਨਾਨਕ ਜੋਤ ਆਪਣੇ ਹੀ ਨਿਰੰਕਾਰੀ ਜੋਤ ਰੂਪ ਦੀ ਤਲਾਸ਼ 'ਚੋਂ ਉਪਜੇ ਅਨਿਕ ਧਰਾਤਲਾਂ ਦੇ ਵਹਿਣਾਂ ਨੂੰ ਨਾਮ ਰਸ ਪ੍ਰਮੁੱਖਤਾ ਦੀ ਸ਼ਬਦ ਸੰਪੂਰਨਤਾ ਪ੍ਰਦਾਨ ਕਰਨ ਆਈ ਹੈ। ਉਹ ਸੁਰਤਿ ਦੇ ਅਨੇਕ ਅਕਾਸ਼ੀ ਦਿਸ਼ਾ ਦੇ ਮੰਡਲਾਂ ਵਿਚ ਅਤੇ ਰੇਖਕੀ ਸਮੇਂ ਦੇ ਅਧੂਰੇਪਣ ਨੂੰ ਆਪਣੇ ਮਉਲਦੀ ਨਿਸਚਿਤਤਾ ਦੇ ਤਿੰਨ ਤੈਹੀ ਦੂਹਰੇ ਰਾਗ ਦੀ ਨਿਵਾਜਿਸ਼ 'ਚ ਲੈਂਦੀ ਹੋਈ ਸਗਲ ਪਸਾਰੇ ਨੂੰ ਆਪਣੇ ਨੂਰਾਨੀ ਰੌਸ਼ਨ ਖਿਨ ਵਿਚ ਪਲਟਣ ਦਾ ਰਾਜ਼ ਪ੍ਰਗਟ ਕਰ ਦਿੰਦੀ ਹੈ। ਇਸੇ ਨਿਆਰੇ ਚੋਜੀ ਰੂਪ ਨੇ ਧਰਤੀ ਦੀ ਸਗਲੀ ਅਧਿਆਤਮਕ ਚਾਹਤ 'ਚ ਪਏ ਕਲਕੀ ਅਵਤਾਰ ਅਤੇ ਮਹਿਦੀ ਦੀ ਉਡੀਕ ਨੂੰ ਆਪਣੇ ਨੂਰ 'ਚ ਨਿਵਾਜ ਗੁਰੂ ਰੁਤਬਾ ਇਖ਼ਤਿਆਰ ਕਰ ਲਿਆ। ਪਹਿਲਾਂ ਬਖ਼ਸ਼ ਦਰ ਪਾ ਕੇ ਕੀਤੀ ਇਹ ਘਾਲ ਕਮਾਈ(ਗੁਰ-ਪਰਮੇਸ਼ਰ) ਮਨੁੱਖੀ ਸਾਦਗੀ ਹੇਠ ਲੁਕੇ ਚੋਜੀ ਰੂਪਾਂ 'ਚ ਪਈ ਹੈ ਅਤੇ ਇਸ ਨੂੰ ਮਤਿ-ਮਤਾਂਤਰ ਅਤੇ ਸਭ ਵਾਦ (ਵਿਚਾਰਧਾਰਈ ਬਹਿਸ-ਮੁਬਾਹਸੇ) ਵੀ ਗਾਉਂਦੇ ਹਨ। ਨਾਨਕ ਜਗਤ ਗੁਰੂ (ਵਾਰਾਂ ਭਾਈ ਗੁਰਦਾਸ) ਅਤੇ ਮੁਰਸ਼ਦੁਲ ਆਲਮੀਨ (ਜੋਤਿ ਬਿਗਾਸ-ਭਾਈ ਨੰਦ ਲਾਲ ਗੋਯਾ) ਹਨ। ਜਦੋਂ ਇਹ ਨਿਰੰਕਾਰੀ ਜੋਤ ਆਪਣੇ ਜੋਤ ਰੂਪਾਂ ਨੂੰ ਧਰਤੀ ਦੇ ਸਫ਼ਰ 'ਚ ਮਿਲੀ ਤਾਂ ਮਨੁੱਖੀ ਧਰਾਤਲਾਂ ਵਿਚ ਉਹ ਨਾਨਕ ਭਗਤ / ਨਾਨਕ ਵਲੀ / ਨਾਨਕ ... / ਨਾਨਕ ਪੀਰ / ਨਾਨਕ ਤਪਾ / ਨਾਨਕ ਲਾਮਾ ਆਦਿ ਨਾਵਾਂ ਨਾਲ ਧਰਤੀ ਦੀ ਸਿਮਰਤੀ 'ਚ ਉਤਰ ਗਈ। ਇਸਲਾਮੀ ਫ਼ਕੀਰ... ...ਦਲੀਲ ਹੈ ਕਿ ਖ਼ੁਦਾ ਧਰਮ-ਪੁਸਤਕਾਂ ਦਾ ਲਿਬਾਸ ਪਾਉਂਦਾ ਹੈ। ...(ਪੁਰਾਤਨ ਜਨਮ ਸਾਖੀ) ਕੁਰਾਨੀ ਆਇਤਾਂ ਲਿਖਿਆ ਚੋਲਾ ਇਸਲਾਮੀ ਨਾਮ-ਰਸ ਫ਼ਕੀਰੀ ਨੇ ਗੁਰੂ ਨਾਨਕ ਨੂੰ ਖ਼ੁਦਾਇ ... ਪਹਿਨਾਇਆ।

ਪ੍ਰੋ. ਜਗਦੀਸ਼ ਸਿੰਘ (ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ॥)

ISBN 978-93-87276-84-0

9 789387 276840

ਨਾਦ ਪ੍ਰਗਾਸੁ
ਸ੍ਰੀ ਅੰਮ੍ਰਿਤਸਰ॥
ਦੇ ਸਹਿਯੋਗ ਨਾਲ
ਗਰੇਸ਼ੀਅਸ ਪਬਲੀਕੇਸ਼ਨ
ਵੱਲੋਂ ਪ੍ਰਕਾਸ਼ਿਤ